ੴ ਸਤਿਗੁਰ ਪ੍ਰਸਾਦਿ ॥

# ਪੱਛਮੀ ਪ੍ਰਕਾਸ਼

ਅਰਥਾਤ

# ਹੋਤੀ ਮਰਦਾਨ ਦਾ ਨੂਰ

## ਸ੍ਰੀ ਹਜ਼ੂਰ ੧੧੧ ਪਰਮ ਪੂਜਯ ਸਰਬੋਪਮਾਯੋਗ

## ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ

## ਹੋਤੀ ਮਰਦਾਨ ਵਾਲੇ

ਅਤੇ ਉਨ੍ਹਾਂ ਤੋਂ ਵਰੋਸਾਏ ਹੋਰ ਕਈ
ਮਹਾਂਪੁਰਸ਼ਾਂ ਦੀਆਂ ਜੀਵਨ ਝਲਕੀਆਂ

ਲੇਖਕ: ਗਿਆਨੀ ਮੋਹਣ ਸਿੰਘ ਜੀ 'ਆਜ਼ਾਦ'

ਪ੍ਰਕਾਸ਼ਕ: ਗੁਰਦਵਾਰਾ ਕਰਮਸਰ ਰਾੜਾ ਸਾਹਿਬ ਟਰੱਸਟ

This book is available from Gurdwara Karamsar Rara Sahib Trust. However for internet users, it is being provided in Acrobat PDF format. All copyrights of its publishing & digital format are reserved with Gurdwara Karamsar Rara Sahib Trust.

ਨੋਟ: ਪੁਸਤਕ ਵਿੱਚ ਲਿਖੇ ਵੀਚਾਰ ਲੇਖਕ ਦੇ ਆਪਣੇ ਨਿੱਜੀ ਹਨ। ਜ਼ਰੂਰੀ ਨਹੀਂ ਕਿ ਪ੍ਰਕਾਸ਼ਕ ਲੇਖਕ ਦੇ ਸਾਰੇ ਵੀਚਾਰਾਂ ਨਾਲ ਸਹਿਮਤ ਹੋਣ।

# ਤਤਕਰਾ ਪੱਛਮੀ ਪ੍ਰਕਾਸ਼


ਮੁੱਖ ਬੰਦ
ਨੂਰੀ ਦਾ ਨੂਰ
ਪੁਸਤਕ ਰਚਣ ਦੀ ਉਮੰਗ
ਦੋ ਸ਼ਬਦ
ਪੁਸ਼ਪ ਅਰਪਣ


## ਪਹਿਲਾ ਭਾਗ


ਅਵਤਰਨ ਬੰਸਾਵਲੀ
ਮੁੱਢਲੀ ਬਿੰਦੀ ਬੰਸਾਵਲੀ
ਸੰਤ ਸੰਪ੍ਰਦਾਇ ਦੀ ਨਾਦੀ ਬੰਸਾਵਲੀ
ਸੰਤ ਸੰਪ੍ਰਦਾਇ ਦਾ ਆਰੰਭ
ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਵਲੋਂ-
ਮਾਤਾ ਸੂਬੀ ਕੌਰ ਨੂੰ ਪੁੱਤਰ ਦਾ ਵਰਦਾਨ


### ਕਾਂਡ ਪਹਿਲਾ


ਪੋਠੋਹਾਰ
ਜਨਮ ਨਗਰ ਪਿੰਡ ਕਾਜ਼ੀਆਂ
ਜਨਮ
ਨਾਮ ਸੰਸਕਾਰ
ਮੁੱਢਲੀ ਗੁਰਮਤਿ ਵਿਦਿਆ
ਫੌਜ ਵਿੱਚ ਭਰਤੀ ਹੋਣਾ
ਅੰਮ੍ਰਿਤ ਪਾਨ ਤੇ ਗੁਰਦੀਖਿਆ
ਸੰਤ ਲਾਲ ਸਿੰਘ ਜੀ ਦਾ ਮਿਲਾਪ
ਦਿੱਲੀ ਦਾ ਗ਼ਦਰ
ਅਗਨੀ ਤੋਂ ਗਊਆਂ ਦੀ ਰੱਖਿਆ
ਪੂਰਨ ਸੰਤ ਦਾ ਮਿਲਾਪ
ਸ਼ਰਫ਼ਦੀਨ ਫ਼ਕੀਰ ਦਾ ਮਿਲਾਪ
ਸੀਤਲ ਸ਼ਾਹ ਤੇ ਫ਼ਕੀਰ ਚੰਦ ਦਾ ਮੇਲ
ਸੰਤਾਂ ਦੀ ਤਪੱਸਿਆ
ਜੋਗੀ ਤੇ ਕਿਰਪਾ ਕਰਨੀ
ਸੰਤਾਂ ਦੀ ਜਗ੍ਹਾ ਅਕਾਲ ਪੁਰਖ ਨੇ ਪਹਿਰਾ ਦਿੱਤਾ
ਨੌਕਰੀ ਦਾ ਤਿਆਗ
ਸੰਤਾਂ ਦੀ ਖੋਜ
ਸੰਤਾਂ ਨੇ ਛਾਉਣੀ ਆਉਣਾ

ਪਲਟਨ ਵਿੱਚ ਲੰਗਰ
ਹੋਤੀ ਦੇ ਪਠਾਣ ਨੂੰ ਉਪਦੇਸ਼

## ਕਾਂਡ ਦੂਸਰਾ

ਹੋਤੀ ਦੇ ਡੇਰੇ ਦਾ ਆਰੰਭ
ਬਾਬਾ ਜੀ ਦੀ ਤੀਰਥ ਯਾਤਰਾ
ਪੰਜੇ ਸਾਹਿਬ ਦੇ ਦਰਸ਼ਨ
ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ
ਹਰਿਦੁਆਰ ਪੁੱਜਣਾ
ਪੰਜਾਬ ਵਾਪਸ ਆਉਣਾ
ਸੰਤ ਸੁਖਦੇਵ ਸਿੰਘ ਜੀ ਨੂੰ ਦਰਸ਼ਨ
ਹੋਤੀ ਡੇਰੇ ਆਉਣਾ
ਸੰਤਾਂ ਦੀ ਨਿੱਤ ਕ੍ਰਿਆ ਤੇ ਘਾਲਣਾ
ਹੋਤੀ ਡੇਰੇ ਵਿੱਚ ਜੋੜ ਮੇਲਿਆਂ ਦੀ ਆਰੰਭਤਾ
ਭਾਈ ਫ਼ਕੀਰ ਚੰਦ, ਜੈ ਰਾਮ ਮੱਲ ਦਾ ਆਉਣਾ
ਰੁਸਤਮ ਵਾਲੇ ਭਾਈ ਗੰਡਾ ਸਿੰਘ ਜੀ ਦੀ ਪ੍ਰਾਰਥਨਾ
ਜ਼ਿਆਰਤ ਕਾਕਾ ਸਾਹਿਬ ਦਾ ਪੀਰ ਦਰਸ਼ਨਾਂ ਨੂੰ ਆਇਆ
ਗੰਡਾ ਸਿੰਘ ਨੂੰ ਪੁੱਤਰ ਦਾ ਵਰ
ਬੀਬੀ ਭਗਵਾਨ ਦੇਵੀ ਨੂੰ ਅਰੋਗਤਾ ਪ੍ਰਾਪਤ ਹੋਣੀ
ਦਹੀਂ ਨਾਲ ਕੇਸੀ ਇਸ਼ਨਾਨ ਕਰਾਉਣਾ
ਗੁੱਜਰ ਗੜ੍ਹੀ ਦੇ ਪ੍ਰੇਮੀ ਭਾਈ ਗੰਡਾ ਮਲ ਉੱਤੇ ਬਖ਼ਸ਼ਿਸ਼
ਭਾਈ ਕਾਕਾ ਸਿੰਘ ਉੱਤੇ ਕ੍ਰਿਪਾ ਦ੍ਰਿਸ਼ਟੀ
ਦੋਸ਼ੀ ਡਾਕੂਆਂ ਤੇ ਕ੍ਰਿਪਾਲਤਾ
ਅਬਦੁਲ ਗੁਫ਼ਾਰ ਖਾਂ ਤੇ ਕਿਰਪਾ
ਹਰਿਦੁਆਰ ਦਾ ਕੁੰਭ
ਸੰਤ ਮੰਡਲੀ ਨੂੰ ਗੰਗਾ ਜੀ ਦੇ ਇਸ਼ਨਾਨ
ਕਣਕ ਚੋਰੀ ਹੋਣੀ
ਸੇਠ ਹੀਰਾ ਨੰਦ ਨੇ ਅਰੋਗ ਹੋਣਾ
ਸੇਠ ਗਣਪਤ ਰਾਏ ਦਾ ਅਧਰੰਗ ਦੂਰ ਕਰਨਾ
ਕੋਠੇ ਤੋਂ ਡਿੱਗੇ ਬੱਚੇ ਨੂੰ ਰਾਜ਼ੀ ਕਰਨਾ
ਜੰਮੂ ਕਸ਼ਮੀਰ ਦੇ ਮਹਾਰਾਜਾ ਪ੍ਰਤਾਪ ਸਿੰਘ
ਇਕ ਅੰਗਰੇਜ਼ ਅਫਸਰ ਤੇ ਬਖ਼ਸ਼ਿਸ਼
ਕਲਪਾਣੀ ਵਿੱਚ ਹੜ੍ਹ ਆਉਣਾ
ਰੈਣ ਸਬਾਈ ਕੀਰਤਨ

## ਕਾਂਡ ਤੀਸਰਾ

ਸੰਤ ਬਾਬਾ ਨਗੀਨਾ ਸਿੰਘ ਜੀ
ਨਿੰਦਕ ਪਠਾਣ

ਅਨੰਦਪੁਰ ਸਾਹਿਬ ਦੇ ਸੋਢੀ ਟਿੱਕਾ ਜੀ ਨੂੰ ਪੁੱਤਰ ਦਾ ਵਰ
ਸੰਤ ਆਤਮਾ ਸਿੰਘ ਜੀ ਹਜ਼ਰੋ
ਸ: ਗੋਪਾਲ ਸਿੰਘ ਜੀ ਹਜ਼ਰੋ ਦੇ ਵਾਸੀ
ਭਾਈ ਜੈ ਰਾਮ ਸਿੰਘ ਜੀ
ਮਾਨਸਰ ਪਿੰਡ ਦੇ ਮਥਰਾ ਭਗਤ ਦੀ ਸੇਵਾ ਭਗਤੀ
ਦਖਨੇਰ ਤੇ ਹੋਰ ਨਗਰਾਂ ਵਾਲੇ ਪ੍ਰੇਮੀ ਸੱਜਣ
ਪਠਾਣ ਡਾਕੂਆਂ ਦਾ ਸੁਧਾਰ
ਸੰਤ ਬਾਬਾ ਰਾਮ ਸਿੰਘ ਜੀ ਦਾ ਬਾਬਾ ਜੀ ਦੇ ਪਾਸ ਹੋਤੀ ਡੇਰੇ ਆਉਣਾ
ਹੋਤੀ ਵਾਸੀਆਂ ਨੂੰ ਵਰਦਾਨ
ਗਾਇਡ ਪਲਟਨ ਨੂੰ ਜਿੱਤ ਦਾ ਵਰ
ਰਹੁ ਵਾਲੇ ਸਰਦਾਰ ਨੂੰ ਵਰ
ਮਚੈ ਪਿੰਡ ਨੂੰ ਨਿਰਮਲ ਜਲ ਦੀ ਬਖ਼ਸ਼ਿਸ਼
ਚੰਦੂ ਲਾਲ ਦੀ ਡਾਕੂਆਂ ਤੋਂ ਰੱਖਿਆ
ਕਰਮੂ ਸ਼ਾਹ ਦੀ ਸਹਾਇਤਾ
ਭੁਝੰਗੀਆਂ ਦੀ ਦਾਤ
ਕਪਤਾਨ ਜੁਆਲਾ ਸਿੰਘ ਤੇ ਕ੍ਰਿਪਾ
ਹੁਕਮਨਾਮੇ ਦਾ ਦਰਸ਼ਨ
ਆਇਆ ਹਕਾਰਾ ਚਲਣਵਾਰਾ
ਸੰਤ ਲਾਲ ਸਿੰਘ ਜੀ
ਸੰਤ ਲਾਲ ਸਿੰਘ ਜੀ ਦਾ ਗੁਰਪੁਰੀ ਪਿਆਨਾ

## ਕਾਂਡ ਚੌਥਾ

ਸੰਗਤਾਂ ਨਾਲ ਪਿਆਰ ਤੇ ਸੰਤ ਦੋਖੀਆਂ ਦਾ ਪ੍ਰਹਾਰ
ਜਵਾਨ ਪੁੱਤ ਦੀ ਮੌਤ ਦਾ ਮਾਪਿਆਂ ਨੂੰ ਦੁੱਖ
ਨਾਲਾਇਕ ਪੁੱਤਰ ਦਾ ਦੁੱਖ
ਬੱਚੇ ਵਾਸਤੇ ਮਾਂ ਦੀ ਕੁਰਬਾਨੀ
ਸੰਤਾਂ ਦੀ ਰੂਹਾਨੀ ਸ਼ਕਤੀ
ਸਰਬੱਤ ਦਾ ਭਲਾ
ਚੋਰਾਂ ਦਾ ਸੁਧਾਰ
ਸੱਯਦ ਰਹਿਮਤ ਉਲਾ ਉੱਤੇ ਰਹਿਮਤ
ਗੁੱਜਰ ਗੜ੍ਹੀ ਦੀ ਮਾਈ ਰੱਜੀ ਨੂੰ ਰਾਜ਼ੀ ਕੀਤਾ
ਫੌਜੀ ਸਿੰਘਾਂ ਨੂੰ ਲੰਗਰ ਛਕਾਇਆ
ਗੁਰੂ ਕੇ ਲੰਗਰ ਲਈ ਸਰਫਾ ਨਾ ਕਰੋ
ਗੁਰੂ ਕਾ ਲੰਗਰ ਅਤੁਟ ਹੈ
ਅੰਗਰੇਜ਼ ਅਫ਼ਸਰ ਸ਼ਰਧਾਲੂ ਬਣਿਆ
ਅਲੌਕਿਕ ਬਖ਼ਸ਼ਿਸ਼ਾਂ
ਭੰਡਾਰੇ ਵਾਸਤੇ ਘਿਉ ਦਾ ਉਧਾਰ

ਮਾਇਆਂ ਚਰਨਾਂ ਦੀ ਦਾਸੀ
ਗ਼ਰੀਬ ਸਿੱਖ ਦੀ ਭਾਵਨਾ ਪੂਰੀ ਕੀਤੀ
ਅੰਗਰੇਜ਼ ਨੂੰ ਸ਼ਰਧਾ ਹੋਣੀ
ਨਿੰਮ੍ਰਤਾ ਦਾ ਲਾਭ
ਡਾਕੂਆਂ ਤੋਂ ਫੌਜੀਆਂ ਦੀ ਰੱਖਿਆ ਕਰਨੀ
ਸਾਦੇ ਲਿਬਾਸ ਵਿੱਚ ਦਰਸ਼ਨ ਕਰਨ ਦਾ ਉਪਦੇਸ਼
ਰਿਸ਼ਵਤ ਲੈਣ ਵਾਲੇ ਜੱਜ ਨੂੰ ਉਪਦੇਸ਼
ਹਰਿ ਜੀਉ ਅਹੰਕਾਰੁ ਨ ਭਾਵਈ
ਪੰਡਿਤ ਪ੍ਰਤੀ ਉਪਦੇਸ਼
ਮਾਇਆ ਤਿਆਗ ਦਾ ਉਪਦੇਸ਼
ਰਿਖੀ ਮੂਲ ਰਾਜ ਤੇ ਬਖ਼ਸ਼ਿਸ਼
ਫੌਜੀਆਂ ਨੂੰ ਵਰਦਾਨ
ਸੱਚੇ ਪ੍ਰੇਮ ਦਾ ਉਪਦੇਸ਼
ਧੀਰਜ ਤੇ ਨਿਸ਼ਚੇ ਨਾਲ ਭਜਨ ਕਰਨ ਦਾ ਉਪਦੇਸ਼
ਦੋ ਫੌਜੀਆਂ ਤੇ ਕਿਰਪਾ
ਬਾਬੇ ਕਾਨ੍ਹੇ ਦੀ ਸਾਖੀ
ਗੁੱਜਰ ਗੜ੍ਹੀ ਦੀਆਂ ਪਠਾਣੀਆਂ ਤੇ ਕ੍ਰਿਪਾ
ਮੱਛ ਦਾ ਉਧਾਰ
ਗੁਰਮਤਿ ਮਰਿਯਾਦਾ

## ਕਾਂਡ ਪੰਜਵਾਂ

ਸੰਗਤ ਪ੍ਰਤੀ ਅੰਤਮ ਉਪਦੇਸ਼
ਬਾਬਾ ਆਇਆ ਸਿੰਘ ਜੀ ਨੂੰ ਬਖ਼ਸ਼ਿਸ਼
ਸੈਦੂ ਵੱਲ ਰਵਾਨਗੀ
ਵੈਰਾਗਮਈ ਉਪਦੇਸ਼
ਰੂਪ ਯਾਦ ਆਉਂਦੇ ਬਖ਼ਸ਼ਣਹਾਰਿਆਂ ਦੇ
ਝੰਡੇ ਧਰਮ ਦੇ ਗਏ ਸੀ ਝੁਲ ਬਾਬਾ
ਬਾਬਾ ਜੀ ਤੋਂ ਵਰੋਸਾਈਆਂ ਕੁਝ ਕੁ ਪੂਜਯ ਵਿਆਕਤੀਆਂ ਦੇ ਨਾਮ

# ਦੂਸਰਾ ਭਾਗ

## ਕਾਂਡ ਛੇਵਾਂ

ਸ੍ਰੀ ਮਾਨ ਸੰਤ ਬਾਬਾ ਆਇਆ ਸਿੰਘ ਜੀ ਮਹਾਰਾਜ ਦੀਆਂ ਜੀਵਨ ਯਾਦਾਂ
ਗੁਰਦੁਆਰੇ ਸਾਹਿਬ ਦੀ ਨੀਂਹ ਰੱਖਣੀ
ਤੁਡੇਰ ਨਗਰ ਪੁੱਜਣਾ
ਸੰਤਾਂ ਵਲੋਂ ਸੰਗਤ ਨੂੰ ਬਖ਼ਸ਼ਿਸ਼
ਨੁਸ਼ਹਿਰੇ ਛਾਉਣੀ ਦਾ ਸਮਾਗਮ
ਨੁਸ਼ਹਿਰਾ ਕਲਾਂ ਆਉਣਾ

ਹੋਤੀ ਆਉਣਾ
ਗੁਰੂ ਪ੍ਰਮੇਸ਼ਰ ਤੇ ਨਿਸ਼ਚਾ ਰੱਖ ਕੇ ਨਾਮ ਜਪਕੇ ਤਰੀਦਾ ਹੈ
ਗੁੱਜਰ ਗੜ੍ਹੀ ਦੇ ਕਰੀਮ ਬਖ਼ਸ਼ ਉੱਤੇ ਕ੍ਰਿਪਾ
ਤੁਡੇਰ ਪਿੰਡ ਦੇ ਪ੍ਰੇਮੀਆਂ ਨੂੰ ਉਪਦੇਸ਼
ਏਕੁ ਜੋਤਿ ਦੁਇ ਮੂਰਤਿ
ਸੰਤ ਸਿੰਘ ਪੰਡਿਤ ਉੱਤੇ ਬਖ਼ਸ਼ਿਸ਼
ਸੈਦੂ ਸਾਹਿਬ ਗੁਰਦੁਆਰੇ ਦਾ ਮਹੂਰਤ
ਭਵਿੱਖਤ ਵਾਕ
ਅਰਧ ਕੁੰਭੀ ਦੇ ਮੇਲੇ ਤੇ ਹਰਿਦੁਆਰ ਜਾਣਾ
ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦਾ ਮਿਲਾਪ
ਅਨੰਦਪੁਰ ਸਾਹਿਬ ਜਾਣਾ
ਰੇਰੂ ਸਾਹਿਬ ਦੀ ਯਾਤਰਾ
ਹੋਤੀ ਡੇਰੇ ਵਾਪਸ ਆਉਣਾ

## ਕਾਂਡ ਸੱਤਵਾਂ

ਸ੍ਰ: ਸਾਹਿਬ ਸਿੰਘ ਨੂੰ ਪੁੱਤਰਾਂ ਦਾ ਵਰ
ਰਾਗੀ ਈਸ਼ਰ ਸਿੰਘ ਤੇ ਕ੍ਰਿਪਾ ਦ੍ਰਿਸ਼ਟੀ
ਫਿਰੋਜ਼ਪੁਰ ਵਾਲੇ ਮਹੰਤ ਤਖ਼ਤ ਸਿੰਘ ਜੀ ਤੇ ਸੰਤ ਜਵੰਦਾ ਸਿੰਘ ਜੀ
ਸ਼ਿਵੇ ਨਗਰ ਦੇ ਭਾਈ ਕੱਕੂ ਜੀ
ਗੁਫ਼ਾ ਤੋਂ ਪੈਦਲ ਚੱਲੇ ਕਲਪਾਣੀ ਵਿਚਲੇ ਰਸਤੇ ਦੀ ਸਾਖੀ
ਹਿੰਦੂ ਧਰਮ ਦੀ ਰੱਖਿਆ
ਆਪਣਿਆਂ ਦੀ ਸੰਭਾਲ ਕਰਨ ਵਾਲਾ ਬਿਰਦ
ਸੰਤ ਜਵੰਦਾ ਸਿੰਘ ਜੀ ਨੂੰ ਅੰਤਮ ਦਰਸ਼ਨ
ਸੰਤਾਂ ਨੇ ਜੋਤੀ ਜੋਤ ਸਮਾਉਣਾ
ਸ੍ਰੀ ਹਜ਼ੂਰ ਬਾਬਾ ਆਇਆ ਸਿੰਘ ਜੀ ਮਹਾਰਾਜ ਦੀ ਚਰਨ-
ਛੋਹ ਪ੍ਰਾਪਤ ਕੁਝ ਕੁ ਪੂਜਯ ਵਿਅਕਤੀਆਂ ਦੇ ਨਾਮ
ਸੰਤ ਬਾਬਾ ਰਾਮ ਸਿੰਘ ਜੀ ਦਾ ਜੀਵਨ ਮਾਰਗ
ਆਪ ਜੀ ਦੀ ਨਿੱਤ ਕ੍ਰਿਆ
ਸੰਤਾਂ ਦਾ ਪ੍ਰਲੋਕ ਗਮਨ
ਸੰਤ ਬਾਬਾ ਮਾਝਾ ਸਿੰਘ ਜੀ ਦਾ ਜੀਵਨ ਚਮਤਕਾਰ
ਸੰਤ ਰੋਸ਼ਨ ਸਿੰਘ ਜੀ 'ਮਸਕੀਨ'

## ਕਾਂਡ ਅੱਠਵਾਂ

ਸੰਤ ਬਾਬਾ ਹਰਨਾਮ ਸਿੰਘ ਜੀ 'ਜਿਆਣ' ਵਾਲੇ (ਜ਼ਿਲ੍ਹਾ ਹੁਸ਼ਿਆਰ ਪੁਰ)
ਪੰਡਿਤ ਤਾਰਾ ਸਿੰਘ ਜੀ ਦਾ ਸੰਖੇਪ ਜੀਵਨ
ਪੰਡਿਤ ਪ੍ਰੇਮ ਸਿੰਘ ਜੀ
ਸ੍ਰੀ ਮਾਨ ਬਾਬਾ ਸਾਹਿਬ ਸਿੰਘ ਜੀ ਦੀ ਸੰਖੇਪ ਜੀਵਨ ਯਾਤਰਾ
ਬਾਬਾ ਸੁੱਚਾ ਸਿੰਘ ਜੀ ਦੀ ਅਲੌਕਿਕ ਜੀਵਨੀ

ਹੋਰ ਸਿੱਖਿਆ
ਵੱਡੇ ਸੰਤਾਂ ਦੀ ਹੋਰ ਬਖ਼ਸ਼ਿਸ਼
ਪੈਨਸ਼ਨ ਹੋਣ ਦਾ ਵਰ
ਆਪੋ ਆਪਣੀ ਡਿਊਟੀ ਦੇਣ ਦੀ ਸਿੱਖਿਆ
ਸੰਤ ਬਚਨਾਂ ਦੀ ਪਾਲਣਾ
ਬਾਬਾ ਜੀ ਦੇ ਹੋਰ ਸਿੱਖਿਆ ਦਾਇਕ ਬਚਨ
ਸਮੇਂ ਦੀ ਕਦਰ ਕਰੋ
ਬਾਬਾ ਸੁੱਚਾ ਸਿੰਘ ਜੀ ਦਾ ਜੋਤੀ ਜੋਤ ਸਮਾਉਣਾ
ਹੋਤੀ ਮਰਦਾਨ ਡੇਰੇ ਨਾਲ ਸਬੰਧਿਤ ਅਸਥਾਨ
ਲੇਖਕ ਵਲੋਂ ਸਨਿੰਮਰ ਬਿਨਯ
ਸਮਾਪਤੀ ਦਾ ਮੰਗਲ

ੴ ਸਤਿਗੁਰ ਪ੍ਰਸਾਦਿ ॥

# ਮੁੱਖ ਬੰਦ

ਵਲੋਂ:- ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਸਾਬਕਾ ਹੈੱਡ ਗਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅਮ੍ਰਿਤਸਰ।

ਸੰਸਾਰ ਇੱਕ ਅਥਾਹ ਸਾਗਰ ਹੈ ਜੋ ਪਦਾਰਥਾਂ ਦੇ ਖਾਰੇ ਜਲ ਨਾਲ ਲਬਾ-ਲਬ ਭਰਿਆ ਹੋਇਆ ਹੈ। ਇਸ ਵਿੱਚ ਕਾਮ ਕ੍ਰੋਧ ਲੋਭ ਮੋਹ ਤੇ ਹੰਕਾਰ ਆਦਿ ਔਗੁਣਾ ਦੇ ਭਿਅੰਕਰ ਮਗਰਮੱਛ ਹਨ। ਅਗਿਆਨ ਦੇ ਵੱਡੇ-ਵੱਡੇ ਪਹਾੜ ਤੇ ਅਵਿਦਿਆ ਦੀਆਂ ਸਖਤ ਚਟਾਨਾਂ ਹਨ, ਜਿਨ੍ਹਾਂ ਨਾਲ ਟਕਰਾ ਕੇ ਅਣਗਿਣਤ ਜੀਵਾਂ ਦੀਆਂ ਜ਼ਿੰਦਗੀਆਂ ਦੇ ਜ਼ਹਾਜ ਚਕਨਾਚੂਰ ਹੋ ਜਾਂਦੇ ਹਨ। ਭਰਮਾਂ ਅਤੇ ਵਹਿਮਾਂ ਦੇ ਘੁੱਪ ਹਨੇਰੇ ਅੰਦਰ ਭਗਤੀ ਗਿਆਨ ਦਾ ਮਾਰਗ ਨਜ਼ਰ ਨਹੀਂ ਆਉਂਦਾ। ਅਜਿਹੀ ਦਸ਼ਾ ਵਿੱਚ ਨਾਮ ਬਾਣੀ ਦੇ ਰਸੀਏ, ਆਤਮਿਕ ਸਕਤੀਆਂ ਦੇ ਮਾਲਕ ਗੁਰਮੁਖ ਮਹਾਪੁਰਖਾਂ ਦੇ ਜੀਵਨ ਹੀ ਚਾਨਣ-ਮੁਨਾਰੇ ਦਾ ਕੰਮ ਕਰਦੇ ਹਨ। ਜਿੰਨ੍ਹਾਂ ਦੀ ਬਖ਼ਸ਼ੀ ਆਤਮਾ ਗਿਆਨ ਦੀ ਰੋਸ਼ਨੀ ਰਾਹੀਂ ਜ਼ਿੰਦਗੀਆਂ ਦੇ ਜਹਾਜ਼ ਸਹੀ ਸਲਾਮਤ ਮੰਜ਼ਿਲੇ ਮਕਸੂਦ ਤੇ ਪਹੁੰਚ ਜਾਂਦੇ ਹਨ।

ਹੋਰ ਮੱਤਾਂ ਦੇ ਸਾਧੂ ਸੰਤਾਂ ਨਾਲੋਂ ਗੁਰਸਿੱਖ ਸੰਤ ਮਹਾਪੁਰਖਾਂ ਦੀ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਉਹ ਬਾਬਾ ਬੁੱਢਾ ਜੀ ਵਾਂਗ ਪੂਰਨ ਬ੍ਰਹਮ ਗਿਆਨੀ ਹੁੰਦਿਆਂ ਹੋਇਆਂ ਵੀ ਆਮ ਲੋਕਾਂ ਦੇ ਭਲੇ ਨੂੰ ਮੁੱਖ ਰੱਖਦਿਆਂ, "ਬ੍ਰਹਮ ਗਿਆਨੀ ਪਰਉਪਕਾਰੀ ਉਮਾਹਾ" ਦੇ ਮਹਾਂਵਾਕ ਅਨੁਸਾਰ ਜ਼ਿੰਦਗੀ ਨੂੰ ਢਾਲ ਲੈਂਦੇ ਹਨ। ਇਸ ਲਈ ਉਹ ਅੰਮ੍ਰਿਤ ਵੇਲੇ ਜਾਗਦੇ, ਨਾਮ ਬਾਣੀ ਦਾ ਸਿਮਰਨ ਕਰਦੇ, ਦੋਨੋਂ ਸਮੇਂ ਕਥਾ ਕੀਰਤਨ ਤੇ ਲੰਗਰਾਂ ਦੇ ਅਤੁੱਟ ਪ੍ਰਵਾਹ ਚਲਾਉਂਦੇ ਹਨ।

ਡੇਰੇ ਵਿੱਚ ਆਏ ਸਾਧੂ ਮੁਸਾਫ਼ਰਾਂ ਨੂੰ ਜਾਤੀ ਤੇ ਅਮੀਰੀ-ਗ਼ਰੀਬੀ ਦੇ ਵਿਤਕਰੇ ਤੋਂ ਬਿਨਾਂ ਸਭ ਨੂੰ ਅੰਨ, ਬਸਤਰ ਤੇ ਰਿਹਾਇਸ਼ ਦੁਆਰਾ ਹਰ ਪ੍ਰਕਾਰ ਦੀ ਸਹੂਲਤ ਦੇ ਕੇ ਸੁਖ ਬਖ਼ਸ਼ਦੇ ਹਨ। ਸਿੱਖ ਇਤਿਹਾਸ ਅੰਦਰ ਸਿੱਖ ਰਾਜ ਤੋਂ ਬਾਅਦ ਇੱਕ ਅਜਿਹੀ ਮਹਾਨ ਹਸਤੀ, ਸਤਿਕਾਰ ਯੋਗ ਸ੍ਰੀ ਮਾਨ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਮਹਾਪੁਰਖ ਹੋਏ ਹਨ। ਜਿਨ੍ਹਾਂ ਦੇ ਨਾਮ ਨਾਮੀ ਅਤੇ ਉਨ੍ਹਾਂ ਦੀਆਂ ਜ਼ਾਹਰੀ ਕਰਾਮਾਤਾਂ ਤੋਂ ਸਾਰਾ ਸਿੱਖ ਜਗਤ ਭਲੀ-ਭਾਂਤ ਜਾਣੂ ਹੈ।

ਬਾਬਾ ਜੀ ਦਾ ਜੀਵਨ ਇੱਕ ਅਲੌਕਿਕ ਜੀਵਨ ਸੀ, ਜਿਨ੍ਹਾਂ ਦਾ ਹਿੰਦੂ ਕੌਮ ਦੇ ਦੁਸ਼ਮਣ ਖੂੰਖਾਰ ਰਾਖਸ਼ ਬੁੱਧੀ ਵਾਲੇ ਜ਼ਾਲਿਮ ਪਠਾਣਾਂ ਦੇ ਦੇਸ਼ ਵਿੱਚ ਰਹਿਕੇ ਸੁਤੰਤਰ ਬੰਦਗੀ ਕਰਨੀ ਅਤੇ ਉਨ੍ਹਾਂ ਨੂੰ ਆਪਣੇ ਅਮਲੀ ਜੀਵਨ ਦੁਆਰਾ ਦੇਵਤੇ ਬਣਾ ਦੇਣਾ ਪਥਰੀਲੀ ਧਰਤੀ ਵਿੱਚ ਕਮਲ ਉਪਜਾ ਦੇਣ ਦੇ ਤੁਲ ਹੈ। ਪਰਮ ਪੂਜਯ ਬਾਬਾ ਜੀ ਹਾੜ ਦੀ ਪੁੰਨਿਆ ਵਾਲੇ ਦਿਨ ਅਮ੍ਰਿਤ ਵੇਲੇ ਪ੍ਰਗਟੇ, ਜਿਸ ਨੂੰ ਸਨਾਤਨ ਖ਼ਿਆਲਾਂ ਦੇ ਲੋਕ ਬਿਆਸ ਪੂਜਾ ਵਾਲੀ ਪੁੰਨਿਆ ਕਹਿੰਦੇ ਤੇ ਪੂਜਦੇ ਹਨ। ਸੋ ਇਸੇ ਕਰਕੇ ਬਾਬਾ ਜੀ ਵੀ ਵੇਦ ਬਿਆਸ ਜੀ ਵਾਂਗ ਹੀ ਸਾਰੀ ਮਨੁੱਖ ਜਾਤੀ ਦੇ ਪੂਜਯ ਬਣੇ।

ਆਪ ਜੀ ਦੀ ਸੰਗਤ ਅਤੇ ਛੋਹ ਨਾਲ ਬੇਅੰਤ ਗੁਰਸਿੱਖ ਮੁਨੱਵਰ ਹੋ ਉੱਠੇ ਤੇ ਦੀਵੇ ਤੋਂ ਦੀਵਾ ਜਗਣ ਵਾਂਗ ਆਪ ਵਲੋਂ ਗੁਰਮਤਿ ਅਨੁਸਾਰ ਨਾਮ ਸਿਮਰਨ ਦੀਆਂ ਜਗਾਈਆਂ ਜੋਤਾਂ ਤੋਂ ਅਗੋਂ ਜੋਤਾਂ ਜਗ ਰਹੀਆਂ ਹਨ। ਜੋ ਪੰਥ ਦੀਆਂ ਮਾਇਆ ਨਾਜ਼ ਹਸਤੀਆਂ ਹੋ ਗੁਜ਼ਰੀਆਂ ਹਨ ਤੇ ਇਸ ਸਮੇਂ ਹਨ। ਵਾਹਿਗੁਰੂ ਬਖ਼ਸ਼ਿਸ਼ ਕਰੇ ਕਿ ਆਪ ਜੈਸੀਆਂ ਮਹਾਨ ਪਰਉਪਕਾਰੀ ਤੇ ਨਿਰੋਲ ਅਧਿਆਤਮਿਕ ਜ਼ਿੰਦਗੀਆਂ ਪੰਥ ਅੰਦਰ ਹਰ ਸਮੇਂ ਭਾਰੀ ਗਿਣਤੀ ਵਿੱਚ ਵਧਦੀਆਂ, ਫੁਲਦੀਆਂ, ਮਹਿਕਦੀਆਂ ਤੇ ਆਪਣੀ ਮਹਿਕ ਖਿਲਾਰਦੀਆਂ ਰਹਿਣ ਤਾਂ ਕਿ ਖਾਲਸਾ ਪੰਥ ਤਰੱਕੀ ਦੀ ਮੰਜ਼ਿਲ ਵੱਲ ਅੱਗੇ ਤੋਂ ਅੱਗੇ ਵਧਦਾ ਰਹੇ।

ਇਸ 'ਪੱਛਮੀ ਪ੍ਰਕਾਸ਼' ਪੁਸਤਕ ਵਿੱਚ ਸ੍ਰੀ ਮਾਨ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਦਾ ਸੰਪੂਰਨ ਜੀਵਨ ਬੜੀ ਸੁਚੱਜਤਾ ਨਾਲ ਅੰਕਿਤ ਕੀਤਾ ਗਿਆ ਹੈ। ਪਾਠਕਾਂ ਦੀ ਜਾਣਕਾਰੀ ਲਈ ਇਸ ਪੁਸਤਕ ਬਾਰੇ ਹੇਠਾਂ ਕੁਝ ਵਿਚਾਰ ਪੇਸ਼ ਕਰਦੇ ਹਾਂ।

# ਪੁਸਤਕ ਬਾਰੇ

'ਪੱਛਮੀ ਪ੍ਰਕਾਸ' ਵਿੱਚ ਦੋਹਾਂ ਭਾਗਾਂ ਦੇ ੮ ਕਾਂਡ ਹਨ। ਪਹਿਲੇ ਭਾਗ ਵਿੱਚ ਪੰਜ ਕਾਂਡਾਂ ਦੁਆਰਾ ਬਾਬਾ ਕਰਮ ਸਿੰਘ ਜੀ ਮਹਾਰਾਜ ਦਾ ਜੀਵਨ ਮੁਕੰਮਲ ਕੀਤਾ ਗਿਆ ਹੈ। ਦੂਜੇ ਕਾਂਡ ਦੇ ਤਿੰਨ ਭਾਗਾਂ ਰਾਹੀ ਸੰਤ ਬਾਬਾ ਆਇਆ ਸਿੰਘ ਜੀ, ਸੰਤ ਬਾਬਾ ਮਾਝਾ ਸਿੰਘ ਜੀ ਤੇ ਸੰਤ ਰੋਸ਼ਨ ਸਿੰਘ ਜੀ ਤੋਂ ਇਲਾਵਾ ਹੋਰ ਵੀ ਬਾਬਾ ਜੀ ਤੋਂ ਵਰੋਸਾਏ ਮਹਾਨ ਵਿਆਕਤੀਆਂ ਪੰਡਤ ਤਾਰਾ ਸਿੰਘ ਜੀ, ਬਾਬਾ ਸਾਹਿਬ ਸਿੰਘ ਜੀ ਤੇ ਸੰਤ ਬਾਬਾ ਸੁੱਚਾ ਸਿੰਘ ਜੀ ਆਦਿ ਮਹਾਪੁਰਖਾਂ ਦੇ ਜੀਵਨ ਦਰਜ ਹਨ। ਵਿਦਵਾਨ ਲੇਖਕ ਜੀ ਨੇ ਇਸ ਪੁਸਤਕ ਵਿੱਚ ਸਰਲ ਸਾਦੀ ਤੇ ਆਮ ਵਰਤੀ ਜਾਣ ਵਾਲੀ ਭਾਸ਼ਾ ਵਰਤੀ ਹੈ। ਭਾਵੇਂ ਇਸ ਵਿੱਚ ਸੰਤ ਭਾਸ਼ਾ ਦਾ ਵੀ ਝਲਕਾ ਵੱਜਦਾ ਹੈ ਪਰ ਫਿਰ ਵੀ ਬੋਲੀ ਵਧੇਰੇ ਕਰਕੇ ਠੇਠ ਤੇ ਟਕਸਾਲੀ ਪੰਜਾਬੀ ਹੀ ਵਰਤਣ ਦਾ ਯਤਨ ਕੀਤਾ ਗਿਆ ਹੈ। ਬੋਲੀ ਮੁਹਾਵਰੇਦਾਰ ਤੇ ਢੁਕਵੀ ਹੈ। ਗੁਰਬਾਣੀ ਤੇ ਹੋਰ ਗ੍ਰੰਥਾਂ ਦੀਆਂ ਥਾਂ-ਥਾਂ ਸਿਰ ਜਚਦੀਆਂ ਫਬਦੀਆਂ ਤੁਕਾਂ ਤੇ ਪਰਮਾਣ ਦੇ ਕੇ ਲੇਖਕ ਨੇ ਆਪਣੀ ਰਚਨਾ ਨੂੰ ਹੋਰ ਵੀ ਸ਼ਿੰਗਾਰ ਦਿੱਤਾ ਹੈ। ਸ਼ਰਧਾਲੂ ਸੱਜਣਾਂ ਲਈ ਖ਼ਾਸ ਕਰਕੇ ਅਤੇ ਹੋਰ ਲੋਕਾਂ ਲਈ ਆਮ ਕਰਕੇ ਇਹ ਪੁਸਤਕ ਬੜੀ ਹੀ ਲਾਭਦਾਇਕ ਸਾਬਤ ਹੋਵੇਗੀ। ਭਾਵੇਂ ਇਸ ਪੁਸਤਕ ਦੇ ਲਿਖੀ ਜਾਣ ਤੋਂ ਪਹਿਲਾਂ ਵੀ ਕਈ ਲੇਖਕਾਂ ਨੇ ਸ੍ਰੀ ਮਾਨ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਜੀਵਨ ਸਮਾਚਾਰ ਲਿਖੇ ਤੇ ਪ੍ਰਕਾਸ਼ਤ ਕਰਵਾਏ ਹਨ। ਜਿਵੇਂ ਕਿ:

੧. 'ਪੱਛਮੀ ਨੂਰ' ਲੇਖਕ ਗ੍ਰੰਥੀ ਜੀਵਨ ਸਿੰਘ ਜੀ (ਕੈਮਲਪੁਰ)
੨. 'ਇਤਿਹਾਸ ਨਿਰਮਲ ਭੇਖ' ਕ੍ਰਿਤ ਮਹੰਤ ਗਣੇਸ਼ਾ ਸਿੰਘ ਜੀ (ਪੰਨਾ ੪੨੪ ਤੋਂ ੪੨੮ ਤੱਕ)
੩. 'ਨਿਰਮਲ ਪੰਥ ਦਰਸ਼ਨ' (ਭਾਗ ਦੂਜਾ) ਲੇਖਕ ਤੇ ਪ੍ਰਕਾਸ਼ਕ ਮਹੰਤ ਦਿਆਲ ਸਿੰਘ ਜੀ ਲਹੌਰ ਵਾਲੇ।
੪. 'ਖਿੜਿਆ ਕੌਲ ਫੁੱਲ' ਲਿਖਤ ਗਿਆਨੀ ਸਤਿਨਾਮ ਸਿੰਘ ਜੀ ਐਡੀਟਰ ਗੁਰਬਾਣੀ ਸਾਇੰਸ
੫. ਡਾਕਟਰ ਕਰਮ ਸਿੰਘ ਭੁਪਿਦਰਾ ਵਲੋਂ ਆਪਣੇ ਮਾਸਿਕ ਪੱਤਰ 'ਮਹਾਨ ਜੀਵਨ' ਦੇ ਅਪ੍ਰੈਲ ੧੯੬੨ ਦੇ ਪਰਚੇ ਵਿੱਚ।

ਪਰ ਇਸ ਪੁਸਤਕ ਦੇ ਸੁਘੜ ਲੇਖਕ ਸ੍ਰੀ ਮਾਨ ਸੰਤ ਗਿਆਨੀ ਮੋਹਨ ਸਿੰਘ ਜੀ 'ਆਜ਼ਾਦ' ਨੇ ਵੀ ਬੜੀ ਮਿਹਨਤ ਖੋਜ ਤੇ ਲਗਨ ਨਾਲ ਬਾਬਾ ਜੀ ਦੀਆਂ ਜੀਵਨ ਘਟਨਾਵਾਂ ਦਾ ਸਾਰੰਸ਼ ਨੂੰ ਬੜੇ ਸੁਚੱਜੇ ਢੰਗ ਨਾਲ ਕਲਮਬੰਦ ਕੀਤਾ ਹੈ। ਉਨ੍ਹਾਂ ਨੇ ਆਪਣੀ ਨਵੀਂ ਪੁਸਤਕ ਵਿੱਚ ਜੋ ਨਵੀਆਂ ਖੋਜਾਂ ਦਰਜ ਕੀਤੀਆਂ ਹਨ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

੧ ਕਈ ਵਾਰ ਹਰਿਦੁਆਰ, ਮਕਸੂਦਪੁਰ, ਦਿੱਲੀ ਆਦਿ ਅਸਥਾਨਾਂ ਤੇ ਜਾ ਕੇ ਬਾਬਾ ਜੀ ਦੀ ਵੰਸ਼ ਪਰੰਪਰਾ ਲੱਭੀ ਜੋ ਕਿ ਦਸਮ ਪਾਤਸ਼ਾਹ ਜੀ ਦੇ ਸਮੇਂ ਨਾਲ ਜਾ ਢੁਕਦੀ ਹੈ।

੨ ਬਾਬਾ ਜੀ ਦੇ ਜਨਮ ਨਗਰ ਬਾਰੇ ਨਵੀਂ ਤੇ ਖੋਜ ਭਰਪੂਰ ਵਾਕਫ਼ੀਅਤ ਇਕੱਠੀ ਕਰਕੇ ਪਾਠਕਾਂ ਦੇ ਗਿਆਨ ਵਿੱਚ ਖ਼ਾਸ ਵਾਧਾ ਕੀਤਾ ਹੈ।

੩ ਸੰਤ ਲਾਲ ਸਿੰਘ ਜੀ ਦਾ ਦੋ ਸਾਲ ਪਹਿਲਾਂ ਬਾਬਾ ਜੀ ਦੇ ਥਾਂ ਉਨ੍ਹਾਂ ਦੇ ਹੁਕਮ ਅਨੁਸਾਰ ਸਚਖੰਡ ਜਾ ਬਿਰਾਜਣ ਦਾ ਪ੍ਰਸੰਗ ਆਪ ਤੋਂ ਬਿਨਾਂ ਹੋਰ ਕਿਸੇ ਵੀ ਲੇਖਕ ਨੇ ਨਹੀਂ ਲਿਖਿਆ। ਇਹ ਆਪ ਦੀ ਅਮੋਲਕ ਖੋਜ ਹੈ।

ਇਸ ਪੁਸਤਕ ਦੇ ਛਪਵਾਉਣ ਦਾ ਸਿਹਰਾ ਸ੍ਰੀ ਮਾਨ ਪਰਮ ਸਤਿਕਾਰ ਯੋਗ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਤੇ ਸੰਤ ਬਾਬਾ ਕਿਸ਼ਨ ਸਿੰਘ ਜੀ ਮਹਾਰਾਜ ਦੇ ਸਿਰ ਹੈ। ਜਿਨ੍ਹਾਂ ਦੀ ਮਹਾਨ ਸਖਸ਼ੀਅਤ ਤੋਂ ਸਾਰੀ ਸਿੱਖ ਜਨਤਾ ਤੇ ਹੋਰ ਕੌਮਾਂ ਪ੍ਰਭਾਵਿਤ ਹਨ। ਜਿਨ੍ਹਾਂ ਨੇ ੫੦ ਸਾਲਾਂ ਦੇ ਅਰਸੇ ਵਿੱਚ ਪੰਜ ਲੱਖ ਪ੍ਰਾਣੀਆਂ ਨੂੰ ਖੰਡੇ ਦਾ ਅਮ੍ਰਿਤ ਪਾਨ ਕਰਵਾਕੇ ਨਾਮ ਅਮ੍ਰਿਤ ਦੁਆਰਾ ਔਗੁਣਾਂ ਦਾ ਤਿਆਗ ਕਰਵਾਕੇ ਟੁੱਟੀਆਂ ਸੁਰਤਾਂ ਨੂੰ ਨਿਰੰਕਾਰ ਨਾਲ ਜੋੜਿਆ ਹੈ। ਪੰਜਾਬ ਦੀ ਧਰਤੀ ਤੋਂ ਇਲਾਵਾ ਹਿੰਦੁਸਤਾਨ ਦੇ ਕੋਨੇ-ਕੋਨੇ ਅਤੇ ਬਾਹਰਲੇ ਟਾਪੂਆਂ ਵਿੱਚ ਵਿਚਰ ਕੇ ਗੁਰਬਾਣੀ ਦੇ ਇਲਾਹੀ ਕੀਰਤਨ ਰਾਹੀਂ ਸਿੱਖ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਉਨ੍ਹਾਂ ਦੇ ਚਰਨਾਂ ਤੋਂ ਬੇਅੰਤ ਪ੍ਰੇਮੀ ਵਰੋਸਾਏ ਹਨ। ਜਿਨ੍ਹਾਂ ਵਿੱਚੋਂ ਇਸ ਪੁਸਤਕ ਦੇ ਲੇਖਕ ਸ੍ਰੀ ਮਾਨ ਸੰਤ ਗਿਆਨੀ ਮੋਹਨ ਸਿੰਘ 'ਆਜ਼ਾਦ' ਬਰਨਾਲਾ ਇੱਕ ਹਨ।

# ਕਰਾਮਾਤਾਂ ਬਾਰੇ

ਸੈਣ ਭਗਤ ਵਾਂਗ ਬਾਬਾ ਜੀ ਦੀ ਥਾਂ ਵਾਹਿਗੁਰੂ ਨੇ ਫੌਜ ਵਿੱਚ ਆ ਕੇ ਪਹਿਰਾ ਦੇਣ ਅਤੇ ਰਜਿਸਟਰਾਂ ਤੋਂ ਨਾਮ ਦਾ ਗੁੰਮ ਹੋਣਾ ਆਦਿ ਘਟਨਾਵਾਂ ਦੀ ਚਰਚਾ ਤਕਰੀਬਨ ਹਰ ਗੁਰਸਿੱਖ ਦੀ ਜ਼ੁਬਾਨ ਤੇ ਹੈ। ਫੌਜ ਦੀ ਨੌਕਰੀ ਛੱਡ ਕੇ ਨਿਰੰਕਾਰ ਜੀ ਦੀ ਸੱਚੀ ਚਾਕਰੀ ਕਰਨ ਹਿੱਤ ਹੋਤੀ ਮਰਦਾਨ ਵਾਲੇ ਅਸਥਾਨ ਤੇ ਬੈਠਕੇ ਆਪ ਜੀ ਨੇ ਨਾਮ ਸਿਮਰਨ ਅਤੇ ਅੰਨ ਦੇ ਲੰਗਰਾਂ ਦੇ ਅਤੁਟ ਪ੍ਰਵਾਹ ਚਲਾਏ ਉਹ ਕਿਸੇ ਤੋਂ ਗੁੱਝੇ ਛਿਪੇ ਨਹੀਂ ਹਨ। ਬਾਬਾ ਜੀ ਨੇ ਦੁਨੀਆਂ ਦੇ ਪ੍ਰਮਾਰਥਕ ਮੰਗਾਂ ਮੰਗਣ ਵਾਲਿਆਂ ਦੀਆਂ ਜੋ ਝੋਲੀਆਂ ਭਰੀਆਂ ਉਹ ਮਹਾਨ ਕਰਾਮਾਤਾਂ ਹੋ ਕੇ ਪ੍ਰਗਟ ਹੋਈਆਂ ਹਨ। ਨਾਸਤਕ ਤੇ ਸ਼ੰਕਾਵਾਦੀ ਲੋਕ ਕਰਾਮਾਤਾਂ ਦੀ ਹੋਂਦ ਮੰਨਣ ਤੋਂ ਹੀ ਇਨਕਾਰੀ ਹਨ। ਉਨ੍ਹਾਂ ਦੀ ਸ਼ੰਕਾ ਮੇਟਣ ਲਈ ਅਤੇ ਸ਼ਰਧਾਵਾਨਾਂ ਦੇ ਨਿਸ਼ਚੇ ਨੂੰ ਪ੍ਰਪੱਕ ਕਰਨ ਲਈ ਕਰਾਮਾਤਾਂ ਦੀ ਹੋਂਦ ਬਾਰੇ ਏਥੇ ਕੁਝ ਕੁ ਵਰਨਣ ਕਰਨਾ ਪਾਠਕਾਂ ਦੀ ਦਿਲਚਸਪੀ ਤੋਂ ਖ਼ਾਲੀ ਨਹੀਂ।

ਕਰਾਮਾਤਾਂ ਤੋਂ ਭਾਵ ਉਹ ਅਲੌਕਿਕ ਸ਼ਕਤੀਆਂ ਹਨ, ਜਿਨ੍ਹਾਂ ਰਾਹੀਂ ਅਸੰਭਵ ਨੂੰ ਸੰਭਵ ਬਣਾਇਆ ਜਾ ਸਕਦਾ ਹੈ। ਗੁਰਮਤਿ ਅਨੁਸਾਰ ਇਹ ਆਤਮਿਕ ਸ਼ਕਤੀਆਂ ਸਿਮਰਨ ਰਾਹੀਂ ਚਿੱਤ ਬਿਰਤੀ ਦੀ ਇਕਾਗਰਤਾ ਵਿੱਚੋਂ ਉਤਪੰਨ ਹੁੰਦੀਆਂ ਹਨ। ਪਤੰਜਲੀ ਜੀ ਦਾ ਵਿਚਾਰ ਹੈ ਕਿ ਇਹ ਤਾਕਤਾਂ ਦਵਾਈਆਂ, ਮੰਤਰਾਂ ਅਤੇ ਤਪ ਦੁਆਰਾ ਵੀ ਹਾਸਲ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਨੂੰ ਹੀ ਜੋਗੀ ਲੋਕ ਰਿੱਧੀਆਂ-ਸਿੱਧੀਆਂ ਆਖਦੇ ਹਨ। ਪਹਿਲੋ-ਪਹਿਲ ਸਾਇੰਸਦਾਨ ਰੱਬ ਦੀ ਹੋਂਦ ਤੇ ਕਰਾਮਾਤਾਂ ਨੂੰ ਮੰਨਣ ਦੇ ਵਿਰੁੱਧ ਸਨ, ਪਰ ਹੁਣ ਜਦ 'ਮੈਸਮਰੇਜ਼ਮ' ਦੀ ਕਾਢ ਤੇ 'ਹਿਪਨੋਟਿਜ਼ਮ' ਰਾਹੀਂ ਅਧਿਆਤਮਿਕ ਸ਼ਕਤੀਆਂ ਦੀ ਹੋਂਦ ਨੂੰ ਜਾਂਚਿਆ ਪੜਤਾਲਿਆ ਗਿਆ ਹੈ ਤਾਂ ਸਾਇੰਸਦਾਨ ਰੱਬ ਦੀ ਹੋਂਦ ਨੂੰ ਮੰਨਣ ਲੱਗ ਪਏ ਹਨ ਅਤੇ ਆਖਣ ਲੱਗ ਪਏ ਹਨ ਕਿ ਜਿਹੜੇ ਕੁਦਰਤੀ ਨੇਮ ਸਾਨੂੰ ਮਾਲੂਮ ਹਨ, ਉਹ ਉਨ੍ਹਾਂ ਕਰਾਮਾਤਾਂ ਉੱਤੇ ਲਾਗੂ ਨਹੀਂ ਹਨ।

## ਗੁਰਬਾਣੀ ਵਿੱਚ ਕਰਾਮਾਤਾਂ

ਗੁਰਬਾਣੀ ਵਿੱਚ ਰਿੱਧੀਆਂ ਸਿੱਧੀਆਂ (ਕਰਾਮਾਤੀ ਸ਼ਕਤੀਆਂ) ਦੀ ਹੋਂਦ ਨੂੰ ਮੰਨਿਆ ਗਿਆ ਹੈ, ਫ਼ਰਕ ਸਿਰਫ ਏਨਾ ਹੀ ਹੈ ਕਿ ਸਿੱਧ ਤੇ ਜੋਗੀ ਲੋਕ ਅਭਿਆਸ ਜਾਂ ਹੋਰ ਸਾਧਨਾਂ ਰਾਹੀ ਬੜੀਆਂ ਕੋਸ਼ਿਸ਼ਾਂ ਨਾਲ ਇਨ੍ਹਾਂ ਨੂੰ ਪ੍ਰਾਪਤ ਕਰਦੇ ਹਨ। ਪਰ ਭਗਤਾਂ ਨੂੰ ਇਹ ਕਰਾਮਾਤਾਂ ਨਾਮ ਸਿਮਰਨ ਰਾਹੀਂ ਆਪਣੇ ਆਪ ਹੀ ਪ੍ਰਾਪਤ ਹੋ ਜਾਂਦੀਆਂ ਹਨ।

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥ (ਪੰਨਾ ੨੬੨)

ਰਿੱਧੀਆਂ-ਸਿੱਧੀਆਂ ਨੂੰ ਨਾਮ ਦੀਆਂ ਦਾਸੀਆਂ ਅਤੇ ਭਗਤਾਂ ਦੇ ਚਰਨੀ ਲੱਗਣ ਵਾਲੀਆਂ ਤੇ ਉਨ੍ਹਾਂ ਦੇ ਮਗਰ ਲੱਗੀਆਂ ਫਿਰਨ ਵਾਲੀਆਂ ਆਖਿਆ ਹੈ।

ਮੁਕਤਿ ਜੁਗਤਿ ਨਾਵੈਂ ਕੀ ਦਾਸੀ ॥ (ਭਾਈ ਗੁਰਦਾਸ ਜੀ)
ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਜਿ ਸੁਭਾਈ ॥੨॥ (ਪੰਨਾ ੬੩੭)
ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ
ਜੋ ਹਰਿ ਹਿਰਦੈ ਸਦਾ ਵਸਾਇ ॥ (ਪੰਨਾ ੬੪੯)

ਇਹ ਗੱਲ ਵੱਖਰੀ ਹੈ ਕਿ ਗੁਰਬਾਣੀ ਵਿੱਚ ਰਿਧਿ ਸਿਧਿ ਨੂੰ ਅਵਰਾ ਸਾਦ ਕਿਹਾ ਹੈ ਅਤੇ ਇਹ ਵੀ ਫੁਰਮਾਇਆ ਹੈ ਮਤਾ ਕੋਈ ਮਨੁੱਖ ਇਨ੍ਹਾਂ ਵਿੱਚ ਲੱਗ ਕੇ ਵਾਹਿਗੁਰੂ ਨੂੰ ਹੀ ਭੁੱਲ ਜਾਵੇ।

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ (ਪੰਨਾ ੧੪)

ਕਲਗੀਧਰ ਜੀ ਇਨ੍ਹਾਂ ਕਰਾਮਾਤਾਂ ਰਾਹੀ ਕੀਤੇ ਨਾਟਕਾਂ ਚੇਟਕਾਂ ਨੂੰ ਕੁਕਾਜਾ ਆਖਦੇ ਹਨ।

ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥ (ਬਚਿੱਤ੍ਰ ਨਾਟਕ)

ਉਪਰੋਕਤ ਪ੍ਰਮਾਣਾਂ ਵਿੱਚੋਂ ਇਹ ਤਾ ਸਪੱਸ਼ਟ ਹੀ ਹੈ ਕਿ ਕਰਾਮਾਤਾਂ ਹਨ ਅਤੇ ਭਗਤਾਂ ਕੋਲ ਹੋਰ ਸਾਧਨ ਕਰਨ ਵਾਲਿਆਂ ਨਾਲੋਂ ਕਿਤੇ ਵਧੇਰੇ ਮਾਤ੍ਰਾ ਵਿੱਚ ਹੁੰਦੀਆਂ ਹਨ, ਭਾਵੇਂ ਉਹ ਇਨ੍ਹਾਂ ਨੂੰ ਵਰਤਣ ਵਲੋਂ ਜ਼ਿਆਦਾਤਰ ਸੰਕੋਚ ਹੀ ਰੱਖਦੇ ਹਨ।

## ਭਗਤ ਬਾਣੀ ਵਿਚ ਕਰਾਮਾਤਾਂ

੧. ਭਗਤ ਕਬੀਰ ਜੀ ਨੂੰ ਹੱਥ ਪੈਰ ਬੰਨ੍ਹ ਕੇ ਬਾਦਸ਼ਾਹ ਵਲੋਂ ਗੰਗਾ ਵਿੱਚ ਸੁਟਿਆ ਗਿਆ, ਉਨ੍ਹਾਂ ਦੀਆਂ ਜ਼ੰਜ਼ੀਰਾਂ ਟੁੱਟ ਗਈਆਂ ਅਤੇ ਉਹ ਡੁੱਬਣੋ ਬਚ ਗਏ।

ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥
ਮ੍ਰਿਗਛਾਲਾ ਪਰ ਬੈਠੇ ਕਬੀਰ ॥

(ਪੰਨਾ ੧੧੬੨)

੨. ਬਾਹਵਾਂ ਬੰਨ੍ਹ ਕੇ ਗੁੱਛਾ ਮੁੱਛਾ ਕਰਕੇ ਕਬੀਰ ਜੀ ਨੂੰ ਮਸਤ ਹਾਥੀ ਅੱਗੇ ਸੁਟਿਆ ਗਿਆ। ਮਹਾਵਤ ਦੇ ਜ਼ੋਰ ਲਾਉਣ ਤੇ ਵੀ ਹਾਥੀ ਨੇ ਕਬੀਰ ਜੀ ਨੂੰ ਨਾ ਮਿਧਿਆ ਸਗੋਂ ਨਮਸਕਾਰਾਂ ਕਰਦਾ ਹੋਇਆ ਚੀਕਾਂ ਮਰਕੇ ਨੱਠ ਗਿਆ।

ਹਸਤਿ ਭਾਗਿ ਕੈ ਚੀਸਾ ਮਾਰੈ ॥ ਇਆ ਮੂਰਤਿ ਕੈ ਹਉ ਬਲਿਹਾਰੈ ॥੧॥
ਕੁੰਚਰੁ ਪੋਟ ਲੈ ਲੈ ਨਮਸਕਾਰੈ ॥ ਬੂਝੀ ਨਹੀ ਕਾਜੀ ਅੰਧਿਆਰੈ ॥੩॥

(ਪੰਨਾ ੮੭੦)

੩. ਨਾਮਦੇਵ ਨੂੰ ਠਾਕਰਾਂ ਨੇ ਦਰਸ਼ਨ ਦਿੱਤਾ ਅਤੇ ਉਸ ਕੋਲੋਂ ਲੈ ਕੇ ਦੁੱਧ ਪੀਤਾ।

ਦੂਧੁ ਪੀਆਇ ਭਗਤੁ ਘਰਿ ਗਇਆ ॥
ਨਾਮੇ ਹਰਿ ਕਾ ਦਰਸਨੁ ਭਇਆ ॥

(ਪੰਨਾ ੧੧੬੪)

੪. ਭਗਤ ਨਾਮਦੇਵ ਜੀ ਦੀ ਇੱਛਾ ਨੂੰ ਮੁੱਖ ਰਖਦੇ ਹੋਇਆਂ ਵਾਹਿਗੁਰੂ ਨੇ ਦੇਹੁਰਾ ਫੇਰ ਕੇ ਮੂੰਹ ਨਾਮਦੇਵ ਵੱਲ ਕਰ ਦਿੱਤਾ ਅਤੇ ਪਿਛਲਾ ਪਾਸਾ ਪੰਡਿਆਂ ਵੱਲ ਹੋ ਗਿਆ।

੫. ਨਾਮਦੇਵ ਦੀ ਰੱਖਿਆ ਦੀ ਖਾਤਰ ਪਰਮਾਤਮਾ ਨੇ ਮੋਈ ਹੋਈ ਗਊ ਜ਼ਿੰਦਾ ਕੀਤੀ।

ਨਾਮਾ ਪ੍ਰਣਵੈ ਸੇਲ ਮਸੇਲ ॥ ਗਊ ਦੁਹਾਈ ਬਛਰਾ ਮੇਲਿ ॥

(ਪੰਨਾ ੧੧੬੬)

ਭਗਤਾਂ ਬਾਣੀ ਦੇ ਉਪਰੋਤਕ ਸ਼ਬਦਾਂ ਵਿੱਚ ਕਰਾਮਾਤਾਂ ਭਗਤਾਂ ਨੇ ਆਪਣੇ ਨਾਲ ਵਾਪਰੀਆਂ ਦੱਸੀਆਂ ਹਨ। ਇਨ੍ਹਾਂ ਸਬਦਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿੱਚ ਦਰਜ ਕਰਕੇ ਇਨ੍ਹਾਂ ਕਰਾਮਾਤਾਂ ਦੀ ਤਸਦੀਕ ਕਰ ਦਿੱਤੀ। ਹਜ਼ੂਰ ਦੇ ਆਪਣੇ ਵੀ ਮਹਾਂਵਾਕ ਹਨ:

ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥

(ਪੰਨਾ ੪੦੩)

ਭਗਤ ਜਨਾਂ ਦਾ ਕਰੈ ਕਰਾਯਾ ॥

(ਭਾਈ ਗੁਰਦਾਸ ਜੀ)

## ਸਿੱਖ ਇਤਿਹਾਸ ਵਿੱਚ ਕਰਾਮਾਤਾਂ

ਸ੍ਰੀ 'ਨਨਕਾਣਾ ਸਾਹਿਬ ਜੀ' ਵਿਖੇ 'ਮਾਲ ਜੀ ਸਾਹਿਬ' ਅਤੇ 'ਕਿਆਰਾ ਸਾਹਿਬ' ਗੁਰਦੁਆਰਿਆਂ ਦੀ ਕਾਇਮੀ, ਸੱਪ ਨੇ ਛਾਇਆ ਕੀਤੀ ਅਤੇ ਖੇਤ ਹਰਿਆ ਕੀਤਾ, ਇਨ੍ਹਾਂ ਦੋ ਕਰਾਮਾਤਾਂ ਦੇ ਪ੍ਰਤੱਖ ਸਬੂਤ ਹਨ। ਬਾਬਰ ਦੇ

ਹਮਲੇ ਤੋਂ ਕਈ ਸਾਲ ਪਹਿਲਾਂ ਗੁਰੂ ਜੀ ਦਾ ਇਹ ਕਹਿਣਾ ਕਿ, "ਆਵਨਿ ਅਠਤਰੈ ਜਾਨਿ ਸਤਾਨਵੈ" ਇਹ ਇੱਕ ਬਹੁਤ ਵੱਡੀ ਕਰਾਮਾਤ ਹੈ। ਗੁਰੂ ਜੀ ਦੀ ਛੋਹ ਨਾਲ ਮਿੱਠਾ ਹੋਇਆ ਰੀਠਾ ਅਤੇ 'ਹਸਨ ਅਬਦਾਲ' ਵਿਖੇ ਪੱਥਰ ਵਿੱਚ ਲੱਗਾ ਹੋਇਆ ਗੁਰੂ ਜੀ ਦਾ ਪੰਜਾ ਸਾਹਿਬ ਗੁਰੂ ਜੀ ਦੀਆਂ ਪ੍ਰਤੱਖ ਕਰਾਮਾਤਾਂ ਦੇ ਦੋ ਮਹਾਨ ਗਵਾਹ ਹਨ। ਆਪਣੇ ਚਰਨਾਂ ਨਾਲ ਮੱਕਾ ਫੇਰਨਾ ਗੁਰੂ ਜੀ ਦੇ ਆਤਮਕ ਬਲ ਦਾ ਮਹਾਨ ਕ੍ਰਿਸ਼ਮਾ ਹੈ।

ਟੰਗੋਂ ਪਕੜ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ ॥

(ਭਾਈ ਗੁਰਦਾਸ ਜੀ)

ਜਾਹਰ ਪੀਰ ਜਗਤੁ ਗੁਰੁ ਬਾਬਾ ॥

(ਭਾਈ ਗੁਰਦਾਸ ਜੀ)

ਬਾਬਾ ਅਟੱਲ ਰਾਏ ਜੀ ਦਾ ਆਪਣੇ ਹਾਣੀ ਭਾਈ ਮੋਹਣ ਜੀ ਨੂੰ ਅਤੇ ਬਾਬਾ ਗੁਰਦਿਤਾ ਜੀ ਦਾ ਪਹਾੜੀਆਂ ਦੀ ਗਊ ਨੂੰ ਜ਼ਿੰਦਾ ਕਰਨਾ ਅਤੇ ਉਨ੍ਹਾਂ ਦੀ ਥਾਂ ਆਪ ਸਮਾ ਜਾਣਾ ਛੇਵੇਂ ਪਾਤਸ਼ਾਹ ਜੀ ਦੇ ਸਾਹਮਣੇ ਵਾਪਰੀਆਂ ਇਤਿਹਾਸ ਪ੍ਰਸਿੱਧ ਘਟਨਾਵਾਂ ਕਰਾਮਾਤੀ ਸ਼ਕਤੀਆਂ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ। ਰਾਮਰਾਇ ਜੀ ਨੇ ਔਰੰਗਜ਼ੇਬ ਨੂੰ ੭੨ ਕਰਾਮਾਤਾਂ ਵਖਾਈਆਂ ਜੋ ਸਿੱਖ ਇਤਿਹਾਸ ਤੇ ਚਮਕਦੀਆਂ ਬਿਜਲੀਆਂ ਹਨ।

ਅਠਵੇਂ ਪਾਤਸ਼ਾਹ ਜੀ ਦਾ ਪੰਜ ਸਾਲ ਕੁਝ ਮਹੀਨੇ ਦੀ ਉਮਰ ਵਿੱਚ ਗੂੰਗੇ ਤੋਂ ਗੀਤਾ ਦੇ ਅਰਥ ਕਰਵਾ ਦੇਣਾ ਕਰਾਮਾਤ ਨਹੀਂ ਤਾਂ ਹੋਰ ਕੀ ਹੈ? ਨੌਵੇਂ ਪਾਤਸ਼ਾਹ ਜੀ ਨੇ ਮੱਖਣ ਸ਼ਾਹ ਲੁਬਾਣੇ ਦਾ ਬਰੇਤੀ 'ਚ ਫਸਿਆ ਜਹਾਜ਼ ਪਾਰ ਕੀਤਾ, ਜਿਸ ਦੀ ਸੁੱਖਣਾ ਦੇਣ ਆਏ ਨੇ ਬਾਬੇ ਬਕਾਲੇ ਗੁਰੂ ਜੀ ਨੂੰ ਪ੍ਰਗਟ ਕੀਤਾ।

ਦਸਮ ਗੁਰੂ ਜੀ ਦਾ ਹੁਸ਼ਿਆਰਪੁਰ ਭਾਈ ਜੋਗਾ ਸਿੰਘ ਜੀ ਦੀ ਰੱਖਿਆ ਕਰਨੀ ਅਤੇ ਭੀਮ ਚੰਦ ਦੇ ਵਜ਼ੀਰ ਦੇਵੀ ਚੰਦ ਦੀਆਂ ਅੱਖਾਂ ਵਿੱਚ ਵੱਜੇ ਗ਼ਰਮ ਤੋੜ ਆਪਣੇ ਚਰਨਾਂ ਵਿੱਚ ਵੱਜੇ ਵਿਖਾਏ ਆਦਿ ਬੇਅੰਤ ਕਰਾਮਾਤਾਂ ਦਾ ਵਰਣਨ ਸਿੱਖ ਇਤਿਹਾਸ ਚੋਂ ਲੱਭਿਆ ਜਾ ਸਕਦਾ ਹੈ।

ਗੁਰੂ ਸਹਿਬਾਨਾਂ ਤੋਂ ਇਲਾਵਾ ਪੁਰਾਤਨ ਅਤੇ ਵਰਤਮਾਨ ਸਮੇਂ ਦੇ ਬੇਅੰਤ ਕਰਣੀ ਵਾਲੇ ਮਹਾਂਪੁਰਖਾਂ ਵਿੱਚ ਭਜਨ ਸਿਮਰਨ ਅਤੇ ਸੇਵਾ ਨਾਲ ਪ੍ਰਾਪਤ ਕੀਤੀਆਂ ਆਤਮਕ ਸ਼ਕਤੀਆਂ ਅਸਾਂ ਅੱਖਾਂ ਨਾਲ ਤੱਕੀਆਂ ਹਨ। ਹਾਂ! ਗੁਰਮਤਿ ਵਿੱਚ ਉਨ੍ਹਾਂ ਕਰਾਮਾਤਾਂ ਦਾ ਖੰਡਨ ਜ਼ਰੂਰ ਹੈ ਜਿਹੜੀਆਂ ਆਪਣੀ ਹਉਮੈ ਅਤੇ ਵਡਿਆਈ ਤੇ ਮਾਨਤਾ ਦੀ ਖਾਤਰ ਵਿਖਾਈਆਂ ਜਾਣ ਜਾਂ ਕਿਸੇ ਦੂਜੇ ਨੂੰ ਨੁਕਸਾਨ ਪਹੁੰਚਾਉਣ ਲਈ ਵਰਤੋਂ ਵਿੱਚ ਲਿਆਂਦੀਆਂ ਜਾਣ।

ਉਪਰੋਤਕ ਸੰਖੇਪ ਜਿਹੀ ਵਿਚਾਰ ਤੋਂ ਸਪੱਸ਼ਟ ਹੋ ਗਿਆ ਹੈ ਕਿ ਕਰਾਮਾਤਾਂ ਗੁਰੂ ਸਹਿਬਾਨ, ਭਗਤਾਂ ਅਤੇ ਕਰਣੀ ਵਾਲੇ ਗੁਰਮੁਖਾਂ, ਮਹਾਂ-ਪੁਰਖਾਂ ਗੁਰੂ ਕੇ ਸਿੱਖਾਂ ਵਿਖੇ ਭਾਰੀ ਮਾਤਰਾ ਵਿੱਚ ਸਨ ਅਤੇ ਲੋੜ ਪੈਣ ਤੇ ਉਨ੍ਹਾਂ ਨੇ ਇਨ੍ਹਾਂ ਦੀ ਵਰਤੋਂ ਵੀ ਕੀਤੀ। ਵਰਤਮਾਨ ਯੁੱਗ ਵਿਚ ਵੀ ਇਨ੍ਹਾਂ ਰਾਮਾਤਾਂ ਨੂੰ ਮਹਾਂਪੁਰਖਾਂ ਦੇ ਜੀਵਨ ਵਿੱਚੋਂ ਪ੍ਰਤੱਖ ਤੱਕਿਆ ਜਾ ਸਕਦਾ ਹੈ। ਕੋਈ ਵੀ ਮਨੁੱਖ ਮਹਾਂ ਪੁਰਖਾਂ ਦੇ ਨਕਸ਼ੇ ਕਦਮਾਂ ਤੇ ਚੱਲ ਕੇ ਇਨ੍ਹਾਂ ਨੂੰ ਆਪਣੇ ਅੰਦਰੋਂ ਹੁਣ ਵੀ ਪ੍ਰਗਟ ਕਰਕੇ ਵੇਖ ਸਕਦਾ ਹੈ।

## ਲੇਖਕ ਦੀ ਜਾਣ ਪਹਿਚਾਣ

ਇਸ ਪੁਸਤਕ ਦੇ ਸੁਜਾਨ ਲੇਖਕ ਸ੍ਰੀ ਮਾਨ ਸੰਤ ਗਿਆਨੀ ਮੋਹਨ ਸਿੰਘ ਜੀ 'ਆਜ਼ਾਦ' ਸੁਭਾਅ ਦੇ ਨਰਮ, ਜ਼ੁਬਾਨ ਦੇ ਮਿੱਠੇ ਗੰਭੀਰ, ਸਮਝਦਾਰ, ਮਿਲਣਸਾਰ, ਮਿੱਤਰਾਂ ਦੇ ਮਿੱਤਰ, ਮਿਹਨਤੀ, ਧੁਨ ਦੇ ਪੱਕੇ, ਦ੍ਰਿੜ ਇਰਾਦੇ ਦੇ ਮਾਲਕ, ਖੋਜੀ, ਗੁਰਮਤਿ ਦੇ ਗਿਆਤਾ, ਸਿੱਖੀ ਰਹਿਤ ਵਿੱਚ ਪ੍ਰਪੱਕ, ਗੁਰਬਾਣੀ ਦੇ ਨਿੱਤ ਨੇਮੀ, ਨਾਮ ਅਭਿਆਸੀ ਤੇ ਵਿਦਵਾਨ ਸੱਜਣ ਹਨ। ਇਨ੍ਹਾਂ ਨੇ ਸ੍ਰੀ ਮਾਨ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਅਤੇ ਉਨ੍ਹਾਂ ਦੇ ਉੱਤਰਾ ਅਧਿਕਾਰੀਆਂ ਦੀਆਂ ਜੀਵਨ ਝਲਕਾਂ ਦੀ ਇਹ ਸੁੰਦਰ ਪੁਸਤਕ ਰਚ ਕੇ ਸਿੱਖ ਸਾਹਿਤ ਵਿੱਚ ਇੱਕ ਨਵਾ ਮੀਲ ਪੱਥਰ ਗੱਡਿਆ ਹੈ ਜੋ ਸਦਾ ਲਈ ਆਪ ਜੀ ਦੀ ਅਮਿਟ ਯਾਦਗਾਰ ਰਹੇਗਾ।

ਆਪ ਜੀ ਦਾ ਜਨਮ ੫ ਅਗਸਤ ੧੯੨੬ ਈਸਵੀ, ਮੁ: ਸਾਵਣ ਸੁਦੀ ਤ੍ਰਦਸੀ ੧੯੮੩ ਬਿ: ਨੂੰ ਪਿੰਡ 'ਭੈਣੀ ਬਾਘਾ' ਤਹਿਸੀਲ ਮਾਨਸਾ, (ਹੁਣ ਜ਼ਿਲ੍ਹਾ ਮਾਨਸਾ) ਜ਼ਿਲ੍ਹਾ ਬਠਿੰਡਾ ਵਿੱਚ ਹੋਇਆ। ਆਪ ਦੇ ਪਿਤਾ ਸ੍ਰਦਾਰ ਅਰੂੜ ਸਿੰਘ ਅਤੇ ਮਾਤਾ ਗੰਗਾ ਦੇਈ ਜੀ ਸਨ। ਬਚਪਨ ਤੋਂ ਬਾਅਦ ਪੰਜ ਜਮਾਤਾਂ (ਪੰਜਾਬੀ ਤੇ ਉਰਦੂ) ਪਿੰਡ ਦੇ ਸਕੂਲ ਵਿੱਚ

ਪਾਸ ਕੀਤੀਆਂ।

੧੯ ਸਾਲ ਦੀ ਉਮਰ ਵਿੱਚ ਰਾੜੇ ਸਾਹਿਬ ਵਾਲੇ ਮਹਾਂ ਪੁਰਖ ਸੰਤ ਬਾਬਾ ਈਸ਼ਰ ਸਿੰਘ ਜੀ ਤੋਂ ਵਰੋਸਾਏ ਇੱਕ ਮਹਾਂ ਪੁਰਖ ਸੰਤ ਇੰਦਰ ਸਿੰਘ ਜੀ ਦੀ ਸੰਗਤ ਕੀਤੀ ਜੋ ਰਾਜਸਥਾਨ ਦੇ ਇਲਾਕੇ ਜ਼ਿਲ੍ਹਾ ਗੰਗਾ ਨਗਰ ਚੱਕ ਨੰ: ੭ ਸੀ. ਸੀ. ਵਿੱਚ ਰਹਿੰਦੇ ਸਨ। ਉਨ੍ਹਾਂ ਦੀ ਪ੍ਰੇਰਣਾ ਨਾਲ ਇੱਕ ਵਾਰ ਰਾੜੇ ਸਾਹਿਬ ਦਰਸ਼ਨਾਂ ਲਈ ਆਏ ਅਤੇ ਏਥੇ ਹੀ ਟਿੱਕ ਗਏ। ੧੯੪੫ ਈ: ਤੋਂ ੧੯੫੦ ਈ ਤੱਕ ਲਗਪਗ ੬ ਸਾਲ ਉੱਥੇ ਹੀ ਰਹਿ ਕੇ ਸੇਵਾ ਤੇ ਸਿਮਰਨ ਦਾ ਅਨੰਦ ਮਾਣਦੇ ਰਹੇ। ਉਪਰੰਤ ਗੁਰਮਤਿ ਵਿੱਦਿਆ ਦੀ ਪੜ੍ਹਾਈ ਦਾ ਸ਼ੌਕ ਜਾਗਿਆ ਤਾਂ ਮਹਾਂਪੁਰਖਾਂ ਤੋਂ ਆਗਿਆ ਲੈ ਕੇ ਜ਼ਿਲ੍ਹਾ ਸੰਗਰੂਰ ਦੇ ਪਿੰਡ 'ਧੂਰਕੋਟ' ਸ੍ਰੀ ਮਾਨ ਗਿਆਨੀ ਵਰਿਆਮ ਸਿੰਘ ਜੀ ਹੁਰਾਂ ਪਾਸ ਪੁੱਜੇ। ਤਿੰਨ ਸਾਲ ਲਗਾਤਾਰ ਪੜ੍ਹਾਈ ਵਿੱਚ ਲੀਨ ਰਹੇ। ਇਸ ਦੌਰਾਨ ਛੋਟੇ ਗ੍ਰੰਥ ਅਰਥਾਂ ਸਹਿਤ ਪੜ੍ਹਨ ਤੋਂ ਬਾਅਦ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਅਤੇ ਗਿਆਨੀ ਗਿਆਨ ਸਿੰਘ ਜੀ ਰਚਿਤ 'ਸ੍ਰੀ ਗੁਰੂ ਪੰਥ ਪ੍ਰਕਾਸ਼' ਅਰਥਾਂ ਸਹਿਤ ਪੜ੍ਹੇ ਤੇ ਵਿਚਾਰੇ। ਏਥੋਂ ਫੇਰ ਮਸਤੂਆਣੇ ਸਾਹਿਬ ਆ ਗਏ ਅਤੇ ਸ੍ਰੀ ਮਾਨ ਗਿਆਨੀ ਚੰਨਣ ਸਿੰਘ ਜੀ ਗੁਰਨਿਆਂ ਵਾਲਿਆਂ ਤੋਂ ਇੱਕ ਸਾਲ ਵਿੱਚ ਸ੍ਰੀ 'ਗੁਰ ਪ੍ਰਤਾਪ ਸੂਰਜ ਗ੍ਰੰਥ' ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਸੰਥਾ ਸਹਿਤ ਅਧਿਐਨ ਕੀਤਾ।

੧੯੫੪ ਈਸਵੀ ਵਿੱਚ ਸਤਿਕਾਰਯੋਗ ਮਹਾਂਪੁਰਖ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੇ ਜਥੇ ਵਿੱਚ ਆ ਕੇ ਵਿਦਿਆਰਥੀ ਬਣੇ। ਜਥੇ ਵਿਚ ਰਹਿ ਕੇ ਤਕਰੀਬਨ ਤਿੰਨ ਸਾਲ ਵਿੱਚ ਆਦਿ 'ਸ੍ਰੀ ਗੁਰੂ ਗਰੰਥ ਸਾਹਿਬ ਜੀ' 'ਸ੍ਰੀ ਦਸਮ ਗ੍ਰੰਥ' 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਤੇ ਵਾਰਾਂ ਭਾਈ ਗੁਰਦਾਸ ਜੀ ਅਰਥਾਂ ਸਮੇਤ ਪੜ੍ਹੀਆਂ ਤੇ ਮਹਾਂਵਾਕ ਦੀ ਕਥਾ ਕਰਨ ਦਾ ਅਭਿਆਸ ਕਰਦੇ ਰਹੇ। ੧੯੫੭ ਈਸਵੀ ਵਿੱਚ ਇੱਕ ਸਾਲ ਪਿੰਡ ਮੂਲੋਵਾਲ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਇਤਿਹਾਸ ਤੇ ਗੁਰਬਾਣੀ ਦੀ ਕਥਾ ਸੁਣਾਕੇ ਸੰਗਤਾਂ ਨੂੰ ਨਿਹਾਲ ਕੀਤਾ।

੧੯੫੮ ਈਸਵੀ ਵਿੱਚ ਸ੍ਰੀ ਅੰਮ੍ਰਿਤਸਰ ਆ ਗਏ। ਏਥੇ ਪੰਡਤ ਕਲਿਆਣ ਸਿੰਘ ਜੀ ਪਾਸੋਂ ਵਿਚਾਰ ਚੰਦ੍ਰੋਦਯ, ਵਿਚਾਰ ਸਾਗਰ ਤੇ ਮੋਖਸ਼ ਪੰਥ ਆਦਿ ਵੇਦਾਂਤ ਦੇ ਗੂੜ੍ਹ ਗ੍ਰੰਥ ਵਿਚਾਰੇ ਅਤੇ ਨਾਲ ਹੀ ਸ੍ਰੀ ਮਾਨ ਸੰਤ ਅਮੀਰ ਸਿੰਘ ਜੀ ਦੇ ਡੇਰੇ ਸ੍ਰੀ ਮਾਨ ਗਿਆਨੀ ਕ੍ਰਿਪਾਲ ਸਿੰਘ ਜੀ ਹੁਰਾਂ ਪਾਸੋਂ ਆਦਿ 'ਸ੍ਰੀ ਗੁਰੂ ਗਰੰਥ ਸਾਹਿਬ ਜੀ' ਦੀ ਕਥਾ ਸੁਣਦੇ ਰਹੇ। ਇਸੇ ਦੌਰਾਨ ਰਿਹਾਇਸ਼ ਡੇਰਾ ਬਾਬਾ ਸ਼ਾਮ ਸਿੰਘ ਜੀ ਆਟਾ ਮੰਡੀ ਵਿਖੇ ਰੱਖੀ ਅਤੇ ਇਸੇ ਡੇਰੇ ਵਿੱਚ 'ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ' ਦੀਆਂ ਦੋ ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦੀ ਇੱਕ ਕਥਾ ਕੀਤੀ। ਇਸੇ ਅਰਸੇ ਵਿੱਚ ਆਪ ਸੱਤੋ ਵਾਲੀ ਗਲੀ ਪਹੁੰਚ ਕੇ ਉੱਥੋਂ ਦੇ ਵਿਦਿਆਰਥੀਆਂ ਨੂੰ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਦੀ ਸੰਥਾ ਕਰਵਾਇਆ ਕਰਦੇ ਅਤੇ ਕੁਝ ਕੁ ਸਮਾਂ ਸੱਤੋਵਾਲੀ ਗਲੀ ਵਿਦਿਆਰਥੀਆਂ ਨੂੰ ਪੜ੍ਹਾਂਦੇ ਰਹੇ। ਇਨ੍ਹਾਂ ਹੀ ਦਿਨਾਂ ਵਿੱਚ ਗਿਆਨੀ ਹਰੀ ਸਿੰਘ ਜੀ ਬਜ਼ਾਜ਼ ਕੌਂਸਲਰ ਨੇ, ਜਿਹੜੇ ਕਿ ਦੋ ਵਾਰ ਕਾਬਲ ਅਤੇ ਇੱਕ ਵਾਰ ਮਲਾਇਆ ਵਿੱਚ ਪ੍ਰਚਾਰ ਦੌਰਾ ਕਰ ਆਏ ਹਨ; ਆਪ ਪਾਸੋਂ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਦੀ ਮੁਕੰਮਲ ਸੰਥਾ ਸੁਣੀ ਹੈ।

ਸੰਗਤਾਂ ਦੀ ਮੰਗ ਅਨੁਸਾਰ ਭਾਰਤ ਭਰ ਦੇ ਵੱਡੇ-ਵੱਡੇ ਸਹਿਰਾਂ ਕਲਕੱਤਾ, ਟਾਟਾ ਨਗਰ, ਰਾਂਚੀ ਤੇ ਕਾਨ੍ਹਪੁਰ ਆਦਿ ਵਿੱਚ ਵਿਚਰ ਕੇ ਕਥਾ ਕਰਦੇ ਰਹੇ। ਛੇ ਮਹੀਨੇ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਅਸਥਾਨ ਧਬਲਾਨ (ਪਟਿਆਲੇ) ਵਿਖੇ ਅਤੇ ਛੇ ਮਹੀਨੇ ਦੂਜੀ ਵਾਰ ਨੌਵੇਂ ਪਾਤਸ਼ਾਹ ਜੀ ਦੇ ਪਵਿੱਤਰ ਅਸਥਾਨ ਮੂਲੋਵਾਲ (ਸੰਗਰੂਰ) ਵਿਖੇ ਪਵਿੱਤਰ ਕਥਾ ਕੀਤੀ।

ਇਸ ਤੋਂ ਪਹਿਲਾਂ ਜੋ ਇਨ੍ਹਾਂ ਦੀ ਕਲਮ ਨੇ ਗੁਰਮਤਿ ਸਾਹਿਤ ਵਿੱਚ ਵਾਧਾ ਕੀਤਾ ਉਹ ਹੇਠ ਲਿਖੇ ਅਨੁਸਾਰ ਹੈ:

੧ ਗਿ: ਗਿਆਨ ਸਿੰਘ ਜੀ ਰਚਿਤ 'ਪੰਥ ਪ੍ਰਕਾਸ਼' ਦੇ ਪ੍ਰਯਾ ੧੯੫੯ ਈ: ਵਿੱਚ ਛਪਿਆ।

੨ ਜਪੁਜੀ ਸਾਹਿਬ ਸਟੀਕ ਤੁੱਕ-ਤੁੱਕ ਦਾ ਅਰਥ ੧੯੬੦ ਈਸਵੀ ਵਿੱਚ ਛਪਿਆ।

੩ ਗੁਰਮਤਿ ਰਹਿਤ ਮਰਿਆਦਾ ਦੀ ਪਹਿਲੀ ਐਡੀਸ਼ਨ ੧੯੬੧ ਈਸਵੀ ਤੇ ਦੂਜੀ ਐਡੀਸ਼ਨ ੧੯੬੮ ਈਸਵੀ ਵਿੱਚ ਪ੍ਰਕਾਸ਼ਤ ਹੋਈ। ਹੁਣ ਅੱਠ ਐਡੀਸਨਾਂ ਛਪ ਚੁੱਕੀਆਂ ਹਨ।

੪ ਸ੍ਰੀ ਮਾਨ ਸੰਤ ਕਿਰਪਾਲ ਸਿੰਘ ਜੀ ਗਲੀ ਸੱਤੋ ਵਾਲੀ ਅੰਮ੍ਰਿਤਸਰ ਵਲੋਂ ਛਾਪੇ 'ਜਪੁਜੀ ਸਟੀਕ' ਦੇ ਅਰੰਭ ਵਿੱਚ ਸ੍ਰੀ ਮਾਨ ਸੰਤ ਬਾਬਾ ਉੱਤਮ ਸਿੰਘ ਜੀ, ਸ੍ਰੀ ਮਾਨ ਸੰਤ ਗਿਆਨੀ ਕ੍ਰਿਪਾਲ ਸਿੰਘ ਜੀ ਦਾ ਸੰਖੇਪ ਜੀਵਨ ਸੁੰਦਰ ਢੰਗ ਨਾਲ ਕਲਮਬੰਦ ਕੀਤਾ ਗਿਆ ਹੈ।

੫ ਉਨ੍ਹਾਂ ਵਲੋਂ ਹੀ ਛਪੀ 'ਭਗਤ ਬਾਣੀ ਸਟੀਕ' ਦੇ ਮੁਢ ਵਿੱਚ ਭਗਤਾਂ ਦਾ ਸੰਖੇਪ ਜੀਵਨ ਬੜੀ ਮਿਹਨਤ ਨਾਲ ਖੋਜ ਕੇ ਲਿਖਿਆ ਹੈ।

੬ ਸ੍ਰੀ ਮਾਨ ਮਹਾਂ ਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਵਲੋਂ ਲਿਖੀ ਪੁਸਤਕ 'ਗੁਰਬਾਣੀ ਪਾਠ ਦਰਸ਼ਨ' ਤੇ 'ਸ੍ਰੀ ਗੁਰਮੁਖਿ ਪ੍ਰਕਾਸ਼' ਗ੍ਰੰਥ ਦੇ ਛਪਣ ਸਮੇਂ ਦੋਹਾਂ ਪੁਸਤਕਾਂ ਦੇ ਪਰੂਫ ਦੇਖਣ ਦੀ ਅਣਥੱਕ ਮਿਹਨਤ ਕਰਦੇ ਰਹੇ ਤੇ ਦੋਹਾਂ ਪੁਸਤਕਾਂ ਵਿੱਚ ਆਪਣੇ ਵਲੋਂ ਵਾਰਤਕ ਤੇ ਕਾਵਿਕ ਲੇਖ ਲਿਖੇ ਹਨ।

੭ 'ਬਾਰਹਮਾਹਾ ਤੁਖਾਰੀ ਸਟੀਕ' ੧੯੬੯ ਵਿੱਚ ਪ੍ਰਕਾਸ਼ਤ ਕਰਵਾਇਆ।

ਫੇਰ ਇਨ੍ਹਾਂ ਨੇ ੧੯੭੦ ਵਿੱਚ ਬੜੀ ਮਿਹਨਤ, ਖੋਜ ਤੇ ਲਗਨ ਨਾਲ ਸ੍ਰੀ ਮਾਨ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਦਾ ਸੰਪੂਰਨ ਜੀਵਨ ਸਣੇ ਉਨ੍ਹਾਂ ਦੇ ਉਤ੍ਰਾਧਿਕਾਰੀਆਂ ਦੇ ਸੁੰਦਰ ਢੰਗ ਨਾਲ ਕਲਮਬੰਦ ਕੀਤਾ। ਅਤੇ ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦਾ ਮੁਕੰਮਲ ਜੀਵਨ, 'ਜੀਵਨ ਗਾਥਾ' ਸੰਨ ੧੯੭੧ ਵਿੱਚ ਛਪਵਾਇਆ ਹੈ। ਅਤੇ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦਾ ਵਿਸਥਾਰ ਸੰਪੂਰਨ ਜੀਵਨ 'ਰੂਹਾਨੀ ਸੰਦੇਸ਼' ਭਾਗ ਪਹਿਲਾ ੧੯੭੫ ਵਿੱਚ ਅਤੇ (ਭਾਗ ਦੂਜਾ ੧੯੭੭ ਵਿੱਚ) ਇੰਗਲੈਂਡ ਨਾਲ ਜਾ ਕੇ ਅੱਖੀਂ ਡਿੱਠੇ ਹਾਲਾਤ ਬੜੇ ਸੁਚੱਜੇ ਢੰਗ ਨਾਲ ਕਲਮਬੰਦ ਕੀਤੇ ਹਨ। ਇਸ ਤੋਂ ਇਲਾਵਾ ਸੰਤ ਬਾਬਾ ਚੰਦਾ ਸਿੰਘ ਜੀ ਕੱਟੂ ਵਾਲਿਆਂ ਦਾ ਪਵਿੱਤਰ ਜੀਵਨ 'ਗਿਆਨ ਸੁਧਾਕਰ' ਬੜੀ ਮਿਹਨਤ ਤੇ ਖੋਜ ਨਾਲ ਲਿਖ ਕੇ ੧੯੭੫ ਵਿੱਚ ਛਪਵਾਇਆ। ਹੁਣ 'ਪੱਛਮੀ ਪ੍ਰਕਾਸ਼' ਜੀਵਨ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦਾ ਸੰਗਤਾਂ ਦੀ ਮੰਗ ਅਨੁਸਾਰ ਕਿਤਾਬੀ ਸਾਇਜ ਵਿੱਚ ਪੰਜਵੀ ਵਾਰ ਸੋਧ ਕੇ ਤੇ ਯੋਗ ਵਾਧੇ ਕਰਕੇ ਬੜੀ ਮਿਹਨਤ ਨਾਲ ਛਾਪਿਆ ਹੈ।

ਇਸ ਦੀ ਪਹਿਲੀ ਐਡੀਸ਼ਨ ੫-੮-੭੦ ਵਿੱਚ ਛਪੀ ਜੋ ਗੁਰਮਤਿ ਦੀ ਖੋਜ ਅਤੇ ਜਗਿਆਸੂ ਜਨਾਂ ਲਈ ਅਤਿ ਲਾਭਦਾਇਕ ਸਾਬਤ ਹੋਵੇਗੀ। ਸਤਿਗੁਰੂ ਜੀ ਲੇਖਕ ਨੂੰ ਇਸ ਕਾਰਜ ਵਿੱਚ ਪੂਰਨ ਸਫ਼ਲਤਾ ਬਖ਼ਸ਼ਣ ਅਤੇ ਇਸੇ ਤਰ੍ਹਾਂ ਹੋਰ ਮਹਾਂ-ਪੁਰਖਾਂ ਦੇ ਜੀਵਨ ਚਰਿਤਰ ਅੰਕਿਤ ਕਰਨ ਲਈ ਵਧੇਰੇ ਉਦਮ, ਉਤਸ਼ਾਹ, ਸਿਹਤ ਤੇ ਬੁੱਧੀ ਪ੍ਰਦਾਨ ਕਰਨ।

੨੯-੧੦-੭੭

ਕ੍ਰਿਪਾਲ ਸਿੰਘ
ਸਾਬਕਾ ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅਮ੍ਰਿਤਸਰ।

# ਨੂਰੀ ਦਾ ਨੂਰ

ਲੇਖਕ: ਪੰਥ ਪ੍ਰਸਿੱਧ, ਲਾਸਾਨੀ ਸੋਧਕ ਸ੍ਰੀ ਮਾਨ ਗਿਆਨੀ ਮਹਿੰਦਰ ਸਿੰਘ 'ਰਤਨ' ਅੰਮ੍ਰਿਤਸਰ।

'ਹੋਤੀ ਮਰਦਾਨ ਦਾ ਨੂਰ', ਨੂਰੀ ਦੇ ਨੂਰ ਨਾਲ ਨੂਰੋ ਨੂਰ ਹੋਏ ਮਹਾਂ ਪੁਰਸ਼, ਸ੍ਰੀ ਸਤਿਗੁਰੂ ਜੀ ਦੇ ਅਨਿੰਨ ਸੇਵਕ ਸਤਿਕਾਰ ਯੋਗ ਸ੍ਰੀ ਮਾਨ ਸੰਤ ਬਾਬਾ ਕਰਮ ਸਿੰਘ ਜੀ ਦੇ ਬਚਿੱਤਰ ਦਰਸਨਾਂ ਦਾ ਚਿਤ੍ਰਿਆ ਹੋਇਆ ਅਦਭੁੱਦ ਸੁੰਦਰ ਚਿੱਤਰ ਹੈ।

ਇਸ ਅਲੌਕਿਕ ਕਲਮੀ-ਚਿੱਤਰ ਵਿੱਚ ਸਤ, ਸੰਤੋਖ, ਦਯਾ, ਧਰਮ ਆਦਿ ਦੈਵੀ ਗੁਣ ਤਥਾ ਪ੍ਰੇਮ, ਪਿਆਰ, ਸਤਿਕਾਰ, ਖੁਲ੍ਹੇ ਭੰਡਾਰ ਦੇ ਡੁਲ੍ਹ-ਡੁਲ੍ਹ ਪੈਂਦੇ ਸਰਬੋਤਮ ਬਖ਼ਸ਼ਿਸ਼ਾਂ ਦੇ ਸੁੰਦਰ ਸਦੀਵੀ ਪ੍ਰਭਾਵ ਆਪਣੇ ਚਮਤਕਾਰਾਂ ਸਹਿਤ ਹੀਰੇ ਜੜਤ ਮੁਕਟ ਤਾਜ ਵਾਂਗ ਸਹਿਜ ਸੁਭਾਅ ਹੀ ਚਮਕ ਰਹੇ ਹਨ।

ਚਿੱਤਰ ਵਿੱਚ ਚਿੱਤਰਕਾਰ ਦੇ ਚਿੱਤਰੇ ਵਿਲੋਕਤਰੇ ਰੰਗ ਤੇ ਰੰਗਾ ਦੇ ਸੰਗਮ ਉਪਰੰਤ ਅਨੋਖੇ ਸਹਿਜ ਭਾਵਾਂ ਦੀ ਪ੍ਰਭੁਤਾ ਦਾ ਵਰਨਣ ਕਰਨਾ ਕੋਈ ਸੁਖੈਨ ਨਹੀਂ, ਫਿਰ ਵੀ ਬਰੀਕ-ਬੀਨੀ ਭਾਵ ਨੀਝ ਤੱਕਣੀ ਤੋਂ ਉੱਪਰ ਹੋ ਕੇ ਸਰਸਰੀ, ਸਾਧਾਰਣ ਤੱਕਣੀ ਨਾਲ ਨੇਤ੍ਰ ਪੁਤਲੀ ਪਰ ਜੋ ਅਕਸ ਪੈਂਦਾ ਹੈ, ਉਹ ਮਹਾਨ ਤੇਜਸਵੀ ਪ੍ਰਾਕ੍ਰਮੀ, ਸੀਲ, ਸੁੱਚ ਸੰਜਮੀ, ਪ੍ਰੇਮੀ, ਨੇਮੀ, ਨਿਮ੍ਰੀ ਭੂਤ ਮਿਲਣਸਾਰ ਤੇ ਸ਼ਾਤੀ ਸਾਗਰ ਦਾ ਸਾਖਯਾਤ ਸ੍ਵਰੂਪ ਭਾਸਦਾ ਹੈ।

ਅਦਭੁਤ ਵਸਤੂ ਸੁੰਦਰ ਸਥਾਨ ਤੇ ਭੂਖਣ ਬਸਤਰਾਂ ਵਿੱਚ ਸ਼ਸ਼ੋਭਿਤ ਕੀਤੀ ਜਾਂਦੀ ਹੈ ਪਰ ਜੇ ਉਹ ਸ੍ਵੈ ਗੁਣਾਂ ਕਰਕੇ ਇਸ ਪਦਵੀ ਦੇ ਸਮਸਰ ਨਾ ਹੋਵੇ ਤਾ, "ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ" ਅਨੁਸਾਰ ਪ੍ਰਾਪਤ ਪਦ ਪਦਵੀ ਤੋਂ ਵੰਚਿਤ ਹੋ ਜਾਂਦੀ ਹੈ। ਪ੍ਰੰਤੂ ਜੋ ਸਥਾਨ ਤੇ ਸਥਿਤ ਹਨ ਉਹ ਜੁਗੋ ਜੁਗ ਚੱਲ ਰਹੇ ਸੁਰਸਰੀ ਪ੍ਰਵਾਹ ਵਾਂਗ, "ਜੋਤਿ ਉਹਾ ਜੁਗਤਿ ਸਾਇ" ਦੇ ਰੂਪ ਵਿੱਚ ਹੀ ਚਲਦੇ ਰਹਿੰਦੇ, "ਜੁਗਿ ਜੁਗਿ ਪੀੜੀ ਚਲੈ ਸਤਿਗੁਰੂ ਕੀ ਜਿਨੀ ਗੁਰਮੁਖ ਨਾਮ ਧਿਆਇਆ" ਅਨੁਸਾਰ ਸਿਮਰਨ ਉਪਾਸ਼ਨਾ ਤੇ ਧਿਆਨ, ਗਿਆਨ ਦੇ ਧਰੁਵੇ ਆਸਿਤ੍ਰ ਪ੍ਰਪੱਕ ਸਥਿਰਤਾ ਸਾਹਿਤ ਗੁਰੂ ਪ੍ਰਮਾਇਣ ਹੋ ਚੁੱਕੇ ਹੁੰਦੇ ਹਨ, ਉਨ੍ਹਾਂ ਦੀ ਕਰਣ ਕਾਰਣ ਸਰਬ ਵਿਆਪਕ ਪ੍ਰਭੂ ਪ੍ਰਮਾਤਮਾ, ਅਕਾਲ ਪੁਰਖ ਵਾਹਿਗੁਰੂ, "ਪੈਜ ਰਖਦਾ ਆਇਆ ਰਾਮ ਰਾਜੇ" ਅਤੇ, "ਗਡਿ ਥੰਮੁ ਅਹਲੈ" ਵਾਂਗ ਪੱਕੀ ਥੰਮੀ ਗੱਡ ਦਿੰਦਾ ਹੈ ਫਿਰ ਜਿਸ ਤੋਂ, "ਵਰਸਾਣੈ ਬਹੁਤੇਰੇ" ਅੱਗੇ ਤੋਂ ਅੱਗੇ ਹੋਰ ਬੇਅੰਤ ਵਰੋਸਾਉਂਦੇ ਹੋਏ ਨਿਹਾਲ ਹੋ ਕੇ, "ਲਾਲੁ ਗੁਲਾਲੁ ਗਹਬਰਾ ਸਚਾ ਰੰਗ ਚੜਾਉ" ਦੀ ਅਵਸਥਾ ਵਿੱਚ ਰਹਿੰਦੇ ਹੋਏ, "ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚ ਪਾਣੀ ਹੇ" ਵਾਂਗ ਸੰਸਾਰੀ-ਜੀਵਨ ਪ੍ਰਸੰਨਤਾ ਸਹਿਤ ਭੋਗਦੇ ਹਨ।

ਨਾਮ ਸਿਮਰਨ ਦੀ ਮਹੱਤਤਾ ਹੀ ਇਹ ਹੈ ਕਿ, "ਮੁਕਤਿ ਜੁਗਤਿ ਨਾਵੈਂ ਕੀ ਦਾਸੀ" ਅਤੇ, "ਜੋ ਜੋ ਚਿਤਵੈ ਦਾਸੁ ਹਰਿ ਮਾਈ ॥ ਸੋ ਸੋ ਕਰਤਾ ਆਪਿ ਕਰਾਈ ॥" ਉਹ, "ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਹਿ" ਪਰੀਪੂਰਨ ਰਸਨਾ ਪਰ ਨਿਵਾਸ, ਕਰਕੇ 'ਅਣਿਮਾਂ' 'ਮਹਿਮਾ' ਆਦਿ ਸਿੱਧੀਆਂ ਅਤੇ ਨਿੱਧੀਆਂ ਦੀ ਬਖ਼ਸ਼ਿਸ਼ ਕਰ ਦਿੰਦਾ ਹੈ। ਜਿਸ ਕਰਕੇ, "ਸਾਧ ਬਚਨ ਅਟਲਾਧਾ" ਦੁਆਰਾ ਪੁੱਤਰ, ਇਸਤਰੀ, ਧਨ, ਅਰੋਗਤਾ ਦੀ ਦਾਤ ਤਾਂ ਇੱਕ ਤੁਛ ਜਹੀ ਵਸਤੂ ਹੈ। "ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ" ਫੁਰਨੇ ਮਾਤਰ ਸੰਕਲਪ ਤਤ ਛਿਨ ਵਿੱਚ ਪੂਰਨ ਹੋ ਜਾਂਦੇ ਹਨ। ਕਿਉਂਕਿ, "ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ ਭਗਤੀ ਹੂ ਤੂ ਜਾਤਾ।"

'ਹੋਤੀ ਮਰਦਾਨ ਦਾ ਨੂਰ' ਸੱਚਮੁਚ ਮਹਾਨ ਪਥਰੀਲੀ ਧਰਤੀ ਵਿੱਚੋਂ ਪ੍ਰਗਟ ਹੋਣ ਵਾਲਾ ਇੱਕ ਅਦਭੁਤ ਕ੍ਰਿਸ਼ਮਾ ਹੈ। ਨਿਰਮਲ ਪਦਾਰਥ ਵਿੱਚ ਪ੍ਰਤੀਬਿੰਬ ਦੀ ਉਪਜ ਸਹਿਜ ਹੀ ਹੈ। ਪਰੰਤੂ ਕਾਲੀ ਪਥਰੀਲੀ ਧਰਤੀ ਵਿੱਚੋਂ, "ਕਲਰ ਕਵਲ ਭਗਤ ਪ੍ਰਹਿਲਾਦ" ਵਤ ਪ੍ਰਕਾਸ਼ ਹੋਣਾ ਅਤਿ ਕਠਨ ਹੈ ਜੋ ਕੇਵਲ ਸ੍ਰੀ ਸੰਤ ਮਹਾਰਾਜ ਬਾਬਾ ਕਰਮ ਸਿੰਘ ਜੀ ਦਾ ਹੀ ਇੱਕ ਅਲੋਕਾਰ ਕਰਤਬ ਸੀ। ਜਦੋਂ ਕਠੋਰ ਹਿਰਦੇ ਵਾਲੇ ਨਿਰਦਈ ਪਠਾਣ, ਖਾਨ ਡਾਕੂ, ਲੁਟੇਰੇ, ਹੈਵਾਨ, ਸ੍ਰੀ ਗੁਰੂ ਦਰਬਾਰ ਸਾਹਿਬ 'ਚ ਪੁੱਜ ਕੇ ਇਨਸਾਨ ਤੋਂ ਸੁਜਾਨ ਪ੍ਰੀਤਵਾਨ ਦੇਵਤੇ ਬਣ ਗਏ। "ਤਉ ਦੂਜੀ ਦ੍ਰਿਸਟਿ ਨਾ ਪੈਸੈ ਕਬੈ" ਦੇ ਮਾਰਗ ਪਰ ਚੱਲ ਕੇ ਆਦਰਸ਼ਕ ਜੀਵਨ ਬਤੀਤ ਕਰਨ ਲਈ 'ਹੋਤੀ ਦੇ ਨੂਰ' ਸੰਤ ਜੀ ਮਹਾਰਾਜ ਦਾ ਡੂੰਘਾ ਅਮਲੀ ਪਦ-ਚਿੰਨ ਹੈ। "ਏਕ ਨੂਰ ਤੇ ਸਭ ਜਗ ਉਪਜਿਆ" ਭਾਵ ਪਰ ਸਥਿਰ ਉਨ੍ਹਾਂ ਦੀ ਦ੍ਰਿਸਟੀ ਸਾਧ ਤੇ ਚੋਰ,

ਕੋਮਲ ਤੇ ਕਠੋਰ, ਆਸਤਕ ਤੇ ਨਾਸਤਕ ਨੂੰ, "ਸਭ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾਂ ਕੇ ਸਾਜਨ" ਦੀ ਉੱਤਮ ਅਵਸਥਾ ਵਿੱਚ ਵਿਚਰ ਰਹੀ ਹੈ।

ਅਥਾਹ ਗੁਣਾਂ ਦੇ ਸਾਗਰ, ਕ੍ਰਿਪਾ ਨਿਧਾਨ, ਕਮਲ ਮੁਖ, ਮਧੁਰ ਬੈਨ, ਜੋਗੀ, ਜਪੀ, ਤਪੀ, ਬ੍ਰਤੀ ਉੱਜਲ ਮੁਖ, ਦਰਸ਼ਨ ਦੀਦਾਰੀ ਗੁਰੂ ਘਰ ਦੇ ਪ੍ਰਤੀਤੀ ਸਹਿਤ ਪ੍ਰੀਤਵਾਨ, ਮਨ, ਬਚ, ਕਰਮ ਕਰਕੇ ਗੁਰੁ ਚਰਨ ਰਜ ਦੇ ਭਉਰੇ ਤ੍ਰੈਕਾਲ ਦਰਸੀ ਘਟ-ਘਟ ਦੇ ਜਾਨਣਹਾਰ, ਹੋਤੀ ਮਰਦਾਨ ਦੇ ਜਗ ਮਗਾਉਂਦੇ ਕੁਦਰਤੀ ਨੂਰ ਸ੍ਰੀ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਸਿੰਘਾਸਨ ਪਰ ਕ੍ਰਮਵਾਰ ਸ਼ਸ਼ੋਭਿਤ ਹੋ ਕੇ ਅੱਜ ਵੀ ਮਕਸੂਦਪੁਰ, ਸ੍ਰੀ ਰੇਰੂ ਸਾਹਿਬ, ਸ੍ਰੀ ਰਾੜਾ ਸਾਹਿਬ ਕਰਮਸਰ ਆਦਿ ਪਵਿੱਤਰ ਅਸਥਾਨਾਂ ਪਰ ਮਨ-ਮੰਗੀਆਂ ਮੁਰਾਦਾਂ ਦੇ ਭੰਡਾਰੇ ਵਰਤਾਉਣ ਵਾਲੇ ਮਹਾਨ ਪੁਰਸ਼ ਹੋਤੀ ਮਰਦਾਨ ਦੇ ਨੂਰ ਤੋਂ ਨੂਰੋ ਨੂਰ ਹੋਏ ਨੂਰੀ ਭਗਤ, ਨੂਰੋ ਨੂਰ ਦੇ ਭੰਡਾਰੇ ਪ੍ਰਵਾਹ ਚਲਾ ਰਹੇ ਹਨ।

'ਹੋਤੀ ਦੇ ਨੂਰ' ਵਿੱਚ ਚਿੱਤਰਕਾਰ ਨੇ ਜਿਸ ਚੇਤੰਨਤਾ, ਸੁਘੜਤਾ, ਸਿਆਣਪਤਾ ਤਥਾ ਰੰਗ ਤੋਂ ਰੰਗਾਂ ਦੇ ਸੰਗਮ ਵਰਤੋਂ ਵਿੱਚ ਲਿਆਉਣ ਦਾ ਚਮਤਕਾਰ ਕੀਤਾ ਹੈ, ਉਹ ਸੁਲਝੇ ਹੋਏ ਚਿੱਤਰਕਾਰ ਦੇ ਕੋਮਲ ਕਰ ਕਮਲਾਂ ਨੂੰ ਵਾਰ-ਵਾਰ ਪਰਸਣ ਲਈ ਹਿਰਦਾ ਉਮਗਦਾ ਤੇ ਲੋਚਦਾ ਰਹੇਗਾ।

'ਰਤਨ'

# ਦੋ ਸ਼ਬਦ

ਵਲੋਂ: ਸ੍ਰੀ ਮਾਨ ੧੦੮ ਪਰਮ ਪੂਜਯ ਸੰਤ ਕ੍ਰਿਪਾਲ ਸਿੰਘ ਜੀ ਦੇ ਸ਼ਿਸ਼ ਪਰਮ ਸਤਿਕਾਰ ਯੋਗ ਸੰਤ ਗਿਆਨੀ ਸੁਰਜੀਤ ਸਿੰਘ ਜੀ ਡੇਰਾ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਗਲੀ ਸੱਤੋ ਵਾਲੀ ਕਟੜਾ ਕਰਮ ਸਿੰਘ ਅਮ੍ਰਿਤਸਰ।

ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥
ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥

(ਪੰਨਾ ੬੫੨)

ਪਿਆਰੇ ਪਾਠਕੋ! ਇਹ ਜੋ ਪੁਸਤਕ ਆਪ ਜੀ ਦੇ ਕਰ ਕਮਲਾਂ ਵਿੱਚ ਸ਼ਸ਼ੋਭਿਤ ਹੈ, ਇਸ ਵਿੱਚ ਉਨ੍ਹਾਂ ਮਹਾਂ ਪੁਰਸ਼ਾਂ ਸੰਤਾਂ ਦਾ ਜੀਵਨ ਹੈ, ਜਿਨ੍ਹਾਂ ਨੇ ਆਪਣਾ ਸਾਰਾ ਹੀ ਜੀਵਨ ਭਜਨ ਬੰਦਗੀ, ਨਾਮ ਸਿਮਰਨ, ਜਪ ਤਪ ਪਰਉਪਕਾਰ ਵਿੱਚ ਲਾ ਕੇ ਬਤੀਤ ਕੀਤਾ, ਜਿਨ੍ਹਾਂ ਦੇ ਸਬੰਧ ਵਿੱਚ ਗੁਰੂ ਸਾਹਿਬ ਜੀ ਨੇ ਕਿਹਾ ਹੈ:

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥

(ਪੰਨਾ ੩੧੯)

ਤਥਾ:

ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥

(ਪੰਨਾ ੩੯੭)

ਇਸ ਪੁਸਤਕ ਵਿੱਚ ਜਿੱਥੇ ਸਤਿਕਾਰ ਯੋਗ ਗਿਆਨੀ ਮੋਹਨ ਸਿੰਘ ਜੀ ਨੇ ਮਹਾਂ ਪੁਰਖਾਂ ਦਾ ਜੀਵਨ ਅਤੇ ਸੰਤਾਂ ਦੇ ਲੱਖਣ ਲਿਖੇ ਹਨ, ਉੱਥੇ ਇਹ ਵੀ ਅੰਕਿਤ ਕੀਤਾ ਹੈ ਕਿ ਸਿਮਰਨ ਵਿੱਚ ਕਿਤਨੀ ਤਾਕਤ ਹੈ ਜਿਸ ਦੇ ਸਦਕੇ ਸ੍ਰੀ ਮਾਨ ਸੰਤ ਬਾਬਾ ਕਰਮ ਸਿੰਘ ਜੀ ਦੀ ਕਲਗੀਧਰ ਦਸਮੇਸ਼ ਪਾਤਸ਼ਾਹ ਜੀ ਨੇ ਆਪ ਫੌਜ ਵਿੱਚ ਨੌਕਰੀ ਸਮੇਂ ਉਨ੍ਹਾਂ ਦੇ ਸਰੂਪ ਵਿੱਚ ਪਹਿਰਾ ਦੇ ਕੇ ਸਹਾਇਤਾ ਕੀਤੀ।

ਇਸੇ ਪੁਸਤਕ ਵਿੱਚ ਗਿਆਨੀ ਜੀ ਨੇ ਹੋਰ ਵੀ ਬਹੁਤ ਸਾਰੇ ਪਦਾਰਥ ਰੱਖੇ ਹਨ, ਜ੍ਹਿਨਾਂ ਨੂੰ ਪੜ੍ਹਕੇ ਸੁਣਕੇ ਪ੍ਰੇਮੀਆਂ ਦੇ ਮਨਾਂ ਵਿੱਚ ਸੰਤਾਂ ਪ੍ਰਤੀ ਅਤੇ ਸਿਮਰਨ ਪ੍ਰਤੀ ਹੋਰ ਵੀ ਸ਼ਰਧਾ ਵਧਦੀ ਹੈ।

ਜੋ ਗਿਆਨੀ ਜੀ ਨੇ ਇਸ ਪੁਸਤਕ ਨੂੰ ਲਿਖਣ ਤੇ ਛਾਪਣ ਦਾ ਪੁਰਸ਼ਾਰਥ ਕੀਤਾ ਹੈ, ਇਹ ਬਹੁਤ ਹੀ ਸ਼ਲਾਘਾ ਯੋਗ ਹੈ। ਗੁਰਬਾਣੀ ਦਾ ਵਾਕ ਵੀ ਹੈ:

ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ ॥

(ਪੰਨਾ ੭੦੯)

ਮੈਂ ਗੁਰਬਾਣੀ ਦੇ ਪ੍ਰੇਮੀਆਂ ਨੂੰ ਪੁਰਜ਼ੋਰ ਬੇਨਤੀ ਕਰਾਂਗਾ ਕਿ ਇਸ ਪੁਸਤਕ ਨੂੰ ਆਪ ਪੜ੍ਹੋ ਤੇ ਹੋਰਨਾਂ ਸਤਿਸੰਗੀਆਂ ਨੂੰ ਪੜ੍ਹਨ ਦੀ ਪ੍ਰੇਰਣਾ ਦਿਉ, ਜਿਸ ਨਾਲ ਮਨੁੱਖਾ ਜੀਵਨ ਸਫ਼ਲਤਾ ਸਹਿਤ ਹੋਵੇ।

# ਪੁਸਤਕ ਰਚਣ ਦੀ ਉਮੰਗ

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥

ਪਿਛਲੇ ਪੁੰਨਾ ਦੀ ਪ੍ਰੇਰਣਾ ਅਨੁਸਾਰ ਜਦੋਂ ਮੈਂ ੧੦-੬-੪੫ ਈਸਵੀ ਨੂੰ ਪਹਿਲੀ ਵਾਰ ਇਸ ਪਾਵਨ ਧਰਤੀ, ਤਪੋ ਭੂਮੀ, ਤੀਰਥ ਰਾਜ, ਮਾਤ ਲੋਕ ਦੇ ਬੈਕੁੰਠ, ਕਰਮਸਰ (ਰਾੜਾ ਸਾਹਿਬ) ਦਾ ਦੀਦਾਰ ਕੀਤਾ, ਸਲੋਕ ਤੇ ਸਮੀਪ ਮੁਕਤੀ ਵਾਲੇ ਭਗਤਾਂ ਦਾ ਦਰਸ਼ਨ ਕਰਕੇ ਮਨ ਇਉਂ ਸ਼ਾਂਤ ਹੋ ਗਿਆ ਜਿਵੇਂ ਚੰਦਨ ਦੇ ਬੂਟੇ ਤੋਂ ਸਰਪਾਂ ਨੂੰ ਠੰਡ ਪ੍ਰਾਪਤ ਹੁੰਦੀ ਹੈ।

ਯਥਾ: ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥
ਤਹ ਬੈਕੁੰਠੁ ਜਹ ਨਾਮੁ ਉਚਰਹਿ ॥

(ਪੰਨਾ ੮੯੦)

ਤਥਾ: ਬੈਕੁੰਠ ਨਗਰੁ ਜਹਾ ਸੰਤ ਵਾਸਾ ॥

(ਪੰਨਾ ੭੪੨)

ਤਥਾ: ਤਹਾ ਬੈਕੁੰਠੁ ਜਹ ਕੀਰਤਨੁ ਤੇਰਾ
ਤੂੰ ਆਪੇ ਸਰਧਾ ਲਾਇਹਿ ॥੨॥

(ਪੰਨਾ ੭੪੯)

ਕਲਗੀਆਂ ਵਾਲੇ ਪਾਤਸ਼ਾਹ ਦੀ ਚਰਨ ਛੁਹ ਪ੍ਰਾਪਤ ਸਤਲੁਜ ਦੇ ਨਿਰਮਲ ਜਲ ਦਾ ਕਿਨਾਰਾ (ਜੋ ਰੋਪੜ ਹੈੱਡ ਤੋਂ ਨਹਿਰ ਸਰਹੰਦ ਰਾਹੀਂ ਏਥੇ ਪੁੱਜਦਾ ਹੈ) ਇਕਾਂਤ ਅਸਥਾਨ, ਸ਼ਾਂਤ ਵਾਤਾਵਰਣ, ਸੱਚਮੁਚ ਸ਼ਿਵਾਲਕ ਦੀਆਂ ਪਹਾੜੀਆਂ ਵਾਲਾ ਦ੍ਰਿਸ਼ ਪ੍ਰਤੱਖ ਸਾਹਮਣੇ ਆ ਗਿਆ, ਜਿੱਥੇ ਸਰਬੰਸ ਦਾਨੀ ਨੇ ਪੰਜਾਂ ਪਿਆਰਿਆਂ ਦੀ ਚੋਣ ਦੁਆਰਾ ਖਾਲਸਾ ਪੰਥ ਦੀ ਸਾਜਨਾ ਕਰ ਕੇ ਅੰਮ੍ਰਿਤ ਪ੍ਰਦਾਨ ਕੀਤਾ।

ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਰੈ ਦੁਆਰੈ ਆਇਆ ॥
ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਸਤਿਗੁਰੁ ਪੂਰਾ ਪਾਇਆ ॥੪॥

(ਪੰਨਾ ੭੪੯)

ਦੂਸਰੇ ਦਿਨ ਜਦੋਂ ਮਹਾਂਪੁਰਸ਼ਾਂ ਦਾ ਦੀਦਾਰ ਕੀਤਾ, ਪਾਵਨ ਚਰਨ ਪਰਸੇ, ਜਿਨ੍ਹਾਂ ਦੀ ਛੁਹ ਨਾਲ ਬਿਜਲੀ ਦੇ ਕਰੰਟ ਵਾਗੂੰ ਸਰੀਰ ਵਿੱਚੋਂ ਝਰਨਾਹਟ ਉੱਠੀ, ਪਾਪ ਕੰਬੇ, ਵਾਸ਼ਨਾ ਦੂਰ ਹੋਈਆਂ, ਮਨ ਕਿਸੇ ਅਗੰਮੀ ਖੁਮਾਰੀ ਵਿਚ ਝੂਮ ਉਠਿਆ।

ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥

(ਪੰਨਾ ੩੩੪)

ਵਾਲੀ ਅਵਸਥਾ ਪ੍ਰਾਪਤ ਹੋਈ।

ਦਰਸਨੁ ਭੇਟਤ ਹੋਤ ਨਿਹਾਲਾ ਹਰਿ ਕਾ ਨਾਮੁ ਬੀਚਾਰੈ ॥੧॥

(ਪੰਨਾ ੬੧੮)

ਪੂਰਨ ਨਿਸ਼ਚਾ ਹੋ ਗਿਆ ਕਿ ਅਸਲੀ ਚੀਜ਼ ਇੱਥੋਂ ਹੀ ਮਿਲੇਗੀ।

ਯਥਾ: ਜਿਸੁ ਵਖਰ ਕਉ ਲੈਨਿ ਤੂ ਆਇਆ ॥
ਰਾਮ ਨਾਮੁ ਸੰਤਨ ਘਰਿ ਪਾਇਆ ॥

(ਪੰਨਾ ੨੮੩)

ਇਉਂ ਜਾਣਕੇ ਕਿ:

ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥

(ਪੰਨਾ ੧੩)

ਨਾਮ ਸਿਮਰਨ ਦੀ ਪ੍ਰਾਪਤੀ ਵਾਸਤੇ ਬੇਨਤੀ ਕੀਤੀ। ਉਸ ਸਮੇਂ ਦਰਗਾਹੀ ਬਸੀਠ ਸ੍ਰੀ ਹਜ਼ੂਰ ਨੇ ਨਿਮਾਣੇ ਸੇਵਕ

ਦੀ ਅਰਜ਼ ਪ੍ਰਵਾਨ ਕਰਕੇ ਰੱਬੀ ਦਾਤ ਬਖ਼ਸ਼ ਦਿੱਤੀ। ਮਹਾਂ ਪੁਰਖਾਂ ਦੀ ਬਖ਼ਸ਼ਿਸ਼ ਦਾ ਸਦਕਾ ੧੯੪੫ ਈ: ਤੋਂ ੧੯੫੦ ਈਸਵੀ ਤੱਕ ਦਾ ਸਮਾਂ ਸੇਵਾ ਤੇ ਸਿਮਰਨ ਦੁਆਰਾ ਸਫ਼ਲ ਹੋਇਆ। ਏਸੇ ਅਵਸਰ ਵਿੱਚ ਸੰਤ ਮਹਾਰਾਜ ਦੇ ਚਰਨਾਂ ਚੋਂ ਵਰੋਸਾਏ ਗਿਆਨੀ ਬਲਬੀਰ ਸਿੰਘ ਜੀ ਪਾਸੋਂ ਬ੍ਰਹਮ ਵਿੱਦਿਆ ਅਤੇ ਰਾਜਨੀਤਿਕ ਪੁਸਤਕਾਂ ਤਥਾ ਗੁਰੂ ਮਹਾਰਾਜ ਦਾ ਸੰਥਾ ਨਾਲ ਪਾਠ ਵਿਚਾਰਿਆ।

ਹਜ਼ੂਰੀ ਵਿੱਚ ਰਹਿੰਦਿਆਂ ਮਹਾਂ ਪੁਰਸ਼ਾਂ ਦੀਆਂ ਪ੍ਰਤੱਖ ਭੋਗ ਮੋਖ ਦੀ ਬਖ਼ਸ਼ਿਸ਼ ਵਾਲੀਆਂ ਦਾਤਾਂ ਤੱਕ ਕੇ ਮਨ ਵਿੱਚ ਚਾਅ ਜਾਗਿਆ ਕਿ ਏਹੋ ਜਿਹੇ ਮਹਾਨ ਵਿਅਕਤੀ ਦੀ ਅਮਰ ਯਾਦਗਾਰ ਪਵਿਤ੍ਰ ਜੀਵਨੀ ਲਿਖੀ ਜਾਵੇ ਜੋ ਜਗਿਆਸੂ ਜਨਾਂ ਵਾਸਤੇ ਅਤੀ ਹੀ ਲਾਭਦਾਇਕ ਹੋਵੇਗੀ ਪਰ, "ਕਾਠ ਕੀ ਪੁਤਲੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥"

ਇਹ ਸੰਕਲਪ ਕਦੀ ਤੀਬਰ ਰੂਪ ਧਾਰਣ ਕਰ ਲੈਂਦਾ, ਕਦੀ ਸੂਖਮ ਰੂਪ ਵਿੱਚ ਹੀ ਅੰਦਰ ਟਿਕਿਆ ਰਹਿੰਦਾ। ਉਸ ਵੇਲੇ ਮੇਰੇ ਮਨ ਦੀ ਇਹ ਹਾਲਤ ਸੀ, ਜਿਵੇਂ ਪਹਾੜ ਦੀ ਚੋਟੀ ਤੇ ਚੜ੍ਹਨ ਵਾਸਤੇ ਪਿੰਗਲਾ ਪੁਰਸ਼ ਯਤਨ ਤਾਂ ਕਰਦਾ ਹੈ ਪਰ ਉਹ ਪੁੱਜ ਨਹੀਂ ਸਕਦਾ। ਅਥਵਾ ਜਿਵੇਂ ਮਧਰੇ ਕੱਦ ਵਾਲਾ ਮਨੁੱਖ ਉੱਚੇ ਬਿਰਛ ਦਾ ਸੁੰਦਰ ਫ਼ਲ ਦੇਖਕੇ ਤੋੜਨ ਦੀ ਕੋਸ਼ਿਸ਼ ਕਰਦਾ ਹੋਇਆ ਵੀ ਕਾਮਯਾਬ ਨਹੀਂ ਹੋ ਸਕਦਾ। ਇਹ ਮਹਾਨ ਕਾਰਜ ਸਮੁੰਦਰ ਦੇ ਸਮਾਨ ਪ੍ਰਤੀਤ ਹੋ ਰਿਹਾ ਸੀ। ਜਿਸ ਨੂੰ ਆਪਣੀ ਬੁੱਧੀ ਰੂਪੀ ਤੁਲਹੇ ਦੁਆਰਾ ਤਰਨਾ ਬੜਾ ਔਖਾ ਸੀ। ਉਪਰੰਤ ਸੂਖਮ ਰੂਪ ਵਿੱਚ ਅੰਦਰ ਪਏ ਵਿੱਦਿਆ ਪ੍ਰਾਪਤੀ ਦੇ ਸੰਸਕਾਰ ਉਦੇ ਹੋਏ।

ਮਹਾਂ ਪੁਰਸ਼ਾਂ ਦੇ ਪਾਵਨ ਚਰਨਾਂ ਵਿੱਚ ਵਿੱਦਿਆ ਅਧਿਐਨ ਵਾਸਤੇ ਅਰਜ਼ ਕੀਤੀ। ਜਿਸ ਨੂੰ ਭੂਤ ਭਵਿੱਖਤ ਦੇ ਗਯਾਤ ਗੇਯ ਅੰਤਰਯਾਮੀ ਦਾਤੇ ਸ੍ਰੀ ਹਜ਼ੂਰ ਨੇ ਪ੍ਰਸੰਨ ਚਿੱਤ ਪ੍ਰਵਾਨ ਕਰ ਲਿਆ ਤੇ ਆਗਿਆ ਬਖ਼ਸ਼ ਦਿੱਤੀ।

ਧੂਰਕੋਟ ਨਗਰ, ਮਸਤੂਆਣਾ, ਭਿੰਡਰਕਲਾਂ ਤੇ ਸ੍ਰੀ ਅੰਮ੍ਰਿਤਸਰ ਠਹਿਰ ਕੇ ਗੁਰਬਾਣੀ ਗੁਰ ਇਤਿਹਾਸ ਦੀ ਕਥਾ ਅਤੇ ਵੇਦਾਂਤ ਦੀਆਂ ਪੁਸਤਕਾਂ ਨੂੰ ਸੁਣ ਕੇ ਨਾਲ-ਨਾਲ ਕਥਾ ਕਰਨ ਅਤੇ ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਸੇਵਾ ਕਰਦਾ ਰਿਹਾ। ਇਸ ਸਾਰੇ ਸਮੇਂ ਵਿੱਚ ਉਹ ਅੰਦਰ ਪਏ ਸੰਸਕਾਰ ਮਹਾਂ ਪੁਰਸ਼ਾਂ ਦੇ ਜੀਵਨ ਲਿਖਣ ਵਾਲੇ ਉਸੇ ਤਰ੍ਹਾਂ ਬਣੇ ਰਹੇ। ਪਰ ਕਲਕੱਤਾ, ਟਾਟਾ ਨਗਰ, ਰਾਂਚੀ, ਹਜ਼ਾਰੀ ਬਾਗ਼, ਕਾਨ੍ਹਪੁਰ ਤੇ ਹੋਰ ਹਿੰਦੁਸਤਾਨ ਦੇ ਮਸ਼ਹੂਰ-ਮਸ਼ਹੂਰ ਸਹਿਰਾਂ ਵਿੱਚ ਨਿਰੋਲ ਸੇਵਾ ਤੇ ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖ ਕੇ ਸੁਤੰਤਰ ਵਿਚਰ ਕੇ ਕਥਾ ਕਰਣ ਦੇ ਕਾਰਣ ਉਹ ਪੂਰੇ ਨਹੀਂ ਸੀ ਹੋ ਸਕੇ। ਫਿਰ ਜਦੋਂ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰੇਰਣਾ ਹੋਈ ਕਿ ਮੈਂ ਤੁਹਾਡੇ ਕਈ ਛਪੇ ਟਰੈਕਟਰ ਤੇ ਅਖ਼ਬਾਰਾਂ ਵਿੱਚ ਭੇਜੇ ਲੇਖ, ਭਗਤ ਬਾਣੀ ਸਟੀਕ, (ਕ੍ਰਿਤ ਸੰਤ ਕ੍ਰਿਪਾਲ ਸਿੰਘ ਜੀ ਗਲੀ ਸੱਤੋ ਵਾਲੀ) ਵਿੱਚ ਭਗਤਾਂ ਦਾ ਜੀਵਨ ਤੇ ਅਮੀਰ ਭੰਡਾਰ ਪੁਸਤਕ (ਸਟੀਕ ਜਪੁਜੀ ਸਾਹਿਬ) ਕਈ ਮਹਾਂ ਪੁਰਸ਼ਾਂ ਦਾ ਜਸ ਅੰਕਿਤ ਕੀਤਾ ਪੜ੍ਹਿਆ ਹੈ। ਤੁਹਾਡੀ ਲੇਖਣੀ ਬੜੀ ਸੁੰਦਰ ਤੇ ਕਲਮ ਤੁਹਾਡੀ ਮਿੱਠੀ ਹੈ। ਹੁਣ ਤੁਸੀਂ ਆਪਣੇ ਬਜ਼ੁਰਗਾਂ ਦਾ ਜੀਵਨ (ਜੋ ਮੌਜੂਦਾ ਸਮੇਂ ਚਾਨਣ ਮੁਨਾਰੇ ਵਾਂਗ ਜਗਤ ਵਿੱਚ ਅਗਿਆਨ ਅੰਧੇਰੇ ਨੂੰ ਦੂਰ ਕਰ ਰਹੇ ਹਨ) ਲਿਖੋ। ਪਰ ਮੇਰਾ ਇਸ ਮਹਾਨ ਕਾਰਜ ਨੂੰ ਅਰੰਭ ਕਰਨ ਲਈ ਹੌਸਲਾ ਨਹੀਂ ਸੀ ਪੈਂਦਾ।

ਉਨ੍ਹਾਂ ਦੀ ਪੁਰਜ਼ੋਰ ਪ੍ਰੇਰਣਾ ਤੇ ਸਹਿਯੋਗ ਦੇਣ ਦਾ ਭਰੋਸਾ ਦਵਾਉਣ ਨਾਲ ਸੰਸਕਾਰਾਂ ਨੇ ਤੀਬਰ ਰੂਪ ਧਾਰਣ ਕਰ ਲਿਆ। ਭਾਵੇਂ ਪਹਿਲਾਂ ਵੀ ਵਿੱਦਿਆ ਪੜ੍ਹਣ ਕਾਲ ਵਿੱਚ ਜਦੋਂ ਵੀ ਸਮੇਂ ਅਨੁਸਾਰ ਅਸਥਾਨ ਦੀ ਪਵਿੱਤਰ ਯਾਤਰਾ ਕਰਨ ਅਉਣਾ ਤਾਂ ਭਗਤ ਜੀ ਤੇ ਹੋਰ ਗੁਰੂ ਪਿਆਰੇ ਮਹਾਂ ਪੁਰਸ਼ਾਂ ਨੇ ਆਖਣਾ ਕਿ ਬਾਬਾ ਜੀ ਦਾ ਜੀਵਨ ਜ਼ਰੂਰ ਲਿਖਣਾ ਚਾਹੀਦਾ ਹੈ ਮੇਰੇ ਮਨ ਵਿੱਚ ਚਾਅ ਤਾ ਬੜਾ ਸੀ ਪਰ ਲਿਖਣ ਦਾ ਹੀਆ ਨਹੀਂ ਸੀ ਪੈਂਦਾ।

ਅਖ਼ੀਰ ਨੂੰ ਭਾਗ ਜਾਗੇ। ਸਮਾਂ ਆਇਆ ਤਾਂ ੧੯੬੯ ਈਸਵੀ ਨੂੰ ੯ ਮਾਘ ਦੇ ਸਲਾਨਾ ਜੋੜ ਮੇਲੇ ਤੇ ਦਰਸ਼ਨ ਕਰਨ ਗਿਆਂ ਸ੍ਰੀ ਹਜ਼ੂਰ ਦੇ ਚਰਨਾਂ ਵਿੱਚ ਕੰਬਦੇ ਹਿਰਦੇ ਨਾਲ ਅਰਜ਼ ਕੀਤੀ ਕਿ ਸ਼ਾਇਦ ਪ੍ਰਵਾਨ ਹੋਵੇ ਜਾਂ ਨਾ। ਤਾਂ ਅੰਤਰਯਾਮੀ ਦਾਤੇ ਨੇ ਕਈ ਸਾਲਾਂ ਦੇ ਅੰਦਰ ਪਏ ਸੰਸਕਾਰਾਂ ਨੂੰ ਜਾਣ ਕੇ ਹੁਕਮ ਕੀਤਾ ਕਿ ਪਹਿਲਾਂ ਵੱਡੇ ਮਹਾਂ ਪੁਰਸ਼ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਜੀਵਨ ਕਥਾ ਲਿਖੋ। ਉਸ ਸਮੇਂ ਮਹਾਨ ਕ੍ਰਿਪਾ ਦੇ ਘਰ ਵਿੱਚ ਆਕੇ ਬਖ਼ਸ਼ਿਸ਼ਾਂ ਦੇ ਬੂਹੇ ਖੋਲ੍ਹ ਦਿੱਤੇ ਤੇ ਇੱਕ ਲਿਖਤੀ ਖਰੜਾ ਵੀ ਦਾਸ ਨੂੰ ਦਿੱਤਾ ਜਿਸ ਵਿੱਚ ਰਾਗੀ ਲਾਲ ਸਿੰਘ ਜੀ ਕੈਮਲਪੁਰ (ਜਿਨ੍ਹਾਂ ਨੇ ਛੋਟੀ ਆਯੂ ਵਿੱਚ ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਜੀ ਦੇ ਦਰਸ਼ਨ ਕੀਤੇ ਸਨ) ਵਲੋਂ ਕੁਝ ਕੁ

ਸਾਖੀਆਂ ਦਾ (ਜਿਨ੍ਹਾਂ ਦਾ ਵਧੇਰੇ ਉਨ੍ਹਾਂ ਦੇ ਆਪਣੇ ਜੀਵਨ ਨਾਲ ਹੀ ਸੰਬੰਧ ਸੀ) ਸੰਗ੍ਰਹਿ ਕੀਤਾ ਸੀ। ਭਾਵੇਂ ਇਸ ਤੋਂ ਪਹਿਲਾਂ ਵੀ ਇਸ ਲਿਖਤੀ ਖਰੜੇ ਨੂੰ ਇੱਕ ਦੋ ਪ੍ਰੇਮੀਆਂ ਨੇ ਧਿਆਨ ਨਾਲ ਪੜ੍ਹਿਆ ਪਰ ਨਾ-ਮੁਕੰਮਲ ਹੋਣ ਕਰਕੇ ਦਿਲਚਸਪੀ ਨਾ ਲਈ। ਜਿਥੋਂ ਹਰ ਇੱਕ ਨੂੰ ਪਿਆਰ ਤੇ ਸਤਿਕਾਰ ਮਿਲਦਾ ਹੈ ਉਸ ਦਰ ਤੇ ਆਇਆ ਕੋਈ ਨਿਰਾਸ਼ਾ ਕਿਉਂ ਮੁੜੇ? ਖਰੜਾ ਲਿਖਣ ਵਾਲੇ ਲੇਖਕ ਦੀ ਛਾਪੇ ਜਾਣ ਵਾਲੀ ਤੀਬਰ ਇੱਛਾ ਤੱਕ ਕੇ ਜਦੋਂ ਦਾਸ ਨੂੰ ਬਖ਼ਸ਼ਿਸ਼ ਕੀਤੀ ਤਾ ਅੰਧੁਲੇ ਨੂੰ ਸੋਟੀ ਦਾ ਸਹਾਰਾ ਮਿਲਣ ਵਾਗੂੰ ਬੜੀ ਪ੍ਰਸੰਨਤਾ ਹੋਈ। ਇਸ ਤੋਂ ਪਹਿਲਾਂ ਜੋ ਕਾਰਜ ਸਾਗਰ ਦੇ ਸਮਾਨ ਪ੍ਰਤੀਤ ਹੋ ਰਿਹਾ ਸੀ ਉਸ ਨੂੰ ਤਰਣ ਵਾਸਤੇ ਮਹਾਂ ਪੁਰਸ਼ਾਂ ਦੇ ਬਚਨਾਂ ਦਾ ਜਹਾਜ਼ ਪ੍ਰਾਪਤ ਹੋ ਗਿਆ।

ਮਨ ਖੇੜੇ ਵਿੱਚ ਆ ਗਿਆ, ਸਾਰੇ ਸੰਕਲਪਾਂ ਦਾ ਤਿਆਗ ਕਰਕੇ ਕੇਵਲ ਗੁਰੂ ਪ੍ਰਾਇਣ ਹੋ ਕੇ ਅਰਦਾਸ ਕਰਕੇ ਕਾਰਜ ਅਰੰਭ ਕਰ ਦਿੱਤਾ। ਇਉਂ ਮਹਾਂ ਪੁਰਸ਼ਾਂ ਦੀ ਬਖ਼ਸ਼ਿਸ਼ ਤੇ ਪ੍ਰੇਰਨਾ ਅਨੁਸਾਰ ਲਿਖਾਈ ਸ਼ੁਰੂ ਹੋ ਗਈ। ਤਕਰੀਬਨ ਦਸ ਮਹੀਨਿਆਂ ਦੀ ਲਗਾਤਾਰ ਖੋਜ ਤੇ ਮਿਹਨਤ ਦੁਆਰਾ ਪੁਸਤਕ ਦਾ ਇਤਨਾ ਆਕਾਰ ਹੋ ਗਿਆ ਜੋ ਤੁਹਾਡੇ ਹੱਥਾਂ ਵਿੱਚ ਹੈ। ਇਸ ਦੇ ਮੁਕੰਮਲ ਕਰਵਾਉਣ ਤੇ ਛਪਾਉਣ ਦੀ ਸਾਰੀ ਬਖ਼ਸ਼ਿਸ਼ ਮਹਾਂ ਪੁਰਸ਼ ਰਾੜਾ ਸਾਹਿਬ ਵਾਲਿਆਂ ਦੀ ਤਰਫੋਂ ਹੋਈ। ਭਾਵੇਂ ਮਹਾਂ ਪੁਰਸ਼ਾਂ ਵਲੋਂ ਤਾਂ ਇਸ ਦੇ ਅਰੰਭ ਕਾਲ ਵਿੱਚ ਹੀ ਛਾਪੇ ਜਾਣ ਤੱਕ ਹਰ ਪ੍ਰਕਾਰ ਦੀ ਸਹੂਲਤ ਪ੍ਰਾਪਤ ਸੀ। ਪਰ ਫਿਰ ਵੀ ਆਪਣੇ ਆਪ ਦੀ ਭਲਿਆਈ ਜਾਣਕੇ ਨਿਰੋਲ ਸੇਵਾ ਨੂੰ ਮੁੱਖ ਰੱਖਦਿਆਂ ਇਸ ਦੇ ਉੱਪਰ ਘੱਟ ਤੋਂ ਘੱਟ ਖਰਚ ਆਉਣ ਦੀ ਕੋਸ਼ਿਸ਼ ਕੀਤੀ ਗਈ।

ਸ੍ਰੀ ਮਾਨ ਸੰਤ ਕ੍ਰਿਪਾਲ ਸਿੰਘ ਜੀ (ਗਲੀ ਸੱਤੋਵਾਲੀ, ਅਮ੍ਰਿਤਸਰ) ਦੇ ਪਾਸ ਡੇਰੇ ਵਿੱਚ ਰਿਹਾਇਸ਼ ਰੱਖ ਕੇ ਹਾੜ ਦੇ ਮਹੀਨੇ ਦੁਪਹਿਰ ਦੇ ਸਮੇ ੧ ਵਜੇ ਤੋਂ ੩ ਵਜੇ ਦੋ ਟਾਇਮ ਪੈਦਲ ਹੀ ਪ੍ਰੈਸ ਵਿੱਚ ਪਰੂਫ ਦੇਖਣ ਜਾਣਾ। ਪਰ ਮਹਾਂ ਪੁਰਸ਼ਾਂ ਦੀ ਬਖ਼ਸ਼ਿਸ਼ ਦੁਆਰਾ ਕੋਈ ਵੀ ਖੇਚਲ ਨਾ ਮਹਿਸੂਸ ਹੋਣੀ। ਬਲਕਿ ਮਨ ਵਿੱਚ ਇਸ ਸੇਵਾ ਦਾ ਉਤਸ਼ਾਹ ਬਣਿਆ ਰਹਿਣਾ। ਇਹ ਵੀ ਉਨ੍ਹਾਂ ਦੀ ਆਪਣੀ ਹੀ ਕ੍ਰਿਪਾ ਤੇ ਪ੍ਰੇਰਣਾ ਸੀ।

## ਹੋਰ ਮਸਾਲਾ ਕਿਥੋਂ ਲੱਭਿਆ

ਬਾਬਾ ਜੀ ਦੀ ਪ੍ਰੰਪਰਾ ਬੰਸਾਵਲੀ ਦੀ ਖੋਜ ਵਾਸਤੇ ਨਵੀਂ ਦਿੱਲੀ, ਭੋਗਲ ਪੁਰ ਜਾ ਕੇ ਕਾਜ਼ੀ ਨਗਰ ਦੇ ਪ੍ਰੇਮੀ ਤੇ ਬਾਬਾ ਜੀ ਦੇ ਖ਼ਾਸ ਖ਼ਾਨਦਾਨ ਨੂੰ ਮਿਲਿਆ। ਇਸ ਸਬੰਧ ਵਿੱਚ ਦੋ ਤਿੰਨ ਵਾਰ ਹਰਿਦੁਆਰ ਵੀ ਗਿਆ। ਅਖ਼ੀਰ ਨੂੰ 'ਕਾਜ਼ੀਆਂ' ਦੇ ਪੰਡਤ ਰਾਮ ਚੰਦ ਪੰਜੋਲੀ ਜੀ ਦੀ ਵਹੀ ਤੋਂ ਬਾਬਾ ਜੀ ਦੇ ਬਜ਼ੁਰਗਾਂ ਦੇ ਨਾਮ ਲੱਭ ਪਏ। ਬਾਬਾ ਜੀ ਦਾ ਜੀਵਨ ਪੁੱਛਣ ਵਾਸਤੇ ਪੰਜ ਵਾਰ ਮਕਸੂਦ ਪੁਰ ਜਾ ਕੇ ਬਾਬਾ ਮਾਝਾ ਸਿੰਘ ਜੀ ਦੇ ਦਰਸ਼ਨ ਕੀਤੇ। ਹੋਰ ਵੀ ਜਗ੍ਹਾ-ਜਗ੍ਹਾ ਤੇ ਜਾ ਕੇ ਜਿਵੇਂ ਕਿ ਰੇਰੂ ਸਾਹਿਬ, ਲੁਧਿਆਣੇ, ਪਟਿਆਲੇ, ਭੀਖੀ, ਮਾਨਸਾ ਮੰਡੀ ਜਿੱਥੇ ਵੀ ਭਾਰਤ ਦੀ ਵੰਡ ਤੋਂ ਬਾਅਦ ਕਿਸੇ ਲੰਮੇਰੀ ਉਮਰ ਵਾਲੇ ਬਜ਼ੁਰਗ ਦਾ ਨਾਮ ਸੁਣਿਆ ਕਿ ਇਸ ਨੇ ਬਾਬਾ ਜੀ ਦੇ ਪ੍ਰਤੱਖ ਦਰਸ਼ਨ ਕੀਤੇ ਹਨ, ਉਸੇ ਪਾਸ ਹੀ ਜਾ ਕੇ ਖੋਜ ਕੀਤੀ ਤੇ ਬਾਬਾ ਜੀ ਦੀ ਜੀਵਨੀ ਸੁਣੀ। ਚੌਥੇ ਕਾਂਡ ਵਾਲੀਆਂ ਸਾਰੀਆਂ ਸਾਖੀਆਂ ਭਗਤ ਜੀ ਤੋਂ ਸੁਣ ਕੇ ਲਿਖੀਆਂ ਜੋ ਉਨ੍ਹਾਂ ਨੇ ਬਾਬਾ ਸੁੱਚਾ ਸਿੰਘ ਜੀ ਪਾਸੋਂ ਸੁਣੀਆਂ ਸਨ।

## ਕਿਨ੍ਹਾਂ ਕਿਨ੍ਹਾਂ ਪੁਸਤਕਾਂ ਦਾ ਆਧਾਰ ਲਿਆ

ਇਹ ਪੁਸਤਕ ਗੁਰਬਾਣੀ ਗੁਰ ਇਤਿਹਾਸ ਤੇ ਹੋਰ ਧਾਰਮਿਕ ਗ੍ਰੰਥਾਂ ਦਾ ਆਸ਼ਾ ਲੈ ਕੇ ਲਿਖੀ ਗਈ ਹੈ। ਰਾਗੀ ਲਾਲ ਸਿੰਘ ਜੀ ਦੇ ਲਿਖਤੀ ਖਰੜੇ ਤੋਂ ਇਲਾਵਾ ਪੱਛਮੀ ਨੂਰ, ਇਤਿਹਾਸ ਨਿਰਮਲ ਭੇਖ, ਨਿਰਮਲ ਪੰਥ ਦਰਸ਼ਨ, ਹੀਰਿਆਂ ਦਾ ਹਾਰ ਤੇ ਖਿੜਿਆ ਕੰਵਲ ਫ਼ੁੱਲ, ਆਦਿਕ ਗ੍ਰੰਥ ਬਾਬਾ ਜੀ ਦੇ ਜੀਵਨ ਸੰਬੰਧੀ ਛਪੇ ਦੇਖੇ ਤੇ ਪੜ੍ਹੇ ਹਨ। ਪਰ ਉਨ੍ਹਾਂ ਵਿੱਚੋਂ ਇਤਨਾਂ ਮਸਾਲਾ ਪ੍ਰਾਪਤ ਨਾ ਹੋ ਸਕਿਆ ਜਿਸ ਨਾਲ ਕੁਝ ਸੌਖਤਾ ਪ੍ਰਤੀਤ ਹੁੰਦੀ।

## ਸਨਿੰਮ੍ਰ ਬਿਨੈ

ਮੈਂ ਅੰਤ ਵਿੱਚ ਸਮੂਹ ਸੰਤਾਂ, ਮਹਾਂ ਪੁਰਸ਼ਾਂ, ਗੁਰਸਿੱਖਾਂ, ਸਹਿਜਧਾਰੀ ਵੀਰਾਂ, ਤਿਆਗੀ, ਵਿਰੱਕਤਾਂ, ਗ੍ਰਹਿਸਤੀ ਭਗਤਾਂ ਤੇ ਹੋਰ ਗੁਰੂ ਨਾਨਕ ਨਾਮ ਲੇਵਾ ਤੇ ਸਰਬੱਤ ਮਾਈ ਭਾਈ ਨੂੰ ਸਨਿਮ੍ਰ ਬੇਨਤੀ ਕਰਦਾ ਹਾਂ ਕਿ ਮੈਂ ਜੋ ਅੱਖਰ ਬਾਬਾ ਜੀ ਦੀ ਪਾਵਨ ਜੀਵਨੀ ਦੇ ਸੰਬੰਧ ਵਿੱਚ ਇਸ ਪੁਸਤਕ ਵਿੱਚ ਅੰਕਿਤ ਕੀਤੇ ਹਨ, ਉਹ ਮੇਰੀ ਬੁੱਧੀ ਤੋਂ ਬਹੁਤ ਪਰੇਡੇ ਦਾ ਕੰਮ ਹੈ। ਪਰ ਮਹਾਂ ਪੁਰਸ਼ਾਂ ਨੇ ਆਪਣੀ ਮਹਾਨ ਬਖ਼ਸ਼ਿਸ਼ ਤੇ ਕ੍ਰਿਪਾ ਦਾ ਸਿਰ ਤੇ ਹੱਥ ਰੱਖ ਕੇ, "ਸਮਰਥ ਗੁਰੂ ਸਿਰਿ

ਹਥੁ ਧਰਿਓ" ਜਿਵੇਂ ਅਣਜਾਣ ਬੱਚੇ ਦੀ ਤੋਤਲੀ ਜ਼ਬਾਨ 'ਚੋਂ ਨਿਕਲੇ ਬਚਨਾਂ ਨੂੰ (ਜੋ ਸਾਫ਼ ਅਤੇ ਸ਼ੁੱਧ ਨਹੀਂ ਹੁੰਦੇ) ਸੁਣ ਕੇ ਤੇ ਉਸ ਦੇ ਦਿਲੀ ਭਾਵ ਨੂੰ ਜਾਣ ਕੇ ਮਾਤਾ ਪਿਤਾ ਦਾ ਮਨ ਪ੍ਰਸੰਨ ਹੁੰਦਾ ਹੈ, ਇਸੇ ਤਰ੍ਹਾਂ ਮਹਾਂ ਪੁਰਸ਼ਾਂ ਨੇ ਹਿਰਦੇ ਦੀ ਸ਼ਰਧਾ ਮਨ ਦੇ ਵਲਵਲੇ ਅਨੁਭਵ ਕਰਕੇ ਇਸ ਨਿਗੁਣੀ ਕਲਮ ਨੂੰ ਪ੍ਰਵਾਨ ਕਰ ਲਿਆ ਹੈ। ਮਹਾਂ ਪੁਰਸ਼ਾਂ ਦੇ (ਜੋ ਈਸ਼ਰ ਅਵਤਾਰ ਤੇ ਜਗ ਤਾਰਕ ਹੁੰਦੇ ਹਨ) ਸਮੁੱਚੇ ਜੀਵਨ ਨੂੰ ਲਿਖਣਾ ਬੜਾ ਔਖਾ ਹੈ।

ਯਥਾ: ਸਾਧ ਕੀ ਮਹਿਮਾ ਬੇਦ ਨ ਜਾਨਹਿ ॥

(ਪੰਨਾ ੨੭੨)

ਪਰ ਆਪਣੇ ਸਮੇਂ ਤੇ ਸਵਾਸਾਂ ਨੂੰ ਸਫਲਿਆਂ ਕਰਨ ਲਈ ਅਤੇ ਇਸ ਮਹਾਂ ਵਾਕ ਅਨੁਸਾਰ:

ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥

(ਪੰਨਾ ੬੫੨)

ਪ੍ਰਮੇਸਰ ਦੇ ਪਿਆਰਿਆਂ ਦਾ ਜਸ (ਜੋ ਉਸ ਵਿੱਚ ਮਿਲ ਕੇ ਅਭੇਦ ਹੋ ਚੁੱਕੇ ਹਨ)

ਯਥਾ: ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥

(ਪੰਨਾ ੨੭੨)

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥

(ਪੰਨਾ ੨੭੩)

ਅਤੇ: ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ ॥

(ਪੰਨਾ ੭੯੩)

ਇਹ ਤਾ ਕੇਵਲ ਪ੍ਰਮੇਸ਼ਰ ਦਾ ਜਸ ਹੀ ਹੈ।

ਇਸ ਪੁਸਤਕ ਤੋਂ ਕੁਤੱਰਕ ਵਾਦੀ, ਪ੍ਰਮੇਸ਼ਰ ਦੀ ਹੋਂਦ ਤੋਂ ਮੁਨਕਰ ਨਾਸਤਕ, ਵਿੱਦਿਆ ਮਤੀ, ਕੇਵਲ ਦਿਮਾਗੀ ਫਿਲਾਸਫਰ ਲਾਭ ਨਹੀਂ ਪ੍ਰਾਪਤ ਕਰ ਸਕਦਾ। ਨਿਰੋਲ ਸ਼ਰਧਾ ਦੀ ਨਿਗਾਹ ਨਾਲ ਦੇਖਿਆਂ (ਜੋ ਗੁਰੂ ਪ੍ਰਮੇਸ਼ਰ ਦੀ ਭਗਤੀ ਦਾ ਮੁੱਖ ਅੰਗ ਹੈ) ਜਗਿਆਸੂ ਜਨ ਪੂਰਨ ਰਹਸਯ ਲੈ ਸਕਦੇ ਹਨ। ਭਰਥਰੀ ਹਰੀ ਜੀ ਨੇ ਵੈਰਾਗ ਸ਼ੱਤਕ ਵਿੱਚ ਸ਼ਰਧਾਲੂ ਅਧਿਕਾਰੀ ਤੋਂ ਬਗ਼ੈਰ ਗੁਣ ਦਾ ਪ੍ਰਗਟ ਕਰਨਾ ਹਵਨ ਦੀ ਸਮੱਗ੍ਰੀ ਨੂੰ ਸਵਾਹ ਵਿੱਚ ਰੱਖਣ ਦੇ ਤੁੱਲ ਕਥਨ ਕੀਤਾ।

ਯਥਾ: ਗ੍ਰੰਥਨ ਕੇ ਗਯਾਤੇ ਮਾਤੇ ਮਤਿ ਸਰ ਕੀਚ ਬੀਚ,
ਧਰਾਨਾਥ ਮਦ ਸਾਥ ਭਰੇ ਦਰਸਾਤ ਹੈ।
ਦੂਖਨ ਚਮੋਰੇ ਮੋਰੇ ਭੂਖਨ ਸੋ ਭਾਖਨ ਕੋ,
ਪੰਡਿਤ ਭੁਪਾਲ ਤੋ ਨ ਸੁਣੇ ਮੇਰੀ ਬਾਤ ਹੈ।
ਪੁਨਾ ਆਨ ਜੋਤ ਜੇਤੇ ਦੁਖੀ ਮੂਢ ਦੀਨ ਤੇਤੇ,
ਮੋ ਤੇ ਸੁਕਰਾਤ ਹਮ ਉੱਤੇ ਸੁਕਚਾਤ ਹੈ।
ਪਾਤਰ ਬਿਨਾਂ ਭਾਖੇ ਰਾਖੇ ਹਵਨ ਕੋ ਰਾਖੇ
ਤੈਸੇ ਜੀਰਨ ਮੋ ਗਾਤ ਮੈ ਸੁ ਬਾਤ ਹੋਤ ਜਾਤ ਹੈ।

ਤਰਕਵਾਦੀਆਂ ਨਾਲ ਮੇਰਾ ਕੋਈ ਬਾਦ ਨਹੀਂ, ਕਿਤਾਬੀ ਘੋਟਾ ਲਾਉਣ ਵਾਲੇ ਵਿਗਿਆਨੀਆਂ ਨਾਲ ਗਿਆਨ ਚਰਚਾ ਨਹੀਂ ਕਰਨੀ। ਸਭਨਾਂ ਤੋਂ ਸਨਿਮਰ ਹੱਥ ਜੋੜ ਕੇ ਮੁਆਫ਼ੀ ਹੀ ਮੰਗਦਾ ਹਾਂ ਕਿਉਂਕਿ ਇਹ ਸਰਧਾਵਾਨ ਜਗਿਆਸੂ ਜਨਾਂ ਦਾ ਧਨ ਹੈ ਜਿਨ੍ਹਾਂ ਨੂੰ:

ਭੋਲੇ ਭਾਇ ਮਿਲੇ ਰਘੁਰਾਇਆ ॥

(ਪੰਨਾ ੩੨੪)

ਦੀ ਪ੍ਰਾਪਤੀ ਹੁੰਦੀ ਹੈ। ਚਤੁਰਾਈਆਂ ਨਾਲ ਚਤੁਰਭੁਜੀ ਪ੍ਰਮਾਤਮਾ ਨਹੀ ਮਿਲਦਾ।

ਚਤੁਰਾਈ ਨ ਚਤੁਰਭੁਜੁ ਪਾਈਐ ॥

(ਪੰਨਾ ੩੨੪)

ਉਸ ਅਕਾਲ ਪੁਰਖ ਅੰਤਰਯਾਮੀ ਪ੍ਰਮਾਤਮਾ ਦਾ ਲੱਖ-ਲੱਖ ਸ਼ੁਕਰ ਹੈ ਜਿਸ ਨੇ ਮਨੁੱਖਾ ਜਨਮ ਦੇ ਕੇ ਸਿੱਖੀ ਦੀ ਦਾਤ ਬਖ਼ਸ਼ ਕੇ ਪੂਰਨ ਮਹਾਂ ਪੁਰਸ਼ਾਂ ਦੇ ਚਰਨਾਂ ਨਾਲ ਜੋੜਿਆ ਅਤੇ ਫਿਰ ਜੀਵਨ ਦੀ ਸਫ਼ਲਤਾ ਵਾਸਤੇ ਆਪਣੇ ਪਿਆਰਿਆਂ ਦਾ ਜਸ ਲਿਖਵਾ ਕੇ ਇਸ ਮਹਾਨ ਕਾਰਜ ਨੂੰ ਸਿਰੇ ਚਾੜਿਆ ਹੈ। ਮੇਰਾ ਤਾਂ ਇੱਕੋ ਇੱਕ ਨਿਮਾਣੇ ਦਾ ਮਾਣ ਗੁਰੂ ਚਰਨਾਂ ਦਾ ਆਸਰਾ ਤੇ ਕੇਵਲ ਮਹਾਂ ਪੁਰਸ਼ਾਂ ਦਾ ਦਰ ਹੀ ਹੈ। ਉਸੇ ਦਾ ਕੋਟਾਨ ਕੋਟ ਧਨਵਾਦੀ ਹਾਂ।

ਕਿਸ ਹੀ ਜੋਰੁ ਅਹੰਕਾਰ ਬੋਲਣ ਕਾ ॥
ਕਿਸ ਹੀ ਜੋਰੁ ਦੀਬਾਨ ਮਾਇਆ ਕਾ ॥
ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ
ਤੂ ਕਰਤੇ ਰਾਖੁ ਮੈ ਨਿਮਾਣੀ ਹੇ ॥

(ਪੰਨਾ ੧੦੭੧)

ਗੁਰੂ ਪੰਥ ਅਤੇ ਸਮੂਹ ਸੰਤਾਂ ਦਾ ਅਦਨਾ ਦਾਸ
ਚਰਨਰਜ
ਗਿਆਨੀ ਮੋਹਨ ਸਿੰਘ 'ਆਜ਼ਾਦ'।

# ਧੰਨਵਾਦ

੧ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਪ੍ਰੇਰਣਾ ਤੇ ਉਤਸ਼ਾਹ ਨਾਲ ਇਹ ਮਹਾਨ ਕਾਰਜ ਅਰੰਭ ਕਰਨ ਦਾ ਉਦਮ ਕੀਤਾ ਤੇ ਜਿਸ ਦੀ ਅੱਜ ਸਫ਼ਲਤਾ ਪ੍ਰਾਪਤ ਹੋਈ ਹੈ।

੨ ਗਿਆਨੀ ਮਹਿੰਦਰ ਸਿੰਘ ਜੀ 'ਰਤਨ' ਦਾ ਹਰ ਪ੍ਰਕਾਰ ਮਸ਼ਕੂਰ ਹਾਂ ਜਿਨ੍ਹਾਂ ਨੇ ਆਪਣੇ ਕੀਮਤੀ ਸਮੇਂ 'ਚੋਂ ਸਮਾਂ ਕੱਢ ਕੇ ਪਹਿਲੀ ਵਾਰ ਇਸ ਪੁਸਤਕ ਦੇ ਖਰੜੇ ਨੂੰ ਸੋਧਣ ਤੇ ਪਰੂਫ ਦੇਖਣ ਦੀ ਸੇਵਾ ਕੀਤੀ।

੩ ਉਹਨਾ ਮਹਾਂ ਪੁਰਸ਼ਾਂ ਸੰਤ ਗਿਆਨੀ ਕ੍ਰਿਪਾਲ ਸਿੰਘ ਜੀ ਗਲੀ ਸੱਤੋ ਵਾਲੀ ਅੰਮ੍ਰਿਤਸਰ ਦਾ ਹਾਰਦਿਕ ਧੰਨਵਾਦੀ ਹਾਂ, ਜਿਨ੍ਹਾਂ ਪਾਸੋਂ ਵਿੱਦਿਆ ਅਧਿਐਨ ਕਰਕੇ ਇਸ ਨਾਮਣਾ ਦੁਆਰਾ ਗੁਰੂ ਸਰੂਪ ਸੰਗਤ ਦੇ ਦਰਸ਼ਨ ਕਰਨ ਯੋਗ ਬਣਿਆ ਤੇ ਪੁਸਤਕ ਛਪਣ ਸਮੇਂ ਉਨ੍ਹਾਂ ਦੀ ਛਤਰ ਛਾਇਆ ਹੇਠ ਰਹਿ ਕੇ ਹਰ ਪ੍ਰਕਾਰ ਦੀ ਸਹੂਲਤ ਤੇ ਸੁਖ ਪ੍ਰਾਪਤੀ ਦੁਆਰਾ ਇਸ ਮਹਾਨ ਕਾਰਜ ਨੂੰ ਸਿਰੇ ਚਾੜ੍ਹਿਆ।

ਪ੍ਰਾਰਥਿਕ:
ਗਿਆਨੀ ਮੋਹਨ ਸਿੰਘ 'ਆਜ਼ਾਦ'

# ਪੁਸ਼ਪ ਅਰਪਣ

*ਜਿਸ ਨੇ ਨੂਰੀ ਦੇ ਨੂਰ ਤੋਂ ਨੂਰ ਪ੍ਰਾਪਤੀ ਉਪਰੰਤ*
*ਨੂਰੀ ਭੰਡਾਰ ਵਿੱਚੋਂ ਅੰਧਕਾਰ ਬਿਨਾਸ ਲਈ ਸੰਸਾਰ ਵਿੱਚ*
*ਨੂਰ ਦਾ ਉਜਾਲਾ ਕਰ ਕੇ ਅਨੇਕਾਂ ਹੀ ਕੁਮਾਰਗੀਆਂ ਨੂੰ ਸੁਮਾਰਗੇ ਪਾਇਆ।*
*ਜਿਸ ਨੇ, "ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ"*
*ਦਾ ਅਮ੍ਰਿਤ ਪ੍ਰਚਾਰ ਕਰਕੇ*
*ਲੱਖਾਂ ਭੁੱਲੇ ਭਟਕੇ ਜੀਵਾਂ ਨੂੰ 'ਗੁਰੂ ਨਾਨਕ ਨਾਮ ਜਹਾਜ਼'*
*ਦੇ ਯਾਤ੍ਰੀ ਬਣਨ ਦਾ ਅਧਿਕਾਰ ਦਿਵਾਇਆ।*
*ਜਿਸ ਨੇ ਜਪ ਤਪ ਬ੍ਰਤ ਵਿੱਚ ਤਦਚਿਤ ਰਹਿ ਕੇ*
*ਸੰਸਾਰ ਦੇ ਕੋਨੇ-ਕੋਨੇ ਵਿੱਚ, "ਸਤਿਨਾਮ ਦਾ ਚੱਕ੍ਰ" ਚਲਾਇਆ*
*ਤੇ, "...ਸਬਦ ਸੁਰਤਿ ਕੀ ਨੀਵ ਰਖਾਈ ॥"।*
*ਜਿਸ ਨੇ, "ਕਲਿ ਕੇਵਲ ਨਾਮ ਅਧਾਰ" ਦੇ ਸਿਧਾਂਤ ਅਨੁਸਾਰ*
*ਨਾਮ, ਬਾਣੀ, ਕੀਰਤਨ, ਕਥਾ ਦਾ ਪ੍ਰਵਾਹ ਚਲਾ ਕੇ,*
*"ਜਨਮ ਜਨਮ ਕੇ ਭੂਲ ਚੂਕ ਹਮ ਅਬ ਆਏ ਪ੍ਰਭ ਸਰਨਗੇ"*
*ਗੁਰੂ ਸ਼ਰਨ ਵਿੱਚ ਲਿਆਂਦਾ।*
*ਜਿਸ ਨੇ ਅਥਾਹ, ਅਪਾਰ ਗੁਣਾਂ ਦੇ ਭੰਡਾਰ ਵਿੱਚ ਕਿੰਕਰ ਨੂੰ*
*ਨਿਜੀ ਨੂਰ ਪ੍ਰਕਾਸ਼ ਵਿਚੋਂ ਨੂਰੀ ਕਿਰਣ ਦਾ ਉਜਾਲਾ ਪ੍ਰਦਾਨ ਕੀਤਾ।*
*ਐਸੇ ਪਰਮ ਅਨੰਦ ਸਰੂਪ, ਸ਼ਾਂਤਿ ਸਾਗਰ, ਵਿਦਯਾ ਰਤਨਾਕਾਰ, ਯਿਗਿਆਸੂ-ਕਮਲ ਦਿਵਾਕਾਰ*
*ਨਾਮ, ਬਾਣੀ ਦੇ ਰਸੀਏ, ਪਰਮ ਪਵਿੱਤ੍ਰ ਆਤਮਾ ਸ੍ਰੀ ਹਜ਼ੂਰ ਸੰਤ ਮਹਾਰਾਜ*
*ਬਾਬਾ ਈਸ਼ਰ ਸਿੰਘ ਜੀ ਕਰਮਸਰ ਰਾੜਾ ਸਾਹਿਬ ਵਾਲਿਆਂ ਦੀ*
*'ਕ੍ਰਿਪਾ ਕਟਾਖ੍ਯ ਅਵਲੋਕਨੁ' ਲਗਨ ਵਿੱਚ ਮਗਨ ਹੋਣ ਦੀ ਭਾਵਨਾ ਸੰਯੁਕਤ*
*ਇਹ ਤੁਛ ਜੇਹੀ ਭੇਟਾ ਪੁਸ਼ਪ ਅਰਪਣ ਦਾ ਹੀਆ ਕਰਨ ਦੀ*
*ਮਹਾਨ ਅਵੱਗਿਯਾ ਕਰ ਰਿਹਾ ਹਾਂ।*

*(ਗਿਆਨੀ ਮੋਹਨ ਸਿੰਘ 'ਆਜ਼ਾਦ')*

## ਮੰਗਲ ਮਈ

ਦੋਹਿਰਾ: ਸਰਬੰ ਰੂਪ ਅਰੂਪ ਬਿਭੂ, ਧਰੁਵ ਚਰਾ ਚਰ ਜਾਲ।
ਕਾਲ ਜਾਲ ਲਖਿ ਮੁਚਤ ਤਿਸ ਕਰਤਾ ਪੁਰਖ ਅਕਾਲ ॥੧॥
ਅਵਤਰੇ ਕਾਲੂ ਕਾਲ ਸੈ, ਬੇਦਿ ਬੰਸ ਅਵਤੰਸ।
ਗੁਰੂ ਨਾਨਕ ਮਮ ਬੰਦਨਾ, ਵਿਘਨ ਦੁਰਤ ਬਿਧੁੰਸ ॥੨॥
ਅੰਗ ਕਰੈਂ ਨਿਜ ਦਾਸ ਕਾ, ਅਗਯੂਹ ਹੋਤ ਸੁਜਾਨ।
ਤਿਮਰ ਅਵਿਦਿਆ ਕੋ ਕਟੈਂ, ਗੁਰ ਅੰਗਦ ਸਮ ਭਾਨ ॥੩॥
ਪੂਖਨ ਸਮ ਦੂਖਨ ਹਰੈਂ, ਹਿਰਦੈ ਵਯੋਮ ਉਦੋਤ।
ਜਗਤ ਜਲਧ ਕੋ ਤਾਰਬੇ, ਅਮਰ ਗੁਰੂ ਸਮ ਪੋਤ ॥੪॥
ਸੋਢ ਬੰਸ ਕੇ ਕਲਸ ਕੋ, ਸੰਪਟ ਪਾਨ ਜੁਹਾਰ।
ਹਾਰ ਤਾਰ ਕੇ ਸੱਤ੍ਰੂ ਜਨ, ਰਾਮ ਦਾਸ ਅਵਤਾਰ ॥੫॥
ਪਾਰਥ ਸਰ ਸਰ ਬਾਨਿ ਗੁਰ, ਹਤੈਂ ਏਣ ਅਗਿਆਨ।
ਪਥਿਜ ਪਦ ਪਰ ਬੰਦਨਾ, ਅਰਜਣ ਦਾ ਕਲਿਆਣ ॥੬॥
ਮੀਰੀ ਪੀਰੀ ਜੁਗ ਧਰੀ, ਕਰ ਅੰਬੁਜ ਪਰ ਬਾਜ।
ਬਾਜ ਅਰੂਢ ਗਣ ਰਣ ਕਰੈ, ਨਿੰਰਦ ਗ਼ਰੀਬ ਨਿਵਾਜ ॥੭॥
ਭਿਛਕ ਰੱਛਕ ਜਨ ਕਰੇ, ਦਏ ਨਿਵਾਸਨ ਵਾਸ।
ਸਪਤਮ ਗੁਰ ਹਰਿ ਰਾਏ ਜੀ, ਦਾਸਨਿ ਰਿਦੈ ਨਿਵਾਸ ॥੮॥
ਬਾਲ ਸੂਰ ਸਮ ਬਾਲ ਗੁਰ, ਹਰੈ ਦੁਖ ਜਨ ਜਾਲ।
ਪੰਕਜ ਪਦ ਕੋ ਧਯਾਨ ਕਰਿ, ਤਰੈ ਸਕਲ ਨਰ ਬਾਲਿ ॥੯॥
ਤੇਗ ਬਹਾਦੁਰ ਸਤਿਗੁਰੂ, ਰਾਖੀ ਪਤਿ ਹਿੰਦਵੈਨ।
ਬਯਨ ਅਯਨ ਹੈ ਮੋਖ ਕੇ, ਦਰਸਤਿ ਆਵਤ ਚੈਨ ॥੧੦॥
ਪੰਥ ਖਾਲਸਾ ਕੇ ਪਤੀ, ਰਜ ਕਣ ਕੀਨੇ ਬੀਰ।
ਵੈਰੀ ਮਿਤ੍ਰ ਬਿਲੋਕ ਕੇ, ਬਖ਼ਸ਼ਤ ਹੋ ਨਿਜ ਤੀਰ ॥੧੧॥
ਲਾਜ ਰਖੈ ਨਿਜ ਦਾਸ ਕੀ, ਬਾਣੀ ਰੂਪ ਜਹਾਜ਼।
ਉਪਦੇਸ਼ਤਿ ਚਹੁ ਬਰਨ ਕੋ, ਗੁਰੂ ਗ੍ਰੰਥ ਮਹਾਰਾਜ ॥੧੨॥

------

ੴ ਸਤਿਗੁਰ ਪ੍ਰਸਾਦਿ ॥

# ਪੱਛਮੀ ਪ੍ਰਕਾਸ਼

-ਅਰਥਾਤ:

# ਹੋਤੀ ਮਰਦਾਨ ਦਾ ਨੂਰ

# ਪਹਿਲਾ ਭਾਗ

## ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਦੀਆਂ ਜੀਵਨ ਝਲਕਾਂ

### ਅਵਤਰਨ ਬੰਸਾਵਲੀ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੁਖੀ ਮਜ਼ਲੂਮਾਂ ਦੀ ਰੱਖਿਆ ਵਾਸਤੇ, ਧਰਤੀ ਤੋਂ ਪਾਪੀ ਜੀਵਾਂ ਦਾ ਭਾਰ ਉਤਾਰਨ ਲਈ ਪਹਿਲਾਂ ਪੰਜ ਸਰੂਪ ਸ਼ਾਤਮਈ ਧਾਰਨ ਕੀਤੇ। ਪਰ ਜਦੋਂ ਇਹ ਦੇਖਿਆ ਕਿ ਜ਼ਾਲਮ ਸ਼ੇਰ ਤੋਂ ਕੇਵਲ ਵੱਗ ਹੀ ਨਹੀਂ ਬਚਾਉਣਾ ਬਲਕਿ ਸ਼ੇਰ ਦਾ ਵੀ ਉਧਾਰ ਕਰਨਾ ਹੈ। ਜੇ ਉਹ ਬਲੀ ਸ਼ੇਰ ਬਾਗ਼ੀ ਨੂੰ ਹੀ ਆ ਪਵੇ ਉਸ ਸਮੇਂ ਮਾਲਕ ਦਾ ਚੁੱਪ ਕਰਕੇ ਬੈਠਣਾ ਨਹੀਂ ਬਣਦਾ ਸਗੋਂ, "ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ" ਅਨੁਸਾਰ ਮਾਲਕ ਨੂੰ ਪੁਰਸ਼ਾਰਥ ਕਰਨਾ ਪੈਂਦਾ ਹੈ, ਫਿਰ ਤਾਂ ਬਜਾਏ ਸ਼ੇਰ ਦੇ ਮੁਕਾਬਲਾ ਕਰਨ ਦੇ ਕੋਈ ਹੋਰ ਚਾਰਾ ਨਹੀਂ ਰਹਿ ਜਾਂਦਾ।

ਇਸੇ ਤਰ੍ਹਾਂ ਪੰਚਮ ਪਾਤਸ਼ਾਹ ਜੀ ਦੀ ਪਾਵਨ ਸ਼ਹੀਦੀ ਤੋਂ ਪਿਛੋਂ ਛੇਵੇਂ ਪਾਤਸ਼ਾਹ ਜੀ ਮਹਾਰਾਜ ਨੇ ਜ਼ੁਲਮ ਦੇ ਵਿਰੁੱਧ ਤਲਵਾਰ ਉਠਾਈ ਅਤੇ ਗੁਰੂ ਘਰ ਵਿੱਚ ਕੁਝ ਕੁ ਬਾਹਰਲੀ ਤਬਦੀਲੀ ਲੈ ਆਂਦੀ। ਅੰਦਰ ਤਾਂ ਉਹੀ ਭਗਤੀ ਸਹਿਤ ਗਿਆਨ ਦਾ ਉਪਦੇਸ਼ ਦਿੰਦੇ ਰਹੇ। "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ" ਪਰ ਨਾਲ-ਨਾਲ ਆਪਣੇ ਤੇ ਪਰਾਏ ਦੀ ਰੱਖਿਆ ਵਾਸਤੇ ਸ਼ਸ਼ਤਰ ਧਾਰਣ ਕਰਵਾਏ। ਆਪ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਬਾਦਸ਼ਾਹੀ ਠਾਠ ਵਿੱਚ ਰਹਿਣ ਲੱਗੇ। ਫੌਜਾਂ ਦੀ ਭਰਤੀ ਖੋਹਲ ਦਿੱਤੀ। ਨੇਜ਼ਾ ਬਾਜੀ ਤੇ ਗੋਲੀ ਚਲਾਉਣ ਦਾ ਅਭਿਆਸ ਹੋਣ ਲੱਗਾ। ਸਿੱਖ ਘੋੜ ਅਸਵਾਰੀ ਤੇ ਪਰੇਡਾਂ ਕਰਨ ਲੱਗੇ ਤੇ ਸ਼ਿਕਾਰ ਖੇਡਦੇ। ਤੀਰ ਅੰਦਾਜ਼ੀ ਵਿੱਚ ਆਪ ਜੀ ਦਾ ਸਾਨੀ ਹੋਰ ਕੋਈ ਨਹੀਂ ਸੀ। ਸ਼ਾਮ ਦੇ ਦੀਵਾਨ ਵਿੱਚ ਢਾਡੀਆਂ ਤੋਂ ਬੀਰ ਰਸ ਦੀਆਂ ਵਾਰਾਂ ਸੁਣਦੇ, ਜਿਸ ਕਰਕੇ ਸੂਰਮਿਆਂ ਦਾ ਖ਼ੂਨ ਖੌਲਦਾ ਤੇ ਡੌਲੇ ਫਰਕਦੇ।

ਆਪ ਜੀ ਨੇ ਦੇਸ਼ ਰੱਖਿਆ ਵਾਸਤੇ ਵੱਡੇ-ਵੱਡੇ ਚਾਰ ਜੰਗ ਕਰ ਕੇ ਧਰਮ ਦੇ ਵਿਰੋਧੀ ਜ਼ਾਲਮ ਮੁਗਲਾਂ ਦਾ ਨਾਸ਼ ਕੀਤਾ। ਇਉਂ ਆਪ ਜੀ ਦੀ ਵਧ ਰਹੀ ਤਾਕਤ ਨੂੰ ਤੱਕ ਕੇ ਹਕੂਮਤ ਨੂੰ ਖ਼ਤਰਾ ਭਾਸਿਆ, ਜਿਸ ਵਾਸਤੇ ਕੁਝ ਕੁ ਬਹਾਨੇ ਬਣਾਕੇ ਆਪ ਨੂੰ ਅਣਮਿਥੇ ਸਮੇਂ ਲਈ ਗਵਾਲੀਅਰ ਦੇ ਕਿਲ੍ਹੇ ਵਿੱਚ ਭੇਜ ਦਿੱਤਾ ਗਿਆ ਜਿੱਥੇ ਕਿ ਬਵੰਜਾ ਉਮਰ ਕੈਦੀ ਰਾਜਪੂਤ ਰਾਜੇ ਬੰਦ ਸਨ। ਅਖ਼ੀਰ ਨੂੰ ਮੀਆਂ ਮੀਰ ਦੇ ਸਮਝਾਉਣ ਤੇ ਜਹਾਂਗੀਰ ਬਾਦਸ਼ਾਹ ਦੀਆਂ ਅੱਖਾਂ ਖੁੱਲ੍ਹੀਆਂ ਤੇ ਰਾਜ ਮਦ ਦੀ ਮਸਤੀ ਦੂਰ ਹੋਈ ਤਦ ਆਪ ਜੀ ਨੂੰ ਕਿਲ੍ਹੇ ਤੋਂ ਬਾਹਰ ਆਉਣ ਵਾਸਤੇ ਬੇਨਤੀ ਕੀਤੀ। ਉਸ ਸਮੇਂ ਸਤਿਗੁਰਾਂ ਨੂੰ ਲੈਣ ਆਏ ਵਜ਼ੀਰ ਖਾਂ ਵਜ਼ੀਰ ਨੂੰ ਆਪਣਾ ਗ਼ਰੀਬ ਨਿਵਾਜ਼ ਬਿਰਦ ਦਰਸਾਉਂਦਿਆਂ ਹੋਇਆਂ ਗੁਰੂ ਜੀ ਨੇ

ਆਖਿਆ ਕਿ ਜਦੋਂ ਅਸੀਂ ਇਸ ਕਿਲ੍ਹੇ ਵਿੱਚ ਆਏ ਸਾਂ ਤਾਂ ਉਸ ਸਮੇਂ ਉਮਰ ਕੈਦੀ ਰਾਜਿਆਂ ਨੇ ਘਿਘਿਆ ਕੇ ਬੇਨਤੀ ਕੀਤੀ ਸੀ ਕਿ ਮਹਾਰਾਜ! ਹੁਣ ਆਪ ਤੋਂ ਬਿਨਾਂ ਸਾਡਾ ਕੋਈ ਨਹੀਂ। ਲੋਕ ਪਰਲੋਕ ਦੇ ਰਾਖੇ ਹੋ ਕੇ ਆਪ ਹੀ ਸਾਡੀ ਬਹੁੜੀ ਕਰੋ। ਇਸ ਕਰਕੇ ਅਸੀਂ ਇਨ੍ਹਾਂ ਨੂੰ ਬਚਨ ਦੇ ਚੁੱਕੇ ਹਾਂ ਕਿ ਜੇਕਰ ਜਾਵਾਂਗੇ ਤਾਂ ਤੁਹਾਨੂੰ ਨਾਲ ਲੈ ਕੇ ਜਾਵਾਂਗੇ ਨਹੀਂ ਤਾਂ ਅਸੀਂ ਵੀ ਏਥੇ ਹੀ ਰਹਾਂਗੇ। ਸਾਡਾ ਇਹ ਸਦੀਵੀ ਬਿਰਦ ਹੈ।

ਯਥਾ:

ਹਮਰੇ ਸਦਾ ਪ੍ਰਤਗਯਾ ਇਹੀ।
ਸ਼ਰਨਿ ਪਰੇ ਕਹੁ ਤਯਾਗਤਿ ਨਹੀ।
ਜੋ ਨਰ ਆਰਤਿ ਕਹਿ ਇੱਕ ਬੇਰਾ।
ਸ਼੍ਰੀ ਹਰਿਗੋਬਿੰਦ! ਮੈਂ ਅਬਿ ਤੇਰਾ ॥੧੩॥
ਕਯਾ ਗਿਣਤੀ ਹੈ ਇਹਾਂ ਬਚਾਵਨਿ।
ਨਿਕਟ ਨਾ ਦੇਉ ਦੂਤ ਜਮ ਆਵਨਿ।
ਦਾਸ ਜਿਯਤਿ ਕੀ ਰੱਛ ਨਾ ਕਰੈਂ।
ਮ੍ਰਿਤਕ ਭਏ ਕਿਮ ਦੁਖ ਪਰਹਰੈਂ ॥੧੪॥
ਜਨ ਕੀ ਕਰੈ ਕਾਮਨਾ ਪੂਰਨ।
ਸੰਕਟ ਤੇ ਉਭਾਰ ਕਰਿ ਤੂਰਨ।

(ਸ੍ਰੀ ਗੁਰ ਪ੍ਰਤਾਪ ਸੂਰਜ, ਰਾਸ ੪, ਅੰਸੂ ੬੫)

ਤਥਾ: ਮਾਨਸ ਕੀ ਕਹੁ ਕੇਤਕ ਬਾਤ ॥
ਜਮ ਤੇ ਰਾਖੈ ਦੇ ਕਰਿ ਹਾਥ ॥੩॥

(ਪੰਨਾ ੧੧੪੯)

ਜੇਕਰ ਬਾਦਸ਼ਾਹ ਜਹਾਂਗੀਰ ਸਾਡੇ ਕੀਤੇ ਇਸ ਪ੍ਰਣ ਨੂੰ ਪੂਰਾ ਕਰੇ ਤਾਂ ਅਸੀਂ ਚੱਲਦੇ ਹਾਂ, ਨਹੀਂ ਤਾਂ ਫਿਰ ਏਥੇ ਹੀ ਰਹਾਂਗੇ।

ਉਸ ਸਮੇਂ ਗੁਰੂ ਜੀ ਦੀ ਇਹ ਪ੍ਰਤਿੱਗਿਆ ਸੁਣਕੇ ਵਜ਼ੀਰ ਖਾਂ ਵਜ਼ੀਰ ਨੇ ਜੋ ਗੁਰੂ ਘਰ ਦਾ ਪੂਰਨ ਸ਼ਰਧਾਲੂ ਸੀ। (ਕਿਉਂਕਿ ਸੁਖਮਨੀ ਸਾਹਿਬ ਜੀ ਦਾ ਪਾਠ ਪੜ੍ਹਕੇ ਹੀ ਇਸਦਾ ਜਲੋਧਰ ਰੋਗ ਦੂਰ ਹੋਇਆ ਸੀ) ਹੱਥ ਜੋੜੇ ਤੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਇਹ ਮੇਰੇ ਵੱਸ ਦੀ ਗੱਲ ਨਹੀਂ। ਮੈਂ ਬਾਦਸ਼ਾਹ ਪਾਸੋਂ ਆਗਿਆ ਲੈ ਆਉਂਦਾ ਹਾਂ।" ਜਦੋਂ ਵਜ਼ੀਰ ਖਾਂ ਨੇ ਜਹਾਗੀਰ ਬਾਦਸ਼ਾਹ ਨੂੰ ਸਤਿਗੁਰਾਂ ਦਾ ਕੀਤਾ ਪ੍ਰਣ ਸੁਣਾਇਆ ਤਾਂ ਉਸ ਸਮੇਂ ਹੁਸ਼ਿਆਰ ਬਾਦਸ਼ਾਹ ਨੇ ਆਪਣੇ ਮਨ ਵਿਖੇ ਵਿਚਾਰ ਕਰਕੇ ਵਜ਼ੀਰ ਖਾਂ ਨੂੰ ਆਖਿਆ ਕਿ ਜਿਤਨੇ ਰਾਜੇ ਸਤਿਗੁਰਾਂ ਦਾ ਦਾਮਨ ਫੜਕੇ ਕਿਲ੍ਹੇ ਵਿੱਚੋਂ ਬਾਹਰ ਆ ਸਕਦੇ ਹਨ ਆ ਜਾਵਣ, ਬਾਕੀ ਅੰਦਰੇ ਹੀ ਰਹਿਣ।

ਅਰਸ਼ੀ ਦਾਤਾਰ ਨੇ ਵਜ਼ੀਰ ਖਾਂ ਦੀ ਰਸਨਾ ਤੋਂ ਬਾਦਸ਼ਾਹ ਦੇ ਨੀਤੀ ਭਰੇ ਬਚਨ ਸੁਣ ਕੇ ੫੦ ਕਲੀਆ ਵਾਲਾ ਚੋਲਾ ਪਹਿਨਿਆ ਅਤੇ ਦੋ ਛਾਤੀ ਦੀਆਂ ਤਣੀਆਂ ਪਕੜਾ ਕੇ ੫੨ ਕੈਦੀ ਰਾਜੇ ਕਿਲ੍ਹੇ ਚੋਂ ਬਾਹਰ ਕੱਢੇ ਅਤੇ ਬਾਦਸ਼ਾਹ ਤੋਂ ਉਨ੍ਹਾਂ ਦੇ ਰਾਜ ਵਾਪਸ ਦਿਵਾਏ। ਉਸ ਸਮੇਂ ਤੋਂ ਆਪ ਜੀ ਦਾ ਨਾਮ ਬੰਦੀ-ਛੋੜ ਪੈ ਗਿਆ। ਸਾਰੇ ਰਾਜਪੂਤਾਨੇ ਵਿੱਚ ਗੁਰੂ ਜੀ ਦਾ ਜਸ ਹੋਣ ਲੱਗਾ। ਹੋਰ ਰਾਜਪੂਤ ਦੇਸ਼ ਵਾਂਗ ਭਰਤਗੜ੍ਹ ਰਿਆਸਤ ਦੇ ਕਸ਼ੱਤ੍ਰੀ ਵੀ ਗੁਰੂ ਘਰ ਦੇ ਪ੍ਰੇਮੀ ਹੋਏ ਤੇ ਸਹਿਜਧਾਰੀ ਸਿੱਖ ਸਜੇ ਜੋ ਅਕਾਲ ਤਖਤ ਸਾਹਿਬ ਸਤਿਗੁਰਾਂ ਦੀ ਹਜ਼ੂਰੀ ਵਿੱਚ ਦਸਵੰਧ ਦੀ ਮਾਇਆ ਅਰਪਦੇ ਰਹੇ। ਸਮੇਂ ਦੀ ਗ਼ਰਦਸ਼ ਨਾਲ ਇਸ ਰਿਆਸਤ ਦੇ ਵਾਸੀ ਕਈ ਥਾਈਂ ਜਾ ਵਸੇ ਜਿਨ੍ਹਾਂ ਵਿੱਚੋਂ ਇੱਕ 'ਗੰਡਿਓਕ' ਗੋਤ ਦਾ ਘਰਾਣਾ ਜ਼ਿਲ੍ਹਾ ਰਾਵਲਪਿੰਡੀ ਦੇ 'ਕਾਜ਼ੀਆਂ' ਨਗਰ ਵਿੱਚ ਆ ਗਿਆ ਅਤੇ ਇਸ ਘਰ ਵਿੱਚ ਅੱਗੇ ਗੁਰੂ ਘਰ ਦੇ ਪ੍ਰੇਮੀ ਨੇਮੀ ਹੀ ਪੈਦਾ ਹੁੰਦੇ ਰਹੇ।

ਦਸਮ ਪਾਤਿਸ਼ਾਹ ਜੀ ਦੇ ਸਮੇਂ ਇਸ ਇਲਾਕੇ ਚੋਂ ਘਨਾ ਨੰਦ ਨਾਮ ਕਰਕੇ ਇੱਕ ਬ੍ਰਾਹਮਣ ਸਿੱਖ ਹਜ਼ੂਰ ਦੇ ਸ਼ਾਹੀ ਦਰਬਾਰ ਦਾ ਚੌਬਦਾਰ ਸੀ। ਜੋ ਫਿਰ ਅਮ੍ਰਿਤ ਪਾਨ ਕਰਕੇ ਘਨਾ ਸਿੰਘ ਬਣ ਗਿਆ। ਕੁਝ ਕੁ ਸਮਾਂ ਹਜ਼ੂਰੀਆ

ਸੇਵਾਦਾਰ ਹੋ ਕੇ ਸਤਿਗੁਰਾਂ ਦਾ ਗੜਵਈ ਵੀ ਰਿਹਾ ਅਤੇ ਚਵਰ ਬਰਦਾਰੀ ਦੀ ਵੀ ਸੇਵਾ ਕੀਤੀ। ਸਤਿਗੁਰਾਂ ਨੇ ਇਸ ਦੀ ਘਾਲਣਾ ਉੱਤੇ ਪ੍ਰਸੰਨ ਹੋ ਕੇ ਇਸ ਇਲਾਕੇ ਦਾ ਮਸੰਦ ਨੀਯਤ ਕਰ ਦਿੱਤਾ। ਜੋ ਸਿੱਖ ਸੰਗਤਾਂ ਵਲੋਂ ਗੁਰੂ ਘਰ ਦੀ ਕਾਰ ਸੇਵਾ ਉਗਰਾਹ ਕੇ ਲੈ ਆਉਂਦਾ ਅਤੇ ਇਸ ਇਲਾਕੇ ਵਿੱਚ ਗੁਰ ਸਿੱਖੀ ਦਾ ਪ੍ਰਚਾਰ ਕਰਦਾ। ਉਸ ਦੀ ਪ੍ਰੇਰਣਾ ਦਾ ਸਦਕਾ ਉਸ ਸਮੇਂ ਇਸ ਦੇ ਪ੍ਰਚਾਰ ਨਾਲ ਬਹੁਤ ਸਾਰੇ ਇਲਾਕਾ ਨਿਵਾਸੀ ਬੜੇ ਹੀ ਗੁਰੂ ਘਰ ਦੇ ਸ਼ਰਧਾਲੂ ਸਿੱਖ ਬਣੇ। ਵਲੀ ਕੰਧਾਰੀ ਦਾ ਮਾਣ ਤੋੜਨ ਸਮੇਂ ਗੁਰੂ ਨਾਨਕ ਸਾਹਿਬ ਦੇ ਪਾਵਨ ਚਰਨਾਂ ਦੀ ਛੋਹ ਨਾਲ ਨਿਵਾਜਿਆ ਦੇਸ਼ ਮੁੜ ਜਾਗ੍ਰਤ ਵਿੱਚ ਆਇਆ ਅਤੇ ਅਨੰਦਪੁਰ ਨੂੰ ਮੁੜ ਵਹੀਰਾਂ ਘੱਤ ਦਿੱਤੀਆਂ। ਇਸੇ ਨਗਰ ਦਾ ਇੱਕ 'ਅਮਰ ਸਿਹੁੰ' ਨਾਮ ਕਰਕੇ ਬਜ਼ੁਰਗ ਵੀ ਕਲਗੀਆਂ ਵਾਲੇ ਦਾ ਜਸ ਸੁਣ ਕੇ ਅਨੰਦਪੁਰ ਸਾਹਿਬ ਨੂੰ ਆਇਆ। ਪਾਵਨ ਚਰਨਾਂ ਦੀ ਛੋਹ ਪ੍ਰਾਪਤ ਹੋਈ, ਮਨ ਅਰਪ ਦਿੱਤਾ। ਸੇਵਾ ਵਿੱਚ ਜੁੜ ਗਿਆ ਵਸਤਰ ਸਾਫ਼ ਸੀ, ਸੁਚੱਜੇ ਲਿਲਾਰੀ ਨੇ ਨਾਮ ਦੀ ਸੋਹਣੀ ਰੰਗਤ ਚਾੜ੍ਹ ਦਿੱਤੀ।

ਦੁਬਲੇ ਹਿੰਦੁਸਤਾਨ ਨੂੰ ਗ਼ੈਰਾਂ ਤੋਂ ਆਜ਼ਾਦ ਕਰਵਾਉਣ ਲਈ ਅਤੇ ਦੇਸ਼ ਦੀ ਤਕਦੀਰ ਪਲਟਣ ਲਈ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਜੀ ਮਹਾਰਾਜ ਨੇ ਸੰਨ ੧੭੫੬ ਬਿਕ੍ਰਮੀ ਦੀ ਵਿਸਾਖੀ ਨੂੰ ਪੰਜਾਂ ਪਿਆਰਿਆਂ ਦੀ ਚੋਣ ਦੁਆਰਾ ਖੰਡੇ ਦੇ ਅਮ੍ਰਿਤ ਦਾ ਬਾਟਾ ਤਿਆਰ ਕਰਕੇ ਮੁਰਦਾ ਰੂਹਾਂ ਵਿੱਚ ਜਾਨ ਪਾ ਦਿੱਤੀ। ਔਰੰਗਜ਼ੇਬ ਦੇ ਪਾਸ ਖੁਫ਼ੀਆ ਮਹਿਕਮੇ ਨੇ ਦੱਸਿਆ, ਪਹਿਲੇ ਦਿਨ ਵੀਹ ਹਜਾਰ ਪ੍ਰਾਣੀਆਂ ਨੇ ਅਮ੍ਰਿਤ ਛਕਿਆ ਜਿਨ੍ਹਾਂ 'ਚੋਂ ਕਲਗੀਆਂ ਵਾਲੇ ਪਾਤਸ਼ਾਹ ਦੇ ਹੱਥੋਂ ਅਮ੍ਰਿਤ ਛਕਣ ਵਾਲਾ 'ਕਾਜ਼ੀਆਂ' ਨਗਰ ਦਾ ਪ੍ਰੇਮੀ ਵੀ ਸ਼ਾਮਲ ਸੀ। ਹਜ਼ੂਰ ਨੇ ਇਸ ਦਾ ਨਾਮ 'ਅਮਰ ਸਿਹੁੰ' ਤੋਂ (ਪਹਿਲੇ ਰਾਜਪੂਤਾਂ ਦੇ ਨਾਮ ਸਿਹੁੰ ਕਰਕੇ ਹੁੰਦੇ ਸਨ) ਅਮਰ ਸਿੰਘ ਰੱਖਿਆ। ਫਿਰ ਇਸ ਨੂੰ ਇਸ ਇਲਾਕੇ ਦਾ ਪ੍ਰਚਾਰਕ ਨੀਯਤ ਕੀਤਾ ਗਿਆ। ਸਮਾਂ ਪਾ ਕੇ ਇਸ ਦੇ ਘਰ ਬਾਬਾ ਸਹਾਈ ਸਿੰਘ ਜੀ ਨੇ ਜਨਮ ਲਿਆ। ਸਹਾਈ ਸਿੰਘ ਦੇ ਪੁੱਤਰ ਬਾਬਾ ਜੀਵਨ ਸਿੰਘ ਜੀ ਹੋਏ। ਜਦੋਂ ਸਿੱਖਾਂ ਦੇ ਸਿਰਾਂ ਦਾ ਮੁੱਲ ਅੱਸੀ-ਅੱਸੀ ਰੁਪਏ ਪੈਂਦਾ ਸੀ ਉਸ ਸਮੇਂ ਵੀ ਇਸ ਗੁਰਮੁਖ ਘਰਾਣੇ ਨੇ ਸ਼ਾਹੀ ਸੈਨਾ ਤੋਂ ਲੁਕ ਛਿਪ ਕੇ ਦੇਸ਼ ਕੌਮ ਦੇ ਰਾਖੇ ਅਤੇ ਆਜ਼ਾਦੀ ਸ਼ਮ੍ਹਾਂ ਦੇ ਪ੍ਰਵਾਨੇ ਸਿੰਘਾਂ ਦੀ ਤਨ, ਮਨ, ਧਨ ਦੇ ਨਾਲ ਸੇਵਾ ਕੀਤੀ।

ਜਦ ਮਿਸਲਾ ਦਾ ਸਮਾਂ ਆਇਆ ਤਦ ਭੰਗੀਆਂ ਦੀ ਮਿਸਲ ਦੇ ਜਥੇਦਾਰ ਨੇ ਬਾਬਾ ਜੀਵਨ ਸਿੰਘ ਜੀ ਨੂੰ ਇਸ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਇਸੇ ਇਲਾਕੇ ਦੀ ਮਿਸਲ ਦਾ ਜਥੇਦਾਰ ਨਿਯੁਕਤ ਕਰ ਦਿੱਤਾ। ਫਿਰ ਤਾਂ ਇਹ ਬੜੇ ਚਾਅ ਨਾਲ ਦੁਖੀ ਮਜ਼ਲੂਮਾਂ ਤੇ ਗ਼ਰੀਬਾਂ ਦੀ ਦੇਸ਼ ਧ੍ਰੋਹੀ ਜ਼ਾਲਮਾਂ ਪਾਸੋਂ ਰੱਖਿਆ ਕਰਦੇ ਰਹੇ। ਬਾਬਾ ਜੀਵਨ ਸਿੰਘ ਦੇ ਘਰ (ਜਦੋਂ ਕਿ ਅਜੇ ਸਿੱਖ ਰਾਜ ਨਵਾ ਹੀ ਬਣਿਆ ਸੀ) ਬਾਬਾ ਕ੍ਰਿਪਾ ਸਿੰਘ ਜੀ ਨੇ ਜਨਮ ਲਿਆ। ਇਨ੍ਹਾਂ ਦੇ ਅੱਗੋਂ ਤਿੰਨ ਸਪੁੱਤਰ ਹੋਏ।

੧ ਸਤਿਕਾਰਯੋਗ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ।
੨ ਬਾਬਾ ਸਹਿਜ ਸਿੰਘ ਜੀ।
੩ ਬਾਬਾ ਰਾਮ ਸਿੰਘ ਜੀ।

ਬਾਬਾ ਸਹਿਜ ਸਿੰਘ ਜੀ ਤਾ ਛੋਟੀ ਉਮਰੇ ਹੀ ਚੜ੍ਹਾਈ ਕਰ ਗਏ ਸਨ। ਬਾਬਾ ਰਾਮ ਸਿੰਘ ਜੀ ਦੇ ਸਪੁੱਤਰ ਬਾਬਾ ਸੇਵਾ ਸਿੰਘ ਜੀ ਹੋਏ। ਇਨ੍ਹਾਂ ਦੇ ਸਪੁੱਤਰ ਬਾਬਾ ਜੋਧ ਸਿੰਘ ਜੀ ਹਨ ਜੋ ਇਸ ਸਮੇਂ ਆਗਰੇ ਰਹਿੰਦੇ ਹਨ, ਜਿਨ੍ਹਾਂ ਦੇ ਸਪੁੱਤਰ ਸ੍ਰ. ਮਹਿੰਦਰ ਸਿੰਘ ਜੀ ਆਗਰੇ ਨਿਵਾਸ ਰਖਦੇ ਹਨ।

# ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਜੀ ਮਹਾਰਾਜ
# ਹੋਤੀ ਮਰਦਾਨ ਵਾਲਿਆਂ ਦੀ
# -:ਮੁੱਢਲੀ ਬਿੰਦੀ ਬੰਸਾਵਲੀ:-

ਸਰਦਾਰ ਅਮਰ ਸਿੰਘ ਜੀ 'ਗੰਡਿਓਕ' ਗੋਤ ਦੇ ਖੱਤਰੀ

|

ਸਰਦਾਰ ਸਹਾਈ ਸਿੰਘ ਜੀ

|

ਸਰਦਾਰ ਜੀਵਣ ਸਿੰਘ ਜੀ

|

ਬਾਬਾ ਕਿਰਪਾ ਸਿੰਘ ਜੀ

ਬਾਬਾ ਕਰਮ ਸਿੰਘ ਜੀ *ਹੋਤੀ ਮਰਦਾਨ ਵਾਲੇ | ਬਾਬਾ ਸਹਿਜ ਸਿੰਘ | ਬਾਬਾ ਰਾਮ ਸਿੰਘ

ਬਾਬਾ ਰਾਮ ਸਿੰਘ → ਸ: ਸੇਵਾ ਸਿੰਘ ਜੀ

ਸ: ਸੇਵਾ ਸਿੰਘ ਜੀ → ਸ:ਮਹਿੰਦਰ ਸਿੰਘ ਜੀ (ਆਗਰਾ ਨਿਵਾਸੀ)

|

ਸ:ਮਹਿੰਦਰ ਸਿੰਘ ਜੀ (ਦਿੱਲੀ ਨਿਵਾਸੀ)

*ਬਾਬਾ ਜੀ ਦੀਆਂ ਤਿੰਨ ਭੈਣਾਂ ਸਨ

੧. ਬੀਬੀ ਭਾਇਆ ਕੌਰ
੨. ਬੀਬੀ ਅੰਮ੍ਰਿਤ ਕੌਰ
੩. ਬੀਬੀ ਰਤਨ ਕੌਰ

# ਸੰਤ ਸੰਪ੍ਰਦਾਇ ਦੀ ਨਾਦੀ ਬੰਸਾਵਲੀ

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਭਾਈ ਦਇਆ ਸਿੰਘ ਜੀ (ਪੰਜਾਂ ਪਿਆਰਿਆਂ ਦੇ ਮੁੱਖੀ)

ਬਾਬਾ ਸ਼ੋਭਾ ਸਿੰਘ ਜੀ (ਅਨੰਦਪੁਰ ਸਾਹਿਬ ਵਾਲੇ)

ਬਾਬਾ ਸਾਹਿਬ ਸਿੰਘ ਜੀ ਬੇਦੀ (ਊਨਾ ਸਾਹਿਬ ਵਾਲੇ)

ਬਾਬਾ ਭਾਗ ਸਿੰਘ ਜੀ (ਕੁਰੀ ਵਾਲੇ)

ਬਾਬਾ ਬੀਰ ਸਿੰਘ ਜੀ (ਨੌਰੰਗਾਬਾਦ ਵਾਲੇ)

ਬਾਬਾ ਮਹਾਰਾਜ ਸਿੰਘ ਜੀ (ਨੌਰੰਗਾਬਾਦ ਵਾਲੇ) | ਬਾਬਾ ਖ਼ੁਦਾ ਸਿੰਘ ਜੀ (ਲਾਹੌਰ ਵਾਲੇ)

ਬਾਬਾ ਰਾਮ ਸਿੰਘ ਜੀ ਵਿਰੱਕਤ (ਨੌਰੰਗਾਬਾਦ ਵਾਲੇ)

### ਬਾਬਾ ਕਰਮ ਸਿੰਘ ਜੀ ਮਹਾਰਾਜ (ਹੋਤੀ ਮਰਦਾਨ ਵਾਲੇ)

ਬਾਬਾ ਆਇਆ ਸਿੰਘ ਜੀ (ਮਹੰਤ ਹੋਤੀ ਮਰਦਾਨ ਵਾਲੇ) | ਬਾਬਾ ਅਤਰ ਸਿੰਘ ਜੀ (ਰੇਰੂ ਸਾਹਿਬ ਵਾਲੇ) | ਸੰਤ ਗੁਰਦਿੱਤ ਸਿੰਘ ਜੀ (ਨਾਰੰਗਵਾਲ ਵਾਲੇ)

ਬਾਬਾ ਹਰਨਾਮ ਸਿੰਘ ਜੀ (ਜਿਆਣ ਵਾਲੇ)

ਸੰਤ ਅਤਰ ਸਿੰਘ ਜੀ ਘੁਨਸਾਂ ਵਾਲੇ

ਗਿਆਨੀ ਵਰਿਆਮ ਸਿੰਘ ਜੀ ਧੂਰਕੋਟ ਵਾਲੇ

ਸੰਤ ਭਗਵਾਨ ਸਿੰਘ ਜੀ (ਰੇਰੂ ਸਾਹਿਬ ਵਾਲੇ) | ਸੰਤ ਈਸ਼ਰ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਵਾਲੇ) | ਸੰਤ ਕਿਸ਼ਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਵਾਲੇ)

ਸੰਤ ਤੇਜਾ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਵਾਲੇ) ਮੌਜੂਦਾ ਮੁਖੀ

# ਸੰਤ ਸੰਪ੍ਰਦਾਇ ਦਾ ਆਰੰਭ

ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦੋ ਸਾਹਿਬਜ਼ਾਦੇ ਸਨ। ਵੱਡੇ ਬਾਬਾ ਸ੍ਰੀ ਚੰਦ ਜੀ ਜੋ ਉਦਾਸੀਨ ਸੰਪ੍ਰਦਾਇ ਦੇ ਸੰਚਾਲਕ ਸਨ। ਆਪ ਦਾ ਜਨਮ ੧੫੫੧ ਬਿਕ੍ਰਮੀ ਭਾਦੋਂ ਦੀ ਨੌਵੀ ਨੂੰ ਸੁਲਤਾਨ ਪੁਰ ਦੀ ਪਾਵਨ ਧਰਤੀ ਵਿਖੇ ਹੋਇਆ, ਜੋ ਸਾਰੀ ਜ਼ਿੰਦਗੀ ਪਰਮ ਅਵਧੂਤ, ਮਹਾਂ ਤਿਆਗੀ ਤੇ ਬ੍ਰਹਮਚਾਰੀ ਰਹੇ। ਦੂਜੇ ਬਾਬਾ ਲਖਮੀ ਦਾਸ ਜੀ ਸਨ, ਜਿਨ੍ਹਾਂ ਤੋਂ ਗੁਰੂ ਨਾਨਕ ਦੇਵ ਜੀ ਦਾ ਖ਼ਾਨਦਾਨ ਬੇਦੀ ਪ੍ਰਚਲਤ ਹੋਇਆ। ਇਨ੍ਹਾਂ ਦਾ ਜਨਮ ੧੯ ਫੱਗਣ ਸੰਮਤ ੧੫੫੩ ਬਿਕ੍ਰਮੀ ਨੂੰ ਗੁਰੂ ਕੇ ਬਾਗ (ਜੋ ਕਿ ਬੇਬੇ ਨਾਨਕੀ ਜੀ ਦਾ ਘਰ ਸੀ) ਸੁਲਤਾਨ ਪੁਰ ਹੀ ਹੋਇਆ।

ਬਾਬਾ ਲਖਮੀ ਦਾਸ ਜੀ ਦੇ ਘਰ ਸੰਮਤ ੧੬੦੩ ਬਿਕ੍ਰਮੀ ਭਾਦੋਂ ਵਦੀ ਅਸ਼ਟਮੀ (ਜਿਸ ਨੂੰ ਕ੍ਰਿਸ਼ਨ ਅਸਟਮੀ ਵੀ ਕਿਹਾ ਜਾਂਦਾ ਹੈ) ਨੂੰ ਮਾਤਾ ਧਨਵੰਤੀ ਦੀ ਕੁੱਖੋਂ (ਜੋ ਬਟਾਲੇ ਨਗਰ ਤੋਂ ਪ੍ਰੇਮ ਚੰਦ ਖੱਤਰੀ ਦੀ ਸਪੁੱਤਰੀ ਸੀ) ਬਾਬਾ ਧਰਮ ਚੰਦ ਜੀ ਪ੍ਰਗਟੇ।

ਇੱਕ ਸਮੇਂ ਬਾਬਾ ਲਖਮੀ ਦਾਸ ਜੀ ਘੋੜੀ ਤੇ ਅਸਵਾਰ ਹੋ ਕੇ ਬਾਹਰ ਜੰਗਲ ਵਿੱਚ ਸ਼ਿਕਾਰ ਨੂੰ ਗਏ। ਸ਼ਿਕਾਰ ਖੇਲਦਿਆਂ-ਖੇਲਦਿਆਂ ਬੇਅੰਤ ਜੀਵਾਂ ਦਾ ਉਧਾਰ ਕੀਤਾ। ਕੁਝ ਕੁ ਮਰੇ ਹੋਏ ਪੰਛੀ ਘੋੜੀ ਦੀ ਕਾਠੀ ਨਾਲ ਬੰਨ੍ਹ ਕੇ ਡੇਰ੍ਹਾ ਬਾਬਾ ਨਾਨਕ ਨਾਮੇ ਸ਼ਹਿਰ ਨੂੰ ਵਾਪਸ ਆਏ। ਘਰ ਦੇ ਬੂਹੇ ਅੱਗੇ ਬਾਬਾ ਸ੍ਰੀ ਚੰਦ ਜੀ ਸਮਾਧੀ ਵਿੱਚ ਬੈਠੇ ਮਿਲੇ। ਇਨ੍ਹਾਂ ਨੇ ਘੋੜੀ ਤੋਂ ਹੇਠਾਂ ਉੱਤਰ ਕੇ ਬੜੀ ਭਾਵਨਾ ਨਾਲ ਵੱਡੇ ਭਰਾਤਾ ਨੂੰ ਨਮਸਕਾਰ ਕੀਤੀ। ਜਦੋਂ ਰੱਬੀ ਜਲਾਲ ਵਾਲੇ ਨੇਤ੍ਰ ਖੋਹਲ ਕੇ ਬਾਬਾ ਸ੍ਰੀ ਚੰਦ ਜੀ ਨੇ ਘੋੜੀ ਦੀ ਕਾਠੀ ਵੱਲ ਵੇਖਿਆ ਤਾਂ ਕਿਹਾ, "ਭਰਾਤਾ ਜੀ! ਇਹ ਤੁਸਾਂ ਇਤਨੇ ਬੇ-ਗ਼ੁਨਾਹ ਜਾਨਵਰ ਮਾਰੇ ਹਨ, ਅੱਗੇ ਪ੍ਰਮੇਸਰ ਦੀ ਦਰਗਾਹ ਵਿੱਚ ਤੁਹਾਨੂੰ ਲੇਖਾ ਦੇਣਾ ਪਵੇਗਾ।" ਵੱਡੇ ਭਰਾਤਾ ਦਾ ਬਚਨ ਸੁਣਕੇ ਬਾਬਾ ਲਖਮੀ ਦਾਸ ਜੀ ਕਹਿਣ ਲੱਗੇ, "ਅਸੀ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਹਾਂ। ਕੀ ਸਾਨੂੰ ਵੀ ਲੇਖਾ ਦੇਣਾ ਪਏਗਾ"। "ਹਾਂ! ਜ਼ਰੂਰ ਲੇਖਾ ਦੇਣਾ ਪਏਗਾ ਕਿਉਂਕਿ ਗੁਰੂ ਪਿਤਾ ਦਾ ਹੀ ਬਚਨ ਹੈ ਕਿ ਉੱਥੇ ਕਰਮਾਂ ਅਨੁਸਾਰ ਜੀਵ ਦਾ ਛੁਟਕਾਰਾ ਹੁੰਦਾ ਹੈ, ਕਿਸੇ ਦਾ ਲਿਹਾਜ਼ ਨਹੀਂ ਕੀਤਾ ਜਾਂਦਾ।"

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥

(ਪੰਨਾ ੮)

ਉਸ ਸਮੇਂ ਲਖਮੀ ਦਾਸ ਜੀ ਨੇ ਬਾਬਾ ਸ੍ਰੀ ਚੰਦ ਜੀ ਦੇ ਬਚਨ ਸੁਣ ਕੇ ਆਪਣੀ ਰੂਹਾਨੀ ਸ਼ਕਤੀ ਨਾਲ ਸਾਰੇ ਹੀ ਮਰੇ ਹੋਏ ਪੰਛੀ ਉਡਾ ਦਿੱਤੇ ਤੇ ਆਪ ਭਰਾਤਾ ਜੀ ਤੋਂ ਆਗਿਆ ਪਾ ਕੇ ਘਰ ਆ ਗਏ। ਉਪਰੰਤ ਆਪਣੀ ਘਰਵਾਲੀ ਸ੍ਰੀ ਧਨਵੰਤੀ ਤੇ ਪੁੱਤਰ ਧਰਮ ਚੰਦ ਨੂੰ ਨਾਲ ਲੈ ਕੇ ਘੋੜੀ ਤੇ ਅਸਵਾਰ ਹੋਕੇ ਭਰਾਤਾ ਜੀ ਪਾਸ ਪੁੱਜੇ ਤੇ ਕਿਹਾ, "ਚੰਗਾ! ਜੇ ਲੇਖਾ ਦੇਣਾ ਹੀ ਪੈਣਾ ਹੈ ਤਾਂ ਹੁਣੇ ਹੀ ਸਾਰੀਆਂ ਪੁਸ਼ਤਾਂ ਦਾ ਲੇਖਾ ਚੁਕਾ ਦਿੰਦੇ ਹਾਂ"।

ਇਉਂ ਆਖ ਕੇ ਘੋੜੀ ਨੂੰ ਆਕਾਸ਼ ਮਾਰਗ ਦੇ ਰਸਤੇ ਉੱਚੀ ਉਡਾਰੀ ਲਵਾਕੇ ਸਣ-ਦੇਹੇ ਸਚਖੰਡ ਨੂੰ ਚਲੇ ਗਏ। ਉਸ ਸਮੇਂ ਇਨ੍ਹਾਂ ਨੂੰ ਜਾਂਦਿਆ ਵੇਖਕੇ ਬਾਬਾ ਸ੍ਰੀ ਚੰਦ ਜੀ ਨੇ ਵਿਚਾਰ ਕੀਤੀ ਕਿ ਭਰਾਤਾ ਜੀ ਤਾਂ ਹੁਣ ਸਚਖੰਡ ਨੂੰ ਗੁਰੂ ਪਿਤਾ ਜੀ ਦੇ ਪਾਸ ਜਾ ਰਹੇ ਹਨ, ਜਿਥੋਂ ਫੇਰ ਨਹੀਂ ਮੁੜਨਾ ਅਤੇ ਅਸੀਂ ਸ਼ਾਦੀ ਨਹੀਂ ਕਰਵਾਉਣੀ। ਸੰਸਾਰ ਵਿੱਚ ਗੁਰੂ ਪਿਤਾ ਦੀ ਵੰਸ ਕਿਵੇਂ ਕਾਇਮ ਰਹੇਗੀ? ਇਉਂ ਵਿਚਾਰ ਕੇ ਆਪਣੀ ਆਤਮਿਕ ਸ਼ਕਤੀ ਨਾਲ ਚਾਰ ਜੋਜਨ ਭਾਵ ਸੋਲ੍ਹਾਂ ਕੋਹ ਦੀ ਲੰਮੀ ਬਾਂਹ ਕਰਕੇ ਆਪਣੇ ਭਤੀਜੇ ਕਰਮ ਚੰਦ ਨੂੰ ਘੋੜੀ ਤੋਂ ਹੇਠਾਂ ਉਤਾਰ ਲਿਆ। ਉਸ ਸਮੇਂ ਉਸ ਦੀ ਉਮਰ ਢਾਈ ਸਾਲਾਂ ਦੀ ਸੀ। ਪੈਰ ਦੇ ਅੰਗੂਠੇ ਦੁਆਰਾ ਦੁੱਧ ਪਿਲਾਅ ਕੇ ਉਸ ਦੀ ਪਾਲਣਾ ਕੀਤੀ। ਫਿਰ ਭਰ ਜੁਆਨੀ ਵਿੱਚ ਉੱਤਮ ਚੰਦ ਖੱਤਰੀ ਦੀ ਲੜਕੀ ਬੀਬੀ ਲਾਜਵੰਤੀ ਨਾਲ ਉਨ੍ਹਾਂ ਦੀ ਸ਼ਾਦੀ ਕੀਤੀ। ਜਿਨ੍ਹਾਂ ਦੇ ਅੱਗੇ ਮਾਨਕ ਚੰਦ ਤੇ ਮੇਹਰ ਚੰਦ ਦੋ ਸਾਹਿਬਜ਼ਾਦੇ ਹੋਏ। ਇਨ੍ਹਾਂ ਦੇ ਨਾਮ ਤੇ ਡੇਰਾ ਬਾਬਾ ਨਾਨਕ ਦੋ ਬਾਜ਼ਾਰ ਬਣੇ ਹੋਏ ਹਨ ਅਤੇ ਉਨ੍ਹਾਂ ਦੀ ਸੰਤਾਨ ਦਾ ਉੱਥੇ ਵਾਸਾ ਹੈ।

ਮਾਨਕ ਚੰਦ ਦੇ ਘਰ ਦਾਤਾਰ ਚੰਦ ਤੇ ਦਾਤਾਰ ਚੰਦ ਦੇ ਪਹਾੜ ਚੰਦ ਜਨਮੇ। ਪਹਾੜ ਚੰਦ ਦੇ ਘਰ ਹਰਿਕਰਣ ਚੰਦ ਪੈਦਾ ਹੋਇਆ। ਹਰਿਕਰਣ ਚੰਦ ਦੇ ਪੁੱਤਰ ਦਾ ਨਾਮ ਨਿਹਾਲ ਚੰਦ ਜੀ ਸੀ। ਜਿਨ੍ਹਾਂ ਦੇ ਗੁਰੂ ਨਾਨਕ ਦੇਵ ਜੀ ਤੋਂ ਨੌਵੀਂ ਥਾਂ ਬਾਬਾ ਕਲਾਧਾਰੀ ਜੀ ਪ੍ਰਗਟੇ ਜੋ ਕਲਗੀਆਂ ਵਾਲੇ ਪਾਤਸ਼ਾਹ ਜੀ ਦੇ ਸਮੇਂ ਹੋਏ। ਇਨ੍ਹਾਂ ਨੇ ਆਪਣੀ ਰਿਹਾਇਸ਼ ਊਨੇ ਸਾਹਿਬ ਰੱਖੀ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸੰਤਾਨ ਜਾਣ ਕੇ ਇਸ ਬਜ਼ੁਰਗ ਦਾ ਬੜਾ

ਆਦਰ ਕਰਦੇ।

ਊਨੇ ਸਾਹਿਬ ਤੋਂ ਗਿਆਰ੍ਹਾਂ ਮੀਲਾਂ ਦੇ ਫਾਸਲੇ ਤੇ ਅਤੇ ਅਨੰਦਪੁਰ ਸਾਹਿਬ ਤੋਂ ਵੀ ਗਿਆਰ੍ਹਾਂ ਮੀਲਾਂ ਦੀ ਵਿੱਥ ਤੇ ਦੋਹਾਂ ਦੇ ਵਿਚਕਾਰ ਇੱਕ 'ਸਲੋਹ' ਨਾਮ ਦੀ ਜਗ੍ਹਾ ਹੈ, ਉਸ ਥਾਂ ਦੋਹਾਂ ਵਿਅਕਤੀਆਂ ਦਾ ਮਿਲਾਪ ਹੋਇਆ ਕਰਦਾ। ਕਦੀ ਬਾਬਾ ਜੀ ਹਜ਼ੂਰ ਦੇ ਪਹੁੰਚਣ ਤੋਂ ਪਹਿਲਾਂ ਆ ਜਾਂਦੇ ਤੇ ਕਦੀ ਫੌਜਾਂ ਦੇ ਮਾਲਕ ਸਤਿਗੁਰ ਜੀ ਇਨ੍ਹਾਂ ਦੇ ਆਉਣ ਤੋਂ ਪਹਿਲਾਂ ਪੁੱਜਦੇ। ਇਉਂ ਇਹ ਮਿਲਾਪ ਕਾਫ਼ੀ ਸਮਾਂ ਹਰ ਰੋਜ਼ ਹੁੰਦਾ ਰਿਹਾ। ਜਿਸ ਵਿੱਚ ਧਰਮ ਤੇ ਦੇਸ਼ ਦੀ ਰੱਖਿਆ ਵਾਸਤੇ ਡੂੰਘੀਆਂ ਵਿਚਾਰਾਂ ਹੁੰਦੀਆਂ। ਸੇਵਾ ਪੰਥੀ ਸੰਪ੍ਰਦਾਇ ਦੇ ਬਜ਼ੁਰਗ ਕਵੀ ਲਾਲ ਚੰਦ ਜੀ ਨੇ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਦੀ ਜੀਵਨ ਕਥਾ ਨੂੰ ਲਿਖਦਿਆਂ ਹੋਇਆਂ, "ਗੁਰੂ ਜਸ ਹੁਲਾਸ" ਗ੍ਰੰਥ ਦੇ ਆਦਿ ਵਿੱਚ ਕਥਨ ਕੀਤਾ ਹੈ ਕਿ ਸਤਿਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਸਾਰੇ ਹੀ ਸਤਿਗੁਰੂ ਬੇਦੀ ਸਾਹਿਬਜ਼ਾਦਿਆਂ ਦਾ ਬੜਾ ਹੀ ਸਤਿਕਾਰ ਕਰਿਆ ਕਰਦੇ। ਇਨ੍ਹਾਂ ਨੂੰ ਸਾਲ ਤੋਂ ਬਾਅਦ ੫੦੦ ਰੁਪਿਆ, ਕੀਮਤੀ ਦੁਸ਼ਾਲਾ ਤੇ ਇੱਕ ਘੋੜਾ ਗੁਰੂ ਘਰ ਵਲੋਂ ਭੇਜਿਆ ਜਾਂਦਾ।

ਛੇਵੇਂ ਪਾਤਸ਼ਾਹ ਤੱਕ ਬਾਬਾ ਸ੍ਰੀ ਚੰਦ ਜੀ ਦਾ ਸਰੀਰ ਰਿਹਾ। ਉਨ੍ਹਾਂ ਪਾਸ ਭੇਟਾ ਪੁੱਜਦੀ ਰਹੀ। ਉਸ ਤੋਂ ਬਾਅਦ ਹੋਰ ਸਤਿਗੁਰੂ ਜੀ ਬਾਬਾ ਧਰਮ ਚੰਦ ਨੂੰ ਮੰਨਦੇ ਰਹੇ। ਫਿਰ ਬੇਦੀ ਸਹਿਬਜ਼ਾਦੇ ਹਜ਼ੂਰ ਦੇ ਪਾਸ ਜਾ ਕੇ ਆਪਣੀ ਭੇਟਾ ਲੈ ਆਉਂਦੇ। ਬਾਬਾ ਕਲਾਧਾਰੀ ਜੀ ਦੇ ਸਮੇਂ 'ਸਾਹੀਵਾਲ' ਦਾ ਵਾਸੀ ਬਾਲਕ ਰਾਮ ਨਾਮ ਕਰਕੇ ਇੱਕ ਸੁਨਿਆਰਾ ਬੇਦੀਆਂ ਵਾਲਾ ਭੇਸ ਧਾਰਕੇ ਕਲਗੀਆਂ ਵਾਲੇ ਪਾਤਸ਼ਾਹ ਦੇ ਪਾਸ ਅਨੰਦਪੁਰ ਸਾਹਿਬ ਪੁਜਿਆ। ਸੇਲੀ ਟੋਪੀ ਤੇ ਚੋਲਾ ਵੇਖਕੇ ਜਾਣੀ ਜਾਣ ਦਾਤੇ ਨੇ ਭੇਖ ਦੀ ਲਾਜ ਰੱਖੀ, ਪੰਜ ਸੌ ਰੁਪਇਆ, ਘੋੜਾ ਤੇ ਦੁਸ਼ਾਲਾ ਭੇਟ ਕੀਤਾ।

ਜਦੋਂ ਇਹ ਗੁਰੂ ਘਰ ਵਲੋਂ ਭੇਟਾ ਲੈ ਕੇ ਦਰਬਾਰ ਸਾਹਿਬ ਆਇਆ ਤਾਂ ਮਨ ਵਿੱਚ ਬੜਾ ਹੰਕਾਰ ਹੋ ਗਿਆ ਤੇ ਸਿੱਖਾਂ ਨੂੰ ਕਹਿਣ ਲੱਗਾ ਕਿ ਦੇਖੋ ਮੈਂ ਤੁਹਾਡੇ ਗੁਰੂ ਨੂੰ ਠੱਗ ਲਿਆਇਆ ਹਾਂ। ਤੁਸੀਂ ਕਹਿਦੇ ਹੋ ਕਿ ਉਹ ਅੰਤਰਯਾਮੀ ਹਨ। ਪਰ ਮੇਰੇ ਪਖੰਡ ਨੂੰ ਪਹਿਚਾਣ ਨਹੀਂ ਸਕੇ ਕਿ ਮੈਂ ਬੇਦੀ ਨਹੀਂ, ਭੇਖੀ ਹਾਂ। ਇਹ ਸ਼ਰਧਾ ਹੀਣੇ ਬਚਨ ਸਿੱਖ ਕਦੋਂ ਬਰਦਾਸ਼ਤ ਕਰ ਸਕਦੇ ਸਨ। ਸਤਿਗੁਰਾਂ ਪਾਸ ਜਾ ਕੇ ਅਰਜ਼ ਕੀਤੀ। ਮਹਾਰਾਜ ਕਹਿਣ ਲੱਗੇ ਕਿ ਅਸੀਂ ਤਾਂ ਉਸ ਨੂੰ ਪਹਿਲਾਂ ਹੀ ਪਛਾਣ ਗਏ ਸਾਂ, ਪਰ ਭੇਖ ਦੀ ਲਾਜ ਰੱਖੀ ਹੈ। ਹੁਣ ਜਾਉ, ਪਹਿਲਾਂ ਉਸ ਦਾ ਬਾਣਾ ਉਤਾਰ ਦਿਉ, ਫਿਰ ਚੰਗੀ ਤਰ੍ਹਾਂ ਸੁਮੱਤ ਦਿਉ ਕਿ ਗੁਰੂ ਪੀਰ ਅੰਤਰਯਾਮੀ ਹਨ, ਅਲਪੱਗ ਨਹੀਂ।

ਸਤਿਗੁਰਾਂ ਦੇ ਬਚਨਾਂ ਦੀ ਪਾਲਣਾ ਕਰਦੇ ਹੋਏ ਸਿੱਖਾਂ ਨੇ ਉਸੇ ਤਰ੍ਹਾਂ ਹੀ ਕੀਤਾ। ਭੇਖ ਲਾਹ ਕੇ ਚਾਹਟਾ ਛਕਾਉਣਾ ਸ਼ੁਰੂ ਕਰ ਦਿੱਤਾ। ਉਹ ਬੇ ਸਮਝ ਗੁਰੂ ਘਰ ਦੀ ਹੋਰ ਨਿੰਦਿਆ ਕਰਨ ਲੱਗਾ। ਉਸੇ ਸਮੇਂ ਕਈ ਤੇਜ਼ ਸੁਭਾਅ ਵਾਲੇ ਸਿੱਖਾਂ ਨੇ ਉਸ ਨੂੰ ਚੰਗੀ ਤਰ੍ਹਾਂ ਕੁਟਾਪਾ ਚਾੜ੍ਹਿਆ ਤੇ ਉਹ ਸਿੱਖਾਂ ਦੀ ਕੁੱਟ ਨਾਲ ਹੀ ਮਰ ਗਿਆ। ਜਦੋਂ ਇਸ ਗੱਲ ਦਾ ਬਾਬਾ ਕਲਾਧਾਰੀ ਜੀ ਨੂੰ ਪਤਾ ਲੱਗਾ ਤਾਂ ਉਹ ਕੁਝ ਨਾਰਾਜ਼ ਹੋ ਗਏ ਕਿ ਇਨ੍ਹਾਂ ਨੇ ਬੇਦੀ ਬੰਸ ਦੀ ਤੌਹੀਨ ਕੀਤੀ ਹੈ। ਇਸ ਲਈ ਸਤਿਗੁਰਾਂ ਨੂੰ ਮਿਲਣ ਨਾ ਆਏ। ਅੰਤਰਯਾਮੀ ਸਤਿਗੁਰੂ ਨੇ ਦੋ ਤਿੰਨ ਦਿਨ ਉਡੀਕ ਕੇ ਸਿੱਖਾਂ ਨੂੰ ਭੇਜ ਕੇ ਬਾਬਾ ਜੀ ਨੂੰ ਆਪਣੇ ਪਾਸ ਬੁਲਾਇਆ ਅਤੇ ਨਾ ਆਉਣ ਦਾ ਕਾਰਨ ਪੁਛਿਆ। ਉਨ੍ਹਾਂ ਨੇ ਕਿਹਾ, "ਮਹਾਰਾਜ! ਮੈਂ ਕੀ ਆਵਾਂ ਤੁਸੀਂ ਤਾਂ ਹੁਣ ਬੇਦੀਆਂ ਨੂੰ ਹੀ ਮਾਰਨ ਲੱਗ ਪਏ ਹੋ।" ਸਤਿਗੁਰਾਂ ਨੇ ਕਿਹਾ, "ਬਾਬਾ ਜੀ! ਤੁਸੀਂ ਤਾਂ ਭੂਤ ਭਵਿੱਖ ਦੇ ਗਿਆਤਾ ਹੋ। ਧਿਆਨ ਕਰਕੇ ਦੇਖੋ ਤਾਂ ਸਹੀ ਕੀ ਉਹ ਬੇਦੀ ਸੀ? ਉਹ ਤਾਂ ਸਹੀਵਾਲ ਦਾ ਭੇਖੀ ਸੁਨਿਆਰਾ ਸੀ। ਐਵੇਂ ਬੇਦੀਆਂ ਨੂੰ ਲਾਜ ਲਾਉਂਦਾ ਸੀ।"

ਬਾਬਾ ਜੀ ਨੇ ਕਿਹਾ, "ਭਾਵੇਂ ਭੇਖੀ ਸੀ ਪਰ ਭੇਖ ਦਾ ਲਿਹਾਜ ਵੀ ਨਹੀਂ ਕੀਤਾ। ਨਿਰਾਦਰ ਕਰ ਦਿੱਤਾ।" ਹਜ਼ੂਰ ਨੇ ਉੱਤਰ ਦਿੱਤਾ, "ਅਸੀਂ ਤਾਂ ਭੇਖ ਦਾ ਸਤਿਕਾਰ ਕੀਤਾ ਸੀ, ਭੇਖ ਦੇਖ ਕੇ ਹੀ ਭੇਟਾ ਦੇ ਚੁੱਕੇ ਸਾਂ। ਪਰ ਉਹ ਬੇ ਸਮਝ ਹੰਕਾਰੀ ਹੋ ਗਿਆ ਸੀ। ਸਿੱਖਾਂ ਨੇ ਉਸ ਨੂੰ ਕੀਤੀ ਦਾ ਫ਼ਲ ਭੁਗਤਾਉਣ ਵਾਸਤੇ ਪਹਿਲਾ ਭੇਖ ਉਤਾਰ ਲਿਆ ਸੀ। ਭੇਖ ਦੀ ਬੇ-ਅਬਦੀ ਨਹੀਂ ਕੀਤੀ।" ਇਹ ਸੁਣਕੇ ਬਾਬਾ ਜੀ ਕੁਝ ਸ਼ਾਂਤ ਚਿਤ ਹੋਏ।

ਉਪਰੰਤ ਬਹੁਤ ਸਾਰੇ ਪ੍ਰੇਮ ਮਈ ਬਚਨ ਬਿਲਾਸ ਚਲੇ ਤੇ ਫੇਰ ਅਰਜ਼ ਕੀਤੀ, "ਮਹਾਰਾਜ! ਆਪ ਕ੍ਰਿਪਾ ਕਰੋ, ਏਥੇ ਆ ਕੇ ਸਾਡੀ ਬੇਦੀ ਬੰਸ ਰੁਕ ਗਈ ਹੈ, ਇਹ ਅੱਗੇ ਚਲੇ।" ਸਤਿਗੁਰਾਂ ਨੇ ਕਿਹਾ, "ਦੇਖੋ! ਤੇਹਣਾਂ ਤੇ ਭੱਲਿਆਂ ਨੇ ਤਾ ਅੰਮ੍ਰਿਤ ਛਕ ਲਿਆ ਹੈ। ਸੋਢੀ ਵੀ ਅੰਮ੍ਰਿਤਧਾਰੀ ਹਨ ਪਰ ਬੇਦੀਆਂ ਨੇ ਅਜੇ ਤੱਕ ਅੰਮ੍ਰਿਤ ਨਹੀਂ ਛਕਿਆ। ਹੁਣ

ਤੁਸੀਂ ਵੀ ਖੰਡੇ ਬਾਟੇ ਦਾ ਅੰਮ੍ਰਿਤ ਛਕੋ ਜੋ ਅਕਾਲ ਪੁਰਖ ਦੀ ਆਗਿਆ ਨਾਲ ਤਿਆਰ ਕੀਤਾ ਗਿਆ ਹੈ, ਫੇਰ ਤੁਹਾਡੀ ਵੰਸ ਵੀ ਅੱਗੇ ਵਧੇਗੀ।"

ਉਸ ਸਮੇਂ ਬਾਬਾ ਜੀ ਨੇ ਅਰਜ਼ ਕੀਤੀ, "ਮਹਾਰਾਜ! ਮੈਂ ਤੁਹਾਡਾ ਬਚਨ ਮੰਨਕੇ ਆਪਣੇ ਪੁੱਤਰ ਨੂੰ ਅੰਮ੍ਰਿਤ ਛਕਾ ਦੇਵਾਂਗਾ ਪਰ ਆਪ ਇੱਕ ਵਾਰ ਫਿਰ ਬੇਦੀ ਵੰਸ ਵਿੱਚ ਪ੍ਰਗਟ ਹੋਵੋ।"

ਸਤਿਗੁਰਾਂ ਨੇ ਬਚਨ ਕੀਤਾ, "ਜੋ ਤੁਹਾਡਾ ਪੋਤਰਾ ਹੋਵੇਗਾ ਉਹ ਬੜੀ ਕਰਾਮਾਤ ਦਾ ਮਾਲਕ, ਦੇਸ਼ ਪ੍ਰਸਿੱਧ ਤੇ ਮਹਾਂ ਪ੍ਰਤਾਪੀ ਹੋਵੇਗਾ। ਜਿਸ ਦੀ ਸ਼ਕਤੀ ਨਾਲ ਲੱਕੜ ਦੀਆਂ ਤੋਪਾਂ ਵੀ ਚੱਲਣਗੀਆਂ।" ਇਸ ਤਰ੍ਹਾਂ ਦੇ ਬਚਨ ਬਿਲਾਸ ਕਰ ਕੇ ਬਾਬਾ ਕਲਾਧਾਰੀ ਜੀ ਵਾਪਸ ਆ ਗਏ। ਫਿਰ ਉਨ੍ਹਾਂ ਦੇ ਸਪੁੱਤਰ ਬਾਬਾ ਅਜੀਤ ਸਿੰਘ ਜੀ ਨੇ ਅੰਮ੍ਰਿਤ ਪਾਨ ਕੀਤਾ, ਜੋ ਬੜੇ ਸ਼ਕਤੀਸ਼ਾਲੀ ਤੇ ਪ੍ਰਸਿੱਧ ਮਹਾਂ ਪੁਰਖ ਪ੍ਰਗਟ ਹੋਏ। ਉਨ੍ਹਾਂ ਦੇ ਘਰ ਕਲਗੀਆਂ ਵਾਲੇ ਪਾਤਿਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਤੋਂ ੪੮ ਸਾਲ ਬਾਅਦ ਸੰਮਤ ੧੮੧੩ ਬਿਕ੍ਰਮੀ ਚੇਤਰ ਸੁਦੀ ਤੇਰਸ ਨੂੰ ਡੇਰਾ ਬਾਬਾ ਨਾਨਕ ਦੀ ਧਰਤੀ ਵਿਖੇ ਬਾਬਾ ਸਾਹਿਬ ਸਿੰਘ ਜੀ ਦਾ ਅਵਤਰਨ ਹੋਇਆ। ਇਨ੍ਹਾਂ ਨੇ ਊਨੇ ਦੇ ਇਲਾਕੇ ਨੂੰ ਭਾਗ ਲਾਇਆ। ਇਹ ਬੜੇ ਸ਼ਕਤੀ ਵਾਲੇ ਤੇਜ਼ ਪਰਤਾਪੀ ਮਹਾਂ ਪੁਰਸ਼ ਹੋਏ ਇਨ੍ਹਾਂ ਨੇ ਪੰਜਾਂ ਪਿਆਰਿਆਂ ਦੇ ਮੁਖੀ ਭਾਈ ਦਇਆ ਸਿੰਘ ਜੀ ਦੇ ਸ਼ਿਸ ਬਾਬਾ ਸੋਭਾ ਸਿੰਘ ਜੀ ਦੇ ਹੱਥੋਂ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਪਾਨ ਕੀਤਾ ਤੇ ਗੁਰਮੰਤਰ ਲਿਆ ਜਿਸ ਦਾ ਅੱਗੇ ਬਹੁਤ ਪ੍ਰਚਾਰ ਕੀਤਾ।

ਕਲਗੀਆਂ ਵਾਲੇ ਪਾਤਿਸ਼ਾਹ ਤੋਂ ਬਾਅਦ ਹੋਲੇ ਦੇ ਸਮੇਂ ਇਨ੍ਹਾਂ ਪਾਸ ਸੰਗਤਾਂ ਦਾ ਇਤਨਾ ਇਕੱਠ ਜੁੜਿਆ ਕਰਦਾ, ਕਿ ਹੋਲੇ ਦੇ ਸਮੇਂ ਇੱਕ ਦਿਨ ਦਾ ਪੈਂਤੀ ਮਣ ਲੂਣ ਲੰਗਰ ਵਿੱਚ ਖਰਚ ਆਉਂਦਾ ਸੀ। ਅੰਨ ਦਾ ਅੰਦਾਜ਼ਾ ਨਹੀ ਲਗਾਇਆ ਜਾ ਸਕਦਾ ਸੀ। ਇਨ੍ਹਾਂ ਦੀ ਪੋਠੋਹਾਰ ਦੇ ਇਲਾਕੇ ਵਿੱਚ ਬੜੀ ਸਿੱਖੀ ਸੇਵਕੀ ਸੀ।[1] 'ਰਾਵਲਪਿੰਡੀ' ਦੇ ਜਿਲ੍ਹੇ ਤਹਿਸੀਲ ਗੁੱਜ਼ਰਖਾਨ ਵਿੱਚ 'ਕਾਜ਼ੀਆਂ' ਤੋਂ ਅੱਠ ਮੀਲਾਂ ਦੇ ਫਾਸਲੇ ਤੇ ਹੈ। 'ਕੱਲਰ' ਨਗਰ ਵਿੱਚ ਇਹ ਸਾਲ ਦੇ ਸਾਲ ਜਾਂਦੇ। ਇਨ੍ਹਾਂ ਤੋਂ ਹੀ ਕੁਰ੍ਹੀ ਵਾਲੇ ਸੰਤ ਭਾਗ ਸਿੰਘ ਨੇ ਉਪਦੇਸ਼ ਲਿਆ। ਜਿਨ੍ਹਾਂ ਦੇ ਸ਼ਿਸ ਨੌਰੰਗਾਬਾਦੀਏ ਬਾਬਾ ਬੀਰ ਸਿੰਘ ਜੀ ਹੋਏ। ਇਨ੍ਹਾਂ ਦੇ ਚਰਨਾਂ ਵਿੱਚੋਂ ਸੰਤ ਮਹਾਰਾਜ ਸਿੰਘ ਜੀ ਵਰੋਸਾਏ। ਫਿਰ ਉਨ੍ਹਾਂ ਦੇ ਸ਼ਿਸ ਸੰਤ ਰਾਮ ਸਿੰਘ ਜੀ ਵਿਰੱਕਤ ਹੋਏ ਜੋ ਨੌਰੰਗਾਬਾਦੀਏ ਹੀ ਅਖਵਾਉਂਦੇ ਸਨ, ਜਿਨ੍ਹਾਂ ਦੇ ਚਰਨਾਂ 'ਚੋਂ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਵਰੋਸਾਏ।

ਜਦੋਂ ਸ਼੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਕੱਲਰ ਨਗਰ ਵਿੱਚ ਚਰਨ ਪਾਉਂਦੇ ਤਾਂ ਉਸ ਸਮੇਂ ਦੂਰੋਂ-ਦੂਰੋਂ ਆਏ ਪ੍ਰੇਮੀਆਂ ਦੇ ਸਮੇਤ 'ਕਾਜ਼ੀਆਂ' ਪਿੰਡ ਦੀ ਸੰਗਤ ਵੀ ਦਰਸ਼ਨਾਂ ਨੂੰ ਆਇਆ ਕਰਦੀ ਸੀ, ਜਿਨ੍ਹਾਂ ਦੇ ਨਾਲ ਮਾਤਾ ਸੂਬੀ ਕੌਰ ਦੀ ਵੱਡੀ ਭੈਣ ਮਾਤਾ ਕਰਤਾਰ ਕੌਰ ਵੀ ਹੁੰਦੀ ਸੀ।

ਇਨ੍ਹਾਂ ਨੇ ਕਈ-ਕਈ ਦਿਨ ਬਾਬਾ ਜੀ ਪਾਸ ਠਹਿਰ ਕੇ ਲੰਗਰ ਦੀ ਤੇ ਹੋਰ ਗੁਰੂ ਘਰ ਦੀ ਸੇਵਾ ਕਰਨੀ ਤੇ ਬਚਨ ਸੁਣਨੇ। ਜਦੋਂ ਸੰਗਤਾਂ ਨੇ ਮੰਗਾਂ ਮੰਗਣੀਆਂ ਤਾਂ ਇਨ੍ਹਾਂ ਨੇ ਆਪਣੀ ਵਾਰੀ ਅਨੁਸਾਰ ਕਿਸੇ ਨਾ ਕਿਸੇ ਚੀਜ਼ ਵਾਸਤੇ ਅਰਜ ਕਰਨੀ।

---

[1] ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਬਾਬਾ ਸੋਭਾ ਜੀ ਨੂੰ ਭਾਈ ਦਯਾ ਸਿੰਘ ਜੀ ਦੇ ਖ਼ਾਨਦਾਨ ਦੀ ਬੰਸਾਵਲੀ ਵਿੱਚ ਉਨ੍ਹਾਂ ਤੋਂ ਵਰੋਸਾਏ ਲਿਖਿਆ ਹੈ।

# ਸ਼੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਵਲੋਂ ਮਾਤਾ ਸੂਬੀ ਕੌਰ ਨੂੰ ਪੁੱਤਰ ਦਾ ਵਰਦਾਨ

ਇੱਕ ਦਿਨ ਆਪਣੀ ਭੈਣ ਦੇ ਵਿਹੜੇ ਨੂੰ ਸੁੰਨਾ ਜਾਣ ਕੇ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਦੇ ਪਾਸ ਬੇਨਤੀ ਕੀਤੀ, ਕਿ ਗ਼ਰੀਬ ਨਿਵਾਜ਼! ਜੇ ਆਪ ਤਰੁੱਠੇ ਹੋ ਤਾਂ ਕ੍ਰਿਪਾ ਕਰਕੇ ਮੇਰੀ ਭੈਣ ਦੀ ਗੋਦ ਹਰੀ ਕਰੋ, ਕਈਆਂ ਘਰਾਂ ਵਿੱਚ ਕੋਈ ਵੀ ਲੜਕਾ ਨਹੀਂ ਜਿਸ ਘਰ ਵਿੱਚ ਬਾਲਕ ਨਾ ਖੇਡਦਾ ਹੋਵੇ ਉਹ ਘਰ ਤਾਂ ਸੁੰਨਾ ਹੁੰਦਾ ਹੈ। ਗੁਰੂ ਸਾਹਿਬ ਜੀ ਦਾ ਵੀ ਫੁਰਮਾਨ ਹੈ ਕਿ:

ਪੁਤੰੀ ਗੰਢੁ ਪਵੈ ਸੰਸਾਰਿ ॥

(ਪੰਨਾ ੧੪੩)

ਸੰਸਾਰ ਵਿੱਚ ਪੁੱਤਰਾਂ ਨਾਲ ਹੀ ਸੰਪਰਕ ਕਾਇਮ ਰਹਿੰਦਾ ਹੈ। ਇਸੇ ਵਿਚਾਰ ਅਨੁਸਾਰ ਹੀ ਸ੍ਰੀ ਗੁਰੂ ਪੰਚਮ ਪਾਤਿਸ਼ਾਹ ਜੀ ਨੇ ਸ੍ਰੀ ਬਾਬਾ ਬੁੱਢਾ ਜੀ ਪਾਸੋਂ ਪੁੱਤਰ-ਵਰ ਪ੍ਰਾਪਤ ਕੀਤਾ ਸੀ।

ਪੁੱਤਰ ਦੀ ਬਖ਼ਸ਼ਿਸ਼ ਮਹਾਨ ਕ੍ਰਿਪਾ ਸਦਕਾ ਹੀ ਹੁੰਦੀ ਹੈ ਅਤੇ ਪੁੱਤਰ ਹੀ ਜੀਵਨ ਪੰਧ ਲਈ ਇੱਕ ਰੌਸ਼ਨ ਮਿਨਾਰ ਹੁੰਦਾ ਹੈ।

ਛੇਵੇਂ ਪਾਤਿਸ਼ਾਹ ਜੀ ਨੇ ਇੱਕ ਫ਼ਕੀਰ ਦੇ ਪ੍ਰਸ਼ਨ ਵਿੱਚ ਇਹੋ ਹੀ ਉੱਤਰ ਦਿੱਤਾ ਸੀ ਕਿ:

*"ਪੁੱਤਰ ਨਿਸ਼ਾਨ, ਦੌਲਤ ਗੁਜ਼ਰਾਨ, ਇਸਤ੍ਰੀ ਈਮਾਨ"*

ਇਸ ਲਈ:

ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ ॥
ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ॥੩॥

(ਪੰਨਾ ੭੬੧)

ਦੇ ਭਾਵ ਅਨੁਸਾਰ ਜੇ ਕ੍ਰਿਪਾ ਦੇ ਘਰ ਵਿੱਚ ਆਏ ਹੋ ਤਾਂ ਸਾਡੀ ਭੈਣ ਤੇ ਕ੍ਰਿਪਾ ਕਰੋ, ਜੋ ਉਸ ਦੇ ਘਰ ਵਿੱਚ ਵੀ ਵਧਾਈ ਦੀਆਂ ਧੁਨਾਂ ਗੂੰਜਣ ਤੇ ਅੱਗੋਂ ਪਰੰਪਰਾ,

ਵਧੀ ਵੇਲਿ ਬਹੁ ਪੀੜੀ ਚਾਲੀ ॥

(ਪੰਨਾ ੩੯੩)

ਦੀ ਅਵਸਥਾ ਕਾਇਮ ਰਹੇ।

ਪੁੱਤਰਾਂ ਦੀ ਹੋਂਦ ਇੱਕ ਅਲੌਕਿਕ ਬਖ਼ਸ਼ਿਸ਼ ਹੈ ਜਿਵੇਂ ਕਿਸੇ ਮਹਾਂ ਪੁਰਖ ਦਾ ਬਚਨ ਹੈ ਕਿ:

ਪੁੱਤਰ ਜੰਮਦੇ ਹੀ ਬੱਗੇ ਸ਼ੇਰ ਹੁੰਦੇ,
ਬਾਹਾਂ ਹੁੰਦੀਆਂ ਇਹ ਇਨਸਾਨ ਦੀਆਂ।
ਇਹੋ ਹੁੰਦੀਆਂ ਸੱਤਵੇਂ ਪਤਾਲ ਅੰਦਰ,
ਜ਼ਿੰਦਾ ਰਹਿਣ ਲਈ ਜੜ੍ਹਾਂ ਜਹਾਨ ਦੀਆਂ।
ਇਹ ਮਨਮੋਹਣੀਆਂ ਸੂਰਤਾਂ ਪ੍ਰੇਮ ਭਰੀਆਂ,
ਨੀਹਾਂ ਹੁੰਦੀਆਂ ਨੇ ਖਾਨਦਾਨ ਦੀਆਂ।
ਇੱਕ ਦਿਨ ਦੇ ਸੋਹਣੇ ਸਰਦਾਰ ਉਤੇ,
ਆਸਾਂ ਹੁੰਦੀਆਂ ਜ਼ਿਮੀਂ ਅਸਮਾਨ ਦੀਆਂ।

ਸੋ ਸਨਿਮਰ ਪ੍ਰਾਰਥਨਾ ਹੈ ਕਿ ਭੈਣ ਨਾਨਕੀ ਨੂੰ ਪ੍ਰਸੰਨਤਾ ਪ੍ਰਦਾਨ ਕਰਨ ਵਾਲੇ ਸਤਿਗੁਰੂ ਵਾਂਗ ਤੁਸੀਂ ਸਾਡੀ ਭੈਣ ਤੇ ਬਖ਼ਸ਼ਿਸ਼ ਕਰੋ, ਤਾਂ ਕਿ ਉਹ ਵੀ ਕਿਸੇ ਜੀਵਨ ਗਿਣਤੀ ਵਿੱਚ ਅੰਕਿਤ ਹੋ ਸਕੇ।

ਇਸ ਸ਼ਰਧਾ ਤੇ ਨਿੰਮ੍ਰਤਾ ਭਰੀ ਪ੍ਰਾਰਥਨਾ ਨੂੰ ਸੁਣਕੇ ਉਸ ਸਮੇਂ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੇ ਅਰਸ਼ੀ ਦਾਤੇ ਦੇ ਅਗੰਮੀ ਹੁਕਮ ਅਨੁਸਾਰ ਬਚਨ ਕੀਤਾ, "ਕਰਤਾਰ ਕੌਰ! ਤੇਰੀ ਭੈਣ ਦੇ ਘਰ ਬੜਾ ਤੇਜ਼ ਪ੍ਰਤਾਪੀ ਪੂਰਨ

ਮਹਾਂਪੁਰਸ਼ ਪ੍ਰਗਟ ਹੋਵੇਗਾ, ਜਿਸ ਨੂੰ ਹਿੰਦੂ ਅਤੇ ਮੁਸਲਮਾਨ ਦੋਨੋਂ ਕੌਮਾਂ ਮੰਨਣਗੀਆਂ। ਉਹ ਹਿੰਦੁਸਤਾਨ ਦਾ ਸਿਤਾਰਾ ਹੋਵੇਗਾ। ਉਸ ਅੱਗੇ ਚੱਕ੍ਰਵਰਤੀ ਬਾਦਸ਼ਾਹ ਵੀ ਝੁਕਣਗੇ ਤੇ ਗੁਰੂ ਨਾਨਕ ਦੇਵ ਜੀ ਦੇ ਨਾਮ ਨੂੰ ਰੌਸ਼ਨ ਕਰੇਗਾ ਅਤੇ ਇਸ ਸੰਪ੍ਰਦਾਇ ਨੂੰ ਚਾਰ ਚੰਨ ਲਗਾਕੇ ਹੋਰ ਵੀ ਚਮਕਾਏਗਾ। ਅੱਗੇ ਉਸ ਤੋਂ ਵਰੋਸਾਏ ਹੋਏ ਦੁਨੀਆਂ ਦੇ ਤਾਰਕ ਹੋਣਗੇ।"

ਇਸ ਤਰ੍ਹਾਂ ਦੇ ਵਰ ਸੁਣਕੇ ਮਾਤਾ ਕਰਤਾਰ ਕੌਰ ਜੀ ਬੜੇ ਪ੍ਰਸੰਨ ਹੋਏ ਤੇ ਬਾਬਾ ਜੀ ਦੀ ਆਗਿਆ ਪਾ ਕੇ ਘਰ ਆ ਗਏ। ਬਾਬਾ ਕ੍ਰਿਪਾ ਸਿੰਘ ਜੀ ਤੇ ਆਪਣੀ ਭੈਣ ਮਾਤਾ ਸੁਬੀ ਕੌਰ ਅਤੇ ਹੋਰ ਸਾਰੇ ਪਰਿਵਾਰ ਨੂੰ ਇਹ ਖ਼ੁਸ਼ਖ਼ਬਰੀ ਦੱਸੀ। ਜਿਸ ਨੂੰ ਸੁਣਕੇ ਹੋਰ ਸਾਰੇ ਪਰਿਵਾਰ ਦਾ ਮਨ ਚਾਅ ਨਾਲ ਖੇੜੇ ਵਿੱਚ ਆ ਗਿਆ ਤੇ ਲੱਗੇ ਗੁਰੂ ਨਾਨਕ ਦੇਵ ਜੀ ਦਾ ਧੰਨਵਾਦ ਕਰਨ ਕਿ ਧੰਨ ਹਨ ਗੁਰੂ ਨਾਨਕ ਨਿਰੰਕਾਰੀ ਜਿਨ੍ਹਾਂ ਦੇ ਘਰ ਵਿੱਚੋਂ ਇਹ ਦਾਤ ਪ੍ਰਾਪਤ ਹੋਈ ਹੈ:

"ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥"

****************

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਦੀਆਂ

✡ ਜੀਵਨ ਝਲਕਾਂ ✡

# ਕਾਂਡ ਪਹਿਲਾ

## ਪੋਠੋਹਾਰ

ਭਾਗਾਂ ਭਰੀ ਪੋਠੋਹਾਰ ਦੀ ਧਰਤੀ ਨੂੰ ਪੂਰਨ ਮਹਾਂ ਪੁਰਸ਼ਾਂ ਦੀ ਚਰਨ ਛੁਹ ਨੇ ਹੋਰ ਵੀ ਚਾਰ ਚੰਨ ਲਾ ਦਿਤੇ। ਇਸ ਨੇ ਜੁਗ ਪਲਟਾਊ ਹੀਰਿਆਂ ਨੂੰ ਆਪਣੀ ਕੁੱਖ ਵਿੱਚੋਂ ਜਨਮ ਦਿੱਤਾ, ਜਿਨ੍ਹਾਂ ਦੀ ਜਗ੍ਹਾ ਆਪ ਨਿਰੰਕਾਰ ਨੇ ਪਹਿਰਾ ਦੇਕੇ ਇਸ ਧਰਤੀ ਨੂੰ ਸਾਰੇ ਸੰਸਾਰ ਵਿਚ ਪ੍ਰਸਿੱਧ ਕੀਤਾ। ਪਸ਼ੂਆਂ ਲਈ ਖੁਲ੍ਹੀਆਂ ਚਰਾਂਦਾਂ, ਵਹਿੰਦੇ ਚਸ਼ਮੇ, ਸੁਹਾਵਣੇ ਫ਼ਲਾਂ ਦੇ ਲੱਦੇ ਬ੍ਰਿਛ, ਖੁਸ਼ਬੂਦਾਰ ਫੁੱਲਾਂ ਦੀਆਂ ਬਗ਼ੀਚੀਆਂ ਤੁਰੇ ਜਾਂਦੇ ਮੁਸਾਫ਼ਰਾਂ ਦੀ ਥਕਾਵਟ ਨੂੰ ਦੂਰ ਕਰਦੀਆਂ ਤੇ ਆਪਣਾ ਅਨੰਦ ਦਿੰਦੀਆਂ, ਜਿਸ ਕਾਰਣ ਉਨ੍ਹਾਂ ਨੂੰ ਆਪਣੇ ਦੇਸ਼ ਵਾਪਸ ਜਾਣਾ ਹੀ ਭੁੱਲ ਜਾਂਦਾ। ਏਥੋਂ ਦੇ ਪਧਰੇ ਮੈਦਾਨ, ਲਹਿ ਲਹਾਂਦੇ ਹਰੇ ਭਰੇ ਖੇਤ, ਨਿਰਮਲ ਜਲ ਪੂਰਤ ਨਦੀਆਂ ਤੱਕ ਕੇ ਬਾਬਰ ਵਰਗੇ ਬਾਦਸ਼ਾਹ ਨੇ ਇਹ ਕਹਿ ਦਿੱਤਾ:

ਅਗਰ ਫਿਰਦੋਸ਼ ਬਰ ਰੂਏ ਜ਼ਮੀਂ ਅਸਤ।
ਹਮੀ ਅਸਤ, ਹਮੀ ਅਸਤ, ਹਮੀ ਅਸਤ।

ਅਰਥਾਤ: ਜੇਕਰ ਜ਼ਮੀਨ ਉੱਤੇ ਕੋਈ ਬਹਿਸ਼ਤ ਹੈ ਤਾਂ ਇਹੋ ਹੀ ਹੈ, ਇਹੋ ਹੀ ਹੈ, ਇਹੋ ਹੀ ਹੈ।

ਪੂਰਨ ਬ੍ਰਹਮ ਗਿਆਨੀ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਆਪਣੇ ਤਪ ਲਈ ਸਭ ਤੋਂ ਪਹਿਲਾਂ ਇਹੋ ਹੀ ਥਾਂ (ਪਿੰਡ ਕਨੋਹਾ ਵਾਲੀ) ਪਸੰਦ ਕੀਤੀ ਜਿੱਥੇ ਉਨ੍ਹਾਂ ਦਾ ਤਪ ਅਸਥਾਨ ਬਣਿਆ ਹੋਇਆ ਹੈ। ਬਾਬਾ ਸਾਹਿਬ ਸਿੰਘ ਬੇਦੀ ਊਨੇ ਸਾਹਿਬ ਵਾਲਿਆਂ ਦੇ ਵੀ ਬਹੁਤ ਵਾਰੀ ਏਧਰ ਚਰਨ ਪਏ ਅਤੇ ਗੁਰ ਸਿੱਖੀ ਦਾ ਬੀਜ ਬੀਜਿਆ। ਫਿਰ ਕੱਲਰ ਨਗਰ ਦੀਆਂ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਆਪ ਜੀ ਦੇ ਵੱਡੇ ਸਪੁੱਤਰ ਬਾਬਾ ਬਿਸ਼ਨ ਸਿੰਘ ਜੀ ਏਥੇ ਹੀ ਰਹਿੰਦੇ ਰਹੇ ਸਨ। ਜਿਨ੍ਹਾਂ ਦੇ ਪੋਤਰੇ ਅੱਗੇ ਬਾਬਾ ਖੇਮ ਸਿੰਘ ਜੀ ਬੇਦੀ ਹੋਏ। ਇਨ੍ਹਾਂ ਨੇ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਤੋਂ ਅੰਮ੍ਰਿਤ ਪਾਨ ਕਰਕੇ ਨਾਮਣਾ ਪ੍ਰਾਪਤ ਕੀਤੀ। ਸਾਰੀ ਜ਼ਿੰਦਗੀ ਆਪਣੇ ਨਿੱਤ ਨੇਮ ਤੋਂ ਇਲਾਵਾ ੨੫ ਜਪੁਜੀ ਸਾਹਿਬ ਦੇ ਪਾਠ ਰੋਜ਼ ਕਰਦੇ ਰਹੇ। ਗੁਰੂ ਸਬਦ ਦਾ ਅਭਿਆਸ ਵੱਖਰਾ ਹੁੰਦਾ।

# ਜਨਮ ਨਗਰ ਪਿੰਡ ਕਾਜ਼ੀਆਂ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨੂੰ ਛੁਹਿਆ ਦੇਸ਼, ਜਿਸ ਵਿੱਚ ਕੁਝ ਦੂਰੀ ਤੇ ਪੰਜਾ ਸਾਹਿਬ ਦਾ ਪਾਵਨ ਅਸਥਾਨ ਦੂਰ ਬੈਠੇ ਪ੍ਰੇਮੀਆਂ ਦੇ ਮਨਾਂ ਵਿੱਚ ਧੂਹ ਪਾਉਂਦਾ ਹੈ। ਇਸ ਧਰਤੀ ਦੀ ਹਿੱਕ ਤੇ ਬਾਬਾ ਜੀ ਦਾ ਜਨਮ ਅਸਥਾਨ ਹੈ, ਜੋ ਕਿ:

ਰਾਵਲ ਪਿੰਡੀ ਤੋਂ ੩੦ ਮੀਲ ਪਹਾੜ ਵੱਲ।

ਤਹਿਸੀਲ ਗ਼ੁਜ਼ਰਖ਼ਾਨ ਤੋਂ ੬ ਮੀਲ ਪੂਰਬ ਵੱਲ।

ਕੱਲਰ ਨਗਰ ਤੋਂ ੬ ਮੀਲ ਪਹਾੜ ਵੱਲ।

ਕਨੋਹਾ ਤੋਂ ੮ ਮੀਲ ਦੱਖਣ ਵੱਲ।

ਥੰਮਾਲੀ[੨] ਨਗਰ ਤੋਂ ੮ ਮੀਲ।

ਥੋਹਾ ਖਾਲਸਾ[੩] ਤੋਂ ੧੩ ਮੀਲ।

ਚੋਆ ਭਗਤਾਂ ਤੋਂ (ਜੋ ਬ੍ਰਾਹਮਣਾਂ ਦਾ ਨਗਰ ਹੈ) ਅੱਠ ਮੀਲ ਦੀ ਦੂਰੀ ਤੇ ਦੱਖਣ ਵੱਲ ਇੱਕ 'ਕਾਜ਼ੀਆਂ ਨਗਰ' ਹੈ, ਜਿਸ ਨੂੰ ਜ਼ਿਲ੍ਹਾ ਰਾਵਲਪਿੰਡੀ ਤੇ ਤਹਿਸੀਲ ਗ਼ੁਜ਼ਰਖ਼ਾਨ ਲਗਦੀ ਹੈ।

ਭਾਵੇਂ ਇਹ ਸਾਰਾ ਨਗਰ ਬਹੁਤੇ ਮੁਸਲਮਾਨ ਵਸਨੀਕਾਂ ਦਾ ਹੀ ਸੀ, ਹੋਰ ਕੌਮਾਂ ਤੇ ਖੱਤਰੀਆਂ ਦੇ ਘਰ ਘੱਟ ਸਨ, ਪਰ ਮੁਸਲਮਾਨ ਵੀ ਆਸਤਕ ਖ਼ਿਆਲੀ, ਅੱਲਾ ਦੇ ਪਿਆਰੇ, ਹਿੰਦੂਆਂ ਨੂੰ ਸਕੇ ਭਰਾਵਾਂ ਵਾਂਗੂੰ ਜਾਣਦੇ ਸਨ। ਇਨ੍ਹਾਂ ਦੇ ਮਿਸ਼੍ਰਤ ਪੁੰਨਾਂ ਦੇ ਪ੍ਰੇਰੇ ਖੱਤਰੀ ਘਰਾਣੇ ਦੇ ਬਜ਼ੁਰਗ ਬਾਬਾ ਕਿਰਪਾ ਸਿੰਘ ਜੀ ਨੇ ਆਪਣੀ ਸੁਪਤਨੀ ਸ੍ਰੀਮਤੀ ਸੂਬੀ ਕੌਰ ਨਾਲ ਮਿਲਕੇ ਪੁੱਤਰ ਦੇ ਚਾਹਵਾਨ ਹੋ ਕੇ ਪ੍ਰਮੇਸ਼ਰ ਦੀ ਬੰਦਗੀ ਕੀਤੀ। ਇਹ ਮਹਾਨ ਤਪੱਸਵੀ ਜੋੜਾ ਕਈ ਜਨਮਾਂ ਤੋਂ ਇਸੇ ਲਗਨ ਵਿੱਚ ਹੀ ਘੋਰ ਤਪੱਸਿਆ ਕਰਦਾ ਆਇਆ ਸੀ।

---

[੨] ਥੰਮਾਲੀ ਨਗਰ ਕਨੋਹੇ ਤੋਂ ਚੜ੍ਹਦੀ ਵੱਲ ਦੋ ਮੀਲ ਹੈ। ਏਥੇ ਵੀ ਸੰਤ ਰਾਮ ਸਿੰਘ ਜੀ ਨਾਮ ਦੇ ਮਹਾਂਪੁਰਸ਼ ਹੋਏ ਸਨ।
ਸ੍ਰੀ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਹਜ਼ੂਰੀਏ ਸੇਵਾਦਾਰ ਭਾਈ ਰਜਿੰਦਰ ਸਿੰਘ ਜੀ ਏਸੇ ਨਗਰ ਦੇ ਹਨ। ਦਾਸ ਨੂੰ ਇਸ ਇਲਾਕੇ ਦੀ ਵਧੇਰੇ ਜਾਣਕਾਰੀ ਵੀ ਇਨ੍ਹਾਂ ਤੋਂ ਹੀ ਪ੍ਰਾਪਤ ਹੋਈ ਹੈ।

[੩] ਥੋਹਾ ਖਾਲਸਾ 'ਕਾਜ਼ੀਆਂ' ਤੋਂ ੧੩ ਮੀਲ ਹੈ। ਏਥੇ ਇੱਕ ਠਾਕੁਰ ਨਿਹਾਲ ਸਿੰਘ ਜੀ ਨਾਮ ਦੇ ਪੂਰਨ ਮਹਾਂਪੁਰਸ਼ ਹੋਏ ਹਨ, ਜੋ ਕਿ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਸਮੇਂ ਹੀ ਸਨ। ਇਨ੍ਹਾਂ ਦਾ ਅਸਥਾਨ ਗੁਰਦੁਆਰਾ ਦੁਖ ਭੰਜਨੀ ਨਾਮ ਕਰਕੇ ਮਸ਼ਹੂਰ ਹੈ ਜਿਥੇ ਸਲਾਨਾ ਮੇਲਾ ਵੀ ਲੱਗਦਾ ਹੈ।

# ਜਨਮ

ਭਾਗ ਜਾਗੇ ਘਾਲਣਾ ਨੂੰ ਫ਼ਲ ਲੱਗੇ, "ਗੁਰੂ ਨਾਨਕ ਤੁਠਾ ਕੀਨੀ ਦਾਤਿ" ਦੇ ਮਹਾਂਵਾਕ ਅਨੁਸਾਰ ਇਨ੍ਹਾਂ ਦੇ ਘਰ ਸੰਮਤ ੧੯੮੩ ਬਿਕ੍ਰਮੀ[੪] ਦਿਨ ਸੋਮਵਾਰ, ਹਾੜ ਮਹੀਨੇ ਦੀ ਪੁੰਨਿਆ ਵਾਲੀ ਰਾਤ, ਅੰਮ੍ਰਿਤ ਵੇਲੇ ਇੱਕ ਬਾਲਕ ਨੇ ਜਨਮ ਲਿਆ। ਅਚਾਨਕ ਹੀ ਮਕਾਨ ਵਿੱਚ ਚੁਫੇਰੇ ਰੌਸ਼ਨੀ ਹੋ ਕੇ ਫਿਰ ਇੱਕ ਦਮ ਬੰਦ ਹੋ ਗਈ। ਇਉਂ ਪ੍ਰਤੀਤ ਹੋਇਆ ਜਿਵੇਂ ਅਰਸ਼ੀ ਨੂਰ ਹੀ ਸੰਸਾਰ ਤੇ ਪ੍ਰਗਟ ਹੋਇਆ ਹੈ। ਦਾਈ ਬੜੀ ਹੈਰਾਨ ਹੋਈ ਪਰ ਇਸ ਭੇਦ ਨੂੰ ਸਮਝ ਨਾ ਸਕੀ।

ਉਸ ਸਮੇਂ ਬਾਬਾ ਕਿਰਪਾ ਸਿੰਘ ਜੀ ਨੂੰ (ਜੋ ਕਿ ਇਸ਼ਨਾਨ ਕਰਕੇ ਪ੍ਰਭੂ ਸਿਮਰਨ ਵਿੱਚ ਬੈਠੇ ਸਨ) ਬੱਚੇ ਦੇ ਜਨਮ ਦੀ ਵਧਾਈ ਦਿੱਤੀ ਗਈ। ਉਨ੍ਹਾਂ ਨੂੰ ਸੁਣ ਕੇ ਇਤਨੀ ਖ਼ੁਸ਼ੀ ਪ੍ਰਾਪਤ ਹੋਈ ਮਾਨੋਂ ਜਨਮ ਦੇ ਕੰਗਲੇ ਨੂੰ ਨੌ ਨਿੱਧਾਂ ਪ੍ਰਾਪਤ ਹੋ ਗਈਆਂ। ਉਸ ਸਮੇਂ ਬੜੇ ਚਾਅ ਨਾਲ ਉੱਠੇ, ਗੁਰਦੁਆਰੇ ਸਾਹਿਬ ਪੁੱਜੇ। ਮਹਾਰਾਜ ਨੂੰ ਹੱਥ ਜੋੜ ਕੇ ਨਮਸਕਾਰ ਕੀਤੀ ਅਤੇ ਗ੍ਰੰਥੀ ਖੁਸ਼ਹਾਲ ਸਿੰਘ ਜੀ ਪਾਸੋਂ ਕੜਾਹ ਪ੍ਰਸਾਦ ਦੀ ਦੇਗ ਤਿਆਰ ਕਰਵਾ ਕੇ ਬੱਚੇ ਦੀ ਦੀਰਘ ਆਯੂ ਅਤੇ ਕੁਸ਼ਲਤਾ ਲਈ ਅਰਦਾਸ ਕਰਵਾਈ। ਫਿਰ ਘਰ ਆ ਕੇ ਬੜਾ ਪੁੰਨ-ਦਾਨ ਕੀਤਾ। ਜੋ ਵੀ ਮੰਗਣ ਆਇਆ, ਕਿਸੇ ਨੂੰ ਖ਼ਾਲੀ ਨਹੀਂ ਮੋੜਿਆ। ਭੋਲੇ ਪਿਤਾ ਨੂੰ ਕੀ ਪਤਾ ਸੀ ਕਿ ਇਸ ਬਾਲਕ ਦੇ ਬੂਹੇ ਅੱਗੇ ਝੋਲੀ ਅੱਡਣ ਵਾਲਾ ਕੋਈ ਵੀ ਸੱਖਣਾ ਨਹੀਂ ਜਾਵੇਗਾ। ਇਹ ਨੌ ਨਿੱਧੀਆਂ ਦਾ ਦਾਤਾ ਹੋਵੇਗਾ।

---

[੪] ਡਾਕਟਰ ਕਰਮ ਸਿੰਘ ਭੁਪਿੰਦਰਾ ਨੇ ੧੯੬੨ ਅਪ੍ਰੈਲ ਮਹੀਨੇ ਦੇ 'ਮਹਾਨ ਜੀਵਨ' ਨਾਮਕ ਮਾਸਿਕ ਰਸਾਲੇ ਵਿੱਚ ਬਾਬਾ ਕਰਮ ਸਿੰਘ ਜੀ ਮਹਾਰਾਜ ਦਾ ਜੀਵਨ ਲਿਖਦਿਆਂ ਜਨਮ ਦਾ ਸੰਮਤ ੧੯੭੯ ਦਿੱਤਾ ਹੈ।

# ਨਾਮ ਸੰਸਕਾਰ

ਮਾਤਾ ਪਿਤਾ ਨੇ ਬਾਲਕ ਦੀ ਪਾਲਣਾ ਬੜੇ ਚਾਅ ਮਲਾਰ ਨਾਲ ਕੀਤੀ। ਜਦੋਂ ਆਪ ਚਾਲੀ ਦਿਨਾਂ ਦੇ ਹੋਏ, ਆਪਣੇ ਬਜ਼ੁਰਗਾਂ ਦੀ ਮਰਿਯਾਦਾ ਅਨੁਸਾਰ ਬਾਬਾ ਕਿਰਪਾ ਸਿੰਘ ਜੀ ਨੇ ਘਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕਰਵਾਕੇ ਸ੍ਰੀ ਅਖੰਡ ਪਾਠ ਕਰਵਾਇਆ। ਤਿੰਨੇ ਦਿਨ ਬੜਾ ਅਤੁੱਟ ਲੰਗਰ ਵਰਤਦਾ ਰਿਹਾ। ਭੋਗ ਦੇ ਸਮੇਂ ਸਤਿਗੁਰਾਂ ਅੱਗੇ ਅਰਦਾਸ ਕਰਕੇ ਨਾਮ ਸੰਸਕਾਰ ਅਤੇ ਚੋਲਾ ਪਾਇਆ। ਅਰਦਾਸ ਉਪਰੰਤ ਅਰਸ਼ੀ ਹੁਕਮ ਆਇਆ:

ਬਿਲਾਵਲੁ ਮਹਲਾ ੫ ॥
ਕਰੁ ਧਰਿ ਮਸਤਕਿ ਥਾਪਿਆ ਨਾਮੁ ਦੀਨੋ ਦਾਨਿ ॥
ਸਫਲ ਸੇਵਾ ਪਾਰਬ੍ਰਹਮ ਕੀ ਤਾ ਕੀ ਨਹੀ ਹਾਨਿ ॥੧॥
ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ ॥
ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ ॥੧॥ ਰਹਾਉ ॥
ਸਰਣਿ ਪਰੇ ਚਰਣਾਰਬਿੰਦ ਜਨ ਪ੍ਰਭ ਕੇ ਪ੍ਰਾਨ ॥
ਸਹਜਿ ਸੁਭਾਇ ਨਾਨਕ ਮਿਲੇ ਜੋਤੀ ਜੋਤਿ ਸਮਾਨ ॥੨॥

(ਪੰਨਾ ੮੧੭)

ਭਾਈ ਖੁਸ਼ਹਾਲ ਸਿੰਘ ਜੀ ਨੇ (ਜੋ ਗੁਰਦੁਆਰੇ ਦੇ ਗ੍ਰੰਥੀ, ਨਿੱਤ ਨੇਮੀ ਨਾਮ ਅਭਿਲਾਸੀ ਅਤੇ ਹਰਮਨ ਪਿਆਰੇ ਸਨ) ਸ਼ਬਦ ਦੇ ਪਹਿਲੇ ਅੱਖਰ 'ਕ' ਤੋਂ ਬਾਲਕ ਦਾ ਨਾਮ ਕਰਮ ਸਿੰਘ ਰੱਖਿਆ ਅਤੇ ਸੁਭਾਗੀ ਚਿਹਰਾ ਦੇਖ ਕੇ ਆਖਿਆ, "ਇਹ ਪੂਰਨ ਸੰਤ, ਪੰਜਾਬ, ਦੇਸ਼ ਦਾ ਸਿਤਾਰਾ ਹੋਵੇਗਾ"। ਨਗਰ ਦੇ ਮਾਈਆਂ ਭਾਈਆਂ ਵਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਸਨ। ਬਾਲਕ ਦਾ ਸੁੰਦਰ ਸਰੂਪ, ਚਮਕੀਲਾ ਮੱਥਾ, ਹੱਥਾਂ ਦੀ ਰੇਖਾ ਅਤੇ ਜਨਮ ਸਮੇਂ ਨਛੱਤਰਾਂ ਦੀ ਵਿਚਾਰ ਕਰਕੇ ਇੱਕ ਪੰਡਤ ਨੇ (ਜੋ ਇਸੇ ਹੀ ਨਗਰ ਦਾ ਵਸਨੀਕ ਤੇ ਜੋਤਸ਼ੀ ਸੀ) ਕਿਹਾ ਕਿ ਇਹ ਬਾਲਕ ਪੂਰਨ ਤੇਜ਼ ਪ੍ਰਤਾਪ ਵਾਲਾ ਮਹਾਂ ਪੁਰਸ਼ ਬਣੇਗਾ।

ਅਖੰਡ ਪਾਠ ਦੇ ਭੋਗ ਦੀ ਸਮਾਪਤੀ ਉਪਰੰਤ ਬਾਬਾ ਕਿਰਪਾ ਸਿੰਘ ਜੀ ਨੇ ਅਖੰਡ ਪਾਠੀਆਂ, ਜਪੁਜੀ ਪਾਠੀਆਂ, ਸੇਵਾਦਾਰਾਂ ਅਤੇ ਗਰੰਥੀ ਸਿੰਘਾਂ ਨੂੰ ਮਾਇਆ ਅਤੇ ਬਸਤਰ ਭੇਟਾ ਕੀਤੇ। ਹੋਰ ਵੀ ਅਭਿਆਗਤਾਂ ਨੂੰ ਦਾਨ ਦਿੱਤਾ। ਉਪਰੰਤ ਸਾਰਾ ਦਿਨ ਖੁੱਲ੍ਹਾ ਲੰਗਰ ਵਰਤਦਾ ਰਿਹਾ।

# ਮੁੱਢਲੀ ਗੁਰਮਤਿ ਵਿਦਿਆ

ਬਾਲਕ ਅਵਸਥਾ ਵਿੱਚ ਹੀ ਆਪ ਦੀ ਸੂਰਤ ਸਭਨਾਂ ਨੂੰ ਪਿਆਰੀ ਲਗਦੀ। ਹਰ ਸਮੇਂ ਅਲੌਕਿਕ ਮਸਤੀ ਵਿੱਚ ਨੇਤਰ ਅੱਧ ਖੁੱਲ੍ਹੇ, ਮਸਤਕ ਖਿੜਿਆ, ਸ਼ਾਤੀ ਨਾਲ ਭਰਪੂਰ ਚਿਹਰਾ ਸਭਨਾਂ ਦੇ ਮਨਾਂ ਨੂੰ ਮੋਂਹਦਾ। ਆਪ ਬੱਚਿਆਂ ਵਾਂਗੂੰ ਰੋਣਾ ਤੇ ਜ਼ਿਦ ਕਰਨੀ ਤਾਂ ਜਾਣਦੇ ਹੀ ਨਹੀਂ ਸਨ। ਮਾਤਾ ਪਿਤਾ ਦੀਆਂ ਅੱਖਾਂ ਦਾ ਤਾਰਾ ਯਤੀਮਾਂ ਗ਼ਰੀਬਾਂ ਦਾ ਸਹਾਰਾ, ਹਮਜੋਲੀਆਂ ਦਾ ਪਿਆਰਾ, ਭਾਗਾਂ ਵਾਲੇ ਬੱਚਿਆਂ ਨਾਲ ਖੇਡਦਾ ਹੋਇਆ ਕਦੇ ਕਿਸੇ ਨਾਲ ਲੜਿਆ ਨਹੀਂ, ਕਿਸੇ ਨੂੰ ਗਾਲ੍ਹ ਨਹੀਂ ਕੱਢੀ। ਇਉਂ ਪੰਜ ਸਾਲ ਦੀ ਅਵਸਥਾ ਹੋ ਗਈ ਤਾਂ ਬਾਬਾ ਕਿਰਪਾ ਸਿੰਘ ਜੀ ਨੇ ਨਗਰ ਦੇ ਗ੍ਰੰਥੀ ਭਾਈ ਖੁਸ਼ਹਾਲ ਸਿੰਘ ਜੀ ਪਾਸ ਪੰਜਾਬੀ ਪੜ੍ਹਨੇ ਪਾ ਦਿੱਤਾ। ਥੋੜ੍ਹੇ ਦਿਨਾਂ ਵਿੱਚ ਹੀ ਪੈਂਤੀ ਤੇ ਮੁਹਾਰਨੀ ਸਿੱਖ ਲਈ। ਫਿਰ ਨਾਵੇਂ ਪਾਉਣ ਲੱਗ ਪਏ। ਵਿਲੱਖਣ ਬੁੱਧੀ ਜਾਣਕੇ ਭਾਈ ਖੁਸ਼ਹਾਲ ਸਿੰਘ ਜੀ ਨੇ ਪੰਜ ਗਰੰਥੀ ਪੋਥੀ ਤੇ ਲਾ ਦਿੱਤੇ। ਆਪ ਜੀ ਨੇ ਥੋੜ੍ਹੇ ਹੀ ਦਿਨਾਂ ਵਿੱਚ ਜਪੁਜੀ ਸਾਹਿਬ, ਰਹਿਰਾਸ ਅਤੇ ਕੀਰਤਨ ਸੋਹਿਲਾ ਕੰਠ ਕਰ ਲਿਆ, ਜਿਸ ਦਾ ਹਰ ਰੋਜ਼ ਨਿੱਤ ਨੇਮ ਕਰਿਆ ਕਰਦੇ।

ਸਵੇਰੇ ਹੀ ਸੁਵੱਖਤੇ ਜਾਗ ਕੇ ਇਸਨਾਨ ਕਰਨਾ, ਮਾਤਾ ਪਿਤਾ ਨੂੰ ਮੱਥਾ ਟੇਕ ਕੇ ਫਿਰ ਨਿੱਤਨੇਮ ਦਾ ਪਾਠ ਕਰਕੇ ਗੁਰਦੁਆਰੇ ਚਲੇ ਜਾਣਾ। ਮਹਾਰਾਜ ਨੂੰ ਨਮਸਕਾਰ ਕਰਨ ਉਪਰੰਤ ਜੋ ਵੀ ਸੇਵਾ ਹੋਣੀ ਗੁਰਦੁਆਰਾ ਸਾਹਿਬ ਕਰਨੀ। ਗਰੰਥੀ ਸਾਹਿਬ ਦਾ ਅਦਬ ਕਰਨਾ, ਫਿਰ ਪੜ੍ਹਿਆ ਪਾਠ ਸੁਣਾਕੇ ਅੱਗੇ ਹੋਰ ਸੰਥਾ ਲੈਣੀ, ਮਿੱਠਾ ਬੋਲਣਾ ਅਤੇ ਹਰ ਸਮੇਂ ਖ਼ੁਸ਼ ਰਹਿਣਾ। ਘਰ ਆ ਕੇ ਵੀ ਮਾਤਾ ਪਿਤਾ ਦੇ ਹੁਕਮਾਂ ਅਨੁਸਾਰ ਕੰਮ ਕਰਨਾ ਅਤੇ ਰਸਨਾ ਤੋਂ ਬਾਣੀ ਪੜ੍ਹਦੇ ਰਹਿਣਾ।

ਭਾਈ ਖੁਸ਼ਹਾਲ ਸਿੰਘ ਜੀ ਨੇ ਆਪ ਦੀ ਤੀਖਣ ਬੁੱਧੀ ਦੇਖ ਕੇ ਅਰਦਾਸ ਕਰਕੇ ਮਹਾਰਾਜ ਦੇ ਚਰਨੀ ਲਗਾ ਦਿੱਤੇ। ਉਸ ਸਮੇਂ ਇਸ ਇਲਾਕੇ ਦਾ ਰਿਵਾਜ਼ ਸੀ ਕਿ ਜੋ ਵੀ ਬੱਚਾ ਬੱਚੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲੱਗੇ ਤਾ ਮਾਤਾ ਪਿਤਾ ਸ਼ਾਦੀ ਤੋਂ ਵੱਧ ਖ਼ੁਸ਼ੀ ਮਨਾਉਦੇ। ਰਿਸਤੇਦਾਰਾਂ ਨੂੰ ਬਲਾਉਣਾ, ਬਰਾਦਰੀ ਨੂੰ ਰੋਟੀ ਦੇਣੀ। ਧੀਆਂ ਭੈਣਾਂ ਨੂੰ ਕੱਪੜੇ ਅਤੇ ਗ੍ਰੰਥੀ ਸਿੰਘਾਂ ਨੂੰ ਮਾਇਆ ਬਸਤਰ ਭੇਟਾ ਕਰਨੇ। ਭਾਈ ਕਿਰਪਾ ਸਿੰਘ ਜੀ ਨੇ ਵੀ ਇਹ ਸਭ ਕੁਝ ਕੀਤਾ। ਬੜੀਆਂ ਖ਼ੁਸ਼ੀਆਂ ਹੋਈਆਂ। ਆਪ ਜੀ ਸਦਾ ਹੀ ਗੁਰਬਾਣੀ ਦੇ ਪਾਠ ਜਾਂ ਗੁਰਦੁਆਰੇ ਦੀ ਸੇਵਾ ਅਤੇ ਘਰ ਦੇ ਕੰਮ ਕਾਰ ਵਿੱਚ ਹੀ ਸਮਾਂ ਬਤੀਤ ਕਰਦੇ। ਜੋ ਵੀ ਮਾਈ ਭਾਈ ਆਪ ਦੀ ਰਸਨਾਂ ਤੋਂ ਗੁਰਬਾਣੀ ਦਾ ਪਾਠ ਸੁਣ ਲੈਂਦਾ, ਉਹ ਜਿਵੇਂ ਘੰਡਾ ਹੇੜੇ ਦੇ ਸ਼ਬਦ ਉੱਤੇ ਹਿਰਨ ਅਤੇ ਬੀਨ ਤੇ ਸੱਪ ਮਸਤ ਹੋ ਜਾਂਦਾ ਹੈ, ਇਉਂ ਬੱਝ ਕੇ ਖਲੋ ਜਾਂਦਾ ਹੈ। ਮਨ ਦੀ ਸ਼ਾਤੀ, ਜ਼ੁਬਾਨ ਦੀ ਮਿਠਾਸ ਤਾਂ ਜਿਵੇਂ ਧੁਰੋਂ ਹੀ ਆਪ ਜੀ ਦੇ ਵਿਰਸੇ ਵਿੱਚ ਆਈ ਸੀ।

# ਫੌਜ ਵਿੱਚ ਭਰਤੀ ਹੋਣਾ

ਆਪ ਜੀ ਦੀ ਉਮਰ ੧੮ ਸਾਲਾਂ ਦੀ ਹੋ ਗਈ। ਸਿੱਖ ਫੌਜ ਵਿੱਚ ਨੌਕਰੀ ਕਰਨ ਦਾ ਸ਼ੌਕ ਜਾਗਿਆ। ਕਈ ਵਾਰ ਮਾਤਾ ਪਿਤਾ ਤੋਂ ਆਗਿਆ ਮੰਗੀ ਪਰ ਕਿਹੜਾ ਪੱਥਰ ਹਿਰਦਾ ਇਸ ਹੋਣਹਾਰ, ਨੌਨਿਹਾਲ ਅਤੇ ਆਗਿਆਕਾਰ ਪੁੱਤਰ ਨੂੰ ਅੱਖੋਂ ਓਹਲੇ ਕਰ ਸਕਦਾ ਹੈ? ਪਰ ਜਿਉਂ ਤਿਉਂ ਕਰ ਕੇ ਅਖ਼ੀਰ ਨੂੰ ਆਪ ਜੀ ਘਰੋਂ ਚੱਲ ਪਏ ਅਤੇ ਲਹੌਰ ਦੇ ਸ਼ਾਹੀ ਦਰਬਾਰ ਵਿੱਚ ਜਾ ਕੇ ਭਰਤੀ ਹੋ ਗਏ। (ਉਸ ਸਮੇਂ ਖਾਲਸਾ ਰਾਜ ਦਾ ਦੀਵਾ ਟਮ-ਟਮਾਉਂਦਾ ਸੀ, ਭਾਵ ਸਿੱਖ ਰਾਜ ਅੰਤ ਸਮੇਂ ਤੇ ਸੀ) ਬੜੀ ਨੇਕ ਨੀਅਤੀ ਨਾਲ ਸਾਰੇ ਦੱਸੇ ਹੋਏ ਕੰਮਾਂ ਨੂੰ ਕਰਨਾ। ਸਭ ਫੌਜੀਆਂ ਨਾਲ ਸਕੇ ਭਾਈ ਜਾਣ ਕੇ ਮਿਲਾਪ ਰੱਖਣਾ। ਇਉਂ ਆਪ ਜੀ ਨੇ ਥੋੜ੍ਹੇ ਹੀ ਦਿਨਾਂ ਵਿੱਚ ਰੰਗਰੂਟੀ ਕਰ ਲਈ। ਫਿਰ ਅੰਮ੍ਰਿਤ ਪਾਨ ਕਰਵਾਇਆ ਗਿਆ।

# ਅੰਮ੍ਰਿਤ ਪਾਨ ਤੇ ਗੁਰਦੀਖਿਆ

ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ, (ਜੋ ਖਾਲਸਾ ਪੰਥ ਅਤੇ ਸਿੱਖ ਫੌਜਾਂ ਵਿੱਚ ਬੜੇ ਪ੍ਰਸਿੱਧ ਸਨ, ਜਿਨ੍ਹਾਂ ਨੂੰ ਉਸ ਸਮੇਂ ਰਾਜ ਗੁਰੂ ਹੋਣ ਦਾ ਮਾਣ ਪ੍ਰਾਪਤ ਸੀ) ਉਨ੍ਹਾਂ ਤੋਂ ਵਰੋਸਾਏ ਹੋਏ ਸੰਤ ਬਾਬਾ ਮਹਾਰਾਜ ਸਿੰਘ ਜੀ ਜੋ ਉਨ੍ਹਾਂ ਤੋਂ ਬਾਅਦ ਡੇਰੇ ਦੇ ਮਹੰਤ ਬਣੇ, ਅੱਗੇ ਉਨ੍ਹਾਂ ਦੇ ਸ਼ਿਸ਼ ਸੰਤ ਬਾਬਾ ਰਾਮ ਸਿੰਘ ਜੀ ਤੋਂ ਅੰਮ੍ਰਿਤ ਪਾਨ ਕੀਤਾ ਅਤੇ ਗੁਰ ਮੰਤਰ ਦਾ ਅਭਿਆਸ ਸਿੱਖਿਆ।

ਸਿੱਖ ਰਾਜ ਸਮੇਂ ਬਾਬਾ ਬੀਰ ਸਿੰਘ ਜੀ ਮਹਾਰਾਜ ਨੂੰ ਲਾਹੌਰ ਦੇ ਸ਼ਾਹੀ ਦਰਬਾਰ ਵਲੋਂ ਪੂਰਨ ਮਾਣ ਸਨਮਾਨ ਪ੍ਰਾਪਤ ਹੋਇਆ ਸੀ। ਉਸ ਸਮੇਂ ਜੋ ਵੀ ਸਿੱਖ ਫੌਜੀ ਖਾਲਸਾ ਫੌਜ ਵਿੱਚ ਭਰਤੀ ਹੁੰਦਾ ਉਸ ਨੂੰ ਨੌਰੰਗਾਬਾਦ ਅੰਮ੍ਰਿਤ ਛਕਾਇਆ ਜਾਂਦਾ। ਇਹ ਮਰਿਯਾਦਾ ਸਿੱਖ ਰਾਜ ਦੇ ਅੰਤ ਤੱਕ ਨਿਭਦੀ ਰਹੀ। ਪਹਿਲਾਂ ਬਾਬਾ ਬੀਰ ਸਿੰਘ ਜੀ ਮਹਾਰਾਜ ਸਾਰੇ ਫੌਜੀਆਂ ਨੂੰ ਆਪਣੇ ਹੱਥੀ ਅੰਮ੍ਰਿਤ ਛਕਾਉਂਦੇ ਰਹੇ, ਫਿਰ ਇਹ ਸੇਵਾ ਆਪਣੇ ਉੱਤਰਾ ਅਧਿਕਾਰੀ ਬਾਬਾ ਮਹਾਰਾਜ ਸਿੰਘ ਜੀ ਨੂੰ ਸੌਂਪ ਦਿੱਤੀ। ਉਨ੍ਹਾਂ ਤੋਂ ਬਾਅਦ ਪੂਰਨ ਬ੍ਰਹਮ ਗਿਆਨੀ ਬਾਬਾ ਰਾਮ ਸਿੰਘ ਜੀ ਮਹਾਰਾਜ ਇਸ ਸੇਵਾ ਨੂੰ ਨਿਭਾਉਂਦੇ ਰਹੇ। ਜਿਨ੍ਹਾਂ ਦੇ ਪਾਵਨ ਚਰਨਾਂ ਵਿੱਚ ਹਾਜ਼ਰ ਹੋ ਕੇ ਬਾਬਾ ਕਰਮ ਸਿੰਘ ਜੀ ਨੇ ਅਮ੍ਰਿਤ ਪਾਨ ਕੀਤਾ ਤੇ ਗੁਰਮੰਤਰ ਲਿਆ। ਕਾਰਨ ਦੇ ਗੁਣ ਹੀ ਕਾਰਜ ਵਿੱਚ ਆਉਣੇ ਸਨ। ਪਹਿਲੀ ਨਦਰ ਹੀ ਨਿਹਾਲ ਕਰ ਗਈ। ਅੰਤਰ ਆਤਮੇ ਹਰ ਸਮੇਂ ਜਾਪ ਨੂੰ ਜਪਦੇ ਰਹਿਣਾ। ਪ੍ਰੇਮ ਰੂਪੀ ਤੇਲ, ਬ੍ਰਿਤੀ ਰੂਪੀ ਬੱਤੀ ਤੇ ਹਿਰਦੇ ਦੀ ਸਫ਼ਾਈ ਰੂਪੀ ਠੂਠੀ ਮੌਜੂਦ ਸੀ। ਕੇਵਲ ਗਿਆਨ ਦੇ ਪ੍ਰਕਾਸ਼ ਦੀ ਹੀ ਲੋੜ ਸੀ, ਸਿੱਖਿਆ ਰੂਪੀ ਤੀਲੀ ਲਾਈ, ਅੰਤਰ-ਆਤਮੇ ਨਾਮੀ ਵਿੱਚ ਸੁਰਤ ਜੁੜ ਗਈ।

ਫਿਰ ਥੋੜ੍ਹੇ ਹੀ ਸਮੇਂ ਪਿਛੋਂ ਪੰਜਾਬ ਦਾ ਰਾਜ ਅੰਗਰੇਜ਼ਾਂ ਦੇ ਹੱਥ ਵਿੱਚ ਆ ਗਿਆ। ਆਪਣਾ ਪ੍ਰਬੰਧ ਕਾਇਮ ਕਰਕੇ ਸਿੱਖਾਂ ਦੀ ਬਹਾਦਰੀ ਤੇ ਸੂਰਬੀਰਤਾ ਦੇਖਕੇ ਦਬਾ-ਦਬ ਸਿੱਖਾਂ ਦੀ ਭਰਤੀ ਲੈਣ ਲੱਗ ਪਏ। ਆਪ ਜੀ ਨੂੰ ਸੁੰਦਰ ਜੁਆਨ ਜਾਣਕੇ ਗਾਇਡ ਪਲਟਣ ਵਿੱਚ ਲਗਾ ਲਿਆ। ਅੰਗਰੇਜ਼ ਬੜਾ ਸਿਆਣਾ ਸੀ। ਆਪ ਜੀ ਨੂੰ ਹਰ ਕੰਮ ਵਿੱਚ ਹੁਸ਼ਿਆਰ, ਆਗਿਆਕਾਰੀ, ਅਤੇ ਬਾਕੀ ਜੁਆਨਾਂ ਤੇ ਪ੍ਰਭਾਵ ਪਾਉਣ ਵਾਲਾ ਦੇਖਕੇ, ਅਫਸਰਾਂ ਨੇ ਮੇਜਰ ਹੌਲਦਾਰੀ ਦੇ ਰੈਂਕ ਤੇ ਨੀਯਤ ਕਰ ਦਿੱਤਾ। ਫੌਜ ਦੇ ਸਾਰੇ ਸਿੱਖ ਸਰਦਾਰ ਆਪ ਜੀ ਦਾ ਬੜਾ ਮਾਣ ਸਤਿਕਾਰ ਕਰਦੇ ਸਨ।

ਸਿੱਖ ਵੀਰਾਂ ਨੂੰ ਸਵੇਰੇ ਜਗਾਉਣਾ, ਇਸਨਾਨ ਕਰਵਉਣਾ, ਗੁਰਬਾਣੀ ਦੇ ਕੀਰਤਨ ਅਤੇ ਗੁਰੂ ਘਰ ਦੀ ਸੇਵਾ ਦਾ ਉਪਦੇਸ਼ ਕਰਨਾ। ਆਪ ਦੀ ਸੰਗਤ ਨੇ ਸਭਨਾਂ ਫੌਜੀਆਂ ਨੂੰ ਆਸਾ ਜੀ ਦੀ ਵਾਰ ਦਾ ਕੀਰਤਨ, ਸਾਮੀਂ ਰਹਿਰਾਸ, ਰਾਤੀਂ ਕੀਰਤਨ ਸੋਹਿਲਾ ਪੜ੍ਹਨ ਦਾ ਨਿੱਤਨੇਮੀ ਬਣਾਇਆ। ਅੰਗਰੇਜ਼ ਸਿੱਖਾਂ ਨੂੰ ਨਿੱਤ ਨੇਮੀ ਤੇ ਰਹਿਤ ਵਾਲੇ ਜਾਣਕੇ ਬੜਾ ਖ਼ੁਸ਼ ਹੁੰਦਾ ਸੀ। ਆਪ ਜੀ ਨੂੰ ਜਦੋਂ ਤਨਖਾਹ ਮਿਲਣੀ, ਸਭਨਾਂ ਤੋਂ ਯਥਾ ਸ਼ਕਤ ਗੁਰਦੁਆਰੇ ਦੇ ਫੰਡ ਵਾਸਤੇ ਮਾਇਆ ਜਮ੍ਹਾਂ ਕਰਾਉਣੀ ਅਤੇ ਆਪ ਵੀ ਦੇਣੀ, ਜਿਸ ਵਿੱਚੋਂ ਗੁਰਪੁਰਬ ਮਨਾਉਣਾ, ਗੁਰਦੁਆਰੇ ਦਾ ਸਾਮਾਨ ਬਨਾਉਣਾ ਤੇ ਹੋਰ ਨੇਕ ਕੰਮਾਂ ਵਿੱਚ ਖਰਚ ਕਰਨਾ। ਫੌਜ ਦੇ ਗ੍ਰੰਥੀ ਨਾਲ ਆਪ ਜੀ ਦਾ ਅਤਿਅੰਤ ਪਿਆਰ ਪੈ ਗਿਆ ਸੀ। ਉਸ ਨਾਲ ਮਿਲ ਕੇ ਗੁਰੂ ਘਰ ਦੀ ਹੱਥੀਂ ਸੇਵਾ ਕਰਨੀ। ਫਿਰ ਆਪਣਾ ਨਿੱਤ ਨੇਮ ਕਰਨਾ। ਡਿਊਟੀ ਤੋਂ ਖ਼ਾਲੀ ਸਮਾਂ ਇਕਾਂਤ ਵਿੱਚ ਜਾ ਕੇ ਭਜਨ ਵਿੱਚ ਬਤੀਤ ਕਰਨਾ ਜਾ ਭਾਈ ਖੁਸ਼ਹਾਲ ਸਿੰਘ ਦੀ ਧਰਮਸ਼ਾਲਾ ਵਿੱਚ ਜਾ ਕੇ ਕੀਰਤਨ ਕਰਨਾ, ਇਹ ਹਰ ਰੋਜ਼ ਦਾ ਨਿਯਮ ਸੀ। ਸਮੇਂ ਸਿਰ ਫੌਜ ਦੀ ਡਿਊਟੀ ਵੀ ਦੇਣੀ ਤੇ ਅਸਲੀ ਡਿਊਟੀ ਜਾਣਕੇ ਸਿਮਰਨ ਦਾ ਟਾਇਮ ਵੀ ਨਹੀਂ ਖੁੰਝਣ ਦੇਣਾ।

ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ ॥ (ਪੰਨਾ ੩੧੪)

ਇਉਂ ਗੁਰ ਸ਼ਬਦ ਦਾ ਅਭਿਆਸ ਅਤੇ ਨੇਕ ਨੀਤੀ ਨਾਲ ਗੌਰਮਿੰਟ ਦੀ ਨੌਕਰੀ ਕਰਦਿਆਂ ਦਿਨ-ਬਦਿਨ ਆਪ ਜੀ ਦੀ ਸੋਭਾ ਹੋਣ ਲੱਗੀ।

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ (ਪੰਨਾ ੧੩੬)

ਸਰਕਾਰੀ ਅਫਸਰ ਅਤੇ ਸਿੱਖ ਫੌਜੀ ਆਪ ਜੀ ਨੂੰ ਭਾਈ ਕਰਮ ਸਿੰਘ ਜੀ ਦੀ ਥਾਂ ਸੰਤ ਕਰਮ ਸਿੰਘ ਆਖ ਕੇ ਬਲਾਉਣ ਲੱਗ ਪਏ।

# ਸੰਤ ਲਾਲ ਸਿੰਘ ਜੀ ਦਾ ਮਿਲਾਪ

ਨੌਕਰੀ ਕਰਦਿਆਂ ਅਜੇ ਕੁਝ ਕੁ ਹੀ ਸਮਾਂ ਹੋਇਆ ਸੀ। ਜਦ ਕੈਮਲ ਪੁਰ ਜ਼ਿਲ੍ਹੇ ਦੇ ਗੰਗਾਵਾਲੀ ਪਿੰਡ ਦਾ ਇੱਕ ਲਾਲ ਸਿੰਘ ਨਾਮੀਂ ਪ੍ਰੇਮੀ ਭਰਤੀ ਹੋਣ ਵਾਸਤੇ ਆਇਆ। ਜਦੋਂ ਅਫਸਰ ਦੇ ਸਾਹਮਣੇ ਆਇਆ ਬੜਾ ਸੁੰਦਰ ਜਵਾਨ ਅਤੇ ਪੂਰਾ ਕੱਦ, ਦੇਖ ਕੇ ਭਰਤੀ ਅਫਸਰ ਨੇ ਪਸੰਦ ਕੀਤਾ। ਫਿਰ ਡਾਕਟਰੀ ਵਿੱਚੋਂ ਵੀ ਪਾਸ ਹੋ ਗਿਆ। ਸਾਹਬ ਨੇ ਆਖਿਆ, "ਤੂੰ ਆਪਣਾ ਕੋਈ ਜ਼ਮਾਨਤੀ ਦੇ ਜੋ ਸਾਨੂੰ ਅਤੇ ਤੈਨੂੰ ਜਾਣਦਾ ਹੋਵੇ।" ਇਹ ਸੋਚ ਕੇ ਭਾਈ ਲਾਲ ਸਿੰਘ ਚਿੰਤਾਤੁਰ ਹੋ ਗਿਆ। ਵਾਕਫ਼ੀ ਕਿਸੇ ਨਾਲ ਹੈ ਨਹੀਂ, ਬਿਨਾਂ ਜ਼ਮਾਨਤੀ ਇਹ ਭਰਤੀ ਨਹੀਂ ਕਰਦੇ। ਇਨ੍ਹਾਂ ਦਲੀਲਾਂ ਵਿੱਚ ਸਾਹਬ ਦੇ ਪਾਸੋਂ ਬਾਹਰ ਆਇਆ। ਫ਼ਿਕਰ ਪੈ ਗਿਆ ਕੀ ਕਰੀਏ? ਇਤਨੇ ਨੂੰ ਉਸ ਪਾਸ ਬਾਬਾ ਕਰਮ ਸਿੰਘ ਜੀ ਆਏ। ਇਸਨੇ ਫਤਿਹ ਬੁਲਾਈ। ਆਪਸ ਵਿੱਚ ਜਾਣਦੇ ਨਹੀਂ ਸਨ। ਨਾ ਹੀ ਸੰਤਾਂ ਨੇ ਪੁੱਛਿਆ ਕਿ ਤੂੰ ਕਿਸ ਪਿੰਡ ਦਾ ਹੈ? ਬਾਬਾ ਕਰਮ ਸਿੰਘ ਜੀ ਨੇ ਇਹੋ ਹੀ ਪੁਛਿਆ, "ਕੀ ਗੱਲ ਹੈ। ਕਿਉਂ ਉਦਾਸ ਖੜ੍ਹਾ ਹੈਂ?" ਅਰਜ਼ ਕੀਤੀ ਕਿ ਭਰਤੀ ਹੋਣ ਵਾਸਤੇ ਆਇਆ ਸਾਂ ਸਾਹਬ ਜ਼ਮਾਨਤ ਮੰਗਦਾ ਹੈ, ਏਥੇ ਮੇਰਾ ਕੋਈ ਵਾਕਫ ਨਹੀਂ, ਕੀ ਕਰਾਂ?

ਦੁਖੀਆਂ ਦੇ ਦਰਦੀ ਸੰਤ ਜੀ ਨੇ ਬਚਨ ਕੀਤਾ, "ਚਲੋ ਅਸੀਂ ਤੇਰੀ ਜ਼ਮਾਨਤ ਦਿੰਦੇ ਹਾਂ।" ਦੋਵੇਂ ਸਾਹਬ ਦੇ ਦਫਤਰ ਗਏ। ਸੰਤ ਜੀ ਨੇ ਅਫਸਰ ਨੂੰ ਆਖਿਆ ਕਿ ਤੁਸੀਂ ਇਸ ਨੂੰ ਭਰਤੀ ਕਰ ਲਉ, ਇਹ ਭਾਈ ਲਾਲ ਸਿੰਘ ਜੀ ਵਫ਼ਾਦਾਰੀ ਨਾਲ ਨੌਕਰੀ ਕਰੇਗਾ, ਮੈਂ ਜ਼ਮਾਨਤ ਦਿੰਦਾ ਹਾਂ। ਸਾਹਬ ਬੜਾ ਖ਼ੁਸ਼ ਹੋਇਆ ਅਤੇ ਭਾਈ ਲਾਲ ਸਿੰਘ ਜੀ ਨੂੰ ਭਰਤੀ ਕਰ ਲਿਆ।

ਤਦ ਤੋਂ ਭਾਈ ਲਾਲ ਸਿੰਘ ਜੀ ਸੰਤਾਂ ਦਾ ਬੜਾ ਉਪਕਾਰ ਮੰਨਣ ਲੱਗਾ। ਅੰਮ੍ਰਿਤ ਛਕ ਕੇ ਸੇਵਕ ਰੂਪ ਵਿੱਚ ਸੰਤਾਂ ਦੇ ਨਾਲ ਹੀ ਗੁਰ ਸ਼ਬਦ ਦਾ ਅਭਿਆਸ ਕਰਦਾ, ਜਿਵੇਂ ਬਹੁਤ ਜਨਮਾਂ ਦੇ ਵਾਕਫ਼ ਹੁੰਦੇ ਹਨ, ਐਸਾ ਪਿਆਰ ਪੈ ਗਿਆ। ਜਿੱਥੇ ਜਾਣਾ ਦੋਹਾਂ ਇਕੱਠਿਆਂ ਹੀ ਜਾਣਾ। ਨਾਲ ਰਹਿ ਕੇ ਨਿੱਤ ਨੇਮ, ਗੁਰਦੁਆਰੇ ਦੀ ਸੇਵਾ ਤੇ ਨੌਕਰੀ ਇਕੱਠਿਆਂ ਕਰਨੀ। ਸੰਤ ਕਰਮ ਸਿੰਘ ਜੀ ਦੀ ਸੰਗਤ ਨੇ ਇਨ੍ਹਾਂ ਨੂੰ ਵੀ ਸੰਤ ਬਣਾ ਦਿੱਤਾ, ਜਦ ਤੱਕ ਫੌਜ ਵਿੱਚ ਰਹੇ ਇਕੱਠੇ ਹੀ ਰਹੇ। ਜਦੋਂ ਨਾਵਾਂ ਕਟਵਾਇਆ ਇਕੱਠੇ ਹੀ ਆਏ। ਇਉਂ ਨੌਕਰੀ ਕਰਦਿਆਂ ਕਾਫ਼ੀ ਸਮਾਂ ਲੰਘ ਗਿਆ।

# ਦਿੱਲੀ ਦਾ ਗ਼ਦਰ

ਦਿੱਲੀ ਵਿੱਚ ੧੯੫੭ ਈ: ਦੇ ਗ਼ਦਰ ਦਾ ਸਮਾਂ ਆਇਆ। ਉਸ ਵੇਲੇ ਆਪ ਜੀ ਦੀ ਪਲਟਣ ਵੀ ਦਿੱਲੀ ਪੁੱਜੀ ਹੋਈ ਸੀ। ਕਿਉਂਕਿ ਇੰਤਜ਼ਾਮ ਵਾਸਤੇ ਹੋਰ ਵੀ ਬਹੁਤ ਸਾਰੀਆਂ ਪਲਟਨਾਂ ਮੰਗਵਾਈਆਂ ਹੋਈਆਂ ਸਨ। ਅੰਗਰੇਜ਼ਾਂ ਨੂੰ ਇਸ ਗ਼ਦਰ ਦਾ ਬੜਾ ਭਾਰੀ ਖ਼ਤਰਾ ਸੀ ਤੇ ਉਨ੍ਹਾਂ ਦੀਆਂ ਜਾਨਾਂ ਮੁੱਠੀ ਵਿੱਚ ਆਈਆਂ ਹੋਈਆਂ ਸਨ। ਫੌਜ ਦਾ ਪਹਿਰਾ ਹੁੰਦਿਆਂ ਵੀ ਲੋਕ ਆਪਣੇ ਘਰਾਂ ਵਿੱਚ ਸੁਰੱਖਿਅਤ ਨਹੀਂ ਸਨ। ਆਮ ਲੁਟੇਰਿਆਂ ਨੇ ਲੁੱਟ ਮਚਾਈ ਹੋਈ ਸੀ। ਫੌਜੀ ਸਿਪਾਹੀ ਭੇਜੇ ਤਾਂ ਹਿਫ਼ਾਜ਼ਤ ਵਾਸਤੇ ਸਨ, ਪਰ ਇਹੋ ਜਿਹੀ ਲੁੱਟ ਦੇ ਸਮੇਂ ਕਿਸ ਦਾ ਮਨ ਕਾਇਮ ਰਹਿ ਸਕਦਾ ਹੈ। ਘਰਾਂ ਨੂੰ ਅੱਗਾ ਲੱਗੀਆਂ ਤੇ ਜਾਨੀ ਨੁਕਸਾਨ ਵੀ ਬੇਅੰਤ ਹੋਇਆ। ਨੇਕ ਘਰਾਣਿਆਂ ਦੀ ਇੱਜ਼ਤ ਮਿੱਟੀ ਵਿੱਚ ਮਿਲ ਰਹੀ ਸੀ। ਪਤੀਬਰਤਾ ਔਰਤਾਂ ਆਪਣੇ ਧਰਮ ਤੋਂ ਗੇਰੀਆਂ ਜਾ ਰਹੀਆਂ ਸਨ। ਪਲਟਨੀਆਂ ਤੇ ਗ਼ੈਰ ਪਲਟਨੀਆਂ ਨੇ ਬੜਾ ਧਨ ਲੁਟਿਆ। ਪਰ ਬਾਬਾ ਕਰਮ ਸਿੰਘ ਜੀ ਤੇ ਸੰਤ ਲਾਲ ਸਿੰਘ ਜੀ ਤਾਂ ਬਲਦੀ ਅੱਗ ਵਿੱਚੋਂ ਲੋਕਾਂ ਨੂੰ ਕੱਢ ਕੇ ਉਨ੍ਹਾਂ ਦੇ ਮਾਲ ਦੀ ਹਿਫ਼ਾਜ਼ਤ ਕਰਕੇ ਕਿਸੇ ਮੰਦਰ, ਮਸੀਤ ਜਾਂ ਗੁਰਦੁਆਰੇ ਵਿੱਚ ਛੱਡ ਰਹੇ ਸਨ। ਨਾਲ ਦੇ ਸਾਥੀਆਂ ਕਿਹਾ, "ਕਰਮ ਸਿੰਘਾ! ਐਵੇਂ ਸਾਰਾ ਦਿਨ ਸੰਤ ਨਾ ਬਣਿਆ ਰਿਹਾ ਕਰ। ਇਹੋ ਜਿਹਾ ਸਮਾਂ ਫੇਰ ਕਦੋਂ ਮਿਲਣਾ ਹੈ? ਕੁਝ ਘਰ ਵਾਸਤੇ ਵੀ ਲੁੱਟ ਕੇ ਲੈ ਜਾ"। ਆਪ ਜੀ ਦਾ ਉੱਤਰ ਸੀ, "ਜੇਕਰ ਲੁਟਣੀ ਹੈ ਤਾਂ ਰਾਮ ਨਾਮ ਦੀ ਲੁੱਟ ਨੂੰ ਲੁੱਟੋ, ਜਿਸ ਦੇ ਲੁੱਟਣ ਦਾ ਹੁਣ ਮਨੁੱਖਾ ਦੇਹੀ ਵਿੱਚ ਹੀ ਸਮਾਂ ਹੈ।"

ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥
ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥

(ਪੰਨਾ ੧੩੬੬)

"ਇਹ ਪਾਪ ਦਾ ਧਨ ਤਾਂ ਦੋਹਾਂ ਲੋਕਾਂ ਨੂੰ ਵਿਗਾੜ ਦੇਂਦਾ ਹੈ। ਸਾਥੀਓ! ਨੇਕੀ ਕਰੋ।"

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥

(ਪੰਨਾ ੧੪੧)

"ਬਿਗਾਨਾ ਧਨ ਲੁਟਣਾ ਪਾਪ ਹੈ।" ਇਉਂ ਆਖ ਕੇ ਆਪ ਇੱਕ ਮੁਹੱਲੇ ਵਿੱਚ ਚਲੇ ਗਏ। ਉਸ ਦੇ ਸਾਰੇ ਘਰਾਂ ਨੂੰ ਅੱਗ ਲੱਗੀ ਹੋਈ ਸੀ। ਇੱਕ ਮਾਤਾ ਘਰ ਦੇ ਬੂਹੇ ਅੱਗੇ ਖੜ੍ਹੀ ਬੜਾ ਰੁਦਨ ਕਰ ਰਹੀ ਸੀ। ਨਾਲੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਵੀ ਪੜ੍ਹ ਰਹੀ ਸੀ। ਸੰਤਾਂ ਨੇ ਉਸ ਤੋਂ ਰੋਣ ਦਾ ਕਾਰਨ ਪੁਛਿਆ, ਉਸ ਨੇ ਆਖਿਆ, "ਮੈਂ ਭੱਲੇ ਸਾਹਿਬਜ਼ਾਦਿਆਂ ਦੀ ਧੀ ਹਾਂ, ਸ੍ਰੀ ਗੁਰੂ ਅਮਰ ਦਾਸ ਜੀ ਨੇ ਤਰੁੱਠ ਕੇ ਪਿਛਲੀ ਉਮਰ ਵਿੱਚ ਇੱਕੋ ਇੱਕ ਪੁੱਤਰ ਦੀ ਦਾਤ ਬਖ਼ਸ਼ੀ ਹੈ। ਉਹ ਪੰਜਾਂ ਸਾਲਾਂ ਦਾ ਬੱਚਾ ਚੁਬਾਰੇ ਵਿੱਚ ਸੁੱਤਾ ਪਿਆ ਅੱਗ ਦੀ ਲਪੇਟ ਵਿੱਚ ਆ ਗਿਆ ਹੈ, ਮੈਂ ਨਿਰੰਕਾਰ ਅੱਗੇ ਅਰਜ਼ਾਂ ਕਰਦੀ ਹਾਂ ਕਿ ਹੇ ਪ੍ਰਭੂ! ਜਿਵੇਂ ਪ੍ਰਹਿਲਾਦ ਭਗਤ ਨੂੰ ਨਿਸ਼ਚਾ ਦਿਵਾਉਣ ਵਾਸਤੇ ਪੰਜਾਵੀ ਵਿੱਚੋਂ ਬਿੱਲੀ ਦੇ ਬੱਚੇ ਬਚਾਏ ਸਨ, ਮੇਰੇ ਵੀ ਜ਼ਿਗਰ ਦੇ ਟੋਟੇ ਨੂੰ ਇਨ੍ਹਾਂ ਲਾਂਬੂਆਂ ਤੋਂ ਰੱਖ ਲੈ। ਉੱਪਰ ਮਾਲ ਪਦਾਰਥ ਵੀ ਬਥੇਰਾ ਪਿਆ ਹੈ, ਪਰ ਹੋਰ ਕਿਸੇ ਚੀਜ਼ ਦੀ ਲੋੜ ਨਹੀਂ। ਮੇਰੀ ਝੋਲੀ ਵਿੱਚ ਕੋਈ ਮੇਰੇ ਬੱਚੇ ਨੂੰ ਪਾਵੇ, ਗੁਰੂ ਸਾਹਿਬ ਉਸ ਦੀ ਦੋਹੀਂ ਜ਼ਹਾਨੀਂ ਸਹਾਇਤਾ ਕਰੇਗਾ।" ਪਰ ਇਨ੍ਹਾਂ ਬਲਦੀਆਂ ਲਾਟਾਂ ਵਿੱਚ ਕੌਣ ਜਾਵੇ, ਕਿਸ ਨੂੰ ਹੀਆ ਪੈਂਦਾ ਸੀ, ਆਪਣੀ ਜਾਨ ਜ਼ੋਖਮ ਵਿੱਚ ਪਾਉਣ ਦਾ। ਪਰੰਤੂ ਸਾਧੂ ਦਾ ਜੀਵਨ ਪਰਉਪਕਾਰੀ ਹੁੰਦਾ ਹੈ:

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥

*(ਪੰਨਾ ੨੭੩)*

ਤਥਾ: *ਬ੍ਰਿਖਸ਼ਾ ਕਬਹੂੰ ਨਹਿ ਫਲ ਭਖੈ, ਨਦੀ ਨ ਸੰਚੈ ਨੀਰ ॥*
*ਪਰਮਾਰਥ ਕੇ ਕਾਰਣੇ, ਸਾਧਨ ਧਰਾ ਸਰੀਰ ॥*

*ਭਰਥਰੀ ਹਰੀ ਜੀ ਵੀ ਕਥਨ ਕਰਦੇ ਹਨ:*

*ਵਿਦਿਆ ਵਿਵਾਦਾਯ ਧਨੰ ਮਦਾਯਯ, ਸ਼ਕਤਿ ਪਰੇਸਾਂ ਪ੍ਰੀ ਪੀੜ ਨਾਯਯ॥*
*ਖਲਸਯ ਸਾਧੋ ਬਿਪ੍ਰੀਤ ਮਤੇ ਤਤ੍ਰ, ਗਯਾਨਾਯ ਦਾਨਾਯ ਚ ਰਖਸ਼ਣਾਯ ॥*

ਅਰਥਾਤ ਮੂਰਖ ਵਿੱਚ ਅਤੇ 'ਸਾਧੂ' ਸ੍ਰੇਸ਼ਟ ਪੁਰਸ਼ ਵਿੱਚ ਕੀ ਫ਼ਰਕ ਹੈ? ਮੂਰਖ ਤਾਂ ਵਿੱਦਿਆ ਆਦਿਕ ਗੁਣ ਪ੍ਰਾਪਤ ਕਰਕੇ ਵਾਦ ਵਿਵਾਦ ਅਰਥਾਤ ਰਗੜੇ-ਝਗੜੇ ਕਰਦਾ ਹੈ ਅਤੇ ਧਨ ਆਦਿ ਪਦਾਰਥ ਕਰ ਕੇ ਮਦ-ਹੰਕਾਰ ਕਰਦਾ ਹੈ। ਇਸੇ ਤਰ੍ਹਾਂ ਸ਼ਕਤੀ ਬਲਵਾਨ ਹੋ ਕੇ ਪਰ ਪੁਰਸ਼ਾਂ ਨੂੰ ਹਮੇਸ਼ਾਂ ਅਕਾਰਣ ਹੀ ਪੀੜਦਾ ਤੇ ਦੁੱਖ ਦਿੰਦਾ ਹੈ। ਬੱਸ! ਮੂਰਖ ਵਿੱਚ ਤੇ ਸਾਧੂ ਵਿੱਚ ਏਹੋ ਹੀ ਭੇਦ ਹੈ। ਸਾਧੂ ਇਨ੍ਹਾਂ ਤਿੰਨਾਂ ਚੀਜ਼ਾਂ ਵਿਦਿਆ, ਧਨ, ਸ਼ਕਤੀ ਕਰਕੇ ਯਥਾ ਯੋਗ ਦੂਜੇ ਨੂੰ ਸੁਖ ਦਿੰਦਾ ਹੈ। ਵਿੱਦਿਆ ਕਰਕੇ ਅਵਿੱਦਕਾਂ ਨੂੰ ਗਿਆਨ ਦਿੰਦਾ ਹੈ। ਧਨ ਕਰਕੇ ਗ਼ਰੀਬਾਂ ਨੂੰ ਦਾਨ ਦੇ ਕੇ ਸੁਖ ਪਹੁੰਚਾਉਦਾ ਹੈ। ਬਲ ਕਰਕੇ ਗ਼ਰੀਬਾਂ, ਯਤੀਮਾਂ, ਨਿਤਾਣਿਆਂ ਦੀ ਜਾਬਰਾਂ ਤੋਂ ਰੱਖਿਆ ਕਰਦਾ ਹੈ। ਸਾਧੂ ਦਾ ਹਿਰਦਾ ਦਇਆ ਦਾ ਸਾਗਰ ਪਰਉਪਕਾਰ ਤੇ ਹਮਦਰਦੀ ਦੇ ਹੀਰਿਆਂ ਨਾਲ ਪੂਰਤ ਹੁੰਦਾ ਹੈ। ਇਸੇ ਕਰਕੇ ਪਰਾਈ ਪੀੜਾ ਨੂੰ ਦੇਖ ਕੇ ਆਪ ਜੀ ਦਾ ਮਨ ਝਟ ਪਿਘਲ ਪਿਆ ਤੇ ਮਾਈ ਨੂੰ ਧੀਰਜ ਦੇ ਕੇ ਆਖਿਆ ਕਿ ਛੇਤੀ ਕਰ ਦੋ ਪੌੜੀਆਂ ਲੈ ਕੇ ਆ। ਹੇਠਲਾ ਹਿੱਸਾ ਸੜ ਚੁੱਕਾ ਸੀ ਤੇ ਉੱਪਰਲੇ ਹਿਸੇ ਨੂੰ ਅੱਗ ਲੱਗੀ ਸੀ। ਮਾਤਾ ਨੇ ਭੱਜ ਦੌੜ ਕਰਕੇ ਦੋ ਪੌੜੀਆਂ ਲੈ ਆਂਦੀਆਂ। ਰੱਸੀਆਂ ਨਾ ਮਿਲਣ ਦੇ ਕਾਰਨ ਬਾਬਾ ਜੀ ਨੇ ਆਪਣੀ ਪੱਗ ਨਾਲ ਦੋਵੇਂ ਪੌੜੀਆਂ ਬੰਨ੍ਹ ਲਈਆਂ ਅਤੇ ਕੰਧ ਨਾਲ ਲਾ ਕੇ ਚੁਬਾਰੇ ਦੀ ਬਾਰੀ ਰਾਹੀਂ ਉੱਪਰ ਚੜ੍ਹਨ ਲੱਗੇ ਤਾਂ ਛੋਟੇ ਸੰਤ ਲਾਲ ਸਿੰਘ ਜੀ ਨੇ ਕਿਹਾ, "ਬਾਬਾ ਜੀ! ਕਿਉਂ ਆਪਣੇ ਸਰੀਰ ਦੀ ਆਹੂਤੀ ਦਿੰਦੇ ਹੋ? ਅੱਗ ਜ਼ੋਰਾਂ ਤੇ ਹੈ, ਆਪ ਉੱਪਰ ਨਾ ਚੜ੍ਹੋ।" ਪਰ ਸੰਤ ਜੀ:

ਆਪੇ ਪਾਵਕੁ ਆਪੇ ਪਵਨਾ ॥
ਜਾਰੈ ਖਸਮੁ ਤ ਰਾਖੈ ਕਵਨਾ ॥੧॥

(ਪੰਨਾ ੩੨੯)

ਦਾ ਪਾਠ ਕਰਦੇ ਹੋਏ ਚੁਬਾਰੇ ਤੇ ਜਾ ਚੜ੍ਹੇ। ਸੁੱਤੇ ਬੱਚੇ ਨੂੰ ਚਾਦਰ ਵਿੱਚ ਲਪੇਟ ਕੇ ਪਿੱਠ ਨਾਲ ਬੰਨ ਲਿਆ। ਹੋਰ ਵੀ ਕੀਮਤੀ ਮਾਲ ਮਾਈ ਵੱਲ ਹੇਠਾਂ ਸੁੱਟ ਕੇ ਆਪ ਬੱਚਾ ਲਿਆ ਕੇ ਮਾਤਾ ਜੀ ਦੀ ਝੋਲੀ ਵਿੱਚ ਪਾ ਦਿੱਤਾ। ਸਾਰਾ ਸਾਮਾਨ ਚੁੱਕ ਕੇ ਬਾਹਰ ਜੋ ਮੰਦਰ ਸੀ ਉਸ ਵਿੱਚ ਬਿਠਾ ਕੇ ਜਦ ਵਾਪਸ ਆਉਣ ਲੱਗੇ। ਤਾਂ ਮਾਈ ਨੇ ਆਵਾਜ਼ ਦਿੱਤੀ, "ਤਪੱਸਵੀ ਰਾਜਿਆ! ਠਹਿਰ ਜਾ! ਮੇਰੀ ਅਸ਼ੀਰਵਾਦ ਲੈਂਦਾ ਜਾਵੀਂ।" ਦੁਪੱਟੇ ਲੜ ਕੇਸਰ ਦੀ ਪੁੜੀ ਬੱਧੀ ਸੀ, ਉਸ ਨੂੰ ਚਾਂਦੀ ਦੀ ਕੌਲੀ ਵਿੱਚ ਘੋਲ ਕੇ ਬਾਬਾ ਜੀ ਦੇ ਮੱਥੇ ਤੇ ਤਿਲਕ ਲਗਾਇਆ, ਤੇ ਥਾਪੜਾ ਦੇ ਕੇ ਆਖਿਆ, "ਜਾਹ ਬੱਚਾ! ਤੂੰ ਜਗਤ ਦਾ ਟੀਕਾ ਹੋਵੇਂਗਾ। ਜਿਵੇਂ ਤੂੰ ਅੱਜ ਮੈਨੂੰ ਠੰਡ ਪਾਈ ਹੈ। ਇਸੇ ਤਰ੍ਹਾਂ ਤੇਰਾ ਦਰਸ਼ਨ ਕਰਕੇ ਜਗਤ ਨੂੰ ਠੰਡ ਪਵੇਗੀ। ਤੇਰੇ ਸਿਰ ਤੇ ਛਤਰ ਝੁੱਲੇਗਾ, ਦੁਨੀਆਂ ਤੇਰੇ ਨਾਮ ਦੇ ਜੈਕਾਰੇ ਬੋਲੇਗੀ। ਬੱਚਿਆ! ਜਨਮ ਜਿੱਤ ਚਲਿਆ ਹੈਂ। ਤੁਸੀਂ ਦੋਵੇ ਗੁਰੂ ਕੇ ਲਾਲ ਜਗਤ ਨੂੰ ਤਾਰੋਗੇ।"

## ਅਗਨੀ ਤੋਂ ਗਊਆਂ ਦੀ ਰੱਖਿਆ

ਉਸ ਤੋਂ ਅੱਗੇ ਗਏ ਤਾਂ ਮੁਹੱਲੇ ਵਿੱਚ ਬੱਧੀਆਂ ਹੋਈਆਂ ਗਊਆਂ ਪੁਕਾਰ ਰਹੀਆਂ ਸਨ। ਅੱਗ ਲੱਗਣ ਦੇ ਕਾਰਨ ਗੁਆਲੇ ਤਾਂ ਬਾਹਰ ਭੱਜ ਗਏ ਸਨ, ਪਰ ਗਊਆਂ ਖੋਲ੍ਹਣਾ ਭੁੱਲ ਗਏ। ਆਪ ਨੇ ਜਾ ਕੇ ਗਊਆਂ ਦੇ ਰੱਸੇ ਵੱਢੇ ਅਤੇ ਬਾਹਰ ਕੱਢ ਦਿੱਤੀਆਂ। ਅੱਗੇ-ਅੱਗੇ ਸੰਤ ਜੀ ਤੇ ਮਗਰੇ ਮਗਰ ਗਊਆਂ। ਉਨ੍ਹਾਂ ਨੂੰ ਫੁਹਾਰੇ ਤੋਂ ਜਲ ਛਕਾਇਆ ਅਤੇ ਛਿੱਟੇ ਮਾਰ ਕੇ ਸਰੀਰ ਠੰਡਾ ਕੀਤਾ, ਫਿਰ ਉਸੇ ਮਹੱਲੇ ਵਿੱਚ ਆ ਗਏ।

# ਪੂਰਨ ਸੰਤ ਦਾ ਮਿਲਾਪ

ਇੱਕ ਮਕਾਨ ਅੱਗ ਨੇ ਘੇਰਿਆ ਹੋਇਆ ਸੀ। ਅੰਦਰ ਕਮਰੇ ਵਿੱਚ ਬ੍ਰਿਧ ਮਹਾਤਮਾ ਦਾ ਮੰਜਾ ਸੀ। ਆਪ ਜੀ (ਦੋਵੇਂ) ਦੌੜ ਕੇ ਅੰਦਰ ਗਏ। ਮੰਜੇ ਸਮੇਤ ਮਹਾਤਮਾ ਨੂੰ ਚੁੱਕ ਕੇ ਬਾਹਰ ਕੱਢ ਕੇ ਮੰਦਰ ਵਿੱਚ ਲੈ ਗਏ ਅਤੇ 'ਚਾਰਪਾਈ' ਹੇਠਾਂ ਰੱਖ ਦਿੱਤੀ। ਮਹਾਤਮਾ ਨੇ ਕਿਹਾ, "ਸੰਤ ਜੀ ਮੇਰੇ ਸਵਾਸ ਥੋੜ੍ਹੇ ਹੀ ਰਹਿੰਦੇ ਹਨ, ਆਪ ਮੇਰਾ ਦਾਹ ਵੀ ਕਰ ਜਾਉ ਕਿਉਂਕਿ ਮੇਰਾ ਆਪ ਤੋਂ ਬਿਨਾਂ ਕੋਈ ਨਹੀਂ।" ਸਤਿਗੁਰੂ ਜੀ ਅਸਲੀ ਸਬੰਧ ਸਾਧੂ ਦਾ ਹੀ ਕਥਨ ਕਰਦੇ ਹਨ:

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥

(ਪੰਨਾ ੬੧੪)

ਬਾਬਾ ਜੀ ਰੁਕ ਗਏ ਦੋਹਾਂ ਵਿਅਕਤੀਆਂ ਦੇ ਦੇਖਦਿਆਂ-ਦੇਖਦਿਆਂ ਉਹ ਸੰਤ ਚੜ੍ਹਾਈ ਕਰ ਗਿਆ ਅਤੇ ਆਖ਼ਰੀ ਸਮੇਂ ਉਸ ਨੇ ਇਹ ਇੱਕ ਬਚਨ ਕੀਤਾ, "ਜਿਵੇਂ ਤੁਸੀਂ ਮੇਰੀ ਸੇਵਾ ਕੀਤੀ ਹੈ ਮੈਂ ਵੀ ਤੁਹਾਡੀ ਸੇਵਾ ਵਿੱਚ ਹਾਜ਼ਰ ਹੋਵਾਂਗਾ। ਮੇਰਾ ਇੱਕ ਜਨਮ ਹੋਰ ਹੈ। ਜਦੋਂ ਆਪ ਪ੍ਰਗਟ ਹੋਵੋਗੇ ਮੈਂ ਚਰਨਾਂ ਵਿੱਚ ਪੁੱਜਾਗਾ।" ਸੋ ਇਹ ਮਹਾਤਮਾ ਹੀ ਬਾਬਾ ਆਇਆ ਸਿੰਘ ਜੀ ਦੇ ਰੂਪ ਵਿੱਚ ਆਇਆ ਸੀ। ਜੋ ਬਾਬਾ ਜੀ ਤੋਂ ਬਾਅਦ ਹੋਤੀ ਡੇਰੇ ਦੀ ਗੱਦੀ ਦੇ ਵਾਰਸ ਬਣੇ ਅਤੇ ਉਨ੍ਹਾਂ ਵਾਂਗ ਹੀ ਤੇਜ਼ ਪ੍ਰਤਾਪੀ ਹੋਏ। ਬਾਬਾ ਕਰਮ ਸਿੰਘ ਜੀ ਅਤੇ ਸੰਤ ਲਾਲ ਸਿੰਘ ਜੀ ਨੇ ਮਹਾਤਮਾ ਦੇ ਸਰੀਰ ਦਾ ਇਸਨਾਨ ਕਰਵਾ ਕੇ ਫਿਰ ਬਾਹਰ ਖੁੱਲ੍ਹੇ ਮੈਦਾਨ ਵਿੱਚ ਲਿਆ ਕੇ ਉਨ੍ਹਾਂ ਦਾ ਸੰਸਕਾਰ ਕਰ ਦਿੱਤਾ।

ਆਪ ਮੁੜ ਮੁਹੱਲੇ ਵਿੱਚ ਹੀ ਵਾਪਸ ਆ ਗਏ। ਜਿੱਥੇ ਬਹੁਤੇ ਸੱਯਦਾਂ ਤੇ ਪਠਾਣਾਂ ਦੇ ਘਰ ਸਨ। ਪਰ ਸਿਵਾਏ ਔਰਤਾਂ ਦੇ ਘਰ ਕੋਈ ਬੰਦਾ ਨਹੀਂ ਸੀ। ਇੱਕ ਅਮੀਰ ਪਠਾਣ ਦੇ ਘਰ ਨੂੰ ਬਹੁਤ ਸਾਰੇ ਲੁਟੇਰੇ ਲੁੱਟਣ ਜਾ ਰਹੇ ਸਨ। ਆਪ ਤਾਂ ਪਠਾਣ ਘਰ ਨਹੀਂ ਸੀ ਪਰ ਪਰਦਿਆਂ ਵਿੱਚ ਰਹਿਣ ਵਾਲੀਆਂ ਬੇਗ਼ਮਾਂ ਨੇ ਪੁਕਾਰ ਕੀਤੀ ਕਿ ਕੋਈ ਅੱਲਾ ਦਾ ਪਿਆਰਾ ਬਹੁੜੇ ਅਤੇ ਇਨ੍ਹਾਂ ਡਾਕੂਆਂ ਤੋਂ ਸਾਡੀ ਇੱਜ਼ਤ ਬਚਾਵੇ। ਬਾਬਾ ਜੀ ਦੇ ਕੰਨੀ ਇਹ ਆਵਾਜ਼ ਪੈ ਗਈ। ਆਪ ਸੰਤ ਲਾਲ ਸਿੰਘ ਜੀ ਤੇ ਹੋਰ ਆਪਣੀ ਗਾਰਦ ਦੇ ਫੌਜੀ ਸਿਪਾਹੀ ਨਾਲ ਲੈ ਕੇ ਉਸ ਦੇ ਮਕਾਨ ਅੱਗੇ ਇਉਂ ਖਲੋ ਗਏ ਜਿਵੇਂ ਬਲ ਰਾਜੇ ਦੇ ਬੂਹੇ ਅੱਗੇ ਵਿਸ਼ਨੂੰ ਭਗਵਾਨ ਖੜ੍ਹੇ ਸਨ। ਗਾਰਦ ਨੂੰ ਖੜਿਆਂ ਦੇਖਕੇ ਲੁਟੇਰੇ ਪਿੱਛੇ ਮੁੜ ਗਏ। ਇਤਨੇ ਨੂੰ ਉਸ ਘਰ ਦਾ ਮਾਲਕ ਪਠਾਣ ਆਇਆ। ਪਹਿਲਾਂ ਤਾਂ ਡਰ ਗਿਆ ਕਿ ਸ਼ਾਇਦ ਇਨ੍ਹਾਂ ਮੇਰੇ ਘਰ ਘਾਟ ਨੂੰ ਲੁੱਟ ਲਿਆ ਹੈ, ਮੈਨੂੰ ਵੀ ਮਾਰ ਦੇਣਗੇ। ਪਰ ਜਦੋਂ ਬੇਗ਼ਮਾਂ ਅਤੇ ਬੱਚਿਆਂ ਤੋਂ ਪਤਾ ਲੱਗਿਆ ਕਿ ਇਸ ਸਿੱਖ ਸਰਦਾਰ ਨੇ ਤਾਂ ਸਾਡੀ ਰੱਖਿਆ ਕੀਤੀ ਹੈ, ਤਾਂ ਉਹ ਦੌੜ ਕੇ ਚਰਨੀਂ ਪੈ ਗਿਆ। ਅੰਦਰੋਂ ਹੀਰੇ ਮੋਤੀ ਅਤੇ ਮੋਹਰਾਂ ਦਾ ਥਾਲ ਭਰ ਕੇ ਭੇਟਾ ਕਰਨ ਲੱਗਾ। ਬਾਬਾ ਜੀ ਨੇ ਕਿਹਾ ਕਿ ਅਸੀਂ ਇਸ ਮਾਇਆ ਕਰਕੇ ਘਰ ਦੀ ਰੱਖਿਆ ਨਹੀਂ ਕੀਤੀ। ਅਸੀਂ ਤਾਂ ਆਪਣਾ ਫ਼ਰਜ਼ ਜਾਣਿਆ ਹੈ। ਸਾਨੂੰ ਇਸ ਧਨ ਦੀ ਇੱਛਾ ਨਹੀਂ ਜੇ ਧਨ ਇੱਛਾ ਹੁੰਦੀ ਤਾਂ ਅਸੀਂ ਵੀ ਹੋਰਨਾਂ ਵਾਗੂੰ ਇੱਥੋਂ ਲੈ ਸਕਦੇ ਸਾਂ। ਪਰ ਸਤਿਗੁਰਾਂ ਦਾ ਫੁਰਮਾਨ ਹੈ:

ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥ ਮਨਮੁਖ ਭੂਲੇ ਅੰਧ ਗਾਵਾਰ ॥
ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ ਨਾ ਸਾਥਿ ਜਾਇ ਨ ਪਰਾਪਤਿ ਹੋਇ ॥

(ਪੰਨਾ ੬੬੫)

ਧੰਨ ਹਨ ਬਾਬਾ ਕਰਮ ਸਿੰਘ ਜੀ ਜਿਨ੍ਹਾਂ ਨੇ

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥

(ਪੰਨਾ ੧੪੧)

ਜਾਣਿਆ ਅਤੇ ਕੋਈ ਵਿਰਲਾ ਹੀ ਐਸਾ ਜਤੀ ਹੋਵੇਗਾ ਜਿਸ ਨੇ ਬਾਬਾ ਜੀ ਵਾਗੂੰ:

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ।

(ਭਾਈ ਗੁਰਦਾਸ ਜੀ)

ਦੇ ਵਾਕ ਨੂੰ ਪੂਰਾ ਕੀਤਾ ਹੋਵੇ।

ਆਪ ਜੀ ਨੇ ਹੋਰ ਵੀ ਕਈਆਂ ਦੀ ਸਹਾਇਤਾ ਕੀਤੀ। ਗ਼ਰੀਬਾਂ, ਯਤੀਮਾਂ, ਨਿਰਧਨਾਂ ਤੇ ਲੋੜਵੰਦਾਂ ਤੇ ਬੇਅੰਤ ਉਪਕਾਰ ਕੀਤਾ, ਪਰ ਕੋਈ ਲੁੱਟਮਾਰ ਦੀ ਚੀਜ ਅੰਗੀਕਾਰ ਨਹੀਂ ਕੀਤੀ। ਇਹ ਖ਼ਬਰਾਂ ਅਫਸਰਾਂ ਤੱਕ ਵੀ ਪੁੱਜ ਗਈਆ, ਕਿ ਬਾਬਾ ਕਰਮ ਸਿੰਘ ਅਤੇ ਸੰਤ ਲਾਲ ਸਿੰਘ ਨੇ ਬਹੁਤੇ ਲੋਕਾਂ ਨੂੰ ਬਚਾਇਆ ਅਤੇ ਨੇਕੀ ਦੇ ਕੰਮ ਕੀਤੇ। ਲੁੱਟ ਦੀ ਕੋਈ ਚੀਜ਼ ਨਹੀਂ ਲਈ, ਇਸ ਕਰਕੇ ਵੱਡੇ ਅਫਸਰਾਂ ਅਤੇ ਪਾਦਰੀ ਨੇ ਬਾਬਾ ਜੀ ਦਾ ਬੜਾ ਧੰਨਵਾਦ ਕੀਤਾ ਕਿ ਅਸਲੀ ਫ਼ਕੀਰ ਦੀ ਏਹੋ ਨਿਸ਼ਾਨੀ ਹੈ। ਧੰਨ ਹਨ ਇਹੋ ਜਿਹੇ ਮਹਾਂਪੁਰਸ਼ ਜਿਨ੍ਹਾਂ ਦੀ ਮਹਿਮਾ ਭਾਈ ਗੁਰਦਾਸ ਜੀ ਵੀ ਕਥਨ ਕਰਦੇ ਹਨ।

ਹਉਂ ਤਿਸ ਘੋਲ ਘੁਮਾਇਆ ਗੁਰਮਤਿ ਰਿਦੇ ਗਰੀਬੀ ਆਵੈ ।  
ਹਉਂ ਤਿਸ ਘੋਲ ਘੁਮਾਇਆ ਪਰ ਨਾਰੀ ਦੇ ਨੇੜ ਨ ਜਾਵੈ ।  
ਹਉਂ ਤਿਸ ਘੋਲ ਘੁਮਾਇਆ ਪਰਦਰਬੇ ਨੂੰ ਹਥ ਨ ਲਾਵੈ ।  
ਹਉਂ ਤਿਸ ਘੋਲ ਘੁਮਾਇਆ ਪਰਨਿੰਦਾ ਸੁਣ ਆਪ ਹਟਾਵੈ ।  
ਹਉਂ ਤਿਸ ਘੋਲ ਘੁਮਾਇਆ ਸਤਿਗੁਰ ਦਾ ਉਪਦੇਸ ਕਮਾਵੈ ।  
ਹਉਂ ਤਿਸ ਘੋਲ ਘੁਮਾਇਆ ਥੋੜਾ ਸਵੇਂ ਥੋੜਾ ਹੀ ਖਾਵੈ ।  
ਗੁਰਮੁਖ ਸੋਈ ਸਹਜ ਸਮਾਵੈ ॥੪॥

(ਭਾਈ ਗੁਰਦਾਸ ਜੀ)

ਜਦ ਗ਼ਦਰ ਬੰਦ ਹੋ ਗਿਆ ਤਾਂ ਸਾਰੇ ਫੌਜੀਆਂ ਨੂੰ ਮਹੀਨੇ ਦੀ ਛੁੱਟੀ ਹੋ ਗਈ ਕਿ ਸਾਰੇ ਆਪਣੇ ਘਰ ਜਾ ਕੇ ਮਿਲ ਆਉਣ। ਬਾਬਾ ਕਰਮ ਸਿੰਘ ਜੀ ਨੂੰ ਅਫ਼ਸਰ ਨੇ ਆਖਿਆ ਕਿ ਤੁਸੀਂ ਛੁੱਟੀ ਤੋਂ ਬਾਅਦ ਮਰਦਾਨ ਛਾਉਣੀ ਹਾਜ਼ਰ ਹੋ ਜਾਣਾ।

ਸੰਤ ਜੀ ਅਤੇ ਭਾਈ ਲਾਲ ਸਿੰਘ ਜੀ ਘੋੜਿਆਂ ਸਮੇਤ ਆਪਣੇ ਘਰਾਂ ਨੂੰ ਆਏ। 'ਕਾਜ਼ੀਆਂ' ਨਗਰ ਪੁੱਜ ਕੇ ਮਾਤਾ ਪਿਤਾ ਨੂੰ ਮੱਥਾ ਟੇਕਿਆ ਅਤੇ ਮਿੱਤਰ ਸਬੰਧੀਆਂ ਨੂੰ ਮਿਲੇ। ਘਰ ਵਿੱਚ ਬੜਾ ਇਕੱਠ ਹੋ ਗਿਆ। ਇਲਾਕੇ ਵਿੱਚ ਅੱਗੇ ਹੀ ਖ਼ਬਰਾਂ ਪੁੱਜ ਗਈਆਂ ਸਨ ਕਿ ਦਿੱਲੀ ਦੀ ਲੁੱਟ ਵਿੱਚ ਫੌਜੀਆਂ ਨੇ ਬੜਾ ਮਾਲ ਲਿਆਂਦਾ ਹੈ। ਸ਼ਾਮ ਨੂੰ ਸੰਤਾਂ ਤੋਂ ਮਾਤਾ ਜੀ ਨੇ ਪੁਛਿਆ, "ਸੁਣਾਓ ਕਾਕਾ ਜੀ! ਤੁਸੀਂ ਕੀ ਲੈ ਕੇ ਆਏ ਹੋ? ਲੋਕਾਂ ਤਾਂ ਲੁੱਟ ਦੇ ਮਾਲ ਨਾਲ ਆਪਣੇ ਘਰ ਭਰ ਦਿੱਤੇ ਹਨ।" ਤਦ ਸੰਤਾਂ ਨੇ ਨੌਕਰੀ ਦਾ ਧਨ ਅੱਗੇ ਰੱਖਿਆ ਤੇ ਆਖਿਆ:

ਮਾਈ ਖਾਟਿ ਆਇਓ ਘਰਿ ਪੂਤਾ ॥  
ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ॥

(ਪੰਨਾ ੪੯੫)

ਲੁੱਟ ਤਾਂ ਚੋਰ ਕਮੀਨੇ ਲੋਕ ਕਰਦੇ ਹਨ। ਤੇਰਾ ਪੁੱਤਰ ਹਾਂ ਜੇ ਲੁੱਟਦਾ ਤਾਂ ਦੋਹਾਂ ਲੋਕਾਂ ਵਿੱਚ ਕਲੰਕੀ ਹੁੰਦਾ। ਮੈਂ ਤਾਂ ਸੱਚਾ ਧਨ ਲੁੱਟਿਆ ਹੈ। ਇਹ ਸੁਣਕੇ ਮਾਤਾ ਜੀ ਨੇ ਅਸ਼ੀਰਵਾਦ ਦਿੱਤਾ:

ਪੂਤਾ ਮਾਤਾ ਕੀ ਆਸੀਸ ॥  
ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ  
ਸਦਾ ਭਜਹੁ ਜਗਦੀਸ ॥

(ਪੰਨਾ ੪੯੬)

"ਸ਼ਾਬਾਸ਼ ਬੇਟਾ! ਤੂੰ ਅੱਜ ਮੇਰੀ ਕੁੱਖ ਸਫ਼ਲ ਕਰ ਦਿੱਤੀ।"

ਹਰਿ ਧਨੁ ਖਾਟਿ ਚਲੈ ਜਨੁ ਸੋਇ ॥  
ਨਾਨਕ ਜਿਸਹਿ ਪਰਾਪਤਿ ਹੋਇ ॥੫॥

(ਪੰਨਾ ੨੯੪)

ਮਾਤਾ ਜੀ ਤਾਂ ਸੰਤ ਜੀ ਦਾ ਉੱਤਰ ਸੁਣ ਕੇ ਬੜੇ ਪ੍ਰਸੰਨ ਹੋਏ ਅਤੇ ਚੁੱਪ ਕਰ ਗਏ। ਪਰ ਹੋਰ ਆਂਢ ਗੁਆਂਢ ਅਤੇ ਰਿਸ਼ਤੇਦਾਰ, ਪ੍ਰੇਮੀ ਚਾਚੇ-ਚਾਚੀਆਂ ਕਹਿਣ ਲੱਗੇ ਕਿ ਸਾਨੂੰ ਤਾਂ ਬੜੀ ਆਸ ਸੀ। ਤੁਸੀਂ ਬਹੁਤ ਮਾਲ ਲੁੱਟ ਕੇ

ਲਿਆਂਦਾ ਹੋਵੇਗਾ। ਆਪ ਜੀ ਨੇ ਆਖਿਆ, "ਤੁਸੀਂ ਸ਼ੁਕਰ ਕਰੋ ਕਿ ਅਸੀਂ ਬਚ ਕੇ ਤਾਂ ਆ ਗਏ ਹਾਂ।" ਜਿੱਥੇ ਸੈਕੜੇ ਬੇਕਸੂਰ ਜਾਨਾਂ ਗਾਜਰਾਂ, ਮੂਲੀਆਂ ਵਾਗੂੰ ਵੱਢੀਆਂ ਗਈਆਂ। ਕੋਈ ਕਿਸੇ ਦੀ ਦਾਦ ਫ਼ਰਿਆਦ ਨਹੀਂ ਸੀ ਸੁਣਦਾ, ਮਨੁੱਖ ਮਨੁੱਖ ਦਾ ਵੈਰੀ ਸੀ, ਇਨਸਾਨੀਅਤ ਖੰਭ ਲਾ ਕੇ ਉਡ ਗਈ ਸੀ, ਤੁਹਾਨੂੰ ਧਨ ਦੀ ਪਈ ਹੈ, ਸਾਡਾ ਤਾਂ ਤੁਹਾਨੂੰ ਖ਼ਿਆਲ ਹੀ ਨਹੀਂ ਸੀ। ਧਨ ਦਾ ਪਿਆਰ ਹੈ ਜਾਉ ਫਿਰ ਤੁਹਾਨੂੰ ਸਾਡਾ ਦਰਸ਼ਨ ਨਹੀਂ ਹੋਣਾ।" ਇਉਂ ਆਪ ਸੰਸਾਰ ਦੀ ਪ੍ਰੀਤੀ ਨੂੰ ਝੂਠੀ ਜਾਣਕੇ ਛੁੱਟੀ ਖ਼ਤਮ ਹੋਣ ਤੋਂ ਪਹਿਲਾਂ ਹੀ ਘਰੋਂ ਚੱਲ ਪਏ ਤੇ ਫਿਰ ਘਰ ਨਹੀਂ ਆਏ। ਨੌਕਰੀ ਛੱਡ ਕੇ ਹੋਤੀ ਡੇਰੇ ਹੀ ਆ ਟਿਕੇ। ਫਿਰ ਕਿਸੇ ਵੀ ਸਬੰਧੀ ਨੂੰ ਦਰਸ਼ਨ ਨਹੀਂ ਹੋਏ। ਆਪ ਜੀ ਦੀ ਸ਼ੋਹਰਤ ਸੁਣ ਕੇ ਇੱਕ ਵਾਰ ਸਾਰਾ ਪਰਿਵਾਰ ਦਰਸ਼ਨਾਂ ਵਾਸਤੇ ਹੋਤੀ ਡੇਰੇ ਪੁੱਜਾ ਵੀ ਸੀ। ਪਰ ਉਸ ਸਮੇਂ ਆਪ ਨੇ ਕੁਝ ਇਕਾਂਤ ਬੈਠ ਕੇ ਭਜਨ ਸਿਮਰਨ ਕਰਨ ਦਾ ਨਿਯਮ ਰੱਖਿਆ ਹੋਇਆ ਸੀ। ਕਿਸੇ ਨੂੰ ਮਿਲਦੇ ਨਹੀਂ ਸਨ। ਜਦੋਂ ਪਤਾ ਲੱਗਾ ਕਿ ਸਬੰਧੀ ਮਿਲਣ ਆਏ ਹਨ ਤਾਂ ਸੇਵਕ ਨੂੰ ਹੁਕਮ ਕੀਤਾ ਕਿ ਉਨ੍ਹਾਂ ਦੇ ਅੰਦਰ ਧਨ ਦਾ ਪਿਆਰ ਹੈ, ਧਨ ਦੀ ਲਾਲਸਾ ਹੈ, ਸਾਡਾ ਪਿਆਰ ਨਹੀਂ। ਇਸ ਕਰਕੇ ਉਨ੍ਹਾਂ ਨੂੰ ਧਨ ਦਿਉ। ਪਰ ਦਰਸ਼ਨ ਨਹੀਂ ਹੋਣੇ। ਇਉਂ ਆਖਕੇ ਸਾਰੇ ਜੀਆਂ ਨੂੰ ਵਾਪਸ ਮੋੜ ਦਿੱਤਾ। ਫਿਰ ਕੁਝ ਕੁ ਸਮੇਂ ਬਾਅਦ ਮਾਤਾ ਪਿਤਾ ਜੀ ਦੇ ਸਰੀਰ ਦਾ ਅੰਤ ਹੋ ਗਿਆ। ਆਪ ਜੀ ਨੇ ਅੰਤ ਸਮੇਂ ਉਨ੍ਹਾਂ ਵਡ ਭਾਗੀਆਂ ਨੂੰ ਮੁਕਤ ਕਰ ਦਿੱਤਾ।

# ਸ਼ਰਫ਼ਦੀਨ ਫ਼ਕੀਰ ਦਾ ਮਿਲਾਪ

ਪੈਦਲ ਰਸਤੇ ਸਨ, ਘੋੜੇ ਤੇ ਅਸਵਾਰ ਹੋ ਕੇ ਨਗਰ ਤੋਂ ਚਲ ਕੇ 'ਰਾਵਲਪਿੰਡੀ' ਆਏ ਜੋ ਤੀਹ ਮੀਲਾਂ ਤੇ ਹੈ। ਏਥੇ ਝੀਲ ਦੇ ਕਿਨਾਰੇ ਚਸ਼ਮੇ ਹਨ। ਅਤੇ ਆਏ ਗਏ ਦੀ ਰਿਹਾਇਸ਼ ਵਾਸਤੇ ਵੀ ਜਗ੍ਹਾ ਬਣੀ ਹੋਈ ਹੈ। ਸਰਦਾਰਾਂ ਦੇ ਬਾਗ਼ ਪਾਸ ਰਾਤ ਕੱਟ ਕੇ, ਅੰਮ੍ਰਿਤ ਵੇਲੇ ਹੀ ਇਸ਼ਨਾਨ ਕਰਕੇ ਚੱਲ ਪਏ। ਅੱਗੇ ਗੋਲੜੇ ਸ਼ਰੀਫ਼ ਨਗਰ ਸੰਤਾਂ ਦਾ ਡੇਰਾ ਸੀ। ਉੱਥੇ ਦੂਜੀ ਰਾਤ ਬਤੀਤ ਕੀਤੀ, ਉੱਥੋਂ ਚੱਲ ਕੇ ਫਤੇ ਜੰਗ ਆਏ। ਏਥੇ ਇੱਕ ਬੜੀ ਕਰਨੀ ਵਾਲਾ ਸ਼ਰਫ਼ਦੀਨ ਨਾਮੀ ਮੁਸਲਮਾਨ ਫ਼ਕੀਰ ਰਹਿੰਦਾ ਸੀ। ਉਸ ਸਮੇਂ ਆਪਣੇ ਤਕੀਏ 'ਚੋਂ ਉੱਠ ਕੇ ਆਪਣੇ ਮੁਰੀਦਾਂ ਸਮੇਤ ਬਾਹਰ ਬੰਦਗੀ ਕਰਨ ਜਾ ਰਿਹਾ ਸੀ, ਤਾਂ ਅੱਗੇ ਜਾ ਕੇ ਕੱਚੀ ਸੜਕ ਤੇ ਰੁਕ ਗਿਆ। ਮੁਰੀਦਾਂ ਪੁਛਿਆ, ਪੀਰ ਜੀ ਕੀ ਗੱਲ ਹੈ ਏਥੇ ਕਿਉਂ ਖੜ੍ਹੇ ਹੋ? ਸਾਈਂ ਸ਼ਰਫ਼ਦੀਨ ਨੇ ਉੱਤਰ ਦਿੱਤਾ ਕਿ ਅੱਜ ਇੱਕ ਅੱਲਾ ਦਾ ਪਿਆਰਾ ਆ ਰਿਹਾ ਹੈ, ਉਸ ਦੇ ਦਰਸ਼ਨਾਂ ਲਈ ਖਲੋਤਾ ਹਾਂ। ਇਤਨੇ ਨੂੰ ਘੋੜਿਆਂ ਤੇ ਅਸਵਾਰ ਭਾਈ ਲਾਲ ਸਿੰਘ ਦੇ ਸਮੇਤ ਸੰਤ ਕਰਮ ਸਿੰਘ ਜੀ ਆ ਗਏ। ਜਦ ਸਾਂਈ ਲੋਕ ਨੂੰ ਤੱਕਿਆ ਤਾਂ ਦੋਵੇਂ ਘੋੜਿਆਂ ਤੋਂ ਉੱਤਰ ਪਏ। ਫ਼ਕੀਰ ਨੇ ਪਹਿਲਾ ਆਖਿਆ, "ਸਿੱਖ ਸਰਦਾਰਾ! ਸਲਾਮ।" ਆਪ ਜੀ ਦਾ ਉੱਤਰ ਸੀ, "ਫ਼ਕੀਰ ਜੀ! ਅੱਲਾ ਕੋ ਸਲਾਮ, ਰਾਜ਼ੀ ਖ਼ੁਸ਼ੀ ਹੋ?" ਮੀਆਂ ਸ਼ਰਫ਼ਦੀਨ ਨੇ ਆਖਿਆ, "ਸਿੱਖ ਸਰਦਾਰਾ! ਤੇਰਾ ਦੀਦ ਦੇਖਕੇ ਰਾਜ਼ੀ ਖ਼ੁਸ਼ੀ ਹੋ ਗਏ ਹਾਂ। ਸਰਦਾਰਾ! ਬਹੁਤ ਮੁਦਤ ਬਾਅਦ ਦੀਦਾਰ ਦਿੱਤਾ ਈ।" ਤਾਂ ਸੰਤਾਂ ਨੇ ਬਚਨ ਕੀਤਾ, "ਮੀਆ ਜੀ! ਢੱਕ ਲਉ ਪੜਦਾ ਅਸੀਂ ਤੁਸੀਂ ਸਦਾ ਨਾਲ ਹਾਂ, ਕੋਈ ਵਖਰੇਵਾਂ ਨਹੀ। ਸਾਈਂ ਅੱਲਾ ਦੀਦਾਰ ਕਰਾਉਂਦਾ ਰਹੇ।" ਮੀਆਂ ਜੀ ਬੋਲੇ, "ਸਰਦਾਰਾ! ਬ੍ਰਿਹੋ ਲਾ ਦਿੱਤਾ ਈ। ਕੀ ਚਾਦਰਾਂ ਵਿੱਚ ਫਿਰ ਦੀਦ ਦੇਵੋਗੇ?" ਤਾਂ ਸੰਤਾਂ ਦਾ ਉੱਤਰ ਸੀ, ਮੀਆ ਜੀ!

ਨਾ ਇਹੁ ਬੂਢਾ ਨਾ ਇਹੁ ਬਾਲਾ ॥
ਨਾ ਇਸੁ ਦੂਖੁ ਨਹੀ ਜਮ ਜਾਲਾ ॥

(ਪੰਨਾ ੮੬੮)

ਫ਼ਕੀਰ ਬੋਲਿਆ, "ਅੱਲਾਂ ਬੇਲੀ ਜੁਆਨਾ! ਸਾਡਾ ਖ਼ੁਰਦਾ (ਪ੍ਰਸ਼ਾਦ) ਖਾ ਕੇ ਜਾਓ।" ਆਪ ਜੀ ਦਾ ਉੱਤਰ ਸੀ, "ਮੀਆਂ ਜੀ! ਅੱਲਾ ਸਾਈਂ ਦਾ ਸਦਾ ਭੰਡਾਰਾ ਚਲਦਾ ਰਹਿੰਦਾ ਹੈ। ਦੁਆ ਕਰੋ ਜੋ ਅੱਲਾ ਸਾਥੀ ਹੋਵੇ ਤੇ ਭੁੱਲੇ ਨਹੀਂ।"

ਫ਼ਕੀਰ ਦੇ ਨੇਤਰਾਂ ਚੋ ਜਲ ਚੱਲ ਪਿਆ ਤੇ ਸੁਕੇ ਹੋਏ ਬੇਰੀਆਂ ਦੇ ਬੇਰ ਦੋਹਾਂ ਸੰਤਾਂ ਨੂੰ ਦੋ ਬੁੱਕ ਭਰ ਕੇ ਦੇ ਦਿੱਤੇ। ਸੰਤਾਂ ਨੇ ਫ਼ਕੀਰ ਦੀ ਬਖ਼ਸ਼ੀਸ਼ ਜਾਣ ਕੇ ਆਪਣੇ ਝੋਲੇ ਵਿੱਚ ਪਾ ਲਏ ਤੇ ਆਗਿਆ ਪਾ ਕੇ ਆਪ ਸੰਤ ਚੰਦੇ ਸ਼ਾਹ ਦੀ ਬੰਨ੍ਹੀ ਤੇ ਆ ਗਏ ਅਤੇ ਮੀਆਂ ਆਪਣੇ ਮੁਰੀਦਾਂ ਸਮੇਤ ਇਬਾਦਤਗ਼ਾਹ ਵਿੱਚ ਚਲਿਆ ਗਿਆ। ਉਸ ਜਗ੍ਹਾ ਮੁਰੀਦਾਂ ਨੇ ਪੁਛਿਆ, "ਮੀਆਂ ਜੀ! ਜੁਆਨ ਤਾਂ ਬੜਾ ਦੀਦਾਰੀ, ਸੁਭਾਵ ਦਾ ਚੰਗਾ ਸੀ ਪਰ ਆਪ ਦੀ ਗੁਫ਼ਤਗੂ ਦਾ ਪਤਾ ਨਹੀ ਲੱਗਿਆ ਕੀ ਕਰਦੇ ਰਹੇ। ਬੋਲ ਬੜੇ ਮਿੱਠੇ ਸਨ। ਤੁਹਾਡਾ ਕਦੋਂ ਦਾ ਵਾਕਫ਼ ਹੈ?" ਫ਼ਕੀਰ ਦਾ ਮੁਰੀਦਾਂ ਪ੍ਰਤੀ ਉੱਤਰ ਸੀ, ਕਿ ਸਾਈਂ ਅੱਲਾ ਵਾਲਿਓ! ਇੱਕ ਜਨਮ ਦੀ ਵਾਕਫ਼ੀ ਨਹੀਂ ਹੁੰਦੀ, ਕਈ ਜਨਮਾਂ ਦੀ ਵਾਕਫ਼ੀ ਹੁੰਦੀ ਹੈ ਪਰ ਇਸ ਗੱਲ ਨੂੰ ਅੱਲਾ ਦੇ ਪਿਆਰੇ ਹੀ ਜਾਣਦੇ ਹਨ।

ਮੁਰੀਦਾਂ ਪੁਛਿਆ, "ਪੀਰ ਜੀ! ਉਨ੍ਹਾਂ ਇਹ ਕੀ ਆਖਿਆ ਸੀ ਢੱਕ ਲਓ ਪਰਦਾ।" ਮੀਆਂ ਜੀ ਬੋਲੇ, "ਉਹ ਕਹਿਦੇ ਸੀ ਪਿਛਲੀ ਵਾਰਤਾ ਗੁਪਤ ਹੀ ਰਹਿਣ ਦਿਉ। ਪ੍ਰਗਟ ਨਾ ਕਰੋ" ਤਾਂ ਮੁਰੀਦਾਂ ਪੁਛਿਆ, "ਤੁਸੀਂ ਕਿਹਾ ਸੀ ਕਿ ਚਾਦਰਾਂ 'ਚ ਦੀਦ ਹੋਣਗੇ ਕਿ ਨਹੀ? ਇਹ ਕੀ ਗੱਲ ਸੀ?" ਤਾਂ ਮੀਆਂ ਜੀ ਨੇ ਆਖਿਆ, "ਮੈਂ ਪੁੱਛਿਆ ਕਿ ਜਦ ਆਪ ਪ੍ਰਗਟ ਹੋਵੋਗੇ ਤਾਂ ਮੈਨੂੰ ਇਸ ਸਰੀਰ ਵਿੱਚ ਦਰਸ਼ਨ ਹੋਣਗੇ। ਤਾਂ ਸਿੱਖ ਸਰਦਾਰ ਨੇ ਉੱਤਰ ਦਿੱਤਾ ਉਹ ਦਰਸ਼ਨ ਵਾਲਾ ਬੁੱਢਾ ਜੁਆਨ ਕੱਪੜਿਆਂ ਵਿੱਚ ਹੀ ਨਹੀਂ ਉਹ ਤਾਂ ਹਮੇਸ਼ਾ ਅਸਾਂ ਤੁਸਾਂ ਦੇ ਸਦਾ ਨਾਲ ਹੈ। ਇਹ ਫ਼ਕੀਰਾਂ ਦੀਆਂ ਰਮਜ਼ਾਂ ਨੂੰ ਫ਼ਕੀਰ ਹੀ ਜਾਣ ਸਕਦੇ ਹਨ। ਇਨ੍ਹਾਂ ਦੀ ਥੋੜ੍ਹੇ ਦਿਨਾਂ ਨੂੰ ਬਹੁਤ ਪ੍ਰਸਿੱਧਤਾ ਹੋ ਜਾਣੀ ਹੈ। ਨੌਕਰੀ ਤਾਂ ਖ਼ੁਦਾ ਨੇ ਇੱਕ ਬਹਾਨਾ ਹੀ ਬਣਾਇਆ ਹੈ।"

ਏਧਰੋਂ ਜਦੋਂ ਸੰਤਾਂ ਦੇ ਆਉਣ ਦਾ ਚੰਦੇ ਸ਼ਾਹ ਨੂੰ ਪਤਾ ਲੱਗਾ (ਜੋ ਬੜਾ ਸੁੱਚ ਪਵਿੱਤ੍ਰਤਾ ਵਾਲਾ ਮਸ਼ਹੂਰ ਭਗਤ ਸੀ) ਕਿ ਦੋ ਸਿੱਖ ਸਰਦਾਰ ਬੰਨ੍ਹੀ ਤੇ ਆਏ ਹਨ ਜਿਨ੍ਹਾਂ ਦੀ ਮੀਆਂ ਸ਼ਰਫ਼ਦੀਨ ਨਾਲ ਗੋਸਟ ਹੋਈ ਤੇ ਬੜੇ ਜਲਵੇ ਵਾਲੇ ਹਨ, ਬੰਨੀ ਤੇ ਸੰਤਾਂ ਪਾਸ ਚੰਦੇ ਸ਼ਾਹ ਪੁੱਜਾ। ਆਦਰ ਨਾਲ ਜਗ੍ਹਾ ਦਿੱਤੀ, ਰਸਦ ਪਾਣੀ ਪੁੱਛਿਆ। ਸੰਤਾਂ ਕਿਹਾ, "ਸਾਡੇ

ਪਾਸ ਸਭ ਕੁਝ ਹੈ।" ਸੰਤ ਰਾਤ ਏਥੇ ਹੀ ਰਹੇ। ਚੰਦੇ ਸ਼ਾਹ ਪਾਸ ਇੱਕ ਲਿਖਤੀ ਸੌ ਸਾਖੀ ਸੀ। ਕਿਸੇ ਸਮੇਂ ਚੰਦੇ ਸ਼ਾਹ ਦੇ ਬਜ਼ੁਰਗ ਕਲਗੀਆਂ ਵਾਲੇ ਪਾਤਸ਼ਾਹ ਦੇ ਨਾਲ ਰਹੇ ਸਨ, ਉੱਥੋਂ ਬਖ਼ਸ਼ਿਸ਼ ਹੋਈ ਸੀ। ਉਹ ਸੰਤਾਂ ਦੇ ਪਾਸ ਲੈ ਆਇਆ। ਇਹ ਚੀਜ਼ਾਂ ਅੰਗਰੇਜ਼ਾਂ ਨੇ ਬੰਦ ਕੀਤੀਆਂ ਹੋਈਆਂ ਸਨ। ਇਸ ਵਿੱਚ ਲਿਖਿਆ ਸੀ (ਸੰਤ ਅਤਰ ਸਿੰਘ ਮਾਲਵੇ, ਕਰਮ ਸਿੰਘ ਪੋਠੋਹਾਰੀ ਅਤੇ ਕਰਮ ਸਿੰਘ ਸੂਰਾ ਅਤਰ ਸਿੰਘ ਪੂਰਾ) ਸੰਤ ਪੜ੍ਹ ਕੇ ਬੜੇ ਹੱਸੇ ਕਿ ਸਤਿਗੁਰਾਂ ਦੀ ਲਿਖਤ ਬੁਝਾਰਤਾਂ ਵਿੱਚ ਲਿਖੀ ਹੋਈ ਹੈ। ਹੁਕਮ ਕੀਤਾ ਇਸ ਪੋਥੀ ਨੂੰ ਗੁਪਤ ਰੱਖੋ ਪ੍ਰਗਟ ਨਹੀਂ ਕਰਨੀ।

# ਸੀਤਲ ਸ਼ਾਹ ਤੇ ਫ਼ਕੀਰ ਚੰਦ ਦਾ ਮੇਲ

ਬਾਬਾ ਜੀ ਇੱਥੋਂ ਫਤੇ ਜੰਗ ਤੋਂ ਚਲ ਕੇ ਅੱਗੇ ਗਏ ਤਾਂ ਇੱਕ 'ਮੁਕਾਮ' ਨਾਮ ਦਾ ਪਿੰਡ ਆਇਆ। ਨਦੀ ਉੱਤੇ ਆਟਾ ਪੀਸਣ ਦੇ ਘਰਾਟ ਅਤੇ ਰਿਹਾਇਸ਼ ਵਾਸਤੇ ਜਗ੍ਹਾ ਬਣੀ ਸੀ। ਸੰਤਾਂ ਨੂੰ ਇਹ ਥਾਂ ਪਸੰਦ ਆ ਗਈ ਅਤੇ ਏਥੇ ਡੇਰਾ ਲਾ ਦਿੱਤਾ। ਇਹ ਸੀਤਲ ਸ਼ਾਹ ਦੇ ਘਰਾਟ ਸਨ। ਜਦ ਇਨ੍ਹਾਂ ਨੂੰ ਪਤਾ ਲੱਗਾ ਤਾਂ ਇਸ ਨੇ ਬੜੀ ਸੇਵਾ ਕੀਤੀ। ਘੋੜਿਆਂ ਵਾਸਤੇ ਦਾਣਾ, ਘਾਹ ਅਤੇ ਸੰਤਾਂ ਨੂੰ ਪ੍ਰੇਮ ਨਾਲ ਪ੍ਰਸ਼ਾਦ ਛਕਾਇਆ।

ਇਸ ਪਿੰਡ ਵਿੱਚ ਘਰ ਤਾਂ ਭਾਵੇ ਥੋੜ੍ਹੇ ਹੀ ਸਨ। ਪੰਜ ਘਰ ਸੁਨਿਆਰਿਆਂ ਦੇ ਅਤੇ ਪੰਜ ਛੇ ਘਰ ਸਹਿਜਧਾਰੀ ਸਿੱਖਾਂ ਦੇ ਸਨ। ਇਹ ਸਾਰੇ ਘਰ ਬਹੁਤ ਪ੍ਰੇਮੀ ਸਨ। ਇਨ੍ਹਾਂ ਨੇ ਪਿੰਡ ਵਿੱਚ ਗੁਰਦੁਆਰਾ ਵੀ ਬਣਾਇਆ ਹੋਇਆ ਸੀ। ਜਦੋਂ ਸੰਤਾਂ ਨੇ ਪੁੱਛਿਆ ਕਿ ਸ਼ਾਮੀਂ ਗੁਰਦੁਆਰਾ ਸਾਹਿਬ ਸਤਸੰਗ ਹੁੰਦਾ ਹੈ? ਤਾਂ ਇਨ੍ਹਾਂ ਅਰਜ਼ ਕੀਤੀ, "ਜੀ! ਦੋਨੋਂ ਸਮੇਂ ਸੰਗਤ ਜੁੜਦੀ ਹੈ।" ਸੰਤ ਜੀ ਸੁਣ ਕੇ ਬੜੇ ਪ੍ਰਸੰਨ ਹੋਏ। ਪ੍ਰਸ਼ਾਦਿ ਛਕ ਕੇ ਗੁਰਦੁਆਰੇ ਸਾਹਿਬ ਆਏ। ਰਹਿਰਾਸ ਸਾਹਿਬ ਦਾ ਪਾਠ ਅਤੇ ਆਰਤੀ ਆਰਤੇ ਤੋਂ ਬਾਅਦ ਸੰਗਤ ਨੇ ਰਲ ਮਿਲ ਕੇ ਜੋਟੀਆਂ ਨਾਲ ਖੁੱਲ੍ਹੇ ਸ਼ਬਦ ਪੜ੍ਹੇ। ਫਿਰ ਜਨਮ ਸਾਖੀ ਦੀ ਕਥਾ ਹੋਈ। ਉਪਰੰਤ ਕੀਰਤਨ ਸੋਹਲੇ ਦਾ ਪਾਠ ਪੜ੍ਹ ਕੇ ਅਰਦਾਸ ਕੀਤੀ ਗਈ। ਨਗਰ ਨਿਵਾਸੀਆਂ ਦਾ ਪ੍ਰੇਮ ਦੇਖ ਕੇ ਬਾਬਾ ਕਰਮ ਸਿੰਘ ਜੀ ਬੜੇ ਖ਼ੁਸ਼ ਹੋਏ ਕਿ ਤੁਸੀਂ ਧੰਨ ਹੋ ਕਿ ਗ੍ਰਹਿਸਥੀ ਹੁੰਦੇ ਹੋਏ ਵੀ ਚਾਹੇ ਥੋੜ੍ਹੇ ਘਰ ਹਨ ਸਤਿਸੰਗ ਬਣਾ ਰੱਖਿਆ ਹੈ।

ਫ਼ਕੀਰ ਚੰਦ ਨੇ ਅਰਜ਼ ਕੀਤੀ, "ਜੇ ਹੁਕਮ ਹੋਵੇ ਤਾਂ ਦੁੱਧ ਲੈ ਆਵਾਂ?" ਸੰਤਾਂ ਨੇ ਇਨ੍ਹਾਂ ਦੀ ਸ਼ਰਧਾ ਪੂਰੀ ਕਰਨ ਵਾਸਤੇ ਦੁੱਧ ਛਕਿਆ। ਫਿਰ ਸੀਤਲ ਸ਼ਾਹ, ਪ੍ਰਭ ਦਿਆਲ, ਫ਼ਕੀਰ ਚੰਦ, ਤੇ ਭਾਈ ਜੈ ਰਾਮ ਆਦਿ ਪ੍ਰੇਮੀਆਂ ਨੇ ਅਰਜ਼ ਕੀਤੀ ਕਿ ਕ੍ਰਿਪਾ ਕਰਕੇ ਸਵੇਰ ਦਾ ਪ੍ਰਸ਼ਾਦਿ ਵੀ ਸਾਡੇ ਘਰ ਹੀ ਛਕੋ। ਸੰਤਾਂ ਨੇ ਕਿਹਾ ਚੰਗਾ ਬਈ ਤੁਹਾਡਾ ਪ੍ਰੇਮ ਹੈ ਛਕ ਲਵਾਂਗੇ। ਇਹ ਆਖ ਕੇ ਆਪ ਜੀ ਰਾਤੀਂ ਨਦੀ ਕਿਨਾਰੇ ਚਲੇ ਗਏ। ਸਵੇਰੇ ਇਸਨਾਨ ਕਰ ਕੇ ਪ੍ਰਭੂ ਸਿਮਰਨ ਵਿੱਚ ਜੁੜ ਕੇ ਬੈਠ ਗਏ। ਇਧਰੋਂ ਭਾਈ ਫ਼ਕੀਰ ਚੰਦ ਸਵੇਰੇ ਹੀ ਤਿੰਨ ਵਜੇ ਨਦੀ ਤੇ ਇਸ਼ਨਾਨ ਕਰਨ ਆਉਂਦਾ ਹੁੰਦਾ ਸੀ। ਇਸ਼ਨਾਨ ਕਰਕੇ ਕੁਝ ਕੁ ਸਮਾਂ ਏਥੇ ਹੀ ਬੈਠ ਕੇ ਨਿੱਤ ਨੇਮ ਦਾ ਪਾਠ ਕਰਕੇ ਫਿਰ ਗੁਰਦੁਆਰਾ ਸਾਹਿਬ ਆ ਕੇ ਮਹਾਰਾਜ ਜੀ ਦਾ ਪ੍ਰਕਾਸ਼ ਕਰਕੇ ਸੁਖਮਨੀ ਸਾਹਿਬ ਦਾ ਪਾਠ ਕਰਦਾ। ਰੋਜ਼ ਵਾਂਗੂੰ ਇਸ ਨੇ ਵੀ ਗੁਰਦੁਆਰੇ ਸਾਹਿਬ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ। ਇਧਰੋਂ ਨਦੀ ਕਿਨਾਰਿਓਂ ਸੰਤ ਜੀ ਵੀ ਆ ਗਏ। ਸਤਿਗੁਰਾਂ ਨੂੰ ਨਮਸਕਾਰ ਕਰਕੇ ਗੁਰਬਾਣੀ ਦਾ ਪਾਠ ਸਰਵਣ ਕੀਤਾ। ਇਤਨੇ ਨੂੰ ਹੋਰ ਸੰਗਤ ਵੀ ਪਹੁੰਚ ਗਈ। ਸੁਖਮਨੀ ਸਾਹਿਬ ਦਾ ਭੋਗ ਪਿਆ ਅਰਦਾਸ ਹੋਈ ਤਾਂ ਸੰਤਾਂ ਨੇ ਹੁਕਮਨਾਮਾ ਲਿਆ।

ਧਨਾਸਰੀ ਮਹਲਾ ੫ ॥

ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥
ਕ੍ਰਿਪਾ ਕਟਾਖ੍ਯ੍ਯ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥੧॥
ਹਰਿ ਜਨ ਰਾਖੇ ਗੁਰ ਗੋਵਿੰਦ ॥
ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਉ ॥
ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥

(ਪੰਨਾ ੬੮੧)

ਸੰਗਤ ਨੇ ਸੰਤਾਂ ਅੱਗੇ ਬੇਨਤੀ ਕੀਤੀ ਕਿ ਆਪ ਕ੍ਰਿਪਾ ਕਰਕੇ ਸਾਨੂੰ ਇਸ ਦਾ ਸੰਖੇਪ ਭਾਵ-ਅਰਥ ਦੱਸ ਦਿਉ ਸੰਤਾਂ ਬਚਨ ਕੀਤਾ, "ਸੰਗਤ ਜੀ! ਗੁਰੂ ਬਾਣੀ ਰੂਪ ਹੈ ਅਤੇ ਗੁਰਬਾਣੀ ਗੁਰੂ ਸਰੂਪ ਹੈ। ਹਜ਼ੂਰ ਦਾ ਹੁਕਮ ਹੈ ਕਿ ਵਾਹਿਗੁਰੂ ਦਾ ਬਲ ਸ਼ਕਤੀ ਚਤੁਰ ਦਿਸਾ ਵਿੱਚ ਹੀ ਭਰਪੂਰ ਹੋ ਰਹੀ ਹੈ। ਭਾਵ ਉਹ ਸਰਬ ਸ਼ਕਤੀ ਸੰਪੰਨ ਅਤੇ ਸਰਬ ਵਿਆਪੀ ਦਾਤਾ ਹੈ। ਜਿਨ੍ਹਾਂ ਵਡਭਾਗੀਆਂ ਦੇ ਸੀਸ ਤੇ ਆਪਣਾ ਕਿਰਪਾ ਰੂਪੀ ਹੱਥ ਰੱਖ ਦਿੱਤਾ ਹੈ। ਉਨ੍ਹਾਂ ਆਪਣੇ ਸੇਵਕਾਂ ਦਾ ਬਲ ਵੀ ਚੌਹਾਂ ਕੂੰਟਾਂ ਵਿੱਚ ਫੈਲਾਅ ਦਿੰਦਾ ਹੈ। ਫਿਰ ਉਸ ਨੇ ਕ੍ਰਿਪਾ ਭਰੀ ਦ੍ਰਿਸ਼ਟੀ ਨਾਲ ਤੱਕ ਕੇ ਦਾਸਾਂ ਸੇਵਕਾਂ ਦੇ ਸਮੂਹ ਦੁਖਾਂ ਨੂੰ ਦੂਰ ਕਰ ਦਿਤਾ ਹੈ। ਹਰੀ ਜਨਾਂ ਨੂੰ ਗੋਬਿੰਦ ਦੇ ਸਰੂਪ ਗੁਰਾਂ ਨੇ ਸਾਰੇ ਵਿਘਨਾਂ ਤੋਂ ਰੱਖ ਲਿਆ ਹੈ। ਉਸ

ਦਿਆਲੂ ਬਖ਼ਸ਼ਿੰਦ ਅਕਾਲ ਪੁਰਖ ਨੇ ਅਭੇਦ ਨਿਸ਼ਚੇ ਰੂਪੀ ਕੰਠ ਨਾਲ ਲਗਾ ਕੇ ਸਾਰੇ ਔਗੁਣ ਮੇਟ ਦਿੱਤੇ ਹਨ। ਉਸ ਆਪਣੇ ਠਾਕੁਰ ਮਾਲਕ ਤੋਂ ਜੋ ਵੀ ਵਸਤੂ ਭਗਤ ਜਨ ਮੰਗਦੇ ਹਨ ਉਹ ਹੀ ਉਹ ਦਿੰਦਾ ਹੈ। ਜਿਵੇਂ ਕਬੀਰ ਭਗਤ ਦਾ ਜਗ ਸੰਪੂਰਨ ਕੀਤਾ। ਭਗਤ ਨਾਮਦੇਵ ਜੀ ਨੂੰ ੭੨ ਵਾਰ ਪ੍ਰਤੱਖ ਦਰਸ਼ਨ ਦਿੱਤੇ। ਛੱਪਰੀ ਬੰਨੀ, ਦਹੁਰਾ ਫੇਰਿਆ, ਸਲੇਮ ਸ਼ਾਹ ਬਾਦਸ਼ਾਹ ਦੀ ਮਰੀ ਗਊ ਜੀਵਾਈ, ਧੰਨੇ ਭਗਤ ਨਾਲ ਖੇਤੀ ਕਰਵਾਈ, ਸੈਨ ਦੇ ਰੂਪ ਵਿੱਚ ਉਸ ਦੀ ਡਿਊਟੀ ਦਿੱਤੀ। ਪ੍ਰਮੇਸ਼ਰ ਦੇ ਪਿਆਰੇ ਭਗਤ ਜਨ ਜੋ ਵੀ ਬਚਨ ਆਪਣੇ ਮੁੱਖੋਂ ਬੋਲਦੇ ਹਨ ਉਹੋ ਹੀ ਲੋਕ ਪ੍ਰਲੋਕ ਦੇ ਵਿੱਚ ਸੱਚਾ ਹੁੰਦਾ ਹੈ। ਸੋ ਪ੍ਰੇਮੀਓ! ਇਹੋ ਜਿਹੇ ਗੁਣਾਂ ਵਾਲੇ ਸਰਬ ਸ਼ਕਤੀ ਸੰਪੰਨ ਪ੍ਰਮੇਸ਼ਰ ਤੇ ਭਰੋਸਾ ਰਖੀਏ, ਤਾਂ ਲੋਕ ਪ੍ਰਲੋਕ ਸਫ਼ਲ ਹੁੰਦੇ ਹਨ। ਕਲਜੁਗ ਦੇ ਸਮੇਂ ਉਸ ਦੀ ਪ੍ਰਾਪਤੀ ਦਾ ਇੱਕ ਏਹੋ ਹੀ ਅਸਲ ਮਾਰਗ ਹੈ ਕਿ ਰੋਜ਼ ਸਤਿਸੰਗ ਕਰਿਆ ਕਰੋ। ਆਏ ਗਏ ਸਿੱਖ ਅਭਿਆਗਤ ਦੀ ਸੇਵਾ ਕਰੋ। ਧਰਮ ਦੀ ਕਿਰਤ ਕਰਕੇ ਗੁਰੂ ਨਮਿਤ ਦਸਵੰਧ ਕੱਢੋ, ਫਿਰ ਤੁਸੀਂ ਨਿਹਾਲ ਹੋ ਜਾਵੋਗੇ।"

ਥੋੜ੍ਹੇ ਬਚਨਾਂ ਵਿੱਚ ਹੀ ਸੰਤਾਂ ਨੇ ਸਮਾਪਤੀ ਕੀਤੀ। ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ। ਲੰਗਰ ਵੀ ਤਿਆਰ ਸੀ, ਉਸ ਦੀ ਵੀ ਅਰਦਾਸ ਕੀਤੀ ਗਈ। ਫ਼ਕੀਰ ਚੰਦ ਨੇ ਸਾਰੀ ਸੰਗਤ ਨੂੰ ਅਰਜ਼ ਕੀਤੀ ਕਿ ਅੱਜ ਦਾਸ ਦੇ ਘਰ ਲੰਗਰ ਹੈ। ਸਭਨਾਂ ਨੇ ਪ੍ਰਸਾਦਿ ਛਕ ਕੇ ਜਾਣਾ ਹੈ। ਇਉਂ ਬੇਨਤੀ ਕਰ ਕੇ ਫ਼ਕੀਰ ਚੰਦ ਸਭਨਾਂ ਨੂੰ ਆਪਣੇ ਘਰ ਲੈ ਗਿਆ। ਪੰਗਤਾਂ ਲੁਆ ਕੇ ਹੱਥ ਸੁੱਚੇ ਕਰਵਾਏ, ਫਿਰ ਸੰਤਾਂ ਨੇ ਸ਼ਬਦ ਪੜ੍ਹਿਆ:

ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥
ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ ॥
ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥
ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ॥

(ਪੰਨਾ ੮੦੧)

ਇਹ ਘਰ ਸੰਤ ਸੇਵੀ ਵੈਸ਼ਨੋ ਪ੍ਰੇਮੀਆਂ ਦਾ ਸੀ। ਦੋ ਥਾਲ ਪਹਿਲਾਂ ਦੋਹਾਂ ਸੰਤਾਂ ਵਾਸਤੇ ਲਿਆਂਦੇ, ਫਿਰ ਸਾਰੀ ਸੰਗਤ ਨੂੰ ਵਰਤਾਇਆ। ਜਦੋਂ ਸਾਰੀ ਸੰਗਤ ਨੇ ਪ੍ਰਸ਼ਾਦਿ ਛਕ ਲਿਆ, ਹੱਥ ਸੁਚੇ ਕਰਕੇ ਚੁਲਾ ਪੜ੍ਹਿਆ ਤਾਂ ਸੰਤਾਂ ਕਿਹਾ, "ਸੰਗਤ ਜੀ! ਆਗਿਆ ਬਖ਼ਸ਼ੋ। ਅੱਜ ਅਸੀਂ ਅਗਲੇ ਪਿੰਡ ਪੁੱਜਣਾ ਹੈ।"

ਇਹ ਗੱਲ ਸੁਣ ਕੇ ਭਾਈ ਫ਼ਕੀਰ ਚੰਦ ਨੇ ਅਰਜ਼ ਕੀਤੀ ਕਿ ਮਹਾਰਾਜ! ਬੀਬੀ ਮਥਰੋ ਦੀ ਸ਼ਾਦੀ ਹੈ। ਕੱਲ੍ਹ ਸਾਡੇ ਬਰਾਤ ਆਉਣੀ ਹੈ। ਆਪ ਦੇ ਸਬੱਬ ਨਾਲ ਦਰਸ਼ਨ ਹੋਏ ਹਨ। ਧੀਆਂ ਭੈਣਾਂ ਸਭਨਾਂ ਦੀਆਂ ਸਾਂਝੀਆਂ ਹੁੰਦੀਆਂ ਹਨ। ਕਲਯੁਗ ਵਿੱਚ ਕੰਨਿਆਂ ਦਾਨ ਦੇ ਬਰਾਬਰ ਹੋਰ ਕੋਈ ਜੱਗ ਨਹੀਂ। ਆਪ ਕ੍ਰਿਪਾ ਕਰਕੇ ਅਨੰਦ ਕਾਰਜ ਕਰਵਾ ਕੇ ਜਾਣਾ। ਸਾਰੀ ਸੰਗਤ ਨੇ ਵੀ ਹੱਥ ਜੋੜ ਕੇ ਅਰਜ਼ ਕੀਤੀ ਕਿ ਆਪ ਜ਼ਰੂਰ ਰਹੋ। ਸੰਤਾਂ ਕਿਹਾ ਚੰਗਾ, "ਸੰਗਤ ਜੀ! ਆਪ ਦਾ ਪਿਆਰ ਦੇਖ ਕੇ ਹੁਕਮ ਨਹੀਂ ਮੋੜਿਆ ਜਾਂਦਾ, ਅਸੀਂ ਅੱਜ ਰਹਾਂਗੇ।" ਇਉਂ ਆਖ ਕੇ ਆਪ ਤਾਂ ਬਾਬਾ ਜੀ ਨਦੀ ਕਿਨਾਰੇ ਚਲੇ ਗਏ। ਘਰ ਵਾਲਿਆਂ ਨੇ ਪ੍ਰਸ਼ਾਦਿ ਛਕਿਆ ਅਤੇ ਆਪੋ ਆਪਣੇ ਕੰਮੀ ਲੱਗ ਗਏ। ਜਦੋਂ ਆਪ ਬਾਹਰੋਂ ਸੈਰ ਕਰਕੇ ਵਾਪਿਸ ਆਏ ਤਾਂ ਅਗੰਮੀ ਹੁਕਮ ਅਨੁਸਾਰ ਨਗਰ ਨਿਵਾਸੀਆਂ ਨੂੰ ਕਿਹਾ ਕਿ ਏਥੇ ਇੱਕ ਤਲਾਅ ਬਣਾਓ ਤਾਂ ਕਿ ਸਾਰੇ ਪਸ਼ੂ ਪੰਛੀਆਂ ਨੂੰ ਪਾਣੀ ਦਾ ਸੁਖ ਹੋ ਜਾਵੇ, ਕਿਉਂਕਿ ਨੇੜੇ ਕਿਤੇ ਜਲ ਨਹੀਂ। ਸੰਤਾਂ ਦਾ ਬਚਨ ਮੰਨ ਕੇ ਸੰਗਤ ਨੇ ਉਸੇ ਸਮੇਂ ਤਿਆਰੀ ਕਰ ਲਈ। ਸੰਤਾਂ ਦੇ ਹੱਥੋਂ ਹੀ ਟੱਕ ਲਗਵਾਇਆ। ਅਤੇ ਮੱਘਰ ਸ਼ਾਹ ਦੇ ਨਾਮ ਪਰ (ਜੋ ਇੱਥੋਂ ਦਾ ਬਜ਼ੁਰਗ ਸੀ) ਬੰਨ੍ਹ ਲਗਵਾ ਦਿੱਤੀ। ਜੋ ਸਦਾ ਅੱਜ ਦੇ ਦਿਨ ਤੱਕ ਪਾਣੀ ਸੁਕਿਆ ਨਹੀਂ। ਮੱਘਰ ਸ਼ਾਹ ਦੀ ਬੰਨ੍ਹ ਮਸ਼ਹੂਰ ਹੈ।

ਦੂਸਰੇ ਦਿਨ ਬਰਾਤ ਆਈ। ਸੰਗਤਾਂ ਨੇ ਬੜੀ ਸੇਵਾ ਕੀਤੀ। ਬਾਬਾ ਜੀ ਸਵੇਰੇ ਹੀ ਨਦੀ ਕਿਨਾਰਿਉਂ ਗੁਰਦੁਆਰੇ ਸਾਹਿਬ ਆਏ। ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ ਅਤੇ ਅਨੰਦ ਕਾਰਜ ਕਰਵਾਏ। ਸੁਭਾਗ ਜੋੜੀ ਨੂੰ ਸਿੱਖਿਆ ਦਿੱਤੀ। ਪ੍ਰਸ਼ਾਦਿ ਛਕ ਕੇ ਚਲਣ ਲਈ ਤਿਆਰ ਹੋ ਗਏ। ਚੱਲਣ ਸਮੇਂ ਦੋਹਾਂ ਮਹਾਂ ਪੁਰਸ਼ਾਂ ਨੇ ਇੱਕ-ਇੱਕ ਰੁਪਇਆ ਲੜਕੀ ਦੇ ਹੱਥ ਤੇ ਰੱਖਿਆ ਅਤੇ ਬੱਚੀ ਨੂੰ ਮਿੱਠੀਆਂ ਅਸੀਸਾਂ ਦਿੱਤੀਆਂ। ਨਗਰ ਨਿਵਾਸੀ ਹਿੰਦੂ, ਮੁਸਲਮਾਨ ਆਪ ਜੀ ਨੂੰ ਸਤਿਕਾਰ ਨਾਲ ਵਿਦਿਆ ਕਰਨ ਆਏ। ਸੰਤਾਂ ਨੇ ਸਭਨਾਂ ਨੂੰ ਗੁਰਬਾਣੀ ਦੁਆਰਾ ਉਪਦੇਸ਼ ਦਿੱਤਾ:

ਉਸਤਤਿ ਮਨ ਮਹਿ ਕਰਿ ਨਿਰੰਕਾਰ ॥ ਕਰਿ ਮਨ ਮੇਰੇ ਸਤਿ ਬਿਉਹਾਰ ॥

(ਪੰਨਾ ੨੭੧)

ਭਾਵ ਕਿ ਤੁਸਾਂ ਆਪੋ ਆਪਣੇ ਧਰਮ ਵਿੱਚ ਪੱਕੇ ਰਹਿਣਾ ਗੁਰੂ ਨੂੰ ਅੰਗ ਸੰਗ ਜਾਨਣਾ। ਹੱਕ ਦੀ ਕਿਰਤ ਕਰਕੇ ਵੰਡ ਛਕਣਾ ਆਏ ਗਏ ਅਭਿਅਗਤਾਂ ਦੀ ਸੇਵਾ ਕਰਨੀ। ਸਵੇਰ ਤੇ ਸ਼ਾਮ ਸਤਿਸੰਗ ਕਰਨੀ, ਨਾਮ ਜਪਣਾ ਗੁਰੂ ਭਲੀ ਕਰੇਗਾ। ਵਿਛੜਨ ਵੇਲੇ ਸਭਨਾਂ ਦੇ ਨੇਤਰ ਸਜਲ ਹੋ ਗਏ। ਆਪ ਜੀ ਨੇ ਸਭਨਾਂ ਨੂੰ ਧੀਰਜ ਦੇ ਕੇ ਮੁਕਾਮ ਨਗਰ ਤੋਂ ਚੱਲ ਕੇ (ਜਿੱਥੇ ਗਿਆਨੀ ਲਾਲ ਸਿੰਘ ਦੇ ਨਾਨਕੇ ਸਨ) ਇਸਦੇ ਪਿੰਡ 'ਅਖੌੜੀ' ਆ ਗਏ। ਭਾਈ ਲਾਲ ਸਿੰਘ ਦਾ ਦਾਦਾ ਭਾਈ ਸ਼ੇਰ ਸਿੰਘ ਅਤੇ ਪਿਤਾ ਭਾਈ ਰਾਮ ਸਿੰਘ ਜੀ ਮਿਲੇ। ਇਨ੍ਹਾਂ ਨੇ ਸੰਤਾਂ ਦਾ ਬੜਾ ਆਦਰ ਕੀਤਾ। ਜੱਗੀਆਂ ਦੀ ਹਵੇਲੀ ਵਿੱਚ ਉਤਾਰਾ ਕਰਕੇ ਘੋੜਿਆਂ ਵਾਸਤੇ ਘਾਹ ਅਤੇ ਆਪ ਵਾਸਤੇ ਪਲੰਘ ਲਿਆ ਕੇ ਬਿਸਤਰੇ ਵਿਛਾਅ ਦਿੱਤੇ। ਫਿਰ ਪ੍ਰਸ਼ਾਦਿ ਛਕਾਇਆ। ਉਸ ਤੋਂ ਬਾਅਦ ਆਪ ਜੀ ਗੁਰਦੁਆਰਾ ਸਾਹਿਬ ਆ ਗਏ। ਸਤਿਗੁਰਾਂ ਨੂੰ ਨਮਸਕਾਰ ਕਰ ਇਤਿਹਾਸ ਦੀ ਕਥਾ ਸੁਣੀ। ਫਿਰ ਰਾਤ ਨੂੰ ਬਿਰਾਜ ਗਏ। ਫਿਰ ਸਵੇਰੇ ਇਸਨਾਨ ਕਰ ਗੁਰਦੁਆਰਾ ਸਾਹਿਬ ਪੁੱਜੇ। ਸਤਿਗੁਰਾਂ ਨੂੰ ਮੱਥਾ ਟੇਕ ਸੁਖਮਨੀ ਸਾਹਿਬ ਦਾ ਪਾਠ ਸੁਣਿਆ। ਸਭਨਾਂ ਰਲ ਮਿਲ ਕੇ ਆਸਾ ਜੀ ਦੀ ਵਾਰ ਪੜ੍ਹੀ, ਭੋਗ ਪੈ ਗਿਆ ਅਰਦਾਸ ਹੋਈ ਫਿਰ ਦਿਨ ਚੜ੍ਹੇ ਗੁਰਦੁਆਰੇ ਸਾਹਿਬ ਬੱਚੇ ਪੜ੍ਹਨ ਆਏ। ਸਭਨਾਂ ਨੇ ਦਰਬਾਰ ਸਾਹਿਬ ਨੂੰ ਨਮਸਕਾਰ ਕੀਤੀ। ਫਿਰ ਭਾਈ ਸ਼ੇਰ ਸਿੰਘ ਨੂੰ ਫਤਹਿ ਬੁਲਾਈ ਅਤੇ ਆਪਣੀ ਜਗ੍ਹਾ ਤੇ ਬੈਠ ਕੇ ਪੜ੍ਹਨ ਲੱਗੇ।

ਭਾਈ ਸ਼ੇਰ ਸਿੰਘ ਤੇ ਭਾਈ ਰਾਮ ਸਿੰਘ ਦੋਵੇਂ ਗੁਰਮੁਖ ਪਿਆਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਕਰਿਆ ਕਰਦੇ। ਇਨ੍ਹਾਂ ਨੇ ਸੰਤ ਜੀ ਨੂੰ ਗੁਰਬਾਣੀ ਦੀਆਂ ਲਿਖਤੀ ਪੋਥੀਆਂ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਵਾਏ। ਲਿਖਤੀ ਗੁਰ ਬਿਲਾਸ ਤੇ ਪਾਰਸ ਭਾਗ ਵੀ ਦਿਖਾਇਆ। ਸੰਤ ਜੀ ਬੜੇ ਪ੍ਰਸੰਨ ਹੋਏ ਤੇ ਬਚਨ ਕੀਤਾ, ਕਿ 'ਤੁਸੀਂ ਧੰਨ ਹੋ ਜੋ ਬੱਚਿਆਂ ਨੂੰ ਵਿੱਦਿਆ ਦਾ ਦਾਨ ਕਰ ਰਹੇ ਹੋ ਅਤੇ ਪਾਵਨ ਬਾਣੀ ਲਿਖਕੇ ਹੱਥ ਸਫਲੇ ਕੀਤੇ ਹਨ। ਸਤਿਗੁਰਾਂ ਦਾ ਹੁਕਮ ਹੈ ਕਿ ਗੁਰਬਾਣੀ ਲਿਖਣ ਵਾਲੇ ਨਿਸ਼ਕਾਮੀ ਸੱਜਣਾਂ ਦੀਆਂ ਕੁਲਾਂ ਤਰ ਜਾਂਦੀਆਂ ਹਨ, "ਲਿਖਤੀ ਕੁਲ ਤਾਰਿਆ ਜੀਉ" ਦੇ ਹੁਕਮ ਅਨੁਸਾਰ ਆਪਣੀਆਂ ਕੁਲਾਂ ਤਾਰ ਲਈਆਂ। ਗੁਰੂ ਸਾਹਿਬ ਦੇ ਗ੍ਰੰਥੀ ਇਹੋ ਜਿਹੇ ਹੀ ਹੋਣੇ ਚਾਹੀਦੇ ਹਨ।

ਬਾਬਾ ਜੀ ਦੇ ਇਨ੍ਹਾਂ ਬਚਨਾਂ ਸਦਕਾ ਰਾਗੀ ਲਾਲ ਸਿੰਘ ਜੀ ਦੇ ਪਿਤਾ ਭਾਈ ਰਾਮ ਸਿੰਘ ਜੀ ਨੇ ਸੈਦੂ ਦੇ ਪਾਸ ਤੁਡੇਰ ਨਗਰ ਗ੍ਰੰਥੀ ਦੀ ਸੇਵਾ ਕਰਦਿਆਂ ਬੜਾ ਹੀ ਗੁਰਮਤਿ ਪ੍ਰਚਾਰ ਕੀਤਾ। ਫਿਰ ਸੰਤਾਂ ਨੇ ਬੱਚਿਆਂ ਤੋਂ ਗੁਰਬਾਣੀ ਦਾ ਪਾਠ ਸੁਣਿਆ ਅਤੇ ਖ਼ੁਸ਼ ਹੋ ਕੇ ਮਠਿਆਈ ਮੰਗਵਾਕੇ ਸਭਨਾਂ ਵਿੱਚ ਵਰਤਾਈ ਤੇ ਅਸੀਸਾਂ ਦਿੱਤੀਆਂ।

ਇਥੋਂ ਸੰਤ ਜੀ ਪ੍ਰਸ਼ਾਦਿ ਛਕ ਕੇ ਭਾਈ ਲਾਲ ਸਿੰਘ ਦੇ ਸਮੇਤ 'ਜਸੀਆਂ' ਨਗਰ ਨੂੰ ਜਾਣ ਵਾਸਤੇ ਤਿਆਰ ਹੋ ਗਏ। ਸੰਗਤਾਂ ਦਾ ਆਪ ਜੀ ਨਾਲ ਅਥਾਹ ਪਿਆਰ ਸੀ। ਬਾਹਰ ਵਿਦਾ ਕਰਨ ਆਈ ਸੰਗਤ ਤੋਂ ਸੰਤ ਜੀ ਨੇ ਆਗਿਆ ਮੰਗੀ ਅਤੇ 'ਅਖੌੜੀ' ਤੋਂ 'ਜਸੀਆਂ' ਪਿੰਡ ਪਹੁੰਚ ਗਏ। ਭਾਈ ਥਾਨ ਸਿੰਘ ਕੋਟ ਵਾਲਿਆਂ ਦਾ ਡੇਰਾ ਸੀ। ਡੇਰੇ ਤੇ ਆ ਕੇ ਘੋੜੇ ਬੱਧੇ। ਡੇਰੇ ਵਾਲਿਆਂ ਨੇ ਬੜਾ ਆਦਰ ਕੀਤਾ। ਘੋੜਿਆਂ ਨੂੰ ਦਾਣਾ ਪਾ ਕੇ ਆਪ ਤਾਂ 'ਹਰੋ' ਨਦੀ ਤੇ ਇਸਨਾਨ ਕਰਨ ਚਲੇ ਗਏ। ਪਿਛੋਂ ਭਾਈ ਲਾਲ ਸਿੰਘ ਜੀ ਨੇ ਲੰਗਰ ਤਿਆਰ ਕਰ ਲਿਆ। ਪ੍ਰਸ਼ਾਦਿ ਛਕ ਕੇ ਗੁਰਦੁਆਰੇ ਸਾਹਿਬ ਆ ਗਏ। ਏਥੇ ਇੱਕ ਲਾਂਬਾ ਜਾਤੀ ਦਾ ਗ੍ਰਹਿਸਥੀ ਸਿੱਖ ਭਾਈ ਲਾਲਾ ਰਾਮ ਕਰਕੇ ਇਤਿਹਾਸ ਦੀ ਕਥਾ ਕਰ ਰਿਹਾ ਸੀ। ਕਥਾ ਦੀ ਸਮਾਪਤੀ ਉਪਰੰਤ ਆਪ ਜੀ ਦਾ ਨੂਰਾਨੀ ਚਿਹਰਾ ਤੱਕ ਕੇ ਇਸ ਗੁਰਮੁਖ ਭਾਈ ਲਾਲੇ ਨੇ ਪੁਛਿਆ, "ਆਪ ਕਿਧਰੋ ਆਏ ਹੋ?" ਸੰਤਾਂ ਬਚਨ ਕੀਤਾ, "ਪੋਠੋਹਾਰ ਤੋਂ ਆਏ ਹਾਂ ਅੱਗੇ ਮਰਦਾਨ ਜਾਣਾ ਹੈ।" ਇਹ ਭਾਈ ਲਾਲਾ ਪੂਰਨ ਪੁਰਖ ਸੀ, ਸਭ ਕੁਝ ਜਾਣ ਗਿਆ ਅਤੇ ਅਰਜ਼ ਕੀਤੀ, "ਆਪ ਜਦੋਂ ਪ੍ਰਗਟ ਹੋਵੋਗੇ, ਕੀ ਮੈਨੂੰ ਉਦੋਂ ਦਰਸ਼ਨ ਹੋ ਜਾਣਗੇ?" ਤਾਂ ਸੰਤਾਂ ਨੇ ਹੱਸ ਕੇ ਕਿਹਾ, "ਸੰਤ ਜੀ! ਅਕਾਲ ਪੁਰਖ ਵਾਹਿਗੁਰੂ ਸਦਾ ਪ੍ਰਗਟ ਹੈ, ਉਸ ਦੇ ਦਰਸ਼ਨ ਕਰੋ। ਜਿਸ ਦੇ ਦਰਸ਼ਨ ਸਾਰੀ ਸ੍ਰਿਸ਼ਟੀ ਕਰ ਰਹੀ ਹੈ।"

ਜਦੋਂ ਭਾਈ ਲਾਲਾ ਗੁਰਦੁਆਰੇ ਤੋਂ ਆਪਣੇ ਘਰ ਨੂੰ ਆਇਆ ਤਾਂ ਲੋਕਾਂ ਪੁੱਛਿਆ ਕਿ, "ਇਹ ਗੱਲ ਤੁਸੀਂ ਉਸ ਫੌਜੀ ਨਾਲ ਕੀ ਕਰ ਰਹੇ ਸੀ ਕਿ ਜਦੋਂ ਪ੍ਰਗਟ ਹੋਵੋਗੇ ਤਾਂ ਦਰਸ਼ਨ ਹੋਣਗੇ ਕਿ ਨਹੀਂ।" ਭਾਈ ਲਾਲੇ ਨੇ ਆਖਿਆ ਕਿ, "ਇਹ ਬੜਾ ਬਲੀ ਪੁਰਖ ਹੈ। ਫਰੰਟੀਅਰ 'ਚ ਪ੍ਰਗਟ ਹੋ ਕੇ ਸ੍ਰਿਸ਼ਟੀ ਨੂੰ ਤਾਰੇਗਾ।"

ਡੇਰੇ ਵਿੱਚ ਸੰਤ ਰਾਤ ਰਹੇ ਅਤੇ ਸਵੇਰੇ ਕੈਮਲਪੁਰ ਸ਼ੁਕਰ ਦਰਿਓਂ ਹੁੰਦੇ ਹੋਏ ਰਾਤ 'ਖੈਰਾਬਾਦ' ਪੁੱਜੇ, ਫਿਰ 'ਦਖਨੇਰ' ਆਏ। ਏਥੇ ਇੱਕ ਜੋਤਸ਼ੀ ਸੀ। ਉਸ ਨੇ ਸੱਜੇ ਚਰਨ ਤੇ ਪਦਮ ਤੋਂ ਪਛਾਣ ਲਿਆ ਕਿ ਕੋਈ ਬਲੀ ਪੁਰਸ਼ ਹੋਵੇਗਾ। ਪਾਸ ਆ ਕੇ ਆਖਿਆ, "ਤੁਹਾਡੇ ਚਰਨਾਂ ਵਿੱਚ ਪਦਮ ਹੈ, ਬੜਾ ਪ੍ਰਤਾਪ ਹੋਵੇਗਾ।" ਸੰਤ ਹੱਸ ਪਏ ਕੁਝ ਮਾਇਆ ਦੇਣ ਲੱਗੇ। ਇਸ ਨੇ ਲੈਣ ਤੋਂ ਨਾਹ ਕਰ ਦਿੱਤੀ ਕਿ ਜਦੋਂ ਪ੍ਰਗਟ ਹੋਵੋਗੇ ਫਿਰ ਲਵਾਂਗਾ। (ਵਿਸਥਾਰ ਪੂਰਨ ਇਹ ਸਾਖੀ ਅੱਗੇ ਆਵੇਗੀ)

ਏਥੇ ਸਵੇਰੇ ਇਸ਼ਨਾਨ ਕੀਤਾ। ਘੋੜਿਆਂ ਤੇ ਅਸਵਾਰ ਹੋ ਕੇ ਸੈਦੂ ਪਿੰਡ ਆਏ। ਜਿੱਥੇ ਆਪ ਜੀ ਜੋਤੀ ਜੋਤ ਸਮਾਏ ਸਨ। ਇਸ ਪਿੰਡ ਦੇ ਥੋੜ੍ਹੇ ਹੀ ਘਰ ਸਨ। ਪੰਚਾਇਤੀ ਗੁਰਦੁਆਰੇ ਦੇ ਪਾਸ ਘੋੜੇ ਬੰਨੇ (ਇਹ ਉਹ ਜਗ੍ਹਾ ਹੈ ਜਿੱਥੇ ਹੁਣ ਖੂਹੀ ਲੱਗੀ ਹੋਈ ਹੈ) ਇਹ ਖੂਹੀ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨੇ ਸੰਗਤਾਂ ਦੇ ਇਸਨਾਨ ਅਤੇ ਪਾਣੀ ਪੀਣ ਵਾਸਤੇ ਲਗਵਾਈ ਸੀ। ਇਹ ਬਾਬਾ ਕਰਮ ਸਿੰਘ ਜੀ ਦੇ ਗੁਰਦੁਆਰੇ ਦੇ ਨਾਮ ਹੈ। ਜਿੱਥੇ ਸੰਤਾਂ ਨੇ ਸਰੀਰ ਛੱਡਿਆ ਸੀ। ਇਸ ਘਰ ਮਰਦਾਨ ਨੂੰ ਜਾਂਦਿਆ ਪ੍ਰਸ਼ਾਦਾ ਛਕਿਆ ਸੀ ਅਤੇ ਗੁਪਤ ਵਾਕ ਕਹੇ ਸਨ ਕਿ ਇਹ ਸਾਡੀ ਪੁਰਾਤਨ ਜਗ੍ਹਾ ਹੈ, ਜੋ ਅਖ਼ੀਰ ਨੂੰ ਪ੍ਰਗਟ ਕੀਤੀ।

ਸੈਦੂ ਤੋਂ ਅਕੋੜਿਓ ਹੁੰਦੇ ਹੋਏ ਰਾਤ ਨੁਸ਼ਹਿਰਾ ਸਦਰ ਆ ਗਏ। ਰਸਾਲੇ 'ਚ ਘੋੜੇ ਬੱਧੇ। ਲੰਗਰ ਵਿੱਚ ਪ੍ਰਸ਼ਾਦਿ ਛਕ ਕੇ ਦੁਪਹਿਰ ਨੂੰ ਬਿਰਾਜ ਗਏ। ਫਿਰ ਇੱਥੋਂ ਚਲ ਕੇ ਮਰਦਾਨ ਛਾਉਣੀ ਪਹੁੰਚ ਗਏ।

ਛੁੱਟੀ ਪੂਰੀ ਹੋ ਚੁੱਕੀ ਸੀ। ਹਾਜ਼ਰੀ ਦਾ ਦਿਨ ਸੀ। ਆਪ ਜੀ ਗਾਈਡ ਪਲਟਨ ਦੇ ਅਫਸਰ ਅਤੇ ਸਭ ਫੌਜੀ ਜਵਾਨਾਂ ਨੂੰ ਮਿਲੇ। ਸਭਨਾਂ ਨੇ ਬੜੀ ਖ਼ੁਸ਼ੀ ਮਨਾਈ। ਇੱਕ ਕਮਰਾ ਸੰਤਾਂ ਨੂੰ ਤੇ ਭਾਈ ਲਾਲ ਸਿੰਘ ਨੂੰ ਮਿਲ ਗਿਆ। ਇਸ ਵਿੱਚ ਸਮਾਨ ਰੱਖ ਕੇ ਇਸ਼ਨਾਨ ਕੀਤਾ। ਫਿਰ ਗੁਰਦੁਆਰੇ ਆ ਕੇ ਸੰਗਤ ਅਤੇ ਸਤਿਗੁਰਾਂ ਦੇ ਦਰਸ਼ਨ ਕੀਤੇ। ਗ੍ਰੰਥੀ ਸਿੰਘ ਜੀ ਕਥਾ ਕਰ ਰਹੇ ਸਨ। ਸਮਾਪਤੀ ਤੋਂ ਬਾਅਦ ਬਾਬਾ ਕਰਮ ਸਿੰਘ ਜੀ ਨੂੰ ਮਿਲੇ ਅਤੇ ਬਹੁਤ ਖ਼ੁਸ਼ੀ ਮਨਾਈ। ਇਹ ਗ੍ਰੰਥੀ ਸਿੰਘ ਗੁਰਮੁਖ ਪਿਆਰੇ ਨਾਮ ਬਾਣੀ ਦੇ ਰਸੀਏ ਸਨ। ਆਪਣੀ ਤਨਖਾਹ ਨੂੰ ਗੁਰੂ ਘਰ ਦੀ ਸੇਵਾ ਅਤੇ ਅਭਿਅਗਤਾਂ ਤੇ ਖਰਚ ਕਰਦੇ ਸਨ। ਸੰਤਾਂ ਦਾ ਵੀ ਬੜਾ ਆਦਰ ਕਰਦੇ ਹੁੰਦੇ ਕਿ ਚਮਤਕਾਰੀ ਪੁਰਖ ਕਦੇ ਪ੍ਰਗਟ ਹੋ ਕੇ ਆਪਣੇ ਜੀਵਨ ਦੀ ਛੋਹ ਨਾਲ ਸ੍ਰਿਸ਼ਟੀ ਨੂੰ ਤਾਰੇਗਾ।

## ਸੰਤਾਂ ਦੀ ਤਪੱਸਿਆ

ਮਰਦਾਨ ਪਹੁੰਚ ਕੇ ਆਪ ਜੀ ਨੇ ਅੱਠਾਂ ਦਿਨਾਂ ਵਿੱਚ ਹੀ ਸਾਰੀ ਵਾਕਫ਼ੀ ਕਰ ਲਈ। ਪਾਸ ਹੀ ਇੱਕ ਕਲਪਾਣੀ ਕਰ ਕੇ ਨਦੀ ਹੈ। ਇਸ ਤੋਂ ਪਾਰ ਇਕਾਂਤ ਜਗ੍ਹਾ ਦੇਖ ਲਈ। ਰਾਤ ਦੀ ਡਿਊਟੀ ਇੱਕ ਤੋਂ ਤਿੰਨ ਵਜੇ ਤੱਕ ਸੀ। ਨੌਕਰੀ ਤੋਂ ਪਹਿਲਾਂ ਅਤੇ ਪਿਛੋਂ ਇਸ ਜਗ੍ਹਾ ਆ ਬੈਠਣਾ। ਸਿਮਰਨ ਕਰਨਾ ਸਮਾਧੀ ਦਾ ਅਨੰਦ ਮਾਨਣਾ। ਜਦੋਂ ਦਾ ਆਪ ਜੀ ਨੇ ਅਮ੍ਰਿਤ ਛਕਣ ਵੇਲੇ ਉਪਦੇਸ਼ ਲਿਆ ਉਸ ਸਮੇਂ ਤੋਂ ਹੀ ਜਿਹੋਂ ਜਿਹੀ ਸਰਕਾਰੀ ਨੌਕਰੀ ਤੇਹੋ ਜਿਹਾ ਪ੍ਰਭੂ ਸਿਮਰਨ ਦਾ ਪਹਿਰਾ ਵੀ ਸਮੇਂ ਸਿਰ ਦੇਣਾ। ਕਦੇ ਵੀ ਵੇਲਾ ਨਹੀਂ ਸੀ ਖੁੰਝਾਇਆ ਅਵਸਥਾ ਤਾਂ ਇਹੋ ਸੀ

ਊਠਤ ਬੈਠਤ ਸੋਵਤ ਨਾਮ ॥
ਕਹੁ ਨਾਨਕ ਜਨ ਕੈ ਸਦ ਕਾਮ ॥

(ਪੰਨਾ ੨੯੬)

ਧੁਰੋਂ ਹੀ ਬੰਦਗ਼ੀ ਦਾ ਮਸਤਕ ਤੇ ਲੇਖ ਲਿਖਿਆ ਸੀ:

ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ
ਤਾ ਤਿਨੀ ਖਸਮੁ ਧਿਆਇਆ ॥

(ਪੰਨਾ ੪੬੯)

ਜਗਤ ਮਾਤਾ, ਮਾਤਾ ਗੁਜਰੀ ਜੀ ਨੇ ਦਸ਼ਮ ਪਾਤਸ਼ਾਹ ਤੋਂ ਪੂਰਨ ਸਾਧੂ ਦੇ ਲੱਛਣ ਪੁੱਛੇ ਤਾਂ ਹਜ਼ੂਰ ਨੇ ਪੰਚਮ ਪਾਤਸ਼ਾਹ ਜੀ ਦੀ ਰਸਨਾ ਤੋਂ ਉਚਾਰਨ ਕੀਤੀ ਬਾਣੀ ਦੁਆਰਾ ਉੱਤਰ ਦਿੱਤਾ:

ਮੰਤ੍ਰੰ ਰਾਮ ਰਾਮ ਨਾਮੰ ਧ੍ਯ੍ਯਾਨੰ ਸਰਬਤ੍ਰ ਪੂਰਨਹ ॥
ਗ੍ਯ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯ੍ਯਾਗਿ ਸਗਲ ਰੇਣੁਕਹ ॥
ਖਟ ਲਖ੍ਯ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥੪੦॥

(ਪੰਨਾ ੧੩੫੭)

ਵਾ:

ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥
ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥੧॥
ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ ॥
ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ ॥੨॥
ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥
ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥੩॥

(ਪੰਨਾ ੨੨੦)

ਦੂਖ ਰੋਗ ਬਿਨਸੇ ਭੈ ਭਰਮ ॥ ਸਾਧ ਨਾਮ ਨਿਰਮਲ ਤਾ ਕੇ ਕਰਮ ॥

(ਪੰਨਾ ੨੯੬)

ਇਹ ਸਾਰੇ ਹੀ ਗੁਣ ਮਹਾਂ ਪੁਰਖਾਂ ਵਾਲੇ ਬਾਬਾ ਕਰਮ ਸਿੰਘ ਜੀ ਵਿੱਚ ਘਟਦੇ ਸਨ। ਰਾਤ ਦੇ ਸਾਢੇ ਬਾਰ੍ਹਾਂ ਵਜੇ ਹੀ ਅਮ੍ਰਿਤ ਵੇਲੇ ਦਾ ਇਸਨਾਨ ਕਰ ਲੈਣਾ। ਫਿਰ ਇੱਕ ਤੋਂ ਤਿੰਨ ਵਜੇ ਤੱਕ ਪਹਿਰਾ ਦੇ ਕੇ ਨਦੀਉਂ ਪਾਰ ਹੀ ਚਲੇ ਜਾਣਾ ਅਤੇ ਸਵੇਰ ਤੱਕ ਸਮਾਧੀ ਵਿੱਚ ਜੁੜਨਾ। ਪਹੁ ਫੁਟਾਲੇ ਨਾਲ ਗੁਰਦੁਆਰੇ ਆ ਜਾਣਾ। ਸਤਿਗੁਰਾਂ ਦਾ ਦਰਸ਼ਨ ਕਰਕੇ ਮੱਥਾ ਟੇਕ ਕੇ ਕੀਰਤਨ ਤੇ ਗੁਰਬਾਣੀ ਦਾ ਪਾਠ ਸੁਣਨਾ। ਦਿਨ ਚੜ੍ਹੇ ਲੰਗਰ ਦੀ ਸੇਵਾ ਕਰਨੀ ਪ੍ਰਸ਼ਾਦੇ ਪਕਾਉਣੇ,

ਜਲ ਭਰਨਾ, ਪੰਗਤਾਂ ਲੁਆ ਕੇ ਸਾਰੇ ਫੌਜੀਆਂ ਨੂੰ ਪ੍ਰਸ਼ਾਦਾ ਛਕਾਉਣਾ। ਨਾਲੋ ਨਾਲ ਸ਼ਬਦ ਵੀ ਪੜ੍ਹਨਾ।

ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ ॥
ਅੰਮ੍ਰਿਤ ਨਾਮੁ ਰਿਦ ਮਾਹਿ ਧਿਆਈ ॥

(ਪੰਨਾ ੮੦੭)

ਸੰਗਤਾਂ ਨੂੰ ਪ੍ਰਸ਼ਾਦਿ ਛਕਾ ਕੇ ਫਿਰ ਦਿਨੇ ਸਿਰਫ ਦੋ ਘੰਟੇ ਹੀ ਆਰਾਮ ਕਰਨਾ। ਸ਼ਾਮ ਦੇ ਦੀਵਾਨ ਵਿੱਚ ਸਭ ਤੋਂ ਪਹਿਲਾਂ ਪੁੱਜ ਕੇ ਸ੍ਰੀ ਰਹਿਰਾਸ ਸਾਹਿਬ ਦਾ ਪਾਠ ਕਰਨਾ। ਫਿਰ ਦੀਵਾਨ ਵਿੱਚ ਹਾਜ਼ਰ ਹੋ ਕੇ ਆਰਤੀ ਕਰਾਉਣੀ। ਕੀਰਤਨ ਅਤੇ ਕਥਾ ਸੁਣ ਕੇ ਨਦੀ ਤੋਂ ਪਾਰ ਭਜਨ ਕਰਨ ਵਾਸਤੇ ਚਲੇ ਜਾਣਾ। ਏਥੇ ਸਾਢੇ ਬਾਰਾਂ ਵਜੇ ਤੱਕ ਬੈਠਣਾ। ਫਿਰ ਇੱਕ ਤੋਂ ਲੈ ਕੇ ਤਿੰਨ ਵਜੇ ਤੱਕ ਫੌਜ ਦੀ ਸਰਕਾਰੀ ਡਿਊਟੀ ਦੇਣੀ। ਪਹਿਰਾ ਦੇਂਦਿਆਂ ਵੀ ਮੂਲ ਮੰਤਰ ਜਾਂ ਜਪੁਜੀ ਸਾਹਿਬ ਦਾ ਪਾਠ ਜਾਰੀ ਰੱਖਣਾ। ਤੁਰਦੇ ਫਿਰਦੇ ਨਾਮ ਜਪਣਾ। ਇਉਂ ਆਪ ਜੀ ਦੀ ਰਹਿਣੀ ਬਹਿਣੀ ਦੇਖ ਕੇ ਕਈ ਅਮ੍ਰਿਤਧਾਰੀ ਸਿੰਘ, ਸਹਿਜਧਾਰੀ ਵੀਰ, ਹਿੰਦੂ ਅਤੇ ਮੁਸਲਮਾਨ ਪਠਾਣ, ਗ੍ਰਹਿਸਥੀ ਅਤੇ ਸਾਧੂ ਆਪ ਜੀ ਦੇ ਪ੍ਰੇਮੀ ਬਣ ਗਏ। ਸਭਨਾਂ ਨੂੰ ਇਹੋ ਹੀ ਕਹਿਣਾ, ਸੱਚ ਬੋਲੋ, ਨੇਕੀ ਦਾ ਕੰਮ ਕਰੋ, ਸੱਚ ਵਾਲੇ ਵਿਹਾਰ ਨੂੰ ਅੰਗੀਕਾਰ ਕਰੋ।

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥

(ਪੰਨਾ ੪੬੮)

ਸੱਚ ਬੋਲਣ ਨਾਲ ਪਾਪਾਂ ਦੀ ਨਵਿਰਤੀ ਹੁੰਦੀ ਹੈ। ਮਨੁੱਖ ਜਨਮ ਦੀ ਯਾਤਰਾ ਸਫ਼ਲ ਹੁੰਦੀ ਹੈ।

# ਜੋਗੀ ਤੇ ਕਿਰਪਾ ਕਰਨੀ

ਛਾਉਣੀ ਦੇ ਗੁਰਦੁਆਰੇ ਪਾਸ ਇੱਕ ਪ੍ਰਾਣਾਯਾਮੀ ਜੋਗੀ ਰਹਿੰਦਾ ਸੀ। ਉਸ ਦਾ ਵੀ ਬਾਬਾ ਕਰਮ ਸਿੰਘ ਜੀ ਨਾਲ ਬੜਾ ਪ੍ਰੇਮ ਪੈ ਗਿਆ। ਇਹ ਕਿਹਾ, ਕਰੇ, "ਪ੍ਰੇਮੀਓ! ਸੰਤ ਕਰਮ ਸਿੰਘ ਜੀ ਪੂਰਨ ਪੁਰਖ ਹਨ।" ਬਾਬਾ ਜੀ ਨੂੰ ਵੀ ਸਵਾਸ ਰੋਕ ਕੇ ਭਜਨ ਦੁਆਰਾ ਤ੍ਰਿਕੁਟੀ ਬੇਧ ਕੇ ਉੱਪਰ ਦਸਵੇਂ ਦੁਆਰ ਸੁਰਤ ਲਿਜਾਣ ਕਰਕੇ ਪ੍ਰਾਣਾਯਾਮ ਕਲਾ ਪ੍ਰਾਪਤ ਸੀ। ਆਪ ਕਦੀ-ਕਦੀ ਦਸਵੇਂ ਦੁਆਰ ਸਵਾਸ ਵੀ ਲੈ ਜਾਇਆ ਕਰਦੇ। ਇਹ ਜੋਗੀ ਹਠ ਜੋਗ ਕਰਦਾ ਸੀ। ਬਾਬਾ ਜੀ ਭਗਤ ਯੋਗ ਦੀ ਸਿੱਖਿਆ ਦਿੰਦੇ ਸਨ। ਇਸ ਕਰਕੇ ਵੀ ਯੋਗੀ ਦਾ ਆਪ ਦੇ ਨਾਲ ਜ਼ਿਆਦਾ ਪ੍ਰੇਮ ਪੈ ਗਿਆ। ਉਸ ਨੇ ਵੀ ਆਪ ਤੋਂ ਸਹਿਜ ਯੋਗ ਸਿੱਖਿਆ। ਜਦੋਂ ਸੰਤ ਪਲਟਣ ਵਲੋਂ 'ਕਲਪਾਣੀ' ਦੇ ਨਾਲੇ ਵੱਲ ਭਜਨ ਕਰਨ ਜਾਣ ਤਾਂ ਸੈਕੜੇ ਸਿੱਖ, ਸਹਿਜਧਾਰੀ ਅਤੇ ਪਠਾਣ ਦਰਸ਼ਨਾਂ ਲਈ ਅੱਗੇ ਖੜ੍ਹੇ ਹੋਣ। ਸੰਤਾਂ ਨੇ ਸਭਨਾਂ ਨੂੰ ਪਿਆਰ ਨਾਲ ਫਤਿਹ ਬੁਲਾਉਣੀ ਅਤੇ ਨਿੰਮ੍ਰਤਾ ਨਾਲ ਆਖਣਾ, "ਗੁਰਮੁਖੋ! ਅਸੀਂ ਤਾਂ ਇੱਕ ਸਰਕਾਰੀ ਨੌਕਰ ਹਾਂ, ਤੁਸੀਂ ਦਰਸ਼ਨ ਗੁਰੂ ਮਹਾਰਾਜ ਦੇ ਜਾਂ ਅੰਤਰ ਆਤਮੇ ਜਗਦੀ ਜੋਤ ਦੇ ਕਰਿਆ ਕਰੋ। ਆਪਣੇ ਧਰਮ ਕਰਮ ਵਿੱਚ ਪ੍ਰਪੱਕ ਰਹੋ। ਸਾਡੇ ਰਸਤੇ ਵਿੱਚ ਨਾ ਖੜਿਆ ਕਰੋ।" ਪਰ ਹਜ਼ੂਰ ਦਾ ਹੁਕਮ ਹੈ:

ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥
ਤਿਸ ਕੀ ਸੀਖ ਤਰੈ ਸੰਸਾਰੁ ॥

(ਪੰਨਾ ੨੬੯)

ਪਰ ਇਉਂ ਕੌਣ ਰੁਕਦਾ ਹੈ। ਦਰਸ਼ਨਾਂ ਦੀ ਖਿੱਚ ਸਭ ਨੂੰ ਮੋਹਿਤ ਕਰਦੀ ਸੀ। ਸੰਤਾਂ ਦੀ ਧੂੜੀ ਨੂੰ ਸਾਰੇ ਹੀ ਮੰਗਦੇ ਹਨ।

ਕਹੁ ਨਾਨਕ ਪ੍ਰਭ ਲੋਚਾ ਪੂਰਿ ॥
ਸੰਤ ਜਨਾ ਕੀ ਬਾਛਉ ਧੂਰਿ ॥

(ਪੰਨਾ ੭੨੪)

ਹੋਤੀ ਦੇ ਵੱਡੇ ਪਠਾਣ ਖਵਾਜ਼ਾ ਮੁਹੰਮਦ ਖਾਂਨ ਨੂੰ ਵੀ ਇਹ ਸਭਨਾਂ ਤੋਂ ਇਹੀ ਸਮਾਂ ਚੰਗਾ ਲੱਗਾ। ਸਵੇਰੇ ਹੀ ਰਸਤੇ ਵਿੱਚ ਆ ਖੜਨਾ, ਦਰਸ਼ਨ ਕਰਕੇ ਸਲਾਮ ਬੁਲਾਉਣੀ ਤੇ ਫਿਰ ਘਰ ਨੂੰ ਚਲੇ ਜਾਣਾ। ਇਸ ਤਰ੍ਹਾਂ ਆਪਣਾ ਨਿੱਤਨੇਮ ਅਤੇ ਪਲਟਣ ਦੀ ਨੌਕਰੀ ਮਹੀਨਿਆਂ ਬੱਧੀ ਚੱਲਦੀ ਰਹੀ। ਪਲਟਣ ਵਾਲੇ ਸੰਗੀ ਸਾਥੀ, ਆਫੀਸਰ ਅਤੇ ਹੋਰ ਜਿਤਨੇ ਵੀ ਹਿੰਦੂ, ਮੁਸਲਮਾਨ ਸਨ ਆਪਸ ਵਿੱਚ ਵਿਚਾਰਾਂ ਕਰਨ ਲੱਗੇ ਕਿ ਭਾਈ ਕਰਮ ਸਿੰਘ ਜੀ ਕਿਤਨਾ ਕਰਮਾਂ ਦਾ ਬਲੀ ਹੈ। ਜੋ ਵੀ ਚਮਕੀਲੇ ਮਸਤਕ ਅਤੇ ਰਸੀਲੇ ਨੈਣਾ ਦਾ ਦਰਸ਼ਨ ਕਰਦਾ ਹੈ ਅੱਖੀਂ ਸੁਖ ਅਤੇ ਕਲੇਜੇ ਠੰਡ ਪੈਦੀ ਹੈ।

ਆਠ ਪਹਰ ਜਨੁ ਹਰਿ ਹਰਿ ਜਪੈ ॥
ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥

(ਪੰਨਾ ੨੬੫)

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥

(ਪੰਨਾ ੧੩੮੨)

## ਸੰਤਾਂ ਦੀ ਜਗ੍ਹਾ ਅਕਾਲ ਪੁਰਖ ਨੇ ਪਹਿਰਾ ਦਿੱਤਾ

ਬਾਬਾ ਕਰਮ ਸਿੰਘ ਜੀ ਰੋਜ਼ ਦੇ ਨਿਯਮ ਅਨੁਸਾਰ ਅੱਜ ਵੀ ਨਦੀਓ ਪਾਰ ਜਾ ਕੇ ਪ੍ਰਮੇਸ਼ਰ ਦੇ ਭਜਨ ਸਿਮਰਨ ਵਿੱਚ ਜੁੜ ਗਏ। ਇਹੋ ਜਿਹੀ ਬਿਰਤੀ ਲੀਨ ਹੋਈ:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥
ਕਨਕ ਕਟਿਕ ਜਲ ਤਰੰਗ ਜੈਸਾ ॥੧॥

(ਪੰਨਾ ੯੩)

ਧਿਆਤਾ ਤੇ ਧਿਆਨ ਦਾ ਅਭਾਵ ਹੋ ਕੇ ਕੇਵਲ ਧੇਯ ਰੂਪ ਹੀ ਹੋ ਗਏ। ਜਿਵੇਂ ਕਾਬਲ ਵਿੱਚ ਭਾਈ ਗੋਂਦੇ ਦੀ ਸਮਾਧੀ ਨੇ ਚਾਰ ਪਹਿਰ ਸਤਵੇਂ ਪਾਤਿਸ਼ਾਹ ਜੀ ਨੂੰ ਸਿੰਘਾਸਨ ਤੋਂ ਨਹੀਂ ਸੀ ਉੱਠਣ ਦਿੱਤਾ। ਇਓਂ ਪਿਆਰੇ ਨੂੰ ਪ੍ਰੇਮ ਦੀਆਂ ਜ਼ੰਜੀਰਾਂ ਵਿੱਚ ਬੰਨ੍ਹ ਲਿਆ। ਇਸੇ ਅਵਸਥਾ ਵਿੱਚ ਸਮਾਂ ਲੰਘੇ ਦਾ ਪਤਾ ਹੀ ਨਹੀਂ ਲੱਗਦਾ। ਏਧਰੋਂ ਰਾਤ ਦੇ ਪਹਿਰੇ ਦਾ ਸਮਾਂ ਆ ਗਿਆ, ਪਰ ਆਪ ਜੀ ਤਾਂ ਉਸ ਅਵਸਥਾ ਦਾ ਅਨੰਦ ਮਾਣ ਰਹੇ ਸਨ। ਜਿਥੇ:

ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ ॥

(ਪੰਨਾ ੪੯੪)

ਦੇਸ਼ ਕਾਲ ਦਾ ਅਭਾਵ ਹੈ।

ਉਧਰੋਂ ਡਿਊਟੀ ਤੋਂ ਗ਼ੈਰ ਹਾਜ਼ਰ ਜਾਣ ਕੇ ਕਮਾਂਡਰ ਅਫਸਰ ਦੇ ਪਾਸ ਰਿਪੋਰਟ ਪੁੱਜੀ ਕਿ ਅੱਜ ਭਾਈ ਕਰਮ ਸਿੰਘ 'ਹੌਲਦਾਰ ਮੇਜਰ' ਡਿਊਟੀ ਤੇ ਨਹੀ ਆਏ। ਏਧਰੋਂ ਅਕਾਲ ਪੁਰਖ ਜਿਵੇਂ ਸੈਣ ਦੀ ਜਗ੍ਹਾ ਆਪ ਰੂਪ ਧਾਰਨ ਕਰਕੇ ਰਾਜੇ ਦੇ ਸਰੀਰ ਦੀ ਮਾਲਿਸ਼ ਕਰਨ ਆਇਆ ਸੀ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ-

ਸੁਣ ਪਰਤਾਪ ਕਬੀਰ ਦਾ ਦੂਜਾ ਸਿਖ ਹੋਆ ਸੈਣ ਨਾਈ ।
ਪ੍ਰੇਮ ਭਗਤਿ ਰਾਤੀਂ ਕਰੈ ਭਲਕੇ ਰਾਜ ਦੁਆਰੈ ਜਾਈ ।
ਆਏ ਸੰਤ ਪਰਾਹੁਣੇ ਕੀਰਤਨ ਹੋਆ ਰੈਣ ਸਬਾਈ ।
ਛਡ ਨ ਸਕੈ ਸੰਤ ਜਨ ਰਾਜ ਦੁਆਰ ਨ ਸੇਵ ਕਮਾਈ ।
ਸੈਣ ਰੂਪ ਹਰਿ ਹੋਇਕੈ ਆਇਆ ਰਾਣੇ ਨੋਂ ਰੀਝਾਈ ।
ਸਾਧ ਜਨਾਂ ਨੋਂ ਵਿਦਾ ਕਰ ਰਾਜਦੁਆਰ ਗਇਆ ਸਰਮਾਈ ।
ਰਾਣੇ ਦੂਰਹੁੰ ਸਦਕੈ ਗਲਹੁੰ ਕਵਾਇ ਖੋਲ੍ਹ ਪੈਨ੍ਹਾਈ ।
ਵਸ ਕੀਤਾ ਹਉਂ ਤੁਧ ਅਜ ਬੋਲੈ ਰਾਜਾ ਸੁਣੈ ਲੁਕਾਈ ।
ਪਰਗਟ ਕਰੈ ਭਗਤ ਵਡਿਆਈ ॥੧੬॥

(ਭਾਈ ਗੁਰਦਾਸ ਜੀ)

ਭਾਈ ਕਰਮ ਸਿੰਘ ਜੀ ਦਾ ਰੂਪ ਧਾਰਨ ਕਰਕੇ ਬਰਦੀ ਪਹਿਨ ਕੇ ਪਹਿਰੇ ਤੇ ਆ ਖਲੋਤਾ। ਅੰਗਰੇਜ਼ ਅਫਸਰ ਨੇ ਫੌਜੀ ਤਰੀਕੇ ਅਨੁਸਾਰ ਪਹਿਰਾ ਅਤੇ ਸ਼ਸਤਰ ਆਦਿਕ ਚੈੱਕ ਕੀਤੇ, ਦਸਤਖ ਵੀ ਲਏ ਦਿਤੇ ਅਤੇ ਚਲਾ ਗਿਆ। ਡੇਰੇ ਤੇ ਜਾ ਕੇ ਸ਼ਕਾਇਤ ਕਰਨ ਵਾਲੇ ਨੂੰ ਡਾਂਟਿਆ ਕਿ ਤੂੰ ਝੂਠੀ ਸ਼ਕਾਇਤ ਕੀਤੀ ਹੈ ਉਹ ਤਾਂ ਪਹਿਰੇ ਤੇ ਖੜ੍ਹੇ ਹਨ। ਮੈਂ ਆਪਣੇ ਅਰਦਲੀ ਸਮੇਤ ਜਾ ਕੇ ਸਭ ਪਹਿਰਾ ਠੀਕ ਠਾਕ ਦੇਖ ਆਇਆ ਹਾਂ ਤਾਂ ਸ਼ਕਾਇਤ ਕਰਨ ਵਾਲਾ ਹੈਰਾਨ ਹੋ ਕੇ ਬਾਬਾ ਜੀ ਪਾਸ ਬਾਹਰ ਗਿਆ, ਉੱਥੇ ਵੀ ਬੈਠੇ ਤੱਕੇ ਤੇ ਫੌਜ ਵਿੱਚ ਵੀ ਗਿਣਤੀ ਪੂਰੀ ਦੇਖੀ। ਫਿਰ ਆਪ ਜਾ ਕੇ ਕਰਨਲ ਪਾਸ ਸ਼ਕਾਇਤ ਕੀਤੀ ਪਰ ਉਸਨੇ ਕਿਹਾ ਕਿ ਮੈਂ ਆਪ ਜਾ ਕੇ ਉਨ੍ਹਾਂ ਨੂੰ ਡਿਊਟੀ ਤੇ ਦੇਖ ਆਇਆ ਹਾਂ।

ਏਧਰੋਂ ਜਦੋਂ ਸਵੇਰਾ ਹੋਇਆ, ਸੰਤਾਂ ਦੀ ਸਮਾਧੀ ਖੁਲ੍ਹੀ ਤਾਂ ਰਾਤ ਦੇ ਪਹਿਰੇ ਦਾ ਚੇਤਾ ਆਇਆ ਕਿ ਅਸੀਂ ਬੜੀ ਗ਼ਲਤੀ ਕੀਤੀ ਜੋ ਡਿਊਟੀ ਤੋਂ ਗ਼ੈਰ ਹਾਜ਼ਰ ਹੋ ਗਏ। ਜਿਸ ਜਗ੍ਹਾ ਤੇ ਆਪ ਭਜਨ ਕਰਨ ਬੈਠਦੇ ਸਨ ਇੱਕ ਪਠਾਣ ਦਾ ਖੂਹ ਸੀ। ਉਹ ਰੋਜ਼ ਹੀ ਆਪ ਜੀ ਦੇ ਬੈਠਣ ਵਾਸਤੇ ਰੇਤ ਦਾ ਥੜ੍ਹਾ ਬਣਾ ਕੇ ਰੱਖਦਾ ਹੁੰਦਾ ਸੀ। ਹੋਰ ਵੀ ਯਥਾ ਸ਼ਕਤ ਸੇਵਾ ਕਰਦਾ ਸੀ। ਸਵੇਰੇ ਆ ਕੇ ਉਸ ਪਠਾਣ ਨੇ ਸੰਤਾਂ ਨੂੰ ਸਲਾਮ ਕਰਕੇ ਪੁੱਛਿਆ, "ਕੀ ਗੱਲ ਹੈ! ਅੱਜ ਰਾਤੀਂ ਆਪ ਪਹਿਰੇ ਤੇ ਨਹੀਂ ਗਏ। ਛੁੱਟੀ ਲਈ ਹੋਈ ਸੀ?" ਸੰਤਾਂ ਨੇ ਉੱਤਰ ਦਿੱਤਾ, "ਸਾਨੂੰ ਤਾ ਅੱਜ ਪਹਿਰੇ ਦਾ ਚੇਤਾ ਹੀ ਭੁੱਲ

ਗਿਆ। ਸਾਰੀ ਰਾਤ ਏਥੇ ਹੀ ਬੈਠੇ ਰਹੇ।" ਫਿਰ ਜਦੋਂ ਆਪ ਛਾਉਣੀ ਵੱਲ ਆ ਕੇ ੯ ਵਜੇ ਦਫਤਰ ਵਿੱਚ ਗਏ ਤਾਂ ਅਫਸਰ ਨੇ ਆਪ ਜੀ ਨੂੰ ਬੜੇ ਅਦਬ ਨਾਲ ਪਾਸ ਬਿਠਾਇਆ ਤੇ ਆਖਿਆ, "ਰਾਤੀਂ ਤੁਹਾਡੀ ਮੇਰੇ ਪਾਸ ਸ਼ਕਾਇਤ ਪੁੱਜੀ ਸੀ ਕਿ ਭਾਈ ਕਰਮ ਸਿੰਘ 'ਮੇਜਰ ਹੌਲਦਾਰ' ਪਹਿਰੇ ਤੇ ਨਹੀਂ ਆਇਆ ਜਦੋਂ ਮੈਂ ਪੰਜ ਮਿੰਟ ਬਾਅਦ ਦੇਖਣ ਗਿਆ ਤਾਂ ਤੁਸੀਂ ਪਹਿਰਾ ਦੇ ਰਹੇ ਸੀ"। ਸੰਤਾਂ ਨੇ ਕਿਹਾ, "ਮੈਂ ਤਾਂ ਰਾਤੀ ਗ਼ੈਰ ਹਾਜ਼ਰ ਸਾਂ ਪਹਿਰਾ ਦੇਣਾ ਭੁੱਲ ਹੀ ਗਿਆ, ਸਾਰੀ ਰਾਤ ਨਦੀਉਂ ਪਾਰ ਹੀ ਰਿਹਾ। ਹੁਣੇ ਹੀ ਸਿੱਧਾ ਦਫਤਰ ਵੱਲ ਆ ਰਿਹਾ ਹਾਂ।" ਸਾਹਬ ਆਖਣ ਲੱਗਾ, "ਮੈਂ ਤਾਂ ਤੁਹਾਨੂੰ ਆਪ ਪਹਿਰੇ ਤੇ ਖੜ੍ਹਾ ਦੇਖਿਆ ਹੈ, ਮੇਰੇ ਅਰਦਲੀ ਤੋਂ ਪੁੱਛ ਲਓ ਜੋ ਉਸ ਵਕਤ ਮੇਰੇ ਨਾਲ ਸੀ ਅਤੇ ਜਿਸ ਨੇ ਤੁਹਾਨੂੰ ਡਿਊਟੀ ਸੌਂਪੀ ਹੈ ਉਸ ਤੋਂ ਹੀ ਪੁੱਛ ਲਉ ਅਤੇ ਆਪਣੇ ਦਸਤਖਤ ਦੇਖ ਲਓ"।

ਜਦੋਂ ਸੰਤਾਂ ਨੇ ਦਸਤਖਤ ਦੇਖੇ ਉਹ ਇਨ੍ਹਾਂ ਦੇ ਆਪਣੇ ਹੀ ਸਨ। ਇਸ ਤੋਂ ਵੱਡਾ ਹੋਰ ਕੀ ਸਬੂਤ ਹੋ ਸਕਦਾ ਸੀ। ਪਹਿਰੇਦਾਰ ਤੇ ਸਾਹਬ ਦੇ ਅਰਦਲੀ ਨੇ ਵੀ ਗਵਾਹੀ ਦਿੱਤੀ ਕਿ ਤੁਸੀਂ ਪਹਿਰੇ ਤੇ ਹਾਜ਼ਰ ਸੀ। ਸੰਤਾਂ ਨੇ ਕਿਹਾ, "ਨਜੀਬ ਖਾਂ ਪਠਾਣ ਨੂੰ ਬੁਲਾਉ, ਜੋ ਰਾਤੀਂ ਸਾਡੇ ਪਾਸ ਹੀ ਖੂਹ ਤੇ ਸੁੱਤਾ ਹੁੰਦਾ ਹੈ।" ਜਦੋਂ ਪਠਾਣ ਨੂੰ ਦਫਤਰ ਵਿੱਚ ਬੁਲਾ ਕੇ ਪੁੱਛਿਆ ਕਿ ਰਾਤੀਂ ਭਾਈ ਕਰਮ ਸਿੰਘ ਜੀ ਕਿਥੇ ਸੀ? ਨਜੀਬ ਖਾਂ ਪਠਾਣ ਨੇ ਸਾਹਬ ਨੂੰ ਸਲਾਮ ਕਰਕੇ ਆਖਿਆ, ਕਿ ਰਾਤ ਨੂੰ ਰੋਜ਼ ਹੀ ਮੇਰੇ ਖੂਹ ਤੇ ਬੈਠਦੇ ਹਨ। ਉਸੇ ਜਗ੍ਹਾ ਤੋਂ ਹੀ ਰਾਤ ਨੂੰ ਪਹਿਰਾ ਦੇਣ ਆਉਂਦੇ ਹਨ। ਅੱਜ ਰਾਤੀਂ ਨਹੀਂ ਆਏ ਸਵੇਰ ਤੱਕ ਉੱਥੇ ਹੀ ਬੈਠੇ ਰਹੇ। ਮੈਂ ਪੁੱਛਿਆ ਕੀ ਗੱਲ, ਛੁੱਟੀ ਲਈ ਹੈ? ਤਾਂ ਇਨ੍ਹਾਂ ਕਿਹਾ ਨਹੀਂ, ਅੱਜ ਤਾਂ ਜਾਣ ਦਾ ਚੇਤਾ ਹੀ ਭੁੱਲ ਗਿਆ। ਇਹ ਗੱਲ ਠੀਕ ਹੈ ਕਿ ਰਾਤੀਂ ਸੰਤ ਪਹਿਰੇ ਤੇ ਨਹੀਂ ਆਏ। ਇਹ ਅਸਚਰਜਤਾ ਵਾਲੀ ਗੱਲ ਸੁਣ ਕੇ ਸਾਰਿਆਂ ਨੂੰ ਵਿਸ਼ਵਾਸ਼ ਹੋ ਗਿਆ ਕਿ ਸੰਤ ਜੀ ਵੀ ਨਹੀਂ ਆਏ ਤੇ ਪਹਿਰਾ ਵੀ ਦਿੱਤਾ ਗਿਆ। ਇਹ ਤਾਂ ਕੋਈ ਕੌਤਕ ਹੈ।

# ਨੌਕਰੀ ਦਾ ਤਿਆਗ

ਅੰਗਰੇਜ਼ ਅਫਸਰ, ਗ੍ਰੰਥੀ ਖੁਸ਼ਹਾਲ ਸਿੰਘ ਅਤੇ ਬਾਬਾ ਕਰਮ ਸਿੰਘ ਜਾਣ ਗਏ ਕਿ ਪਹਿਰਾ ਦੇਣ ਵਾਲਾ ਤੇ ਕੋਈ ਹੋਰ ਹੀ ਹੈ। ਇਹ ਵਾਰਤਾ ਪਲੋ-ਪਲੀ ਸਾਰੇ ਅਫਸਰਾਂ ਤੱਕ ਪੁੱਜ ਗਈ ਕਿ ਸੰਤ ਕਰਮ ਸਿੰਘ ਦੀ ਜਗ੍ਹਾ ਰਾਤੀਂ ਆਪ ਖ਼ੁਦ ਪ੍ਰਮੇਸ਼ਰ ਨੇ ਪਹਿਰਾ ਦਿੱਤਾ ਹੈ। ਏਧਰੋਂ ਸੰਤਾਂ ਨੇ ਉਸ ਸਮੇਂ ਵਰਦੀ ਰਾਈਫਲ ਤੇ ਹੋਰ ਫੌਜੀ ਸਮਾਨ ਅਫਸਰ ਦੇ ਅੱਗੇ ਰੱਖ ਕੇ ਆਖਿਆ, ਕਿ ਮੈਂ ਹੁਣ ਹੋਰ ਤੁਹਾਡੀ ਨੌਕਰੀ ਨਹੀਂ ਕਰਨੀ ਉਸ ਸੱਚੀ ਸਰਕਾਰ ਦੀ ਨੌਕਰੀ ਕਰਨੀ ਹੈ ਜਿਸ ਨੇ ਮੇਰੇ ਥਾਂ ਤੇ ਪਹਿਰਾ ਦਿੱਤਾ ਹੈ, ਆਪਣੇ ਸੇਵਕ ਦੀ ਆਪ ਪੈਜ ਰੱਖਣ ਵਾਲਾ ਕ੍ਰਿਪਾਲੂ ਤਰੁੱਠ ਪਿਆ ਹੈ। ਹੁਣ ਤਾਂ ਮੈਂ ਸੰਸਾਰ ਦੀਆਂ ਝੂਠੀਆਂ ਡਿਊਟੀਆਂ ਨਹੀਂ ਦੇਣੀਆਂ। ਜਦ ਕਿ ਉਹ ਪ੍ਰਭੂ ਪਰਮਾਤਮਾਂ:

ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥

(ਪੰਨਾ ੪੦੩)

ਇਹ ਬਚਨ ਸੁਣ ਕੇ ਸਿੱਖ ਸਰਦਾਰਾਂ ਅਤੇ ਅਫਸਰਾਂ ਦੇ ਨੇਤਰਾਂ 'ਚੋਂ ਵੈਰਾਗ ਦਾ ਜਲ ਠੱਲਿਆ ਨਾ ਜਾਵੇ। ਸਾਰੇ ਹੀ ਸ਼ਾਤੀ ਵਰਤ ਗਈ। ਦਸ ਮਿੰਟ ਤੱਕ ਕੋਈ ਨਾ ਬੋਲਿਆ। ਤਾਂ ਬਾਬਾ ਜੀ ਨੇ ਕਿਹਾ, "ਸਾਹਬ! ਵੈਰਾਗ ਨਾ ਕਰੋ, ਮੇਰਾ ਨਾਮ ਕੱਟ ਦਿਓ, ਮੈਂ ਨੌਕਰੀ ਤੋਂ ਛੁੱਟੀ ਮੰਗਦਾ ਹਾਂ।" ਸਾਹਬ ਨੇ ਕਿਹਾ, "ਭਾਈ ਕਰਮ ਸਿੰਘ ਜੀ! ਮੈਂ ਤੁਹਾਡੀ ਬਹੁਤ ਹੀ ਛੇਤੀ ਤਰੱਕੀ ਕਰਾਂਗਾ ਭਾਵ ਜਲਦ ਹੀ ਜਮਾਂਦਾਰ, ਸੂਬੇਦਾਰ, ਸੂਬੇਦਾਰ ਮੇਜਰ ਬਣਾ ਦੇਵਾਂਗਾ ਆਪ ਨੌਕਰੀ ਨਾ ਛੱਡੋ।" ਪਰ ਜਦੋਂ ਆਪ ਨੌਕਰੀ ਕਰਨੀ ਨਾ ਮੰਨੇ ਤਾਂ ਫਿਰ ਕਿਹਾ, "ਕਰਮ ਸਿੰਘ! ਤੁਸਾਂ ਅੱਗੇ ਲਈ ਪਹਿਰਾ ਅਤੇ ਹੋਰ ਪਲਟਨ ਦਾ ਕੋਈ ਸਰਕਾਰੀ ਕੰਮ ਨਾ ਕਰਨਾ, ਸਿਰਫ ਬੰਦਗੀ ਕਰਿਆ ਕਰੋ ਪਰ ਰਹੋ ਪਲਟਨ ਵਿੱਚ ਹੀ।" ਪਰੰਤੂ ਆਪ ਜੀ ਦਾ ਬਚਨ ਸੀ ਕਿ ਅਸੀਂ ਹੁਣ ਉਸੇ ਦੀ ਨੌਕਰੀ ਕਰਨੀ ਹੈ ਜਿਸ ਨੇ ਸਾਡੀ ਕੀਤੀ ਹੈ। ਦੇਰ ਨਾ ਕਰੋ ਮੇਰਾ ਨਾਮ ਕੱਟ ਦਿਉ ਮੈਂ ਸੁਤੰਤਰ ਰਹਿਣਾ ਚਾਹੁੰਦਾ ਹਾਂ। ਸਾਹਬ ਨੇ ਕਿਹਾ, "ਮੈਂ ਕਾਗ਼ਜ਼ਾਂ ਵਿੱਚੋਂ ਨਾਮ ਨਹੀਂ ਕੱਟਾਂਗਾ ਆਪ ਏਥੇ ਹੀ ਰਹੋ।" ਸੰਤਾਂ ਬਚਨ ਕੀਤਾ, "ਚੰਗਾ ਫਿਰ ਤੁਹਾਡੇ ਕਾਗ਼ਜ਼ਾਂ ਵਿੱਚ ਮੇਰਾ ਨਾਮ ਹੈ ਹੀ ਨਹੀਂ ਉਹ ਹੁਣ ਸੱਚੀ ਸਰਕਾਰ ਦੇ ਰਜਿਸਟਰਾਂ ਵਿੱਚ ਦਰਜ ਹੋ ਚੁੱਕਾ ਹੈ।" ਸਾਹਬ ਨੇ ਕਿਹਾ, "ਤੁਹਾਡਾ ਨਾਮ ਮੇਰੇ ਪਾਸ ਲਿਖਿਆ ਪਿਆ ਹੈ ਮੈਂ ਕੱਟਾਂਗਾ ਨਹੀਂ।" ਸੰਤਾਂ ਕਿਹਾ, "ਜ਼ਰਾ ਆਪਣੇ ਕਾਗ਼ਜ਼ ਤਾਂ ਦੇਖੋ।" ਸਾਹਬ ਹੈਰਾਨ ਹੋ ਗਿਆ। ਜਦ ਸਾਰੇ ਹੀ ਰਜਿਸਟਰ ਦੇਖੇ ਤਾਂ ਕਿਤੇ ਵੀ ਆਪ ਜੀ ਦਾ ਨਾਮ ਨਹੀਂ ਲੱਭਿਆ। ਇਹ ਪ੍ਰਤੱਖ ਚਮਤਕਾਰ ਦੇਖਕੇ ਸਾਰੇ ਹੀ ਅਫਸਰ ਬੜੇ ਹੀ ਅਸਚਰਜ ਹੋਏ।

ਇਸ ਤਰ੍ਹਾਂ ਆਪ ਜੀ ਨੇ ਛੁੱਟੀ ਲੈ ਲਈ। ਸਾਰੀ ਸੰਗਤ ਆਪ ਜੀ ਨੂੰ ਫੌਜ ਦੇ ਗੁਰਦੁਆਰੇ ਲੈ ਆਈ। ਬਾਬਾ ਜੀ ਨੇ ਆਪਣੇ ਵਲੋਂ ਕੜਾਹ ਪ੍ਰਸ਼ਾਦਿ ਦੀ ਦੇਗ ਕਰਵਾਈ। ਸੰਗਤਾਂ ਨੇ ਰਲ ਮਿਲ ਕੇ ਕੀਰਤਨ ਕੀਤਾ। ਉਪਰੰਤ ਅਨੰਦ ਸਾਹਿਬ ਦਾ ਪਾਠ ਕਰਕੇ ਅਰਦਾਸ ਹੋਈ ਅਤੇ ਗ੍ਰੰਥੀ ਭਾਈ ਖੁਸ਼ਹਾਲ ਸਿੰਘ ਜੀ ਨੇ ਸਤਿਗੁਰਾਂ ਦਾ ਹੁਕਮਨਾਮਾ ਲਿਆ, ਹਜ਼ੂਰ ਦਾ ਵਾਕ ਸੀ:

ਕਰੁ ਧਰਿ ਮਸਤਕਿ ਥਾਪਿਆ ਨਾਮੁ ਦੀਨੋ ਦਾਨਿ ॥
ਸਫਲ ਸੇਵਾ ਪਾਰਬ੍ਰਹਮ ਕੀ ਤਾ ਕੀ ਨਹੀ ਹਾਨਿ ॥੧॥
ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ ॥
ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ ॥੧॥ ਰਹਾਉ ॥
ਸਰਣਿ ਪਰੇ ਚਰਣਾਰਬਿੰਦ ਜਨ ਪ੍ਰਭ ਕੇ ਪ੍ਰਾਨ ॥
ਸਹਜਿ ਸੁਭਾਇ ਨਾਨਕ ਮਿਲੇ ਜੋਤੀ ਜੋਤਿ ਸਮਾਨ ॥

(ਪੰਨਾ ੮੧੭)

ਅੱਜ ਗੁਰਦੁਆਰੇ ਸਾਹਿਬ ਅੱਗੇ ਨਾਲੋਂ ਜ਼ਿਆਦਾ ਇਕੱਠ ਸੀ। ਕਿਉਂਕਿ ਸਾਰੀ ਛਾਉਣੀ ਵਿੱਚ ਇਹ ਖ਼ਬਰ ਫੈਲ ਗਈ ਸੀ ਕਿ ਕਰਮ ਸਿੰਘ ਦੀ ਜਗ੍ਹਾ ਆਪ ਅਕਾਲ ਪੁਰਖ ਨੇ ਪਹਿਰਾ ਦਿੱਤਾ ਹੈ ਅਤੇ ਦੂਜੀ ਗੱਲ ਰਜਿਸਟਰਾਂ ਵਿਚੋਂ ਉਨ੍ਹਾਂ ਦੇ ਨਾਮ ਗੁੰਮ ਹੋਣ ਦੀ। ਸਾਰੇ ਫੌਜੀ ਤੇ ਅੰਗਰੇਜ਼ ਅਫਸਰ ਵੀ ਆਏ ਸਨ। ਸਭਨਾਂ ਦੇ ਸਾਹਮਣੇ ਭਾਈ ਖੁਸ਼ਹਾਲ

ਸਿੰਘ ਗ੍ਰੰਥੀ ਨੇ (ਜੋ ਬੜੇ ਗੁਰਮੁਖ ਪਿਆਰੇ, ਗੁਰਬਾਣੀ ਦੇ ਨਿੱਤ ਨੇਮੀ ਪ੍ਰੇਮੀ, ਗੁਰੂ ਘਰ ਦੇ ਸੱਚੇ ਸੁੱਚੇ ਅਨਿੰਨ ਸਿੱਖ ਸਨ। ਜੋ ਆਪਣੀ ਤਨਖਾਹ ਵੀ ਸੰਗਤ ਅਤੇ ਸਤਿਗੁਰਾਂ ਦੀ ਸੇਵਾ ਵਿੱਚ ਹੀ ਖਰਚ ਕਰਦੇ ਸਨ) ਇਸ ਸ਼ਬਦ ਦਾ ਸਮੁੱਚਾ ਭਾਵ ਅਰਥ ਹੀ ਦੱਸਿਆ, ਕਿ ਖਾਲਸਾ ਜੀ! ਜੋਤੀ ਸਰੂਪ ਸਤਿਗੁਰਾਂ ਨੇ ਇਹ ਅਰਸ਼ੀ ਹੁਕਮ ਬਖ਼ਸ਼ਿਆ ਹੈ ਕਿ ਪਾਰਬ੍ਰਹਮ ਪ੍ਰਮੇਸ਼ਰ ਦੀ ਕੀਤੀ ਹੋਈ ਸੇਵਾ ਸਫ਼ਲੀ ਹੈ ਅਤੇ ਬੰਧਨਾਂ ਤੋਂ ਛੁਡਾਉਣ ਵਾਲੀ ਹੈ। ਜਿਨ੍ਹਾਂ ਦੇ ਮਸਤਿਕ ਸੀਸ ਤੇ ਸਤਿਗੁਰ ਜੀ ਕ੍ਰਿਪਾ ਦਾ ਹੱਥ ਰੱਖ ਕੇ, ਨਾਮ ਦਾ ਦਾਨ ਦੇ ਕੇ ਨਿਵਾਜ ਦੇਣ, ਉਨ੍ਹਾਂ ਦੀ ਫਿਰ ਚੜ੍ਹਦੀ ਕਲਾ ਹੀ ਰਹਿੰਦੀ ਹੈ। ਕਦੇ ਵੀ ਹਾਨੀਂ ਨਹੀਂ ਹੁੰਦੀ। ਪ੍ਰਮੇਸ਼ਰ ਆਪਣਿਆਂ ਭਗਤਾਂ ਦੀ ਆਪ ਹੀ ਲਾਜ ਰੱਖਦਾ ਹੈ। ਜਿਵੇਂ ਬਾਬਾ ਕਰਮ ਸਿੰਘ ਜੀ ਦੀ ਆਪੇ ਹੀ ਪ੍ਰਮੇਸ਼ਰ ਨੇ ਪਹਿਰੇਦਾਰ ਬਣਕੇ ਪੱਤ ਆਬਰੂ ਰੱਖ ਲਈ ਹੈ।

ਭਾਈ ਸਾਹਿਬ ਜੀ ਨੇ ਕਿਹਾ ਕਿ ਮੈਂ ਪਹਿਲੇ ਵੀ ਸੰਗਤ ਅੱਗੇ ਕਈ ਵਾਰ ਅਰਜ਼ ਕੀਤੀ ਸੀ ਕਿ ਇਹ ਚਮਕੀਲੇ ਮੱਥੇ ਵਾਲਾ ਪੂਰਨ ਗੁਰ ਸਿੱਖ ਕਦੇ ਸੰਸਾਰ ਵਾੜਾ ਟੱਪ ਨਿਕਲੇਗਾ ਅਤੇ ਨਾਮ ਬਾਣੀ ਦੁਆਰਾ ਸੰਸਾਰ ਨੂੰ ਤਾਰੇਗਾ। ਸੋ ਉਹੋ ਹੀ ਗੱਲ ਹੋਈ ਅਤੇ ਸਤਿਗੁਰਾਂ ਦਾ ਹੁਕਮ ਵੀ ਉਹੋ ਹੀ ਆਇਆ। ਫਿਰ ਸੰਗਤ ਵਲੋਂ ਸੰਤਾਂ ਦੇ ਗਲ੍ਹ ਭਾਈ ਖੁਸ਼ਹਾਲ ਸਿੰਘ ਜੀ ਨੇ ਫ਼ੁੱਲਾਂ ਦਾ ਹਾਰ ਪਾਇਆ। ਸੁਣੇ ਹੀ ਸੰਗਤਾਂ ਦੀ ਰਸਨਾਂ ਚੋਂ ਜੈਕਾਰੇ ਬੋਲ ਉੱਠੇ। ਉਸ ਸਮੇਂ ਹਰਮਨ ਪਿਆਰੇ ਅਕ੍ਰਿਤਮ ਉਪਕਾਰੀ ਸੰਤ ਕਰਮ ਸਿੰਘ ਜੀ ਮਹਾਰਾਜ ਹੱਥ ਜੋੜ ਕੇ ਸੰਗਤ ਵਿੱਚ ਖੜ੍ਹੇ ਹੋ ਗਏ ਤੇ ਨਿੰਮ੍ਰਤਾ ਨਾਲ ਬੇਨਤੀ ਕੀਤੀ:

ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ ॥
ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥

(ਪੰਨਾ ੧੩੬੭)

"ਪ੍ਰੇਮੀ ਜਨੋ ਇਹ ਨਿਰੰਕਾਰ ਦੀਆਂ ਦਾਤਾਂ ਹਨ। ਜਿਸ ਨੂੰ ਉਹ ਦਾਤਾ ਤਰੁੱਠ ਕੇ ਬਖ਼ਸ਼ ਦੇਵੇ ਉਹੋ ਹੀ ਪ੍ਰਾਪਤ ਕਰ ਸਕਦਾ ਹੈ। ਉਸ ਨਾਲ ਕਿਸੇ ਦਾ ਜ਼ੋਰ ਨਹੀ ਚੱਲਦਾ।

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥

(ਪੰਨਾ ੮੩)

ਹਰ ਇੱਕ ਸੱਜਣ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਪ੍ਰੀਤਮ ਨੂੰ ਹਰ ਦਮ ਯਾਦ ਰੱਖੇ। ਵਿਵਹਾਰ ਪ੍ਰਮਾਰਥ ਵਿੱਚ ਪ੍ਰਪੱਕ ਰਹਿਣਾ ਚਾਹੀਦਾ ਹੈ ਅਤੇ ਸਰਕਾਰੀ ਡਿਊਟੀ ਨੂੰ ਵੀ ਆਪਣਾ ਨਿੱਜੀ ਅੰਗ ਜਾਣ ਕੇ ਪੂਰੀ ਇਮਾਨਦਾਰੀ ਨਾਲ ਨਿਭਾਵੇ।" ਇਹ ਬਚਨ ਆਖ ਕੇ ਸੰਤ ਜੀ ਤਾ ਬੈਠ ਗਏ। ਫਿਰ ਕਮਾਂਡਰ ਅਫਸਰ ਨੇ ਉੱਠ ਕੇ ਬਾਬਾ ਕਰਮ ਸਿੰਘ ਜੀ ਦੀ ਨਮਕ-ਹਲਾਲੀ ਦੀ ਦਾਦ ਦਿੱਤੀ। ਜਿਵੇਂ ਕਿ ਦਿੱਲੀ ਦੀ ਲੁੱਟ ਵਿੱਚ ਕੋਈ ਚੀਜ਼ ਅੰਗੀਕਾਰ ਨਹੀਂ ਕੀਤੀ ਅਤੇ ਜਾਨ ਹੀਲ ਕੇ ਬਲਦੀ ਅੱਗ ਵਿੱਚੋਂ ਬੱਚੇ ਬੁੱਢੇ ਤੇ ਨੌਜਵਾਨ ਬਚਾਏ। ਸਾਹਬ ਨੇ ਕਿਹਾ, "ਮੈਂ ਸਮਝਦਾ ਹਾਂ ਕਿ ਗਾਇਡ ਪਲਟਨ ਦੇ ਜੁਆਨ ਮੇਰੇ ਸਮੇਤ ਭਾਈ ਕਰਮ ਸਿੰਘ ਜੀ ਦੇ ਨਾਮ ਸਿਮਰਨ ਦੇ ਪ੍ਰਭਾਵ ਕਰਕੇ ਸਭ ਪਲਟਨਾਂ 'ਚੋਂ ਨੰਬਰ ਲੈ ਗਏ। ਇਨ੍ਹਾਂ ਦੀ ਮਿਹਰ ਸਾਡੇ ਸਿਰਾਂ ਤੇ ਹਮੇਸ਼ਾਂ ਕਾਇਮ ਰਹੇਗੀ। ਇਹ ਸਾਥੋਂ ਦੂਰ ਨਹੀਂ ਹੋਣਗੇ। ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਗਾਇਡ ਪਲਟਨ ਨੂੰ ਸਾਰੇ ਸੰਸਾਰ ਵਿੱਚ ਮਸ਼ਹੂਰ ਕਰ ਦਿੱਤਾ ਹੈ।" ਫਿਰ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਗਈ। ਬਾਹਰੋਂ ਆਈ ਸੰਗਤ ਤੇ ਪਲਟਨੀਆਂ ਨੇ ਲੰਗਰ ਛਕਿਆ।

ਇਸ ਸਮੇਂ ਇੱਥੋਂ ਦੇ ਖ਼ਾਂਨ ਖ਼ਵਾਜਾ ਮੁਹੰਮਦ ਖ਼ਾਂ ਆਪਣੀਆਂ ਬੇਗਮਾਂ ਸਮੇਤ ਦਰਸ਼ਨਾਂ ਨੂੰ ਆਏ ਸਨ। ਅਰਜ਼ ਕੀਤੀ, "ਮੈਂ 'ਕਲਪਾਣੀ' ਤੋਂ ਪਾਰ ਤੁਹਾਡੇ ਰਹਿਣ ਲਈ ਬੰਗਲਾ ਬਣਵਾ ਦਿੰਦਾ ਹਾਂ, ਆਪ ਉੱਥੇ ਟਿਕੋ।" ਪਰ ਸੰਤਾਂ ਦਾ ਬਚਨ ਸੀ, "ਖ਼ੁਦਾ ਭਲਾ ਕਰੇ ਸਾਡੇ ਬੰਗਲੇ ਤਾਂ ਨੀਲੇ ਅਕਾਸ ਦੇ ਥੱਲੇ ਹਨ।" ਸੰਤ ਦਿਨੇ ਤਾਂ ਗੁਰਦੁਆਰੇ ਰਹੇ। ਰਾਤ ਨੂੰ ਨਦੀ ਤੇ ਇਸ਼ਨਾਨ ਕਰਕੇ ਕਾਂਹੀ ਦੇ ਸੰਘਣੇ ਜੰਗਲ ਵਿੱਚ ਛਪਨ ਹੋ ਗਏ। (ਪਹਿਲਾਂ ਇਸ ਪਾਸੇ ਬਹੁਤ ਦੂਰ ਤੱਕ ਕਾਂਹੀਂ ਦਾ ਜੰਗਲ ਹੁੰਦਾ ਸੀ। ਫਿਰ ਤਾਂ ਆਬਾਦੀ ਹੋ ਗਈ ਹੈ।)

# ਸੰਤਾਂ ਦੀ ਖੋਜ

(ਵਲੋਂ- ਰਾਗੀ ਲਾਲ ਸਿੰਘ ਕੈਮਲਪੁਰ)

ਗਾਇਡ ਪਲਟਨ ਦੇ ਸੰਤ ਜੀ, ਮਰਦਾਨ ਛਾਉਣੀ ਵਿੱਚ ਰਹਿੰਦੇ।
ਰਾਤੀਂ ਪਹਿਰਾ ਦੇਦੇ ਨਾਲੇ ਭਜਨ ਅਨੰਦ ਨੂੰ ਲੈਂਦੇ।
ਪਹਿਰਾ ਦੇ ਕੇ ਨਦੀ ਕਿਨਾਰੇ ਸਾਈਂ ਨਾਲ ਜੁੜ ਜਾਂਦੇ।
ਦੋਵੇਂ ਪਾਸੇ ਰੱਖ ਕੇ ਪੂਰੇ ਆਪਣਾ ਨੇਮ ਨਿਭਾਂਦੇ।
ਇੱਕ ਦਿਨ ਨੌਕਰੀ ਤੇ ਨਹੀਂ ਆਏ ਲੱਗੀ ਪ੍ਰੇਮ ਦੀ ਡੋਰੀ।
ਜੁੜੇ ਰਹੇ ਤੇ ਜੁੜੇ ਰਹੇ ਪਰ ਡੋਰੀ ਮੂਲ ਨਾ ਤੋੜੀ।
ਆਪ ਸੁਆਮੀ ਵਰਦੀ ਪਾ ਕੇ ਪਹਿਰਾ ਦੇਵਣ ਆਏ।
ਜੁਗ ਜੁਗ ਭਗਤਾਂ ਰੱਖਦਾ ਆਇਆ ਪ੍ਰਭੂ ਦਾ ਇਹ ਸੁਭਾ ਏ।
ਕਮਾਂਡ ਅਫੀਸਰ ਰੌਂਡ ਮਾਰਕੇ ਕਰਮ ਸਿੰਘ ਨੂੰ ਡਿੱਠਾ।
ਪਹਿਰਾ ਦੇ ਰਿਹਾ ਚੱਕਰ ਮਾਰਕੇ ਸਭ ਨੂੰ ਲੱਗਾ ਮਿੱਠਾ।
ਸੁਬ੍ਹਾ ਸਮਾਧ ਖੁਲ੍ਹੀ ਸੰਤਾਂ ਦੀ ਦਫਤਰ ਵੱਲ ਚਲ ਆਏ।
ਚੇਤਾ ਆਇਆ ਰਾਤ ਦਾ ਵੇਲਾ ਐਵੇਂ ਗਿਆ ਬਿਤਾਏ।
ਹਾਜ਼ਰ ਹੋ ਕੇ ਕਹਿਦੇ ਰਾਤੀਂ ਪਹਿਰਾ ਨਹੀਂ ਮੈਂ ਦਿੱਤਾ।
ਲੱਗਾ ਰਿਹਾ ਭਜਨ ਸਿਮਰਨ ਵਿੱਚ ਛੱਡ ਜਗਤ ਦਾ ਕਿੱਤਾ।
ਸਾਹਬ ਕਹਿੰਦਾ ਮੈਂ ਰਾਤੀਂ ਜਾ ਕੇ ਪਹਿਰਾ ਅੱਖੀਂ ਡਿੱਠਾ।
ਹੋਰ ਕਈਆਂ ਨੇ ਵੇਖਿਆ ਨਾਲੇ ਦਸਖਤ ਤੇਰਾ ਲੀਤਾ।
ਜਾਣ ਕੇ ਸੰਤ ਭੇਦ ਸਾਰੇ ਨੂੰ ਪਹਿਰਾ ਦੇਣ ਪ੍ਰਭ ਜੀ ਆਏ।
ਖੇਚਲ ਦਿੱਤੀ ਮੋਹਨ ਜੀ ਨੂੰ ਨੌਕਰੀ ਬੁਰੀ ਬੁਲਾਏ।
ਸਾਹਬ ਤਾਈਂ ਸੰਤ ਜੀ ਕਹਿਦੇ ਨੌਕਰੀ ਅਸਾਂ ਨਾ ਕਰਨੀ।
ਜਿਸ ਨੇ ਸਾਡਾ ਪਹਿਰਾ ਦਿੱਤਾ ਹਾਜ਼ਰੀ ਉਸ ਦੀ ਭਰਨੀ।
ਸਾਹਬ ਕਹਿਦਾ ਰੋਲ ਸੀਟ 'ਚੋਂ ਨਾਮ ਨਹੀਂ ਹੈ ਕੱਟਣਾ।
ਤੁਸੀਂ ਸੰਤ ਜੀ ਕ੍ਰਿਪਾ ਕਰਕੇ ਨੌਕਰੀ ਤੋਂ ਨਹੀ ਹਟਣਾ।
ਸੰਤ ਜੀ ਬਚਨ ਅਲਾਇਆ ਸਾਡਾ ਨਾਮ ਕਿਤਾਬਾ 'ਚ ਨਾਹੀਂ।
ਖੋਲ੍ਹ ਕਿਤਾਬਾਂ ਡਿੱਠੀਆਂ ਸਾਹਬ ਨੇ ਨਾਮ ਕਿਤੇ ਵੀ ਨਾਹੀਂ।
ਹੋ ਉਦਾਸ ਜੰਗਲ ਵੱਲ ਤੁਰ ਪਏ ਢੋਅ ਪੱਥਰ ਸੰਗ ਲਾਈ।
ਦਸਮ ਦੁਆਰ ਵਿੱਚ ਪੌਣ ਚੜ੍ਹਾ ਕੇ ਚੌਥੇ ਪਦ ਲਿਵ ਲਾਈ।
ਡੇਢ ਮਹੀਨਾ ਗੁਜਰ ਗਿਆ ਸੰਤਾਂ ਦਾ ਪਤਾ ਨਾ ਲੱਗੇ।
ਗਾਇਡ ਪਲਟਣ ਦੇ ਸਗਲ ਸਿਪਾਹੀ ਢੂਡ ਢੂਡ ਕੇ ਥੱਕੇ।
ਇੱਕ ਦਿਨ ਇੱਕ ਪਠਾਣ ਨੇ ਆਖਿਆ ਦੱਸਾਂ ਮੈਂ ਟਿਕਾਣਾ।
ਕਿਸੇ ਨੂੰ ਭੇਦ ਨਾ ਦੇਣਾ ਮੇਰਾ ਨਾਮ ਨਗਰ ਨਾ ਬਤਾਣਾ।
ਲੈ ਗਿਆ ਉਸ ਜਗ੍ਹਾ ਦੇ ਉੱਤੇ ਜਿੱਥੇ ਸੰਤ ਸਮਾਧ ਲਗਾਈ।
ਪ੍ਰਾਣ ਚੜ੍ਹਾਏ ਦਸਮ ਦੁਆਰੇ ਸਰੀਰ ਸੁਧ ਨਾ ਕਾਈ।
ਇਹਨਾਂ ਫੋਜੀਆਂ ਦਰਸ਼ਨ ਪਾਇਆ ਚਰਨ ਧੂੜ ਮੁਖ ਲਾਈ।
ਸਵਾਸਾਂ ਦਾ ਕੁਝ ਪਤਾ ਨਾ ਲੱਗੇ ਛਾਉਣੀ ਖ਼ਬਰ ਪੁਚਾਈ।
ਡਾਕਟਰ ਲੈ ਕੇ ਸਾਹਬ ਆਇਆ ਕੁਝ ਵੀ ਪਤਾ ਨਾ ਪਾਇਆ।

ਜੋ ਜੋਗੀ ਸੰਤਾਂ ਦਾ ਬੇਲੀ ਉਸੇ ਤਾਈਂ ਬੁਲਵਾਇਆ।
ਜੋਗੀ ਨਾੜ ਮਲਾਈ ਨਾਲੇ ਬਦਾਮ ਰੋਗਨ ਝਸਵਾਇਆ।
ਜਿਸ ਜਗ੍ਹਾ ਤੇ ਪ੍ਰਾਣ ਟਿਕੇ ਸਨ ਜੋਗੀ ਭੇਦ ਨੂੰ ਪਾਇਆ।
ਪ੍ਰਾਣ ਉੱਤਰ ਆਏ ਸੰਤਾਂ ਦੇ ਸੁੰਦਰ ਨੇਤਰ ਖੋਹਲੇ।
ਅਮ੍ਰਿਤ ਦਿਸ਼ਟ ਸਭਨਾਂ ਤੇ ਕੀਤੀ ਮਿੱਠੀ ਬਾਣੀ ਬੋਲੇ।

ਏਧਰੋਂ ਜਦੋਂ ਸੰਤਾਂ ਦੀ ਸਮਾਧੀ ਖੁਲ੍ਹੀ ਤਾਂ ਸੰਤਾਂ ਨੇ ਅਫਸਰ ਨੂੰ ਪੁਛਿਆਂ ਕਿ ਜਦ ਅਸਾਂ ਤੁਹਾਡੀ ਨੌਕਰੀ ਹੀ ਛੱਡ ਦਿੱਤੀ ਫਿਰ ਤੁਸੀਂ ਕਿਉ ਆਏ ਹੋ? ਸਾਨੂੰ ਖੇਚਲ ਦਿੱਤੀ ਤੇ ਤੁਸੀਂ ਵੀ ਖੇਚਲ ਕੀਤੀ। ਤਾਂ ਸਾਹਬ ਡਾਕਟਰ ਜੀ, ਜੋਗੀ ਤੇ ਫੌਜੀਆਂ ਅਰਜ਼ ਕੀਤੀ, "ਜਦੋਂ ਤੋਂ ਤੁਸੀਂ ਵਿਛੋੜਾ ਦੇ ਕੇ ਛਪਨ ਹੋ ਗਏ ਤਦ ਤੋਂ ਪਲਟਨ ਵਿੱਚ ਮੇਰੇ ਸਮੇਤ ਕਿਸੇ ਨੇ ਵੀ ਆਰਾਮ ਨਹੀਂ ਕੀਤਾ। ਹੋਤੀ ਦੀਆਂ ਸੰਗਤਾਂ ਵੀ ਉਦਾਸ ਹਨ। ਦੂਰ ਦੂਰ ਢੂੰਡ ਭਾਲ ਕਰ ਆਏ ਹਾਂ ਭਲਾ ਹੋਵੇ ਇਸ ਪਠਾਣ ਦਾ* ਜਿਸ ਨੇ ਦਰਸ਼ਨ ਕਰਵਾਏ ਹਨ।" ਸੰਤਾਂ ਬਚਨ ਕੀਤਾ ਕਿ ਤੁਸੀਂ ਹੁਣ ਕੀ ਕਹਿਣਾ ਕੀ ਚਾਹੁੰਦੇ ਹੋ? ਤਾਂ ਸਾਹਬ ਨੇ ਕਿਹਾ, "ਪਲਟਨ ਵਿੱਚ ਦਰਸ਼ਨ ਦਿਉ।" ਸੰਤਾਂ ਬਚਨ ਕੀਤਾ, "ਤੁਹਾਡੀ ਗੱਲ ਮੰਨ ਲੈਂਦੇ ਹਾਂ ਪਰ ਫਿਰ ਸਾਨੂੰ ਏਥੇ ਹੀ ਛੱਡ ਜਾਣਾ। ਇਹ ਇਕਰਾਰ ਕਰੋ" ਤਾਂ ਸਾਹਬ ਨੇ ਸਤ ਬਚਨ ਆਖਿਆ। ਇਤਨੇ ਨੂੰ ਭਾਈ ਲਾਲ ਸਿੰਘ ਹੁਰਾਂ ਨੂੰ ਵੀ ਪਤਾ ਲੱਗ ਗਿਆ ਤੇ ਉਹ ਵੀ ਸੰਤਾਂ ਦੇ ਕੱਪੜੇ ਲੈ ਕੇ ਆ ਗਏ। ਹੋਰ ਵੀ ਬੇਅੰਤ ਸੰਗਤਾਂ ਜੁੜ ਗਈਆਂ।

*ਇਹ ਪਠਾਣ ਪਸ਼ੂ ਚਰਾਵਾ ਸੀ, ਇਸ ਦਾ ਪਸ਼ੂ ਗਵਾਚ ਗਿਆ। ਇਹ ਪਸ਼ੂ ਦੀ ਭਾਲ ਕਰਦਾ ਹੋਇਆ ਜਦ ਇਸ ਜਗ੍ਹਾ ਆਇਆ ਤਾ ਦੇਖਿਆ ਕਿ ਕੋਈ ਸਿੱਖ ਪੱਥਰ ਨਾਲ ਪਿੱਠ ਜੋੜੀ ਸੁਤਾ ਪਿਆ ਹੈ। ਕੋਲ ਆ ਕੇ ਸਰੀਰ ਨੂੰ ਹਿਲਾਇਆ ਤਾਂ ਮਾਲੂਮ ਹੋਇਆ ਕਿ ਇਸ ਦੇ ਸਵਾਸ਼ ਨਹੀਂ ਚੱਲ ਰਹੇ, ਮ੍ਰਿਤਕ ਹੋ ਗਿਆ ਹੈ। ਇਸ ਵਾਸਤੇ ਜਦੋਂ ਫੌਜ ਦੇ ਸਿਪਾਹੀ ਰੋਜ਼ ਲੱਭਣ ਲਈ ਵੇਖਦਾ ਸੀ ਤਾਂ ਪੁਛਿਆ, "ਤੁਸੀਂ ਕਿਸ ਨੂੰ ਲੱਭਦੇ ਹੋ?" ਉਨ੍ਹਾਂ ਆਖਿਆ, "ਸਾਡਾ ਫੌਜੀ ਜੁਆਨ ਗੁਆਚ ਗਿਆ ਹੈ, ਉਸ ਨੂੰ ਲੱਭ ਰਹੇ ਹਾਂ" ਤਾਂ ਪਠਾਣ ਡਰ ਗਿਆ ਸੀ। ਜੋ ਉਹ ਤਾਂ ਮ੍ਰਿਤਕ ਪਿਆ ਹੈ ਜੇ ਮੈਂ ਦੱਸਿਆ ਤਾਂ ਮੈਨੂੰ ਪਕੜ ਨਾ ਲੈਣ। ਇਸ ਲਈ ਪਠਾਣ ਨੇ ਇਕਰਾਰ ਕਰ ਲਿਆ ਕਿ ਜੇ ਮੈਂ ਤੁਹਾਡਾ ਜੁਆਨ ਦੱਸਦਾ ਹਾਂ ਪਰ ਮੇਰਾ ਨਾਮ ਕਿਸੇ ਅੱਗੇ ਨਹੀਂ ਲੈਣਾ।

## ਸੰਤਾਂ ਨੇ ਛਾਉਣੀ ਆਉਣਾ

ਪ੍ਰੇਮੀ ਹੋਤੀ ਦੇ ਵਿੱਚ ਜਾ ਕੇ ਸੁੰਦਰ ਚੌਭਾਨ ਲਿਆਏ।
ਸੰਤਾਂ ਨੂੰ ਇਸਨਾਨ ਕਰਾਇਆ ਬਸਤਰ ਨਵੇ ਪੁਆਏ।
ਵਿੱਚ ਚੌਂਭਾਨ ਸੰਤਾਂ ਨੂੰ ਬਿਠਾਕੇ ਸੰਗਤਾਂ ਚੌਂਭਾਨ ਉਠਾਇਆ।
ਅੱਗੇ ਸਿਮਰਨ ਹੁੰਦਾ ਜਾਵੇ ਪਿਛੇ ਬੈਂਡ ਬਜਾਇਆ।
ਜਿਸ ਬਾਜ਼ਾਰ ਚੋਂ ਲੰਘਦੀਆਂ ਸੰਗਤਾਂ ਸੰਤਾਂ ਤੇ ਫ਼ੁੱਲ ਬਰਸਨ।
ਜੈ ਜੈ ਕਾਰ ਹੋਵੇ ਸੰਤਾਂ ਦੀ ਪ੍ਰੇਮੀ ਦਰਸ਼ਨ ਪਰਸਨ।
ਨਗਰਾਂ ਦੇ ਪਠਾਣ ਵੀ ਆ ਕੇ ਤੂਤੀਆਂ ਢੋਲ ਵਜਾਵਣ।
ਸੁੰਦਰ ਫ਼ੁੱਲਾਂ ਦੇ ਹਾਰ ਪਰੋ ਕੇ ਸੰਤਾਂ ਦੇ ਗਲ ਪਾਵਨ।
ਮਰਦਾਨ ਛਾਉਣੀ ਦੀਵਾਨ ਲੱਗਾ ਸ਼ਮਿਆਨਾ ਖ਼ੂਬ ਤਨਾਇਆ।
ਪ੍ਰਕਾਸ਼ ਕੀਤਾ ਗੁਰੂ ਗ੍ਰੰਥ ਸਾਹਿਬ ਜੀ ਦਾ ਸਭ ਨੇ ਦਰਸ਼ਨ ਪਾਇਆ।
ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸੰਤਾਂ ਤਾਈਂ ਬਿਠਾਇਆ।
ਜਗਮਗ ਕਰਦਾ ਨੂਰੀ ਚਿਹਰਾ ਚਮਕੇ ਰੂਪ ਸਵਾਇਆ।
ਸੁੰਦਰ ਲੱਗਾ ਦੀਵਾਨ ਗੁਰਾਂ ਦਾ ਪਹੁੰਚੇ ਮਾਈ ਭਾਈ।
ਹੋਵੇ ਕੀਰਤਨ ਲਛਮੀ ਵਰਸੇ ਸੰਗਤਾਂ ਭੇਟ ਚੜ੍ਹਾਈ।

## ਪਲਟਨ ਵਿੱਚ ਲੰਗਰ

ਮਾਲ੍ਹ ਪੂੜੇ ਤੇ ਪੂਰੀ ਭਾਜੀ ਮਿੱਠੇ ਚੌਲ ਬਣਵਾਏ।
ਦਹੀਂ ਭੱਲੇ ਤੇ ਦਾਲ ਮਹਾਂ ਦੀ ਚਟਨੀ ਆਚਾਰ ਲਗਾਏ।
ਸੰਤਾਂ ਅੱਗੇ ਭੇਟ ਚੜ੍ਹਾਵਨ ਮਾਇਆ ਬਸਤਰ ਭਾਂਡੇ।
ਫਰੂਟ ਪਤਾਸੇ ਮਿਸ਼ਰੀ ਲਾਚੀ ਦਰਸ਼ਨ ਕਰਨ ਜੋ ਆਂਦੇ।
ਅਖੰਡ ਕੀਰਤਨ ਹੋਵੇ ਬਾਣੀ ਦਾ ਚੌਰ ਗੁਰਾਂ ਤੇ ਹੋਵੇ।
ਦਰਸ਼ਨ ਸੰਤਾਂ ਦਾ ਜੋ ਕਰਦਾ ਮਨ ਦੀ ਦੁਰਮਤ ਧੋਵੇ।
ਕਰ ਅਰਦਾਸ ਲੰਗਰ ਵਰਤਾਇਆ ਪੰਗਤਾਂ ਸਭ ਬੈਠਾਈਆਂ।
ਸੋਹਣਾ ਲੰਗਰ ਵਰਤਿਆ ਗੁਰੂ ਦਾ ਛਕਿਆ ਮਾਈਆਂ ਭਾਈਆਂ।
ਕਮਾਂਡ ਆਫੀਸਰ ਖਾਂਨ ਹੋਤੀ ਦਾ ਮਿਲ ਇੰਤਯਾਮ ਕਰਾਵਨ।
ਸਾਈਂ ਦਿੱਤਾ ਸ਼ਹਿਰ ਦੇ ਚੌਧਰੀ ਸਾਰੇ ਸੇਵ ਕਮਾਵਨ।
ਛੇ ਵਜੇ ਸ਼ਾਮੀਂ ਸੰਤਾਂ ਨੇ ਕੀਰਤਨ ਭੋਗ ਪਵਾਇਆ।
ਲੈ ਜਾਉ ਸਾਨੂੰ ਉੱਥੇ ਹੀ ਭਗਤੋ ਜਿਥੋ ਦਾ ਬਚਨ ਕਰਾਇਆ।
ਵਿੱਚ ਚੌਂਭਾਨ ਦੇ ਬੈਠ ਕੇ ਸੰਤਾਂ ਸਭ ਨੂੰ ਹੁਕਮ ਸੁਣਾਇਆ।
ਲੰਗਰ ਦਾ ਪ੍ਰਸ਼ਾਦਿ ਭੇਜ ਦਿਉ ਜੋ ਛਕਣੇ ਨਹੀਂ ਆਇਆ।
ਖਾਂਨ ਸਾਹਬ ਤੇ ਸਾਹਬ ਦੇ ਘਰ ਇੱਕ ਇੱਕ ਟੋਕਰੀ ਭੇਜੋ।
ਇਹੋ ਪ੍ਰਸ਼ਾਦਿ ਸਭ ਤਾਈਂ ਬਾਂਟੋ ਖ਼ਾਲੀ ਰਹੇ ਨਾਹੀਂ ਕੋ।
ਆ ਗਏ ਮੁੜ ਕੇ ਸੰਤ ਉੱਥੇ ਹੀ ਕਾਲੇ ਪਾਣੀ ਕਿਨਾਰਾ।
ਕਾਹੀਂ ਦਾ ਜੰਗਲ ਸੀ ਸਾਰਾ ਜਿੱਥੇ ਹੁਣ ਗੁਰਦੁਆਰਾ।
ਇਹੋ ਜਗ੍ਹਾ ਹੈ ਸੰਤਾਂ ਵਾਲੀ ਜਿਥੋਂ ਸੰਤ ਲੱਭੇ ਸਨ।
ਅਚੱਲ ਅਟੱਲ ਸਮਾਧ ਲਗਾ ਕੇ ਸੰਤਾਂ ਤਪ ਤਪੇ ਸਨ।
ਇਥੇ ਹੀ ਫਿਰ ਲੋਹ ਤਪਾਈ ਡੇਰਾ ਬਣਿਆ ਭਾਰਾ।
ਲਾਲ ਸਿੰਘ ਸੰਤਾਂ ਦੇ ਸਾਥੀ ਏਥੇ ਵਕਤ ਗੁਜ਼ਾਰਾ।
ਸੰਤ ਕੀ ਮਹਿਮਾ ਬੇਦ ਨਾ ਜਾਣੈ ਸੰਤ ਰਾਮ ਹੈ ਏਕੋ।
ਦਰਸ਼ਨ ਕਰ ਫ਼ਲ ਮਿਲਣ ਅਨੇਕਾਂ ਭੇਦ ਨਾ ਪਾਇ ਸਕੇ ਕੋ।
ਧੰਨ ਧੰਨ ਬਾਬਾ ਕਰਮ ਸਿੰਘ ਜੀ ਧੰਨ ਧੰਨ ਤੇਰੀ ਕਮਾਈ।
ਹਾੜੰਬਾ ਧਰਤੀ ਵਿੱਚ ਤਪ ਕਰ ਖਲਕਤ ਸਭ ਨਿਭਾਈ।
ਦੀਨ ਗ਼ਰੀਬ ਅਨਾਥ ਨਿਮਾਣਾ ਹੱਥ ਬੰਨ੍ਹ ਅਰਜ਼ ਗੁਜ਼ਾਰੇ।
ਦੇਹੁ ਬਿਮਲ ਮਤ ਲਾਲ ਸਿੰਘ ਨੂੰ ਨਿਰਮਲ ਕਾਵਯ ਉਚਾਰੇ।

ਕਬਿੱਤ: ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ,
ਗਾਇਡ ਪਲਟਨ ਵਿੱਚ ਕੀਤੀ ਜਿਨ੍ਹਾਂ ਨੌਕਰੀ।
ਪਹਿਲੇ ਕਲ ਪਾਣੀ ਪਾਰ ਕਰਨ ਜਾਂਦੇ ਬੰਦਗੀ ਨੂੰ,
ਜਦੋਂ ਵੇਲਾ ਹੋਵੇ ਦਿਨੇ ਆਕੇ ਦਿੰਦੇ ਨੌਕਰੀ।
ਜੁੜੇ ਰਹਿਣ ਅੱਠੇ ਪਹਿਰ ਜੁੜਿਆਂ ਦੀ ਸ਼ਾਨ ਵਾਗੂੰ,
ਉੱਠਦੇ ਸਮਾਧੀਉ ਤਾਂ ਆਂਦੇ ਵਿੱਚ ਨੌਕਰੀ।
ਇੱਕ ਰਾਤੀਂ ਜੁੜੇ ਰਹੇ ਜੁੜੇ ਰਹੇ ਲੱਗੀ ਡੋਰੀ,
ਐਸੀ ਡੋਰੀ ਲੱਗੀ ਨਹੀਂ ਆਏ ਵਿੱਚ ਨੌਕਰੀ।

ਜਿਸ ਨਾਲ ਜੁੜੇ ਸਨ ਉਸ ਰੂਪ ਧਾਰ ਕਰ,
ਬਾਬਾ ਕਰਮ ਸਿੰਘ ਜਗ੍ਹਾ ਆ ਕੇ ਦਿੱਤੀ ਨੌਕਰੀ।
ਥੋੜ੍ਹੀ ਦੇਰ ਹੋ ਗਈ ਲੱਗੀ ਹੈ ਸ਼ਕਾਇਤ ਜਾ ਕੇ,
ਦੇਖਿਆ ਆਫੀਸਰ ਤਾਂ ਖੜ੍ਹੇ ਵਿੱਚ ਨੌਕਰੀ।
ਸੁਬ੍ਹਾ ਵੇਲਾ ਹੋਇਆ ਤਾਂ ਸੰਤਾਂ ਦੀ ਸਮਾਧ ਖੁਲ੍ਹੀ,
ਚੇਤਾ ਆਇਆ ਰਾਤੀਂ ਅਸਾਂ ਦਿੱਤੀ ਨਹੀਂ ਨੌਕਰੀ।
ਦਫਤਰ 'ਚ ਆਏ ਤਾਂ ਸਾਹਿਬ ਸਤਿਕਾਰ ਕੀਤਾ,
ਵੇਲੇ ਸਿਰ ਆਇਆਂ ਕਰੋ ਬਾਬਾ! ਵਿੱਚ ਨੌਕਰੀ।
ਸੰਤ ਕਹਿਦੇ ਰਾਤੀਂ ਪਹਿਰਾ ਦੇਣਾ ਸਾਨੂੰ ਭੁੱਲ ਗਿਆ,
ਪ੍ਰੇਮ ਵੱਸ ਹੋ ਕੇ ਨਹੀਂ ਦਿੱਤੀ ਰਾਤੀਂ ਨੌਕਰੀ।
ਡਰੋ ਨਹੀਂ ਤੁਸੀਂ ਬਾਬਾ ਪਹਿਰੇ ਤੇ ਤਾਂ ਆ ਗਏ ਸੀ,
ਸਾਰਿਆਂ ਨੇ ਵੇਖਿਆ ਖਲੋਤੇ ਵਿੱਚ ਨੌਕਰੀ।
ਕਲ ਪਾਣੀ ਪਾਰੋਂ ਇੱਕ ਸੱਦਿਆ ਪਠਾਣ ਤਾਈਂ,
ਉਸ ਨੇ ਵੀ ਆਖਿਆਂ ਨਹੀਂ ਗਏ ਵਿੱਚ ਨੌਕਰੀ।
ਮੇਰੇ ਖੂਹੇ ਪਾਸ ਰਾਤੀਂ ਬੰਦਗੀ 'ਚ ਬੈਠੇ ਰਹੇ,
ਸੁਬ੍ਹਾ ਮੈਂ ਵੇਖਿਆ ਨਹੀਂ ਕੀਤੀ ਜਾ ਕੇ ਨੌਕਰੀ।
ਗੱਲ ਵਿੱਚੋਂ ਨਿਕਲ ਆਈ ਪਹਿਰਾ ਭਗਵਾਨ ਦਿੱਤਾ,
ਹੁਣ ਨਹੀਂ ਕਰਨੀ ਫਰੰਗੀਆਂ ਦੀ ਨੌਕਰੀ।
ਜੁਗ ਜੁਗ ਭਗਤਾਂ ਦੀ ਪੈਜ ਜਿਹੜਾ ਰੱਖਦਾ ਹੈ,
ਉਸੇ ਪੈਜ ਰੱਖੀਂ ਮੇਰੀ ਜਗ੍ਹਾ ਕੀਤੀ ਨੌਕਰੀ।
ਧੰਨ ਬਾਬਾ ਕਰਮ ਸਿੰਘ ਭਰੇ ਹੈ ਭੰਡਾਰ ਤੇਰੇ,
ਸੱਚੀ ਸਰਕਾਰ ਜਿਹਦੀ ਕੀਤੀ ਫਿਰ ਨੌਕਰੀ।
ਜਿਸ ਦਿੱਤੀ ਨੌਕਰੀ ਤਾਂ ਤੁਸਾਂ ਫਿਰ ਉਸੇ ਦੀ ਹੀ,
ਅਖੰਡ ਅਤੇ ਇੱਕ ਰਸ ਦਿੱਤੀ ਪੂਰੀ ਨੌਕਰੀ।
ਜੈ ਜੈ ਕਾਰ ਵਿੱਚ ਖੰਡ ਬ੍ਰਹਿਮੰਡ ਹੋਈ,
ਤੇਰੇ ਦਰ ਆਕੇ ਜੀਆਂ ਜੰਤਾਂ ਦਿੱਤੀ ਨੌਕਰੀ।

ਇਉਂ ਫੌਜ ਦੀ ਨੌਕਰੀ ਛੱਡ ਕੇ ਬਾਬਾ ਕਰਮ ਸਿੰਘ ਜੀ ਇਕਾਂਤ ਅਸਥਾਨ ਵਿੱਚ ਹੀ ਰਿਹਾ ਕਰਨ। ਪਰ ਆਪ ਜੀ ਦਾ ਸਾਰੀਆਂ ਸੰਗਤਾਂ ਵਿੱਚ ਬੜਾ ਜਸ ਫੈਲ ਗਿਆ। ਹਿੰਦੂ ਤੇ ਮੁਸਲਮਾਨਾਂ ਨੇ ਦਰਸ਼ਨ ਦੇ ਚਾਹਵਾਨ ਹੋ ਕੇ ਆਪ ਜੀ ਨੂੰ ਕਾਹੀਂ ਦੇ ਜੰਗਲਾਂ ਵਿੱਚ ਲੱਭਦੇ ਫਿਰਨਾ ਪਰ ਆਪ ਸਦਾ ਹੀ ਅਲੋਪ ਰਹਿੰਦੇ। ਜਦ ਆਪ ਜੀ ਇਹ ਵੇਖਦੇ ਕਿ ਇਸ ਪ੍ਰਵਿਰਤੀ ਦਾ ਪਸਾਰਾ ਰੱਬੀ ਸਿਮਰਨ ਵਿੱਚ ਪ੍ਰਤੀਬੰਧਕ ਹੈ ਤਾਂ ਉਸ ਜਗ੍ਹਾ ਤੋਂ ਹੋਰ ਅੱਗੇ ਹੋ ਜਾਵਣ। ਪਰ ਸੰਗਤਾਂ ਉੱਥੇ ਵੀ ਪੁੱਜ ਕੇ ਦਰਸ਼ਨਾਂ ਦਾ ਲਾਭ ਪ੍ਰਾਪਤ ਕਰਦੀਆਂ। ਕਿਉਂਕਿ ਬੰਦਗੀ ਕਰਨ ਵਾਲਾ ਮਹਾਂ ਪੁਰਸ਼ ਚਾਹੇ ਕਿਤਨਾਂ ਵੀ ਛੁਪਣ ਦਾ ਯਤਨ ਕਰੇ, ਪਰ ਉਹ ਛੁਪ ਨਹੀਂ ਸਕਦਾ।

ਆਠ ਪਹਰ ਜਨੁ ਹਰਿ ਹਰਿ ਜਪੈ ॥
ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥

(ਪੰਨਾ ੨੬੪)

# ਹੋਤੀ ਦੇ ਪਠਾਣ ਨੂੰ ਉਪਦੇਸ਼

ਇੱਕ ਦਿਨ ਹੋਤੀ ਮਰਦਾਨ ਦਾ ਵੱਡਾ ਪਠਾਣ ਖ਼ਵਾਜਾ ਖ਼ਾਂਨ ਮੁਹੰਮਦ (ਜਿਸ ਦਾ ਵਜ਼ੀਰ ਬਾਬਾ ਪ੍ਰੇਮ ਸਿੰਘ ਜੀ (ਹੋਤੀ) 'ਹਿਸਟੋਰੀਅਨ' ਹੋਏ ਹਨ) ਆਪ ਜੀ ਦੇ ਪਾਸ ਆਇਆ। ਭਾਵਨਾ ਨਾਲ ਸਲਾਮ ਕਰਕੇ ਅਰਜ਼ ਕੀਤੀ, "ਹੇ ਅੱਲਾ ਦੇ ਪਿਆਰੇ! ਪੀਰਾਨ ਪੀਰ! ਗੁਰੂ ਨਾਨਕ ਦੇਵ ਜੀ ਦੇ ਪੂਰਨ ਮੁਰੀਦ! ਆਪ ਜੀ ਦੀ ਜਿੱਥੇ ਮਰਜ਼ੀ ਹੈ ਵਿਚਰੋ। ਇਹ ਸਾਰਾ ਇਲਾਕਾ ਮੇਰੇ ਪਾਸ ਹੈ ਆਪ ਜੀ ਦਾ ਹੀ ਹੈ। ਜਿੱਥੇ ਵੀ ਕਹੋ ਆਪ ਜੀ ਵਾਸਤੇ ਸੋਹਣੇ ਮਕਾਨ ਤਿਆਰ ਕਰਵਾ ਦਿੰਦਾ ਹਾਂ। ਜਿਤਨਾਂ ਕਹੋ ਇਲਾਕਾ ਤੁਹਾਡੇ ਨਾਮ ਲਗਵਾ ਦਿੰਦਾ ਹਾਂ। ਪਰ ਆਪ ਏਥੇ ਹੀ ਦਰਸ਼ਨ ਦਿੰਦੇ ਰਹੋ ਕਿਤੇ ਹੋਰ ਦੂਰ ਨਾ ਚਲੇ ਜਾਣਾ।" ਇਸ ਦੀ ਸ਼ਰਧਾ ਵੇਖ ਕੇ ਆਪ ਜੀ ਨੇ ਉੱਤਰ ਦਿੱਤਾ, "ਹੇ ਖ਼ਾਂਨ ਸਾਹਬ! ਖ਼ੁਦਾ ਤੁਹਾਡਾ ਭਲਾ ਕਰੇ। ਤੁਸੀਂ ਬੜੇ ਨੇਕ ਦਿਲ ਖ਼ੁਸ਼ਬਖ਼ਤ ਹੋ, ਨਿਤਾ ਪ੍ਰਤੀ ਖ਼ੁਦਾ ਦੇ ਆਸ਼ਕਾਂ ਦੀ ਸੰਗਤ ਕਰਿਆ ਕਰੋ ਅਤੇ ਨਿਮਾਜ਼ਾਂ ਪੜ੍ਹਿਆ ਕਰੋ ਕਿਉਂਕਿ ਗੁਰਬਾਣੀ ਵਿੱਚ ਬਾਬਾ ਸ਼ੇਖ ਫਰੀਦ ਜੀ ਨੇ ਬੇਨਿਵਾਜ਼ੀ ਨੂੰ ਕੁੱਤਾ ਕਥਨ ਕੀਤਾ ਹੈ।

ਯਥਾ: ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥

(ਪੰਨਾ ੧੩੮੩)

ਅਥਵਾ: ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥੭੧॥

(ਪੰਨਾ ੧੩੮੩)

ਤੁਸੀਂ ਵੀ ਸਵੇਰੇ ਜਾਗ ਕੇ ਇਸ਼ਨਾਨ ਤੋਂ ਬਾਅਦ ਅੱਲਹ ਪਾਕ ਦੀ ਯਾਦ ਵਿੱਚ ਜੁੜੋ। ਹਰ ਇੱਕ ਗ਼ਰੀਬ ਤੇ ਰਹਿਮ ਕਰੋ ਚਾਹੇ ਉਹ ਹਿੰਦੂ ਹੈ ਚਾਹੇ ਮੁਸਲਮਾਨ। ਇਹ ਮਨੁੱਖਾ ਜਨਮ ਬੜਾ ਅਮੋਲਕ ਰਤਨ ਹੈ, ਐਵੇਂ ਸੰਸਾਰੀ ਸੁਖਾਂ ਰੂਪੀ ਕੌਡੀਆਂ ਦੇ ਬਦਲੇ ਨਾ ਲੁਟਾਵੋ"। ਇਹ ਪਾਵਨ ਬਚਨ ਮਹਾਂ ਪੁਰਸ਼ਾ ਦੀ ਰਸਨਾ ਤੋਂ ਸੁਣ ਕੇ ਖ਼ਾਂਨ ਦੇ ਮਨ ਵਿੱਚ ਇਤਨਾ ਅਸਰ ਹੋਇਆ ਜਿਵੇਂ ਪੂਰਨ ਸੂਰਮੇ ਦਾ ਇੱਕੋ ਹੀ ਤੀਰ ਨਿਸ਼ਾਨੇ ਤੇ ਜਾ ਲਗਦਾ ਹੈ।

ਯਥਾ: ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥

(ਪੰਨਾ ੧੩੭੪)

ਇਹ ਪਠਾਣ ਪਿਛਲੇ ਜਨਮ ਦਾ ਕੋਈ ਭਲਾ ਪੁਰਸ਼ ਸੀ। ਸੰਤਾਂ ਦਾ ਦਰਸ਼ਨ ਕਰਕੇ ਬੁੱਧੀ ਨਿਰਮਲ ਹੋ ਗਈ। ਬਚਨ ਸੁਣ ਕੇ ਸਿਰ ਝੁਕਾਇਆ ਕੁਝ ਸਮਾਂ ਪਾਸ ਬੈਠਾ ਰਿਹਾਂ ਫਿਰ ਆਗਿਆ ਮੰਗੀ ਤੇ ਸਲਾਮ ਕਰਕੇ ਘਰ ਚਲਾ ਗਿਆ। ਉਸੇ ਦਿਨ ਤੋਂ ਉਸ ਨੇ ਹਿੰਦੂਆਂ ਤੇ ਸਿੱਖਾਂ ਵਾਸਤੇ ਗੁਰਦੁਆਰਾ ਤੇ ਮੁਸਲਮਾਨਾਂ ਵਾਸਤੇ ਮਸੀਤ ਤਿਆਰ ਕਰਵਾਈ। ਦੋਹਾਂ ਵਿੱਚ ਨੌਕਰੀ ਤੇ ਗ੍ਰੰਥੀ ਤੇ ਮੌਲਵੀ ਰੱਖਿਆ। ਅੱਡੋ-ਅੱਡੀ ਦੋਹਾਂ ਮੱਤਾਂ ਵਾਲਿਆਂ ਵਾਸਤੇ ਲੰਗਰ ਜਾਰੀ ਕਰ ਦਿੱਤੇ। ਆਪ ਵੀ ਰੋਜ਼ ਗੁਰਦੁਆਰੇ ਆਵੇ ਨਮਸਕਾਰ ਕਰੇ, ਗੁਰਬਾਣੀ ਸੁਣੇ ਜਿਸ ਨੂੰ ਅੱਜ ਤੱਕ ਖਾਨ ਸਾਹਬ ਦਾ ਗੁਰਦੁਆਰਾ ਕਹਿਦੇ ਹਨ। ਇਸੇ ਤਰਾਂ ਮਸੀਤ ਵਿੱਚ ਜਾ ਕੇ ਨਿਵਾਜ਼ਾਂ ਪੜ੍ਹਿਆ ਕਰੇ ਅਤੇ ਸੰਤਾਂ ਦੇ ਰੋਕਦਿਆਂ ਰੋਕਦਿਆਂ ਕਿਹਾ, "ਮਹਾਰਾਜ ਇਸ ਵਿੱਚ ਦੁਖੀਆਂ ਦਾ ਭਲਾ ਹੈ" ਹੋਤੀ ਡੇਰੇ ਤੋਂ ਲੈ ਕੇ ਸੰਤਾਂ ਦੀ ਗੁਫਾ ਤੱਕ ਪੰਜ ਸੱਤ ਮੀਲ ਦਾ ਸਾਰਾ ਰਕਬਾ ਸੰਤ ਬਾਬਾ ਕਰਮ ਸਿਘ ਜੀ ਦੇ ਨਾਮ ਲਗਵਾ ਦਿੱਤਾ। ਬਾਬਾ ਜੀ ਦਾ ਫੌਜ ਦੀ ਨੌਕਰੀ ਵਿੱਚ ਕਮਾਇਆ ਸਰੀਰ ਬੜਾ ਬਲੀ ਸੀ। ਏਥੇ ਵੀ ਆਪ ਨੇ ਮੁਸ਼ੱਕਤ ਕਰ ਕੇ ਨੌ ਕੱਚੀਆਂ ਗੁਫਾ ਅਰਥਾਤ ਭੋਰੇ ਤਿਆਰ ਕੀਤੇ ਅਤੇ ਸੰਗਤਾਂ ਦੇ ਇਸ਼ਨਾਨ ਅਤੇ ਜਲ ਛਕਣ ਲਈ ਇੱਕ ਖੂਹੀ ਆਪ ਖੋਦ ਕੇ ਲਗਵਾਈ। ਸੰਗਰਾਂਦ ਤੇ ਪੂਰਨਮਾਸ਼ੀ ਦੇ ਜੋੜ ਮੇਲੇ ਤੇ ਗੁਜ਼ਰਗੜ੍ਹੀ ਦੇ ਗੁਰਦੁਆਰੇ ਆਪ ਜਾ ਕੇ ਕੜਾਹ ਪ੍ਰਸ਼ਾਦਿ ਦੀ ਦੇਗ ਕਰਵਾਇਆ ਕਰਦੇ, ਕਿਉਂਕਿ ਪਹਿਲਾਂ ਏਥੇ ਗੁਰਦੁਆਰਾ ਸਾਹਿਬ ਨਹੀਂ ਸੀ ਬਣਿਆ।

****************

# ਕਾਂਡ ਦੂਸਰਾ

## ਹੋਤੀ ਦੇ ਡੇਰੇ ਦਾ ਆਰੰਭ

ਇਤਨੇ ਨੂੰ ਛੋਟੇ ਸੰਤ ਬਾਬਾ ਲਾਲ ਸਿੰਘ ਜੀ ਨੇ ਵੀ ਹਜ਼ੂਰ ਦੀ ਸੇਵਾ ਵਿੱਚ ਰਹਿਣ ਵਾਸਤੇ ਨਾਮ ਕਟਵਾਉਣ ਦੀ ਦਰਖ਼ਾਸਤ ਦੇ ਦਿੱਤੀ ਤਾਂ ਉਨ੍ਹਾਂ ਦੀ ਸੱਤ ਰੁਪਏ ਮਹੀਨਾ ਪੈਨਸ਼ਨ ਕਰਕੇ ਸਾਹਬ ਨੇ ਛੁੱਟੀ ਦੇ ਦਿੱਤੀ। ਭਾਵੇਂ ਬਾਬਾ ਜੀ ਬਹੁਤੇ ਪਸਾਰੇ ਨੂੰ ਪਸੰਦ ਨਹੀਂ ਸਨ ਕਰਦੇ, ਉਨ੍ਹਾਂ ਦਾ ਵਿਚਾਰ ਇਕਾਂਤ ਵਿੱਚ ਇਕਲਿਆਂ ਰਹਿਣ ਦਾ ਸੀ ਪਰ ਜੋ ਧੁਰੋਂ ਹੀ ਬਖ਼ਸ਼ੀਆਂ ਰੂਹਾਂ ਦੁਨੀਆਂ ਦੇ ਤਾਰਕ ਤੇ ਰੱਬੀ ਕਾਰਕ ਅਵਤਾਰ ਹੁੰਦੇ ਹਨ। ਉਨ੍ਹਾਂ ਵਾਸਤੇ ਪ੍ਰਵਿਰਤੀ ਦਾ ਹੋਣਾ ਜਾਂ ਨਾ ਹੋਣਾ ਇੱਕੋ ਜਿਹਾ ਹੈ।

ਇੱਕ ਦਿਨ ਛੋਟੇ ਸੰਤ ਭਾਈ ਲਾਲ ਸਿੰਘ ਜੀ ਨੂੰ ਨਾਲ ਲੈ ਕੇ ਇਲਾਕੇ ਦੇ ਮੁਖੀ ਸੱਜਣ ਜਿਨ੍ਹਾਂ ਵਿੱਚ ਭਾਈ ਸਾਈਂ ਦਿੱਤਾ, ਸਰਦਾਰ ਸੰਤ ਸਿੰਘ 'ਗੁਜਰ ਗੜ੍ਹੀ' ਦਾ, ਭਾਈ ਈਸ਼ਰ ਦਾਸ ਆਦਿ ਪ੍ਰੇਮੀ ਸਨ, ਬਾਬਾ ਜੀ ਪਾਸ ਆਏ। ਨਮਸਕਾਰ ਕਰਕੇ ਦੋਵੇਂ ਹੱਥ ਜੋੜ ਕੇ ਬੜੀ ਭਾਵਨਾ ਨਾਲ ਅਰਜ਼ ਕੀਤੀ ਕਿ, "ਮਹਾਰਾਜ! ਆਪ ਸਾਡੇ ਪੁੰਨਾ ਕਰਕੇ ਇਸ ਹੜੰਬਾ ਧਰਤੀ ਵਿੱਚ ਆਏ ਹੋ, ਜਿਥੋਂ ਦੇ ਪਠਾਣ ਬੜੇ ਜ਼ਾਲਮ ਹਨ। ਹਿੰਦੂ ਜਨਤਾ ਨਾਲ ਤਾਂ ਇਨ੍ਹਾਂ ਦਾ ਖ਼ਾਸ ਵੈਰ ਹੈ। ਇਹ ਚੰਡਾਲ ਬੁੱਧੀ ਵਾਲੇ, ਹਿੰਦੂਆਂ ਨੂੰ ਮਾਰਨ ਤੇ ਲੁੱਟਣ ਦਾ ਬੜਾ ਪੁੰਨ ਸਮਝਦੇ ਹਨ। ਆਪ ਜੀ ਦੇ ਦਰਸ਼ਨਾਂ ਸਦਕਾ ਇਹ ਰਾਖਸ਼ ਵੀ ਦੇਵਤੇ ਬਣ ਕੇ ਸਾਡੇ ਨਾਲ ਪਿਆਰ ਕਰਨ ਲਗ ਪਏ ਹਨ। ਆਪ ਜੀ ਨੂੰ ਸਾਡੀ ਪੁਕਾਰ ਸੁਣ ਕੇ ਹੀ ਅਕਾਲ ਪੁਰਖ ਨੇ ਏਥੇ ਭਜਿਆ ਹੈ। ਆਪ ਸਾਡੀ ਅਰਜ਼ ਮੰਨੋ ਅਤੇ ਹੁਕਮ ਕਰੋ ਤਾਂ ਜੋ ਦੂਰੋਂ ਆਈਆਂ ਸੰਗਤਾਂ ਦੇ ਆਰਾਮ ਕਰਨ ਵਾਸਤੇ ਕੋਈ ਛੱਪਰੀ ਬਣ ਜਾਵੇ"।

ਇਹ ਸੁਣ ਕੇ ਹਜ਼ੂਰ ਨੇ ਦੋਵੇਂ ਨੇਤਰ ਬੰਦ ਕਰ ਲਏ ਅਤੇ ਕਾਫ਼ੀ ਸਮਾਂ ਸਮਾਧੀ ਵਿੱਚ ਰਹੇ। ਇਉਂ ਪ੍ਰਤੀਤ ਹੋ ਰਿਹਾ ਸੀ ਮਾਨੋ ਕਿਸੇ ਡੂੰਘੀ ਵਿਚਾਰ ਵਿੱਚ ਲੀਨ ਹਨ। ਸਾਰੀ ਭਵਿੱਖ ਵਾਰਤਾ ਦੇਖੀ ਫਿਰ ਮੁਸਕਰਾ ਕੇ ਉੱਤਰ ਦਿੱਤਾ, "ਚੰਗਾ! ਜਿਵੇਂ ਸੰਗਤ ਦੀ ਮਰਜ਼ੀ ਪਰ ਬਹੁਤਾ ਪਸਾਰਾ ਪਸਰ ਜਾਵੇਗਾ। ਸਾਡਾ ਆਪਣਾ ਤਾਂ ਕੋਈ ਸੰਕਲਪ ਨਹੀਂ। ਇਹ ਜੀਵਨ ਪਰਉਪਕਾਰੀ ਹੈ। ਇਸ ਦੇ ਨਿਰਬਾਹ ਵਾਸਤੇ ਅਸੀਂ ਕੋਈ ਯਤਨ ਨਹੀਂ ਕਰਨਾ ਪਰ ਸੰਗਤ ਦਾ ਹੁਕਮ ਵੀ ਅਮੋੜ ਹੈ। ਪ੍ਰਵਿਰਤੀ ਵਿੱਚ ਜੀਵਨ ਮੁਕਤੀ ਦਾ ਅਨੰਦ ਘਟ ਜਾਂਦਾ ਹੈ"।

ਪ੍ਰੇਮੀਆਂ ਨੇ ਬੇਨਤੀ ਕੀਤੀ, "ਤੁਸੀਂ ਦੁਨੀਆਂ ਦੇ ਤਾਰਕ ਹੋ ਪ੍ਰਮੇਸ਼ਰ ਨੇ ਸਾਡੇ ਭਲੇ ਵਸਾਤੇ ਤੁਹਾਨੂੰ ਏਥੇ ਭੇਜਿਆ ਹੈ। ਜਿਵੇਂ ਪ੍ਰੇਮੀਆਂ ਦੀਆਂ ਹੋਰ ਮੰਗਾਂ ਪੂਰੀਆਂ ਕਰਦੇ ਹੋ ਉਵੇਂ ਇਹ ਵੀ ਸਾਡੀ ਇੱਕ ਮੰਗ ਹੈ, ਆਪ ਕ੍ਰਿਪਾ ਕਰਕੇ ਜ਼ਰੂਰ ਪੂਰੀ ਕਰੋ। ਰਾਜੇ ਜਨਕ ਵਾਂਗੂੰ ਆਪ ਪੂਰਨ ਰਾਜੇ ਜੋਗੀ ਹੋ, ਪ੍ਰਵਿਰਤੀ ਦਾ ਪਸਾਰਾ ਆਪ ਜੀ ਦੇ ਤਾਈਂ ਪੋਹ ਨਹੀਂ ਸਕਦਾ। ਆਪ ਤਾਂ ਸਦਾ ਨਿਰਲੇਪ ਤੇ ਅਸੰਗ ਹੋ।"

ਸੰਤਾਂ ਨੇ ਪ੍ਰੇਮੀਆਂ ਦੀ ਤੀਬਰ ਇੱਛਾ ਜਾਣਕੇ ਅਤੇ ਭਵਿੱਖਤ ਵਾਰਤਾ ਤੱਕ ਕੇ ਕਿਹਾ, "ਚੰਗਾ ਭਾਈ! ਜਿਵੇਂ ਸੰਗਤ ਦੀ ਮਰਜ਼ੀ।" ਮਹਾਂ ਪੁਰਸ਼ਾਂ ਦਾ ਇਹ ਬਚਨ ਸੁਣ ਕੇ ਸਾਰੀਆਂ ਸੰਗਤਾਂ ਬੜੀਆਂ ਪ੍ਰਸੰਨ ਹੋਈਆਂ। ਜੈਕਾਰਿਆਂ ਦੀ ਧੁਨੀ ਨਾਲ ਆਕਾਸ਼ ਗੂੰਜ ਪਿਆ। ਪ੍ਰੇਮੀ ਵਜਦ ਵਿੱਚ ਆ ਕੇ ਆਖ ਰਹੇ ਸਨ "ਜੈ ਬਾਬਾ ਕਰਮ ਸਿੰਘ ਜੀ ਦੀ!"

ਉਸ ਸਮੇਂ ਮੁਖੀ ਸੱਜਣਾਂ ਨੇ ਇੱਕ ਛੱਪਰੀ ਅਤੇ ਖੂਹੀ ਤਿਆਰ ਕਰਵਾ ਦਿੱਤੀ। ਸੰਤਾਂ ਦੇ ਸੇਵਕ ਛੋਟੇ ਸੰਤ ਭਾਈ ਲਾਲ ਸਿੰਘ ਜੀ ਨੇ ਲੰਗਰ ਦਾ ਪ੍ਰਬੰਧ ਸੰਭਾਲ ਲਿਆ। ਖੁੱਲ੍ਹਾ ਲੰਗਰ ਚਲਣ ਲੱਗਾ। ਹਰ ਸਮੇਂ ਸੰਗਤਾਂ ਦਾ ਇਕੱਠ ਰਿਹਾ ਕਰੇ। ਆਏ ਅਤਿਥੀ ਤੇ ਅਭਿਆਗਤਾਂ ਨੂੰ ਆਰਾਮ ਮਿਲੇ। ਰਸਦਾਂ ਸੰਗਤਾਂ ਵਲੋਂ ਬੇਅੰਤ ਆ ਜਾਂਦੀਆਂ। ਗਾਇਡ ਪਲਟਨ ਦੇ ਜਵਾਨ ਆਪ ਆ ਕੇ ਲੰਗਰ ਦੀ ਸੇਵਾ ਕਰਦੇ। ਖ਼ਾਸ ਕਰਕੇ ਛੁੱਟੀ ਵਾਲੇ ਦਿਨ ਤਾਂ ਸ਼ਹਿਰ ਨਿਵਾਸੀ ਅਤੇ ਸਾਰੇ ਫੌਜੀ ਪੁੱਜਦੇ ਤਥਾ ਹਰ ਸਮੇਂ ਹੀ ਡੇਰੇ ਵਿੱਚ ਬਹੁਤ ਇਕੱਠ ਰਿਹਾ ਕਰੇ। ਜਿਸ ਕਰਕੇ ਹੋਰ ਵੀ ਮਕਾਨ ਬਨਾਉਣੇ ਪਏ ਅਤੇ ਦੂਰੋਂ ਆਏ ਯਾਤਰੀਆਂ ਵਾਸਤੇ ਬਸਤਰ ਅਤੇ ਮੰਜਿਆਂ ਦਾ ਪ੍ਰਬੰਧ ਵੀ ਕਰਨਾ ਪਿਆ। ਅੰਗਰੇਜ਼ ਅਫਸਰ, ਪਲਟਨ ਦੇ ਜਵਾਨ, ਹਿੰਦੂ ਤੇ ਮੁਸਲਮਾਨ, ਸਾਧੂ ਤੇ ਗ੍ਰਹਿਸਥੀ, ਮਾਈ ਤੇ ਭਾਈ, ਦਰਸ਼ਨਾਂ ਵਾਸਤੇ ਅੱਠੇ ਪਹਿਰ ਜੁੜੇ ਰਹਿੰਦੇ।

## ਬਾਬਾ ਜੀ ਦੀ ਤੀਰਥ ਯਾਤਰਾ

ਇਸ ਤਰ੍ਹਾਂ ਦਾ ਠਾਠ ਬਾਠ ਦੇਖਕੇ ਸੰਤਾਂ ਦੀ ਬਿਰਤੀ ਕੁਝ ਕੁ ਉਦਾਸ ਹੋ ਗਈ ਕਿ ਅਸੀਂ ਤਾਂ ਭਜਨ ਸਿਮਰਨ ਵਾਸਤੇ ਫੌਜ ਦੀ ਨੌਕਰੀ ਛੱਡੀ ਹੈ। ਪਰ ਇਹ ਤਾਂ ਸਾਰਾ ਪ੍ਰਵਿਰਤੀ ਦਾ ਪਸਾਰਾ ਭਜਨ ਦੇ ਅਨੰਦ ਵਿੱਚ ਪ੍ਰਤਿਬੰਧਕ ਹੈ। ਕਈ ਦਿਨ ਵਿਚਾਰ ਕਰਦੇ ਰਹੇ ਕਿ ਇਸਦਾ ਤਿਆਗ ਕਿਵੇਂ ਕਰੀਏ। ਅਖ਼ੀਰ ਨੂੰ ਇੱਕ ਦਿਨ ਚੁੱਪ ਚਪੀਤੇ ਹੀ ਰਾਤ ਦੇ ਬਾਰ੍ਹਾਂ ਵਜੇ ਇਸ਼ਨਾਨ ਕਰਕੇ ਇਕੱਲੇ ਹੀ ਪੰਜੇ ਸਾਹਿਬ ਵੱਲ ਨੂੰ ਚੱਲ ਪਏ।

# ਪੰਜੇ ਸਾਹਿਬ ਦੇ ਦਰਸ਼ਨ

ਪੰਜੇ ਸਾਹਿਬ ਪੁੱਜ ਕੇ ਗੁਰੂ ਨਾਨਕ ਨਿਰੰਕਾਰੀ ਦੇ ਚਰਨ ਛੁਹ ਵਾਲੀ ਪਾਵਨ ਧਰਤੀ ਦੇ (ਜਿਥੇ ਵਲੀ ਕੰਧਾਰੀ ਦਾ ਮਾਣ ਤੋੜਕੇ ਗ਼ਰੀਬੀ ਦੀ ਸਿਖਿਆ ਦਿੱਤੀ ਸੀ) ਦਰਸ਼ਨ ਕੀਤੇ। ਪੰਜੇ ਸਾਹਿਬ ਨੂੰ ਨਮਸਕਾਰ ਕਰਕੇ ਸਰੋਵਰ ਵਿੱਚ ਇਸ਼ਨਾਨ ਕੀਤਾ। ਕੜਾਹ ਪ੍ਰਸ਼ਾਦਿ ਦੀ ਦੇਗ ਲੈ ਕੇ ਗੁਰਦੁਆਰੇ ਸਾਹਿਬ ਪੁੱਜੇ। ਸਤਿਗੁਰਾਂ ਨੂੰ ਮੱਥਾ ਟੇਕ ਕੇ ਹੁਕਮ ਲਿਆ। ਲੰਗਰ ਵਿੱਚੋਂ ਪ੍ਰਸ਼ਾਦਿ ਛਕ ਕੇ ਬਾਹਰ ਇਕਾਂਤ ਅਸਥਾਨ ਵਿੱਚ ਚਲੇ ਗਏ। ਪਰ ਚੌੜਾ ਮਸਤਕ ਹਸੂੰ-ਹਸੂੰ ਕਰਦਾ ਨੂਰਾਨੀ ਚਿਹਰਾ ਤੱਕ ਕੇ ਏਥੇ ਵੀ ਆਪ ਜੀ ਪਾਸ ਸੰਗਤਾਂ ਦੀ ਆਵਾਜਾਈ ਵਧਣ ਲੱਗੀ। ਤਦ ਆਪ ਜੀ ਇੱਕ ਦੋ ਦਿਨਾਂ ਤੋਂ ਬਾਅਦ ਏਥੋਂ ਚੱਲ ਪਏ।

# ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ

ਗੱਡੀ ਵਿੱਚ ਅਸਵਾਰ ਹੋ ਕੇ ਸ੍ਰੀ ਅੰਮ੍ਰਿਤਸਰ ਪੁੱਜੇ। ਗੁਰੂ ਕੀ ਨਗਰੀ ਦਾ ਦਰਸ਼ਨ ਕੀਤਾ। ਸ੍ਰੀ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਕਰਕੇ ਮਨ ਬੜਾ ਪ੍ਰਸੰਨ ਹੋਇਆ। ਅਤੇ ਇਹ ਵੀ ਖ਼ਿਆਲ ਕੀਤਾ ਕਿ ਹੁਣ ਸਾਨੂੰ ਏਥੇ ਕੋਈ ਨਹੀਂ ਮਿਲੇਗਾ। ਇਕਾਂਤ ਵਿੱਚ ਭਜਨ ਸਿਮਰਨ ਦਾ ਅਨੰਦ ਮਾਣਾਗੇ। ਬਾਬਾ ਬੁੱਢਾ ਜੀ ਦੀ ਬਗ਼ੀਚੀ ਵਿੱਚ ਡੇਰਾ ਲਾਇਆ। ਕਦੀ-ਕਦੀ ਦੁਪਹਿਰ ਦਾ ਪ੍ਰਸ਼ਾਦ ਬਾਗ਼ ਵਾਲੀ ਗਲੀ ਵਿੱਚ ਮਹੰਤ ਹਰੀ ਸਿੰਘ ਜੀ ਦੇ ਬਜ਼ੁਰਗਾਂ ਪਾਸ ਛਕਦੇ, ਨਹੀਂ ਤਾਂ ਬਹੁਤਾ ਇਕਾਂਤ ਹੀ ਰਹਿੰਦੇ। ਸਵੇਰ ਦੇ ਸਮੇਂ ਅੰਮ੍ਰਿਤ ਵੇਲੇ ਦਾ ਇਸ਼ਨਾਨ ਆ ਕੇ ਅੰਮ੍ਰਿਤ ਸਰੋਵਰ ਵਿੱਚ ਕਰਦੇ। ਹਰਿਮੰਦਰ ਸਾਹਿਬ ਨਮਸਕਾਰ ਕਰਕੇ ਕੁਝ ਕੁ ਸਮਾਂ ਪਹੁ ਫੁਟਾਲੇ ਤੱਕ ਪ੍ਰਕਰਮਾ ਵਿੱਚ ਸਮਾਧੀ 'ਚ ਇਸਥਿਤ ਹੋ ਕੇ ਰੱਬੀ ਬਾਣੀ ਦਾ ਕੀਰਤਨ ਸੁਣਦੇ। ਜਦੋਂ ਦਿਨ ਚੜ੍ਹੇ ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਜਾਂਦੀ ਤਾਂ ਆਪ ਬਾਹਰ ਇਕਾਂਤ ਵਿੱਚ ਚਲੇ ਜਾਂਦੇ। ਕਿਉਂਕਿ ਦੁਨੀਆਦਾਰ ਤਾਂ ਸੰਕਲਪਾਂ ਨੂੰ ਹੀ ਪੂਰਾ ਕਰਨ ਵਾਸਤੇ ਦੁਨੀਆਵੀ ਮੰਗਾਂ ਲਈ ਗੁਰੂ ਦਰਬਾਰ ਵਿੱਚ ਪੁੱਜਦੇ ਹਨ। ਨਿਸ਼ਕਾਮੀ ਤਾਂ ਕੋਈ ਵਿਰਲਾ ਹੀ ਹੁੰਦਾ ਹੈ। ਏਥੇ ਆਇਆਂ ਥੋੜ੍ਹੇ ਹੀ ਦਿਨ ਹੋਏ ਸਨ ਕਿ ਓਧਰੋਂ ਹੋਤੀ ਦੀ ਸੰਗਤ ਆਪ ਜੀ ਦੇ ਦਰਸ਼ਨਾਂ ਤੋਂ ਬਗ਼ੈਰ ਬਿਹਬਲ ਹੋ ਕੇ ਲੱਭਣ ਵਾਸਤੇ ਤੁਰ ਪਈ। ਸਾਰੇ ਹੀ ਪ੍ਰੇਮੀ ਅੱਡੋ-ਅੱਡੀ ਥਾਵਾਂ ਨੂੰ ਚੱਲ ਪਏ। ਭਗਤ ਸਾਂਈਂ ਦਿੱਤਾ ਜੀ ਅੰਮ੍ਰਿਤਸਰ ਨੂੰ ਆ ਗਏ। ਭਾਵੇਂ ਰਸਤੇ ਵਿੱਚ ਵੀ ਕਈ ਥਾਈਂ ਗੱਡੀ 'ਚੋ ਉੱਤਰੇ ਪਤਾ ਕੀਤਾ ਪਰ ਕਿਤੇ ਵੀ ਬਾਬਾ ਜੀ ਦੇ ਦਰਸ਼ਨ ਨਹੀਂ ਹੋਏ। ਪੰਜੇ ਸਾਹਿਬ ਤੋਂ ਕਨਸੋ ਮਿਲੀ ਕਿ ਸੰਤ ਜੀ ਮਹਾਰਾਜ ਏਥੇ ਆਏ ਤਾਂ ਸਨ ਪਰ ਛੇਤੀ ਚਲੇ ਗਏ, ਪਤਾ ਨਹੀਂ ਕਿਸ ਪਾਸੇ ਗਏ ਹਨ। ਅਖ਼ੀਰ ਨੂੰ ਭਗਤ ਸਾਈਂ ਦਿੱਤਾ ਜੀ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਸੱਚਖੰਡ ਦਰਬਾਰ ਵਿੱਚ ਅੰਮ੍ਰਿਤਸਰ ਪੁੱਜੇ। ਪਾਵਨ ਸਰੋਵਰ ਵਿਖੇ ਇਸ਼ਨਾਨ ਕਰਕੇ ਹਰਿਮੰਦਰ ਸਾਹਿਬ ਪ੍ਰਸ਼ਾਦਿ ਭੇਟਾ ਕੀਤਾ ਅਤੇ ਅਰਦਾਸ ਕੀਤੀ, 'ਹੇ ਦਿਲਾਂ ਦੇ ਜਾਨਣਹਾਰ ਦਾਤਾ ਜੀ! ਕ੍ਰਿਪਾ ਕਰੋ ਆਪਣੇ ਪਿਆਰਿਆਂ ਦਾ ਦਰਸ਼ਨ ਬਖ਼ਸ਼ੋ।' ਜਦੋਂ ਦਰਬਾਰ ਸਾਹਿਬ ਮੱਥਾ ਟੇਕ ਕੇ ਬਾਹਰਲੀਆਂ ਵੱਡੀਆਂ ਪ੍ਰਕਰਮਾ ਵੱਲ ਆਏ ਤਾਂ ਮਨ ਵਿੱਚ ਇਸ ਤਰਾਂ ਬੇਨਤੀ ਕਰ ਰਹੇ ਸਨ:

ਮਾਧੋ ਸਾਧੂ ਜਨ ਦੇਹੁ ਮਿਲਾਇ ॥

(ਪੰਨਾ ੧੧੭੮)

ਤਾਂ ਕੀ ਤੱਕਿਆ ਕਿ ਸਰੋਵਰ ਦੀ ਪਰਿਕ੍ਰਮਾ ਵਿੱਚ ਇੱਕ ਨੁਕਰੇ ਮਹਾਨ ਪੁਰਸ਼ ਬਾਬਾ ਕਰਮ ਸਿੰਘ ਜੀ ਸਮਾਧੀ ਵਿੱਚ ਇਸਥਿਤ ਹਨ। ਫੇਰ ਕੀ ਸੀ? ਜਿਵੇਂ ਜਨਮ ਦੇ ਕੰਗਲੇ ਨੂੰ ਪਾਰਸ ਪਾ ਕੇ ਪ੍ਰਸੰਨਤਾ ਹੁੰਦੀ ਹੈ ਇਉਂ ਖ਼ੁਸ਼ੀ ਹੋਈ। ਮਨ ਗ਼ਦ-ਗ਼ਦ ਹੋ ਗਿਆ। ਸਮਾਧੀ ਵਿੱਚ ਬੈਠਿਆਂ ਦੇ ਹੀ ਚਰਨ ਜਾ ਫੜੇ। ਆਪ ਜੀ ਦੇ ਨੇਤਰ ਖੁੱਲ੍ਹੇ। ਪ੍ਰੇਮੀ ਭਗਤ ਸਾਈਂ ਦਿੱਤਾ ਜੀ ਚਰਨ ਫੜੀ ਪਾਸ ਬੈਠਾ ਦੇਖਿਆ, ਜਿਸ ਦੇ ਨੇਤਰਾਂ 'ਚੋਂ ਜਲ ਵਹਿ ਰਿਹਾ ਸੀ। ਸੰਤਾਂ ਨੇ ਉਸ ਨੂੰ ਧੀਰਜ ਦਿੱਤਾ, ਚਰਨਾਂ ਤੋਂ ਉਠਾਕੇ ਪਾਸ ਬਿਠਾਇਆ। ਇਲਾਕੇ ਦੀ ਸੁੱਖ ਅਨੰਦ ਪੁੱਛੀ। ਉਸ ਨੇ ਅਰਜ਼ ਕੀਤੀ, "ਹੇ ਦਿਲਾਂ ਦੇ ਜਾਨਣਹਾਰੇ! ਮੈਂ ਅਲਪੱਗ ਜੀਵ ਕੀ ਕਹਿ ਸਕਦਾ ਹਾਂ। ਜਿਵੇਂ ਭਗਵਾਨ ਰਾਮਚੰਦਰ ਜੀ ਦੇ ਬਨਵਾਸ ਗਿਆਂ ਅਵਧ ਪੁਰੀ ਦੇ ਵਾਸੀਆਂ ਦੀ ਹਾਲਤ ਹੋਈ ਸੀ, ਤੁਹਾਡੇ ਬਗ਼ੈਰ ਏਹੋ ਜਿਹੀ ਦਸ਼ਾ ਸੰਗਤਾਂ ਦੀ ਹੋ ਗਈ ਹੈ।" ਆਪ ਜੀ ਨੇ ਧੀਰਜ ਨਾਲ ਉੱਤਰ ਦਿੱਤਾ, "ਭਾਈ! ਇਹ ਸਾਰੀ ਵਾਰਤਾ ਉਸ ਅਗੰਮੀ ਦਾਤੇ ਦੀ ਰਜ਼ਾ ਵਿੱਚ ਹੈ, ਜਿਵੇਂ ਉਸ ਨੂੰ ਭਾਵੇ"।

ਭਾਈ ਸਾਈਂ ਦਿੱਤਾ ਵੀ ਸੰਤਾਂ ਦੇ ਪਾਸ ਹੀ ਸੇਵਾ ਵਿੱਚ ਰਹਿ ਪਿਆ। ਉਹ ਇਕੱਲਾ ਵਾਪਸ ਜਾਣਾ ਨਹੀਂ ਸੀ ਚਾਹੁੰਦਾ ਕਿ ਮੈਂ ਉੱਥੇ ਜਾ ਕੇ ਪ੍ਰੇਮੀਆਂ ਨੂੰ ਕੀ ਉੱਤਰ ਦੇਵਾਂਗਾ। ਸੰਤ ਜੀ ਮਹਾਰਾਜ ਜਿਸ ਗੱਲ ਦਾ ਸੰਕੋਚ ਕਰਦੇ ਸਨ ਉਹ ਹੀ ਏਥੇ ਹੋਣ ਲੱਗ ਪਈ। ਆਪ ਜੀ ਨੂੰ ਪ੍ਰਕਰਮਾਂ ਵਿੱਚ ਸਮਾਧੀ ਵਿੱਚ ਇਸਥਿਤ ਦੇਖਕੇ ਸ਼ਹਿਰ ਨਿਵਾਸੀ ਬੜੇ ਸ਼ਰਧਾਲੂ ਬਣ ਗਏ। ਉੱਥੇ ਤਾਂ ਭੈ ਕਰਕੇ ਨਹੀਂ ਸੀ ਬੁਲਾਉਂਦੇ। ਬੈਠਿਆਂ ਨੂੰ ਦੂਰੋਂ ਹੀ ਨਮਸਕਾਰ ਕਰਕੇ ਚਲੇ ਜਾਂਦੇ ਸਨ। ਪਰ ਜਦੋਂ ਆਪ ਜੀ ਦੀ ਰਿਹਾਇਸ਼ ਦਾ ਪਤਾ ਲੱਗ ਗਿਆ ਤਦ ਸੰਗਤਾਂ ਵਹੀਰਾਂ ਘੱਤ ਕੇ ਬਾਬਾ ਬੁੱਢਾ ਜੀ ਦੀ ਬਗ਼ੀਚੀ ਵੱਲ ਆਪ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੀਆਂ। ਹਰ ਸਮੇਂ ਮੇਲਾ ਹੀ ਲੱਗਾ ਰਹੇ। ਬਾਬਾ ਜੀ ਕੁਝ ਕੁ ਦਿਨ ਤਾਂ ਏਥੇ ਰਹੇ। ਫਿਰ ਏਥੋਂ ਵੀ ਉਪਰਾਮ ਹੋ ਕੇ ਚੁੱਪ ਚਪੀਤੇ ਹੀ ਚੱਲ ਪਏ। ਰੇਲ ਵਿੱਚ ਅਸਵਾਰ ਹੋ ਕੇ ਹਰਿਦੁਆਰ ਨੂੰ ਚਲੇ ਗਏ।

## ਹਰਿਦੁਆਰ ਪੁੱਜਣਾ

ਸੰਤ ਜੀ ਅਤੇ ਭਾਈ ਸਾਈਂ ਦਿੱਤਾ ਜੀ ਨੇ 'ਕਨਖਲ' ਵਾਲੀ ਜਗ੍ਹਾ ਤੇ ਡੇਰਾ ਕੀਤਾ ਅਤੇ ਬਾਹਰ ਇਕਾਂਤ ਜਗ੍ਹਾ ਤੇ ਰਹਿਣ ਲੱਗ ਪਏ। ਪਰ ਸੰਗਤਾਂ ਏਥੇ ਵੀ ਅੱਠੇ ਪਹਿਰ ਦਰਸ਼ਨਾਂ ਨੂੰ ਆਉਂਦੀਆਂ ਜਾਂਦੀਆਂ ਰਹਿਣ। ਸੂਫੀ ਫ਼ਕੀਰ ਸਾਈਂ ਬੁੱਲ੍ਹੇ ਸ਼ਾਹ ਦਾ ਬਚਨ ਜੋ ਕਿਸੇ ਸਮੇਂ ਪ੍ਰਵਿਰਤੀ ਤੋਂ ਤੰਗ ਆ ਕੇ ਨਿਵਿਰਤੀ ਧਾਰਨ ਵਾਲੇ ਮਹਾਤਮਾ ਵਾਸਤੇ ਉਚਾਰਨ ਕੀਤਾ ਹੈ:

ਚੱਲ ਬੁਲ੍ਹਿਆ ਉੱਥੇ ਰਹੀਏ ਜਿੱਥੇ ਸਾਰੇ ਅੰਨ੍ਹੇ।
ਨਾ ਕੋਈ ਸਾਨੂੰ ਜਾਣਦਾ ਤੇ ਨਾ ਕੋਈ ਸਾਨੂੰ ਮੰਨੇ।

ਭਾਵੇਂ ਇਨ੍ਹਾਂ ਵਾਸਤੇ ਇਹ ਬਚਨ ਨਹੀਂ ਢੁਕਦਾ, ਇਨ੍ਹਾਂ ਲਈ ਤਾਂ ਪ੍ਰਵਿਰਤੀ ਦੇ ਪਸਾਰੇ ਵਿੱਚ ਰਹਿੰਦਿਆਂ ਨਿਰਲੇਪ ਰਹਿਣ ਵਾਲਾ ਬਚਨ ਘਟਦਾ ਹੈ। ਲੰਗਰ ਚਲਾਉਣੇ ਇਮਾਰਤਾ ਉਸਾਰਨੀਆਂ, ਕਥਾ ਕੀਰਤਨ ਦਾ ਪ੍ਰਵਾਹ ਜਾਰੀ ਰੱਖਣਾ ਅਤੇ ਪਰਉਪਕਾਰ ਵਾਸਤੇ ਸਰੀਰ ਤੇ ਕੋਈ ਖੇਦ ਮਹਿਸੂਸ ਨਾ ਕਰਨਾ। ਇਨ੍ਹਾਂ ਵਾਸਤੇ ਤਾਂ ਬੁੱਲ੍ਹੇ ਸ਼ਾਹ ਦਾ ਇਹ ਬਚਨ ਘਟਦਾ ਹੈ:

ਇੱਟ ਖੜੱਕੇ ਦੁੱਪੜ ਵੱਜੇ ਨਾਲੇ ਤਪੇ ਚੁੱਲ੍ਹਾ।
ਏਸ ਗੱਲ ਤੇ ਰੱਬ ਵੀ ਰਾਜ਼ੀ ਨਾਲੇ ਰਾਜ਼ੀ ਬੁੱਲ੍ਹਾ।

ਦਿਨ ਦੇ ਸਮੇਂ ਆਪ ਗੰਗਾ ਜੀ ਤੋਂ ਪਾਰ ਖੁਲ੍ਹੇ ਮੈਦਾਨ ਵਿਖੇ ਬਰੇਤੀ ਵਿੱਚ ਜਾ ਬੈਠਦੇ। ਲੰਗਰ ਤੀਸਰੇ ਪਾਤਸ਼ਾਹ ਜੀ ਦੇ ਗੁਰਦੁਆਰਿਓਂ ਪੁੱਜ ਜਾਂਦਾ। ਹਰੇਕ ਭੇਖ ਦਾ ਸਾਧੂ, ਹਰੇਕ ਕੌਮ ਦਾ ਮਾਈ ਭਾਈ ਆਪ ਜੀ ਦੇ ਪਾਵਨ ਦਰਸ਼ਨਾਂ ਲਈ ਤੁਰਿਆ ਹੀ ਰਹੇ। ਏਸ ਕਰਕੇ ਇੱਥੋਂ ਵੀ ਆਪ ਜੀ ਦਾ ਮਨ ਉਦਾਸ ਹੋ ਗਿਆ ਤਾਂ ਹੋਰ ਅੱਗੇ ਸੰਘਣੇ ਜੰਗਲ ਵੱਲ ਚਲੇ ਗਏ। ਕਈ ਦਿਨ ਕਿਸੇ ਨੂੰ ਲੱਭੇ ਹੀ ਨਹੀਂ ਅਤੇ ਨਾ ਕੁਝ ਛਕਿਆ। ਪਰ ਫੇਰ ਵੀ ਸੰਗਤਾਂ ਦੇ ਅਥਾਹ ਪ੍ਰੇਮ ਨੇ ਆਪ ਜੀ ਨੂੰ ਇੱਕ ਪਹਾੜੀ ਦੀ ਨੁਕਰੇ ਸਮਾਧੀ ਵਿੱਚ ਬੈਠੇ ਦੇਖ ਹੀ ਲਿਆ। ਫੇਰ ਕੀ ਸੀ? ਸਾਰੇ ਹੀ ਦਰਸ਼ਨਾਂ ਨੂੰ ਆ ਪਹੁੰਚੇ। ਸੰਗਤਾਂ ਵਲੋਂ ਬੇਅੰਤ ਪਦਾਰਥ ਅਤੇ ਸਾਧੂਆਂ ਵਲੋਂ ਛਪੀਆਂ ਧੋਤੀਆਂ ਤੇ ਕਖਾਏ ਰੰਗ ਦੇ ਛਾਪੇ ਹੋਏ ਪਰਨੇ ਭੇਟਾ ਹੋਣ ਲੱਗੇ। ਸੰਤਾਂ ਨੂੰ ਸੰਤ ਮੰਡਲੀ ਤੇ ਹੋਰ ਪ੍ਰੇਮੀਆਂ ਨੇ ਕਈ ਦਿਨ ਟਿਕਾਈ ਰੱਖਿਆ। ਲੱਗੇ ਪ੍ਰੇਮੀਆਂ ਦੇ ਘਰੀਂ ਭੰਡਾਰੇ ਹੋਣ। ਆਪ ਜੀ ਸਾਰੀ ਸੰਤ ਮੰਡਲੀ ਸਮੇਤ ਛਕਣ ਜਾਇਆ ਕਰਦੇ। ਉਸ ਸਮੇਂ ਚੰਗੇ-ਚੰਗੇ ਪੂਜਯ ਸਾਧੂ ਹਰਿਦੁਆਰ ਰਹਿੰਦੇ ਸਨ। ਸਾਰੇ ਭੇਖਾਂ ਵਾਲਿਆਂ ਨੇ ਆਪ ਜੀ ਦਾ ਬੜਾ ਸਤਿਕਾਰ ਕੀਤਾ।

## ਪੰਜਾਬ ਵਾਪਸ ਆਉਣਾ

ਫੇਰ ਬਾਬਾ ਜੀ ਦੀ ਤੀਬਰ ਇੱਛਾ ਜਾਣ ਕੇ ਕਿਉਂਕਿ ਪਿਛਲੇ ਪ੍ਰੇਮੀਆਂ ਦੀਆਂ ਅਰਦਾਸਾਂ ਨੇ ਅਫੁਰ ਮਨ ਵਿੱਚ ਫੁਰਨਾ ਪੈਦਾ ਕਰਕੇ ਪਿਛੇ ਜਾਣ ਦੀ ਇੱਛਾ ਪ੍ਰਗਟ ਕਰ ਦਿੱਤੀ, ਤਾਂ ਸਮੂਹ ਭੇਖਾਂ ਵਾਲੇ ਮਹਾਂ ਪੁਰਖ ਆਪ ਜੀ ਨੂੰ ਸਤਿਕਾਰ ਸਹਿਤ ਵਿਦਾਅ ਕਰਨ ਆਏ। ਗੰਗਾ ਜੀ ਦਾ ਪ੍ਰਸ਼ਾਦਿ ਜਾਣਕੇ ਮਹਾਂ ਪੁਰਖਾਂ ਵਲੋਂ ਭੇਟਾ ਹੋਏ ਪਰਨੇ ਤੇ ਖ਼ਫਨੀਆਂ ਆਦਿ ਬਸਤਰ ਹੋਤੀ ਡੇਰੇ ਦੇ ਸਾਧੂਆਂ ਵਾਸਤੇ ਲੈ ਆਏ ਅਤੇ ਆ ਕੇ ਸਾਰੇ ਸਾਧੂਆਂ ਨੂੰ ਗੰਗਾ ਜੀ ਦੀ ਨਿਸ਼ਾਨੀ ਵੰਡ ਦਿੱਤੀ ਜੋ ਹੁਣ ਤੱਕ ਏਸ ਸੰਪ੍ਰਦਾਇ ਦੇ ਮਹਾਂ ਪੁਰਖ ਉਹ ਨਿਸ਼ਾਨੀ ਧਾਰਨ ਕਰਦੇ ਆਏ ਹਨ। ਹਰਿਦੁਆਰ ਤੋਂ ਆਪ ਜੀ ਗੱਡੀ ਬੈਠ ਕੇ ਅੰਮ੍ਰਿਤਸਰ ਪੁੱਜੇ।

ਜਦੋਂ ਆਪ ਹਰਿਦੁਆਰ ਨੂੰ ਜਾਂਦੇ ਹੋਏ ਸ੍ਰੀ ਅੰਮ੍ਰਿਤਸਰ ਠਹਿਰੇ ਸੀ, ਉਸ ਸਮੇਂ ਕਿਸੇ ਪ੍ਰੇਮੀ ਨੇ ਹੋਤੀ ਦੀ ਸੰਗਤ ਨੂੰ ਜਾ ਪਤਾ ਦਿੱਤਾ ਕਿ ਬਾਬਾ ਜੀ ਤਾਂ ਸ੍ਰੀ ਅੰਮ੍ਰਿਤਸਰ ਪਹੁੰਚੇ ਹਨ। ਵਾਪਸੀ ਤੇ ਸ੍ਰੀ ਅੰਮ੍ਰਿਤਸਰ ਆਇਆਂ ਅਜੇ ਆਪ ਜੀ ਨੂੰ ਇੱਕ ਦਿਨ ਹੀ ਹੋਇਆ ਸੀ, ਕਿ ਇਤਨੇ ਨੂੰ ਬਹੁਤ ਸਾਰੀ ਸੰਗਤ ਹੋਤੀ ਡੇਰੇ ਤੋਂ ਆਪ ਜੀ ਨੂੰ ਲੈਣ ਵਾਸਤੇ ਆ ਗਈ। ਸਭਨਾਂ ਨੇ ਹੱਥ ਜੋੜ ਕੇ ਨਮਸਕਾਰ ਕਰਨ ਤੋਂ ਬਾਅਦ ਅਰਜ਼ ਕੀਤੀ, "ਮਹਾਰਾਜ! ਆਪ ਜਾਣੀ ਜਾਣ ਹੋ ਤੁਹਾਡੇ ਦਰਸ਼ਨਾਂ ਤੋਂ ਬਗ਼ੈਰ ਹੋਤੀ ਅਤੇ ਇਲਾਕੇ ਦੀਆਂ ਸਾਰੀਆਂ ਸੰਗਤਾਂ ਉਦਾਸ ਹਨ। ਕ੍ਰਿਪਾ ਕਰਕੇ ਵਾਪਸ ਡੇਰੇ ਚਲੋ। ਜੇਕਰ ਤੁਸੀਂ ਨਾ ਗਏ ਤਾਂ ਹੋਰ ਬਹੁਤ ਸਾਰੇ ਪ੍ਰੇਮੀ ਆ ਜਾਣਗੇ। ਉਹ ਹੁਣ ਵੀ ਤਿਆਰ ਹਨ ਸਿਰਫ ਸਾਡੇ ਰੋਕਣ ਕਰਕੇ ਰੁਕੇ ਹਨ ਕਿ ਅਸੀਂ ਪਹਿਲਾਂ ਜਾ ਕੇ ਬੇਨਤੀ ਕਰਦੇ ਹਾਂ ਸ਼ਾਇਦ ਸਾਡੇ ਨਿਮਾਣਿਆਂ ਦੀ ਅਰਜ਼ ਪ੍ਰਵਾਨ ਹੋ ਹੀ ਜਾਵੇ"। ਭਾਵੇਂ ਸ੍ਰੀ ਅੰਮ੍ਰਿਤਸਰ ਦੇ ਪ੍ਰੇਮੀਆਂ ਦਾ ਪਿਆਰ ਵੀ ਆਪ ਜੀ ਨਾਲ ਘੱਟ ਨਹੀਂ ਸੀ ਫਿਰ ਵੀ ਹੋਤੀ ਵਾਸੀ ਪ੍ਰੇਮੀਆਂ ਦਾ ਪੁੰਨ ਬਲ ਪਾ ਗਿਆ। ਆਪ ਜੀ ਨੇ ਉੱਤਰ ਦਿੱਤਾ, "ਚੰਗਾ ਭਾਈ! ਸੰਗਤ ਗੁਰੂ ਰੂਪ ਹੈ, ਇਨ੍ਹਾਂ ਦਾ ਹੁਕਮ ਮੋੜਿਆ ਨਹੀਂ ਜਾਂਦਾ।" ਉਸੇ ਸਮੇਂ ਹੀ ਤਿਆਰ ਹੋ ਗਏ। ਸ੍ਰੀ ਅੰਮ੍ਰਿਤਸਰ ਦੀਆਂ ਸੰਗਤਾਂ ਸਜਲ ਨੇਤਰ ਬੇਵੱਸੀ ਨਾਲ ਆਪ ਜੀ ਨੂੰ ਸਟੇਸ਼ਨ ਤੱਕ ਵਿਦਾ ਕਰਨ ਆਈਆਂ। ਸੰਤ ਜੀ ਨੇ ਸਭਨਾਂ ਨੂੰ ਧੀਰਜ ਦਿੱਤਾ ਕਿ ਤੁਸੀਂ ਗੁਰੂ ਕੀ ਨਗਰੀ ਦੇ ਸਿੰਘ ਹੋ ਪਿਛਲੇ ਜਨਮ ਬੜੇ ਪੁੰਨ ਕੀਤੇ ਹਨ। ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਚਰਨਾਂ ਵਿੱਚ ਨਿਵਾਸ ਰੱਖਦੇ ਹੋ। ਹਰ ਰੋਜ਼ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਦੇ ਹੋ। ਇਸੇ ਤਰ੍ਹਾਂ ਸ਼ਰਧਾ ਧਾਰਨ ਕਰਕੇ ਗੁਰਬਾਣੀ ਦਾ ਪਾਠ ਤੇ ਗੁਰੂ ਦਰਬਾਰ ਦੇ ਪਾਵਨ ਦਰਸ਼ਨ ਕਰਿਆ ਕਰੋ। ਸਤਿਗੁਰੂ ਹਮੇਸ਼ਾਂ ਸਿੱਖ ਦੇ ਅੰਗ ਸੰਗ ਹਨ। ਇਉਂ ਪ੍ਰੇਮੀਆਂ ਨੂੰ ਪਿਛੇ ਮੋੜ ਕੇ ਆਪ ਜੀ ਹੋਤੀ ਦੀ ਸੰਗਤ ਦੇ ਸਮੇਤ ਗੱਡੀ ਵਿੱਚ ਬੈਠ ਕੇ ਸ੍ਰੀ ਪੰਜਾ ਸਾਹਿਬ ਆਏ।

ਸ੍ਰੀ ਅੰਮ੍ਰਿਤਸਰ ਤੋਂ ਚੱਲਣ ਸਮੇਂ ਏਥੋਂ ਦੀ ਸੰਗਤ ਤੇ ਇਲਾਕੇ ਦੇ ਪ੍ਰੇਮੀਆਂ ਨੂੰ ਆਪ ਜੀ ਦੇ ਪੁੱਜਣ ਦੀਆਂ ਅੱਗੋਂ ਹੀ ਤਾਰਾਂ ਪਹੁੰਚ ਗਈਆਂ ਸਨ। ਉਹ ਗੱਡੀ ਆਉਣ ਤੋਂ ਪਹਿਲਾਂ ਹੀ ਫੁੱਲਾਂ ਦੇ ਹਾਰ ਅਤੇ ਪ੍ਰਸ਼ਾਦਿ ਭੇਟਾ ਕਰਨ ਲਈ 'ਹਸਨ ਅਬਦਾਲ' ਸਟੇਸ਼ਨ ਤੇ ਖੜ੍ਹੇ ਸਨ। ਆਪਣੀ ਮੰਜ਼ਿਲ ਖਤਮ ਕਰਕੇ ਗੱਡੀ ਵੀ (ਜਿਥੇ ਗੁਰੂ ਨਾਨਕ ਦੇਵ ਜੀ ਨੇ ਪੰਜੇ ਨਾਲ ਪਰਬਤ ਨੂੰ ਰੋਕਿਆ ਸੀ) ਜਾ ਰੁਕੀ। ਸੰਗਤਾਂ ਨੇ ਜੈਕਾਰਿਆਂ ਨਾਲ ਸੰਤਾਂ ਦਾ ਸਵਾਗਤ ਕੀਤਾ। ਯਥਾ ਸ਼ਕਤ ਭੇਟਾ ਅਰਪੀ, ਸੇਹਰੇ ਪਾਏ, ਨਮਸਕਾਰਾਂ ਕਰਕੇ ਸਫ਼ਲ ਦਰਸ਼ਨ ਕੀਤਾ। ਭੇਟਾ ਹੋਇਆ ਪ੍ਰਸ਼ਾਦਿ ਵਰਤਾਇਆ ਗਿਆ। ਫਿਰ ਜਲੂਸ ਦੀ ਸ਼ਕਲ ਵਿੱਚ ਪ੍ਰੇਮੀ ਸ਼ਬਦ ਪੜ੍ਹਦੇ ਆਪ ਜੀ ਨੂੰ ਪੰਜਾ ਸਾਹਿਬ ਅਸਥਾਨ ਤੇ ਲੈ ਆਏ। ਆਪ ਜੀ ਨੇ ਗ਼ਰੀਬੀ ਦੀ ਸਿੱਖਿਆ ਦੇ ਦਾਤੇ ਦੀ ਪਾਵਨ ਧੂੜੀ ਮਸਤਕ ਨੂੰ ਲਾਈ। ਨਿਰਮਲ ਜਲ ਪੂਰਤ ਸਰੋਵਰ ਵਿਚ ਇਸ਼ਨਾਨ ਕੀਤਾ। ਅਤੇ ਕੜਾਹ ਪ੍ਰਸ਼ਾਦਿ ਦੀ ਦੇਗ ਲੈ ਕੇ ਗੁਰਦੁਆਰੇ ਸਾਹਿਬ ਪੁੱਜੇ। ਨਮਸਕਾਰ ਕਰਕੇ ਪ੍ਰਸ਼ਾਦਿ ਤੇ ਰੁਮਾਲਾ ਅਰਪਨ ਕੀਤਾ। ਆਪ ਜੀ ਵਲੋਂ ਭੇਟਾ ਹੋਈ ਮਾਇਆ ਦੀ ਅਰਦਾਸ ਕੀਤੀ ਗਈ। ਕੁਝ ਕੁ ਸਮਾਂ ਭਾਵਨਾ ਨਾਲ ਬੈਠ ਕੇ ਹਾਜ਼ਰੀ ਭਰੀ। ਕੀਰਤਨ ਸੁਣਿਆ ੧੦੧ ਰੁਪਇਆ ਗੁਰੂ ਕੇ ਲੰਗਰ ਵਾਸਤੇ ਅਰਦਾਸ ਕਰਵਾਇਆ। ਦੀਵਾਨ ਦੀ ਸਮਾਪਤੀ ਉਪਰੰਤ ਸਤਿਗੁਰਾਂ ਦਾ ਹੁਕਮ ਸਰਵਣ ਕੀਤਾ। ਕੜਾਹ ਪ੍ਰਸ਼ਾਦਿ ਵਰਤਿਆ। ਫੇਰ (ਜੋ ਉਸ ਸਮੇਂ ਦੇ ਮਹੰਤ ਸਨ) ਭਾਈ ਮਿੱਠਾ ਸਿੰਘ ਜੀ ਨੇ ਆਪ ਨੂੰ ਰੇਸ਼ਮੀ ਸਿਰਪਾਓ ਤੇ ਮਾਇਆ ਦਿੱਤੀ। ਆਪ ਜੀ ਨੇ ਮਾਇਆ ਤਾ ਵਾਪਸ ਕਰ ਦਿੱਤੀ ਅਤੇ ਗੁਰੂ ਕੀ ਬਖ਼ਸ਼ਿਸ਼ ਜਾਣ ਕੇ ਸਿਰੋਪਾਓ ਅੰਗੀਕਾਰ ਕਰ ਲਿਆ। ਉਸ ਤੋਂ ਬਾਅਦ ਆਪ ਨੇ ਗੁਰੂ ਕੇ ਲੰਗਰ ਵਿੱਚ ਜਾ ਕੇ ਸੰਗਤਾਂ ਸਮੇਤ ਪ੍ਰਸ਼ਾਦਿ ਛਕਿਆ।

# ਸੰਤ ਸੁਖਦੇਵ ਸਿੰਘ ਜੀ ਨੂੰ ਦਰਸ਼ਨ

ਗੁਫਾ ਵਾਲੇ ਨਿਰਮਲੇ ਸੰਤ ਸੁਖਦੇਵ ਸਿੰਘ ਜੀ ਜਿਨ੍ਹਾਂ ਦਾ 'ਵਾਹ' ਨਗਰ ਵੱਲ ਡੇਰਾ ਹੈ, ਪਤਾ ਲੱਗਣ ਤੇ ਆਪ ਜੀ ਪਾਸ ਪਾਲਕੀ ਲੈ ਕੇ ਪੁੱਜ ਗਏ। ਬੇਨਤੀ ਕੀਤੀ ਕ੍ਰਿਪਾ ਕਰਕੇ ਗ਼ਰੀਬ ਦੀ ਕੁਟੀਆ ਵਿੱਚ ਚਰਨ ਪਾਓ। ਆਪ ਜੀ ਨੇ ਬੇਨਤੀ ਪ੍ਰਵਾਨ ਕਰ ਲਈ ਅਤੇ ਪਾਲਕੀ ਵਿੱਚ ਬੈਠ ਕੇ ਸੰਗਤਾਂ ਸਮੇਤ ਉਸਦੇ ਨਾਲ ਡੇਰੇ ਆਏ। ਸਤਿਗੁਰਾਂ ਦੀ ਹਜ਼ੂਰੀ ਵਿੱਚ ਦੀਵਾਨ ਸਜ ਗਿਆ। ਆਪ ਜੀ ਨਮਸਕਾਰ ਕਰ ਕੇ ਤਾਬਿਆ ਸਜ ਗਏ। ਪਤਾ ਲੱਗਣ ਤੇ 'ਵਾਹ' ਨਗਰ, ਬੁਰਹਾਨ, ਖ਼ੁਦਾਖ਼ੁਰਸੀਨ, ਹਜ਼ਰੋ ਤੱਕ ਦੀਆਂ ਸੰਗਤਾਂ ਦਰਸ਼ਨਾਂ ਨੂੰ ਆਈਆਂ। ਪੰਜੇ ਸਾਹਿਬ ਦੀ ਸੰਗਤ ਅਤੇ 'ਰਾਵਲਪਿੰਡੀ' ਦੇ ਪ੍ਰੇਮੀ ਮਾਇਆ ਭੇਟ ਕਰਨ ਲੱਗੇ। ਗੁਰਬਾਣੀ ਦਾ ਅਖੰਡ ਕੀਰਤਨ ਹੋ ਰਿਹਾ ਹੈ, ਸੰਗਤ ਪਿਆਰ ਨਾਲ ਸੁਣ ਰਹੀ ਹੈ। ਏਥੇ ਹੀ ਜੋ ਬਾਹਰ ਬਗ਼ੀਚੀ ਵਿੱਚ ਰਹਿੰਦੇ ਸਨ ਸਾਧੂਆਂ ਨੂੰ ਪਤਾ ਲੱਗਿਆ ਉਹ ਵੀ ਦਰਸ਼ਨਾਂ ਨੂੰ ਆਏ। ਸਥਾਨਕ ਸੇਵਾਦਾਰ ਭਾਈ ਸੁਖਦੇਵ ਜੀ ਨੇ ਸੰਗਤਾਂ ਵਾਸਤੇ ਬੜੇ ਪਿਆਰ ਨਾਲ ਲੰਗਰ ਤਿਆਰ ਕੀਤਾ। ਜਿਸ ਵਿੱਚ ਮਾਲ੍ਹ ਪੂੜ੍ਹੇ, ਪੂੜੀਆਂ, ਕੜਾਹ ਪ੍ਰਸ਼ਾਦਿ, ਘਿਓ ਭੁੰਨਵੇ ਮਿੱਠੇ ਚੌਲ, ਦਹੀਂ ਭੱਲੇ ਤੇ ਹੋਰ ਦਾਲ ਸਬਜ਼ੀਆਂ, ਆਚਾਰ ਤੇ ਚਟਨੀ ਬਣਾਏ। ਪ੍ਰਸ਼ਾਦ ਤਿਆਰ ਹੋਣ ਤੇ ਮਹਾਂ ਪੁਰਸ਼ਾਂ ਪਾਸ ਅਰਜ਼ ਕੀਤੀ ਗਈ। ਆਪ ਜੀ ਨੇ ਗੁਰੂ ਕੇ ਲੰਗਰ ਦਾ ਸਮਾਂ ਜਾਣ ਕੇ ਕੀਰਤਨ ਦਾ ਭੋਗ ਪਵਾਇਆ। ਕੜਾਹ ਪ੍ਰਸ਼ਾਦਿ ਦੀ ਦੇਗ ਅਤੇ ਲੰਗਰ ਪ੍ਰਸ਼ਾਦਿ ਦੀ ਅਰਦਾਸ ਇਕੱਠੀ ਹੀ ਕੀਤੀ ਗਈ। ਹੁਕਮ ਸੁਣਿਆ ਤੇ ਪ੍ਰਸ਼ਾਦਿ ਵਰਤਿਆ। ਫਿਰ ਆਪ ਲੰਗਰ ਵਿੱਚ ਆ ਗਏ। ਪੰਗਤਾਂ ਲੱਗ ਗਈਆਂ ਸਭਨਾਂ ਦੇ ਹੱਥ ਧੁਆਏ, ਥਾਲ ਗਲਾਸ ਤੇ ਕੌਲੀਆਂ ਅੱਗੇ ਰੱਖੀਆਂ।

ਇਸ ਸੰਤ ਸਮਾਗਮ ਵਿੱਚ ਸੰਤ ਸੁਖਦੇਵ ਸਿੰਘ ਜੀ ਤੇ ਉਨ੍ਹਾਂ ਦੇ ਨਿਕਟ ਵਰਤੀ ਸੇਵਕਾਂ ਨੇ ਬੜੀ ਭਾਵਨਾ ਨਾਲ ਸੇਵਾ ਕੀਤੀ। ਸੰਤਾਂ ਦੀ ਮਹਿਮਾਂ ਸੁਣ ਕੇ ਵਾਹ ਨਗਰ ਦੇ ਖ਼ਾਨ ਸਾਹਬ ਵੀ ਦਰਸ਼ਨਾਂ ਨੂੰ ਆਏ। ਸਭਨਾਂ ਨੂੰ ਲੰਗਰ 'ਚੋਂ ਪ੍ਰਸ਼ਾਦਿ ਛਕਾਇਆ। ਫਰੂਟ, ਮਿਸਰੀ, ਕੀਮਤੀ ਬਸਤਰ ਤੇ ਬਾਦਾਮਾਂ ਦਾ ਪ੍ਰਸ਼ਾਦਿ ਸੰਤਾਂ ਦੀ ਭੇਟਾ ਕੀਤਾ। ਬਾਬਾ ਜੀ ਵਲੋਂ ਖ਼ਾਨ ਸਾਹਬ ਨੂੰ ਸਿਰੋਪਾਓ ਦਿੱਤਾ ਗਿਆ। ਇਤਨੇ ਨੂੰ ਉਸਤਤੀ ਸੁਣ ਕੇ ਵਾਹ ਨਗਰ ਦਾ ਅਜੈਬ ਖਾਂ ਪਠਾਣ ਵੀ ਦਰਸ਼ਨਾਂ ਨੂੰ ਆਇਆ। ਜਦੋਂ ਭੇਟਾ ਅਰਪ ਕਰਕੇ ਸਲਾਮ ਕਰਨ ਵਾਸਤੇ ਝੁਕਿਆ ਤਾਂ ਇਸ ਨੇ ਸੰਤਾਂ ਨੂੰ ਪਛਾਣ ਲਿਆ ਕਿ ਇਹ ਤਾਂ ਉਹੋ ਹੀ ਮਹਾਂ ਪੁਰਸ਼ ਹਨ ਜਿਹੜੇ ਦਿੱਲੀ ਦੇ ਗ਼ਦਰ ਵੇਲੇ ਗ਼ਰੀਬਾਂ ਦੀ ਰੱਖਿਆ ਕਰਦੇ ਸਨ। ਅਸੀਂ ਤਾਂ ਇਕੱਠਿਆ ਹੀ ਨੌਕਰੀ ਕੀਤੀ ਹੈ। ਸੰਤਾਂ ਦੇ ਨਗਰ 'ਕਾਜ਼ੀਆਂ' ਪਿੰਡ ਇਸ ਪਠਾਣ ਦੇ ਨਾਨਕੇ ਸਨ ਜਿਸ ਕਰਕੇ ਸੰਤਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਨੇਕ ਸੁਭਾਅ ਵਾਲਾ ਪਰਉਪਕਾਰੀ ਸੀ। ਸੰਤਾਂ ਨੇ ਵੀ ਪਿਛਲਾ ਸਾਥੀ ਜਾਣ ਕੇ ਬੜਾ ਆਦਰ ਕੀਤਾ। ਲੰਗਰੋਂ ਪ੍ਰਸ਼ਾਦਿ ਛਕਾਇਆ ਅਤੇ ਜਾਣ ਸਮੇਂ ਬਾਦਾਮ ਤੇ ਮਿਸ਼ਰੀ ਦਾ ਪ੍ਰਸ਼ਾਦਿ ਦਿੱਤਾ।

ਉਹ ਦਿਨ ਤਾਂ ਏਥੇ ਹੀ ਬਤੀਤ ਹੋ ਗਿਆ। ਦੂਸਰੇ ਦਿਨ ਸੰਤਾਂ ਨੇ ਸਵੇਰੇ ਹੀ ਇਸ਼ਨਾਨ ਕਰਕੇ ਹੋਤੀ ਜਾਣ ਦੀ ਤਿਆਰੀ ਕਰ ਲਈ। ਏਥੇ ਜੋ ਵੀ ਫ਼ਲ ਫਰੂਟ ਤੇ ਮਾਇਆ ਆਪ ਜੀ ਦੀ ਭੇਟਾ ਚੜ੍ਹੀ ਸੀ ਉਹ ਸਾਰੀ ਹੀ ਸੰਤ ਸੁਖਦੇਵ ਸਿੰਘ ਜੀ ਦੇ ਡੇਰੇ ਨੂੰ ਅਰਪ ਦਿੱਤੀ। ਸੰਤ ਸੁਖਦੇਵ ਜੀ ਨੇ ਆਪ ਜੀ ਨੂੰ ੧੦੧ ਰੁਪਿਆ, ਇੱਕ ਖ਼ਫ਼ਨੀ, ਅਤੇ ਹੋਤੀ ਡੇਰੇ ਦੇ ਸਾਧੂਆਂ ਨੂੰ ਬਸਤਰ ਤੇ ਰਾਗੀ ਜਥੇ ਨੂੰ ਮਾਇਆ ਭੇਟ ਕੀਤੀ। ਬਗ਼ੀਚੀ ਵਿੱਚ ਰਹਿਣ ਵਾਲੇ ਸਾਧੂਆਂ ਦਾ ਵੀ ਆਦਰ ਕੀਤਾ। ਸਭਨਾਂ ਨੂੰ ਖ਼ੁਸ਼ੀਆਂ ਦੇ ਕੇ ਬਾਬਾ ਜੀ ਨੇ ਆਗਿਆ ਮੰਗੀ ਤਾਂ ਬਾਬਾ ਸੁਖਦੇਵ ਸਿੰਘ ਜੀ ਤੇ ਹੋਰ ਸਾਰੀ ਸੰਗਤ ਆਪ ਜੀ ਨੂੰ ਪਾਲਕੀ ਵਿੱਚ ਅਸਵਾਰ ਕਰਵਾ ਕੇ ਸਟੇਸ਼ਨ ਤੱਕ ਵਿਦਾ ਕਰਨ ਲਈ ਨਾਲ ਆਈ। ਗੱਡੀ ਆਈ ਤੋਂ ਆਪ ਨੂੰ ਵਿੱਚ ਬਿਠਾਅ ਕੇ ਨਮਸਕਾਰ ਕਰਕੇ ਘਰਾਂ ਨੂੰ ਵਾਪਸ ਆਏ ਅਤੇ ਗੱਡੀ ਹੋਤੀ ਵੱਲ ਨੂੰ ਚੱਲ ਪਈ।

ਸੰਗਤਾਂ ਨੂੰ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ ਕਿ ਸੰਤਾਂ ਨੇ ਹਸਨ ਅਬਦਾਲ ਸਟੇਸ਼ਨ ਤੋਂ ਗੱਡੀ ਬੈਠ ਕੇ ਅੱਜ ਆਉਣਾ ਹੈ। ਪਹਿਲਾਂ ਹੀ ਬੁਰਹਾਨ ਅਤੇ ਕੈਮਲ ਪੁਰ ਸਟੇਸ਼ਨ ਤੇ ਸੰਗਤਾਂ ਦਾ ਇਕੱਠ ਹੋ ਗਿਆ। ਦੂਰ ਦੂਰ ਤੱਕ ਖ਼ਬਰਾਂ ਪੁੱਜ ਗਈਆਂ। ਗੱਡੀ ਰੁਕੀ ਤਾਂ ਖੈਰਾਬਾਦ ਅਤੇ ਅਕੌੜਾ ਤੋਂ ਆਈਆਂ ਸੰਗਤਾਂ ਨੇ ਮਾਇਆ ਅਤੇ ਪ੍ਰਸ਼ਾਦਿ ਭੇਟ ਕਰਕੇ ਦਰਸ਼ਨ ਪਾਇਆ।

ਨੁਸ਼ਹਿਰੇ ਸਦਰ ਦੀਆਂ ਸੰਗਤਾਂ ਨੇ ਸਟੇਸ਼ਨ ਤੇ ਬੜੀ ਸਜਾਵਟ ਕੀਤੀ ਹੋਈ ਸੀ। ਜਦੋਂ ਗੱਡੀ ਰੁਕੀ ਤਾਂ ਆਪ ਜੀ ਨੂੰ ਸਭਨਾਂ ਨੇ ਨਮਸਕਾਰ ਕੀਤੀ ਅਤੇ ਪਾਲਕੀ 'ਚ ਬਿਠਾਕੇ ਸਤਿਕਾਰ ਸਹਿਤ ਸੰਗਤ ਨੁਸ਼ਹਿਰੇ ਗੁਰਦੁਆਰੇ ਲੈ ਆਈ। ਦੀਵਾਨ ਸਜਿਆ ਸ਼ਬਦ ਕੀਰਤਨ ਹੋਇਆ ਅਤੇ ਗੁਰੂ ਕਾ ਲੰਗਰ ਵਰਤਿਆ। ਰਾਤ ਏਥੇ ਹੀ ਠਹਿਰੇ ਸਵੇਰੇ ਹੋਤੀ ਦੀ

ਸੰਗਤ ਬੜੀ ਸ਼ਰਧਾ ਨਾਲ ਆਪ ਜੀ ਨੂੰ ਹੋਤੀ ਲਿਜਾਣ ਵਾਸਤੇ ਅਰਜ਼ਾਂ ਕਰਨ ਲੱਗੀ। ਆਪ ਜੀ ਨੇ ਇਨ੍ਹਾਂ ਦੀ ਅਰਜ਼ ਮਨਜ਼ੂਰ ਕੀਤੀ। ਨੌਸ਼ਹਿਰੇ ਦੀ ਸੰਗਤ ਤੋਂ ਵਿਦਾਇਗੀ ਲਈ ਅਤੇ ਗੱਡੀ ਬੈਠ ਕੇ ਮਰਦਾਨ ਪੁੱਜੇ।

# ਹੋਤੀ ਡੇਰੇ ਆਉਣਾ

ਮਰਦਾਨ ਦੇ ਪ੍ਰੇਮੀਆਂ ਨੇ ਆਪ ਜੀ ਨੂੰ ਗੁਰਦੁਆਰੇ ਸਾਹਿਬ ਲਿਜਾਣ ਵਾਸਤੇ ਗੱਡੀ ਆਉਣ ਤੋਂ ਪਹਿਲਾਂ ਹੀ ਸਟੇਸ਼ਨ ਤੇ ਪੂਰੀ ਤਿਆਰੀ ਕੀਤੀ ਹੋਈ ਸੀ। ਫੌਜੀ ਪਲਟਨ ਦਾ ਬੈਂਡ, ਖ਼ਾਨ ਸਾਹਿਬ ਵਲੋਂ ਦੇਸੀ ਵਾਜੇ, ਰਣ ਸਿੰਗੇ ਤੇ ਹੋਰ ਤੂਤੀਆਂ ਆਦਿ ਵਜਾਏ ਗਏ। ਆਪ ਜੀ ਨੂੰ ਪਾਲਕੀ ਵਿੱਚ ਬੈਠਾ ਕੇ ਜਲੂਸ ਦੀ ਸ਼ਕਲ ਵਿੱਚ ਮਰਦਾਨ ਬਾਜ਼ਾਰ ਵਿੱਚ ਦੀ ਹੁੰਦਿਆਂ ਹੋਇਆਂ (ਜਿਥੇ ਪਹਿਲਾਂ ਹੀ ਤਿਆਰੀ ਕਰਕੇ ਬਾਜ਼ਾਰ ਸਜਾਏ ਹੋਏ ਸਨ) ਰਸਤੇ ਵਿੱਚ ਦਰਸ਼ਨ ਕਰਨ ਵਾਲਿਆਂ ਦੀ ਬੜੀ ਭੀੜ ਸੀ। ਪੁਰਾਣੇ ਹੋਤੀ ਦੇ ਗੁਰਦੁਆਰੇ ਸਾਹਿਬ ਲਿਆਏ। ਏਥੇ ਪਹਿਲਾਂ ਹੀ ਦੀਵਾਨ ਸਜਿਆ ਹੋਇਆ ਸੀ। ਹਜ਼ੂਰੀ ਵਿੱਚ ਬੈਠੀਆਂ ਸੰਗਤਾਂ ਗੁਰਬਾਣੀ ਦਾ ਅਖੰਡ ਕੀਰਤਨ ਸੁਣ ਰਹੀਆਂ ਸਨ। ਆਪ ਜੀ ਪੰਜ ਇਸ਼ਨਾਨਾ ਕਰਨ ਤੋਂ ਬਾਅਦ ਨਮਸਕਾਰ ਕਰਕੇ ਗੁਰੂ ਮਹਾਰਾਜ ਦੇ ਤਾਬੇ ਸਜ ਗਏ। ਸੰਗਤਾਂ ਨੇ ਬੇਨਤੀ ਕਰਕੇ ਆਪ ਜੀ ਦੀ ਪਾਵਨ ਰਸਨਾ ਤੋਂ ਮਨੋਹਰ ਬਚਨ ਸੁਣੇ। ਸੰਤ ਜੀ ਨੇ ਸੰਗਤਾਂ ਦੀ ਸ਼ਰਧਾ ਤੱਕ ਕੇ ਭਗਤੀ ਦੇ ਵੈਰਾਗ ਵਿੱਚ ਮਿਲਿਆ ਉਪਦੇਸ਼ ਕੀਤਾ। ਐਸਾ ਅਨੰਦ ਆਇਆ ਕਿ ਸਰੋਤਿਆਂ ਨੂੰ ਦੇਸ਼ ਕਾਲ ਭੁੱਲ ਗਿਆ। ਦੀਵਾਨ ਦੀ ਸਮਾਪਤੀ ਉਪਰੰਤ ਅਰਦਾਸ ਹੋਈ, ਕੜਾਹ ਪ੍ਰਸ਼ਾਦਿ ਦੀ ਦੇਗ ਵਰਤੀ, ਸੰਤ ਮੋਤਾ ਸਿੰਘ ਜੀ ਵਲੋਂ (ਜੋ ਬੜੇ ਮਹਾਨ ਪੁਰਸ਼ ਸਨ) ਲੰਗਰ ਤਿਆਰ ਕੀਤਾ ਗਿਆ ਸੀ। ਪੰਗਤਾਂ ਲਗਾ ਕੇ ਸਾਰੀਆਂ ਸੰਗਤਾਂ ਵਿੱਚ ਵਰਤਾਇਆ ਗਿਆ। ਮਹਾਂ ਪੁਰਸ਼ਾਂ ਸਮੇਤ ਸਭਨਾਂ ਨੇ ਛਕਿਆ। ਸ਼ਾਮੀਂ ਫੇਰ ਚਾਰ ਵਜੇ ਸੰਗਤਾਂ ਦਾ ਇਕੱਠ ਜੁੜਿਆ, ਪਾਲਕੀ ਵਿੱਚ ਅਸਵਾਰ ਕਰਕੇ ਜਲੂਸ ਦੀ ਸ਼ਕਲ ਵਿੱਚ ਬੈਂਡ ਵਾਜੇ ਤੇ ਹੋਰ ਸਾਜ਼ਾਂ ਨਾਲ ਆਪ ਜੀ ਨੂੰ ਹੋਤੀ ਦੇ ਡੇਰੇ ਲੈ ਆਏ। ਏਥੋਂ ਦੇ ਸੇਵਾਦਾਰ ਪਹਿਲਾਂ ਹੀ ਆਪ ਜੀ ਦੀ ਉਡੀਕ ਵਿੱਚ ਸੇਹਰੇ ਲਈ ਖੜ੍ਹੇ ਸਨ। ਸਭਨਾਂ ਨੇ ਅੱਗੇ ਹੋ ਕੇ ਮੱਥਾ ਟੇਕਿਆ, ਸੇਹਰੇ ਪਾਏ ਆਪ ਪਾਲਕੀ 'ਚੋਂ ਉੱਤਰ ਕੇ ਅੰਦਰ ਅਸਥਾਨ ਵਿੱਚ ਗਏ। ਗੁਰੂ ਮਹਾਰਾਜ ਨੂੰ ਨਮਸਕਾਰ ਕੀਤੀ। ਫਿਰ ਸਾਰੇ ਪ੍ਰੇਮੀਆਂ ਨੂੰ ਜਲ ਪਾਣੀ ਛਕਾਇਆ। ਡੇਰੇ ਵਾਸੀ ਇਕੱਲੇ-ਇਕੱਲੇ ਸਾਧੂ ਦੀ ਸੁਖ ਅਨੰਦ ਪੁੱਛੀ। ਬਾਹਰੋਂ ਆਏ ਹੋਏ ਪ੍ਰੇਮੀ ਰਾਤ ਨੂੰ ਏਥੇ ਹੀ ਠਹਿਰੇ। ਇਲਾਕੇ ਦੀ ਸੰਗਤ ਅਤੇ ਮਰਦਾਨ ਤੋਂ ਆਏ ਹੋਏ ਪ੍ਰੇਮੀਆਂ ਨੇ ਆਗਿਆ ਮੰਗੀ। ਆਪ ਨੇ ਸਭਨਾਂ ਨੂੰ ਪ੍ਰਸ਼ਾਦਿ ਦਿੱਤਾ ਅਤੇ ਕਿਹਾ, "ਅਮ੍ਰਿਤ ਵੇਲੇ ਜਾਗਕੇ ਇਸ਼ਨਾਨ ਕਰੋ, ਗੁਰਬਾਣੀ ਦਾ ਪਾਠ ਅਤੇ ਗੁਰ ਸ਼ਬਦ ਦਾ ਅਭਿਆਸ ਹੀ ਸਿੱਖ ਦਾ ਜੀਵਨ ਹੈ। ਜਿਸ ਨੇ ਅਮ੍ਰਿਤ ਵੇਲਾ ਸੰਭਾਲ ਲਿਆ ਉਸ ਨੇ ਆਪਣੇ ਅੱਠੇ ਪਹਿਰ ਸਫ਼ਲ ਕਰ ਲਏ। ਜਿਸ ਨੇ ਆਪਣੇ ਹੱਥੋਂ ਅਮ੍ਰਿਤ ਵੇਲਾ ਗਵਾ ਲਿਆ ਮਾਨੋ ਫਿਰ ਉਸ ਦੇ ਪੱਲੇ ਕੁਝ ਵੀ ਨਹੀਂ। ਉਸ ਨੇ ਆਪਣਾ ਸਭ ਕੁਝ ਲੁਟਾ ਲਿਆ।" ਇਹ ਅਮੋਲਕ ਬਚਨ ਸੁਣਕੇ ਪ੍ਰੇਮੀ ਸੰਤਾਂ ਨੂੰ ਨਮਸਕਾਰ ਕਰਕੇ ਜਸ ਕਰਦੇ ਹੋਏ ਘਰਾਂ ਨੂੰ ਚਲੇ ਗਏ ਅਤੇ ਆਪ ਜੀ ਨੇ ਮੁੜ ਡੇਰੇ ਭਾਗ ਲਾਏ। ਇਉਂ ਸੰਤਾਂ ਨੇ ਤੀਰਥ ਯਾਤਰਾ ਦੇ ਬਹਾਨੇ ਸੰਗਤਾਂ ਨੂੰ ਦਰਸ਼ਨ ਅਤੇ ਬਚਨਾਂ ਦੁਆਰਾ ਨਿਹਾਲ ਕੀਤਾ। ਪੂਰਨ ਸਾਧੂ ਅਤੇ ਸਤਿਗੁਰਾਂ ਦਾ ਤੀਰਥਾਂ ਤੇ ਜਾਣਾ ਵੀ ਲੋਕ ਭਲਾਈ ਅਤੇ ਤੀਰਥਾਂ ਨੂੰ ਪਵਿੱਤਰ ਕਰਨ ਵਾਸਤੇ ਹੀ ਹੁੰਦਾ ਹੈ। ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ:

ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥

(ਪੰਨਾ ੧੧੧੬)

ਤਥਾ:

ਗੰਗਾ ਜਮੁਨਾ ਗੋਦਾਵਰੀ ਸਰਸੁਤੀ
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧॥
ਤੀਰਥਿ ਅਠਸਠਿ ਮਜਨੁ ਨਾਈ ॥
ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ
ਸਭ ਦੁਰਮਤਿ ਮੈਲੁ ਗਵਾਈ ॥੧॥ ਰਹਾਉ॥
ਜਾਹਰਨਵੀ ਤਪੈ ਭਾਗੀਰਥਿ ਆਣੀ
ਕੇਦਾਰੁ ਥਾਪਿਓ ਮਹਸਾਈ ॥

ਕਾਂਸੀ ਕ੍ਰਿਸਨੁ ਚਰਾਵਤ ਗਾਉ
ਮਿਲਿ ਹਰਿ ਜਨ ਸੋਭਾ ਪਾਈ ॥੨॥
ਜਿਤਨੇ ਤੀਰਥ ਦੇਵੀ ਥਾਪੇ
ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ
ਲੈ ਤਿਸ ਕੀ ਧੂਰਿ ਮੁਖਿ ਲਾਈ ॥੩॥
ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ
ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥
ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ
ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ ॥੪॥੨॥

(ਪੰਨਾ ੧੨੬੩)

# ਸੰਤਾਂ ਦੀ ਨਿੱਤ ਕ੍ਰਿਆ ਤੇ ਘਾਲਣਾ

ਫੌਜ ਦੀ ਨੌਕਰੀ ਕਰਦਿਆਂ ਜਦੋਂ ਆਪ ਜੀ ਦੀ ਜਗ੍ਹਾ ਤੇ ਅਕਾਲ ਪੁਰਖ ਪਹਿਰੇਦਾਰ ਬਣਿਆ ਫੇਰ ਤਾਂ ਅੰਗਰੇਜ਼ ਅਫਸਰਾਂ ਦੇ ਮਜਬੂਰ ਕਰਨ ਤੇ ਵੀ ਤਰੱਕੀ ਅਤੇ ਸਰਦਾਰੀ ਦਾ ਅਹੁਦਾ ਠੁਕਰਾ ਸੱਚੀ ਸਰਕਾਰ ਦੀ ਨੌਕਰੀ ਕਰਨ ਵਾਸਤੇ ਆਪਣਾ ਨਾ ਕਾਗ਼ਜ਼ਾਂ 'ਚੋਂ ਗੁੰਮ ਕਰਕੇ ਛੁੱਟੀ ਲੈ ਲਈ ਅਤੇ ਹੋਤੀ ਡੇਰੇ ਵਾਲੀ ਜਗ੍ਹਾ ਤੇ ਪੁੱਜ ਕੇ ਇਸ ਥਾਂ ਤੋਂ ਤਿੰਨ ਮੀਲ ਬਾਹਰ ਨਦੀ ਕਿਨਾਰੇ ਇਕਾਂਤ ਜਗ੍ਹਾ ਪਸੰਦ ਕਰਕੇ ਡੇਰੇ ਲਾ ਦਿੱਤੇ। ਆਪਣੇ ਹੱਥੀਂ ਖੋਦ ਕੇ ਨੌ ਕੱਚੀਆਂ ਗੁਫਾ ਤਿਆਰ ਕੀਤੀਆਂ। ਇਤਨੇ ਨੂੰ ਛੋਟੇ ਸੰਤ ਫੌਜੀ ਲਾਲ ਸਿੰਘ ਜੀ ਵੀ ਪੈਨਸ਼ਨ ਆ ਗਏ। ਪ੍ਰਵਿਰਤੀ ਵਧਾਉਣ ਦਾ ਆਪ ਜੀ ਦੇ ਅੰਦਰ ਉੱਕਾ ਹੀ ਖ਼ਿਆਲ ਨਹੀ ਸੀ। ਸੰਗਤਾਂ ਦਾ ਸੰਕਲਪ ਤੇ ਛੋਟੇ ਸੰਤਾਂ ਦੀ ਬੇਨਤੀ ਨਾਲ ਇੱਕ ਖੂਹੀ, ਲੰਗਰ ਦੇ ਰਾਸ਼ਨ ਵਾਸਤੇ ਕਮਰੇ, ਸਾਧੂਆਂ ਦੀ ਰਿਹਾਇਸ਼ ਵਾਸਤੇ ਛੱਪਰ ਤੇ ਕੱਚੀਆਂ ਕੁਟੀਆ ਤਿਆਰ ਕੀਤੀਆਂ ਗਈਆਂ। ਭਾਵੇਂ ਇਸ ਸਾਰੀ ਜ਼ਿਮੇਵਾਰੀ ਨੂੰ ਪਹਿਲਾਂ ਤੋਂ ਹੀ ਸੰਤ ਲਾਲ ਸਿੰਘ ਜੀ ਨਿਭਾਉਂਦੇ ਰਹੇ ਸਨ। ਪਰ ਫਿਰ ਵੀ ਪ੍ਰਵਿਰਤੀ ਦੇ ਪਸਾਰੇ ਨੂੰ ਦੇਖਕੇ ਆਪ ਜੀ ਦਾ ਮਨ ਉਪਰਾਮ ਹੋ ਗਿਆ ਤੇ ਤੀਰਥ ਯਾਤਰਾ ਲਈ ਚਲੇ ਗਏ।

ਜਦੋਂ ਆਪ ਹਰਿਦੁਆਰ, ਅੰਮ੍ਰਿਤਸਰ ਅਤੇ ਪੰਜੇ ਸਾਹਿਬ ਦੀ ਯਾਤਰਾ ਕਰ ਕੇ ਵਾਪਸ ਹੋਤੀ ਆਏ ਤਾਂ ਇੱਕ ਦਮ ਹੀ ਇਸ ਗੱਲ ਦਾ ਸਾਰੇ ਇਲਾਕੇ ਦੀ ਸੰਗਤ ਨੂੰ ਪਤਾ ਲੱਗ ਗਿਆ। ਸ਼ਰਧਾਵਾਨ ਦਰਸ਼ਨਾਂ ਨੂੰ ਦੂਰੋਂ-ਦੂਰੋਂ ਪੁੱਜਦੇ। ਪਹਿਲਾਂ ਨਾਲੋਂ ਚੌਗਣੀ ਰੌਣਕ ਹੋ ਗਈ, ਹਰੇਕ ਭੇਖ ਦਾ ਸਾਧੂ ਪਾਸ ਟਿਕ ਕੇ ਜੀਵਨ ਸਫ਼ਲ ਕਰਨਾ ਚਾਹੁੰਦਾ। ਸੁਵੱਖਤੇ ਹੀ ਸੰਗਤਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਅਤੇ ਪਹਿਰ ਰਾਤ ਗਏ ਤੱਕ ਬੜੀ ਭੀੜ ਲੱਗੀ ਰਹਿੰਦੀ ਲੰਗਰ ਗੁਰੂ ਕਾ ਅੱਠੇ ਪਹਿਰ ਅਤੁੱਟ ਵਰਤਦਾ ਜਿਸ ਦੀ ਜ਼ਿੰਮੇਵਾਰ ਤੇ ਸੇਵਾ ਛੋਟੇ ਸੰਤ ਨਿਭਾਉਂਦੇ ਸਨ। ਬਾਬਾ ਜੀ ਦਾ ਇਹ ਹੁਕਮ ਸੀ ਕਿ ਹਰ ਰੋਜ਼ ਲੰਗਰ ਵਿੱਚ ਘਿਉ ਭੁੰਨਵੇ ਮਿੱਠੇ ਚੌਲ ਬਣਿਆ ਕਰਨ ਜੋ ਪੰਗਤ ਦੇ ਸਮੇਂ ਦਹੀਂ ਸਮੇਤ ਵਰਤਣ, ਕੋਈ ਵੀ ਮਾਈ ਭਾਈ, ਅਮੀਰ ਗ਼ਰੀਬ, ਹਿੰਦੂ ਮੁਸਲਮਾਨ ਪ੍ਰਸ਼ਾਦਿ ਛਕੇ ਬਿਨਾਂ ਨਾ ਜਾਵੇ। ਇਹ ਪਹਿਲੀ ਅਵਸਥਾਂ ਵਿੱਚ ਹੀ ਗੁਫਾ ਆਦਿ ਪੁੱਟਣ ਦੀ ਘਾਲਣਾ ਕੀਤੀ ਫਿਰ ਤਾਂ ਮਰਦਾਨ ਛਾਉਣੀ, ਬਗ਼ਦਾਦ ਪਿੰਡ, ਹੋਤੀ ਡੇਰਾ, ਗੁਫਾ ਤੇ ਗੁੱਜਰ ਗੜ੍ਹੀ ਤੱਕ ਇਹੋ ਜਿਹੀ ਆਬਾਦੀ ਹੋ ਗਈ। ਪੱਕੀਆਂ ਸੜਕਾਂ ਬਣ ਗਈਆਂ ਹਰ ਪਾਸੇ ਜਾਣ ਆਉਣ ਦੀ ਸਹੂਲਤ ਹੋਣ ਕਰਕੇ ਹਿੰਦੂ ਮੁਸਲਮਾਨ, ਪਠਾਣ, ਫੌਜੀ ਸਿੰਘ, ਅੰਗਰੇਜ਼ ਅਫ਼ਸਰ, ਦਿਹਾਤੀ ਲੋਕ, ਗ੍ਰਿਹਸਥੀ ਅਤੇ ਵਿਰਕਤ ਸਭ ਜੈਕਾਰਿਆ ਦੀ ਆਵਾਜ਼ ਨਾਲ ਦਰਸ਼ਨਾਂ ਨੂੰ ਆਉਣ ਲੱਗੇ। ਸੰਤਾਂ ਨੇ ਸਭਨਾਂ ਨੂੰ ਖੁੱਲ੍ਹਾ ਭੰਡਾਰਾ ਛਕਾਉਣਾ ਸਵੇਰੇ ਦਹੀਂ ਨਾਲ ਮਿੱਠੇ ਚੌਲ ਵਰਤਣੇ, ਬਾਰਾਂ ਵਜੇ ਦਾਲ ਫੁਲਕਾ, ਤਿੰਨ ਵਜੇ ਸ਼ਰਦਾਈ, ਸ਼ਾਮੀਂ ਫਿਰ ਬਹੁਤ ਅੱਛਾ ਲੰਗਰ ਤਿਆਰ ਹੋਣਾ। ਉਂਞ ਵੀ ਕਦੀ ਮਾਹਲ ਪੂੜੇ, ਕਦੀ ਕੜਾਹ ਪ੍ਰਸ਼ਾਦਿ, ਖੀਰ ਤੇ ਮਿਠਾਈ ਦੇ ਭੰਡਾਰੇ ਹੁੰਦੇ ਹੀ ਰਹਿੰਦੇ।

ਆਪ ਜੀ ਦਾ ਇਹ ਨਿਯਮ ਸੀ ਕਿ ਰਾਤ ਦੇ ਗਿਆਰਾਂ ਵਜੇ ਤੱਕ ਨਦੀ ਦੇ ਕਿਨਾਰੇ ਬਾਹਰ ਖੁੱਲ੍ਹੀ ਜਗ੍ਹਾ ਬਰੇਤੀ ਤੇ ਬੈਠਦੇ। ਫਿਰ ਗਿਆਰਾਂ ਤੋਂ ਡੇਢ ਵਜੇ ਤੱਕ ਸਿਰਫ ਢਾਈ ਘੰਟੇ ਛੱਪਰੀ ਵਿੱਚ ਆਰਾਮ ਕਰਨਾ। ਡੇਢ ਵਜੇ ਸਾਵਧਾਨ ਹੋ ਕੇ ਦਾਤਨ ਕਰਨ ਤੋਂ ਬਾਅਦ 'ਕਲਪਾਣੀ' ਨਾਲੇ ਵਿੱਚ ਇਸ਼ਨਾਨ ਕਰਨਾ ਅਤੇ ਉਸੇ ਥਾਂ ਜਲ ਵਿੱਚ ਬੈਠ ਕੇ ਪੰਜ ਸ੍ਰੀ ਜਪੁਜੀ ਸਾਹਿਬ ਦੇ ਪਾਠ ਕਰਨੇ। ਫਿਰ ਬਾਹਰ ਆ ਕੇ ਬਸਤਰ ਪਹਿਨ ਕੇ ਉਸੇ ਜਗ੍ਹਾ ਕਿਨਾਰੇ ਤੇ ਸਮਾਧੀ ਵਿੱਚ ਲੀਨ ਹੋ ਜਾਣਾ। ਸਿਆਲ, ਹੁਨਾਲ, ਝੱਖੜ ਤੇ ਬਾਰਸ਼ਾਂ ਵਿੱਚ ਵੀ ਕਦੀ ਆਪਣਾ ਇਹ ਨਿਯਮ ਨਹੀਂ ਸੀ ਖੁੰਝਣ ਦਿੱਤਾ। ਬਾਰ੍ਹਾਂ ਮਹੀਨੇ ਉੱਪਰ ਇੱਕੋ ਹੀ ਖੱਦਰ ਦੀ ਚਾਦਰ ਰਖਦੇ। ਸਿਆਲ ਦੇ ਦਿਨਾਂ ਵਿੱਚ ਕਈ ਵਾਰ ਉੱਪਰ ਬਰਫ ਜੰਮ ਜਾਂਦੀ ਪਰ ਆਪ ਨੇ ਇਸ ਪਾਸੇ ਕਦੀ ਧਿਆਨ ਨਹੀਂ ਦਿੱਤਾ। ਸਮਾਧੀ ਤੋਂ ਉੱਠਕੇ ਚਾਦਰ ਝਾੜਕੇ ਬਰਫ ਲਾਹ ਦੇਣੀ। ਕਈ ਵਾਰ ਸਰੀਰ ਨੇ ਸਰਦੀ ਨਾਲ ਜੜ੍ਹ ਦੇ ਸਮਾਨ ਸੁੰਨ ਹੋ ਜਾਣਾ। ਸੰਗਤਾਂ ਨੇ ਅਗਨੀ ਬਾਲ ਕੇ ਗ਼ਰਮ ਕਰਨਾ ਪਰ ਅਖ਼ੀਰ ਤੱਕ ਆਪ ਨੇ ਇਹ ਆਪਣਾ ਨੇਮ ਨਿਭਾਇਆ। ਗੜ੍ਹੇ ਪੈਣੇ, ਅਹਿਣ ਵਰਸਣੀ ਪਰ ਆਪ ਇੱਕ ਰਸ ਭਜਨ ਵਿੱਚ ਹੀ ਮਸਤ ਰਹਿੰਦੇ। ਇਉਂ 'ਭਾਰੀ ਕਰੀ ਤਪੱਸਿਆ' ਸਵੇਰੇ ਚਾਰ ਵਜੇ ਗੁੱਜਰ ਗੜ੍ਹੀ ਦੇ ਪ੍ਰੇਮੀ ਪਾਲਕੀ ਲੈ ਕੇ ਆ ਜਾਂਦੇ। (ਜਿਨ੍ਹਾਂ ਨੇ ਬੜੀਆਂ ਬੇਨਤੀਆਂ ਕਰਕੇ ਇਹ ਸੇਵਾ ਮੰਗ ਕੇ ਲਈ ਸੀ) ਪਹਿਲੇ-ਪਹਿਲ ਤਾਂ ਆਪ ਘੋੜੇ ਤੇ ਅਸਵਾਰ ਹੋ ਕੇ ਗੁਫਾ ਤੋਂ ਡੇਰੇ ਤੱਕ ਆਇਆਂ ਜਾਇਆ ਕਰਦੇ। ਬਾਅਦ ਵਿੱਚ ਭਾਈ ਈਸਰ ਦਾਸ, ਭਗਤ ਸਾਈਂ ਦਾਸ, ਗੰਢਾ ਮੱਲ ਆਦਿਕ ਪਿੰਡਾਂ ਦੇ ਪ੍ਰੇਮੀ ਅਤੇ ਡੇਰੇ ਦੇ ਸਾਧੂਆਂ ਨੇ ਇਹ ਸੇਵਾ ਸੰਭਾਲ ਲਈ। ਆਪ ਜੀ ਨੂੰ ਪਾਲਕੀ ਵਿੱਚ ਬਿਠਾ ਕੇ ਬੜੇ ਸਤਿਕਾਰ ਨਾਲ ਡੇਰੇ ਲੈ ਆਉਂਦੇ। ਏਥੇ ਆ ਕੇ ਆਪ ਪਦਮ ਆਸਣ ਅਸਥਿਤ ਹੋ ਕੇ ੧੦੧ ਗਾਗਰ ਨਾਲ ਦੁਬਾਰਾ

ਇਸ਼ਨਾਨ ਕਰਦੇ। ਇੱਕ ਗਾਗਰ ਵਿੱਚ ਤੀਹ ਸੇਰ ਪੱਕਾ ਜਲ ਪੈਂਦਾ ਸੀ। ਆਪ ਜੀ ਦੀ ਉਡੀਕ ਵਿੱਚ ਆਪ ਜੀ ਦੇ ਆਉਣ ਤੋਂ ਪਹਿਲਾਂ ਐਨਾ ਇਕੱਠ ਜੁੜ ਜਾਂਦਾ ਕਿ ਉਹ ਇਸ਼ਨਾਨ ਵਾਲਾ ਜਲ ਪ੍ਰੇਮੀਆਂ ਨੇ ਸ਼ਰਧਾ ਨਾਲ ਛਕਣਾ:

ਚਰਨ ਸਾਧ ਕੇ ਧੋਇ ਧੋਇ ਪੀਉ ॥

(ਪੰਨਾ ੨੮੩)

ਉਨ੍ਹਾਂ ਨੂੰ ਉਹ ਜਲ ਮਸਾਂ ਇੱਕ ਇੱਕ ਚੂਲਾ ਹੀ ਹਿੱਸੇ ਆਉਂਦਾ ਸੀ। ਕਈ ਸ਼ਰਧਾਵਾਨ ਪ੍ਰੇਮੀ ਉਸ ਸਰੀਰ ਸਪੱਰਸ਼ ਅੰਮ੍ਰਿਤ ਜਲ ਨੂੰ ਬੋਤਲਾਂ ਵਿੱਚ ਪਾ ਕੇ ਘਰ ਲੈ ਜਾਂਦੇ। ਜਿਸ ਵੀ ਰੋਗੀ ਨੂੰ ਪਿਲਾਉਂਦੇ ਉਸ ਦਾ ਰੋਗ ਦੂਰ ਹੋ ਜਂਦਾ। ਪੁੱਤਰ-ਹੀਣੇ ਸੌਤਰੇ ਬਣਦੇ। ਇਹ ਸਾਰੀ ਹਰੀ ਨਾਮ ਦੀ ਬਰਕਤ ਹੈ।

ਯਥਾ: ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥

(ਪੰਨਾ ੩੦੬)

ਫਿਰ ਆਪ ਬਸਤਰ ਪਹਿਨ ਕੇ ਗੁਰੂ ਦਰਬਾਰ ਦੀ ਹਾਜ਼ਰੀ ਭਰਦੇ ਸਤਿਗੁਰਾਂ ਦੇ ਪਾਵਨ ਸਰੂਪ ਨੂੰ ਨਮਸਕਾਰ ਕਰਨ ਤੋਂ ਬਾਅਦ ਚੌਰ ਲੈ ਕੇ ਤਾਬਿਆ ਜਾ ਸਜਦੇ, ਇਕਾਗਰ ਮਨ ਨਾਲ ਹੀ ਆਸਾ ਜੀ ਦੀ ਵਾਰ ਦਾ ਕੀਰਤਨ ਸੁਣਦੇ। ਨੌਂ ਵਜੇ ਦੀਵਾਨ ਦੀ ਸਮਾਪਤੀ ਹੁੰਦੀ, ਅਰਦਾਸ ਤੋਂ ਬਾਅਦ ਕੜਾਹ ਪ੍ਰਸ਼ਾਦਿ ਵਰਤਦਾ। ਦੂਰੋਂ-ਦੂਰੋਂ ਸੰਗਤਾਂ ਦਰਸ਼ਨਾਂ ਨੂੰ ਆਈਆਂ ਹੁੰਦੀਆਂ। ਉਨ੍ਹਾਂ ਦੀ ਤੀਬਰ ਇੱਛਾ ਜਾਣਕੇ ਫਿਰ ਆਪ ਨੌ ਤੋਂ ਦਸ ਵਜੇ ਤੱਕ ਇੱਕ ਘੰਟਾ ਬਾਹਰ ਖੁਲ੍ਹੀ ਜਗ੍ਹਾ ਕਿਸੇ ਬ੍ਰਿਛ ਹੇਠ ਸਜ ਜਾਂਦੇ। ਸੰਗਤ ਦਰਸ਼ਨ ਕਰਕੇ ਬਚਨ ਸੁਣਦੀ ਅਤੇ ਆਪਣੀ ਮਨੋ ਕਾਮਨਾ ਦੀ ਪੂਰਤੀ ਵਾਸਤੇ ਅਰਜ਼ਾਂ ਕਰਦੀ। ਸੇਵਾਦਾਰ ਕੋਲ ਖੜ੍ਹਾ ਹੁੰਦਾ ਵਾਰੀ-ਵਾਰੀ ਪ੍ਰੇਮੀ ਪਾਸ ਆ ਕੇ ਯਥਾ ਸ਼ਕਤ ਤਿਲ ਫੁਲ ਭੇਟਾ ਰੱਖ ਕੇ ਮੱਥਾ ਟੇਕ ਕੇ ਅਰਜ਼ਾਂ ਕਰਦੇ। ਆਪ ਜੀ ਦੁਨੀਆਦਾਰਾਂ ਦੀਆਂ ਬੇਅੰਤ ਮੰਗਾਂ ਜਾਣ ਕੇ ਸਭਨਾਂ ਨੂੰ ਇਹੋ ਹੀ ਕਹਿੰਦੇ, "ਗੁਰੂ ਨਾਨਕ ਜੀ ਭਲੀ ਕਰਨਗੇ, ਉਸ ਦਾ ਆਸਰਾ ਪਕੜੋ। ਨਾਮ ਜਪਿਆ ਕਰੋ। ਅੰਮ੍ਰਿਤ ਵੇਲੇ ਜਾਗਿਆਂ ਕਰੋ। ਨਾਮ ਜਪ ਕੇ ਸਾਰੇ ਕੰਮ ਰਾਸ ਆਉਂਦੇ ਹਨ।" ਜੋ ਸਰੀਰਕ ਬਿਆਧੀ ਵਾਲਾ ਪਾਸ ਆਉਦਾ ਉਸ ਤਾਈਂ ਏਹੋ ਹੀ ਉਪਦੇਸ਼ ਕਰਦੇ ਕਿ,

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥

ਪੰਨਾ ੧੩੫)

ਅਤੇ

ਸਰਬ ਰੋਗ ਕਾ ਅਉਖਦੁ ਨਾਮੁ ॥

(ਪੰਨਾ ੨੭੪)

ਇੱਕ ਸਾਧੂ ਭਾਈ ਨਿਹਾਲ ਸਿੰਘ ਦਵਾਈ ਬੂਟੀ ਜਾਣਦਾ ਸੀ। ਬਾਬਾ ਜੀ ਦੀ ਆਗਿਆ ਪਾ ਕੇ ਡੇਰੇ ਵਿੱਚ ਹਰ ਇੱਕ ਨੂੰ ਪੁੰਨ ਅਰਥ ਦਵਾਈ ਦਿੰਦਾ। ਦਵਾਈ ਦਾ ਖਰਚ ਡੇਰੇ ਵਲੋਂ ਹੁੰਦਾ। ਉਸ ਪਾਸ ਰੋਗੀ ਨੂੰ ਭੇਜ ਦਿੰਦੇ ਮਹਾਂ ਪੁਰਖਾਂ ਦੇ ਬਚਨਾਂ ਦਾ ਸਦਕਾ ਉਹ ਸਰਧਾਲੂ ਪ੍ਰੇਮੀ ਉੱਥੋਂ ਦਵਾਈ ਲੈ ਕੇ ਜ਼ਰੂਰ ਹੀ ਰਾਜ਼ੀ ਹੁੰਦਾ।

ਇੱਕ ਘੰਟਾ ਉਸ ਜਗ੍ਹਾ ਸਜ ਕੇ ਫਿਰ ਆਪ ਦਸ ਵਜੇ ਤੋਂ ਬਾਅਦ ਪਾਲਕੀ ਵਿੱਚ ਬੈਠ ਗੁਫਾ ਵੱਲ ਜਾਣ ਲਈ ਤਿਆਰ ਹੁੰਦੇ। ਜਾਣ ਸਮੇਂ ਰੋਜ਼ ਇੱਕ ਵਾਰੀ ਗਊਆਂ ਮੱਝਾਂ ਦੇ ਤਬੇਲੇ ਵੱਲ ਜਾਂਦੇ ਤੇ ਸਾਰੇ ਪਸ਼ੂ ਦੇਖਦੇ। ਉਨ੍ਹਾਂ ਨਾਲ ਪਿਆਰ ਕਰਨਾ, ਹੱਥ ਫੇਰਨਾ, ਫੇਰ ਸੇਵਾਦਾਰਾਂ ਨੂੰ ਘਾਹ ਅਤੇ ਦਾਣੇ ਵਾਸਤੇ ਪੁੱਛਣਾ ਕਿ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਦੱਸੋ। ਪਰ ਇਨ੍ਹਾਂ ਬੇ-ਜ਼ੁਬਾਨ ਜੀਵਾਂ ਦੀ ਪੂਰੀ ਸੇਵਾ ਕਰਿਆ ਕਰੋ। ਸੰਗਤਾਂ ਵਲੋਂ ਭੇਟਾ ਹੋਈ ਮਾਇਆ ਨੂੰ ਆਪ ਆਪਣੇ ਪਾਸ ਨਹੀਂ ਸਨ ਰਖਦੇ। ਇਸ ਦੀ ਸੰਭਾਲ ਵਾਸਤੇ ਦੋ ਪ੍ਰੇਮੀ ਨਿਯਤ ਕੀਤੇ ਸਨ। ਭਗਤ ਸਾਈਂ ਦਿੱਤਾ ਅਤੇ ਥਟੇ ਦੁਮੇਲ ਵਾਲਾ ਭਗਵਾਨ ਦਾਸ। ਉਹੋ ਹੀ ਗੁਰੂ ਕੇ ਲੰਗਰ ਵਾਸਤੇ ਰਾਸ਼ਨ, ਪਸ਼ੂਆ ਵਾਸਤੇ ਦਾਣਾ, ਸਾਧੂਆਂ ਲਈ ਵਸਤਰ ਅਤੇ ਸ਼ਰਦਾਈ ਵਾਸਤੇ ਬਦਾਮ, ਚੀਨੀ ਆਦਿ ਲੈ ਕੇ ਆਉਂਦੇ। ਬਾਰਾਂ ਵਜੇ ਆਪ ਜੀ ਦਾ ਲੰਗਰ ਵੀ ਨਾਲ ਦੀ ਸੰਗਤ ਸਮੇਤ ਬਾਹਰ ਗੁਫਾ ਵਿੱਚ ਹੀ ਆ ਜਾਂਦਾ। ਦੁਪਹਿਰ ਦੇ ਸਮੇਂ ਪ੍ਰਸ਼ਾਦਿ ਛਕਣ ਤੋਂ ਬਾਅਦ ਆਪ ਗੁਫਾ ਵਿੱਚ ਹੀ ਬਿਰਾਜਦੇ। ਪਿਛਲੇ ਪਹਿਰ ਸਾਵਧਾਨ ਹੋ ਕੇ ਇਸ਼ਨਾਨ ਕਰਨਾ, ਫਿਰ ਘੋੜੇ ਤੇ ਅਸਵਾਰ ਹੋ ਕੇ ਕੁਝ ਕੁ ਸਮਾਂ ਬਾਹਰ ਸੈਰ ਨੂੰ ਜਾਣਾ

ਅਤੇ ਸ਼ਾਮੀਂ ਵਾਪਸ ਆ ਕੇ ਬਾਹਰ ਛੱਪਰੀਆਂ ਪਾਸ ਬਰੇਤੀ ਤੇ ਬੈਠ ਜਾਣਾ। ਏਥੇ ਹੀ ਰਹਿਰਾਸ ਸਾਹਿਬ ਜੀ ਦਾ ਪਾਠ ਸੁਣਨਾ। ਦਰਸ਼ਨਾਂ ਵਾਲੀ ਹੋਰ ਵੀ ਸੰਗਤ ਇਕੱਤਰ ਹੋ ਜਾਂਦੀ।

ਸੋਦਰ ਦੇ ਭੋਗ ਉਪਰੰਤ ਆਰਤੀ ਦੇ ਸ਼ਬਦ ਪੜ੍ਹਨੇ, ਫੇਰ ਸੰਗਤ ਨੇ ਜੋਟੀਆਂ ਨਾਲ ਦੋ ਚਾਰ ਸ਼ਬਦ ਪੜ੍ਹਨੇ। ਕੁਝ ਕੁ ਸਮਾਂ ਕਥਾ ਵਾਰਤਾ ਹੋਣੀ। ੯ ਤੋਂ ੧੧ ਫਿਰ ਦੋ ਘੰਟੇ ਇਕਾਂਤ ਵਿੱਚ ਸਮਾਧੀ ਦਾ ਅਨੰਦ ਮਾਨਣਾ। ਏਥੇ ਗਿਆਰਾਂ ਵਜੇ ਪ੍ਰਸ਼ਾਦਿ ਤੇ ਦੁੱਧ ਆ ਜਾਂਦਾ। ਆਪ ਜੀ ਨੇ ਸਾਰੇ ਸਾਧੂਆਂ ਅਤੇ ਸੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਣਾ। ਆਹਾਰ ਬਹੁਤ ਹਲਕਾ ਛਕਦੇ ਸੀ। ਇੱਕ ਛਟਾਕ ਬਣੀ ਹੋਈ ਮੂੰਗੀ ਦੀ ਦਾਲ ਅਤੇ ਇੱਕ ਦੋ ਫੁਲਕਿਆਂ ਦਾ ਫੁਲਿਆ ਹੋਇਆ ਉੱਪਰਲਾ ਹਿੱਸਾ ਉੱਪਰੋਂ ਉਤਾਰ ਕੇ ਦਾਲ ਵਿੱਚ ਘੋਲ ਲੈਣਾ ਅਤੇ ਘੁਟ-ਘੁਟ ਕਰਕੇ ਪੀ ਲੈਣਾ, ਬਾਅਦ ਵਿੱਚ ਦੋ ਛਟਾਂਕ ਦੁੱਧ ਛਕਣਾ, ਫੇਰ ਆਰਾਮ ਕਰਨਾ। ਭੋਜਨ ਦੁਪਹਿਰ ਦੇ ਸਮੇਂ ਵੀ ਇਤਨਾਂ ਹੀ ਛਕਦੇ। ਕਦੇ-ਕਦੇ ਮੰਜਾ ਬਾਹਰ ਹੀ ਬਰੇਤੀ ਤੇ ਮੰਗਵਾ ਲੈਣਾ ਜਿਸ ਨਾਲ ਚਟਾਈ ਤੇ ਬਿਸਤਰਾ ਸੀਤਾ ਹੁੰਦਾ ਸੀ, ਉਸ ਉੱਪਰ ਬਿਰਾਜ ਜਾਣਾ। ਫਿਰ ਰੋਜ਼ ਦੇ ਨਿਯਮ ਅਨੁਸਾਰ ਡੇਢ ਵਜੇ ਉੱਠ ਕੇ ਸੌਚ ਆਦਿ ਕਿਰਿਆ ਤੇ ਦਾਤਨ ਕੁਰਲਾ ਕਰਨਾ ਅਤੇ ਜਲ ਵਿੱਚ ਬੈਠ ਕੇ ਪੰਜ ਜਪੁਜੀ ਸਾਹਿਬ ਦੇ ਪਾਠ ਕਰਕੇ। ਉਪਰੰਤ ਬਾਹਰ ਆ ਕੇ ਸਮਾਧੀ ਵਿੱਚ ਲੀਨ ਹੋ ਜਾਣਾ, ਇਹ ਆਪ ਦੀ ਨਿੱਤ ਕਿਰਿਆ ਸੀ।

# ਹੋਤੀ ਡੇਰੇ ਵਿੱਚ ਜੋੜ ਮੇਲਿਆਂ ਦੀ ਆਰੰਭਤਾ

ਆਪ ਨੇ ਤੀਸਰੇ ਪਾਤਿਸ਼ਾਹ ਵਾਂਗੂੰ ਸੰਗਤ ਦੇ ਭਲੇ ਅਤੇ ਗੁਰਸਿੱਖਾਂ ਦੇ ਮਿਲਾਪ ਵਾਸਤੇ ਸਾਲ ਵਿੱਚ ਵਿਸਾਖੀ ਅਤੇ ਅੱਸੂ ਵਦੀ ਦਸਮੀ ਦੇ ਦੋ ਵੱਡੇ ਜੋੜ ਮੇਲੇ ਅਰੰਭ ਕੀਤੇ। ਹਰੇਕ ਗੁਰਪੁਰਬ ਵੀ ਮਨਾਇਆ ਕਰਦੇ ਪਰ ਇਨ੍ਹਾਂ ਦੋਹਾਂ ਜੋੜ ਮੇਲਿਆਂ ਤੇ ਦੂਰੋਂ-ਦੂਰੋਂ ਸੰਗਤ ਦਾ ਬੇਅੰਤ ਇਕੱਠ ਹੋ ਜਾਂਦਾ। ਅੱਸੂ ਵਦੀ ਦਸਮੀ[੫] ਦਾ ਪਹਿਲਾ ਜੋੜ ਮੇਲਾ ਗਾਇਡ ਪਲਟਨ ਵਲੋਂ ਮਰਦਾਨ ਛਾਉਣੀ ਵਿੱਚ ਮਨਾਇਆ ਗਿਆ। ਇਲਾਕੇ ਦੀਆਂ ਸੰਗਤਾਂ ਤੇ ਸ਼ਹਿਰ ਦੇ ਪ੍ਰੇਮੀਆਂ ਨੂੰ ਪਹਿਲਾਂ ਹੀ ਖ਼ਬਰਾਂ ਪੁੱਜ ਗਈਆਂ। ਜਿਸ ਕਰਕੇ ਅੱਸੂ ਵਦੀ ਅਸ਼ਟਮੀ ਨੂੰ ਹੀ ਇਕੱਠ ਹੋਣਾ ਸ਼ੁਰੂ ਹੋ ਗਿਆ। ਬੜੇ-ਬੜੇ ਗੁਣੀ ਗਿਆਨੀ ਤੇ ਰਾਗੀ ਜਥੇ ਬੁਲਾਏ ਗਏ। ਤਿੰਨ ਦਿਨ ਬੜਾ ਭਾਰੀ ਦੀਵਾਨ ਸਜਿਆ।

ਆਪ ਜੀ ਨੂੰ ਦਸਮੀ ਵਾਲੇ ਦਿਨ ਸਵੇਰੇ ਪੰਜ ਵਜੇ ਹੀ ਮਰਦਾਨ ਦੀ ਸਰਧਾਲੂ ਸਾਧ ਸੰਗਤ ਨੇ ਪਾਲਕੀ ਵਿੱਚ ਬਿਠਾਅ ਕੇ ਆਦਰ ਸਤਿਕਾਰ ਨਾਲ ਪਾਲਕੀ ਨੂੰ ਮੋਢਾ ਲਾ ਕੇ ਮਰਦਾਨ ਲਿਆਂਦਾ। ਇੱਕ ਰੈਜਮੈਂਟ ਵਲੋਂ ਅਤੇ ਇੱਕ ਰਸਾਲੇ ਵਲੋਂ ਬੈਂਡ ਵਾਜਾ ਨਾਲ ਸੀ। ਹੋਰ ਬਹੁਤ ਸਾਰੇ ਦੇਸੀ ਵਾਜੇ ਨਰਸਿੰਗੇ ਤੇ ਤੂਤੀਆਂ ਵੱਜ ਰਹੀਆਂ ਸਨ। ਸਾਰੇ ਪ੍ਰੇਮੀਆਂ ਦੇ ਮਨ ਬੜੇ ਚਾਅ ਨਾਲ ਖੇੜੇ ਵਿੱਚ ਸਨ। ਰਸਤੇ ਵਿੱਚ ਬਗ਼ਦਾਦ ਨਗਰ ਦੇ ਲੋਕਾਂ ਨੇ (ਜਿਥੋਂ ਆਪ ਜੀ ਦੀ ਪਾਲਕੀ ਜਾਣੀ ਸੀ) ਸੜਕਾਂ ਤੇ ਕੇਲੇ ਦੇ ਥੰਮ੍ਹਿਆਂ ਤੇ ਕੀਮਤੀ ਬਸਤਰ ਪਾ ਕੇ ਗੇਟ ਬਣਾਏ ਸਨ। ਘਰਾਂ ਅੱਗੇ ਛੋਟੀਆਂ ਝੰਡੀਆਂ ਟੰਗੀਆਂ ਸਨ। ਜਿਸ ਵੀ ਰਸਤੇ ਪਾਲਕੀ ਜਾਂਦੀ ਹਿੰਦੂ ਅਤੇ ਮੁਸਲਮਾਨ ਪਠਾਣ ਸਭ ਮਿਸਰੀ ਦੇ ਥਾਲ ਫ਼ਲਾਂ ਦੇ ਟੋਕਰੇ ਫ਼ੁੱਲਾਂ ਦੇ ਸਿਹਰੇ ਅਤੇ ਨਕਦੀ ਮਾਇਆ ਭੇਟ ਕਰਦੇ ਸਿਜਦੇ ਕਰਦੇ। ਬਿਗੜ ਗੰਜ, ਲਾਲ ਕੁੜਤੀ, ਮਰਦਾਨ ਬਾਜ਼ਾਰ ਵਿੱਚ ਸਭ ਜਗ੍ਹਾਂ ਪੂਰੀ ਤਿਆਰੀ ਸੀ। ਥਾਂ-ਥਾਂ ਤੇ ਸਜਾਵਟਾਂ ਕੀਤੀਆਂ ਸਨ। ਆਪ ਜੀ ਦੀਵਾਨ ਤੋਂ ਕਾਫ਼ੀ ਦੂਰ ਬਾਹਰ ਹੀਂ ਪਾਲਕੀ 'ਚੋਂ ਉੱਤਰੇ। ਅੱਗੇ ਬੜਾ ਭਾਰੀ ਦੀਵਾਨ ਸਜਿਆ ਹੋਇਆ ਸੀ। ਸਤਿਗੁਰਾਂ ਦਾ ਪ੍ਰਕਾਸ਼ ਅਸਥਾਨ ਬੜਾ ਸੁੰਦਰ ਸਜਾਇਆ ਹੋਇਆ ਸੀ। ਮਹਾਰਾਜ ਦੇ ਸਰੂਪ ਉੱਪਰ ਮਖ਼ਮਲੀ ਚੰਦੋਆ ਤੇ ਸੁਨਹਿਰੀ ਛੱਬੇ ਲੱਗੇ ਹੋਏ ਸਨ, ਰੇਸ਼ਮੀਂ ਰੁਮਾਲੇ ਸੁਸ਼ੋਭਤ ਸਨ। ਪੰਡਾਲ ਵਿੱਚ ਸੁੰਦਰ ਸਾਇਬਾਨ ਤੇ ਕਨਾਤਾਂ ਲੱਗੀਆਂ ਹੋਈਆਂ ਸਨ। ਸਵੇਰੇ ਤਿੰਨ ਵਜੇ ਤੋਂ ਹੀ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਗਿਆ ਸੀ। ਬਾਹਰੋਂ ਆਏ ਰਾਗੀ ਜਥੇ ਆਪੋ ਆਪਣੀ ਵਾਰੀ ਅਨੁਸਾਰ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰਦੇ ਸਨ।

ਆਪ ਜੀ ਨੇ ਚਰਨ ਧੋ ਕੇ ਹਜ਼ੂਰ ਦੇ ਪਾਵਨ ਸਰੂਪ ਨੂੰ ਦਰਸ਼ਨੀ ਭੇਟਾ ਅਰਪ ਕੇ ਨਮਸਕਾਰ ਕੀਤੀ ਅਤੇ ਚੌਰ ਲੈ ਕੇ ਤਾਬਿਆ ਜਾ ਸਜੇ। ਜਿਥੋਂ ਮਰਦਾਨ ਦੀ ਸੰਗਤ ਆਪ ਨੂੰ ਪਹਿਲਾਂ ਕਾਂਹੀ ਦੇ ਜੰਗਲ 'ਚੋਂ ਲੱਭ ਕੇ ਲਿਆਈ ਸੀ ਉਸੇ ਹੀ ਜਗ੍ਹਾ ਦੀਵਾਨ ਸਜਾਇਆ ਤੇ ਲੰਗਰ ਕੀਤਾ ਸੀ। ਇਸੇ ਤਰ੍ਹਾਂ ਹੁਣ ਵੀ ਲੰਗਰ ਵਿੱਚ ਮਾਹਲ ਪੂੜੇ, ਖੀਰ ਪੂੜੀਆਂ ਤੇ ਕੜਾਹ ਪ੍ਰਸਾਦਿ ਤਿਆਰ ਕੀਤਾ ਗਿਆ। ਸਤਿਗੁਰਾਂ ਨੂੰ ਭੋਗ ਲਵਾ ਕੇ ਬਾਰਾਂ ਵਜੇ ਲੰਗਰ ਅਰੰਭ ਕਰ ਦਿੱਤਾ। ਸੇਵਾਦਾਰ ਪੰਗਤਾਂ ਲਗਵਾ ਕੇ ਵਾਰੀ-ਵਾਰੀ ਪ੍ਰਸ਼ਾਦਿ ਛਕਾ ਰਹੇ ਸਨ। ਦੀਵਾਨ ਉਸੇ ਤਰ੍ਹਾਂ ਸਜਿਆ ਰਿਹਾ। ਕਈ ਸ਼ਰਧਾਵਾਨ ਤਾਂ ਗੁਰੂ ਕਾ ਲੰਗਰ ਜਾਣ ਕੇ ਬੜੇ ਸਤਿਕਾਰ ਨਾਲ ਛਕਦੇ ਅਤੇ ਪ੍ਰਬੰਧਕਾਂ ਨੂੰ ਬੇਨਤੀਆਂ ਕਰਕੇ ਬਿਰਧ ਤੇ ਬਿਮਾਰ ਲਈ ਜੋ ਘਰਾਂ ਤੋਂ ਨਹੀਂ ਸਨ ਆ ਸਕੇ ਉਨ੍ਹਾਂ ਵਾਸਤੇ ਕਿਨਕਾ ਮਾਤਰ ਵੀ ਨਾਲ ਲੈ ਜਾਂਦੇ ਅਤੇ ਕਈ ਅਸ਼ਰਧਕ ਲਾਲਚੀ ਮਨਮਤੀਏ ਉਨ੍ਹਾਂ ਨੂੰ ਦੇਖ ਕੇ ਆਪ ਹੀ ਛਕਦਿਆਂ ਛੁਪਾ ਕੇ ਘਰਾਂ ਨੂੰ ਪੱਲੇ ਬੰਨ੍ਹਕੇ ਲਈ ਜਾਂਦੇ। ਸੇਵਾਦਾਰ ਬਥੇਰਾ ਰੋਕਦੇ ਬੇਨਤੀਆਂ ਕਰਦੇ ਪਰ ਉਨ੍ਹਾਂ ਦੀ ਕੌਣ ਸੁਣਦਾ। ਇਕੱਠ ਬਹੁਤ ਸੀ ਜਿਸ ਦਾ ਵੀ ਦਾਅ ਲੱਗਦਾ ਉਹੋ ਹੀ ਚੁੱਕ ਲੈਂਦਾ। ਅਖ਼ੀਰ ਨੂੰ ਨਿਰਾਸ ਹੋ ਕੇ ਪ੍ਰਬੰਧਕਾਂ ਨੇ ਬਾਬਾ ਜੀ ਪਾਸ ਬੇਨਤੀ ਕੀਤੀ ਕਿ ਹੇ ਗ਼ਰੀਬ ਨਿਵਾਜ਼! ਸਾਨੂੰ ਤਾਂ ਇਹ ਡਰ ਹੈ ਕਿ ਕਿਤੇ ਲੰਗਰ ਫਤਿਹ ਹੀ ਨਾ ਹੋ ਜਾਵੇ ਕਿਉਂਕਿ ਲੋਕਾਂ ਨੇ ਲੁੱਟ ਮਚਾ ਦਿੱਤੀ ਹੈ। ਆਪ ਜੀ ਨੇ ਮੁਸਕਰਾ ਕੇ ਉੱਤਰ ਦਿੱਤਾ, "ਗੁਰੂ ਪਿਆਰਿਓ! ਇਹ ਗੁਰੂ ਨਾਨਕ ਦਾ ਲੰਗਰ ਹੈ, ਤੁਸੀਂ ਆਪਣੀ ਅਪਣੱਤ ਛੱਡ ਦੇਵੋ, ਕੋਈ ਆਵੇ ਖੁਲ੍ਹੇ ਦਿਲ ਨਾਲ ਵਰਤਾਈ ਜਾਵੋ, ਅਤੁੱਟ ਰਹੇਗਾ ਕਿਉਂਕਿ ਸਤਿਗੁਰਾਂ ਦਾ ਪਾਵਨ ਬਚਨ ਹੈ:

---

[੫] ਇਸੇ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਸਮੇਤ ਸਰੀਰ ਦੇ ਸੱਚਖੰਡ ਨੂੰ ਗਏ ਅਤੇ ਛੇਵੇਂ ਪਾਤਸ਼ਾਹ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਅਟੱਲ ਰਾਇ ਜੀ ਨੇ ਵੀ ਸੋਇਨੀ ਗੋਤ ਦੇ ਗੁਰਮੁਖ ਨਾਮੇ ਖੱਤ੍ਰੀ ਦੇ ਪੁੱਤਰ ਮੋਹਣ ਨੂੰ ਜ਼ਿੰਦਾ ਕਰਨ ਹਿਤ ਇਸੇ ਦਿਨ ਹੀ ਗੁਰੂ ਪਿਤਾ ਦੀ ਆਗਿਆ ਪਾ ਕੇ ਪ੍ਰਲੋਕ ਗਮਨ ਕੀਤਾ ਸੀ।

ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥

(ਪੰਨਾ ੧੮੬)

ਪਰ ਇਉਂ ਕਰੋ, ਇੱਕ ਰਹਿਤਵਾਨ ਸਿੰਘ ਭੰਡਾਰੇ ਵਿੱਚ ਬੈਠ ਕੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰੀ ਜਾਵੇ। ਤੁਸੀਂ ਕੋਈ ਚਿੰਤਾ ਨਾ ਕਰੋ। ਲੰਗਰ ਫਤਿਹ ਨਹੀਂ ਬੁਲਾਏਗਾ"।

ਬਾਬਾ ਜੀ ਦੀ ਰਸਨਾ ਤੋਂ ਇਹੋ ਜਿਹੇ ਮਿਹਰਾਂ ਭਰੇ ਬਚਨ ਸੁਣ ਕੇ ਪ੍ਰੇਮੀ ਬੜੇ ਪ੍ਰਸੰਨ ਹੋਏ। ਫੇਰ ਕੀ ਸੀ, "ਸਾਧ ਬਚਨ ਅਟਲਾਧਾ" ਦੇ ਕਥਨ ਅਨੁਸਾਰ ਬੇਅੰਤ ਪਦਾਰਥ ਵਰਤਿਆ ਬੇਅੰਤ ਹੀ ਲੋਕਾਂ ਨੇ ਘਰਾਂ ਲਈ ਬੰਨ੍ਹਿਆ ਪਰ ਉਸੇ ਤਰ੍ਹਾਂ ਹੀ ਮਾਹਲ ਪੂੜੇ ਤੇ ਪੂੜੀਆਂ ਦੇ ਟੋਕਰੇ ਭਰੇ ਰਹੇ ਅਤੇ ਦਾਲ ਸਬਜ਼ੀ ਵਾਲੇ ਦੇਗੇ ਵੀ ਊਣੇ ਨਾ ਹੋਏ। ਰਾਤ ਦੇ ਬਾਰਾਂ ਵਜੇ ਤੱਕ ਖੁੱਲ੍ਹਾ ਭੰਡਾਰਾ ਵਰਤਾਇਆ ਪਰ ਫੇਰ ਵੀ ਉਸੇ ਤਰ੍ਹਾਂ ਪਦਾਰਥ ਪਿਆ ਰਿਹਾ। ਇਹ ਆਪ ਜੀ ਦੀ ਪ੍ਰਤੱਖ ਸ਼ਕਤੀ ਦੇਖੀ ਜੋ ਸੁਤੇ ਹੀ

ਮੁਕਤਿ ਜੁਗਤਿ ਨੈਵਠਵ ਕਾ ਦੈਸਾ ॥

(ਭਾਈ ਗੁਰਦਾਸ ਜੀ)

ਰਿੱਧੀਆਂ-ਸਿੱਧੀਆਂ ਨੌਂ ਨਿੱਧੀਆਂ ਨਾਮ ਜਪਣ ਵਾਲੇ ਮਹਾਤਮਾ ਦੀਆਂ ਆਗਿਆਕਾਰੀ ਦਾਸੀਆਂ ਹਨ।

ਸ਼ਾਮ ਦੇ ਪੰਜ ਵਜੇ ਦੀਵਾਨ ਦੀ ਸਮਾਪਤੀ ਹੋਈ। ਆਪ ਜੀ ਉਸ ਸਮੇਂ ਅਰਦਾਸ ਹੋਣ ਉਪਰੰਤ ਗੁਰੂ ਕੇ ਲੰਗਰ ਦਾ ਸੀਤ ਪ੍ਰਸ਼ਾਦਿ ਲੈ ਕੇ ਪਾਲਕੀ ਵਿੱਚ ਬੈਠ ਕੇ ਹੋਤੀ ਡੇਰੇ ਪੁੱਜ ਗਏ ਅਤੇ ਜਾਣ ਲੱਗਿਆਂ ਇਹ ਆਗਿਆ ਕੀਤੀ ਕਿ ਕਰਨਲ ਸਾਹਬ ਅਤੇ ਖ਼ਾਨ ਸਾਹਬ ਦੇ ਘਰ ਲੰਗਰ ਦਾ ਪ੍ਰਸ਼ਾਦਿ ਜ਼ਰੂਰ ਭੇਜੋ ਅਤੇ ਹੋਰ ਵੀ ਜੋ ਕੋਈ ਆਵੇ ਕਿਸੇ ਨੂੰ ਨਿਰਾਸ਼ਾ ਨਹੀਂ ਮੋੜਨਾ। ਗੁਰੂ ਕਾ ਲੰਗਰ ਅਤੁੱਟ ਰਹੇਗਾ। ਸੰਤ ਜੀ ਮਹਾਰਾਜ ਤਾਂ ਇਹ ਬਚਨ ਕਹਿ ਕੇ ਡੇਰੇ ਆ ਗਏ ਅਤੇ ਲੰਗਰ ਦੂਸਰੇ ਦਿਨ ਤੱਕ ਵਰਤਦਾ ਰਿਹਾ। ਇਉਂ ਆਪ ਜੀ ਨੇ ਦਸਮੀ ਦਾ ਪਹਿਲਾ ਜੋੜ ਮੇਲਾ ਸਮਾਪਤ ਕੀਤਾ।

# ਭਾਈ ਫ਼ਕੀਰ ਚੰਦ, ਜੈ ਰਾਮ ਮੱਲ ਦਾ ਆਉਣਾ

ਬਾਬਾ ਕਰਮ ਸਿੰਘ ਸਾਹਿਬ ਜੀ ਮਹਾਰਾਜ ਦੇ ਪ੍ਰਗਟ ਹੋਣ ਦੀਆਂ ਸੰਸਾਰ ਵਿਖੇ ਧੁੰਮਾਂ ਪੈ ਗਈਆਂ। ਲੋਕੀਂ ਬੜੇ ਹੈਰਾਨ ਸਨ ਕਿ ਮਰਦਾਨ ਛਾਉਣੀ ਪਲਟਨ ਵਿੱਚ ਇੱਕ ਫੌਜੀ ਦੀ ਥਾਂ ਸੈਣ ਨਾਈ ਵਾਗੂੰ ਅਕਾਲ ਪੁਰਖ ਨੇ ਪਹਿਰਾ ਦਿੱਤਾ ਹੈ ਅਤੇ ਫੇਰ ਉਸ ਦਾ ਨਾ ਵੀ ਸਰਕਾਰੀ ਕਾਗਜ਼ਾਂ ਵਿੱਚੋਂ ਨਹੀਂ ਲੱਭਿਆ ਅਤੇ ਹੁਣ ਨੌਕਰੀ ਛੱਡ ਕੇ ਪ੍ਰਮੇਸ਼ਰ ਦੇ ਭਜਨ ਸਿਮਰਨ ਵਿੱਚ ਲੱਗੇ ਰਹਿੰਦੇ ਹਨ। ਉਨ੍ਹਾਂ ਦੇ ਦਰ ਤੇ ਹਜਾਰਾਂ ਦੀ ਗਿਣਤੀ ਵਿੱਚ ਸੰਗਤ ਜੁੜਦੀ ਹੈ। ਸਭ ਦੀਆਂ ਕਾਮਨਾਂ ਪੂਰੀਆਂ ਕਰਦੇ ਹਨ। ਚੰਦਨ ਦੀ ਖ਼ੁਸ਼ਬੂ ਵਾਂਗ ਇਲਾਕੇ ਤੇ ਪੋਠੋਹਾਰ ਦੀ ਧਰਤੀ ਵਿੱਚ ਆਪ ਦਾ ਜਸ ਫੈਲ ਗਿਆ। ਦਸਮੀ ਦੇ ਜੋੜ ਮੇਲੇ ਤੇ ਆਈਆਂ ਸੰਗਤਾਂ ਵਿੱਚੋਂ ਮੁਕਾਮ ਪਿੰਡ ਦੇ (ਜੋ ਰਾਗੀ ਲਾਲ ਸਿੰਘ ਦਾ ਨਾਨਕੇ ਨਗਰ ਸੀ) ਰਾਗੀ ਲਾਲ ਸਿੰਘ ਦਾ ਮਾਮਾ ਭਾਈ ਫ਼ਕੀਰ ਚੰਦ ਜੀ (ਜਿਨ੍ਹਾਂ ਦੇ ਪਾਸ ਆਪ ਜੀ ਕਾਜ਼ੀਆਂ ਨਗਰ ਤੋਂ ਛੁੱਟੀ ਕੱਟ ਕੇ ਵਾਪਿਸ ਆਉਂਦੇ ਛੋਟੇ ਸੰਤ ਭਾਈ ਲਾਲ ਸਿੰਘ ਜੀ ਦੇ ਸਮੇਤ ਦੋ ਦਿਨ ਠਹਿਰੇ ਸੀ) ਆਏ।

ਉਸ ਦੇ ਨਾਲ ਹੋਰ ਪ੍ਰੇਮੀ, ਜੀਆ ਸੁਨਿਆਰ, ਭਾਈ ਕਾਕਾ ਮੱਲ, ਜੈ ਰਾਮ ਮੱਲ ਅਤੇ ਅਬਦੁੱਲਾ ਮੌਲਵੀ ਦਰਸ਼ਨਾਂ ਨੂੰ ਆਏ। ਜਦੋਂ ਇਨ੍ਹਾਂ ਸਾਰਿਆਂ ਨੇ ਆਪ ਜੀ ਅੱਗੇ ਭੇਟਾ ਰੱਖ ਕੇ ਮੱਥਾ ਟੇਕਿਆ ਤਾਂ ਆਪ ਜੀ ਨੇ ਹੱਸ ਕੇ ਕਿਹਾ, "ਭਾਈ ਫ਼ਕੀਰ ਚੰਦ! ਰਾਜ਼ੀ ਹੋ? ਸਾਨੂੰ ਪਛਾਣ ਲਿਆ ਜੇ? ਅਸੀਂ ਤੁਹਾਡੇ ਪਾਸ ਦੋ ਦਿਨ ਨਦੀ ਕਿਨਾਰੇ ਠਹਿਰੇ ਸਾਂ।" ਤਾਂ ਫ਼ਕੀਰ ਚੰਦ ਨੇ ਅਰਜ਼ ਕੀਤੀ, "ਜੀ! ਦਰਸ਼ਨ ਕਰਕੇ ਪਛਾਣ ਲਿਆ ਹੈ"। ਸੰਤਾਂ ਨੇ ਮੌਲਵੀ ਸਾਹਬ ਦਾ ਵੀ ਆਦਰ ਕੀਤਾ ਜਿਸ ਨੇ 'ਮੁਕਾਮ' ਨਗਰ ਵਿਖੇ ਆਇਆਂ ਸੰਤਾਂ ਦੇ ਦਰਸ਼ਨ ਤੇ ਸੰਗਤ ਕੀਤੀ ਸੀ। ਇਸ ਦੇ ਵੀ ਚੰਗੇ ਧਾਰਮਿਕ ਖ਼ਿਆਲ ਸਨ। ਸੰਤਾਂ ਦੇ ਦਰਸ਼ਨ ਕਰਕੇ ਤੇ ਬਚਨ ਸੁਣਕੇ ਇਸ ਨੇ ਉਸ ਸਮੇਂ ਹੀ ਜਾਣ ਲਿਆ ਸੀ ਕਿ ਇਹ ਖ਼ੁਦਾਈ ਬੰਦਾ ਇੱਕ ਦਿਨ ਖ਼ੁਦਾ ਨਾਲ ਹੀ ਜੁੜ ਬੈਠੇਗਾ।

ਸੰਤਾਂ ਨੇ ਭਾਈ ਲਾਲ ਸਿੰਘ ਨੂੰ ਬੁਲਾ ਕੇ ਆਖਿਆ, "ਇਹ ਮੁਕਾਮ ਨਗਰ ਦੇ ਪ੍ਰੇਮੀ ਹਨ ਜਿਨ੍ਹਾਂ ਪਾਸ ਆਪਾਂ ਮਰਦਾਨ ਆਉਂਦੇ ਠਹਿਰੇ ਸਾਂ।" ਸੰਤ ਲਾਲ ਸਿੰਘ ਨੇ ਅਰਜ਼ ਕੀਤੀ, "ਗਰੀਬ ਨਿਵਾਜ਼! ਮੈਂ ਜਾਣ ਲਿਆ ਹੈ ਇਨ੍ਹਾਂ ਦੇ ਪਿੰਡ ਨਦੀ ਕਿਨਾਰੇ ਆਪਾਂ ਰਾਤ ਕੱਟੀ ਸੀ।" ਫਿਰ ਸਭਨਾਂ ਨੂੰ ਰਿਹਾਇਸ਼ ਵਾਸਤੇ ਇੱਕ ਕਮਰਾ ਦਿੱਤਾ ਅਤੇ ਜਲ ਪਾਣੀ ਛਕਾਇਆ। ਜੋੜ ਮੇਲੇ ਦੀ ਸਮਾਪਤੀ ਬਾਅਦ ਦੂਜੇ ਦਿਨ ਵਿਦਾਇਗੀ ਸਮੇਂ ਸੰਤਾਂ ਨੇ ਸਭਨਾਂ ਨੂੰ ਇੱਕ-ਇੱਕ ਲਿਫ਼ਾਫ਼ਾ ਮਿਠਾਈ ਦਾ ਦਿੱਤਾ, ਜੋ ਦੂਰੋਂ ਆਏ ਸਾਰੇ ਯਾਤਰੀਆਂ ਨੂੰ ਹੀ ਪ੍ਰਸ਼ਾਦਿ ਦਿੰਦੇ ਸਨ। ਸਾਧੂਆਂ ਨੂੰ ਤਾਂ ਵਸਤਰ ਅਤੇ ਕਿਰਾਇਆ ਵੀ ਪ੍ਰਸ਼ਾਦਿ ਦੇ ਨਾਲ ਦਿੰਦੇ। ਮੁਕਾਮ ਪਿੰਡ ਦੇ ਪ੍ਰੇਮੀ ਵੀ ਸੰਤਾਂ ਤੋਂ ਪ੍ਰਸ਼ਾਦਿ ਲੈ ਕੇ ਨਮਸਕਾਰ ਕਰ ਵਿਦਾਅ ਹੋਏ।

## ਰੁਸਤਮ ਵਾਲੇ ਭਾਈ ਗੰਡਾ ਸਿੰਘ ਜੀ ਦੀ ਪ੍ਰਾਰਥਨਾ

ਇੱਕ ਸਮੇਂ ਰੁਸਤਮ ਪਿੰਡ ਦੇ ਭਾਈ ਗੰਡਾ ਸਿੰਘ ਜੀ ਨੇ (ਜੋ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਸੰਗਤ ਕਰ ਕੇ ਨਾਮ ਬਾਣੀ ਦੇ ਅਭਿਆਸੀ ਪੂਰਨ ਸਿੱਖ ਸਨ) ਆਪਣੀ ਘਰ ਵਾਲੀ ਦੇ ਸਮੇਤ ਬਾਬਾ ਜੀ ਪਾਸ ਅਰਜ਼ ਕੀਤੀ, "ਮਹਾਰਾਜ! ਆਪ ਜਾਣੀ ਜਾਣ ਹੋ, ਘਰ ਵਿੱਚ ਆਪ ਦੀ ਬਖ਼ਸ਼ਿਸ਼ ਬੇਅੰਤ ਦੌਲਤ ਹੈ, ਪਰ ਇਹ ਘਰ ਦੇ ਚਿਰਾਗ਼ ਤੋਂ ਬਗ਼ੈਰ ਸਾਰੀ ਮਾਇਆ ਬਿਗਾਨੀ ਹੀ ਹੈ। ਅਰਸ਼ੀ ਹੁਕਮ ਹੈ:

ਪੁਤੰੀ ਗੰਢੁ ਪਵੈ ਸੰਸਾਰਿ ॥

(ਪੰਨਾ ੧੪)

ਸੰਸਾਰ ਵਿਖੇ ਸਾਂਝ ਰੱਖਣ ਲਈ ਦੁਨੀਆਂਦਾਰਾਂ ਵਾਸਤੇ ਪੁੱਤਰ ਹੀ ਇੱਕ ਸਭ ਤੋਂ ਮਿੱਠਾ ਮੇਵਾ ਹੈ। ਸੋ ਆਪ ਕ੍ਰਿਪਾ ਕਰੋ ਕਿ ਸਾਡੇ ਮਨ ਦੀ ਇਹ ਇੱਛਾ ਵੀ ਪੂਰੀ ਹੋ ਜਾਵੇ। ਕਿਉਂਕਿ ਉਮਰ ਕਾਫ਼ੀ ਹੋ ਗਈ ਹੈ। (ਇਸ ਦੀ ਇਹ ਦੂਸਰੀ ਸ਼ਾਦੀ ਸੀ) ਭਾਵੇਂ ਸੁੱਕੇ ਬ੍ਰਿਛ ਨੂੰ ਫ਼ਲ ਲੱਗਣਾ ਤਾਂ ਮੁਸ਼ਕਲ ਹੈ ਪਰ ਫੇਰ ਵੀ ਆਪ ਸਾਰੀਆਂ ਦਾਤਾਂ ਦੇ ਮਾਲਕ ਹੋ ਸਾਡੇ ਤੇ ਕ੍ਰਿਪਾ ਕਰੋ। ਜਿਵੇਂ ਛੇਵੇਂ ਪਾਤਿਸ਼ਾਹ ਜੀ ਨੇ ਮਾਤਾ ਸੁਲੱਖਣੀ ਨੂੰ ਸੱਤ ਪੁੱਤਰ ਬਖ਼ਸ਼ਣ ਦੀ ਕ੍ਰਿਪਾਲਤਾ ਕੀਤੀ ਸੀ ਤਿਵੇਂ ਸਾਡੇ ਪਰ ਭੀ ਕ੍ਰਿਪਾ ਦ੍ਰਿਸ਼ਟੀ ਕਰੋ।" (ਹਜ਼ੂਰ ਉਸ ਸਮੇਂ ਕਲਪਾਣੀ ਦੇ ਕਿਨਾਰੇ ਬੈਠੇ ਸਨ)

# ਜ਼ਿਆਰਤ ਕਾਕਾ ਸਾਹਿਬ ਦਾ ਪੀਰ ਦਰਸ਼ਨਾਂ ਨੂੰ ਆਇਆ

ਅਜੇ ਭਾਈ ਗੰਡਾ ਸਿੰਘ ਅਰਜ਼ਾਂ ਕਰ ਹੀ ਰਿਹਾ ਸੀ ਕਿ ਇਤਨੇ ਨੂੰ ਜ਼ਿਆਰਤ ਕਾਕਾ ਸਾਹਿਬ ਦਾ ਪੀਰ ਜੋ ਨੁਸ਼ਹਿਰੇ ਤੋਂ ਬਾਰਾਂ ਮੀਲ ਪਹਾੜ ਵਿੱਚ ਹੈ, ਦਰਸ਼ਨਾਂ ਨੂੰ ਆਇਆ। ਮੀਆਂ ਸਾਹਬ ਨੇ ਆਪਣੇ ਮੁਰੀਦਾਂ ਸਮੇਤ ਦਸਤਬੋਸੀ ਲੈ ਕੇ ਨਮਸਕਾਰ ਕੀਤੀ ਤੇ ਪਾਸ ਬੈਠ ਗਿਆ। ਸੰਤਾਂ ਨੇ ਉਨ੍ਹਾਂ ਦਾ ਬੜਾ ਸਤਿਕਾਰ ਕੀਤਾ। ਕਿਉਂਕਿ ਇਹ ਗੁਰੂ ਘਰ ਦੇ ਪ੍ਰੇਮੀ ਸਨ। ਇਨ੍ਹਾਂ ਦਾ ਇੱਕ ਕਾਕਾ ਮੀਆਂ ਮਹੇਸ਼ ਗੁਲ ਨਾਮ ਕਰਕੇ ਬਜ਼ੁਰਗ ਹੋਇਆ ਹੈ। ਜਿਸ ਨੂੰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸ਼ਨ ਤੇ ਵਰ ਹੋਏ ਸਨ। ਇਹ ਪ੍ਰਸੰਗ ਇਉ ਹੈ:

ਜਿਸ ਸਮੇਂ ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਜੀ ਅਮ੍ਰਿਤ ਸਰੋਵਰ ਦੀ ਕਾਰ ਸੇਵਾ ਕਰਵਾ ਰਹੇ ਸਨ, ਉਸ ਸਮੇਂ ਮੀਆਂ ਆਪਣੇ ਮੁਰੀਦਾਂ ਦੇ ਪਾਸ ਆਇਆ ਸੀ, ਜੋ ਮਾਝੇ ਵਿਖੇ ਪੱਟੀ ਵਲਟੋਹੇ ਆਦਿ ਨਗਰਾਂ 'ਚ ਰਹਿੰਦੇ ਸਨ। ਉਸ ਸਮੇਂ ਸਤਿਗੁਰਾਂ ਦੀ ਮਹਿਮਾ ਸੁਣ ਕੇ ਮੁਰੀਦਾਂ ਸਮੇਤ ਅੰਮ੍ਰਿਤਸਰ ਪੁੱਜਾ। ਨੂਰਾਨੀ ਚਿਹਰੇ ਦਾ ਦੀਦਾਰ ਕਰਕੇ ਜਾਣ ਗਿਆ ਕਿ ਇਹ ਤਾਂ ਆਪ ਹੀ ਅੱਲਾਹ ਪਾਕ ਦੁਨੀਆਂ ਨੂੰ ਤਾਰਨ ਆਇਆ ਹੈ। ਜਿੱਥੇ ਦੂਰੋਂ-ਦੂਰੋਂ ਆਈਆਂ ਸੰਗਤਾਂ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਕਰਕੇ ਆਪਣਾ ਮਨੁੱਖਾ ਜਨਮ ਸਫ਼ਲਾ ਕਰ ਰਹੀਆਂ ਸਨ। ਹੋਰ ਤਾਂ ਪ੍ਰੇਮੀ ਟੋਕਰੀਆਂ ਨਾਲ ਮਿੱਟੀ ਕਢਦੇ ਸਨ ਪਰ ਉਸ ਸਮੇਂ ਇਸ ਦੇ ਉੱਪਰ ਕਾਲੀ ਕੰਬਲੀ ਸੀ, ਇਹ ਉਸ ਦੇ ਨਾਲ ਹੀ ਮਿੱਟੀ ਗਾਰਾ ਭਰ ਕੇ ਬਾਹਰ ਕੱਢਣ ਲੱਗ ਪਿਆ। ਪੀਰ ਨੂੰ ਦੇਖ ਕੇ ਮੁਰੀਦ ਵੀ ਸੇਵਾ ਵਿੱਚ ਜੁਟ ਗਏ। ਸਵੇਰੇ ਸੰਗਤਾਂ ਤੋਂ ਪਹਿਲਾਂ ਹੀ ਸੇਵਾ ਵਿੱਚ ਜੁਟ ਪੈਂਦੇ ਅਤੇ ਸ਼ਾਮ ਨੂੰ ਹਨੇਰਾ ਹੋਏ ਤੋਂ ਹਟਦੇ। ਇਉਂ ਜਦੋਂ ਭਾਵਨਾ ਨਾਲ ਸੇਵਾ ਕਰਦਿਆਂ ਨੂੰ ਤੀਸਰਾ ਦਿਨ ਹੋ ਗਿਆ ਤਾਂ ਸੋਢੀ ਪਾਤਿਸ਼ਾਹ ਦੇ ਪਾਸ ਸ਼ਰਧਾਲੂ ਸਿੱਖਾਂ ਨੇ ਇਸ ਪੀਰ ਦੀ ਸੇਵਾ ਕਰਨ ਦੀ ਸ਼ਲਾਘਾ ਕੀਤੀ ਕਿ ਹੇ ਸੱਚੇ ਪਾਤਿਸ਼ਾਹ! ਇੱਕ ਪਿਸ਼ੌਰ ਤੋਂ ਮੁਸਲਮਾਨ ਫ਼ਕੀਰ ਆਪ ਦੇ ਦਰਸ਼ਨਾਂ ਲਈ ਏਥੇ ਪੁੱਜਾ ਹੈ। ਗੁਰੂ ਸਰੋਵਰ ਦੀ ਸੇਵਾ ਹੁੰਦੀ ਦੇਖ ਕੇ ਮੁਰੀਦਾਂ ਸਮੇਤ ਆਪ ਵੀ ਬੜੀ ਸੇਵਾ ਕਰਦਾ ਹੈ। ਆਪਣੀ ਕੀਮਤੀ ਪੁਸ਼ਾਕ ਦੀ ਵੀ ਪ੍ਰਵਾਹ ਨਹੀਂ ਕਰ ਰਿਹਾ। ਉੱਪਰਲੀ ਕੰਬਲੀ ਵਿੱਚ ਪਾ ਕੇ ਸਰੋਵਰ ਦੀ ਮਿੱਟੀ ਕੱਢੀ ਜਾ ਰਿਹਾ ਹੈ।

ਜੋ ਤੀਸਰੇ ਪਾਤਿਸ਼ਾਹ ਜੀ ਨੂੰ ਪਾਵਨ ਸੇਵਾ ਦੁਆਰਾ ਪ੍ਰਸੰਨ ਕਰ ਕੇ ਗੁਰੂ ਨਾਨਕ ਦੀ ਗੱਦੀ ਦੇ ਮਾਲਕ ਬਣੇ, ਉਹ ਸੇਵਾ ਦੇ ਕਦਰਦਾਨ ਸੋਢੀ ਸੁਲਤਾਨ, ਮਾਲਕ ਦੋ ਜਹਾਨ, ਪੀਰ ਦੇ ਦਿਲ ਦੀ ਜਾਣ ਕੇ ਕਹਿਣ ਲੱਗੇ, "ਗੁਰਸਿੱਖੋ! ਅੱਜ ਉਸ ਪੀਰ ਨੂੰ ਸਾਡੇ ਪਾਸ ਲੈ ਆਉਣਾ"। ਸ਼ਾਮ ਦੇ ਟਾਇਮ ਜਦ ਸੰਗਤਾਂ ਨੇ ਛੁੱਟੀ ਕੀਤੀ ਤਾਂ ਸਿੱਖਾਂ ਨੇ ਉਸ ਪੀਰ ਨੂੰ ਸਤਿਗੁਰਾਂ ਦੇ ਪਾਸ ਹਾਜ਼ਰ ਕੀਤਾ। ਜਦ ਉਹ ਮੀਆਂ ਸਾਹਬ ਆਪਣੇ ਮੁਰੀਦਾਂ ਸਮੇਤ ਸਤਿਗੁਰਾਂ ਦੇ ਚਰਨਾਂ ਤੇ ਝੁਕਿਆ ਤਾਂ ਹਜ਼ੂਰ ਨੇ ਮੁਸਕਰਾ ਕੇ ਕਿਹਾ, "ਹੇ ਮੀਆਂ ਸਾਹਬ! ਆਪ ਕਿਉਂ ਮਿੱਟੀ ਘੱਟੇ ਵਿੱਚ ਤਕਲੀਫ਼ ਉਠਾਅ ਰਹੇ ਹੋ? ਇਸ ਸੇਵਾ ਵਿੱਚ ਬੇਅੰਤ ਸਿੱਖ ਸੰਗਤਾਂ ਹਾਜ਼ਰ ਹਨ।" ਉਸ ਨੇ ਬੜੇ ਪਿਆਰ ਨਾਲ ਹੱਥ ਜੋੜ ਕੇ ਸਜਲ ਨੇਤਰਾਂ ਨਾਲ ਅਰਜ਼ ਕੀਤੀ ਕਿ ਮਹਾਰਾਜ! ਅਸੀਂ ਤਾਂ ਆਪਣੇ ਦੋਵੇਂ ਲੋਕ ਸਹੇਲੇ ਕਰ ਰਹੇ ਹਾਂ ਅਤੇ ਹੱਥਾਂ ਦੁਆਰਾ ਗੁਰੂ ਘਰ ਦੀ ਤੁੱਛ ਸੇਵਾ ਕਰਕੇ ਆਪ ਜੀ ਦੇ ਚਰਨਾਂ ਵਿੱਚ ਅਤੇ ਪੀਰਾਨ ਪੀਰ ਗੁਰੂ ਨਾਨਕ ਸ਼ਾਹ ਜੀ ਦੇ ਦਰਬਾਰ ਵਿੱਚ ਬੈਠਣ ਦੀ ਜਗ੍ਹਾ ਬਣਾ ਰਹੇ ਹਾਂ। ਜੋ ਇਸ ਅਬਿਹਾਯਾਤ ਤਲਾ ਦੀ ਸੇਵਾ ਕਰੇਗਾ ਉਹ ਖ਼ੁਦਾਵੰਦ ਕਰੀਮ ਨਾਲ ਮਿਲੇਗਾ। ਇਹ ਸ਼ਰਧਾ ਭਰੇ ਬਚਨ ਸੁਣਕੇ ਸੋਢੀ ਸੁਲਤਾਨ ਬੜੇ ਪ੍ਰਸੰਨ ਹੋਏ। ਸਿਰੋਪਾਓ ਅਤੇ ਕੀਮਤੀ ਚੀਜ਼ਾਂ ਦੀ ਬਖ਼ਸ਼ਿਸ਼ ਕਰਕੇ ਵਰ ਦਿੱਤਾ, "ਪੀਰ ਜੀ! ਤੁਸੀ ਧੰਨ ਹੋ! ਤੁਹਾਡੇ ਤਾਂ ਦਰਸ਼ਨ ਹੀ ਦੁਰਲੱਭ ਹਨ, ਜੋ ਵੀ ਤੁਹਾਡੇ ਦਰਸ਼ਨ ਕਰੇਗਾ ਉਹ ਦੋਜ਼ਖ ਦੇ ਦੁੱਖਾਂ ਤੋਂ ਬਚ ਜਾਵੇਗਾ। ਹੋਰ ਤਾਂ ਕੀ ਜੋ ਤੁਹਾਡੇ ਰਹਾਇਸ਼ੀ ਅਸਥਾਨ ਤੋਂ ਭਾਵ ਤਪੱਸਿਆ ਵਾਲੀ ਜਗ੍ਹਾ ਦੀ ਯਾਤਰਾ ਕਰੇਗਾ ਉਹ ਵੀ ਸਰੀਰ ਛੱਡਣ ਤੋਂ ਬਾਅਦ ਬਹਿਸ਼ਤ ਦਾ ਭਾਗੀ ਬਣੇਗਾ। ਤੁਹਾਡੀ ਖ਼ਾਨਗਾਹ ਤੇ ਸੁਨਿਹਰੀ ਮਕਾਨ ਬਣਨਗੇ ਅਤੇ ਸੋਨੇ ਦਾ ਕਲਸ ਝੁਲੇਗਾ। ਦੂਰੋਂ-ਦੂਰੋਂ ਖ਼ਲਕਤ ਦੀਦਾਰ ਲਈ ਆਵੇਗੀ"।

ਗੁਰੂ ਸਾਹਿਬ ਦੇ ਇਹ ਬਚਨ ਹੁਣ ਤੱਕ ਸੱਚ ਹਨ। ਉਸ ਜਗ੍ਹਾ ਸੁਨਹਿਰੀ ਮਕਾਨ ਵੀ ਬਣਿਆ ਹੈ। ਸਾਲ ਦੇ ਸਾਲ ਮੇਲਾ ਭਰਦਾ ਹੈ। ਇਤਨਾ ਇਕੱਠ ਹੁੰਦਾ ਹੈ ਕਿ ਤਿੰਨ ਦਿਨ ਦੀ ਭੇਟਾ ਦਾ ਡੇਢ ਲੱਖ ਰੁਪਿਆ ਚੜ੍ਹਦਾ ਹੈ। ਪੰਜਾਹ ਹਜ਼ਾਰ ਦੁਕਾਨਾਂ ਦੇ ਕਿਰਾਏ ਦਾ ਠੇਕਾ ਹੁੰਦਾ ਹੈ। ਭਾਵਨਾ ਵਾਲਿਆਂ ਦੀ ਮੁਰਾਦ ਪੂਰੀ ਹੁੰਦੀ ਹੈ। ਇਹ ਸਤਿਗੁਰਾਂ ਦੇ ਬਚਨ ਅਟੱਲ ਤੇ ਅਮਰ ਹਨ। ਇਹ ਜਗ੍ਹਾ ਨੁਸ਼ਹਿਰੇ ਤੋਂ ਬਾਰਾਂ ਮੀਲ ਪਹਾੜ ਵਿੱਚ ਹੈ। ਰਸਤਾ ਭਾਵੇਂ ਕਠਨ ਹੈ ਪਰ ਹਿੰਦੂ ਤੇ ਮੁਸਲਮਾਨ ਸਾਰੇ ਹੀ ਜਾਂਦੇ ਹਨ।

ਇਸ ਜ਼ਿਆਰਤ ਕਾਕਾ ਸਾਹਿਬ ਜੀ ਦੇ ਮੀਆਂ ਨੇ (ਜੋ ਇਸ ਸਮੇਂ ਗੱਦੀ ਪਰ ਸਨ) ਸਮੇਤ ਮੁਰੀਦਾਂ ਦੇ ਬਾਬਾ ਕਰਮ ਸਿੰਘ ਜੀ ਦੇ ਦਰਸ਼ਨ ਕੀਤੇ। ਇਨ੍ਹਾਂ ਨੇ ਅਰਜ਼ ਕੀਤੀ, "ਆਪ ਜੀ ਨੇ ਇਸ ਇਲਾਕੇ ਨੂੰ ਖ਼ੁਦਾ ਦੀ ਬੰਦਗੀ ਕਰਕੇ ਤਾਰ ਦਿੱਤਾ ਹੈ। ਸਾਡੇ ਤੇ ਵੀ ਰਹਿਮਤ ਕਰੋ ਜੋ ਸਾਨੂੰ ਭੀ ਦਿਲੋਂ ਅੱਲਹ ਪਾਕ ਨਾ ਭੁੱਲੇ"। ਇਹ ਬੇਨਤੀ ਸੁਣ ਕੇ ਸੰਤ ਜੀ ਬੜੇ ਪ੍ਰਸੰਨ ਹੋਏ। ਹੱਸ ਕੇ ਕਿਹਾ, "ਮੀਆਂ ਸਾਹਬ! ਤੁਸਾਂ ਨੇ ਅਸਲੀ ਚੀਜ਼ ਮੰਗੀ ਹੈ ਜਿਸ ਨੂੰ ਬਖ਼ਸ਼ ਕੇ ਸੰਤਾਂ ਦਾ ਮਨ ਵੀ ਪ੍ਰਸੰਨ ਹੁੰਦਾ ਹੈ। ਕਿਉਂਕਿ ਇਹ ਵਸਤੂ ਮਿਲਦੀ ਹੀ ਸਾਧੂਆਂ ਪਾਸੋਂ ਹੈ"।

ਜਿਸੁ ਵਖਰ ਕਉ ਲੈਨਿ ਤੂ ਆਇਆ ॥
ਰਾਮ ਨਾਮੁ ਸੰਤਨ ਘਰਿ ਪਾਇਆ ॥

(ਪੰਨਾ ੨੮੩)

ਤਥਾ: ਹਰਿ ਰਸੁ ਸਾਧੂ ਹਾਟਿ ਸਮਾਇ ॥

(ਪੰਨਾ ੩੭੭)

ਦੁਨੀਆਦਾਰ ਤਾਂ ਸੰਸਾਰੀ ਮੰਗਾਂ ਨੂੰ ਹੀ ਮੰਗਦੇ ਹਨ ਪਰ

ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥

(ਪੰਨਾ ੧੦੧੮)

ਤਥਾ: ਮਾਗਉ ਦਾਨੁ ਠਾਕੁਰ ਨਾਮ ॥

(ਪੰਨਾ ੭੧੩)

ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥

(ਪੰਨਾ ੩੨੯)

ਹਜ਼ੂਰ ਨੇ ਇਤਨੇ ਬਚਨ ਆਖ ਕੇ ਨਿੰਮ੍ਰਤਾ ਜਣਾਈ ਕਿ ਅਸੀਂ ਆਪਣੇ ਪ੍ਰਭੂ ਦੇ ਅੱਗੇ ਅਰਦਾਸ ਕਰਦੇ ਹਾਂ, "ਖ਼ੁਦਾਵੰਦ ਕਰੀਮ! ਮੀਆਂ ਸਾਹਬ ਤੇ ਹੋਰ ਸਭਨਾਂ ਨੂੰ ਨਾਮ ਦੇ ਨਾਲ ਜੋੜੀ ਰੱਖਣਾ।" ਉਸ ਨੇ ਫੇਰ ਹੱਥ ਜੋੜ ਕੇ ਕਦਮ ਬੋਸੀ ਲਈ ਅਤੇ ਬੇਨਤੀ ਕੀਤੀ ਕਿ ਮਹਾਰਾਜ! ਆਪ ਹੀ ਕ੍ਰਿਪਾ ਕਰੋ। ਤੁਹਾਡੇ ਤੇ ਖ਼ੁਦਾ ਵਿੱਚ ਫ਼ਰਕ ਨਹੀਂ। ਫਿਰ ਆਪ ਨੇ ਉਸ ਦੀ ਪੂਰਨ ਸ਼ਰਧਾ ਜਾਣ ਕੇ ਬਚਨ ਕੀਤਾ ਕਿ, "ਜਾਓ ਮੀਆਂ ਸਾਹਬ! ਖ਼ੁਦਾ ਆਪ ਤੇ ਰਹਿਮਤ ਕਰੇਗਾ।" ਫਿਰ ਸੰਤਾਂ ਨੇ ਸਭਨਾਂ ਨੂੰ ਪ੍ਰਸ਼ਾਦਿ ਛਕਾਇਆ, ਦੁੱਧ ਪਿਲਾਇਆ, ਫ਼ਲਾਂ ਦੇ ਟੋਕਰੇ ਅਤੇ ਮਿਸ਼ਰੀ ਦਾ ਪ੍ਰਸ਼ਾਦਿ ਦੇ ਕੇ ਵਿਦਾਅ ਕੀਤਾ। ਇਸ ਮੀਆਂ ਸਾਹਬ ਦੀ ਭਾਈ ਗੰਡਾ ਸਿੰਘ ਨਾਲ ਵਾਕਫ਼ੀਅਤ ਸੀ। ਭਾਵੇਂ ਹੋਰ ਵੀ ਇਲਾਕੇ ਨਿਵਾਸੀ ਹਿੰਦੂ ਮੁਸਲਮਾਨ ਬਾਬਾ ਜੀ ਦੀ ਤਾਰੀਫ ਕਰਦੇ ਸਨ ਪਰ ਇਹ ਮੀਆਂ ਸਾਹਬ ਭਾਈ ਗੰਡਾ ਸਿੰਘ ਪਾਸੋਂ ਜਸ ਸੁਣ ਕੇ ਹੀ ਦਰਸ਼ਨਾ ਨੂੰ ਆਇਆ ਸੀ। ਉਸ ਨੇ ਵੀ ਸੰਤਾਂ ਦੇ ਪਾਸ ਭਾਈ ਗੰਡਾ ਸਿੰਘ ਦੀ ਸਿਫ਼ਾਰਸ਼ ਕੀਤੀ ਕਿ ਮਹਾਰਾਜ ਇਹ ਗੰਡਾ ਸਿੰਘ ਬੜਾ ਭਲਾ ਲੋਕ ਤੇ ਸਾਡਾ ਯਾਰ ਹੈ। ਆਪ ਨੇ ਇਸ ਦੀ ਅਰਜ਼ ਕਬੂਲ ਕਰਨੀ। ਇਉਂ ਆਖ ਕੇ ਮੀਆਂ ਸਾਹਬ ਸਮੇਤ ਮੁਰੀਦਾਂ ਦੇ ਸੰਤਾਂ ਨੂੰ ਮੱਥਾ ਟੇਕ ਕੇ ਚਲਾ ਗਿਆ।

## ਗੰਡਾ ਸਿੰਘ ਨੂੰ ਪੁੱਤਰ ਦਾ ਵਰ

ਮੀਆਂ ਸਾਹਬ ਦੀ ਸਿਫ਼ਾਰਸ਼ ਜਾਣਕੇ ਤੇ ਗੰਡਾ ਸਿੰਘ ਨੂੰ ਆਪਣਾ ਪਰਮ ਪ੍ਰੀਤਵਾਨ ਸਰਧਾਲੂ ਸਮਝ ਕੇ ਬਾਬਾ ਜੀ ਨੇ ਹੁਕਮ ਕੀਤਾ ਕਿ ਗੁਰੂ ਨਾਨਕ ਨਿਰੰਕਾਰੀ ਸਰਬ ਫ਼ਲ ਦਾਤਾ ਤੇ ਇੱਛਾ ਪੂਰਕ ਹੈ। ਉਹ ਤੁਹਾਡੀ ਵੀ ਮਨੋ ਕਾਮਨਾ ਪੂਰਨ ਕਰੇਗਾ। ਅੰਮ੍ਰਿਤ ਵੇਲੇ ਇਸ਼ਨਾਨ ਆਦਿ ਤੋਂ ਬਾਅਦ ਦੋਵੇ ਹੀ ਇਸ ਸ਼ਬਦ ਦਾ ੨੧ ਵਾਰ ਪਾਠ ਕਰਿਆ ਕਰੋ:

ਸਤਿਗੁਰ ਸਾਚੈ ਦੀਆ ਭੇਜਿ ॥
ਚਿਰੁ ਜੀਵਨੁ ਉਪਜਿਆ ਸੰਜੋਗਿ ॥

(ਪੰਨਾ ੩੯੬)

ਬਾਬਾ ਜੀ ਦੇ ਬਚਨ ਸੁਣ ਕੇ ਉਸ ਨੇ ਹੱਥ ਜੋੜ ਕੇ ਸਿਰ ਨਿਵਾਇਆ। ਘਰ ਵਾਲੀ ਸਮੇਤ ਨਮਸਕਾਰ ਕਰਕੇ ਆਗਿਆ ਮੰਗੀ ਅਤੇ ਹਜ਼ੂਰ ਦੀਆਂ ਖ਼ੁਸ਼ੀਆਂ ਲੈ ਕੇ ਵਾਪਿਸ ਘਰ ਆ ਗਿਆ। ਇਨ੍ਹਾਂ ਦੇ (ਵਿਹਾਰ ਤੇ ਪ੍ਰਮਾਰਥ) ਦੋਵੇਂ ਹੀ ਸ਼ੁੱਧ ਸਨ। ਸੰਤਾਂ ਦੇ ਬਚਨ ਅਨੁਸਾਰ ਬੰਦਗੀ ਕਰਦਿਆਂ, ਸ਼ਬਦ ਪੜ੍ਹਦਿਆਂ ਜਦ ਗਿਆਰਾਂ ਮਹੀਨੇ ਹੋ ਗਏ ਤਾਂ ਇਨ੍ਹਾਂ ਦੇ ਘਰ ਇੱਕ ਸੁੰਦਰ ਬਾਲਕ ਨੇ ਜਨਮ ਲਿਆ। ਮਾਤਾ ਪਿਤਾ ਅਤੇ ਪਰਿਵਾਰ ਬੜਾ ਪ੍ਰਸੰਨ ਹੋਇਆ। ਜਦੋਂ ਭੁਜੰਗੀ ਨੇ ਜਨਮ ਲਿਆ ਤਾਂ ਬਾਲਕ ਦੀ ਮਾਤਾ ਨੂੰ ਪ੍ਰਸੂਤਾ ਪੌਣ ਹੋ ਗਈ। ਉਸ ਸਮੇਂ ਬੀਬੀ ਦੀ ਮਾਤਾ ਵੀ ਉਸ ਦੇ ਪਾਸ ਆਈ ਹੋਈ ਸੀ। ਡਾਕਟਰ ਬੁਲਾਇਆ ਗਿਆ ਪਰ ਬੀਬੀ ਦੀ ਹਾਲਤ ਵੇਖ ਕੇ ਡਾਕਟਰ ਜਵਾਬ ਦੇ ਗਿਆ ਕਿ ਇਹ ਕੰਮ ਬੜਾ ਖ਼ਤਰਨਾਕ ਹੈ। ਹੁਣ ਇਸ ਦੇ ਬਚਣ ਦੀ ਕੋਈ ਆਸ ਨਹੀਂ। ਇਹ ਸੁਣ ਕੇ ਭੈਣ ਭਾਈ ਸਭ ਉਦਾਸ ਹੋ ਗਏ। ਮਾਘ ਦੇ ਦਿਨ ਸਨ ਸਰਦੀ ਜ਼ੋਰਾਂ ਤੇ ਪੈ ਰਹੀ ਸੀ। ਸਾਰੇ ਆਸਰੇ ਛੱਡ ਕੇ ਗੰਡਾ ਸਿੰਘ ਤਾਂ ਹੋਤੀ ਡੇਰੇ ਪੁੱਜਾ। ਨਮਸਕਾਰ ਕਰਨ ਤੋਂ ਬਾਅਦ ਘਿਘਿਆ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼ ਆਪ ਦੀ ਬਖ਼ਸ਼ਿਸ਼ ਨਾਲ ਭੁਜੰਗੀ ਦੀ ਦਾਤ ਪ੍ਰਾਪਤ ਹੋਈ ਹੈ ਪਰ ਸਿੰਘਣੀ ਨੂੰ ਪ੍ਰਸੂਤਾ ਪੌਣ ਹੋ ਆਈ ਹੈ। ਡਾਕਟਰ ਘਰ ਬੁਲਾਇਆ ਸੀ ਉਹ ਵੀ ਜਵਾਬ ਦੇ ਗਿਆ ਕਿ ਕੰਮ ਬੜਾ ਖ਼ਤਰੇ ਵਾਲਾ ਹੈ"।

ਸ੍ਰੀ ਸੁਆਮੀ ਸੰਤ ਬਾਬਾ ਕਰਮ ਸਿੰਘ ਜੀ ਨੇ ਇਹ ਬੇਨਤੀ ਸੁਣ ਕੇ ਸਹਿਜੇ ਹੀ ਬਚਨ ਕੀਤਾ ਕਿ ਬਾਜ਼ਾਰ ਵਿੱਚੋਂ ਇੱਕ ਮੂਲੀ ਲੈ ਜਾਓ ਤੇ ਛਿਲ ਕੇ ਉਸ ਦੇ ਚਾਰ ਟੁਕੜੇ ਕਰ ਲੈਣੇ। ਕਾਲੀ ਮਿਰਚ ਤੇ ਲੂਣ ਲਾ ਕੇ ਉਸ ਨੂੰ ਧੁੱਪ ਵਿੱਚ ਟੰਗ ਦੇਣਾ। ਜਦੋਂ ਮੂਲੀ ਵਿੱਚੋਂ ਪਾਣੀ ਨੁਚੜ ਜਾਵੇ ਤਾਂ ਸਾਰੀ ਹੀ ਬੀਬੀ ਨੂੰ ਖੁਆ ਦੇਣੀ, ਗੁਰੂ ਭਲੀ ਕਰੇਗਾ। ਭਾਈ ਗੰਡਾ ਸਿੰਘ ਬਾਬਾ ਜੀ ਦੀ ਆਗਿਆ ਅਨੁਸਾਰ ਰਸਤੇ 'ਚੋਂ ਮੂਲੀ ਖ਼ਰੀਦ ਕੇ ਘਰ ਲੈ ਆਇਆ। ਉਸੇ ਤਰ੍ਹਾਂ ਉੱਪਰੋਂ ਛਿਲ ਕੇ ਚੀਰ ਕੇ ਨਿੱਕੀ ਮਿਰਚ ਤੇ ਲੂਣ ਲਗਾ ਕੇ ਧੁੱਪੇ ਟੰਗ ਦਿੱਤੀ। ਸਭ ਨੇ ਪੁੱਛਿਆ ਸੰਤਾਂ ਨੇ ਕੀ ਬਚਨ ਕੀਤਾ ਹੈ? ਭਾਈ ਗੰਡਾ ਸਿੰਘ ਨੇ ਕਿਹਾ ਕਿ ਸੰਤਾਂ ਨੇ ਕਿਹਾ ਹੈ ਕਿ ਬੀਬੀ ਨੂੰ ਮੂਲੀ ਖਵਾ ਦਿਉ, ਉਹ ਰਾਜ਼ੀ ਹੋ ਜਾਵੇਗੀ। ਬੀਬੀ ਦਾ ਸੰਤਾਂ ਤੇ ਬੜਾ ਵਿਸ਼ਵਾਸ਼ ਸੀ ਕਿ ਇਨ੍ਹਾਂ ਦਾ ਬਚਨ ਕਦੇ ਬਿਰਥਾ ਨਹੀਂ ਗਿਆ ਸਦਾ ਸੱਚ ਹੁੰਦਾ ਹੈ। ਉਹ ਤਾਂ ਮੂਲੀ ਖਾਣਾ ਮੰਨ ਗਈ ਪਰ ਬੀਬੀ ਦੀ ਮਾਂ ਕਹਿਣ ਲੱਗੀ ਕਿ ਅੱਤ ਦੀ ਸਰਦੀ ਪੈਂਦੀ ਹੈ ਜੋ ਅਰੋਗ ਆਦਮੀ ਨੂੰ ਵੀ ਮੂਲੀ ਖਾਧਿਆਂ ਮੰਜੇ ਤੇ ਪਾ ਦਿੰਦੀ ਹੈ ਤੇ ਇਸ ਬਿਮਾਰੀ ਦੀ ਮੂਲੀ ਵੀ ਕੋਈ ਦਵਾਈ ਹੈ। ਪਰ ਉਹ ਕਹਿਣ ਸੰਤਾਂ ਦਾ ਬਚਨ ਸੱਚਾ ਹੈ ਇਹ ਜ਼ਰੂਰ ਰਾਜ਼ੀ ਹੋ ਜਾਵੇਗੀ। ਉਸਨੇ ਜਦੋਂ ਦੇਖਿਆ ਕਿ ਇਨ੍ਹਾਂ ਨੇ ਨਹੀਂ ਮੰਨਣਾ ਜ਼ਰੂਰ ਹੀ ਮੂਲੀ ਖਵਾਉਣਗੇ। ਫਿਰ ਉਹ ਕਹਿਣ ਲੱਗੀ, "ਮੇਰੀ ਧੀ ਤਾਂ ਮੂਲੀ ਖਾ ਕੇ ਮਰ ਜਾਏਗੀ। ਪਰ ਮੇਰੇ ਸਾਹਮਣੇ ਨਾ ਮਾਰੋ, ਮੈਨੂੰ ਘਰ ਜਾ ਲੈਣ ਦਿਉ।" ਇਉਂ ਕਹਿਕੇ ਬੀਬੀ ਦੀ ਮਾਂ ਰੋਂਦੀ ਕਰਲਾਉਂਦੀ ਘਰ ਚਲੀ ਗਈ। ਏਧਰੋਂ ਭਾਈ ਸਾਹਿਬ ਨੇ ਅਰਦਾਸ ਕਰਕੇ ਸੰਤਾਂ ਨੂੰ ਯਾਦ ਕੀਤਾ ਤੇ ਮੂਲੀ ਖਵਾ ਦਿੱਤੀ। ਜਦੋਂ ਬੀਬੀ ਸਾਰੀ ਮੂਲੀ ਖਾ ਚੁੱਕੀ ਤਾਂ ਉਸ ਨੂੰ ਬੜਾ ਪਸੀਨਾ ਆਇਆ। ਸਰੀਰ ਦੇ ਬਸਤਰ ਅਤੇ ਬਿਸਤਰਾ ਸਭ ਪਸੀਨੇ ਨਾਲ ਭਿੱਜ ਗਿਆ। ਬੀਬੀ ਰਾਜ਼ੀ ਹੋ ਕੇ ਉੱਠ ਬੈਠੀ ਤੇ ਉੱਚੀ ਸੁਰ ਨਾਲ ਆਖਿਆ, "ਧੰਨ ਧੰਨ ਬਾਬਾ ਕਰਮ ਸਿੰਘ ਜੀ! ਕਲਜੁਗੀ ਜੀਵਾਂ ਦੇ ਤਾਰਕ! ਮੈਨੂੰ ਜੀਵਨ ਦਾਨ ਦਿੱਤਾ ਹੈ।" ਬੀਬੀ ਰਾਜ਼ੀ ਹੋ ਗਈ ਮਾਈਆਂ ਨੇ ਪਸੀਨੇ ਵਾਲੇ ਬਸਤਰ ਉਤਾਰ ਕੇ ਦੂਜੇ ਪੁਆਏ। ਬਿਸਤਰਾ ਵੀ ਬਦਲਿਆ ਲੋਕੀਂ ਭਾਈ ਗੰਡਾ ਸਿੰਘ ਨੂੰ ਵਧਾਈਆਂ ਦਿੰਦੇ ਹਨ। ਓਧਰੋਂ ਬੀਬੀ ਦੀ ਮਾਂ ਨੂੰ ਵੀ ਸੁਨੇਹਾਂ ਭੇਜ ਦਿੱਤਾ ਕਿ ਤੁਹਾਡੀ ਧੀ ਮੂਲੀ ਖਾ ਕੇ ਰਾਜ਼ੀ ਹੋ ਗਈ ਹੈ। ਸੁਨੇਹਾਂ ਪੁੱਜੇ ਤੋਂ ਜਦੋਂ ਉਹ ਆਈ ਤਾਂ ਬੜੀ ਹੈਰਾਨ ਸੀ। ਡਾਕਟਰ ਨੂੰ ਵੀ ਪਤਾ ਲੱਗਿਆ ਜੋ ਕਿ ਬੰਨੂੰ ਦਾ ਬਲਦੇਵ ਸਿੰਘ ਨਾਮ ਦਾ ਸੀ ਜੋ ਪਹਿਲਾਂ ਕਿਸੇ ਵੀ ਸਾਧ ਸੰਤ ਨੂੰ ਨਹੀਂ ਸੀ ਮੰਨਦਾ। ਪਰ ਅੱਜ, "ਸਾਧ ਬਚਨ

ਅਟਲਾਧਾ" ਦੇਖ ਕੇ ਹੈਰਾਨ ਰਹਿ ਗਿਆ। ਬੀਬੀ ਅਤੇ ਉਸ ਦੀ ਮਾਂ, ਡਾਕਟਰ ਤੇ ਨਗਰ ਨਿਵਾਸੀ ਅਤੇ ਭਾਈ ਗੰਡਾ ਸਿੰਘ ਨੇ ਪਰਿਵਾਰ ਸਮੇਤ ਹੋਤੀ ਡੇਰੇ ਵੱਲ ਮੂੰਹ ਕਰ ਕੇ ਮੱਥਾ ਟੇਕਿਆ ਅਤੇ ਆਖਿਆ, 'ਧੰਨ ਬਾਬਾ ਕਰਮ ਸਿੰਘ ਜੀ ਗ਼ਰੀਬ ਨਿਵਾਜ਼!'

ਇਉਂ ਹਿੰਦੂ ਤੇ ਮੁਸਲਮਾਨ ਪਠਾਣਾਂ ਵਿੱਚ ਬੜਾ ਜਸ ਫੈਲ ਗਿਆ। ਸਭਨਾਂ ਨੇ ਰਲ ਮਿਲ ਕੇ ਮਹਿਮਾ ਗਾਇਨ ਕੀਤੀ ਕਿ ਸਾਧ ਬਚਨ ਵਿੱਚ ਅੰਮ੍ਰਿਤ ਹੈ, ਅਰੋਗਤਾ ਹੈ, ਲੋਕ ਪ੍ਰਲੋਕ ਦੇ ਸੁਖ ਹਨ। ਧੰਨ ਹਨ ਉਹ ਪ੍ਰੇਮੀ ਜੋ ਸੰਤਾਂ ਦੀ ਸੇਵਾ ਕਰਦੇ ਹਨ ਅਤੇ ਅਮ੍ਰਿਤ ਬਚਨਾਂ ਨੂੰ ਵਿਸਵਾਸ਼ ਰੱਖ ਕੇ ਮੰਨਦੇ ਹਨ। ਸੰਤਾਂ ਦੀ ਰਸਨਾ ਤੇ ਪ੍ਰਮੇਸ਼ਰ ਦਾ ਵਾਸਾ ਹੈ।

ਯਥਾ: ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥
ਨਾਨਕ ਜਨ ਕਾ ਦਾਸਨਿ ਦਸਨਾ ॥੪॥

(ਪੰਨਾ ੨੬੩)

ਤਥਾ: ਸਾਧ ਕੈ ਸੰਗਿ ਮਿਟੇ ਸਭਿ ਰੋਗ ॥
ਨਾਨਕ ਸਾਧ ਭੇਟੇ ਸੰਜੋਗ ॥੭॥

(ਪੰਨਾ ੨੬੩)

ਤਥਾ: ਅਨਿਕ ਬਿਘਨ ਤੇ ਸਾਧੂ ਰਾਖੈ ॥
ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥

(ਪੰਨਾ ੨੮੩)

ਤਥਾ: ਸਾਧੂ ਕੀ ਮਨ ਓਟ ਗਹੁ ਉਕਤਿ ਸਿਆਨਪ ਤਿਆਗੁ ॥
ਗੁਰ ਦੀਖਿਆ ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ ॥

(ਪੰਨਾ ੨੬੦)

ਭਾਈ ਗੰਡਾ ਸਿੰਘ ਦੀ ਸਿੰਘਣੀ ਬਿਲਕੁਲ ਅਰੋਗ ਹੋ ਗਈ। ਉਹ ਡੇਢ ਮਹੀਨੇ ਤੋਂ ਬਾਅਦ ਬੱਚੇ ਨੂੰ ਸੰਤਾਂ ਦੇ ਚਰਨਾਂ ਤੇ ਮੱਥਾ ਟਿਕਾਉਣ ਲਈ ਸਮੇਤ ਪਰਿਵਾਰ ਹੋਤੀ ਡੇਰੇ ਪੁੱਜਾ। ਸਭਨਾਂ ਨੇ ਸੰਤਾਂ ਨੂੰ ਨਮਸਕਾਰ ਕੀਤੀ। ਭੇਟਾ ਅਰਪੀ ਤੇ ਭੁਜੰਗੀ ਨੂੰ ਚਰਨੀ ਪਾਇਆ। ਇਸੇ ਖ਼ੁਸ਼ੀ ਵਿੱਚ ਅਖੰਡ ਪਾਠ ਕਰਵਾਇਆ। ਸਾਰੇ ਪ੍ਰਵਾਰ ਨੇ ਤਿੰਨ ਦਿਨ ਡੇਰੇ ਦੀ ਬੜੀ ਭਾਰੀ ਸੇਵਾ ਕੀਤੀ। ਭੋਗ ਉਪਰੰਤ ਆਏ ਹੁਕਨਾਮੇ ਦੇ ਪਹਿਲੇ ਅੱਖਰ ਤੋਂ ਸੰਤਾਂ ਪਾਸੋਂ ਬੱਚੇ ਦਾ ਨਾਮ ਰਖਵਾਇਆ ਅਤੇ ਬੜਾ ਯੱਗ ਕੀਤਾ। ਇਉਂ ਭਾਈ ਗੰਡਾ ਸਿੰਘ ਨਿਹਾਲ ਹੋਇਆ।

## ਬੀਬੀ ਭਗਵਾਨ ਦੇਵੀ ਨੂੰ ਅਰੋਗਤਾ ਪ੍ਰਾਪਤ ਹੋਣੀ

ਮੁਕਾਮ ਵਾਲੇ ਭਾਈ ਫ਼ਕੀਰ ਚੰਦ ਦੀ ਲੜਕੀ ਬੀਬੀ ਭਗਵਾਨ ਦੇਵੀ ਨੂੰ ਅਧਰੰਗ ਹੋ ਗਿਆ। ਡਾਕਟਰਾਂ ਹਕੀਮਾਂ ਪਾਸੋਂ ਬਹੁਤ ਇਲਾਜ ਕਰਵਾਏ ਪਰ ਆਰਾਮ ਨਾ ਆਇਆ। ਅਖ਼ੀਰ ਨੂੰ ਸਾਰੇ ਪ੍ਰੀਵਾਰ ਨੇ ਸਲਾਹ ਕੀਤੀ ਕਿ ਇਹ ਅਸਾਧ ਰੋਗ ਹੈ, ਡਾਕਟਰਾਂ ਦੀਆਂ ਦਵਾਈਆਂ ਨਾਲ ਨਹੀਂ ਹਟਣਾ, ਹਾਂ ਜੇ ਕਿਸੇ ਪੂਰਨ ਮਹਾਂ ਪੁਰਖ ਦੀ ਅਸੀਸ ਹੋ ਜਾਵੇ ਤਾਂ ਬੀਬੀ ਰਾਜ਼ੀ ਹੋ ਸਕਦੀ ਹੈ। ਸੋ ਇਨ੍ਹਾਂ ਨੇ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਸਿਫ਼ਤ ਵੀ ਸੁਣੀ ਸੀ ਅਤੇ ਦਰਸ਼ਨ ਵੀ ਕੀਤੇ ਹੋਏ ਸਨ। ਸੋਚਿਆ ਇਸ ਸਮੇਂ ਇਨ੍ਹਾਂ ਤੋਂ ਵੱਡਾ ਹੋਰ ਪੂਰਨ ਮਹਾਂ ਪੁਰਸ਼ ਹੋਰ ਕੌਣ ਹੋਏਗਾ? ਇਹ ਵਿਚਾਰ ਕੇ ਬੀਬੀ ਨੂੰ ਮੰਜੇ ਤੇ ਪਾ ਕੇ ਬਾਬਾ ਜੀ ਦੇ ਪਾਸ ਹੋਤੀ ਡੇਰੇ ਲੈ ਆਏ ਨਾਲ ਸਾਰਾ ਪ੍ਰੀਵਾਰ ਤੇ ਹੋਰ ਸਬੰਧੀ ਸਨ। ਬੀਬੀ ਨੂੰ ਬੜੀ ਤਕਲੀਫ਼ ਸੀ। ਸਿਆਲ ਦੇ ਦਿਨ ਸਨ। ਅੱਗੇ ਡੇਰੇ ਵਿੱਚ ਬਾਬਾ ਜੀ ਦੀਵਾਨ ਵਿੱਚ ਸਸ਼ੋਭਤ ਸਨ। ਬਾਬਾ ਜੀ ਦੇ ਪਾਵਨ ਚਰਨਾਂ ਤੇ ਨਮਸਕਾਰ ਕਰਕੇ ਭੇਟਾ ਅਰਪੀ। ਸੰਤਾਂ ਨੇ ਸਭਨਾਂ ਦਾ ਸਤਿਕਾਰ ਕੀਤਾ।

ਉਸ ਸਮੇਂ ਭਾਈ ਫ਼ਕੀਰ ਚੰਦ ਨੇ ਦੋਵੇਂ ਹੱਥ ਜੋੜ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਕਾਕੀ ਨੂੰ ਅਧਰੰਗ ਹੋ ਗਿਆ ਹੈ, ਇਲਾਜ ਬੜੇ ਕਰਾਏ ਹਨ ਪਰ ਆਰਾਮ ਨਹੀਂ ਆਇਆ। ਹੁਣ ਚਰਨਾਂ ਵਿੱਚ ਹਾਜ਼ਰ ਹੋਏ ਹਾਂ, ਆਪ ਕ੍ਰਿਪਾ ਦ੍ਰਿਸਟੀ ਕਰੋ ਜਿਸ ਕਰਕੇ ਰੋਗ ਦੂਰ ਹੋ ਜਾਵੇ। ਕਾਕੀ ਬਾਹਰ ਮੰਜੇ ਤੇ ਪਈ ਦੁਖੀ ਹੋ ਰਹੀ ਹੈ।" ਇਸ ਤਰ੍ਹਾਂ ਦੀ ਬੇਨਤੀ ਸੁਣ ਕੇ ਸੰਤਾਂ ਨੇ ਹੁਕਮ ਕੀਤਾ ਕਿ ਕਾਕੀ ਨੂੰ ਬਾਉਲੀ ਵਿੱਚ ਇਸ਼ਨਾਨ ਕਰਵਾ ਦਿਉ ਠੀਕ ਹੋ ਜਾਵੇਗੀ। ਸੱਤ ਬਚਨ ਆਖ ਕੇ ਕਾਕੀ ਦੀ ਮਾਤਾ ਤੇ ਭਾਈਆਂ ਨੇ ਉਸ ਨੂੰ ਫੜ ਕੇ ਬਾਉਲੀ ਦੇ ਕੰਢੇ ਪਾਣੀ ਵਿੱਚ ਇਸ਼ਨਾਨ ਕਰਵਾਇਆ। ਕਾਕੀ ਬਹੁਤ ਰੁਦਨ ਕਰੇ ਕਿ ਮੈਨੂੰ ਬਾਉਲੀ ਵਿੱਚ ਨਾ ਲਿਜਾਉ, ਠੰਡੇ ਪਾਣੀ ਵਿੱਚ ਨਹਾਉਣ ਦੀ ਜਗ੍ਹਾ ਬਾਹਰ ਹੀ ਮਾਰ ਸੁੱਟੋ, ਮੈਂ ਨਹੀਂ ਨਹਾਉਣਾ। ਪਰ ਸੰਤਾਂ ਦੇ ਬਚਨਾਂ ਤੇ ਨਿਸ਼ਚਾ ਕਰਕੇ ਰੋਂਦੀ ਕੁਰਲਾਂਦੀ ਨੂੰ ਜਦੋਂ ਇਸ਼ਨਾਨ ਕਰਵਾਇਆ ਤਾਂ ਉਸ ਸਮੇਂ ਕਾਕੀ ਬਿਲਕੁਲ ਠੀਕ ਹੋ ਗਈ। ਮਾਈਆਂ ਨੇ ਦੂਸਰੇ ਕੱਪੜੇ ਪੁਆਏ ਅਤੇ ਬਾਉਲੀ 'ਚੋਂ ਬਾਹਰ ਲਿਆਂਦਾ ਤਾਂ ਸਾਰੇ ਹੈਰਾਨ ਸਨ ਕਿ ਜਿਸ ਨੂੰ ਚਾਰ ਆਦਮੀ ਚੁੱਕ ਕੇ ਇਸ਼ਨਾਨ ਕਰਵਾਉਣ ਵਾਸਤੇ ਲੈ ਕੇ ਗਏ ਸਨ ਉਹ ਆਪ ਹੀ ਬਾਉਲੀ ਦੀਆਂ ਪੌੜੀਆਂ ਚੜ੍ਹ ਕੇ ਬਾਹਰ ਆ ਗਈ। ਕਿਸੇ ਦਾ ਵੀ ਆਪਣੇ ਸਰੀਰ ਨੂੰ ਹੱਥ ਨਹੀਂ ਲਵਾਇਆ ਅਤੇ ਦੀਵਾਨ ਵਿੱਚ ਆ ਕੇ ਸੰਤਾਂ ਨੂੰ ਮੱਥਾ ਟੇਕਿਆ। ਚਰਨਾਂ ਤੇ ਸਿਰ ਰੱਖਿਆ ਦਰਸ਼ਨ ਕੀਤਾ, ਮਸਤਕ ਨੂੰ ਚਰਨ ਧੂੜ ਲਾਈ। ਸੰਤਾਂ ਨੇ ਪ੍ਰਸੰਨ ਹੋ ਕੇ ਆਖਿਆ, "ਬੱਚੂ! ਨਾਮ ਜਪਿਆ ਕਰ, ਫੇਰ ਕੋਈ ਦੁੱਖ ਨੇੜੇ ਨਹੀਂ ਆਵੇਗਾ।" ਸਾਰਿਆ ਨੇ ਸੰਤਾਂ ਨੂੰ ਮੱਥਾ ਟੇਕਿਆ ਅਤੇ ਆਗਿਆ ਪਾ ਕੇ ਆਪਣੇ ਘਰ ਆ ਗਏ। ਤਬਦੀਲੀ ਤੋਂ ਬਾਅਦ ਅੱਜ ਕੱਲ ਉਸ ਕਾਕੀ ਦੇ ਲੜਕੇ ਸੁਰਜਨ ਸਿੰਘ ਤੇ ਅਜਾਇਬ ਸਿੰਘ ਲੁਧਿਆਣੇ ਰਹਿੰਦੇ ਹਨ। ਬੀਬੀ ਤਾਂ ਗੁਜ਼ਰ ਗਈ ਹੈ। ਧੰਨ ਹਨ ਬਾਬਾ ਕਰਮ ਸਿੰਘ ਜੀ ਅੰਮ੍ਰਿਤ ਦ੍ਰਿਸਟੀ ਨਾਲ ਦੁੱਖ ਦੂਰ ਕਰਨ ਵਾਲੇ।

## ਦਹੀਂ ਨਾਲ ਕੇਸੀ ਇਸ਼ਨਾਨ ਕਰਾਉਣਾ

ਆਪ ਜੀ ਦੇ ਹੁਕਮ ਅਨੁਸਾਰ ਹਰ ਰੋਜ਼ ਗੁਰੂ ਕੇ ਲੰਗਰ ਵਿੱਚ ਘਿਉ ਭੁੰਨਵੇ ਖੰਡ ਵਾਲੇ ਮਿੱਠੇ ਚਾਵਲ ਬਣਦੇ ਸਨ ਜੋ ਦਹੀਂ ਪਾ ਕੇ ਅਮੀਰ ਗ਼ਰੀਬ ਨੂੰ ਪੰਗਤ ਵਿੱਚ ਵਰਤਾਏ ਜਾਂਦੇ ਅਤੇ ਹਰੇਕ ਬੁਧਵਾਰ ਨੂੰ ਮਾਹਲ ਪੂੜੇ ਤੇ ਖੀਰ ਦਾ ਭੰਡਾਰਾ ਹੁੰਦਾ। ਉਸ ਦਿਨ 'ਕਲਪਾਣੀ' ਦੇ ਕਿਨਾਰੇ ਪ੍ਰੇਮੀਆਂ ਵਲੋਂ ਅਨੇਕ ਹੀ ਦਹੀਂ ਦੇ ਕੂੰਡੇ ਪੁੱਜ ਜਾਂਦੇ। ਉਸ ਸਮੇਂ ਆਪ ਜੀ ਨੇ ਸਾਰੀਆਂ ਸੰਗਤਾਂ ਨੂੰ ਦਹੀਂ ਨਾਲ ਕੇਸੀ ਇਸ਼ਨਾਨ ਕਰਾਉਣਾ। ਮਾਈਆਂ ਵਾਸਤੇ ਵੱਖਰਾ ਪੌਣਾ ਤੇ ਘਾਟ ਬਣਿਆ ਹੋਇਆ ਸੀ। ਮਾਈ ਭਾਈ ਬਿਰਧ ਤੇ ਬਾਲ ਸਾਰੇ ਹੀ ਦਹੀਂ ਨਾਲ ਕੇਸੀ ਇਸ਼ਨਾਨ ਕਰਦੇ ਤੇ ਨਾਲ-ਨਾਲ ਜਪੁਜੀ ਸਾਹਿਬ ਦਾ ਪਾਠ ਕਰੀ ਜਾਂਦੇ। ਬੋਲਦਾ ਕੋਈ ਨਹੀਂ ਸੀ। ਫਿਰ ਇਸ਼ਨਾਨ ਤੋਂ ਬਾਅਦ ਉਸੇ ਜਗ੍ਹਾ ਹੀ ਲੰਗਰ ਆ ਜਾਂਦਾ। ਪੰਗਤਾਂ ਲੁਆ ਕੇ ਸਭਨਾਂ ਨੂੰ ਖੁੱਲ੍ਹਾ ਭੰਡਾਰਾ ਵਰਤਦਾ। ਸੰਤ ਜੀ ਮਹਾਰਾਜ ਤਾਂ ਪ੍ਰਸ਼ਾਦਿ ਛਕ ਕੇ ਛੱਪਰੀਆਂ ਵਿੱਚ ਹੀ ਬਿਰਾਜ ਜਾਂਦੇ ਅਤੇ ਸੰਗਤ ਡੇਰੇ ਆ ਜਾਂਦੀ। ਸ਼ਾਮ ਨੂੰ ਦੀਵਾਨ ਬਰੇਤੀ ਉੱਪਰ ਹੀ ਸੱਜਦਾ।

## ਗ਼ੁੱਜਰ ਗੜ੍ਹੀ ਦੇ ਪ੍ਰੇਮੀ ਭਾਈ ਗੰਡਾ ਮਲ ਉੱਤੇ ਬਖ਼ਸ਼ਿਸ਼

ਇੱਕ ਪ੍ਰੇਮੀ ਜਿਸ ਦਾ ਨਾਮ ਗੰਡਾ ਮੱਲ ਸੀ, ਰੋਜ਼ ਸਵੇਰੇ ਦੋ ਵਜੇ 'ਕਲਪਾਣੀ' ਨਾਲੇ ਤੇ ਸੰਤਾਂ ਦੇ ਪਾਸ ਪੁੱਜਿਆ ਕਰੇ। ਪਹਿਲਾਂ ਆਪ ਇਸ਼ਨਾਨ ਕਰਦਾ ਫੇਰ ਸੰਤਾਂ ਨੂੰ ਕਰਾਉਂਦਾ। ਸੰਤ ਤਾਂ ਬਸਤਰ ਪਹਿਨ ਕੇ ਸਮਾਧੀ ਵਿੱਚ ਬੈਠ ਜਾਂਦੇ। ਗੰਡਾ ਮੱਲ ਹੋਤੀ ਡੇਰੇ ਜਾ ਕੇ ਸੰਤਾਂ ਵਾਸਤੇ ਪਾਲਕੀ ਲਿਆਉਂਦਾ। ਇਤਨੇ ਨੂੰ ਹੋਰ ਵੀ ਗੁੱਜਰ ਗੜ੍ਹੀ ਦੇ ਪ੍ਰੇਮੀ ਆ ਜਾਂਦੇ। ਸੰਤਾਂ ਨੂੰ ਅਸਵਾਰ ਕਰਾ ਕੇ ਪਾਲਕੀ ਨੂੰ ਮੋਢਿਆ ਤੇ ਚੁੱਕ ਕੇ ਗੁਰ ਸ਼ਬਦ ਦਾ ਜਾਪ ਕਰਦੇ ਹੋਤੀ ਡੇਰੇ ਆ ਪੁੱਜਦੇ। ਏਥੇ ਆ ਕੇ ਸੰਤ ਜੀ ਮਹਾਰਾਜ ਨੇ ੧੦੧ ਗਾਗਰ ਦੇ ਜਲ ਨਾਲ ਇਸ਼ਨਾਨ ਕਰਨਾ, ਫੇਰ ਸੰਤਾਂ ਨੇ ਬਸਤਰ ਪਾ ਕੇ ਦੀਵਾਨ ਵਿੱਚ ਸਜ ਜਾਣਾ। ੯ ਵਜੇ ਤੋਂ ਬਾਅਦ ਇੱਕ ਘੰਟਾ ਸੰਗਤਾਂ ਨੂੰ ਖੁਲ੍ਹੇ ਪੰਡਾਲ ਵਿੱਚ ਦਰਸ਼ਨ ਦੇ ਕੇ ਫੇਰ ਘੋੜੇ ਤੇ ਅਸਵਾਰ ਹੋ ਕੇ ਗੁਫਾ ਵੱਲ ਆ ਜਾਣਾ। ਨਾਲ ਹੀ ਭਾਈ ਗੰਡਾ ਮੱਲ ਹੁੰਦਾ ਸੀ, ਜਿਸ ਦੇ ਉੱਪਰ ਬੜੀ ਗ਼ਰੀਬੀ ਸੀ। ਸੰਤਾਂ ਨੂੰ ਇੱਕ ਦਿਨ ਇਸ ਦੀ ਹਾਲਤ ਤੇ ਤਰਸ ਆ ਗਿਆ। ਬਚਨ ਕੀਤਾ, "ਗੰਡਾ ਮੱਲ! ਤੂੰ ਦੁਕਾਨ ਪਾ ਲੈ ਤੇਰੀ ਗ਼ਰੀਬੀ ਦੂਰ ਹੋ ਜਾਏਗੀ।" ਇਸ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ! ਇਤਨੇ ਵੱਡੇ ਸਾਹੂਕਾਰਾਂ ਵਿੱਚ ਮੇਰੀ ਗ਼ਰੀਬ ਦੀ ਦੁਕਾਨ ਕਿਵੇਂ ਚੱਲੇਗੀ। ਮੈਥੋਂ ਗ਼ਰੀਬ ਤੋਂ ਤਾਂ ਕਿਸੇ ਨੇ ਵੀ ਸੌਦਾ ਨਹੀਂ ਲੈਣਾ। ਸੰਤਾਂ ਨੇ ਪ੍ਰਸੰਨ ਹੋ ਕੇ ਇਸ ਨੂੰ ਆਪਣੇ ਪਾਸੋਂ ਸਵਾ ਰੁਪਇਆ ਬਖ਼ਸ਼ ਦਿੱਤਾ ਕਿ ਤੂੰ ਇਸ ਨੂੰ ਆਪਣੇ ਗੱਲੇ ਵਿੱਚ ਰੱਖੀਂ, ਸਦਾ ਸੱਚ ਬੋਲੀ, ਚੀਜ਼ ਦਾ ਮੁੱਲ ਇੱਕ ਕਰੀਂ, ਜਾਹ ਕਿਸੇ ਚੀਜ਼ ਦਾ ਘਾਟਾ ਨਹੀਂ ਰਹੇਗਾ। ਬਾਬਾ ਜੀ ਦਾ ਹੁਕਮ ਮੰਨ ਕੇ ਗੰਡਾ ਮੱਲ ਨੇ ਆਪਣੇ ਨਗਰ ਵਿੱਚ ਇੱਕ ਦੁਕਾਨ ਪਾ ਲਈ। ਸੌਦਾ ਖਰਾ ਦੇਵੇ, ਮੁੱਲ ਇੱਕ ਕਰੇ ਤੇ ਸਦਾ ਸੱਚ ਬੋਲੇ। ਭਾਵੇਂ ਕੁਝ ਦਿਨ ਤਾਂ ਇਸ ਦਾ ਕੰਮ ਨਹੀਂ ਚੱਲਿਆ ਪਰ ਫਿਰ ਵੀ ਇਸ ਨੇ ਬਾਬਾ ਜੀ ਦੇ ਬਚਨਾਂ ਤੇ ਭਰੋਸਾ ਰੱਖਿਆ ਉਦਾਸ ਨਹੀਂ ਹੋਇਆ। ਇੱਕ ਮਹੀਨੇ ਤੋਂ ਬਾਅਦ ਸਾਰੇ ਨਗਰ ਵਿੱਚ ਧੁੰਮ ਪੈ ਗਈ ਕਿ ਗੰਡਾ ਮੱਲ ਦੀ ਚੀਜ਼ ਖਰੀ ਹੈ ਤੇ ਸੱਚ ਬੋਲਦਾ ਹੈ, ਘੱਟ ਨਹੀਂ ਤੋਲਦਾ।

ਬਸ ਫੇਰ ਕੀ ਸੀ ਇਸ ਦੀ ਦੁਕਾਨ ਤੇ ਸਦਾ ਹੀ ਗਾਹਕਾਂ ਦੀ ਭੀੜ ਲੱਗੀ ਰਹੇ। ਹੋਰ ਸਾਰੇ ਹੱਟੀਆਂ ਵਾਲੇ ਸ਼ਾਹੂਕਾਰ ਵਿਹਲੇ ਬਿਠਾਅ ਦਿੱਤੇ। ਸੰਤਾਂ ਦੇ ਬਚਨਾਂ ਸਦਕਾ ਇਸ ਦੀ ਗ਼ਰੀਬੀ ਦੂਰ ਹੋ ਗਈ। ਗੁਰੂ ਨਮਿਤ ਦਸਵੰਧ ਕਢਿਆ ਕਰੇ। ਡੇਰੇ ਦੀ ਸੇਵਾ ਪਹਿਲਾਂ ਵਾਗੂੰ ਹੀ ਇੱਕ ਰਸ ਕਰਦਾ ਰਿਹਾ। ਅੰਮ੍ਰਿਤ ਵੇਲੇ ਜਾਗ ਕੇ ਬਾਬਾ ਜੀ ਪਾਸ ਵੀ ਜਾਂਦਾ। ਇਸ਼ਨਾਨ ਕਰਾਉਦਾ ਬਾਣੀ ਪੜ੍ਹਦਾ ਪਾਲਕੀ ਨੂੰ ਮੋਢਾ ਲਾਉਂਦਾ। ਫਿਰ ਦਿਨ ਚੜ੍ਹੇ ਆ ਕੇ ਦੁਕਾਨ ਖੋਲ੍ਹਦਾ। ਗ੍ਰਹਿਸਥ ਵਿੱਚ ਰਹਿੰਦਿਆਂ ਹੀ ਪੂਰਨ ਗੁਰਸਿੱਖਾਂ ਵਾਲਾ ਜੀਵਨ ਬਤੀਤ ਕਰਦਾ। ਇਹ ਬਾਬਾ ਜੀ ਦੀ ਸੰਗਤ ਤੇ ਦਰਸ਼ਨਾਂ ਦੀ ਕ੍ਰਿਪਾ ਹੈ ਕਿ ਗ੍ਰਹਿਸਥ ਵਿੱਚ ਹੀ ਸਰਬ ਗੁਣ ਸੰਪੰਨ ਪੂਰਾ ਭਗਤ ਹੋ ਗਿਆ।

ਇਹ ਪ੍ਰਮੇਸ਼ਰ ਦੀ ਨੇਤ ਹੈ ਕਿ ਜੋ ਪ੍ਰਾਰਬਧ ਅਨੁਸਾਰ ਸਰੀਰ ਤੇ ਕਰਮ ਰੋਗ ਆਉਂਦਾ ਹੈ, ਇਹ ਹਰ ਕਿਸੇ ਨੂੰ ਹੀ ਭੋਗਣਾ ਪੈਂਦਾ ਹੈ। ਚਾਹੇ ਕੋਈ ਭਗਤ ਹੈ, ਚਾਹੇ ਸੰਸਾਰੀ ਜੀਵ ਪਰ ਫ਼ਰਕ ਸਿਰਫ ਇਤਨਾ ਹੈ ਕਿ ਗੁਰਮੁਖ ਤਾਂ ਭਾਈ ਭਿਖਾਰੀ ਜੀ ਵਾਗੂੰ ਸ਼ਾਂਤ ਰਹਿੰਦੇ ਹਨ ਪਰ ਮਨਮੁਖ ਤੜਫਦੇ ਹਨ। ਇਸੇ ਤਰ੍ਹਾਂ ਗੰਡਾ ਮੱਲ ਦੇ ਪੁੱਤਰ ਨੂੰ ਵੀ ਕੋਈ ਕਰਮ ਰੋਗ ਹੋ ਗਿਆ। ਪੈਰ ਤੋਂ ਲੈ ਕੇ ਸਾਰੀ ਲੱਤ ਸੁੱਜ ਗਈ। ਬਥੇਰਾ ਇਲਾਜ ਕਰਵਾਇਆ ਪਰ ਕੋਈ ਫ਼ਰਕ ਨਾ ਪਿਆ। ਡਾਕਟਰਾਂ ਨੂੰ ਵੀ ਦਿਖਾਇਆ ਪਰ ਕਿਸੇ ਨੂੰ ਰੋਗ ਦੀ ਸਮਝ ਨਾ ਆਈ। ਲੜਕੇ ਦੇ ਦੁੱਖ ਨਾਲ ਸਾਰਾ ਪ੍ਰਵਾਰ ਦੁਖੀ ਹੋ ਗਿਆ ਪਰ ਗੰਡਾ ਮੱਲ ਦਾ ਮਨ ਇੱਕ ਰਸ ਵਿੱਚ ਰਾਜ਼ੀ ਹੈ, ਕਿਉਂਕਿ ਸੰਤਾਂ ਤੇ ਪੂਰਨ ਨਿਸ਼ਚਾ ਹੈ। ਇਸ ਲਈ ਚਿਹਰੇ ਤੇ ਕੋਈ ਉਦਾਸੀ ਨਾ ਆਈ।

ਪ੍ਰਵਾਰ ਦੇ ਪ੍ਰੇਰਿਆਂ ਇੱਕ ਦਿਨ ਆਪਣੇ ਪੁੱਤਰ ਨੂੰ ਗੱਡੇ ਵਿੱਚ ਪਾ ਕੇ ਸੰਤਾਂ ਦੇ ਪਾਸ ਲੈ ਆਇਆ। ਆਪ ਨਮਸਕਾਰ ਕੀਤੀ ਅਤੇ ਉਸ ਨੂੰ ਵੀ ਮੱਥਾ ਟਿਕਾਇਆ। ਫਿਰ ਪਾਸ ਬੈਠ ਕੇ ਰੋਗ ਦੀ ਪੀੜਾ ਨਿਵਿਰਤੀ ਲਈ ਬੇਨਤੀ ਕੀਤੀ। ਬਾਬਾ ਜੀ ਉਸ ਸਮੇਂ 'ਕਲਪਾਣੀ' ਦੇ ਕੰਢੇ ਬੈਠੇ ਸਨ। ਬੇਨਤੀ ਸੁਣ ਕੇ ਮੇਹਰਾਂ ਦੇ ਘਰ ਵਿੱਚ ਆਏ ਅਤੇ ਬੈਂਤ ਦੇ ਪੱਤੇ ਆਪਣੇ ਹੱਥ ਵਿੱਚ ਲੈ ਕੇ ਰੋਗੀ ਦੀ ਲੱਤ ਉੱਪਰ ਫੇਰੇ। ਪਾਣੀ ਦੇ ਛਿੱਟੇ ਮਾਰੇ ਅਤੇ ਬਚਨ ਕੀਤਾ, "੨੫ ਦਾਣੇ ਕਾਲੀ ਮਿਰਚ ਦੇ ਚਬਾਕੇ ਉੱਪਰੋਂ ਦੁੱਧ ਘਿਉ ਪਿਲਾ ਦਿਉ।" ਸੰਤਾਂ ਦਾ ਬਚਨ ਮੰਨ ਕੇ ਗੰਡਾ ਮੱਲ ਨੇ ਉਸੇ ਸਮੇਂ ਹੀ ਸੰਤਾਂ ਦੇ ਪਾਸ ਬੈਠਿਆਂ ਦੁੱਧ ਘਿਉ ਅਤੇ ਮਿਰਚਾ ਛਕਾ ਦਿੱਤੀਆਂ। ਉਸ ਸਮੇਂ ਹੀਂ ਸਭ ਦੇ ਦੇਖਦਿਆਂ-ਦੇਖਦਿਆਂ ਪੈਰ ਇੱਕ ਜਗ੍ਹਾ ਤੋਂ ਫੁੱਟ ਪਿਆ। ਸਾਰਾ ਲਹੂ ਪਾਕ ਨਿਕਲ ਗਿਆ ਤੇ ਵਿੱਚੋਂ ਇੱਕ ਕੱਚ ਦਾ ਟੋਟਾ ਨਿਕਲਿਆ। ਉਸ ਸਮੇਂ

ਹੀਂ ਕਾਕੇ ਨੂੰ ਆਰਾਮ ਆ ਗਿਆ। ਪਰ ਫੇਰ ਵੀ ਇਸ ਭੇਦ ਨੂੰ ਛੁਪਾਉਣ ਵਾਸਤੇ ਸੰਤਾਂ ਨੇ ਇੱਕ ਬੂਟੀ ਦਿੱਤੀ ਕਿ ਇਸ ਨੂੰ ਸਰੋਂ ਦੇ ਤੇਲ ਵਿੱਚ ਸਾੜ ਕੇ ਮਲ੍ਹਮ ਬਣਾ ਕੇ ਲਾ ਦਿਉ। ਜਾਉ ਹੁਣ ਇਸ ਨੂੰ ਘਰ ਲੈ ਜਾਉ, ਕਾਕਾ ਰਾਜ਼ੀ ਹੈ। ਉਹ ਹੁਕਮ ਮੰਨ ਕੇ ਕਾਕੇ ਨੂੰ ਘਰ ਲੈ ਗਿਆ। ਸੰਤਾਂ ਦੀ ਕ੍ਰਿਪਾ ਨਾਲ ਅੱਠਾ ਦਿਨਾਂ ਵਿੱਚ ਹੀ ਰਾਜ਼ੀ ਹੋ ਗਿਆ। ਉਸ ਦਿਨ ਤੋਂ ਬਾਅਦ ਫਿਰ ਦੋਵੇਂ ਪਿਤਾ ਪੁੱਤਰ ਸੰਤਾਂ ਦੀ ਸੇਵਾ ਵਿਚ ਹਾਜ਼ਰੀ ਭਰਿਆ ਕਰਨ ਤੇ ਆਖਿਆ ਕਰਨ।

# ਭਾਈ ਕਾਕਾ ਸਿੰਘ ਉੱਤੇ ਕ੍ਰਿਪਾ ਦ੍ਰਿਸ਼ਟੀ

'ਗੱਲਾ ਢੇਰ' ਨਾਮੇ ਨਗਰ ਦਾ (ਜੋ ਹੋਤੀ ਮਰਦਾਨ ਦੇ ਪਾਸ ਹੀ ਹੈ) ਇੱਕ ਕਾਕਾ ਸਿੰਘ ਨਾਮ ਦਾ ਪ੍ਰੇਮੀ ਹੁੰਦਾ ਸੀ ਜੋ ਆਪਣੇ ਪਿੰਡ ਵਿੱਚ ਦੁਕਾਨ ਕਰਦਾ ਸੀ। ਖ਼ਿਆਲ ਬੜੇ ਚੰਗੇ ਸਨ। ਕਾਰ ਵਿਹਾਰ ਸੱਚਾ ਸੀ। ਲੋਕ ਬੜੇ ਪ੍ਰਸੰਨ ਸਨ। ਇੱਕ ਦਿਨ ਇਸ ਕਾਕਾ ਸਿੰਘ ਨੇ ਬਾਬਾ ਕਰਮ ਸਿੰਘ ਜੀ ਦੇ ਚਰਨਾਂ ਵਿੱਚ ਆਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਦਾਸ ਨੂੰ ਵੀ ਕ੍ਰਿਪਾ ਕਰਕੇ ਨਾਮ ਦੀ ਦਾਤ ਬਖ਼ਸ਼ੋ। ਮਨ ਪ੍ਰਭੂ ਸਿਮਰਨ ਵਿੱਚ ਜੁੜਿਆ ਰਹੇ, ਜਿਸ ਕਰਕੇ ਧਾਰਨ ਕੀਤਾ ਅਮੋਲਕ ਮਨੁੱਖਾ ਜਨਮ ਸਫ਼ਲਾ ਹੋਵੇ"।

ਉਸ ਦੀ ਬੇਨਤੀ ਸੁਣ ਕੇ ਦੀਨ ਦਿਆਲ ਪਰਮ ਕ੍ਰਿਪਾਲੂ ਬਾਬਾ ਕਰਮ ਸਿੰਘ ਜੀ ਮਹਾਰਾਜ ਨੇ ਉਸਦਾ ਹਿਰਦਾ ਰੂਪੀ ਬਰਤਨ ਸਾਫ਼ ਦੇਖਿਆ ਕਿ ਹਿਰਦਾ ਸ਼ੁੱਧ ਹੈ। ਉਪਦੇਸ਼ ਕਾਟ ਕਰੇਗਾ। ਮਹਾਤਮਾ ਤਾਂ ਅਧਿਕਾਰੀ ਦਾ ਹਿਰਦਾ ਦੇਖਦੇ ਹਨ ਕਿ ਸ਼ੁੱਧ ਹੈ ਜਾਂ ਅਸ਼ੁੱਧ? ਵਸਤੂ ਦੇਂਦਿਆਂ ਦੇਰ ਨਹੀਂ ਕਰਦੇ। ਪਰ ਅੱਗੇ ਸੰਭਾਲਣ ਦੀ ਸ਼ਕਤੀ ਹੋਵੇ। ਅਨ ਅਧਿਕਾਰੀ ਪ੍ਰਤੀ ਭਗਤ ਜੀ ਫੁਰਮਾਉਂਦੇ ਹਨ:

ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥
ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥

(ਪੰਨਾ ੧੩੬੫)

ਤਥਾ: ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ ॥
ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥

(ਪੰਨਾ ੧੦੮੬)

ਪਹਿਲਾਂ ਸੱਤ ਪੁਰਖ ਜਗਿਆਸੂ ਨੂੰ ਜਪ ਤਪ ਤਤਿਖਿਆ ਦੁਆਰਾ ਸੇਵਾ ਵਿੱਚ ਲਾ ਕੇ ਉਸ ਦਾ ਹਿਰਦਾ ਸ਼ੁੱਧ ਕਰਦੇ ਹਨ। ਫਿਰ ਨਾਮ ਦੀ ਦਾਤ ਬਖ਼ਸ਼ਦੇ ਹਨ। ਜਿਵੇਂ ਜ਼ਿਮੀਦਾਰ ਪਹਿਲਾਂ ਧਰਤੀ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਫੇਰ ਉਸ ਵਿੱਚ ਬੀਜ ਬੀਜਦਾ ਹੈ। ਬੰਜ਼ਰ ਵਿੱਚ ਬੋਇਆ ਬੀਜ ਵੀ ਨਿਸਫ਼ਲ ਜਾਂਦਾ ਹੈ। ਫੇਰ ਧਰਤੀ ਨੂੰ ਬਣਾ ਕੇ ਜੇ ਬੀਜ ਨਾ ਬੀਜੇ ਤਾਂ ਉਸ ਦੀ ਮਿਹਨਤ ਨਿਸਫ਼ਲ ਜਾਂਦੀ ਹੈ। ਕਿਉਂਕਿ ਉਸ ਵਿੱਚ ਘਾਹ ਫੂਸ ਤੇ ਝਾੜ ਹਰੇ ਹੋ ਜਾਂਦੇ ਹਨ। ਕਲਰੀ ਪੈ ਜਾਂਦੀ ਹੈ।

ਜੈਸੇ ਧਰਤੀ ਸਾਧੈ ਬਹੁ ਬਿਧਿ ਬਿਨੁ ਬੀਜੈ ਨਹੀ ਜਾਂਮੈ ॥

(ਪੰਨਾ ੧੨੦੪)

ਅਤੇ ਬਿਨ ਰੁੱਤ ਤੋਂ ਬੀਜਿਆ ਬੀਜ ਬਿਰਥਾ ਹੈ:

ਕੁਰੁਤਾ ਬੀਜੁ ਬੀਜੇ ਨਹੀ ਜੰਮੈ
ਸਭੁ ਲਾਹਾ ਮੂਲੁ ਗਵਾਇਦਾ ॥

(ਪੰਨਾ ੧੦੭੫)

ਇਸੇ ਤਰ੍ਹਾਂ ਬੁੱਧੀ ਰੂਪੀ ਧਰਤੀ ਵਿੱਚ ਇਸ ਨੂੰ ਸ਼ੁੱਧ ਕਰਕੇ ਨਾਮ ਰੂਪੀ ਬੀਜ ਬੀਜਣਾ ਸਫ਼ਲਾ ਹੈ। ਪਰ ਇਹ ਪੂਰਨ ਸਾਧੂਆਂ ਦੀ ਸੰਗਤ 'ਚੋਂ ਪ੍ਰਾਪਤ ਹੁੰਦਾ ਹੈ। ਉਸ ਸਮੇਂ 'ਕਲਪਾਣੀ' ਦੇ ਕਿਨਾਰੇ ਬੈਠੇ ਸੰਤ ਜੀ ਨੇ ਇਸ ਦੀ ਬੇਨਤੀ ਸੁਣ ਕੇ ਅਤੇ ਇਸ ਨੂੰ ਇਲਾਹੀ ਵਸਤੂ ਦੇ ਲਾਇਕ ਜਾਣ ਕੇ ਅੰਮ੍ਰਿਤ ਰੂਪੀ ਉਪਦੇਸ਼ ਦੀ ਬਖ਼ਸ਼ਿਸ਼ ਕੀਤੀ ਅਤੇ ਕਿਹਾ, "ਸਵੇਰੇ ਅੰਮ੍ਰਿਤ ਵੇਲੇ ਦੋ ਵਜੇ ਜਾਗ ਕੇ ਇਸ਼ਨਾਨ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਅੰਮ੍ਰਿਤ ਰੂਪੀ ਬਾਣੀ ਮੁਕਤੀ ਦਾਤਾ ਸ੍ਰੀ ਜਪੁਜੀ ਸਾਹਿਬ ਜੀ ਦੇ ਪੰਜ ਪਾਠ ਕਰਿਆ ਕਰੋ। ਫਿਰ ਦਿਨ ਚੜ੍ਹੇ ਤੱਕ ਇਕਾਗਰ ਮਨ ਦੁਆਰਾ ਗੁਰ ਸ਼ਬਦ ਦਾ ਅਭਿਆਸ ਕਰਿਆ ਕਰੋ। ਦਿਨ ਚੜ੍ਹੇ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰਨੀਆਂ ਅਤੇ ਕੀਰਤਨ ਸੁਣਨਾ, ਫਿਰ ਸੱਚ ਦਾ ਵਿਹਾਰ ਕਰਨਾ, ਆਏ ਅਭਿਅਗਤ ਸਿੱਖ ਸਾਧ ਦੀ ਰੋਟੀ ਕਪੜੇ ਦੁਆਰਾ ਸੇਵਾ ਕਰਨੀ। ਮੁੱਖੋਂ ਸੱਚ ਬੋਲਣਾ ਤੇ ਸੱਚ ਦਾ ਹੀ ਵਿਹਾਰ ਕਰਨਾ। ਸੱਚ ਵਾਲੇ ਦੀ ਸਦਾ ਜੈ ਹੁੰਦੀ ਹੈ। ਸੱਚ ਬੋਲਣ ਕਰਕੇ ਸਭ ਕਾਜ ਸੁਹੇਲੇ ਹੁੰਦੇ ਹਨ। ਜਾਓ ਗੁਰੂ ਕੇ ਲਾਲ! ਬੇੜੇ ਪਾਰ ਹੋ ਜਾਣਗੇ। ਕਾਕਾ ਸਿੰਘ ਜੀ! ਅੱਜ ਪੂਰਨ-ਮਾਸ਼ੀ ਦਾ ਪੁਰਬ ਹੈ ਇਹ ਮਹੂਰਤ ਨਛੱਤਰ ਤੁਹਾਡੀ ਮਦਦ ਕਰ ਰਹੇ ਹਨ। ਅੱਜ ੨੧ ਬੀਬੀਆਂ, ੩੩ ਗੁਰਸਿੱਖਾਂ ਤੇ ਇੱਕ ਤੁਸਾਂ ਨਾਮ

ਅੰਮ੍ਰਿਤ ਨੂੰ ਪਾਨ ਕੀਤਾ ਹੈ। ਚੰਗੇ ਭਾਗ ਲੈ ਕੇ ਆਏ ਹੋ ਤੁਹਾਡੇ ਅੰਦਰ ਨਾਮ ਵਸੇਗਾ, ਜੋ ਵੀ ਤੁਹਾਡੀ ਸੰਗਤ ਕਰੇਗਾ ਉਸ ਦਾ ਉਧਾਰ ਹੋ ਜਾਏਗਾ।" ਇਹ ਹਜ਼ੂਰ ਦੇ ਬਚਨ ਸੁਣ ਕੇ 'ਸਾਚ ਵਖਰ ਕੇ ਵਾਪਾਰੀ ਵਿਰਲੇ' ਕਾਕਾ ਸਿੰਘ ਜੀ ਵੀ ਹਰੀ ਧਨ ਦੇ ਵਪਾਰੀ ਬਣ ਕੇ ਆਏ।

ਹਰਿ ਰਸੁ ਸਾਧੂ ਹਾਟਿ ਸਮਾਇ ॥

(ਪੰਨਾ ੩੭੭)

ਇਸ ਅਸਲੀ ਸੱਚੀ ਦੁਕਾਨ ਤੋਂ ਤਨ ਮਨ ਦੀ ਭੇਟਾ ਦੇ ਕੇ ਕਾਕਾ ਸਿੰਘ ਨੇ ਅਸਲੀ ਧਨ ਖ਼ਰੀਦਿਆ ਤੇ ਬਾਬਾ ਜੀ ਨੂੰ ਨਮਸਕਾਰ ਕਰ ਆਗਿਆ ਪਾ ਕੇ ਘਰ ਆ ਗਿਆ। ਪਿੰਡ ਆ ਕੇ ਖ਼ੂਬ ਅਭਿਆਸ ਕੀਤਾ। ਬਸ ਫਿਰ ਕੀ ਸੀ ਆਉਂਦਿਆ ਹੀ ਨਾਮ ਦੀ ਰੰਗਣ ਚੜ੍ਹ ਗਈ ਅਤੇ ਸੱਚਾ ਫ਼ਕੀਰ ਬਣ ਗਿਆ। ਇਸ ਦੇ ਸਿਮਰਨ ਦੀਆਂ ਸਾਰੇ ਇਲਾਕੇ ਵਿੱਚ ਧੁੰਮਾਂ ਪੈ ਗਈਆਂ। ਅੰਮ੍ਰਿਤ ਵੇਲਾ ਨਾਮ ਸਿਮਰਨ ਵਿੱਚ ਸਫ਼ਲਾ ਕਰਕੇ ਫਿਰ ਦਿਨ ਚੜ੍ਹੇ ਦੁਕਾਨਦਾਰੀ ਕਰਦਾ। ਪਰੰਤੂ ਕੇਵਲ ਨਿਰਬਾਹ ਵਾਸਤੇ ਹੀ। ਜਦੋਂ ਦੋ ਚਾਰ ਦਿਨਾਂ ਦਾ ਰਾਸਨ ਜਮ੍ਹਾ ਹੋ ਜਾਂਦਾ ਫਿਰ ਦੁਕਾਨ ਨੂੰ ਬੰਦ ਕਰਕੇ ਕਈ-ਕਈ ਦਿਨ ਇਕਾਂਤ ਜੰਗਲ ਵਿੱਚ ਜਾ ਬੈਠਣਾ ਤੇ ਭਜਨ ਕਰਨਾ ਇਸ ਦਾ ਨੇਕ ਚਲਣ ਦੇਖਕੇ ਆਦਮ ਖ਼ੋਰ ਪਠਾਣ ਵੀ ਝੁਕ ਗਏ। ਅਤੇ ਆਪਣੀ ਬੋਲੀ ਪਸ਼ਤੋ ਵਿੱਚ ਸਿਫ਼ਤ ਕਰਿਆ ਕਰਨ ਕਿ 'ਕਾਕਾ ਖਾਸੜੇ ਦੀ ਰਿਸ਼ਤਿਆਂ ਬਾਇਆ ਦਰੋਗ ਨਾਦੀ ਬਾਇਆ' 'ਕਾਕਾ ਸਿੰਘ ਭਲਾ ਆਦਮੀ ਹੈ। ਸਦਾ ਸੱਚ ਬੋਲਦਾ ਹੈ। ਕਦੇ ਝੂਠ ਨਹੀਂ ਬੋਲਦਾ'। ਇਉਂ ਬਾਬਾ ਜੀ ਦੀ ਕ੍ਰਿਪਾ ਸਦਕਾ ਪਠਾਣ ਵੀ ਇਸਦਾ ਅਦਬ ਕਰਨ ਲੱਗ ਪਏ ਅਤੇ ਇਸੇ ਦੀ ਦੁਕਾਨ ਵਿੱਚੋਂ ਹੀ ਸੌਦਾ ਖ਼ਰੀਦਿਆ ਕਰਨ ਅੰਤ ਨੂੰ ਸਦਾ ਸੱਚ ਵਾਲਿਆਂ ਦੀ ਵਡਿਆਈ ਤੇ ਜੈ ਹੁੰਦੀ ਹੈ।

ਯਥਾ: ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥

(ਪੰਨਾ ੧੩੬)

ਇੱਕ ਸਮੇਂ ਬਾਬਾ ਜੀ ਦੀ ਹਜ਼ੂਰੀ ਵਿੱਚ ਦਸਮੀ ਦੇ ਜੋੜ ਮੇਲੇ ਤੇ ਕਾਕਾ ਸਿੰਘ ਨਾਲ ਬਹੁਤ ਸੰਗਤ ਆਈ, ਜਿਸ ਵਿੱਚ ਸਹਿਜ ਧਾਰੀ ਸਿੱਖ ਤੇ ਮੁਸਲਮਾਨ ਪਠਾਣ ਵੀ ਸਨ। ਬਾਬਾ ਜੀ ਪਾਸ ਪਹਿਲਾਂ ਹੀ ਕਨਸੋਆਂ ਪੁੱਜ ਗਈਆਂ ਸਨ ਕਿ, "ਤੁਹਾਡੇ ਚਰਨਾਂ 'ਚੋਂ ਵਰੋਸਾਏ ਭਾਈ ਕਾਕਾ ਸਿੰਘ ਦੀ ਸੰਗਤ ਨੇ ਕਈ ਮੁਸਲਮਾਨ ਵੀ ਗੁਰੂ ਘਰ ਦੇ ਪ੍ਰੇਮੀ ਬਣਾ ਦਿੱਤੇ ਹਨ। ਜਿਵੇਂ ਬੂਟੇ ਨੂੰ ਫ਼ਲ ਲੱਗਿਆ ਦੇਖ ਕੇ ਮਾਲੀ ਦਾ ਮਨ ਪ੍ਰਸੰਨ ਹੁੰਦਾ ਹੈ, ਇਮਤਿਹਾਨ ਚੋਂ ਵਿਦਿਆਰਥੀ ਨੂੰ ਫਸਟ ਆਇਆਂ ਜਾਣ ਕੇ ਸਕੂਲ ਦੇ ਮਾਸਟਰ ਦਾ ਮਨ ਪ੍ਰਸੰਨ ਹੁੰਦਾ ਹੈ, ਇਸੇ ਤਰ੍ਹਾਂ ਸੇਵਕ ਦੀ ਵਡਿਆਈ ਤੇ ਕਮਾਈ ਦੇ ਬਚਨ ਸੁਣਕੇ ਮਹਾਂ ਪੁਰਸ਼ਾਂ ਦਾ ਮਨ ਵੀ ਪ੍ਰਸੰਨ ਹੁੰਦਾ ਹੈ।

ਉਸ ਸਮੇਂ ਲੰਗਰ ਅਸਥਾਨ ਦੇ ਹੇਠਲੇ ਪਾਸੇ 'ਕਲਪਾਣੀ' ਦੇ ਪਾਸ ਦੀਵਾਨ ਸਜਿਆ ਹੋਇਆ ਸੀ, ਜਿੱਥੇ ਸਾਇਬਾਨ ਤਣੇ ਹੋਏ ਸਨ। ਸੁਨਹਿਰੀ ਪਾਲਕੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ। ਉਸ ਜਗ੍ਹਾ ਬਾਬਾ ਜੀ ਇੱਕ ਪਾਸੇ ਰਾਗੀ ਸਿੰਘਾਂ ਦੇ ਪਾਸ ਸਜੇ ਹੋਏ ਸੰਗਤਾਂ ਨੂੰ ਦਰਸ਼ਨ ਦੇ ਰਹੇ ਸਨ। ਗੁਰਬਾਣੀ ਦਾ ਅਖੰਡ ਕੀਰਤਨ ਹੋ ਰਿਹਾ ਸੀ। ਰੱਬੀ ਸਿਫ਼ਤ ਵਿੱਚ ਜੁੜੇ ਗੁਰੂ ਚਰਨਾਂ ਦੇ ਭੌਰੇ ਇਸ ਰੂਹਾਨੀ ਅਨੰਦ ਨੂੰ ਮਾਣ ਰਹੇ ਸਨ। ਇਸ ਸਮੇਂ ਜੋ ਅੰਮ੍ਰਿਤਮਈ ਨਾਮ ਦੀ ਵਰਖਾ ਦਾ ਅਨੰਦ ਗੁਰੂ ਪਿਆਰੇ ਲੈ ਰਹੇ ਸਨ। ਉਹ ਅਨੰਦ ਤਾਂ ਉਹੋ ਹੀ ਦਸ ਸਕਦੇ ਹਨ।

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥

(ਪੰਨਾ ੧੩੭੦)

ਅਥਵਾ: ਕਵਨ ਉਪਮਾ ਦੇਉ ਕਵਨ ਵਡਾਈ ਨਾਨਕ ਖਿਨੁ ਖਿਨੁ ਵਾਰੇ ॥

(ਪੰਨਾ ੪੯੬)

ਪਰ ਗੁਰੂ ਦਰਬਾਰ ਦੀ ਸੋਭਾ ਵੀ ਦੇਖਣ ਵਾਲਿਆਂ ਦੇ ਮਨਾਂ ਨੂੰ ਧੂਹ ਪਾਉਂਦੀ। ਸੰਗਤ ਦੀ ਬੜੀ ਭੀੜ ਜੁੜੀ ਸੀ। ਅਰਦਾਸੀਆ ਸਿੱਖ ਦਰਸ਼ਨ ਕਰਨ ਵਾਲੇ ਪ੍ਰੇਮੀਆਂ ਨੂੰ ਇੱਕ ਪਾਸੇ ਦੀ ਦਰਸ਼ਨ ਕਰਵਾਕੇ ਦੂਜੇ ਪਾਸੇ ਬਿਠਾਈ ਜਾਂਦਾ ਸੀ। ਹਜ਼ੂਰ ਦੀ ਭੇਟਾ ਮਾਇਆ ਬਸਤਰ, ਬਰਤਨ, ਪਤਾਸੇ, ਮਿਸਰੀ, ਬਾਦਾਮ, ਇਲੈਚੀ ਆਦਿਕ ਪ੍ਰਸ਼ਾਦਿ ਦੇ ਪ੍ਰੇਮੀਆਂ ਵਲੋਂ ਢੇਰ ਲਗ ਗਏ। ਮੱਥਾ ਟੇਕਣ ਵਾਲਿਆਂ ਨੂੰ ਇਲੈਚੀਆਂ ਤੇ ਮਿਸਰੀ ਦਾ ਪ੍ਰਸ਼ਾਦਿ ਦਿੱਤਾ ਜਾਂਦਾ। ਦਰਸ਼ਨ ਕਰਨ ਵਾਲੇ ਪ੍ਰੇਮੀ ਆਪਣੇ ਆਪ ਨੂੰ ਧੰਨ ਸਮਝਦੇ।

ਯਥਾ: ਵਡੈ ਭਾਗਿ ਦੇਵੈ ਪਰਮੇਸਰੁ
ਕੋਟਿ ਫਲਾ ਦਰਸਨ ਗੁਰ ਡੀਠੇ ॥

(ਪੰਨਾ ੭੧੭)

ਅਥਵਾ: ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥

(ਪੰਨਾ ੮੦੯)

ਤਥਾ: ਸਾਧ ਕੀ ਸੋਭਾ ਸਾਧ ਬਨਿ ਆਈ ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥

(ਪੰਨਾ ੨੭੨)

ਧੰਨ ਭਾਗ ਹਨ ਦਰਸ਼ਨ ਕਰਨ ਵਾਲਿਆਂ ਦੇ ਦਰਸ਼ਨ ਕਰਕੇ ਪ੍ਰੇਮੀਆਂ ਦਾ ਮਨ ਤ੍ਰਿਪਤ ਨਹੀਂ ਹੁੰਦਾ। ਸਾਰੀਆਂ ਸੰਗਤਾਂ ਸੰਤਾਂ ਦੇ ਦਰਸ਼ਨ ਕਰਕੇ ਨਿਹਾਲ ਹੋ ਰਹੀਆਂ ਹਨ। ਭਾਈ ਕਾਕਾ ਸਿੰਘ ਜੀ ਦੇ ਨਾਲ ਆਏ ਸਹਿਜਧਾਰੀ ਵੀਰ ਮੁਸਲਮਾਨ ਪਠਾਣ ਆਪੋ ਆਪਣੀ ਭੇਟਾ ਅਰਪ ਕਰਕੇ ਸ਼ਰਧਾ ਸਹਿਤ ਬਾਬਾ ਜੀ ਦੇ ਚਰਨ ਪਰਸ ਰਹੇ ਹਨ। ਜਦੋਂ ਕਾਕਾ ਸਿੰਘ ਦੀ ਵਾਰੀ ਆਈ ਉਹ ਤਾਂ ਸੰਤਾਂ ਦੇ ਚਰਨਾਂ ਨਾਲ ਹੀ ਲਿਪਟ ਗਿਆ। ਨੇਤ੍ਰਾਂ 'ਚੋਂ ਜਲ ਵਹਿ ਤੁਰਿਆ।

ਮੈ ਨੀਰੁ ਵਹੇ ਵਹਿ ਚਲੈ ਜੀਉ ॥

(ਪੰਨਾ ੯੪)

ਵੈਰਾਗ ਥੰਮਿਆ ਨਾ ਜਾਵੇ। ਮਹਾਂ ਪੁਰਸ਼ਾਂ ਨੇ ਸੀਸ ਤੇ ਹੱਥ ਰੱਖਿਆ ਅਤੇ ਆਪਣੇ ਪਾਵਨ ਹੱਥਾਂ ਨਾਲ ਚਰਨਾਂ ਤੋਂ ਸੀਸ ਚੁੱਕ ਕੇ ਉੱਚਾ ਕੀਤਾ ਅਤੇ ਆਖਿਆ, "ਗੁਰੂ ਪਿਆਰੇ! ਸਾਵਧਾਨ ਹੋਵੋ ਅਤੇ ਵੈਰਾਗ ਰੋਕੋ।" ਬਾਬਾ ਜੀ ਦੇ ਕਥਨ ਅਨੁਸਾਰ ਇਸ ਨੇ ਧੀਰਜ ਧਰੀ ਅਤੇ ਜੋ ਧਰਮ ਦੀ ਕਿਰਤ 'ਚੋਂ ਦਸਵੰਧ ਕੱਢਿਆ ਸੀ, ਉਹ ਮਾਇਆ ਭੇਟ ਕੀਤੀ। ਸੰਤਾਂ ਨੇ ਇਸ ਨੂੰ ਇਸ਼ਾਰਾ ਕਰ ਕੇ ਆਪਣੇ ਪਾਸ ਹੀ ਇੱਕ ਪਾਸੇ ਬਿਠਾਅ ਲਿਆ। ਹੋਰ ਵੀ ਨਾਲ ਦੇ ਸਾਥੀ ਭੇਟਾ ਅਰਪ ਕੇ ਹਜ਼ੂਰੀ ਵਿੱਚ ਬੈਠੇ ਪਾਵਨ ਦਰਸ਼ਨ ਕਰ ਰਹੇ ਸਨ। ਇਨ੍ਹਾਂ ਵਿੱਚੋਂ ਇੱਕ ਬੜਾ ਵੈਰਾਗ ਵਾਲਾ ਮੁਸਲਮਾਨ ਵੀ ਸੀ। ਜਿਸ ਦਾ ਪਿੱਛਾ ਕੰਧਾਰ ਦਾ ਸੀ। ਇਸ ਨੂੰ ਸਾਰੇ ਹੀ ਲੋਕੀਂ ਮੀਆਂ ਕੰਧਾਰੀ ਕਹਿ ਕੇ ਬੁਲਾਉਂਦੇ ਸਨ। ਇਹ ਸੰਤਾਂ ਦੀ ਭੇਟਾ ਕਰਨ ਲਈ ਬੜੇ ਸਿਦਕ ਨਾਲ ਕਾਲੀ ਉਨ ਦਾ ਹੱਥੀਂ ਕੱਤ ਕੇ ਇੱਕ ਬੜਾ ਮੁਲਾਇਮ ਆਸਣ ਤਿਆਰ ਕਰਕੇ ਲਿਆਇਆ ਸੀ। ਇਸ ਦੇ ਖਾਨਦਾਨ ਦੇ ਕਿਸੇ ਵੱਡੇ ਬਜ਼ੁਰਗ ਨੂੰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਤੇ ਵਰ ਹੋਏ ਸਨ। ਜਿਸ ਕਰਕੇ ਇਹ ਵੀ ਗੁਰੂ ਘਰ ਦਾ ਬੜਾ ਸਰਧਾਲੂ ਤੇ ਪ੍ਰੇਮੀ ਸੀ। ਇਸ ਨੇ ਸੰਤਾਂ ਦੇ ਚਰਨ ਪਰਸੇ ਤੇ ਆਸਣ ਭੇਟ ਕੀਤਾ। ਸੰਤਾਂ ਨੇ ਇਸ ਦਾ ਪਿਆਰ ਦੇਖ ਕੇ ਬੜੇ ਸਤਿਕਾਰ ਨਾਲ ਪਾਸ ਬਿਠਾਇਆ ਅਤੇ ਇਸ ਮਹਾਂ ਪੁਰਸ਼ ਦੀ ਪਵਿੱਤਰ ਨਿਸ਼ਾਨੀ ਆਸਣ ਨੂੰ ਆਪਣੀ ਛਾਤੀ ਨਾਲ ਲਾ ਕੇ ਗੋਡਿਆਂ ਤੇ ਰੱਖ ਲਿਆ। ਫੇਰ ਇਸ ਨੂੰ ਵਰ ਦੇ ਕੇ ਨਿਹਾਲ ਕਰ ਦਿੱਤਾ। ਉਸ ਆਸਣ ਨੂੰ ਸੰਤ ਹਮੇਸ਼ਾ ਹੀ ਆਪਣੇ ਪਾਸ ਰੱਖਦੇ ਕਿਉਂਕਿ ਭਜਨ ਕਰਨ ਵਾਲੇ ਫ਼ਕੀਰ ਨੇ ਬੜੇ ਚਾਅ ਨਾਲ ਬਣਾਇਆ ਸੀ। ਇਤਨੇ ਨੂੰ ਦੀਵਾਨ ਦੀ ਸਮਾਪਤੀ ਹੋਈ। ਅਰਦਾਸ ਤੋਂ ਬਾਅਦ ਕੜਾਹ ਪ੍ਰਸ਼ਾਦ ਦੀ ਦੇਗ ਵਰਤੀ। ਫੇਰ ਸੰਗਤ ਨੇ ਕੜਾਹ ਪ੍ਰਸ਼ਾਦ ਛਕਿਆ। ਸ਼ਾਮ ਦੇ ਵਕਤ ਸੰਤਾਂ ਨੂੰ ਪਾਲਕੀ ਵਿੱਚ ਅਸਵਾਰ ਕਰਾਕੇ ਬੈਂਡ ਵਾਜੇ ਤੇ ਨਰ ਸਿੰਗਿਆਂ ਦੀ ਘਨਘੋਰ ਨਾਲ ਸੰਗਤਾਂ ਆਪ ਜੀ ਨੂੰ ਗੁਫਾ ਵੱਲ ਬਰੇਤੀ ਤੇ ਲੈ ਆਈਆਂ। ਇਸ ਜਗ੍ਹਾ ਆਪ ਜੀ ਪਾਲਕੀ ਤੋਂ ਉੱਤਰ ਕੇ ਨਦੀ ਕਿਨਾਰੇ ਜਾ ਬੈਠੇ ਅਤੇ ਸੰਗਤ ਨੂੰ ਡੇਰੇ ਜਾਣ ਦੀ ਆਗਿਆ ਹੋਈ। ਹਰ ਰੋਜ਼ ਵਾਂਗ ਰਾਤ ਦੇ ਗਿਆਰਾਂ ਵਜੇ ਸੰਤਾਂ ਵਾਸਤੇ ਬਾਹਰ ਹੀ ਦੁੱਧ ਤੇ ਪ੍ਰਸ਼ਾਦਾ ਆਇਆ। ਸਾਰੇ ਸਾਧੂਆਂ ਨੂੰ ਵੀ ਪੰਗਤਾਂ ਲਗਾ ਕੇ ਗੁਰੂ ਕਾ ਲੰਗਰ ਵਰਤਾਇਆ ਗਿਆ। ਸੰਤਾਂ ਸਮੇਤ ਪ੍ਰਸ਼ਾਦਿ ਛਕ ਕੇ ਸਾਰੇ ਹੀ ਬਿਰਾਜ ਗਏ ਨਿਯਮ ਅਨੁਸਾਰ ਅੰਮ੍ਰਿਤ ਵੇਲੇ ਸਾਵਧਾਨ ਹੋ ਕੇ ਸੌਚ ਇਸ਼ਨਾਨ ਕੀਤਾ ਤੇ ਸਮਾਧੀ ਵਿੱਚ ਲੀਨ ਹੋ ਗਏ। ਦਿਨ ਚੜ੍ਹੇ ਡੇਰੇ ਤੋਂ ਪਾਲਕੀ ਆ ਗਈ। ਸੰਤਾਂ ਨੂੰ ਪਾਲਕੀ ਵਿੱਚ ਬਿਠਾਅ ਕੇ ਸੰਗਤਾਂ ਡੇਰੇ ਲੈ ਆਈਆਂ। ਸਭਨਾਂ ਨੇ ਦਰਸ਼ਨ ਕੀਤਾ। ਅੱਗੇ ਦੀਵਾਨ ਸਜਿਆ ਹੋਇਆ ਸੀ। ਗੁਰੂ ਮਹਾਰਾਜ ਨੂੰ ਨਮਸਕਾਰ ਕਰ ਕੇ ਬਾਬਾ ਜੀ ਤਾਬਿਆ ਸਜ ਗਏ। ਸਾਰੀ ਸੰਗਤ ਵੀ ਪਾਵਨ ਦਰਬਾਰ ਦੀਆਂ ਹਾਜ਼ਰੀਆਂ ਭਰ ਕੇ ਆਪਣਾ ਜਨਮ ਸਫ਼ਲਾ ਕਰ ਰਹੀ ਸੀ। ਦਸ ਵਜੇ ਭੋਗ ਪਿਆ, ਅਰਦਾਸ ਹੋਈ, ਦੇਗ ਵਰਤੀ। ਬਾਬਾ

ਜੀ ਬਾਹਰ ਪਲੰਘ ਤੇ ਆ ਸਜੇ। ਦਰਸ਼ਨ ਕਰਨ ਵਾਲੇ ਪ੍ਰੇਮੀਆਂ ਦੀ, ਅਰਜ਼ਾਂ ਕਰਨ ਵਾਲੇ ਦੁਨੀਆਦਾਰਾਂ ਦੀ, ਮੰਗਾਂ ਮੰਗਣ ਵਾਲੇ ਲੋੜਵੰਦਾਂ ਦੀ ਬੜੀ ਭੀੜ ਜੁੜੀ ਸੀ। ਇੱਕ ਪਾਸੇ ਭਾਈ ਅਤੇ ਦੂਜੇ ਪਾਸੇ ਮਾਈਆਂ ਬੈਠੀਆਂ ਸਨ। ਆਪੋ ਆਪਣੀ ਵਾਰੀ ਅਨੁਸਾਰ ਪ੍ਰੇਮੀ ਪਾਸ ਜਾ ਕੇ ਬੇਨਤੀਆਂ ਕਰਦੇ ਤੇ ਵਰਾਂ ਦੇ ਦਾਤੇ ਤੋਂ ਲੋੜਾਂ ਪੂਰੀਆਂ ਕਰਵਾਉਂਦੇ।

ਜਦੋਂ ਭਾਈ ਕਾਕਾ ਸਿੰਘ ਦੀ ਵਾਰੀ ਆਈ ਤਾਂ ਇਸ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਅੰਤਰਯਾਮੀ ਹੋ ਮੇਰੀ ਲੜਕੀ ਵਰ ਪ੍ਰਾਪਤ ਹੋ ਗਈ ਮੈਂ ਚਾਹੁੰਦਾ ਹਾਂ ਹਜ਼ੂਰ ਦੀ ਕ੍ਰਿਪਾ ਦਾ ਸਦਕਾ ਕਿਸੇ ਚੰਗੇ ਸਿੱਖ ਘਰਾਣੇ ਵਿੱਚ ਜੋ ਆਪ ਜੀ ਦੇ ਚਰਨਾਂ ਦਾ ਪ੍ਰੇਮੀ ਹੋਵੇ ਕਾਕੀ ਦਾ ਰਿਸ਼ਤਾ ਕਰਾਂ" (ਕਿਉਂਕਿ ਭਾਈ ਕਾਕਾ ਸਿੰਘ ਜੀ ਦਾ ਕੰਮ ਗ਼ਰੀਬੀ ਦਾ ਸੀ ਤੇ ਹੋਰ ਵੀ ਕੋਈ ਪੂਰਨ ਗੁਰ ਸਿੱਖ ਲੜਕਾ ਚਾਹੁੰਦਾ ਸੀ)। ਭਾਈ ਕਾਕਾ ਸਿੰਘ ਦੀ ਇਹ ਬੇਨਤੀ ਸੁਣ ਕੇ ਦਿਲਾਂ ਦੇ ਜਾਨਣਹਾਰੇ ਭੋਗ ਮੋਖ ਦੇ ਦਾਤੇ ਨੇ ਦੋਵੇਂ ਨੇਤਰ ਬੰਦ ਕਰ ਲਏ ਅਤੇ ਕੋਈ ਉੱਤਰ ਨਾ ਦਿੱਤਾ।

ਪਿਛੇ ਦੱਸ ਆਏ ਹਾਂ ਕਿ ੨੧ ਮਾਈਆਂ ਨੇ ਪੁੰਨਿਆ ਦੇ ਪੁਰਬ ਇਕੋ ਦਿਨ ਹੀ ਭਾਈ ਕਾਕਾ ਸਿੰਘ ਦੇ ਸਮੇਤ ਸੰਤਾਂ ਪਾਸੋਂ ਸ਼ਬਦ ਅੰਮ੍ਰਿਤ ਪਾਨ ਕੀਤਾ ਸੀ। ਉਨ੍ਹਾਂ ਵਿੱਚੋਂ ਬਾਬਾ ਜੀ ਪਾਸੋਂ ਨਾਮ ਦੀ ਦਾਤ ਪ੍ਰਾਪਤ ਕਰ ਚੁੱਕੀ ਇੱਕ ਬੀਮਾਂ ਨਾਮ ਦੀ ਮਾਈ ਜੋ ਬਾਹਰੋਂ ਗ਼ਰੀਬ ਤੇ ਅੰਦਰੋਂ ਸੱਚੇ ਧਨ ਦੀ ਸ਼ਾਹੂਕਾਰ ਸੀ।

ਯਥਾ: ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥

(ਪੰਨਾ ੭੪੮)

ਅਥਵਾ: ਭਾਗਠੁ ਸਚਾ ਸੋਇ ਹੈ ਜਿਸੁ ਹਰਿ ਧਨੁ ਅੰਤਰਿ ॥

(ਪੰਨਾ ੩੯੬)

ਉਸਦਾ ਛਬੀਲ ਸਿੰਘ ਨਾਮ ਦਾ ਪੁੱਤਰ ਪੂਰਨ ਗੁਰਸਿੱਖ ਤੇ ਬਾਬਾ ਜੀ ਦਾ ਅਸਲੀ ਸੇਵਕ ਪਾਸ ਹੀ ਬੈਠਾ ਸੀ। ਸੰਤਾਂ ਨੇ ਨੇਤਰ ਖੋਹਲੇ ਤੇ ਹੁਕਮ ਕੀਤਾ, "ਭਾਈ ਕਾਕਾ ਸਿੰਘ! ਦੇਖ ਇਹ ਲੜਕਾ ਪਸੰਦ ਹੈ?" ਕਾਕਾ ਸਿੰਘ ਨੇ ਭਾਵਨਾ ਨਾਲ ਦੋਵੇਂ ਹੱਥ ਜੋੜ ਕੇ ਸਿਰ ਨਿਵਾ ਕੇ ਅਰਜ਼ ਕੀਤੀ, "ਮਹਾਰਾਜ! ਜਿਸ ਵੱਲ ਆਪ ਦੀ ਨਜ਼ਰ ਪੈ ਗਈ ਉਸ ਵਰਗਾ ਹੋਰ ਕੌਣ ਹੋ ਸਕਦਾ ਹੈ?" ਸੰਤਾਂ ਨੇ ਉਸ ਸਮੇਂ ਬੀਮਾਂ ਨਾਮੀ ਮਾਈ ਨੂੰ ਪਾਸ ਬੁਲਾਇਆਂ ਜੋ ਮਾਈਆਂ ਵਿੱਚ ਦੂਰ ਬੈਠੀ ਦਰਸ਼ਨ ਕਰ ਰਹੀ ਸੀ। ਆਪਣੇ ਪਾਸੋਂ ਸਵਾ ਰੁਪਈਆ ਨਕਦ ਅਤੇ ਸੇਰ ਗੁੜ ਉਸ ਦੀ ਝੋਲੀ ਵਿੱਚ ਪਾ ਕੇ ਵਧਾਈ ਦਿੱਤੀ ਅਤੇ ਆਖਿਆ, "ਮਾਈ! ਤੇਰੇ ਲੜਕੇ ਦੀ ਮੰਗਣੀ ਭਾਈ ਕਾਕਾ ਸਿੰਘ ਦੇ ਘਰ ਹੋ ਗਈ ਹੈ। ਦੋਹਾਂ ਧਿਰਾਂ ਨੇ ਅਗਲੀ ਪੂਰਨ ਮਾਸ਼ੀ ਨੂੰ ਤਿਆਰ ਹੋ ਕੇ ਡੇਰੇ ਆ ਜਾਣਾ। ਉਸੇ ਦਿਨ ਅਨੰਦ ਕਾਰਜ ਵੀ ਹੋ ਜਾਵੇਗਾ।"

ਮਾਈ ਨੇ ਹੱਥ ਜੋੜ ਕੇ ਅਰਜ਼ ਕੀਤੀ, "ਐ ਗ਼ਰੀਬ ਨਿਵਾਜ਼! ਮੈਂ ਬੜੀ ਗ਼ਰੀਬਣੀ ਹਾਂ ਮੇਰੇ ਵਿੱਚ ਇਤਨੇ ਵੱਡੇ ਘਰ ਦਾ ਰਿਸਤਾ ਲੈਣ ਦੀ ਤਾਕਤ ਕਿਥੇ?" ਸੰਤਾਂ ਨੇ ਉੱਤਰ ਦਿੱਤਾ, "ਮਾਈ! ਤੂੰ ਤਾਂ ਬਹੁਤ ਅਮੀਰ ਹੈਂ ਤੇਰੇ ਪਾਸ ਅਸਲੀ ਸੱਚਾ ਧਨ ਹੈ। ਜਾਓ ਘਰੋਂ ਹੋ ਆਓ ਅਤੇ ਆਉਣ ਵਾਲੀ ਅਗਲੀ ਪੂਰਨ ਮਾਸ਼ੀ ਨੂੰ ਭਾਈਚਾਰਾ ਲੈ ਕੇ ਡੇਰੇ ਆ ਜਾਣਾ ਗੁਰੂ ਭਲੀ ਕਰੇਗਾ ਸਭ ਕੁਝ ਡੇਰਿਓ ਹੋ ਜਾਵੇਗਾ। ਤੁਸੀਂ ਸਿਰਫ ਏਥੇ ਆ ਹੀ ਜਾਇਓ।"

ਬਾਬਾ ਜੀ ਦੇ ਬਚਨ ਸੁਣ ਕੇ ਮਾਈ ਨੇ ਅਤੇ ਨਾਲ ਦੇ ਸਾਥੀਆਂ ਨੇ ਸਿਰ ਨਿਵਾਇਆ। ਫਿਰ ਕੋਈ ਬਚਨ ਨਹੀਂ ਕੀਤਾ। ਇਤਨੇ ਨੂੰ ਦੀਵਾਨ ਸਮਾਪਤ ਹੋ ਗਿਆ। ਬਾਬਾ ਜੀ ਤੋਂ ਸੰਗਤਾਂ ਨੇ ਘਰਾਂ ਨੂੰ ਜਾਣ ਵਾਸਤੇ ਛੁੱਟੀਆਂ ਮੰਗੀਆਂ ਤਾਂ ਆਪ ਨੇ ਸਭ ਨੂੰ ਇੱਕ-ਇੱਕ ਲਿਫਾਫਾ ਮਿਠਿਆਈ ਦਾ ਪ੍ਰਸ਼ਾਦਿ ਵਜੋਂ ਦੇ ਕੇ ਵਿਦਾਅ ਕੀਤਾ ਅਤੇ ਆਪ ਸੰਤ ਜੀ ਗੁਫਾ ਨੂੰ ਆ ਗਏ। ਇਉਂ ਸੰਤਾਂ ਦਾ ਹੁਕਮ ਮੰਨ ਕੇ ਦੋਵੇਂ ਧੇਤੇ ਪੁਤੇਤੇ ਪੂਰਨਮਾਸ਼ੀ ਦੇ ਦਿਹਾੜੇ ਹੋਤੀ ਡੇਰੇ ਪੁੱਜੇ। ਬਾਬਾ ਜੀ ਨੇ ਆਪ ਬਰਾਤ ਦਾ ਸਵਾਗਤ ਕੀਤਾ। ਸਾਰਿਆਂ ਨੂੰ ਜਲ ਪਾਣੀ ਛਕਾ ਕੇ ਰਿਹਾਇਸ਼ ਕਰਾਈ। ਫਿਰ ਗੁਰੂ ਕੇ ਲੰਗਰੋਂ ਪ੍ਰਸ਼ਾਦਿ ਛਕਾਇਆ। ਸਾਰੀ ਰਾਤ ਦੀਵਾਨ ਸਜਿਆ ਰਿਹਾ ਅੰਮ੍ਰਿਤ ਵੇਲੇ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਸੰਤਾਂ ਨੇ ਸੁਭਾਗ ਜੋੜੀ ਦੇ ਅਨੰਦ ਕਾਰਜ ਕੀਤੇ। ਫਿਰ ਦੁਪਿਹਰ ਦੇ ਵੇਲੇ ਸਭਨਾਂ ਨੂੰ ਪ੍ਰਸ਼ਾਦਿ ਛਕਾ ਕੇ ਅਤੇ ਬੜੇ ਵਰ ਦੇ ਕੇ ਵਿਦਾਅ ਕੀਤਾ। ਇਉਂ ਸਾਰਾ ਇਲਾਕਾ ਸਹਿਜਧਾਰੀ ਸਿੱਖਾਂ ਦਾ ਬਾਬਾ ਜੀ ਦੀ ਸੰਗਤ ਦੁਆਰਾ ਨਿਹਾਲ ਹੋਇਆ। ਹੋਤੀ ਮਰਦਾਨ ਦੇ ਸਾਰੇ ਨਗਰਾਂ ਵਿੱਚ ਲੋਕੀਂ ਬਾਬਾ ਜੀ ਦਾ ਜਸ ਕਰਦੇ। ਸੁਆਬੀਂ, ਮੁਨੇਰੀ, ਤੁਡੇਰ, ਅਕੋੜਾ, ਇਲਾਕਾ ਪੋਠੋਹਾਰ ਇਨ੍ਹਾਂ ਸਾਰੇ ਥਾਵਾਂ ਦੇ ਬੇਅੰਤ ਹੀ ਸਹਿਜਧਾਰੀ, ਸਿੱਖੀ ਸਿਦਕ ਦੇ ਪੁਤਲੇ ਪੂਰਨ ਗੁਰੂ ਘਰ ਦੇ ਸਰਧਾਲੂ ਹੋਏ ਹਨ।

# ਦੋਸ਼ੀ ਡਾਕੂਆਂ ਤੇ ਕ੍ਰਿਪਾਲਤਾ

ਦਸਮੀਂ ਦਾ ਜੋੜ ਮੇਲਾ ਸਮਾਪਤ ਹੋ ਗਿਆ, ਕੁਝ ਸੰਗਤ ਤਾਂ ਆਗਿਆ ਪਾ ਕੇ ਵਾਪਿਸ ਘਰਾਂ ਨੂੰ ਚਲੀ ਗਈ ਅਤੇ ਕੁਝ ਕੁ ਪ੍ਰੇਮੀ ਅਜੇ ਡੇਰੇ ਹੀ ਠਹਿਰੇ ਸਨ। ਦਸਮੀ ਤੋਂ ਦੂਜੇ ਦਿਨ ਕੁਝ ਕੁ ਮਾਈਆਂ ਰਾਤ ਦੇ ਸਮੇਂ ਕੋਠੇ ਤੇ ਸੁੱਤੀਆਂ ਪਈਆਂ ਸਨ। ਉਨ੍ਹਾਂ ਵਿੱਚੋਂ ਇੱਕ ਮਾਈ ਦੇ ਕੰਨਾਂ ਵਿੱਚ ਸੋਨੇ ਦੀਆਂ ਵਾਲੀਆਂ ਸਨ। ਜਿਨ੍ਹਾਂ ਨੂੰ ਦਿਨ ਦੇ ਸਮੇਂ ਪਠਾਣਾਂ ਦੇ ਇੱਕ ਟੋਲੇ ਨੇ ਵੇਖ ਲਿਆ ਸੀ ਅਤੇ ਮਾਈ ਨੂੰ ਨਿਗਾਹ ਵਿੱਚ ਤਾੜ ਕੇ ਰੱਖਿਆ ਕਿ ਮਾਈ ਕਦੋਂ ਘਰ ਨੂੰ ਜਾਂਦੀ ਹੈ ਜਾਂ ਰਾਤ ਨੂੰ ਕਿਸ ਜਗ੍ਹਾ ਸੌਂਦੀ ਹੈ।

ਗ਼ਰਮੀ ਦੇ ਦਿਨ ਸਨ ਸਾਰੀ ਸੰਗਤ ਬਾਹਰ ਹੀ ਸੌਂਦੀ ਸੀ। ਜਦੋਂ ਰਾਤ ਦੇ ਦੋ ਵੱਜੇ ਤਾਂ ਉਸ ਪਠਾਣਾਂ ਦੇ ਟੋਲੇ 'ਚੋਂ ਦੋ ਪਠਾਣ ਆਏ। ਭਾਵੇਂ ਪਹਿਰਾ ਬੜਾ ਸਖਤ ਹੁੰਦਾ ਸੀ ਪਰ ਇਹ ਦੋਵੇਂ ਰਾਤ ਨੂੰ ਮੁਸਾਫ਼ਰ ਬਣ ਕੇ ਉੱਥੇ ਹੀ ਸੌਂ ਗਏ। ਇਨ੍ਹਾਂ ਨੇ ਮਾਈ ਨੂੰ ਸੁਤਿਆਂ ਜਾਣ ਕੇ ਚੁਪੀਤੇ ਹੀ ਕੰਨਾਂ ਦੀਆਂ ਵਾਲੀਆਂ ਵਿੱਚ ਤਾਰਾਂ ਪਾ ਕੇ ਬੰਨ ਦਿੱਤੀਆਂ। ਐਸਾ ਫੁਰਤੀ ਨਾਲ ਕੰਮ ਕੀਤਾ ਕਿ ਮਾਈ ਨੂੰ ਕੁਝ ਪਤਾ ਹੀ ਨਾ ਲੱਗਾ ਅਤੇ ਆਪ ਪਿੱਛੇ ਹਟ ਗਏ। ਜਦੋਂ ਦੂਰ ਜਾ ਕੇ ਉਨ੍ਹਾਂ ਨੇ ਤਾਰ ਖਿੱਚੀ ਤਾਂ ਵਾਲੀਆਂ ਸਮੇਤ ਮਾਈ ਦੇ ਕੰਨ ਦਾ ਹੇਠਲਾ ਹਿੱਸਾ ਨਾਲੋਂ ਹੀ ਟੁੱਟ ਕੇ ਆ ਗਿਆ। ਮਾਈ ਦੀਆਂ ਚੀਕਾਂ ਨਿਕਲ ਗਈਆਂ। ਪਾਸ ਸੁੱਤਿਆਂ ਦੀ ਜਾਗ ਖੁੱਲ ਗਈ। ਸਾਰੇ ਹਾ-ਹਾ ਕਾਰ ਮੱਚ ਗਈ ਉਹ ਪਠਾਣ ਤਾਂ ਵਾਲੀਆਂ ਲੈ ਕੇ ਦੌੜ ਗਏ। ਪਰ ਸਾਰੇ ਨਾਕਾ ਬੰਦੀ ਹੋ ਗਈ। ਫੌਜੀ ਪਹਿਰਾ ਲੱਗਾ ਸੀ। ਰਾਹ ਰੋਕੇ ਗਏ ਮਸਾਲਾਂ ਜਗਾ ਲਈਆਂ। ਇਕੱਲੇ-ਇਕੱਲੇ ਨੂੰ ਫੜ ਕੇ ਲੱਗੇ ਆਪਣੇ ਪਰਾਏ ਦੀ ਪਰਖ ਕਰਨ। ਅਖ਼ੀਰ ਨੂੰ ਦੋਵੇਂ ਹੀ ਪਠਾਣ ਕਾਬੂ ਆ ਗਏ। ਫੌਜੀ ਸਿੰਘਾਂ ਨੇ ਉਨ੍ਹਾਂ ਦੀਆਂ ਪਗੜੀਆਂ ਨਾਲ ਹੀ ਮੁਸ਼ਕਾਂ ਬੰਨ ਲਈਆਂ ਅਤੇ ਮਕਾਨ ਅੰਦਰ ਵਾੜ ਕੇ ਤਾਲਾ ਲਗਾ ਦਿੱਤਾ। ਫਿਰ ਜਦੋਂ ਮਾਈ ਕੋਲ ਜਾ ਕੇ ਦੇਖਿਆ ਤਾਂ ਇੱਕ ਕੰਨ ਦਾ ਹੇਠਲਾ ਹਿੱਸਾ ਹੀ ਨਹੀਂ ਸੀ ਤੇ ਉਸ ਵਿੱਚੋਂ ਬੜਾ ਖ਼ੂਨ ਵਹਿ ਰਿਹਾ ਸੀ। ਮਾਈ ਬੜੀ ਦੁਖੀ ਹੋ ਕੇ ਜ਼ੋਰ ਦੀ ਚਿਲਾ ਰਹੀ ਸੀ। ਉਸ ਸਮੇਂ ਡਾਕਟਰ ਨੂੰ ਬੁਲਾ ਕੇ ਮਲ੍ਹਮ ਪੱਟੀ ਕਰਵਾਈ ਅਤੇ ਗ਼ਰਮ ਦੁੱਧ ਨਾਲ ਦਵਾਈ ਦਿੱਤੀ। ਬਿਸਤਰਾ ਕਮਰੇ ਵਿੱਚ ਕਰਵਾਇਆ ਸਵੇਰੇ ਸੰਤਾਂ ਦੀ ਪਾਲਕੀ ਆਈ ਦੀਵਾਨ ਸਜਿਆ। ਲੱਗੀਆਂ ਪ੍ਰੇਮੀਆਂ ਵੱਲੋਂ ਅਰਜ਼ਾਂ ਹੋਣ ਤਾਂ ਉਸ ਸਮੇਂ ਫੌਜੀ ਸਿੰਘਾਂ ਨੇ ਮੁਸ਼ਕਾਂ ਸਮੇਤ ਦੋਵੇਂ ਪਠਾਣ ਪੇਸ਼ ਕੀਤੇ ਅਤੇ ਮਾਈ ਦੀਆਂ ਵਾਲੀਆਂ ਵਾਲੀ ਸਾਰੀ ਵਾਰਤਾ ਸੁਣਾਈ ਤੇ ਅਰਜ਼ ਕੀਤੀ, "ਮਹਾਰਾਜ ਇਨ੍ਹਾਂ ਨੇ ਬੜਾ ਮਹਾਨ ਪਾਪ ਕੀਤਾ ਹੈ। ਸਖ਼ਤ ਸਜ਼ਾ ਦੇ ਭਾਗੀ ਹਨ। ਆਪ ਹੁਕਮ ਕਰੋ, ਕੀ ਸਜ਼ਾ ਦਿੱਤੀ ਜਾਵੇ।" ਸੰਤਾਂ ਨੇ ਬਚਨ ਕੀਤਾ, "ਇਨ੍ਹਾਂ ਦੀਆਂ ਮੁਸ਼ਕਾਂ ਖੋਲ੍ਹ ਦੇਵੋ।" ਪਹਿਰੇਦਾਰ ਅਤੇ ਸੰਗਤਾਂ ਨੇ ਅਰਜ਼ ਕੀਤੀ, "ਮਹਾਰਾਜ! ਮੁਸ਼ਕਾਂ ਨਾ ਖੋਹਲੋ ਫਿਰ ਤਾਂ ਇਹ ਭੱਜ ਜਾਣਗੇ। ਆਪ ਹੁਕਮ ਕਰੋ ਪੁਲੀਸ ਦੇ ਹਵਾਲੇ ਕਰ ਥਾਣੇ ਭੇਜ ਦਈਏ ਤਾਂ ਕੁਝ ਹੋਸ਼ ਆਵੇ ਕਿ ਸਾਧੂਆਂ ਦੇ ਡੇਰੇ ਦੀ ਕਿਵੇਂ ਬੇ ਅਦਬੀ ਕੀਤੀ ਜਾਂਦੀ ਹੈ।" ਫੇਰ ਸੰਤਾਂ ਨੇ ਹੁਕਮ ਕੀਤਾ, "ਮੁਸ਼ਕਾਂ ਖੋਲ੍ਹ ਦੇਵੋ ਇਹ ਭੱਜਣਗੇ ਨਹੀਂ ਫ਼ਿਕਰ ਨਾ ਕਰੋ।" ਬਾਬਾ ਜੀ ਦੇ ਬਚਨ ਸੁਣਕੇ ਸੰਗਤ ਬੜੀ ਹੈਰਾਨ ਸੀ। ਪਠਾਣਾਂ ਦੀਆਂ ਮੁਸ਼ਕਾਂ ਖੋਲ੍ਹ ਦਿੱਤੀਆਂ। ਜਦੋਂ ਦਰਗਾਹੀ ਮੁਲਜ਼ਮ ਪਠਾਣਾਂ ਨੇ ਬਾਬਾ ਜੀ ਦਾ ਉਦਾਰ ਹਿਰਦਾ ਤੱਕਿਆਂ ਤਾਂ ਇਨ੍ਹਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਸੰਤਾਂ ਦੇ ਪੁੱਛਣ ਕਰਕੇ ਇਨ੍ਹਾਂ ਨੇ ਆਪਣਾ ਅਪਰਾਧ ਸੱਚ-ਸੱਚ ਦੱਸ ਦਿੱਤਾ ਕਿ ਅਸੀਂ ਗ਼ੁਨਾਹਗਾਰ ਹਾਂ। ਆਪ ਬਖ਼ਸ਼ਣਹਾਰੇ ਹੋ, ਜੋ ਵੀ ਸਜ਼ਾ ਦੇਵੋ ਅਸੀਂ ਭੁਗਤਣ ਲਈ ਤਿਆਰ ਹਾਂ। ਉੱਧਰੋਂ ਮਾਈ ਵੱਲ ਵੇਖਿਆ ਤਾਂ ਉਸਦਾ ਇੱਕ ਕੰਨ ਟੁੱਟਿਆ ਹੋਇਆ ਸੀ। ਜਿਸ ਦੇ ਉੱਪਰ ਪੱਟੀ ਬੱਧੀ ਸੀ। ਕੰਨ ਤੇ ਵਾਲੀਆਂ ਵੀ ਤੰਦੀਆਂ ਨਾਲ ਬੱਧੀਆਂ ਪੇਸ਼ ਕੀਤੀਆਂ। ਉੱਧਰੋਂ ਸੰਤਾਂ ਨੇ ਪਠਾਣਾਂ ਦਾ ਹਿਰਦਾ ਸਾਫ਼ ਤਕਿਆ। ਸੋਚਿਆ ਜਦੋਂ ਲੋਹਾ ਅੱਗ ਵਿੱਚ ਪੈ ਕੇ ਨਰਮ ਹੋ ਜਾਂਦਾ ਹੈ ਫਿਰ ਉਸ ਨੂੰ ਮੋੜ ਕੇ ਜੋ ਵੀ ਚੀਜ਼ ਬਨਾਉਣੀ ਚਾਹੋ ਬਣਾਈ ਜਾ ਸਕਦੀ ਹੈ। ਭਾਈ ਰਾਮ ਸਿੰਘ ਨੂੰ ਹੁਕਮ ਕੀਤਾ ਕਿ ਦੋ ਦਸਤਾਰੇ, ੪ ਰੁਪੈ, ੪ ਸੇਰ ਮਠਿਆਈ ਲੈ ਆ।

ਬਾਬਾ ਜੀ ਦਾ ਇਹ ਬਚਨ ਸੁਣ ਕੇ ਭਾਈ ਰਾਮ ਸਿੰਘ ਜੀ ਨੇ ਸਾਰੀਆਂ ਚੀਜ਼ਾਂ ਹਾਜ਼ਰ ਕੀਤੀਆਂ। ਉਸ ਸਮੇਂ ਪਤਿਤ ਪਾਵਨ ਮੇਹਰਾਂ ਦੇ ਸਾਈਂ ਬਾਬਾ ਜੀ ਨੇ ਉਨ੍ਹਾਂ ਪਠਾਣਾਂ ਦੇ ਤਾਂਈ ਇੱਕ-ਇੱਕ ਦਸਤਾਰਾ, ਦੋ-ਦੋ ਸੇਰ ਮਠਿਆਈ ਤੇ ਦੋ-ਦੋ ਰੁਪੈ ਦੇ ਕੇ ਆਖਿਆ ਘਰ ਚਲੇ ਜਾਓ। ਇਹ ਫ਼ਕੀਰਾਂ ਦਾ ਡੇਰਾ ਹੈ। ਫਿਰ ਐਸਾ ਕੰਮ ਨਾ ਕਰਨਾ ਇਹ ਕੌਤਕ ਦੇਖਕੇ ਸੰਗਤਾਂ ਹੈਰਾਨ ਰਹਿ ਗਈਆਂ ਤੇ ਮੁਖੀ ਸਿੱਖਾਂ ਨੇ ਅਰਜ਼ ਕੀਤੀ, "ਗਰੀਬ ਨਿਵਾਜ਼! ਆਪ ਇਹ ਕੀ ਉਲਟਾ ਕੰਮ ਕਰ ਰਹੇ ਹੋ। ਆਪ ਤਾਂ ਕੇਵਲ ਛੱਡ ਹੀ ਨਹੀਂ ਰਹੇ ਨਾਲ ਬਖ਼ਸ਼ਿਸ਼ ਪਏ ਕਰਦੇ ਹੋ। ਇਨ੍ਹਾਂ ਨੇ ਕੱਲ੍ਹ ਫੇਰ ਆ ਕੇ

ਏਥੇ ਚੋਰੀ ਕਰਨੀ ਹੈ। ਇਨ੍ਹਾਂ ਨੂੰ ਥਾਣੇ ਭੇਜੋ।" ਸੰਤਾਂ ਨੇ ਮੁਸਕਰਾ ਕੇ ਉੱਤਰ ਦਿੱਤਾ, "ਸੰਗਤ ਜੀ! ਸਾਡੀ ਦ੍ਰਿਸ਼ਟੀ ਸਾਧੂ ਤੇ ਚੋਰ ਦੋਹਾਂ ਲਈ ਇੱਕੋ ਜਿਹੀ ਹੈ। ਜੋ ਸਾਡੇ ਪਾਸ ਪ੍ਰਸ਼ਾਦਿ ਹੈ ਉਹ ਵੀ ਦੋਹਾਂ ਵਾਸਤੇ ਇੱਕ ਹੈ। ਗੁਰੂ ਕਾ ਲੰਗਰ ਵੀ ਇੱਕੋ ਜਿਹਾ ਹੀ ਹੈ। ਪ੍ਰਮੇਸ਼ਰ ਤੋਂ ਬੇਮੁਖ ਲੋਕ ਸਾਰੇ ਹੀ ਚੋਰ ਹਨ।"

ਯਥਾ: ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ ॥

(ਪੰਨਾ ੧੩੨੮)

ਅਥਵਾ: ਨਾਮੁ ਦੁਰਾਇ ਚਲੈ ਸੋ ਚੋਰੁ ॥

(ਪੰਨਾ ੧੧੯੭)

ਵਾਹਿਗੁਰੂ ਦੇ ਰੰਗ ਦੇਖੋ ਉਨ੍ਹਾਂ ਪਠਾਣਾਂ ਤੇ ਸੰਤਾਂ ਦੀ ਮੇਹਰ ਭਰੀ ਨਿਗ੍ਹਾ ਹੋਈ ਤਾਂ ਕੀਤੇ ਹੋਏ ਸਾਰੇ ਗੁਨਾਹ ਅੱਗੇ ਆ ਗਏ। ਲੱਗੇ ਧਾਹਾਂ ਮਾਰਨ ਤੇ ਕੀਤੇ ਕਰਮਾਂ ਤੇ ਪਸ਼ਚਾਤਾਪ ਕਰਨ। ਉਨ੍ਹਾਂ ਨੇ ਹੱਥ ਜੋੜੇ ਤੇ ਚਰਨ ਫੜ ਕੇ ਫੇਰ ਅਰਜ਼ ਕੀਤੀ, "ਅਸੀਂ ਇਤਨੇ ਵੱਡੇ ਮਹਾਨ ਪਾਪੀ ਗੁਨਾਹਾਂ ਦੇ ਭਰੇ ਹਾਂ ਸਾਡੇ ਗੁਨਾਹਾਂ ਨੂੰ ਕੋਈ ਵੀ ਦੁਨੀਆਂਦਾਰ ਨਹੀਂ ਬਖ਼ਸ਼ ਸਕਦਾ ਪਰ ਆਪ ਕੇਵਲ ਸਾਡੇ ਗੁਨਾਹ ਹੀ ਨਹੀਂ ਬਖ਼ਸ਼ਦੇ ਉਲਟਾ ਸਾਨੂੰ ਮਠਿਆਈ, ਰੁਪੈ ਤੇ ਪੱਗਾਂ ਦੇਂਦੇ ਪਏ ਹੋ। ਸਾਡੇ ਅੱਲ੍ਹਾ! ਅਸੀ ਹੁਣ ਘਰਾਂ ਨੂੰ ਨਹੀਂ ਜਾਣਾ। ਤੇਰੇ ਦਰ ਤੇ ਕੂਕਰ ਬਣਕੇ ਏਥੇ ਹੀ ਸੇਵਾ ਕਰਾਂਗੇ। ਅਸੀਂ ਤੇਰੇ ਮੁਰੀਦ ਹੋ ਗਏ ਹੁਣ ਸਾਨੂੰ ਚਰਨਾਂ 'ਚੋਂ ਨਾ ਧੱਕੋ"।

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥

(ਪੰਨਾ ੨੭੨)

ਉਸ ਦਿਨ ਤੋਂ ਬਾਅਦ ਉਹ ਦੋਵੇਂ ਹੀ ਪਠਾਣ ਆਪਣੇ ਘਰ ਨਹੀਂ ਗਏ ਅਤੇ ਡੇਰੇ ਦੇ ਪਸ਼ੂ ਚਾਰਨ ਲੱਗ ਪਏ। ਇਉਂ ਸੇਵਾਦਾਰ ਬਣ ਕੇ ਆਪਣਾ ਜੀਵਨ ਸਫ਼ਲ ਕੀਤਾ। ਉੱਧਰ ਮਾਈ ਦੁਖੀ ਹੋ ਕੇ ਬੜਾ ਰੁਦਨ ਕਰੇ। ਡਾਕਟਰ ਨੂੰ ਸੱਦਿਆ ਉਸ ਨੇ ਕੰਨ ਤੋਂ ਬੱਧੀ ਹੋਈ ਪੱਟੀ ਖੋਹਲ ਦਿੱਤੀ ਪਰ ਖ਼ੂਨ ਨਾ ਰੁਕੇ, ਫਿਰ ਵਗ ਪਿਆ ਤਾਂ ਸੰਤਾਂ ਨੇ ਆਪਣੇ ਪਾਵਨ ਹੱਥਾਂ ਨਾਲ ਕੰਨ ਦਾ ਟੁੱਟਿਆ ਹੋਇਆ ਹਿੱਸਾ ਨਾਲ ਜੋੜ ਕੇ ਫੇਰ ਪੱਟੀ ਬੰਨ ਦਿੱਤੀ ਅਤੇ ਹੁਕਮ ਕੀਤਾ ਕਿ ਦੁੱਧ ਘਿਓ ਪੀਣਾ, ਕਾਲੀ ਮਿਰਚ ਖਾਣੀ, ਅੱਜ ਤੋਂ ਅੱਠਵੇ ਦਿਨ ਪੱਟੀ ਖੋਹਲ ਦੇਣੀ, ਜਾਓ ਰਾਜ਼ੀ ਹੋ ਜਾਵੇਗੀ। ਉਸ ਦੀਆਂ ਵਾਲੀਆਂ ਤੇ ਮਿਠਿਆਈ ਵੀ ਮਾਈ ਨੂੰ ਦਿੱਤੀ ਅਤੇ ਵਰ ਦੇ ਕੇ ਨਿਹਾਲ ਕੀਤਾ। ਫੇਰ ਸਾਰੀ ਸੰਗਤ ਵਿੱਚ ਆਖਿਆ, ਇਹ ਸਾਧੂਆਂ ਦਾ ਅਸਥਾਨ ਹੈ। ਏਥੇ ਹਾਰ ਸ਼ਿੰਗਾਰ ਲਾ ਕੇ ਆਉਣ ਦਾ ਕੀ ਕੰਮ ਅੱਗੇ ਵਾਸਤੇ ਕੋਈ ਵੀ ਮਾਈ ਭਾਈ ਸਰੀਰ ਤੇ ਗਹਿਣੇ ਅਤੇ ਬਹੁਤੇ ਚਮਕੀਲੇ ਰੰਗਦਾਰ ਬਸਤਰ ਪਾ ਕੇ ਦਰਸ਼ਨਾਂ ਨੂੰ ਨਾ ਆਵੇ। ਸਦਾ ਸਾਦਾ ਲਿਬਾਸ ਪਹਿਨ ਕੇ ਆਵੇ। ਸੰਤਾਂ ਦੀ ਆਗਿਆ ਪਾ ਕੇ ਸਾਰੀ ਸੰਗਤ ਤੇ ਮਾਈ ਵਿਦਾ ਹੋਈ। ਇਹ ਦਖਨੇਰ ਨਗਰ ਦੀ ਸੀ। ਘਰ ਆ ਕੇ ਇਸ ਨੇ ਦੱਸੇ ਅਨੁਸਾਰ ਦੁੱਧ ਘਿਓ ਪੀਤਾ ਤੇ ਨਿੱਕੀਆਂ ਮਿਰਚਾਂ ਵੀ ਖਾਧੀਆਂ। ਜਦੋਂ ਅੱਠਵੇ ਦਿਨ ਪੱਟੀ ਖੋਲ੍ਹੀ ਤਾਂ ਕੰਨ ਦਾ ਦੂਸਰਾ ਹਿੱਸਾ ਵੀ ਨਾਲ ਜੁੜਿਆ ਹੋਇਆ ਬਿਲਕੁਲ ਠੀਕ ਸੀ। ਮਾਈ ਦਾ ਸਾਰਾ ਦੁਖ ਦੂਰ ਹੋ ਗਿਆ। ਹਜ਼ੂਰ ਦਾ ਪਵਿੱਤਰ ਵਾਕ ਹੈ ਪ੍ਰਮੇਸ਼ਰ ਦੀ ਸ਼ਰਨ ਪਿਆਂ ਸਾਧ ਸੰਗਤ ਦੀ ਕਿਰਪਾ ਦੁਆਰਾ ਸਾਰੇ ਸਰੀਰਕ ਤੇ ਮਾਨਸਿਕ ਦੁਖ ਦੂਰ ਹੋ ਜਾਂਦੇ ਹਨ।

ਯਥਾ: ਕਾਟੇ ਕਸਟ ਪੂਰੇ ਗੁਰਦੇਵ ॥
ਸੇਵਕ ਕਉ ਦੀਨੀ ਅਪੁਨੀ ਸੇਵ ॥

(ਪੰਨਾ ੧੯੧)

ਯਥਾ: ਅਕਿਰਤਘਣਾ ਕਾ ਕਰੇ ਉਧਾਰੁ ॥
ਪ੍ਰਭੁ ਮੇਰਾ ਹੈ ਸਦਾ ਦਇਆਰੁ ॥

(ਪੰਨਾ ੭੯੭)

ਧੰਨ ਹਨ ਬਾਬਾ ਕਰਮ ਸਿੰਘ ਜੀ ਰਾਖਸ਼ਾਂ ਤੋਂ ਦੇਵਤੇ ਬਨਾਉਣ ਵਾਲੇ!

# ਅਬਦੁਲ ਗੁਫ਼ਾਰ ਖਾਂ ਤੇ ਕਿਰਪਾ

ਗੜ੍ਹੀ ਕਪੂਰਾ ਦੇ ਪਾਸ ਇੱਕ ਸ਼ਾਬਾਜ਼ ਗੜ੍ਹ ਨਾਮ ਦਾ ਪਿੰਡ ਹੈ। ਆਮ ਤੌਰ ਤੇ ਦਿੱਲੀ ਤੋਂ ਪਿਸ਼ੌਰ ਤੇ ਕਾਬਲ ਜਾਣ ਵਾਲੀ ਪਹਿਲਾਂ ਇਹੋ ਹੀ ਸਿੱਧੀ ਸੜਕ ਹੁੰਦੀ ਸੀ। ਆਮ ਤੌਰ ਤੇ ਕਹਾਵਤ ਹੈ ਕਿ ਹਿੰਦੁਸਤਾਨ ਘਰ ਤੇ ਪੰਜਾਬ ਇਸ ਦੇ ਅੰਦਰ ਪ੍ਰਵੇਸ਼ ਹੋਣ ਵਾਲਾ ਦਰਵਾਜ਼ਾ ਹੈ। ਪੰਜਾਬ ਦਰਵਾਜ਼ੇ ਤੋਂ ਲੰਘਦੇ ਲੁਟੇਰੇ ਇਸ ਜਗ੍ਹਾ ਜ਼ਰੂਰ ਹੀ ਪਾਏਦਾਨ ਤੇ ਪੈਰ ਝਾੜ ਕੇ ਲੰਘਦੇ ਭਾਵ ਲੁੱਟ ਮਾਰ ਕਰਦੇ। ਉਸ ਸਮੇਂ ਇਸ ਜਗ੍ਹਾ ਤੋਂ ਦੋ ਹੀ ਤਰ੍ਹਾਂ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਸਨ ਜਾਂ ਆਉਣ ਸਮੇਂ ਘੋੜਿਆਂ ਦੇ ਪੈਰਾਂ ਦੀਆਂ ਟਾਪਾਂ ਤੇ ਜਾਂ ਵਾਪਿਸ ਮੁੜਨ ਸਮੇਂ ਬੰਨ੍ਹੀਆਂ ਹੋਈਆਂ ਅਬਲਾ ਦੀਆਂ ਚੀਕਾਂ। ਜਦੋਂ ਪੰਜਾਬ 'ਚੋਂ ਸਿੰਘ ਸਿੰਘਣੀਆਂ ਤੇ ਹਿੰਦੂਆਂ ਨੂੰ ਲੁੱਟ ਕੁੱਟ ਕੇ ਜ਼ਾਲਮ ਮੁੰਡੇ ਕੁੜੀਆਂ ਬੰਨ ਕੇ ਲਿਜਾਂਦੇ ਤਾਂ ਪਹਿਲਾਂ ਏਸ ਪਿੰਡ ਠਹਿਰ ਕੇ ਫਿਰ ਅੱਗੇ ਰਵਾਨਾ ਹੁੰਦੇ। ਇਸ ਨਗਰ ਦੇ ਚੁਫੇਰੇ ਕਿਲ੍ਹੇ ਦੀ ਸ਼ਕਲ ਤੇ ਸੁੰਦਰ ਪਹਾੜੀਆਂ ਦਾ ਕੋਟ ਹੈ। ਜਿਸ ਦੀ ਸੀਨਰੀ ਮਨ ਨੂੰ ਮੋਹਣ ਵਾਲੀ ਹੈ। ਇੱਥੋਂ ਇੱਕ ਅਬਦੁਲ ਗਫਾਰ ਖਾਂ ਨਾਮ ਦਾ ਖ਼ਾਨ ਸਾਹਬ ਪਠਾਣ ਬੜੀ ਜਾਇਦਾਦ ਦਾ ਮਾਲਕ ਤੇ ਮਹਾਨ ਜ਼ਾਲਮ, ਇਲਾਕੇ ਵਿੱਚ ਮਸ਼ਹੂਰ ਸੀ। ਬਾਬਾ ਜੀ ਤੋਂ ਵਰੋਸਾਏ ਡਾ: ਦੀਵਾਨ ਸਿੰਘ ਜੀ ਹੋਤੀ ਦੇ ਚੰਗੇ ਚਾਲ ਚਲਣ ਵਾਲੇ ਗੁਰਸਿੱਖ ਸਨ। ਹੋਤੀ ਦੇ ਖ਼ਾਨ ਸਾਹਬ 'ਖ਼ਵਾਜਾ ਮੁਹੰਮਦ ਖ਼ਾਨ' ਦਾ ਵੀ ਡਾਕਟਰ ਜੀ ਨਾਲ ਚੰਗਾ ਪ੍ਰੇਮ ਸੀ। ਕਈ ਵਾਰ ਸੰਤ ਅਤਰ ਸਿੰਘ ਜੀ, ਭਾਈ ਹੀਰਾ ਸਿੰਘ ਜੀ, ਸੰਤ ਭਾਗ ਸਿੰਘ ਜੀ ਆਦਿਕ ਮਹਾਂ ਪੁਰਸ਼ਾਂ ਦਾ ਇਨ੍ਹਾਂ ਅਸਥਾਨਾਂ ਤੇ ਡਾਕਟਰ ਸਾਹਿਬ ਕੀਰਤਨ ਵੀ ਕਰਵਾਇਆ ਕਰਦੇ ਸਨ। ਹੋਤੀ ਦਾ ਖ਼ਾਨ ਤੇ ਡਾਕਟਰ ਦੀਵਾਨ ਸਿੰਘ ਵੀ ਇਸ ਸ਼ਾਬਾਜ਼ ਗੜ੍ਹੀ ਵਾਲੇ ਪਠਾਣ ਦੇ ਜਾਣੂ ਸਨ।

ਇੱਕ ਸਮੇਂ ਇਸ ਸ਼ਾਬਾਜ਼ ਗੜ੍ਹੀ ਪਿੰਡ ਦੇ ਖ਼ਾਨ ਸਾਹਬ ਅਬਦੁਲ ਗਫਾਰ ਖ਼ਾਂ ਦੀ ਨਿਗਾਹ ਕਿਸੇ ਹੋਰ ਖ਼ਾਨ ਦੀ ਸੁੰਦਰ ਬੇਗ਼ਮ ਤੇ ਚਲੀ ਗਈ। ਸਤਿਗੁਰਾਂ ਦੇ ਹੁਕਮ ਅਨੁਸਾਰ ਸੁੰਦਰ ਰੂਪ ਅਤੇ ਕਾਮ ਦੀ ਸ਼ੁਰੂ ਤੋਂ ਹੀ ਪ੍ਰੀਤੀ ਹੈ। 'ਰੂਪੈ ਕਾਮੈ ਦੋਸਤੀ' ਮਨ ਕਾਬੂ ਵਿੱਚ ਨਾ ਰਿਹਾ। ਉਸ ਸਮੇਂ ਅੰਦਰ ਮੰਦ ਵਾਸ਼ਨਾ ਪੈਦਾ ਹੋ ਗਈ। ਇਸ ਨੂੰ ਪੂਰਿਆਂ ਕਰਨ ਦੇ ਉਪਾਉ ਕਰਨ ਲੱਗਾ। ਕਾਲੇ ਇਲਮ ਦੇ ਜਾਣੂੰ, ਮੌਲਵੀ ਤੇ ਕਾਜ਼ੀ ਲੱਗੇ ਕਲਾਮਾਂ ਪੜ੍ਹਨ। ਧਾਗੇ ਤਵੀਤ ਤੇ ਜਾਦੂ ਟੂਣੇ ਕਰਨ ਪਰ ਕੋਈ ਵੀ ਯਤਨ ਸਫ਼ਲ ਨਾ ਹੋਇਆ। ਅੱਠੇ ਪਹਿਰ ਇਸੇ ਹੀ ਖ਼ਿਆਲ ਵਿੱਚ ਲੱਗਿਆ ਰਹੇ। ਦਿਨ ਬ-ਦਿਨ ਸਰੀਰ ਕਮਜ਼ੋਰ ਹੁੰਦਾ ਜਾ ਰਿਹਾ ਸੀ। ਭਾਵੇਂ ਇਸ ਦੀਆਂ ਆਪਣੀਆਂ ਵੀ ਉੱਚੇ ਘਰਾਂ ਦੀਆਂ ਸੁੰਦਰ ਤੇ ਨੌਜਵਾਨ ਚਾਰ ਬੇਗ਼ਮਾ ਸਨ। ਪੰਜ ਪੁੱਤਰ ਤੇ ਤਿੰਨ ਧੀਆਂ ਸਨ। ਇਤਨੇ ਪ੍ਰਵਾਰ ਵਾਲੇ ਨੂੰ ਵੀ ਕਾਮ ਵਾਸ਼ਨਾ ਨੇ ਘੇਰ ਲਿਆ। ਹਜ਼ੂਰ ਦਾ ਪਵਿੱਤਰ ਬਚਨ ਹੈ:

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥
ਚਿਤ ਹਰਣੰ ਤ੍ਰੈ ਲੋਕ ਗੰਮ੍ਯ੍ਯੰ ਜਪ ਤਪ ਸੀਲ ਬਿਦਾਰਣਹ ॥
ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥
ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ ॥੪੬॥

(ਪੰਨਾ ੧੩੫੮)

ਅਥਵਾ: ਛਿਵੈ ਕਾਮੁ ਨ ਪੁਛੈ ਜਾਤਿ ॥

(ਪੰਨਾ ੧੩੭)

ਇਸ ਕਾਮ ਨੇ ਪਰਾਸੁਰ ਤੇ ਸ਼੍ਰਿੰਗੀ ਜੈਸੇ ਬੜੇ-ਬੜੇ ਰਿਸ਼ੀ ਮੁਨੀ ਜਪੀ ਤਪੀ ਭਰਮਾ ਦਿੱਤੇ। ਇਹ ਵਿਚਾਰਾ ਖ਼ਾਨ ਕਿਸ ਗਿਣਤੀ ਵਿੱਚ ਹੈ। ਖ਼ਾਨ ਦਾ ਮਨ ਬਹੁਤ ਦੁਖੀ ਹੋ ਰਿਹਾ ਹੈ ਭਾਵੇਂ ਉਸ ਦੇ ਬੀਵੀਆਂ, ਬੱਚੇ ਇਸ ਗੱਲ ਤੋਂ ਜਾਣੂ ਹਨ ਪਰ ਇਨ੍ਹਾਂ ਦਾ ਇਸ ਪਾਪ ਕਰਮ ਤੋਂ ਬਚਾਉਣ ਲਈ ਕੋਈ ਵੱਸ ਨਹੀਂ ਸੀ ਚੱਲਦਾ ਸਿਰਫ ਖ਼ੁਦਾ ਅੱਗੇ ਹੀ ਸਿਜਦੇ ਤੇ ਅਰਜ਼ਾਂ ਕਰਦੇ ਸਨ ਕਿ ਐ ਅੱਲ੍ਹਾ ਪਾਕ! ਇਸ ਮੰਦ ਵਾਸ਼ਨਾ ਤੋਂ ਇਸ ਦਾ ਮਨ ਮੋੜ।

ਏਥੇ ਇੱਕ ਗੁਰੂ ਘਰ ਦਾ ਪ੍ਰੇਮੀ ਭਾਈ ਰਾਮ ਦਾਸ ਨਾਮ ਕਰਕੇ ਇਸੇ ਖ਼ਾਨ ਸਾਹਬ ਦਾ ਮੁਖਤਿਆਰ ਸੀ। ਨੌਕਰਾਂ 'ਚੋਂ ਮੁਖੀ ਜਾਣ ਕੇ ਖ਼ਾਨ ਸਾਹਬ ਇਸ ਨੂੰ ਆਪਣੇ ਦਿਲ ਦੀ ਗੁਪਤ ਗੱਲ ਵੀ ਦੱਸ ਦਿੰਦਾ। ਅੱਜ ਵੀ ਇਸ ਖ਼ਾਨ ਸਾਹਬ ਨੇ ਬੜਾ ਦੁਖੀ ਹੋ ਕੇ (ਜਿਸ ਦਾ ਹਿਰਦਾ ਇਸ ਮੰਦ ਵਾਸ਼ਨਾ ਕਰਕੇ ਤਪ ਰਿਹਾ ਸੀ) ਰਾਮ ਦਾਸ ਨੂੰ ਪਾਸ ਬੁਲਾਇਆ ਅਤੇ ਇਸਦੇ ਪਾਸ ਆਪਣੇ ਦਿਲ ਦਾ ਭੇਦ ਖੋਹਲ ਕੇ ਸਤਿਕਾਰ ਨਾਲ ਪੁੱਛਿਆ ਕਿ ਮੈਨੂੰ ਕਿਸੇ ਕਾਮਲ ਫ਼ਕੀਰ ਦੀ ਦੱਸ

ਪਾ ਜਿਸ ਦੇ ਬਚਨਾਂ ਨਾਲ ਮੇਰਾ ਮਨੋਰਥ ਪੂਰਾ ਹੋ ਜਾਵੇ। ਭਾਈ ਰਾਮ ਦਾਸ ਬਾਬਾ ਜੀ ਦਾ ਪੂਰਨ ਸ਼ਰਧਾਲੂ ਸੀ। ਇਸ ਨੇ ਅਰਜ਼ ਕੀਤੀ, "ਹੇ ਖਾਨ ਸਾਹਬ! ਇਸ ਵਕਤ ਬਾਬਾ ਕਰਮ ਸਿੰਘ ਜੀ ਕਾਮਲ ਫ਼ਕੀਰ ਹਨ। ਜੋ ਵੀ ਪ੍ਰੇਮੀ ਭਾਵੇਂ ਹਿੰਦੂ ਹੋਵੇ ਭਾਵੇਂ ਮੁਸਲਮਾਨ ਜੋ ਵੀ ਉਨ੍ਹਾਂ ਪਾਸ ਜਾ ਕੇ ਆਪਣੀ ਮਨੋਰਥ ਸਿੱਧੀ ਲਈ ਅਰਜ਼ ਕਰਦਾ ਹੈ ਉਹ ਕਿਸੇ ਨੂੰ ਖ਼ਾਲੀ ਨਹੀਂ ਮੋੜਦੇ। ਸਭਨਾਂ ਦੀਆਂ ਮਨੋ-ਕਾਮਨਾ ਪੂਰੀਆਂ ਕਰਦੇ ਹਨ। ਤੁਸੀਂ ਇੱਕ ਵਾਰ ਸ਼ਰਧਾ ਧਾਰ ਕੇ ਉਨ੍ਹਾਂ ਪਾਸ ਪੁੱਜੋ ਤੁਹਾਡੇ ਤੇ ਵੀ ਉਹ ਰਹਿਮਤ ਕਰਨਗੇ। ਪਰ ਜਾਣਾ ਰਾਤ ਦੇ ਦਸ ਵਜੇ ਇਕਲਿਆਂ ਪਾਸ, ਉਸ ਵੇਲੇ ਉਹ ਨਦੀ ਕਿਨਾਰੇ ਇਕਾਂਤ ਬੈਠੇ ਹੁੰਦੇ ਹਨ ਅਤੇ ਤੁਹਾਡਾ ਕੰਮ ਵੀ ਇਕਾਂਤ ਸਮੇਂ ਦੱਸਣ ਵਾਲਾ ਹੈ।"

ਆਪਣੇ ਮੁਖੀ ਅਤੇ ਪੂਰਨ ਇਤਬਾਰੀ ਮੁਲਾਜ਼ਮ ਭਾਈ ਰਾਮ ਦਾਸ ਦੇ ਪਾਸੋਂ ਇਹ ਬਚਨ ਸੁਣ ਕੇ ਖ਼ਾਨ ਸਾਹਬ ਦਾ ਮਨ ਬੜਾ ਪ੍ਰਸੰਨ ਹੋਇਆ। ਦਿਨ ਦਾ ਸਮਾਂ ਮਸਾਂ ਹੀ ਲੰਘਿਆ ਜਦ ਸਾਮ ਹੋਈ ਤਾਂ ਇਹ ਪੰਜ ਸੱਤ ਆਦਮੀ ਲੈ ਕੇ ਹੋਤੀ ਡੇਰੇ ਵੱਲ ਨੂੰ ਆਇਆ। ਡੇਰੇ ਆ ਕੇ ਪੁੱਛਿਆ ਕਿ ਐਸ ਵੇਲੇ ਪੀਰ ਜੀ ਦਾ ਦਰਸ਼ਨ ਕਿਥੇ ਹੋਵੇਗਾ। ਗੁਰਸਿੱਖਾਂ ਨੇ ਆਖਿਆ ਬਾਹਰ ਨਦੀ ਦੇ ਕੰਢੇ ਬੈਠੇ ਹਨ ਉੱਥੇ ਚਲੇ ਜਾਉ। ਉਸ ਸਮੇਂ ਆਪਣੇ ਨਾਲ ਦੇ ਆਦਮੀਆਂ ਸਮੇਤ ਇਹ ਰਾਤ ਦੇ ਦਸ ਵਜੇ 'ਕਲਪਾਣੀ' ਦੇ ਕਿਨਾਰੇ ਬਾਬਾ ਜੀ ਪਾਸ ਪੁੱਜਾ। ਸਭਨਾਂ ਦੇ ਦਿਲਾਂ ਦੀ ਜਾਨਣਹਾਰੇ ਉਸ ਸਮੇਂ ਸਾਰੇ ਸਾਧੂਆਂ ਤੋਂ ਕੁਝ ਕੁ ਦੂਰ ਫਾਸਲੇ ਤੇ ਜਾ ਬੈਠੇ। ਹੋਰ ਸਾਧੂ ਆਪਸ ਵਿੱਚ ਥੋੜ੍ਹੇ-ਥੋੜ੍ਹੇ ਫਾਸਲੇ ਤੇ ਬੈਠੇ ਸਨ। ਇਸ ਖ਼ਾਨ ਨੇ ਪਾਸ ਜਾ ਕੇ ਇੱਕ ਸਾਧੂ ਨੂੰ ਪੁੱਛਿਆ ਕਿ ਬਾਬਾ ਜੀ ਕਿਥੇ ਬੈਠੇ ਹਨ? ਸਾਧੂ ਨੇ ਦੱਸਿਆ ਕਿ 'ਕਲਪਾਣੀ' ਦੇ ਕੰਢੇ ਸਿੱਧ ਆਸਣ ਲਾਈ ਅਲਾਹੀ ਜੋਤ ਉਹੋ ਹੀ ਬੈਠੇ ਹਨ।

ਜਦੋਂ ਇਹ ਖ਼ਾਨ ਆਪਣੇ ਨਾਲ ਦੇ ਹਥਿਆਰਬੰਦ ਸਾਥੀਆਂ ਸਮੇਤ (ਜੋ ਕਿ ਡਾਕੂ ਜਾਪਦੇ ਸਨ[੬] ਇਸ ਸਾਧੂ ਪਾਸੋਂ ਬਾਬਾ ਕਰਮ ਸਿੰਘ ਜੀ ਮਹਾਰਾਜ ਦਾ ਪਤਾ ਪੁੱਛ ਰਿਹ ਸੀ। ਉਸ ਸਮੇਂ ਸਾਰੇ ਸਾਧੂਆਂ ਦਾ ਧਿਆਨ ਇਸ ਪਾਸੇ ਗਿਆ ਕਿ ਐਸ ਵੇਲੇ ਰਾਤ ਦੇ ਵਕਤ ਬਾਬਾ ਜੀ ਦਾ ਕਿਹੜਾ ਪ੍ਰੇਮੀ ਦਰਸ਼ਨਾਂ ਨੂੰ ਆਇਆ ਹੈ, ਤੇ ਸਾਰੇ ਹੀ ਡਰ ਗਏ ਕਿ ਇਹ ਤਾਂ ਹਥਿਆਰਬੰਦ ਡਾਕੂ ਹਨ। ਉਨ੍ਹਾਂ ਵਿੱਚੋਂ ਇੱਕ ਸਾਧੂ ਨੇ ਦੌੜ ਕੇ ਬਾਬਾ ਜੀ ਪਾਸ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਡਾਕਾ ਆ ਗਿਆ।"

ਉਸ ਸਾਧੂ ਦੀ ਬੇਨਤੀ ਸੁਣ ਕੇ ਬਾਬਾ ਜੀ ਨੇ ਉੱਤਰ ਦਿੱਤਾ ਕਿ ਡਰੋ ਨਾ ਕੋਈ ਡਾਕਾ ਨਹੀਂ ਆਉਂਦਾ, ਉਨ੍ਹਾਂ ਨੂੰ ਆਉਣ ਦਿਉ। ਇਤਨੇ ਨੂੰ ਨਾਲ ਦੇ ਸਾਥੀਆਂ ਨੂੰ ਪਿਛੇ ਰੋਕ ਕੇ ਇਕੱਲੇ ਹੀ ਖ਼ਾਨ ਸਾਹਬ ਨੇ ਸੰਤਾਂ ਦੇ ਚਰਨ ਫੜ ਕੇ ਸਲਾਮ ਕੀਤੀ। ਅੰਤਰਯਾਮੀ ਦਾਤੇ ਨੇ ਆਖਿਆ, "ਆਉ ਖ਼ਾਨ ਸਾਹਬ! ਇਸ ਵਕਤ ਕਿਵੇਂ ਆਉਣਾ ਹੋਇਆ?" ਤਾਂ ਖ਼ਾਨ ਸਾਹਬ ਨੇ ਬਾਬਾ ਜੀ ਅੱਗੇ ਆਪਣੀ ਸਾਰੀ ਹਾਲਤ ਰੋ-ਰੋ ਕੇ ਦੱਸੀ। ਕਿ ਹੇ ਫ਼ਕੀਰ ਸਾਈਂ! ਆਪ ਅੱਲ੍ਹਾ ਦਾ ਰੂਪ ਹੋ। ਮੇਰੇ ਮਨ ਦਾ ਮਨੋਰਥ ਕਿਤੋਂ ਵੀ ਪੂਰਾ ਨਹੀਂ ਹੋਇਆ। ਆਪ ਕ੍ਰਿਪਾ ਕਰਕੇ ਪੂਰਾ ਕਰੋ। ਨਹੀਂ ਤਾਂ ਮੈ ਹੁਣੇ ਹੀ ਤੁਹਾਡੇ ਸਾਹਮਣੇ ਆਪਣਾ ਗਲਾ ਕੱਟ ਕੇ ਮਰ ਜਾਵਾਂਗਾ।

ਖ਼ਾਨ ਦੀ ਇਹ ਅਰਜ਼ ਸੁਣ ਕੇ ਤੇ ਦੁਖੀ ਹਿਰਦਾ ਜਾਣ ਕੇ ਹਜ਼ੂਰ ਨੇ ਉਸ ਨੂੰ ਧੀਰਜ ਦਿੱਤਾ ਅਤੇ ਕਿਹਾ, "ਖ਼ਾਨ ਸਾਹਿਬ! ਖ਼ੁਦਕਸ਼ੀ ਨਾ ਕਰੋ ਇਹ ਤਾਂ ਮਾਮੂਲੀ ਗੱਲ ਹੈ। ਖ਼ੁਦਾ ਭਲੀ ਕਰੇਗਾ ਪਰ ਅਸੀਂ ਜੋ ਉਪਾਅ ਦੱਸੀਏ ਉਹ ਕਰਨਾ ਪਵੇਗਾ।" ਬਾਬਾ ਜੀ ਦੇ ਬਚਨ ਸੁਣ ਕੇ ਖ਼ਾਨ ਦਾ ਮਨ ਗਦ-ਗਦ ਹੋ ਗਿਆ। ਉਸ ਨੇ ਸਿਰ ਝੁਕਾਇਆ ਅਤੇ ਹੱਥ ਜੋੜ ਕੇ ਅਰਜ਼ ਕੀਤੀ, "ਹੇ ਗ਼ਰੀਬ ਪਰਵਰ! ਜੋ ਵੀ ਆਪ ਹੁਕਮ ਕਰੋ ਬੰਦਾ ਮੰਨਣ ਲਈ ਤਿਆਰ ਹੈ।" ਖ਼ਾਨ ਸਾਹਬ ਦੀ ਅਰਜ਼ ਸੁਣਕੇ ਅਰਸ਼ਾਂ ਕੁਰਸ਼ਾਂ ਦੇ ਮਾਲਕ ਗ਼ਰੀਬਾਂ ਨੂੰ ਨਿਵਾਜਣ ਵਾਲੇ ਸੂਰਬੀਰ ਬਚਨਾਂ ਦੇ ਬਲੀ ਦਾਤੇ ਨੇ:

ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥

(ਪੰਨਾ ੩੯੨)

---

[੬] ਇਸ ਇਕਾਲੇ ਵਿੱਚ ਜੇ ਪੰਜ ਦਸ ਪਠਾਣ ਹਥਿਆਰ ਬੰਦ ਇਕੱਠੇ ਆਉਣ ਤਾਂ ਇਸ ਨੂੰ ਡਾਕਾ ਆਇਆ ਕਹਿੰਦੇ ਸਨ, ਕਿ ਡਾਕੂ ਆ ਗਏ ਮਾਰਨ ਵਾਸਤੇ। ਉਸ ਪਾਸੇ ਪੰਜ ਪੰਜ ਹਥਿਆਰ ਤਾਂ ਆਮ ਹੀ ਹਰੇਕ ਪਠਾਣ ਪਾਸ ਹੁੰਦੇ ਸਨ, ਇੱਕ ਛੋਟਾ ਛੇ ਡਜ਼ਾ ਚਮਾਚਾ, ਇੱਕ ਛੁਰਾ, ਇੱਕ ਜਹਿਰ ਵਾਲੀ ਛੋਟੀ ਦਾਤੀ, ਇੱਕ ਬਰਛਾ ਅਤੇ ਇੱਕ ਚਾਕੂ, ਕਿਉਂਕਿ ਇਹ ਬੜੇ ਖ਼ੂੰਖਾਰ ਰਾਕਸ਼ ਹੁੰਦੇ ਸਨ। ਇਨ੍ਹਾਂ ਦੀ ਇੱਕ ਦੂਜੇ ਨਾਲ ਦੁਸ਼ਮਣੀ ਰਹਿੰਦੀ ਸੀ ਜਿਸ ਕਰਕੇ ਹਰ ਸਮੇਂ ਖ਼ਤਰੇ ਵਿੱਚ ਹੀ ਪਏ ਰਹਿੰਦੇ ਅਤੇ ਆਪਣੀ ਹਿਫ਼ਾਜਤ ਲਈ ਇਤਨੇ ਹਥਿਆਰ ਪਾਸ ਰੱਖਦੇ।

ਜਿਨਾਂ ਨੇ ਪੰਜਾਂ ਦੁਸ਼ਮਣਾ ਦਾ ਆਭਾਵ ਕੀਤਾ ਹੈ:

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥

(ਪੰਨਾ ੪੦੪)

ਅਤੇ

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥

(ਪੰਨਾ ੧੩੭੪)

ਹੁਕਮ ਕੀਤਾ, "ਖ਼ਾਨ ਸਾਹਬ! ਸਵੇਰੇ ਤਿੰਨ ਵਜੇ ਜਾਗ ਕੇ ਇਸ਼ਨਾਨ ਕਰਕੇ ਮਸਜਿਦ ਪੁੱਜੋ ਅਤੇ ਆਪਣੇ ਮੁੱਖੋਂ ਅੱਲ੍ਹਾ ਦਾ ਜਾਪ ਕਰੋ। ਨਿਮਾਜ਼ ਪੜ੍ਹਨ ਸਮੇਂ ਨਿਮਾਜ਼ਾਂ ਪੜ੍ਹੋ ਇਸ ਤਰ੍ਹਾਂ ਦਾ ਜਾਪ ਚਾਲੀ ਦਿਨ ਕਰੋ ਅਤੇ ਇਕਾਂਤ ਰਹੋ ਘਰ ਨਹੀਂ ਜਾਣਾ ਸ਼ਰਾਬ ਤੇ ਗੋਸ਼ਤ ਨਹੀਂ ਵਰਤਣਾ। ਦਿਨ ਚੜ੍ਹੇ ਤੋਂ ਆਪਣੇ ਹੁਜਰੇ ਵਿੱਚ ਆ ਜਾਣਾ, ਸਾਰਾ ਦਿਨ ਅੱਲ੍ਹਾ ਪਾਕ ਨੂੰ ਯਾਦ ਕਰਦੇ ਰਹਿਣਾ ਖ਼ੁਦਾ ਭਲੀ ਕਰੇਗਾ"। ਇਉਂ ਪਤਿਤ ਪਾਵਨ, ਕਲੂਖ ਸੰਤਾਂ ਦਾ ਦਰਸ਼ਨ ਕਰ-

ਅਨਿਕ ਬਿਘਨ ਤੇ ਸਾਧੂ ਰਾਖੈ ॥
ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥

(ਪੰਨਾ ੨੯੩)

ਅਥਵਾ:

ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥

(ਪੰਨਾ ੬੧੦)

ਹੁਕਮ ਸੁਣ ਕੇ ਸਿਰ ਝੁਕਾਇਆ। ਪਾਵਨ ਚਰਨਾਂ ਤੇ ਮੱਥਾ ਰੱਖ ਕੇ ਸਿਜਦਾ ਕੀਤਾ। ਆਗਿਆ ਪਾ ਸਾਥੀਆਂ ਸਮੇਤ ਘਰ ਪੁੱਜਾ।

ਬਾਬਾ ਜੀ ਦਾ ਹੁਕਮ ਤਿੰਨ ਵਜੇ ਜਾਗਣ ਦਾ ਸੀ। ਪਰ ਇਸ ਨੂੰ ਨੀਂਦ ਕਿਥੇ? ਇੱਕ ਵਜੇ ਹੀ ਮਸਜਿਦ ਵਿੱਚ ਆ ਗਿਆ। ਇਸ਼ਨਾਨ ਕਰਕੇ ਲੱਗਾ ਉੱਚੀ-ਉੱਚੀ ਖ਼ੁਦਾ ਖ਼ੁਦਾ ਕਰਨ। ਮੌਲਵੀ ਦਾ ਘਰ ਪਾਸ ਹੀ ਸੀ। ਉਸ ਦੀ ਜਾਗ ਖੁੱਲ੍ਹੀ ਤੇ ਆਵਾਜ਼ ਸੁਣੀ। ਸੋਚਿਆ ਇਸ ਵਕਤ ਕੌਣ ਹੈ? ਜੋ ਸੌਣ ਵੀ ਨਹੀਂ ਦਿੰਦਾ। ਉਸ ਨੇ ਉੱਠ ਕੇ ਕੌੜੇ ਬਚਨ ਵੀ ਬੋਲੇ ਤੇ ਖ਼ਾਨ ਨੂੰ ਮੁਸਾਫ਼ਰ ਜਾਣਕੇ ਗਾਲਾਂ ਵੀ ਕੱਢੀਆਂ। ਰਾਤ ਦੇ ਹਨੇਰੇ ਕਰਕੇ ਪਛਾਣ ਨਾ ਸਕਿਆ ਪਰ ਖ਼ਾਨ ਨੂੰ ਆਪਣੀ ਖ਼ੁਦਾ ਦੀ ਯਾਦ ਵਿੱਚ ਜੁੜਿਆਂ ਕੁਝ ਵੀ ਨਾ ਪਤਾ ਲੱਗਾ। ਰਾਤ ਬਤੀਤ ਹੋਈ ਅਤੇ ਸਵੇਰੇ ਨਮਾਜ਼ ਸਮੇਂ ਇਸ ਨੇ ਨਮਾਜ਼ ਵੀ ਪੜ੍ਹੀ ਦਿਨ ਚੜ੍ਹੇ ਆਪਣੇ ਹੁਜ਼ਰੇ ਵਿੱਚ ਆ ਗਿਆ। ਦੂਸਰੇ ਦਿਨ ਫਿਰ ਉਸੇ ਟਾਇਮ ਜਾ ਕੇ ਖ਼ੁਦਾ ਖ਼ੁਦਾ ਕਰਨ ਲਗਿਆ।

ਮੌਲਵੀ ਨੂੰ ਪਤਾ ਲੱਗ ਗਿਆ ਕਿ ਇਹ ਤਾਂ ਖ਼ਾਨ ਸਾਹਬ ਹੈ। ਜਦ ਦਿਨ ਚੜ੍ਹੇ ਖ਼ਾਨ ਨਿਮਾਜ਼ ਪੜ੍ਹ ਕੇ ਜਾਣ ਲੱਗਿਆ ਤਾਂ ਮੌਲਵੀ ਨੇ ਮੁਆਫ਼ੀ ਮੰਗੀ ਕਿ ਮੈਂ ਹਨੇਰੇ ਕਰਕੇ ਆਪ ਨੂੰ ਪਛਾਣ ਨਾ ਸਕਿਆ ਅਤੇ ਮੁਸਾਫ਼ਰ ਜਾਣ ਕੇ ਗਾਲਾਂ ਕੱਢੀਆਂ। ਮੈਨੂੰ ਮੁਆਫ਼ੀ ਦੇ ਦਿਉ। ਖ਼ਾਨ ਸਾਹਿਬ ਨੇ ਆਖਿਆ, "ਕੌਣ ਹੈਂ? ਕੀ ਕਹਿ ਰਿਹਾ ਹੈਂ? ਬੇਫ਼ਿਕਰ ਰਹੋ ਮੈਂ ਤਾਂ ਕੁਝ ਸੁਣਿਆ ਹੀ ਨਹੀਂ, ਤੈਂ ਕੀ ਆਖਿਆ ਸੀ?"

ਉਧਰੋਂ ਘਰ ਵਿੱਚ ਭਾਈ ਰਾਮ ਦਾਸ ਤੋਂ ਇਸ ਦੀਆਂ ਬੇਗਮਾਂ ਨੂੰ ਪਤਾ ਲੱਗਾ ਕਿ ਖ਼ਾਨ ਸਾਹਬ ਬਾਬਾ ਕਰਮ ਸਿੰਘ ਜੀ ਪਾਸ ਗਏ ਸਨ ਤੇ ਉਨ੍ਹਾਂ ਨੇ ਮਸਜਿਦ ਵਿੱਚ ਜਾਣ ਦਾ ਹੁਕਮ ਕੀਤਾ ਹੈ ਹੁਣ ਖ਼ਾਨ ਸਾਹਬ ਇਸ ਪਾਪ ਕਰਮ ਤੋਂ ਬਚ ਜਾਵੇਗਾ ਕਿਉਂਕਿ ਉਸ ਨੂੰ ਕਾਮਲ ਫ਼ਕੀਰ ਮਿਲ ਗਿਆ ਹੈ। ਇਉਂ ਬਾਬਾ ਜੀ ਦੇ ਹੁਕਮ ਅਨੁਸਾਰ ਖ਼ਾਨ ਸਾਹਿਬ ਨੂੰ ਮਸਜਿਦ ਵਿੱਚ ਜਾਂਦਿਆ ਚਾਰ ਦਿਨ ਹੋ ਗਏ। ਸਾਰੇ ਨਗਰ ਵਿੱਚ ਧੁੰਮਾਂ ਪੈ ਗਈਆਂ ਕਿ ਜੋ ਖ਼ਾਨ ਸਾਹਬ ਈਦ ਵਾਲੇ ਦਿਨ ਵੀ ਮਸੀਤ ਵਿੱਚ ਨਹੀਂ ਸੀ ਆਇਆ, ਨਾ ਕਦੇ ਨਮਾਜ਼ ਹੀ ਪੜ੍ਹੀ ਸੀ। ਹੁਣ ਸਾਰੀ-ਸਾਰੀ ਰਾਤ ਬੰਦਗੀ ਕਰਦਾ ਹੈ। ਨਿਮਾਜ਼ਾਂ ਪੜ੍ਹਦਾ ਰਹਿੰਦਾ ਹੈ। ਬੜਾ ਨੇਕ ਬਣ ਗਿਆ ਹੈ। ਫੇਰ ਕੀ ਸੀ ਸਾਰੇ ਦੁਸ਼ਮਣ ਵੀ ਮਿੱਤਰ ਹੋ ਗਏ। ਘੋੜਿਆਂ ਤੇ ਕਾਠੀਆਂ ਪਾ ਕੇ ਫੁੱਲਾਂ ਦੇ ਹਾਰ ਲੈ ਕੇ ਦਰਸ਼ਨਾਂ ਲਈ ਮਸਜਿਦ ਦੇ ਬੂਹੇ ਅੱਗੇ ਭੀੜ ਲੱਗੀ ਰਹਿੰਦੀ। ਜਦੋਂ ਖ਼ਾਨ ਮਸੀਤ

'ਚੋਂ ਬਾਹਰ ਆਇਆ ਤਾਂ ਲੋਕਾਂ ਨੇ ਹਾਰਾਂ ਨਾਲ ਉਸ ਦਾ ਗਲਾ ਭਰ ਦਿੱਤਾ ਅਤੇ ਘੋੜੇ ਤੇ ਅਸਵਾਰ ਕਰਾ ਕੇ ਹੁਜ਼ਰੇ ਵਿੱਚ ਲੈ ਆਏ। ਉਸ ਸਮੇਂ ਖ਼ਾਨ ਸਾਹਿਬ ਨੇ ਰਾਮਦਾਸ ਨੂੰ ਹੁਕਮ ਕੀਤਾ ਕਿ ਹਿੰਦੂਆਂ ਵਾਸਤੇ ਗੁਰਦੁਆਰੇ ਚਾਹ ਤਿਆਰ ਕਰਕੇ ਪਿਲਾਇਆ ਕਰੋ। ਮੁਸਲਮਾਨ ਪਠਾਣਾਂ ਦੀ ਚਾਹ ਦਾ ਇੰਤਜ਼ਾਮ ਇਸ ਨੇ ਆਪਣੇ ਘਰ ਕਰ ਦਿੱਤਾ। ਦੁਨੀਆਂ ਦਰਸ਼ਨਾਂ ਵਾਸਤੇ ਉਲਟ ਪਈ।

ਅੱਜ ਛੇਵਾਂ ਦਿਨ ਹੈ ਖ਼ੁਦਾ ਦਾ ਜਾਪ ਕਰਦੇ ਨੂੰ ਮਸਜਿਦ ਵਿੱਚ ਬੈਠਿਆਂ ਖ਼ਾਨ ਨੇ ਵਿਚਾਰ ਕੀਤੀ ਕਿ ਮੇਰੀਆਂ ਚੰਗੇ ਘਰ ਦੀਆਂ ਚਾਰ ਬੇਗ਼ਮਾਂ ਹਨ ਜੋ ਸਦਾ ਹੁਕਮ ਮੰਨ ਕੇ ਮੇਰੀ ਸੇਵਾ ਕਰਦੀਆਂ ਹਨ ਅਤੇ ਬੜੇ ਸੁੰਦਰ ਪੁੱਤਰ ਧੀਆਂ ਹਨ। ਹੋਰ ਕਿਹੜੀ ਗੱਲ ਦੀ ਮੈਨੂੰ ਭੁੱਖ ਹੈ। ਜੋ ਬੁਰੇ ਖ਼ਿਆਲਾਂ 'ਚ ਪਵਾਂ ਅਤੇ ਮੰਦ ਵਾਸ਼ਨਾ ਪੂਰਤੀ ਲਈ ਖ਼ੁਦਾ ਨੂੰ ਯਾਦ ਕਰਾਂ। ਭਾਵੇਂ ਮੈਂ ਬੁਰੇ ਖ਼ਿਆਲਾਂ ਨੂੰ ਲੈ ਕੇ ਅੱਲਾ ਨੂੰ ਯਾਦ ਕੀਤਾ ਹੈ ਫਿਰ ਵੀ ਦੁਨੀਆਂ ਮੇਰਾ ਕਿਤਨਾ ਅਦਬ ਕਰਦੀ ਹੈ। ਦੁਸ਼ਮਣੀ ਕਰਨ ਵਾਲੇ ਵੀ ਹੁਣ ਸੱਜਣ ਬਣ ਕੇ ਸਿਜਦੇ ਕਰਦੇ ਹਨ।

ਉਸ ਸਮੇ ਖ਼ਾਨ ਸਾਹਬ ਵਜਦ ਵਿੱਚ ਆ ਕੇ ਕਹਿਣ ਲੱਗਾ, "ਵਾਹ ਮੇਰੇ ਮੁਰਸ਼ਦ! ਵਾਹ ਮੇਰੇ ਅੱਲ੍ਹਾ! ਮੈਨੂੰ ਕੈਸੇ ਚੰਗੇ ਰਸਤੇ ਲਾਇਆ ਹੈ।" ਨੇਤਰ ਹੰਝੂਆਂ ਨਾਲ ਤਰ ਹੋ ਗਏ। ਆਪਣੇ ਨੌਕਰ ਰਾਮਦਾਸ ਨੂੰ ਕਹਿਣ ਲੱਗਾ, "ਰਾਮਦਾਸ! ਮੈ ਤੇਰੇ ਕਦਮਾਂ ਦੀ ਧੂੜ ਚੁੰਮਾ ਜੋ ਤੂੰ ਮੇਰੇ ਤੇ ਪਰਉਪਕਾਰ ਕੀਤਾ ਹੈ। ਐਸਾ ਕਾਮਲ ਮੁਰਸ਼ਦ ਸੱਚਾ ਪੀਰ ਦੱਸਿਆ।" ਕਹਿੰਦਾ ਹੈ, "ਤੌਬਾ ਮੇਰੇ ਅੱਲ੍ਹਾ ਦੀ! ਮੈਂ ਉਸ ਪਠਾਣ ਦੀ ਬੇਗ਼ਮ ਦਾ ਹੁਣ ਸੁਪਨੇ ਵਿੱਚ ਵੀ ਖ਼ਿਆਲ ਨਹੀਂ ਕਰਾਂਗਾ। ਹੇ ਗ਼ੁਨਾਹਗਾਰਾਂ ਤੇ ਰਹਿਮਤ ਕਰਨ ਵਾਲੇ ਦਾਤਾ! ਤੂੰ ਕੈਸਾ ਚੰਗਾ ਹੈਂ! ਹੇ ਮੇਰੇ ਖ਼ੁਦਾ ਤੂੰ ਹਰ ਪਲ ਮੈਨੂੰ ਯਾਦ ਰਹੇਂ! ਕਦੀ ਵੀ ਨਾ ਭੁੱਲੀਂ! ਪਾਪਾਂ ਤੋਂ ਬਚਾਈਂ ਮੇਰੇ ਐਬਾਂ ਵੱਲ ਨਾ ਤੱਕੀਂ! ਆਪਣੇ ਦਰੋਂ ਬਖ਼ਸ਼ਿਆਂ ਦੇ ਪੈਰਾਂ ਦੀ ਖਾਕ ਦੇਵੀਂ! ਹੇ ਅੱਲ੍ਹਾ ਪਾਕ! ਆਪਣੇ ਸਰੂਪ ਪੂਰਨ ਪੀਰ ਦੇ ਦਰਸ਼ਨ ਬਖ਼ਸ਼!" ਇਉਂ ਖ਼ਾਨ ਜਿਵੇਂ-ਜਿਵੇਂ ਭਗਤੀ ਕਰੇ ਮਨ ਦੇ ਖ਼ਿਆਲ ਬਦਲੀ ਜਾਣ।

ਯਥਾ: ਬੁਧਿ ਬਦਲੀ ਸਿਧਿ ਪਾਈ ॥

(ਪੰਨਾ ੩੩੯)

ਚੰਦਰ ਮਣੀ ਗਨਿਕਾ ਵਾਂਗੂੰ ਖ਼ਿਆਲ ਪਲਟ ਗਏ। ਉਸ ਉੱਪਰ ਵੀ ਕਿਸੇ ਰੱਬੀ ਬੰਦੇ ਦੀ ਮਿਹਰ ਹੋਈ ਸੀ।

ਯਥਾ: ਗਨਕਾ ਪਾਪਨ ਹੋਇਕੈ ਪਾਪਾਂ ਦਾ ਗਲ ਹਾਰ ਪਰੋਤਾ ।
ਮਹਾਂ ਪੁਰਖ ਅਚਾਣਚਕ ਗਣਕਾ ਵਾੜੇ ਆਇ ਖਲੋਤਾ ।
ਦੁਰਮਤਿ ਦੇਖ ਦਇਆਲ ਹੋਇ ਹਥਹੁੰ ਉਸਨੋਂ ਦਿਤੋਸੁ ਤੋਤਾ ।
ਰਾਮ ਨਾਮ ਉਪਦੇਸ ਕਰ ਖੇਲ ਗਿਆ ਦੇ ਵਣਜ ਸਉਤਾ ।
ਲਿਵ ਲਾਗੀ ਤਿਸ ਤੋਤਿਅਹੁੰ ਨਿਤ ਪੜ੍ਹਾਏ ਕਰੈ ਅਸੋਤਾ ।
ਪਤਿਤ ਉਧਾਰਣ ਰਾਮ ਨਾਮ ਦੁਰਮਤਿ ਪਾਪ ਕਲੇਵਰ ਧੋਤਾ ।
ਅੰਤਕਾਲ ਜਮ ਜਾਲ ਤੋੜ ਨਰਕੈ ਵਿਚ ਨ ਖਾਧੁਸ ਗੋਤਾ ।
ਗਈ ਬੈਕੁੰਠ ਬਿਬਾਣ ਚੜ੍ਹ ਨਾਉ ਨਾਰਾਇਣ ਛੋਤ ਅਛੋਤਾ ।
ਥਾਉਂ ਨਿਥਾਵੇਂ ਮਾਣ ਮਣੋਤਾ ॥੨੧॥

(ਭਾਈ ਗੁਰਦਾਸ ਜੀ)

ਖੋਟੀ ਮੱਤ ਦੇਖ ਕੇ ਸੰਤਾਂ ਨੇ ਰਾਮ ਨਾਮ ਪੜ੍ਹਿਆ, ਤੋਤਾ ਬਖ਼ਸ਼ ਕੇ ਗਨਕਾ ਤਾਰ ਦਿੱਤੀ। ਇਸੇ ਤਰ੍ਹਾਂ ਖ਼ਾਨ ਸਾਹਿਬ ਦੇ ਮਨ 'ਚੋਂ ਪਾਪ ਨਿਕਲ ਗਿਆ। ਹਿਰਦਾ ਬਿਲਕੁਲ ਸਾਫ਼ ਤੇ ਸ਼ੁੱਧ ਹੋ ਗਿਆ।

ਯਥਾ: ਕੋਟਿ ਅਪ੍ਰਾਧ ਸਾਧਸੰਗਿ ਮਿਟੈ ॥
ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥

(ਪੰਨਾ ੨੯੬)

ਇਸ ਦੀ ਬੜੀ ਮਹਿਮਾ ਹੋਣ ਲੱਗੀ। ਦਰਸ਼ਨਾਂ ਲਈ ਅਨੇਕਾਂ ਹੀ ਪਠਾਣ ਪਠਾਣੀਆਂ, ਹਿੰਦੂ ਤੇ ਮੁਸਲਮਾਨ ਮਸਜਿਦ ਤੋਂ ਬਾਹਰ ਖੜ੍ਹੇ ਉਡੀਕਦੇ ਰਹਿੰਦੇ। ਜਦੋਂ ਖ਼ਾਨ ਨੇ ਮਸੀਤ 'ਚੋਂ ਬਾਹਰ ਆਉਣਾ ਤਾਂ ਲੋਕੀਂ ਫੁੱਲਾਂ ਦੀ ਵਰਖਾ

ਕਰਨ। ਅਦਬ ਨਾਲ ਹੁਜ਼ਰੇ ਵਿੱਚ ਲਿਆਉਣ ਉੱਧਰ ਖ਼ਾਨ ਸਾਹਬ ਨੇ ਸਭ ਲੋਕਾਂ ਲਈ ਚਾਹ ਪ੍ਰਸ਼ਾਦੇ ਦੇ ਲੰਗਰ ਦਾ ਪੂਰਾ ਇੰਤਜ਼ਾਮ ਕਰ ਦਿੱਤਾ।

ਜਦੋਂ ਇਸ ਨੂੰ ਜਾਪ ਕਰਦਿਆਂ ੧੧ ਦਿਨ ਹੋ ਗਏ ਤਾਂ ਮਨ ਬਿਲਕੁਲ ਸਾਫ਼ ਹੋ ਗਿਆ। ਸੋਚਦਾ ਹੈ ਮੈਂ ਕਿਸੇ ਪਾਪ ਵਾਸਤੇ ਬੰਦਗੀ ਕੀਤੀ ਤਾਂ ਵੀ ਲੋਕਾਂ ਨੇ ਮੇਰਾ ਕਿਤਨਾ ਅਦਬ ਕੀਤਾ। ਦੁਨੀਆਂ ਦਰਸ਼ਨਾਂ ਵਾਸਤੇ ਆਉਂਦੀ ਹੈ। ਹੁਣ ਮੈਨੂੰ ਕਿਸ ਚੀਜ਼ ਦੀ ਭੁੱਖ ਹੈ। ਕਿਉਂ ਨਾ ਮੰਦੇ ਖ਼ਿਆਲ ਛੱਡ ਕੇ ਸੱਚੇ ਦਿਲ ਨਾਲ ਖ਼ੁਦਾ ਦੀ ਬੰਦਗੀ ਕਰਾਂ। ਇਉਂ ਪੱਕਾ ਮਨ ਬਣਾ ਕੇ ਫੇਰ ਰਾਤ ਦੇ ਦਸ ਵਜੇ ਬਾਬਾ ਜੀ ਦੇ ਪਾਸ ਪੁੱਜਾ। ਪਾਵਨ ਚਰਨਾਂ ਤੇ ਸੀਸ ਰੱਖ ਕੇ ਨਮਸਕਾਰ ਕੀਤੀ ਅਤੇ ਬੜਾ ਵੈਰਾਗ ਕੀਤਾ। ਇਸ ਦੀ ਹਾਲਤ ਦੇਖ ਕੇ ਅੰਤਰਯਾਮੀ ਦਾਤੇ ਨੇ ਪੁਛਿਆ, "ਕਿਉਂ ਖ਼ਾਨ ਸਾਹਬ! ਕਿਸ ਤਰ੍ਹਾਂ ਆਏ ਹੋ? ਕੀ ਚਾਲੀ ਦਿਨ ਪੂਰੇ ਹੋ ਗਏ?" ਤਾਂ ਬਾਬਾ ਜੀ ਦੇ ਚਰਨ ਫੜ ਕੇ ਅਰਜ਼ ਕੀਤੀ, "ਨਹੀਂ ਮੇਰੇ ਅੱਲ੍ਹਾ! ਅੱਜ ਗਿਆਰਾਂ ਦਿਨ ਹੋਏ ਹਨ। ਐ ਮੇਰੇ ਦਾਤਾ! ਆਪ ਜੀ ਦੀ ਕ੍ਰਿਪਾ ਨਾਲ ਹੁਣ ਮੇਰੇ ਮੰਦ ਖ਼ਿਆਲ ਬਦਲ ਗਏ ਹਨ। ਉਹ ਖ਼ਾਨ ਦੀ ਬੇਗ਼ਮ ਨੂੰ ਮੈਂ ਭੈਣ ਦੀ ਨਿਗਾਹ ਨਾਲ ਵੇਖਦਾ ਹਾਂ। ਹੇ ਅੱਲ੍ਹਾ ਦਾ ਨੂਰ! ਸੱਚੇ ਫ਼ਕੀਰ! ਆਪ ਧੰਨ ਹੋ! ਧੰਨ ਹਨ ਆਪ ਜੀ ਦੇ ਮਾਤਾ ਪਿਤਾ ਜਿਨ੍ਹਾਂ ਦੇ ਘਰ ਵਿੱਚ ਆਪ ਪ੍ਰਗਟ ਹੋਏ। ਧੰਨ ਹੈ ਇਹ ਹੋਤੀ ਮਰਦਾਨ ਦੀ ਧਰਤੀ ਜਿੱਥੇ ਆਪ ਜੀ ਦੇ ਸੋਹਣੇ ਚਰਨ ਪਏ ਅਤੇ ਮੇਰੇ ਜੈਸੇ ਅਨੇਕਾਂ ਹੀ ਪਾਪੀ ਤਰ ਗਏ।"

ਯਥਾ: ਪਾਰਸ ਮੈਂ ਅਰ ਸੰਤ ਮੈਂ ਬਡੋ ਅੰਤਰੋ ਜਾਨ ॥
ਵਹੁ ਲੋਹਾ ਕੰਚਨ ਕਰੈ ਵਹੁ ਕਰ ਹੈ ਆਪ ਸਮਾਨ ॥

(ਵਿਚਾਰਮਾਲਾ)

ਅਥਵਾ: ਅਨਿਕ ਬਿਘਨ ਤੇ ਸਾਧੂ ਰਾਖੈ ॥
ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥

(ਪੰਨਾ ੨੯੩)

ਕਬਿਤ: ਧੰਨ ਬਾਬਾ ਕਰਮ ਸਿੰਘ ਖ਼ਾਨ ਉੱਤੇ ਮੇਹਰ ਕੀਤੀ,
ਅੰਦਰੋ ਵਿਕਾਰਾਂ ਤਾਈ ਮਾਰਕੇ ਤੇ ਕੱਢਿਆ।
ਲੈ ਕੇ ਖ਼ਿਆਲ ਜਿਹੜਾ ਕਰਦਾ ਸੀ ਬੰਦਗੀ ਨੂੰ,
ਬੰਦਗੀ ਪ੍ਰਤਾਪ ਨਾਲ ਖੋਟਾਂ ਤਾਈ ਛੱਡਿਆ।
ਹਿੰਦੂ ਤੇ ਮੁਸਲਮਾਨ ਆਵੇ ਜੋ ਸ਼ਰਨ ਚਲ,
ਜਾਵਦਾ ਨਾ ਖ਼ਾਲੀ ਭਾਵੇਂ ਔਗੁਨਾ ਦਾ ਡੰਡਿਆ।
ਅਬਦੁਲ ਗ਼ਫ਼ਾਰ ਤਾਈਂ ਕਰਕੇ ਨਿਹਾਲ ਸੰਤਾਂ,
ਨਾਮ ਦਾ ਖਜਾਨਾ ਹੋਰ ਸਭਨਾਂ ਨੂੰ ਵੰਡਿਆ।

ਇਉਂ ਜਦੋਂ ਸੰਤਾਂ ਨੇ ਖ਼ਾਨ ਦੀ ਨਿਮ੍ਰਤਾ ਤੱਕੀ ਤਾਂ ਹੁਕਮ ਕੀਤਾ, "ਹੇ ਖ਼ਾਨ ਸਾਹਬ! ਇਸੇ ਵਾਸਤੇ ਹੀ ਤੈਨੂੰ ਖ਼ੁਦਾ ਦੇ ਰਸਤੇ ਲਾਇਆ ਹੈ। ਸਾਡੇ ਪਾਸ ਖ਼ੁਦਾ ਦਾ ਨਾਮ ਹੀ ਅਸਲੀ ਔਸ਼ਧੀ ਹੈ ਪਰ ਦਵਾਈ ਖਾਧੀ ਤਾਂ ਰਾਸ ਆਉਂਦੀ ਹੈ ਜੇ ਪੂਰਾ-ਪੂਰਾ ਪ੍ਰਹੇਜ਼ ਰੱਖੇ ਅਤੇ ਲਾਇਕ ਡਾਕਟਰ ਨੂੰ ਮਿਲ ਕੇ ਦਵਾਈ ਲਵੇ। ਡਾਕਟਰ ਵੀ ਰੋਗੀ ਦੇ ਰੋਗ ਦਾ ਜਾਣੂੰ ਤੇ ਔਸ਼ਧੀ ਦੀ ਪਰਖ ਕਰਨ ਵਾਲਾ ਹੋਵੇ।

ਯਥਾ: ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥

(ਪੰਨਾ ੧੪੮)

ਫਿਰ ਡਾਕਟਰ ਆਪ ਅਰੋਗ ਹੋਵੇ ਕਈ ਡਾਕਟਰ ਹੀ ਰੋਗੀ ਹੁੰਦੇ ਹਨ। ਉਹ ਮਰੀਜ਼ ਨੂੰ ਕਿਵੇਂ ਰਾਜ਼ੀ ਕਰ ਸਕਣਗੇ।

ਯਥਾ: ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥੨॥

(ਪੰਨਾ ੧੨੭੯)

ਸੰਤਾਂ ਰੂਪੀ ਡਾਕਟਰਾਂ ਪਾਸ ਤਾਂ ਨਾਮ ਦੀ ਦਾਰੂ ਹੈ। ਜੇ ਖ਼ੁਦਾ ਦਾ ਨਾਮ ਹੀ ਕੰਮ ਨਾ ਕਰੇ ਤਾਂ ਫਿਰ ਨਾਮ ਵਿੱਚ

ਕੀ ਵਡਿਆਈ। ਤੂੰ ਸੰਤਾਂ ਦੇ ਦੁਆਰੇ ਆਇਆ ਹੈ ਸੰਤ ਵੀ ਕੈਸੇ:

ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ ॥
ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ ॥

(ਪੰਨਾ ੭੦੦)

ਤੈਨੂੰ ਹੀਰੇ ਮੋਤੀਆਂ ਦਾ ਵਪਾਰੀ ਬਣਾ ਦਿੱਤਾ ਹੈ ਜੋ ਪਹਿਲਾਂ ਕੱਚ ਤੇ ਕੌਡੀਆਂ ਦਾ ਖ਼ਰੀਦਦਾਰ ਸੀ। ਅਸੀਂ ਖੋਟੀਆਂ ਵਾਸ਼ਨਾ ਪੂਰੀਆਂ ਕਰਨ ਵਾਸਤੇ ਸੰਤ ਨਹੀਂ ਬਣੇ ਸਗੋਂ ਖੋਟ ਕੱਢਣ ਵਾਸਤੇ ਸੰਤ ਬਣੇ ਹਾਂ।

ਯਥਾ: ਕਰਿ ਹੁਕਮੁ ਮਸਤਕਿ ਹਥੁ ਧਰਿ
ਵਿਚਹੁ ਮਾਰਿ ਕਢੀਆ ਬੁਰਿਆਈਆ ॥

(ਪੰਨਾ ੪੭੩)

ਜਾਓ! ਕਰੋ ਅੱਲ੍ਹਾ ਨੂੰ ਯਾਦ ਤੇ ਕਰਾਉ ਹੋਰਨਾਂ ਤੋਂ ਬੰਦਗੀ, ਗ਼ਰੀਬਾਂ ਮਸਕੀਨਾਂ ਵਾਸਤੇ ਲੰਗਰ ਲਗਵਾ ਦਿਉ। ਨਾਮ ਜਪੋ, ਧਰਮ ਦੀ ਕਿਰਤ ਕਰੋ, ਤੇ ਵੰਡ ਕੇ ਛਕੋ। ਘਰ ਵਿੱਚ ਨਿਰਲੇਪ ਰਹੋ। ਹਿੰਦੂ ਮੁਸਲਮਾਨਾਂ ਨੂੰ ਇੱਕ ਜੈਸਾ ਜਾਣੋ। ਭਖ-ਅਭਖ, ਯੋਗ-ਅਯੋਗ ਪਦਾਰਥ ਦਾ ਨਿਰਣਾ ਕਰਕੇ ਵਰਤੋ। ਜਾਓ! ਨਿਹਾਲ ਹੋ ਗਏ"। ਬਾਬਾ ਜੀ ਦੇ ਇਹ ਬਚਨ ਸੁਣ ਕੇ ਸੱਚ ਮੁਚ ਹੀ ਖ਼ਾਨ ਦਾ ਮਨ ਪਾਰਸ ਬਣ ਗਿਆ।

ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥
ਤਥਾ: ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥

(ਪੰਨਾ ੧੩੯੯)

ਆਗਿਆ ਪਾ ਕੇ ਘਰ ਆ ਗਿਆ ਤੇ ਆਪਣੇ ਖੇਤ ਵਿੱਚ ਹੀ ਮੰਦਰ ਤੇ ਮਸੀਤ ਬਣਾ ਦਿੱਤੇ। ਗੁਰਦੁਆਰਾ ਤਿਆਰ ਕਰਵਾਇਆ। ਲੋਕਾਂ ਵਾਸਤੇ ਅੱਡੋ ਅੱਡੀ ਲੰਗਰ ਜਾਰੀ ਕਰ ਦਿੱਤੇ। ਆਪ ਬਾਹਰ ਰਹਿ ਕੇ ਖ਼ੁਦਾ ਦਾ ਜਾਪ ਕਰਿਆ ਕਰੇ। ਇਉਂ ਬੜਾ ਉਘਾ ਫ਼ਕੀਰ ਬਣ ਗਿਆ। ਇਸ ਦੀ ਸੰਗਤ ਨੇ ਹੋਰ ਵੀ ਅਨੇਕਾਂ ਦਾ ਭਲਾ ਕੀਤਾ।

ਯਥਾ: ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ ॥
ਤਿਸੁ ਲਗਿ ਮੁਕਤੁ ਭਏ ਘਣੇਰੇ ॥

(ਪੰਨਾ ੧੦੧)

ਇਹ ਹੈ ਪੂਰੇ ਗੁਰਾਂ ਤੇ ਸੰਤਾਂ ਦੀ ਵਡਿਆਈ। ਧੰਨ ਹਨ ਬਾਬਾ ਕਰਮ ਸਿੰਘ ਜੀ ਮਹਾਨ ਪਾਪੀ ਨੂੰ ਸੱਚਾ ਫ਼ਕੀਰ ਬਨਾਉਣ ਵਾਲੇ।

# ਹਰਿਦੁਆਰ ਦਾ ਕੁੰਭ

ਸੰਮਤ ੧੯੨੪ ਬਿਕ੍ਰਮੀ ਦੇ ਕੁੰਭ ਮੇਲੇ ਤੇ ਹਰਿਦੁਆਰ ਨੂੰ ਜਾਂਦੇ ਹੋਏ ਕੁਝ ਕੁ ਸਾਧੂ (ਜਿਨ੍ਹਾਂ ਨਾਲ ਉਨ੍ਹਾਂ ਦਾ ਮਹੰਤ ਵੀ ਸੀ) ਬਾਬਾ ਜੀ ਦੀ ਮਹਿਮਾ ਤੇ ਵਡਿਆਈ ਸੁਣ ਕੇ ਹੋਤੀ ਮਰਦਾਨ ਦਰਸ਼ਨ ਕਰਨ ਲਈ ਆਏ। ਬਾਹਰੋਂ ਹੀ ਰਣ ਸਿੰਗਿਆਂ ਦੀ ਆਵਾਜ਼ ਤੇ ਗੁਰਬਾਣੀ ਦੇ ਸ਼ਬਦਾਂ ਦੀ ਧੁਨੀ ਕਰਦੇ ਆ ਰਹੇ ਸਨ। ਅੱਗੇ ਬਾਬਾ ਜੀ ਦਾ ਦੀਵਾਨ ਸਜਿਆ ਹੋਇਆ ਸੀ। ਇਸ ਸੰਤ ਮੰਡਲੀ ਨੇ ਪਾਸ ਪੁੱਜ ਕੇ ਫ਼ੁੱਲ ਤੇ ਇਲੈਚੀਆਂ ਦਾ ਪ੍ਰਸ਼ਾਦਿ ਭੇਟਾ ਕਰਕੇ ਚਰਨ ਪਰਸੇ ਅਤੇ ਗਲੇ ਵਿੱਚ ਫ਼ੁੱਲਾਂ ਦੇ ਹਾਰ ਪਾ ਕੇ ਭਾਵਨਾ ਨਾਲ ਮੱਥਾ ਟੇਕਿਆ। ਬਾਬਾ ਜੀ ਨੇ ਸਭਨਾਂ ਦਾ ਆਦਰ ਕੀਤਾ ਤੇ ਆਖਿਆ, "ਆਉ ਭਗਵਾਨ! ਬੜੀ ਕ੍ਰਿਪਾ ਕੀਤੀ ਜੋ ਏਥੇ ਆ ਆਪ ਜੈਸੇ ਜੰਗਮ ਤੀਰਥਾਂ ਨੇ ਦਰਸ਼ਨ ਬਖ਼ਸ਼ਿਆ"।

ਸੰਤ ਕਾ ਸੰਗੁ ਵਡਭਾਗੀ ਪਾਈਐ ॥

(ਪੰਨਾ ੨੬੫)

ਸਾਰੀ ਸੰਤ ਮੰਡਲੀ ਨੂੰ ਆਪਣੇ ਪਾਸ ਬਿਠਾਇਆ ਤੇ ਜਦੋਂ ਦੀਵਾਨ ਦੀ ਸਮਾਪਤੀ ਹੋਈ ਤਾਂ ਆਪ ਜੀ ਨੇ ਛੋਟੇ ਸੰਤ ਬਾਬਾ ਲਾਲ ਸਿੰਘ ਨੂੰ ਹੁਕਮ ਕੀਤਾ ਕਿ ਸਾਰੇ ਸੰਤਾਂ ਦਾ ਡੇਰਾ ਕਰਵਾਓ, ਜਲ ਪਾਣੀ ਤੇ ਪ੍ਰਸ਼ਾਦਿ ਛਕਾਉ, ਅਤੇ ਹੋਰ ਵੀ ਹਰੇਕ ਤਰ੍ਹਾਂ ਦੀ ਸੇਵਾ ਦਾ ਧਿਆਨ ਰੱਖਣਾ। ਇਉਂ ਸੰਤ ਲਾਲ ਸਿੰਘ ਦੀ ਡਿਊਟੀ ਲਾ ਕੇ ਆਪ ਬਾਬਾ ਜੀ ਤਾਂ ਉਸ ਸਮੇਂ ਬਾਹਰ ਨਦੀ ਕਿਨਾਰੇ ਗੁਫਾ ਵੱਲ ਚਲੇ ਗਏ। ਬਾਬਾ ਜੀ ਦਾ ਦਰਸ਼ਨ ਕਰਕੇ ਬਚਨ ਸੁਣ ਕੇ ਸਾਰੀ ਸੰਤ ਮੰਡਲੀ ਬੜੀ ਪ੍ਰਸੰਨ ਹੋਈ। ਸੰਤ ਲਾਲ ਸਿੰਘ ਜੀ ਵੀ ਬੜੇ ਚਾਅ ਨਾਲ ਸਾਰੇ ਮਹਾਂ ਪੁਰਸ਼ਾਂ ਦੀ ਸੇਵਾ ਕਰਨ ਲੱਗੇ। ਲੋੜੀਦਾ ਸਮਾਨ ਪਾਸ ਪਹੁੰਚਾ ਦਿੱਤਾ ਤੇ ਹੋਰ ਸੇਵਾਦਾਰ ਨਿਗਰਾਨੀ ਵਾਸਤੇ ਛੱਡ ਦਿੱਤੇ।

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥<br>ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥

(ਪੰਨਾ ੬੧੪)

ਇਸ ਪਾਵਨ ਉਪਦੇਸ਼ ਦੇ ਧਾਰਨ ਕਰਤਾ ਬਾਬਾ ਜੀ ਜਦੋਂ ਵੀ ਬਾਹਰੋਂ ਆਵਣ, ਕੁਝ ਸਮਾਂ ਸੰਤਾਂ ਪਾਸ ਬੈਠਣ ਸੇਵਾ ਪੁੱਛਣ। ਅਤੇ ਜਦੋਂ ਬਾਹਰ ਗੁਫਾ ਵੱਲ ਜਾਵਣ ਫੇਰ ਵੀ ਮਿਲਕੇ ਦਰਸ਼ਨ ਕਰ ਕੇ ਜਾਵਣ। ਆਪ ਜੀ ਦਾ ਮਿੱਠ ਬੋਲੜਾ ਸੁਭਾਉ ਅਤੇ ਡੇਰੇ ਦੀ ਮਰਿਯਾਦਾ ਤੱਕ ਕੇ ਸਾਰੇ ਹੀ ਸਾਧੂ ਬੜੇ ਪ੍ਰਸੰਨ ਹੋਏ। ਬੜੀਆਂ ਖ਼ੁਸ਼ੀਆਂ ਦੇ ਦਿਹਾੜੇ ਲੰਘੇ।

ਜਦੋਂ ਇਨ੍ਹਾਂ ਨੂੰ ਏਥੇ ਰਹਿੰਦਿਆਂ ਕਾਫ਼ੀ ਦਿਨ ਹੋ ਗਏ ਤਾਂ ਸਾਰੀ ਸੰਤ ਮੰਡਲੀ ਦੇ ਪ੍ਰੇਰੇ ਸ੍ਰੀ ਮਹੰਤ ਨੇ ਬਾਬਾ ਜੀ ਪਾਸ ਅਰਜ਼ ਕੀਤੀ ਕਿ ਗ਼ਰੀਬ ਨਿਵਾਜ਼! ਅਸੀਂ ਸਾਰੇ ਹੀ ਆਪਣੇ ਅਸਥਾਨ ਤੋਂ ਹਰਿਦੁਆਰ ਕੁੰਭ ਤੇ ਪਹੁੰਚਣ ਦਾ ਸੰਕਲਪ ਕਰਕੇ ਚੱਲੇ ਹਾਂ। ਇਸ ਪਾਵਨ ਜਗ੍ਹਾ ਤੇ ਆਪ ਜੀ ਦੇ ਦਰਸ਼ਨ ਕਰਕੇ ਮਨ ਬੜਾ ਪ੍ਰਸੰਨ ਹੋਇਆ ਹੈ। ਹੁਣ ਆਪ ਜੀ ਆਗਿਆ ਬਖ਼ਸ਼ੋ ਤਾਂ ਕਿ ਮੇਲੇ ਦੀ ਭੀੜ ਤੋਂ ਪਹਿਲਾਂ-ਪਹਿਲਾਂ ਪਹੁੰਚ ਜਾਈਏ। ਮਹੰਤ ਸਾਹਿਬ ਦੀ ਇਹ ਬੇਨਤੀ ਸੁਣ ਕੇ ਸੰਤਾਂ ਨੇ ਬਚਨ ਕੀਤਾ, "ਮਹਾਂ ਪੁਰਸ਼ੋ! ਤੁਸੀਂ ਤਾਂ ਖ਼ੁਦ ਤੀਰਥ ਰੂਪ ਹੋ:

ਕਹਿ ਕਬੀਰ ਹਉ ਭਇਆ ਉਦਾਸੁ ॥<br>ਤੀਰਥੁ ਬਡਾ ਕਿ ਹਰਿ ਕਾ ਦਾਸੁ ॥

(ਪੰਨਾ ੩੩੧)

ਮਨ ਉਪਰਾਮ ਕਿਉਂ ਹੋ ਗਿਆ? ਤੁਹਾਡੇ ਵਾਸਤੇ ਤਾਂ ਹਰ ਥਾਂ ਵਿੱਚ ਅਨੰਦ ਹੀ ਅਨੰਦ ਹੈ।

ਸੰਤਨ ਕਉ ਅਨਦੁ ਸਗਲ ਹੀ ਜਾਈ ॥

(ਪੰਨਾ ੬੨੯)

ਏਥੇ ਹੀ ਦਰਸ਼ਨ ਬਖ਼ਸ਼ੋ।" ਇਨ੍ਹਾਂ ਨੇ ਫੇਰ ਅਰਜ਼ ਕੀਤੀ, "ਮਹਾਰਾਜ! ਹਰਿਦੁਆਰ ਜਾਣ ਦਾ ਜ਼ਰੂਰ ਹੀ ਸੰਕਲਪ ਹੈ ਸੋ ਸਾਨੂੰ ਆਗਿਆ ਬਖ਼ਸ਼ ਕੇ ਪੂਰਾ ਕਰੋ।" ਸੰਤਾਂ ਕਿਹਾ, "ਚੰਗਾ! ਅਜੇ ਤਾਂ ਬਹੁਤ ਦਿਨ ਬਾਕੀ ਹਨ। ਕੁਝ ਦਿਨ ਹੋਰ ਠਹਿਰੋ ਫੇਰ ਜਿਸ ਤਰ੍ਹਾਂ ਦਾ ਹੁਕਮ ਕਰੋਗੇ, ਮੰਨ ਲਵਾਂਗੇ।" ਇਸ ਤਰ੍ਹਾਂ ਕੁਝ ਦਿਨ ਹੋਰ ਲੰਘੇ ਤਾਂ ਇਨ੍ਹਾਂ ਨੇ ਫੇਰ ਅਰਜ਼ ਕੀਤੀ, "ਜੀ! ਹੁਣ ਕ੍ਰਿਪਾ ਕਰੋ ਤੇ ਆਗਿਆ ਬਖ਼ਸ਼ੋ ਨਹੀਂ ਤਾਂ ਫਿਰ ਬਹੁਤ ਭੀੜ ਹੋ ਜਾਵੇਗੀ"। ਨਾਲ ਦੀ ਸੰਤ ਮੰਡਲੀ

ਬੜੀ ਕਾਹਲੀ ਪਈ।

ਜਦੋਂ ਮਹੰਤ ਸਾਹਿਬ ਨੇ ਇਸ ਤਰ੍ਹਾਂ ਬੇਨਤੀ ਕੀਤੀ ਤਾਂ ਅੰਤਰਯਾਮੀ ਬਾਬਾ ਕਰਮ ਸਿੰਘ ਜੀ ਬੋਲੇ, "ਸੰਤ ਜੀ! ਕਿਉਂ ਕਾਹਲ ਪਏ ਕਰਦੇ ਹੋ ਏਥੇ ਹੀ ਦਰਸ਼ਨ ਦਿਉ। ਇਸ ਸਾਲ ਤਾਂ ਕੁੰਭ ਦਾ ਮੇਲਾ ਭਰਨਾ ਹੀ ਨਹੀਂ। ਬੜੀ ਗੜਬੜ ਹੋ ਜਾਵੇਗੀ ਅਤੇ ਬਿਮਾਰੀ ਵੀ ਪੈ ਜਾਣੀ ਹੈ। ਜਿਹੜੇ ਗਏ ਹਨ ਉਹ ਵੀ ਪਹਿਲਾਂ ਹੀ ਵਾਪਸ ਆ ਜਾਣਗੇ। ਤੁਹਾਨੂੰ ਗੁਰੂ ਨਾਨਕ ਸਾਹਿਬ ਦੀ ਮੇਹਰ ਨਾਲ ਏਥੇ ਹੀ ਕੁੰਭ ਦਾ ਮੇਲਾ ਤੇ ਗੰਗਾ ਜੀ ਦਾ ਇਸ਼ਨਾਨ ਕਰਵਾ ਦਿਆਂਗੇ।" ਬਾਬਾ ਜੀ ਦੇ ਬਚਨ ਸੁਣ ਕੇ ਜੋ ਤਾਂ ਸਾਧੂ ਸ਼ਰਧਾਵਾਨ ਸਨ ਬਚਨਾਂ ਤੇ ਵਿਸ਼ਵਾਸ਼ ਰੱਖਣ ਵਾਲੇ ਉਹ ਤਾਂ ਰੁਕ ਗਏ ਬਾਕੀ ਦੇ ਹਠ ਕਰਕੇ ਚਲੇ ਗਏ।

ਚੇਤਰ ਦੀ ਮੱਸਿਆ ਨੂੰ ਸੂਰਜ ਗ੍ਰਹਿਣ ਲੱਗਣਾ ਸੀ। ਨਵੇ ਸੰਮਤ ਤੋਂ ਹੀ ਬੜਾ ਭਾਰੀ ਇਕੱਠ ਹੋ ਗਿਆ। ਵੈਸਾਖੀ ਵਾਲੇ ਦਿਨ ਕੁੰਭ ਦੇ ਇਸ਼ਨਾਨ ਵਿੱਚ ਅਜੇ ਅੱਠ ਦਿਨ ਬਾਕੀ ਸਨ ਸਾਰੇ ਤਾਰਾਂ ਖੜਕ ਗਈਆਂ ਕਿ ਹਰਿਦੁਆਰ ਬਹੁਤ ਭੀੜ ਦੇ ਕਾਰਨ ਬਿਮਾਰੀ ਪੈ ਗਈ ਹੈ। ਮੇਲਾ ਲੱਗਣਾ ਬੰਦ ਹੈ ਕੁੰਭ ਤੇ ਕੋਈ ਨਾ ਜਾਵੇ। ਇਹ ਗੌਰਮਿੰਟ ਦਾ ਸਖ਼ਤ ਆਰਡਰ ਸੀ। ਜੋ ਜਾ ਰਹੇ ਸਨ ਉਹ ਵੀ ਰਸਤੇ ਵਿੱਚ ਹੀ ਰੋਕ ਦਿੱਤੇ ਗਏ। ਤੇ ਵਾਪਸ ਮੋੜ ਦਿੱਤੇ ਗਏ। ਸਟੇਸ਼ਨਾਂ ਤੇ ਹਰਿਦੁਆਰ ਦੀਆਂ ਟਿਕਟਾਂ ਬੰਦ ਕਰ ਦਿੱਤੀਆਂ। ਪੈਦਲ ਜਾਣ ਵਾਲਾ ਵੀ ਕੋਈ ਨਹੀਂ ਜਾ ਸਕਦਾ ਸੀ। ਉੱਥੇ ਪੁੱਜੇ ਹੋਏ ਵੀ ਨੱਠਣ ਭੱਜਣ ਲੱਗੇ। ਇਸ ਪਾਸੇ ਪਿਸ਼ੌਰ ਤੇ ਪੋਠੋਹਾਰ ਦੇ ਇਲਾਕੇ ਜ਼ਿਲ੍ਹਾ ਕੈਮਲ ਪੁਰ ਤੇ ਹੋਤੀ ਮਰਦਾਨ ਤੱਕ ਜਦੋਂ ਪਤਾ ਲੱਗਾ ਕਿ ਐਤਕੀਂ ਕੁੰਭ ਦਾ ਮੇਲਾ ਨਹੀਂ ਭਰੇਗਾ, ਉੱਥੇ ਬਿਮਾਰੀ ਪੈ ਗਈ ਹੈ ਅਤੇ ਲੋਕੀਂ ਰਸਤਿਆਂ ਵਿੱਚੋਂ ਹੀ ਵਾਪਸ ਮੋੜੇ ਗਏ ਹਨ ਤਾਂ ਜਾਣ ਵਾਲੇ ਰੁਕ ਗਏ ਅਤੇ ਵਾਪਸ ਆਉਣ ਵਾਲਿਆਂ ਵਿੱਚੋਂ ਵੀ ਕੁਝ ਤਾਂ ਆਪਣੇ ਘਰਾਂ ਨੂੰ ਪਰਤ ਗਏ ਅਤੇ ਕਈਆਂ ਨੇ ਇਹ ਖ਼ਿਆਲ ਕੀਤਾ ਕਿ ਚਲੋ ਘਰੋਂ ਤਾਂ ਚੱਲ ਹੀ ਪਏ ਹਾਂ ਚਲੋ ਜੇ ਹਰਿਦੁਆਰ ਨਹੀਂ ਜਾ ਸਕੇ ਤਾਂ ਹੋਤੀ ਮਰਦਾਨ ਬਾਬਾ ਜੀ ਦੇ ਦਰਸ਼ਨ ਹੀ ਕਰ ਚੱਲੀਏ ਕਿਉਂਕਿ ਸਾਧੂ ਦਾ ਦਰਸ਼ਨ ਹੀ ਸਾਰੇ ਤੀਰਥਾਂ ਦਾ ਇਸ਼ਨਾਨ ਹੈ। ਇਉਂ ਜਾਣਕੇ ਸਾਰੇ ਪਾਸੇ ਤੋਂ ਸੰਗਤਾਂ ਹੋਤੀ ਦੇ ਡੇਰੇ ਆ ਇਕੱਠੀਆਂ ਹੋਈਆਂ। ਏਧਰੋਂ ਜਾਣੀ ਜਾਣ ਦਾਤੇ ਬਾਬਾ ਜੀ ਨੇ ਪਹਿਲਾਂ ਹੀ ਸੇਵਾਦਾਰਾਂ ਨੂੰ ਕਹਿ ਕੇ ਡੇਰੇ ਦੇ ਕਮਰੇ ਠੀਕ ਕਰਵਾ ਰੱਖੇ ਸਨ ਅਤੇ ਗਾਇਡ ਪਲਟਨ 'ਚੋਂ ਬਹੁਤ ਸਾਰੇ ਤੰਬੂ, ਸਾਇਬਾਨ ਤੇ ਛੋਲਦਾਰੀਆਂ ਮੰਗਵਾਕੇ ਲਗਵਾ ਛੱਡੀਆਂ ਸਨ। ਲੰਗਰ ਵਾਸਤੇ ਰਸਦ ਪਾਣੀ ਵੀ ਪਹਿਲਾਂ ਹੀ ਕਾਫ਼ੀ ਜਮ੍ਹਾ ਕਰਵਾ ਲਿਆ ਸੀ। ਇਸ ਇਲਾਕੇ ਦੇ ਪਿੰਡਾਂ ਵਿੱਚੋਂ ਵੀ ਮਿੱਠਾ, ਦਾਲ, ਘਿਓ ਤੇ ਆਟਾ ਵੀ ਲੰਗਰ ਵਾਸਤੇ ਪ੍ਰੇਮੀਆਂ ਦੇ ਘਰਾਂ 'ਚੋਂ ਆ ਗਿਆ। ਨਗਰਾਂ ਦੇ ਸੇਵਾਦਾਰ (ਜਿਨ੍ਹਾਂ ਦੀਆਂ ਜੋੜ ਮੇਲੇ ਵਾਸਤੇ ਪਹਿਲਾਂ ਹੀ ਡਿਊਟੀਆਂ ਲਾ ਰੱਖੀਆਂ ਸਨ) ਉਹ ਵੀ ਆਪੋ ਆਪਣੀ ਸੇਵਾਂ ਤੇ ਹਾਜ਼ਰ ਹੋ ਗਏ। ਕਿਸੇ ਨੂੰ ਪੰਡਾਲ ਦੀ ਸੇਵਾ ਦਿੱਤੀ ਹੋਈ ਸੀ ਕਿਸੇ ਨੂੰ ਲੰਗਰ ਦਾ ਇੰਚਾਰਜ ਬਣਾਇਆ ਹੋਇਆ ਸੀ, ਕੋਈ ਦੇਗ ਦੀ ਰਸਦ ਫੜਦਾ, ਕੋਈ ਪਹਿਰੇ ਤੇ ਸਾਵਧਾਨ ਸੀ। ਸੰਤਾਂ ਨੇ ਹੁਕਮ ਕੀਤਾ ਕਿ ਅੱਠੇ ਪਹਿਰ ਲੋਹ ਤਪਦੀ ਰਹੇ। ਹਰ ਸਮੇਂ ਪ੍ਰਸ਼ਾਦਾ ਤਿਆਰ ਮਿਲੇ ਅਤੇ ਦੀਵਾਨ ਵੀ ਰਾਤ ਦਿਨੇ ਸਜਿਆ ਰਹੇ। ਇਸ ਸੰਤ ਸਮਾਗਮ ਵਿੱਚ ਬੜੇ ਕਰਨੀ ਕਮਾਈ ਵਾਲੇ ਮਹਾਂ ਪੁਰਸ਼ ਤੇ ਹੋਰ ਬੇਅੰਤ ਗੁਣੀ ਗਿਆਨੀ ਲੈਕਚਰਾਰ ਤੇ ਰਾਗੀ ਢਾਡੀ ਪੁੱਜੇ ਸਨ। ਤਿੰਨੇ ਦਿਨ ਇੱਕ ਰਸ ਅੱਠੇ ਪਹਿਰ ਕਥਾ ਕੀਰਤਨ ਤੇ ਗੁਰੂ ਜਸ ਦਾ ਪ੍ਰਵਾਹ ਜਾਰੀ ਰਿਹਾ।

ਹਰਿਦੁਆਰ ਤੋਂ ਵਾਪਸ ਆਏ ਸਾਧੂਆਂ ਦਾ ਅਤੇ ਗ੍ਰਹਿਸਥੀ ਭਗਤਾਂ ਦਾ ਯਥਾ ਯੋਗ ਆਦਰ ਕੀਤਾ ਗਿਆ। ਇਹ ਗੁਰੂ ਕੇ ਲੰਗਰੋਂ ਪ੍ਰਸ਼ਾਦਾ ਛਕ ਕੇ ਦੀਵਾਨ ਅਸਥਾਨ ਵਿੱਚ ਕਥਾ ਕੀਰਤਨ ਦਾ ਲਾਭ ਪ੍ਰਾਪਤ ਕਰ ਰਹੇ ਸਨ। ਇਉਂ ਸੁਹਾਵਣਾ ਸਮਾਂ ਸਫ਼ਲਾ ਹੋ ਰਿਹਾ ਸੀ।

ਚੇਤਰ ਦਾ ਮਹੀਨਾ ਸਮਾਪਤ ਹੋਇਆ ਤੇ ਕੁੰਭ ਦੇ ਇਸ਼ਨਾਨ ਵਾਲਾ ਪੁਰਬੀ ਦਾ ਦਿਨ ਵੈਸਾਖ ਦੀ ਸੰਗਰਾਂਦ ਆ ਗਈ। ਕੁੰਭ ਤੋਂ ਬਿਨਾਂ ਵੀ ਦੋ ਮੇਲੇ ਤਾਂ ਬਾਬਾ ਜੀ ਦੀ ਹਜ਼ੂਰੀ ਵਿੱਚ ਉਂਞ ਵੀ ਬੜੇ ਭਾਰੀ ਭਰਦੇ ਹੁੰਦੇ ਸਨ। ਵੈਸਾਖੀ ਦਾ ਪੁਰਬ ਅਤੇ ਅੱਸੂ ਵਦੀ ਦਸਮੀ ਦਾ ਜੋੜ ਮੇਲਾ।

# ਸੰਤ ਮੰਡਲੀ ਨੂੰ ਗੰਗਾ ਜੀ ਦੇ ਇਸ਼ਨਾਨ

ਵੈਸਾਖੀ ਦਾ ਦਿਨ ਹੈ, ਸੰਗਤ ਦਾ ਬੇਅੰਤ ਇਕੱਠ ਜੁੜਿਆ ਹੈ। ਖੁਲ੍ਹੀ ਜਗ੍ਹਾ ਬਰੇਤੀ ਤੇ ਸੁੰਦਰ ਸਟੇਜ ਬਣਾ ਕੇ ਉੱਪਰ ਸਾਇਬਾਨ ਤਾਣ ਦਿੱਤੇ ਜਿਨ੍ਹਾਂ ਦੇ ਹੇਠ ਅਰਸ਼ੀ ਦਾਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਇਉਂ ਹਜ਼ੂਰ ਦਾ ਰੂਹਾਨੀ ਦੀਵਾਨ ਸਜਿਆ। ਬਾਬਾ ਜੀ ਆਪ ਵੀ ਸੰਗਤ ਨੂੰ ਦਰਸ਼ਨ ਦੇ ਰਹੇ ਸਨ। ਉੱਚੀ ਜਗ੍ਹਾ ਤੇ ਰਾਗੀ ਕੀਰਤਨ ਕਰ ਰਹੇ ਸਨ। ਲੰਗਰ ਵਿੱਚ ਮਾਹਲ ਪੂੜੇ, ਖੀਰ ਤੇ ਕੜਾਹ, ਪੂਰੀਆਂ, ਦਾਲ, ਸਬਜ਼ੀ, ਮਿੱਠਾ, ਚਟਨੀ ਤੇ ਆਚਾਰ ਵਰਤ ਰਿਹਾ ਸੀ। ਸਵੇਰ ਦੇ ਚਾਰ ਵਜੇ ਤੋਂ ਦੀਵਾਨ ਸਜਿਆ, ਸ਼ਾਮ ਦੇ ਪੰਜ ਵਜੇ ਸਮਾਪਤ ਹੋਇਆ। ਅਰਦਾਸ ਤੋਂ ਉਪਰੰਤ ਸੰਗਤ ਬਾਬਾ ਜੀ ਨੂੰ ਪਾਲਕੀ ਵਿੱਚ ਅਸਵਾਰ ਕਰਾ ਕੇ ਛੱਪਰੀਆਂ ਤੱਕ ਲੈ ਆਈ। ਲੰਗਰ ਉਸੇ ਤਰ੍ਹਾਂ ਖੁੱਲ੍ਹਾ ਵਰਤਦਾ ਰਿਹਾ। ਏਥੇ ਆ ਕੇ ਸੰਤਾਂ ਨੇ ਇਸ਼ਨਾਨ ਕੀਤਾ। ਸੋਦਰ ਦੇ ਪਾਠ ਉਪਰੰਤ ਸਾਰੀ ਸੰਤ ਮੰਡਲੀ ਤੇ ਬਾਬਾ ਜੀ ਵਾਸਤੇ ਪ੍ਰਸ਼ਾਦਿ ਏਥੇ ਬਾਹਰ ਹੀ ਆ ਗਿਆ ਅਤੇ ਸਭਨਾਂ ਨੂੰ ਛਕਾਇਆ। ਫੇਰ ਸੰਤ ਜੀ ਮਹਾਰਾਜ ਕਾਫ਼ੀ ਰਾਤ ਗਈ ਤੋਂ 'ਕਲਪਾਣੀ' ਦੇ ਕੰਢੇ ਜਾ ਬੈਠੇ ਅਤੇ ਮਹੰਤ ਜੀ ਸਮੇਤ ਸਾਰੀ ਸੰਤ ਮੰਡਲੀ ਨੂੰ ਪਾਸ ਬੁਲਾ ਕੇ ਬੜੇ ਸਤਿਕਾਰ ਨਾਲ ਪੁਛਿਆ, "ਕਿਉ ਸੰਤ ਜੀ! ਕੁੰਭ ਦਾ ਮੇਲਾ ਹੋਇਆ ਕਿ ਨਹੀਂ?" ਸੰਤਾਂ ਦੀ ਰਸਨਾਂ ਤੋਂ ਇਹ ਪਾਵਨ ਬਚਨ ਸੁਣਕੇ ਸਾਰੇ ਸਾਧੂਆਂ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਗੁਣੀਆ ਗਿਆਨੀਆਂ ਦੇ ਵਿਖਿਆਨ ਵੀ ਸੁਣੇ ਆਪ ਜੀ ਦਾ ਪਾਵਨ ਦਰਸ਼ਨ ਵੀ ਕੀਤਾ। ਪਰ ਅੱਜ ਜੋ ਪੁਰਬੀ ਦੇ ਸਮੇਂ ਗੰਗਾ ਜੀ ਦੇ ਇਸ਼ਨਾਨ ਦਾ ਮਹਾਤਮ ਸੀ ਉਹ ਤਾਂ ਹੁਣ ਰਹਿ ਗਿਆ, ਹੋ ਨਹੀਂ ਸਕਿਆ।" ਬਾਬਾ ਜੀ ਨੇ ਉਨ੍ਹਾਂ ਦੇ ਮਨ ਦੀ ਅਭਿਲਾਸ਼ਾ ਜਾਣ ਕੇ (ਕਿ ਇਹ ਅਜੇ ਕਰਮ ਕਾਂਡ ਵਿੱਚ ਹੀ ਫਸੇ ਹਨ ਤੀਰਥ ਇਸ਼ਨਾਨ ਦੀ ਮਹਿਮਾ ਸੰਤ ਦਰਸ਼ਨ ਨਾਲੋਂ ਵਿਸ਼ੇਸ਼ ਸਮਝਦੇ ਹਨ) ਉਸ ਸਮੇਂ ਆਪ ਜੀ ਜਿਸ ਜਗ੍ਹਾ ਤੇ ਬੈਠੇ ਸਨ ਉਸ ਥਾਂ ਤੋਂ ਉੱਠੇ, ਮਹੰਤ ਸਾਹਿਬ ਨੂੰ ਨਾਲ ਲੈ ਕੇ ਕੁਝ ਕੁ ਅੱਗੇ ਜਾ ਕੇ ਪਾਣੀ ਦੇ ਕੰਡੇ ਖਲੋ ਗਏ ਤੇ ਬਚਨ ਕੀਤਾ, ਕਿ ਜੇ ਇਸ਼ਨਾਨ ਕਰਨ ਦਾ ਹੀ ਖ਼ਿਆਲ ਹੈ ਤਾਂ ਬੁਲਾਓ ਸਾਰੀ ਸੰਤ ਮੰਡਲੀ ਨੂੰ ਗੰਗਾ ਜੀ ਦਾ ਇਸ਼ਨਾਨ ਕਰਵਾਕੇ ਉਨ੍ਹਾਂ ਦੇ ਮਨ ਦੀ ਇਹ ਇੱਛਾ ਵੀ ਪੂਰੀ ਕਰ ਦਿੰਦੇ ਹਾਂ। ਹਜ਼ੂਰ ਦੇ ਕਥਨ ਅਨੁਸਾਰ-

ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥
ਤਹ ਬੈਕੁੰਠੁ ਜਹ ਨਾਮੁ ਉਚਰਹਿ ॥

(ਪੰਨਾ ੮੯੦)

ਜਿਥੇ ਆਪ ਖੜ੍ਹੇ ਸੀ ਉਸੇ ਥਾਂ ਤੇ ਦੋ ਫੁੱਟ ਡੂੰਘਾ ਖੱਡਾ ਪੁਟਵਾਇਆ। ਬਸ ਫੇਰ ਕੀ ਸੀ ਉਸ ਸਮੇਂ ਗੰਗਾ ਜੀ ਦੇ ਨਿਰਮਲ ਜਲ ਦਾ ਚਸ਼ਮਾ ਫੁੱਟ ਪਿਆ। ਸਾਰੇ ਸਾਧੂਆਂ ਨੂੰ ਆਖਿਆ ਕਿ ਬਸਤਰ ਉਤਾਰੋ ਤੇ ਇਸ਼ਨਾਨ ਕਰੋ। ਇਹ ਫੁਹਾਰਾ ਪੁਟੇ ਟੋਏ ਤੋਂ ਤਿੰਨ ਫੁੱਟ ਉੱਚਾ ਵਗਣ ਲੱਗ ਪਿਆ। ਸਾਰੀ ਸੰਤ ਮੰਡਲੀ ਬੜੀ ਪ੍ਰਸੰਨ ਹੋਈ ਇਨ੍ਹਾਂ ਦੇ ਨਾਲ ਸੰਤ ਤਾਰਾ ਸਿੰਘ ਜੀ ਨੇ ਵੀ ਇਸ਼ਨਾਨ ਕੀਤਾ। ਜਿਨ੍ਹਾਂ ਦੇ ਸ਼ਿਸ਼ ਪੰਡਿਤ ਪ੍ਰੇਮ ਸਿੰਘ ਜੀ ਹਰਿਦੁਆਰ ਵਾਲੇ ਸਨ।

ਜਦੋਂ ਸਾਰੇ ਸਾਧੂ ਇਸਨਾਨ ਕਰ ਚੁੱਕੇ ਤਾਂ ਬਾਬਾ ਜੀ ਨੇ ਪੁਛਿਆ, "ਕਿਉਂ ਸੰਤ ਜੀ ਇਸ਼ਨਾਨ ਹੋ ਗਏ? ਸਚਮੁੱਚ ਇਹ ਗੰਗਾ ਜਲ ਹੀ ਸੀ ਜਾ ਕੋਈ ਹੋਰ ਪਾਣੀ?" ਹਜ਼ੂਰ ਦੇ ਇਹ ਬਚਨ ਸੁਣ ਕੇ ਸਾਰੇ ਸਾਧੂਆਂ ਦੇ ਨੇਤਰਾਂ 'ਚੋਂ ਜਲ ਵਹਿ ਤੁਰਿਆ। ਚਰਨੀ ਡਿੱਗੇ ਅਰਜ਼ ਕੀਤੀ ਆਪ ਕਲਯੁਗ ਦੇ ਨਿੱਤ ਅਵਤਾਰ ਹੋ ਅਤੇ ਧੰਨਤਾ ਯੋਗ ਹੋ, ਸਾਡੀਆਂ ਸਭ ਆਸਾਂ ਪੂਰੀਆਂ ਕਰ ਦਿੱਤੀਆਂ, ਆਪ ਜੀ ਦੀ ਮਹਿਮਾ ਕਹਿਣ ਸੁਣਨ ਤੋਂ ਬਾਹਰ ਹੈ। ਫੇਰ ਸੰਤਾਂ ਨੇ ਉਸ ਚਲ ਰਹੇ ਪ੍ਰਵਾਹ ਨੂੰ ਹੱਥ ਨਾਲ ਬੰਦ ਕਰਕੇ ਰੇਤੇ ਵਿੱਚ ਬਿਠਾਅ ਦਿੱਤਾ। ਅਤੇ ਕਿਹਾ, "ਜਾਓ! ਆਪਣੇ ਵਿਸ਼ਾਲ ਪ੍ਰਵਾਹ ਵਿੱਚ ਜਾ ਰਲੋ।" ਇਹ ਬਚਨ ਸੁਣਦਿਆਂ ਸਾਰ ਸਭਨਾਂ ਦੇ ਦੇਖਦਿਆਂ-ਦੇਖਦਿਆਂ ਹੀ ਉਹ ਗੰਗਾ ਧਾਰ ਅਲੋਪ ਹੋ ਗਈ।[2]

ਰਾਤ ਲੰਘੀ ਸਵੇਰੇ ਸਾਰੀ ਹੀ ਸੰਤ ਮੰਡਲੀ ਨੂੰ ਪੁਰਬੀ ਦੇ ਇਸ਼ਨਾਨ ਕਰਵਾਉਣ ਵਾਲੀ ਵਾਰਤਾ ਦਾ ਪਤਾ ਲੱਗ ਗਿਆ ਤਾਂ ਲਗੇ ਪ੍ਰੇਮੀ ਸੰਤਾਂ ਦੀ ਜੈ ਜੈਕਾਰ ਕਰਨ ਅਤੇ ਉਸ ਜਗ੍ਹਾ ਦੇ ਦਰਸ਼ਨ ਕਰਨ ਵੀ ਆਏ ਜਿੱਥੇ ਸੰਤਾਂ ਨੇ ਗੰਗਾ

[2] ਇਹ ਵਾਰਤਾ ਪੰਡਿਤ ਤਾਰਾ ਸਿੰਘ ਜੀ ਤੇ ਸੰਤ ਬੱਗਾ ਸਿੰਘ ਜੀ ਨੇ ਤੁਡੇਰ ਨਗਰ ਕਥਾ ਕਰਦਿਆਂ ਸੰਗਤ ਨੂੰ ਸੁਣਾਈ ਸੀ। ਕੈਮਲ ਪੁਰ ਵਾਲੇ ਭਾਈ ਲਾਲ ਸਿੰਘ ਜੀ ਰਾਗੀ ਉਸ ਜਗ੍ਹਾ ਗ੍ਰੰਥੀ ਸਨ, ਉਹਨਾਂ ਤੋਂ ਦਾਸ ਨੂੰ ਪਤਾ ਲੱਗਾ।

ਦਾ ਪ੍ਰਵਾਹ ਪ੍ਰਗਟ ਕੀਤਾ ਸੀ। ਦੀਦਾਰ ਕਰ ਕੇ ਸਭਨਾਂ ਦੇ ਮਨ ਗਦ-ਗਦ ਹੋ ਗਏ। ਵਜਦ ਵਿੱਚ ਆ ਕੇ ਲੱਗੇ ਜੋਟੀਆਂ ਨਾਲ ਸ਼ਬਦ ਪੜ੍ਹਨ:

ਬਿਲਾਵਲ ਮਹਲਾ ੫ ॥
ਐਸੀ ਦੀਖਿਆ ਜਨ ਸਿਉ ਮੰਗਾ ॥
ਤੁਮ੍ਰੋ ਧਿਆਨੁ ਤੁਮ੍ਾਰੋ ਰੰਗਾ ॥
ਤੁਮ੍ਰੀ ਸੇਵਾ ਤੁਮ੍ਾਰੇ ਅੰਗਾ ॥੧॥ ਰਹਾਉ ॥
ਜਨ ਕੀ ਟਹਲ ਸੰਭਾਖਨੁ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ ॥
ਜਨ ਚਰ ਰਜ ਮੁਖਿ ਮਾਥੈ ਲਾਗੀ ਆਸਾ ਪੂਰਨ ਅਨੰਤ ਤਰੰਗਾ ॥੧॥
ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ
ਜਨ ਕੇ ਚਰਨ ਤੀਰਥ ਕੋਟਿ ਗੰਗਾ ॥
ਜਨ ਕੀ ਧੂਰਿ ਕੀਓ ਮਜਨੁ ਨਾਨਕ
ਜਨਮ ਜਨਮ ਕੇ ਹਰੇ ਕਲੰਗਾ ॥੨॥੪॥

(ਪੰਨਾ ੮੨੮)

ਅਥਵਾ:

*ਹਰਿ ਕੀ ਕਥਾ ਹੋਤ ਹੈ ਜਹਾਂ ॥*
*ਗੰਗਾ ਵੀ ਚਲ ਆਵਤ ਤਹਾਂ ॥*

ਇਉਂ ਸਭਨਾਂ ਨੂੰ ਨਿਸ਼ਚਾ ਹੋ ਗਿਆ ਕਿ ਸੰਤਾਂ ਦੀ ਮਹਿਮਾ ਬੇਅੰਤ ਹੈ। ਵੇਦ ਵੀ ਅੰਤ ਨਹੀਂ ਪਾ ਸਕਦੇ। ਨਾਮ ਜਪਣ ਵਾਲੇ ਦੇ ਚਰਨਾਂ ਵਿੱਚ ਅਠਾਹਠ ਤੀਰਥ ਵਸਦੇ ਹਨ। ਨਾਮ ਸੁਣਨ ਵਾਲੇ ਅਤੇ ਜੀਵਾਂ ਦੇ ਉੱਪਰ ਤਰਸ ਕਰਨ ਵਾਲੇ ਨੂੰ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫ਼ਲ ਮਿਲਦਾ ਹੈ।

ਸੁਣਿਐ ਅਠਸਠਿ ਕਾ ਇਸਨਾਨੁ ॥

(ਪੰਨਾ ੩)

ਅਥਵਾ: ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥

(ਪੰਨਾ ੧੩੬)

ਉਸ ਤੋਂ ਬਾਅਦ ਬਾਹਰੋ ਆਈ ਸੰਤ ਮੰਡਲੀ ਤੇ ਸੰਗਤ ਬਾਬਾ ਜੀ ਦੀਆਂ ਖ਼ੁਸ਼ੀਆਂ ਤੇ ਆਗਿਆ ਪਾ ਕੇ ਹਜ਼ੂਰ ਤੋਂ ਪ੍ਰਸ਼ਾਦਿ ਲੈ ਕੇ ਨਮਸਕਾਰ ਕਰਕੇ ਵਿਦਾ ਹੋਈ।

# ਕਣਕ ਚੋਰੀ ਹੋਣੀ

ਇੱਕ ਦਿਨ ਛੋਟੇ ਸੰਤ ਲਾਲ ਸਿੰਘ ਜੀ ਨੇ ਜੋ ਸੰਤਾਂ ਦੇ ਸੇਵਕ ਸਨ, ਬਾਬਾ ਜੀ ਪਾਸ ਅਰਜ਼ ਕੀਤੀ, "ਮਹਾਰਾਜ! ਆਪ ਅੰਤਰਯਾਮੀ ਹੋ ਦੋ ਕੋਠੇ ਕਣਕ ਦੇ ਭਰੇ ਪਏ ਸਨ। ਅੱਜ ਤੱਕਿਆ ਇੱਕ ਤਾਂ ਬਿਲਕੁਲ ਖ਼ਾਲੀ ਹੈ। ਸਾਰੀਆਂ ਕਣਕ ਦੀਆਂ ਬੋਰੀਆਂ ਚੋਰੀ ਹੋ ਗਈਆਂ ਅਤੇ ਦੂਜੇ ਕੋਠੇ ਵਾਲੀ ਕਣਕ ਦਾ ਆਟਾ ਬਣਿਆ ਪਿਆ ਹੈ ਉਸ ਨੂੰ ਘੁਣ ਲੱਗ ਗਿਆ ਹੈ। ਜਿਸ ਨੇ ਸਾਰੀ ਕਣਕ ਖ਼ਰਾਬ ਕਰ ਦਿੱਤੀ ਹੈ। ਅੱਜ ਲੰਗਰ ਵਾਸਤੇ ਪਿਸਾਉਂਣੀ ਸੀ ਪਰ ਹੈ ਨਹੀਂ। ਹਜ਼ੂਰ ਦਾ ਕੀ ਹੁਕਮ ਹੈ?" ਦੀਨ ਦਿਆਲ ਸੰਤ ਜੀ ਇਹ ਵਾਰਤਾ ਸੁਣਕੇ ਬੜੇ ਹੱਸੇ ਅਤੇ ਉੱਤਰ ਦਿੱਤਾ, "ਭਾਈ ਜੀ ਤੁਸਾਂ ਵੀ ਤਾਂ ਉਸ ਕਣਕ ਨੂੰ ਸਾਫ਼ ਕਰਕੇ ਆਟਾ ਪਿਸਾ ਕੇ ਪ੍ਰਸ਼ਾਦੇ ਤਿਆਰ ਕਰਕੇ ਵਰਤਾਉਣਾ ਸੀ। ਹੁਣ ਉਹ ਆਪੇ ਵਰਤ ਗਈ ਅਤੇ ਤੁਸੀਂ ਸਾਰੇ ਕੰਮਾ ਤੋਂ ਛੁਟ ਗਏ। ਚੋਰ ਵੀ ਆਪੇ ਪਿਸਾ ਕੇ ਪ੍ਰਸ਼ਾਦੇ ਪਕਾ ਕੇ ਛਕਣਗੇ ਅਤੇ ਘੁਣਾ ਵੀ ਆਪੇ ਹੀ ਆਟਾ ਬਣਾਕੇ ਛਕ ਰਿਹਾ ਹੈ। ਤੁਸੀਂ ਵੀ ਉਸ ਨੂੰ ਵਰਤਾਉਣਾ ਹੀ ਸੀ। ਸੋ ਚੰਗਾ ਹੋਇਆ ਜੋ ਆਪੇ ਹੀ ਵਰਤ ਗਈ। ਗੁਰੂ ਕੇ ਲੰਗਰ ਦੀ ਚਿੰਤਾ ਨਾ ਕਰੋ। ਇਹ ਗੁਰੂ ਨਾਨਕ ਪਾਤਸ਼ਾਹ ਦਾ ਲੰਗਰ ਹੈ। ਉਹ ਆਪੇ ਹੀ ਕਿਸੇ ਦਾਨੀ ਨੂੰ ਪ੍ਰੇਰ ਕੇ ਹੋਰ ਕਣਕ ਭੇਜ ਦੇਣਗੇ, ਤੁਸੀਂ ਬੇਫ਼ਿਕਰ ਰਹੋ"।

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥

(ਪੰਨਾ ੨੭੨)

ਬ੍ਰਹਮ ਗਿਆਨ ਦੇ ਦਾਤੇ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਪਾਵਨ ਰਸਨਾ ਤੋਂ ਇਹ ਅਮੋਲਕ ਬਚਨ ਸੁਣ ਕੇ ਸਾਰੀ ਸੰਗਤ ਤੇ ਭਾਈ ਲਾਲ ਸਿੰਘ ਜੀ ਗਦ-ਗਦ ਹੋ ਗਏ। ਬਾਬਾ ਜੀ ਨੂੰ ਮੱਥਾ ਟੇਕ ਕੇ ਜਦੋਂ ਡੇਰੇ ਵਾਪਸ ਆਏ ਤਾਂ ਕੀ ਵੇਖਦੇ ਹਨ ਕਿ ਤਾਜੇ ਪਿਸਾਏ ਆਟੇ ਦਾ ਗੱਡਾ ਬੂਹੇ ਅੱਗੇ ਖੜ੍ਹਾ ਹੈ। ਸਾਰੇ ਆਖਣ-

ਧਨੁ ਓਇ ਸੰਤ ਜਿਨ ਐਸੀ ਜਾਨੀ ॥

(ਪੰਨਾ ੮੭੩)

# ਸੇਠ ਹੀਰਾ ਨੰਦ ਨੇ ਅਰੋਗ ਹੋਣਾ

ਗੜ੍ਹੀ ਕਪੂਰੇ ਦਾ ਵਾਸੀ ਸੇਠ ਹੀਰਾ ਨੰਦ ਬਾਬਾ ਜੀ ਦਾ ਬੜਾ ਸ਼ਰਧਾਲੂ ਤੇ ਪੂਰਨ ਸਿਦਕੀ ਸਿੱਖ ਸੀ। ਇਹ ਕਿਸੇ ਪੂਰਬਲੇ ਕਰਮਾਂ ਕਰਕੇ ਇੱਕ ਦਮ ਬਿਮਾਰ ਹੋ ਗਿਆ। ਇਸ ਦੇ ਬਚਣ ਦੀ ਕੋਈ ਆਸ ਨਾ ਰਹੀ। ਸਿਆਣੇ-ਸਿਆਣੇ ਵੈਦ ਸੱਦੇ ਇਲਾਜ ਕਰਵਾਇਆ ਪਰ ਕੋਈ ਫ਼ਰਕ ਨਾ ਪਿਆ। ਬਿਮਾਰੀ ਅਗਾਂਹ ਹੀ ਵਧਦੀ ਗਈ। ਅਖ਼ੀਰ ਨੂੰ ਸਰੀਰ ਬੇਹੋਸ਼ ਤੇ ਸੁੰਨ ਹੋ ਕੇ ਆਕੜ ਗਿਆ। ਅੰਤ ਸਮਾਂ ਜਾਣ ਕਰਕੇ ਸੰਬੰਧੀਆਂ ਨੇ ਇਸ ਨੂੰ ਮੰਜੇ ਤੋਂ ਥੱਲੇ ਉਤਾਰ ਕੇ ਧਰਤੀ ਤੇ ਲਿਟਾ ਦਿੱਤਾ। ਹਿਤੂ ਸੱਜਣ ਪਾਸ ਬੈਠ ਕੇ ਰੁਦਨ ਕਰਨ ਲੱਗੇ। ਉਨ੍ਹਾਂ ਵਿੱਚੋਂ ਕੁਝ ਕੁ ਸੰਬੰਧੀ ਦੌੜ ਕੇ ਬਾਬਾ ਜੀ ਪਾਸ ਡੇਰੇ ਆਏ। ਹਜ਼ੂਰ ਦੀਵਾਨ ਵਿੱਚ ਸੰਗਤ ਨੂੰ ਦਰਸ਼ਨ ਦੇ ਰਹੇ ਸਨ। ਇਨ੍ਹਾਂ ਨੇ ਪਾਵਨ ਚਰਨਾਂ ਤੇ ਸੀਸ ਰੱਖ ਕੇ ਮੱਥਾ ਟੇਕਿਆ। ਫਿਰ ਬੜੀ ਨਿੰਮ੍ਰਤਾ ਨਾਲ ਅਰਜ਼ ਕੀਤੀ, "ਦਾਤਾ ਜੀ! ਸੇਠ ਹੀਰਾ ਨੰਦ ਸਖ਼ਤ ਬਿਮਾਰ ਹੈ ਬਚਣ ਦੀ ਕੋਈ ਉਮੀਦ ਨਹੀਂ। ਵੈਦ ਫ਼ਕੀਰ ਵੀ ਆਪਣਾ ਵਾਹ ਵੇਲਾ ਲਾ ਚੁੱਕੇ ਹਨ। ਹਜ਼ੂਰ ਦੇ ਦਰ ਦੀ ਸ਼ਰਨ ਤੱਕੀ ਹੈ, ਆਪ ਕ੍ਰਿਪਾ ਕਰਕੇ ਆਪਣੇ ਸੇਵਕ ਦੀ ਜਾਨ ਬਚਾਓ।" ਸੁਭਾਵਕ ਹੀ ਸੰਤਾਂ ਨੇ ਹੁਕਮ ਕੀਤਾ, "ਛੇਤੀ ਜਾਓ ਹੀਰਾ ਨੰਦ ਨੂੰ ਖੁੱਲ੍ਹੇ ਜਲ ਦੀਆਂ ਗਾਗਰਾਂ ਪਾ ਕੇ ਮੂਲ ਮੰਤਰ ਦਾ ਜਾਪ ਕਰਦਿਆਂ ਇਸ਼ਨਾਨ ਕਰਵਾਓ, ਬਾਅਦ ਵਿੱਚ ਮਿਸਰੀ ਤੇ ਮੱਖਣ ਖੁਵਾ ਦੇਣਾ, ਠੀਕ ਹੋ ਜਾਵੇਗਾ।" ਬਾਬਾ ਜੀ ਦੀ ਪਾਵਨ ਰਸਨਾਂ ਤੋਂ ਇਹ ਬਚਨ ਸੁਣਕੇ ਸਾਰੇ ਹੀ ਬੜੇ ਪ੍ਰਸੰਨ ਹੋਏ, ਆਗਿਆ ਪਾਈ, ਨਮਸਕਾਰ ਕਰਕੇ ਸਾਰੇ ਹੀ ਘਰ ਆ ਗਏ। ਜਦੋਂ ਪਰਿਵਾਰ ਨੂੰ ਬਾਬਾ ਜੀ ਦਾ ਹੁਕਮ ਦੱਸਿਆ ਇਹ ਸਾਰੇ ਹੀ ਬਾਬਾ ਜੀ ਦੇ ਪ੍ਰੇਮੀ ਅਤੇ ਡੇਰੇ ਦੇ ਸ਼ਰਧਾਲੂ ਸਨ, ਕਹਿਣ ਲੱਗੇ ਹੁਣ ਇਹ ਬਚ ਜਾਵੇਗਾ ਛੇਤੀ ਇਸ਼ਨਾਨ ਕਰਵਾਓ! ਮਹਾਂ ਪੁਰਸ਼ਾਂ ਦਾ ਬਚਨ ਸਫ਼ਲਾ ਹੁੰਦਾ ਹੈ। ਜਦੋਂ ਇਨ੍ਹਾਂ ਨੇ ਇਸ ਨੂੰ ਬੇਹੋਸ਼ੀ ਵਿੱਚ ਪਕੜ ਕੇ ਖੂਹ ਦੇ ਪਾਸ ਲਿਆ ਕੇ ਮੂਲ ਮੰਤਰ ਦਾ ਜਾਪ ਕਰਦਿਆਂ ਜਲ ਦੀਆਂ ੧੧ ਗਾਗਰਾਂ ਉੱਪਰ ਪਾਈਆਂ ਤਾਂ ਇਸ ਨੂੰ ਸੁਰਤ ਪਰਤੀ ਅੱਖਾਂ ਪੁੱਟੀਆਂ ਤੇ ਸਰੀਰ ਦੇ ਅੰਗ ਹਿਲਾਏ। ਬਸ ਫਿਰ ਕੀ ਸੀ, ਜਿਉਂ-ਜਿਉਂ ਉੱਪਰ ਪਾਣੀ ਪਾਉਂਦੇ ਸਨ ਸਰੀਰ ਅਰੋਗ ਹੁੰਦਾ ਜਾ ਰਿਹਾ ਸੀ। ਜਦੋਂ ੨੧ ਗਾਗਰਾਂ ਪੈ ਗਈਆਂ ਤਾਂ ਉਹ ਉੱਠ ਕੇ ਬੈਠ ਗਿਆ। ਆਪ ਹੀ ਸੁੱਕੇ ਬਸਤਰ ਬਦਲੇ। ਮਿਸ਼ਰੀ ਤੇ ਮੱਖਣ ਮੰਗ ਕੇ ਖਾਧਾ। ਕੁਝ ਕਮਜ਼ੋਰੀ ਸੀ ਉਹ ਵੀ ਥੋੜ੍ਹੇ ਦਿਨਾਂ ਵਿੱਚ ਬਿਲਕੁਲ ਦੂਰ ਹੋ ਗਈ। ਬੜੀ ਭਾਵਨਾ ਨਾਲ ਆਪਣੇ ਪਾਸ ਭੇਟਾ ਲਈ ਅਤੇ ਹੋਤੀ ਡੇਰੇ ਪੁੱਜਾ। ਹਜ਼ੂਰ ਦੇ ਦਰਸ਼ਨ ਕਰਕੇ ਭੇਟਾ ਅਰਪੀ। ਪਾਵਨ ਚਰਨਾਂ ਦੀ ਧੂੜ ਮੱਥੇ ਲਾ ਕੇ ਆਪਣੀ ਸਾਰੀ ਵਿਥਿਆ ਸੁਣਾ ਕੇ ਬਾਬਾ ਜੀ ਦੀ ਉਸਤਤੀ ਕਰਨ ਲੱਗਾ:

ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

(ਪੰਨਾ ੭੪੯)

ਭੋਗ ਮੋਖ ਦੇ ਦਾਤੇ ਨੇ ਇਸ ਨੂੰ ਥਾਪੜਾ ਦੇ ਕੇ ਹੁਕਮ ਕੀਤਾ, "ਹੀਰਾ ਨੰਦ! ਨਾਮ ਜਪ ਤੇ ਭਲਿਆਈ ਦੇ ਕੰਮ ਕਰ ਤੇ ਇਸ ਜ਼ਿੰਦਗੀ ਨੂੰ ਸਫ਼ਲਾ ਬਣਾ, ਇਹ ਮਨੁੱਖਾ ਜਨਮ ਬਾਰੰਬਾਰ ਨਹੀਂ ਮਿਲਣਾ, ਹੁਣ ਤੇਰੇ ਤੇ ਨਿਰੰਕਾਰ ਦੀ ਕਿਰਪਾ ਹੋਈ ਹੈ ਜਿਸ ਕਰਕੇ ਤੇਰੀ ਜ਼ਿੰਦਗੀ ਪਰਤ ਆਈ। ਟੁੱਟੀ ਹੋਈ ਉਮਰ ਅਕਾਲ ਪੁਰਖ ਨੇ ਮੁੜ ਗੰਢ ਦਿੱਤੀ।"

ਟੂਟੀ ਗਾਢਨਹਾਰ ਗੁੋਪਾਲ ॥

(ਪੰਨਾ ੨੯੨)

ਬਾਬਾ ਜੀ ਦੇ ਇਹ ਬਚਨ ਸੁਣ ਕੇ ਇਸ ਨੇ ਸਾਰੀ ਜ਼ਿੰਦਗੀ ਬਾਬਾ ਜੀ ਦੇ ਚਰਨਾਂ ਵਿੱਚ ਰਹਿ ਕੇ ਡੇਰੇ ਦੀ ਸੇਵਾ ਕਰਦਿਆਂ ਸਫ਼ਲੀ ਕੀਤੀ।

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

## ਸੇਠ ਗਣਪਤ ਰਾਏ ਦਾ ਅਧਰੰਗ ਦੂਰ ਕਰਨਾ

ਗਣਪਤ ਰਾਏ ਨਾਮ ਦਾ ਇੱਕ ਸੇਠ ਸੀ, ਉਸ ਦਾ ਕੋਈ ਪਿਛਲਾ ਮੰਦ ਕਰਮ ਫ਼ਲ ਦੇਣ ਨੂੰ ਅੱਗੇ ਆਇਆ ਜਿਸ ਕਰਕੇ ਉਸ ਦੇ ਸਰੀਰ ਨੂੰ ਅਧਰੰਗ ਦਾ ਰੋਗ ਹੋ ਗਿਆ। ਇੱਕ ਪਾਸਾ ਬਿਲਕੁਲ ਹੀ ਮਾਰਿਆ ਗਿਆ। ਜ਼ੁਬਾਨ ਵੀ ਬੰਦ ਹੋ ਗਈ। ਲੱਕ ਤੋਂ ਹੇਠਾਂ ਸਾਰਾ ਸਰੀਰ ਜੜ੍ਹ ਹੋ ਗਿਆ। ਪਰਿਵਾਰ ਨੇ ਬੜੇ ਸਿਆਣੇ-ਸਿਆਣੇ ਵੈਦ ਸੱਦੇ। ਉਨ੍ਹਾਂ ਨੇ ਆ ਕੇ ਆਪੋ ਆਪਣੇ ਇਲਾਜ ਸ਼ੁਰੂ ਕਰ ਦਿੱਤੇ ਪਰ ਰੰਚਕ ਮਾਤਰ ਵੀ ਆਰਾਮ ਨਾ ਆਇਆ। ਇਸ ਇਲਾਕੇ ਦਾ ਮੰਨਿਆ ਹੋਇਆ ਸ਼ਿਵ ਦਿਆਲ ਨਾਮ ਦਾ ਬੜਾ ਸਿਆਣਾ ਵੈਦ ਸੀ। ਉਸ ਨੇ ਕਾਫ਼ੀ ਦੇਰ ਤੱਕ ਆਪਣਾ ਇਲਾਜ ਜਾਰੀ ਰੱਖਿਆ। ਜਦੋਂ ਫਿਰ ਵੀ ਬਿਮਾਰੀ ਨੂੰ ਮੋੜ ਨਾ ਪਿਆ ਤਾਂ ਅਖ਼ੀਰ ਨੂੰ ਇਸ ਨੇ ਵੀ ਜਵਾਬ ਦੇ ਦਿੱਤਾ ਕਿ ਹੁਣ ਇਹ ਰੋਗ ਮੇਰੇ ਵੱਸ ਤੋਂ ਬਾਹਰ ਹੈ ਕਿਸੇ ਹੋਰ ਵੈਦ ਨੂੰ ਦਿਖਾਓ। ਇਹ ਸੁਣ ਕੇ ਸਾਰੇ ਪਰਿਵਾਰ ਦੇ ਹੋਸ਼ ਉਡ ਗਏ ਤੇ ਕਹਿਣ ਲੱਗੇ ਕਿ ਸਾਨੂੰ ਤਾਂ ਕਿਸੇ ਚੰਗੇ ਵੈਦ ਦਾ ਪਤਾ ਨਹੀਂ, ਤੁਸੀਂ ਹੀ ਦੱਸੋ। ਤਾਂ ਇਸ ਨੇ ਕਿਹਾ ਕਿ ਇੱਕ ਬਹੁਤ ਪੁਰਾਣਾ ਤਜ਼ਰਬੇਕਾਰ ਵੈਦ ਪਿਸ਼ੌਰ ਰਹਿੰਦਾ ਹੈ, ਉਹ ਮੇਰਾ ਚੰਗਾ ਵਾਕਫ਼ ਹੈ ਮੈਂ ਤੁਹਾਡੇ ਨਾਲ ਚੱਲਦਾ ਹਾਂ। ਸੇਠ ਨੂੰ ਉਸ ਦੇ ਪਾਸ ਲੈ ਜਾਓ ਸ਼ਾਇਦ ਇਹ ਬਿਮਾਰੀ ਉਸ ਦੇ ਸਮਝ ਵਿੱਚ ਪੈ ਜਾਵੇ। ਤੇ ਇਨ੍ਹਾਂ ਦੀ ਜ਼ਿੰਦਗੀ ਬਚ ਜਾਵੇ।

ਇਹ ਰਾਏ ਸਾਰੇ ਪਰਿਵਾਰ ਨੂੰ ਚੰਗੀ ਲੱਗੀ। ਹੋਰ ਕਰ ਵੀ ਕੀ ਸਕਦੇ ਸਨ। ਸੇਠ ਦੇ ਪੁੱਤਰ ਤੇ ਹੋਰ ਸੰਬੰਧੀ ਰਾਹ ਦਾ ਖਰਚ ਲੈ ਕੇ ਨੌਕਰਾਂ ਦੇ ਸਿਰਾਂ ਤੇ ਇਸ ਦਾ ਮੰਜਾ ਰਖਵਾ ਕੇ ਚੱਲ ਪਏ। ਜਦੋਂ ਹੋਤੀ ਡੇਰੇ ਦੇ ਪਾਸ ਪੁੱਜੇ (ਏਧਰੋਂ ਹੀ ਰਸਤਾ ਸੀ ਕਿਉਂਕਿ ਇਨ੍ਹਾਂ ਮਰਦਾਨ ਤੋਂ ਗੱਡੀ ਬੈਠਣਾ ਸੀ) ਵੈਦ ਸ਼ਿਵ ਦਿਆਲ ਚੰਗਾ ਸੂਝ ਵਾਲਾ ਗੁਰਮੁਖ ਸੀ। ਇਹ ਸੰਤਾਂ ਦੀ ਮਹਿਮਾਂ ਨੂੰ ਜਾਣਦਾ ਸੀ। ਇਸ ਨੇ ਸੇਠ ਦੇ ਸੰਬੰਧੀਆਂ ਨੂੰ ਪ੍ਰੇਰ ਕੇ ਉਸ ਦਾ ਮੰਜਾ ਡੇਰੇ ਪਾਸ ਲਿਆ ਕੇ ਰੱਖ ਦਿੱਤਾ ਤੇ ਆਪ ਵੈਦ ਨੇ ਸੇਠ ਦੇ ਪਰਿਵਾਰ ਸਮੇਤ ਹਜ਼ੂਰ ਦੇ ਚਰਨਾਂ ਤੇ ਬੜੀ ਭਾਵਨਾ ਨਾਲ ਮੱਥਾ ਟੇਕਿਆ ਤੇ ਸਾਰਿਆਂ ਨੇ ਸੇਠ ਦੀ ਅਰੋਗਤਾਂ ਲਈ ਅਰਜ਼ ਕੀਤੀ ਕਿ ਗ਼ਰੀਬ ਨਿਵਾਜ਼! ਕ੍ਰਿਪਾ ਕਰੋ ਸੇਠ ਬੜਾ ਭਲਾ ਲੋਕ ਹੈ ਇਸ ਦਾ ਰੋਗ ਦੂਰ ਹੋ ਜਾਵੇ। ਐਸ ਵੇਲੇ ਅਧਰੰਗ ਦੀ ਬਿਮਾਰੀ ਨਾਲ ਬੜਾ ਦੁਖੀ ਹੈ, ਆਪ ਉਸ ਦੀ ਪੀੜਾ ਨਵਿਰਤ ਕਰੋ।

ਉਸ ਸਮੇਂ ਦੁਖੀ ਹਿਰਦਿਆਂ ਦੇ ਦਰਦਵੰਦ ਬਾਬਾ ਕਰਮ ਸਿੰਘ ਜੀ ਇਕਾਂਤ ਵਿੱਚ ਬੈਠੇ ਪ੍ਰੇਮੀਆਂ ਦੀਆਂ ਅਰਜ਼ਾਂ ਸੁਣ ਰਹੇ ਸਨ, ਹੁਕਮ ਕੀਤਾ, "ਸੇਠ ਨੂੰ ਬਾਉਲੀ ਦੇ ਜਲ ਨਾਲ ਇਸ਼ਨਾਨ ਕਰਵਾਉ, ਫਿਰ ਖੰਡ ਪਾ ਕੇ ਦਹੀਂ ਖਵਾਉ ਠੀਕ ਹੋ ਜਾਵੇਗਾ" ਸਿਆਲ ਦੇ ਦਿਨ ਸਨ ਫਿਰ ਅਧਰੰਗ ਦੇ ਰੋਗੀ ਨੂੰ ਦਹੀਂ ਤੇ ਇਸ਼ਨਾਨ। ਇਹ ਅਨੋਖਾ ਇਲਾਜ ਸੁਣ ਕੇ ਸਾਰੇ ਹੀ ਹੈਰਾਨ ਸਨ ਪਰ ਵੈਦ ਸ਼ਰਧਾਲੂ ਸੀ, ਉਸ ਨੇ ਸਲਾਹ ਦਿੱਤੀ ਕਿ ਸੰਤਾਂ ਦਾ ਬਚਨ ਨਾ ਮੋੜੋ, ਜ਼ਰੂਰ ਹੀ ਰਾਜ਼ੀ ਹੋ ਜਾਵੇਗਾ।

ਸੇਠ ਦਾ ਮੰਜਾ ਬਾਉਲੀ ਪਾਸ ਲਿਆਂਦਾ ਗਿਆ। ਇਸ ਨੇ ਬਥੇਰਾ ਰੌਲਾ ਪਾਇਆ, ਹਾਲ ਪਾਹਰਿਆ ਕਰੀ ਕਿ ਮੈਨੂੰ ਇਉਂ ਦੁਖੀ ਕਰਕੇ ਤੇ ਤਰਸਾ ਕੇ ਨਾ ਮਾਰੋ ਪਰ ਜਦੋਂ ਚਾਰ ਬੰਦਿਆ ਨੇ ਫੜ ਕੇ ਬਾਉਲੀ ਦੇ ਜਲ ਨਾਲ ਇਸ਼ਨਾਨ ਕਰਾਇਆ। ਉਸ ਸਮੇਂ ਸੇਠ ਦਾ ਮਰਿਆ ਹੋਇਆ ਪਾਸਾ ਇਉਂ ਹਿੱਲਣ ਲੱਗ ਪਿਆ, ਜਿਵੇਂ ਬਿਜਲੀ ਦੇ ਕਰੰਟ ਨਾਲ ਝਰਨਾਹਟ ਦੌੜਦੀ ਹੈ। ਮਾਨੋ ਕਿਸੇ ਨੇ ਅੰਦਰੋਂ ਖਿੱਚ ਕੇ ਰੋਗ ਬਾਹਰ ਕੱਢ ਦਿੱਤਾ, ਫਿਰ ਤਾਂ ਆਪੇ ਹੀ ਸੇਠ ਨੇ ਕਿਹਾ ਕਿ ਹੋਰ ਪਾਣੀ ਪਾਓ। ਜਦੋਂ ਹੋਰ ਜਲ ਪਾਇਆ ਤਾਂ ਸਾਰਾ ਸਰੀਰ ਅਰੋਗ ਹੋ ਗਿਆ। ਉਸ ਨੇ ਆਪੇ ਹੀ ਉੱਠ ਕੇ ਬਸਤਰ ਬਦਲੇ ਕੁਝ ਕੁ ਜ਼ੁਬਾਨ ਵਿੱਚ ਕਸਰ ਰਹਿ ਗਈ ਸੀ। ਉਹ ਵੀ ਦਹੀਂ ਦੇ ਖਾਧਿਆਂ ਠੀਕ ਹੋ ਗਈ ਕੋਇਲ ਵਰਗੀ ਆਵਾਜ਼ ਹੋ ਗਈ, ਤਾਂ ਸੇਠ ਡੰਡਾਉਤਾਂ ਕਰਦਾ ਅਰਸ਼ੀ ਦਾਤੇ ਦੇ ਚਰਨਾਂ ਵਿੱਚ ਹਾਜ਼ਰ ਹੋਇਆ। ਜੋ ਕੁਝ ਵੀ ਪਾਸ ਸੀ ਸਾਰਾ ਹੀ ਭੇਟਾ ਕਰਕੇ ਭਾਵਨਾ ਨਾਲ ਮੱਥਾ ਟੇਕਿਆ ਤੇ ਬਾਬਾ ਜੀ ਦੀ ਉਸਤਤੀ ਕਰਨ ਲਗਿਆ। ਸੰਤਾਂ ਨੇ ਆਖਿਆ ਕਿ ਪ੍ਰਮੇਸ਼ਰ ਦੀ ਉਸਤਤੀ ਕਰੋ। ਪੰਚਮ ਪਾਤਸ਼ਾਹ ਜੀ ਦਾ ਪਾਵਨ ਹੁਕਮ ਹੈ:

ਉਸਤਤਿ ਮਨ ਮਹਿ ਕਰਿ ਨਿਰੰਕਾਰ ॥
ਕਰਿ ਮਨ ਮੇਰੇ ਸਤਿ ਬਿਉਹਾਰ ॥

(ਪੰਨਾ ੨੮੧)

ਹੁਕਮ ਕੀਤਾ ਕਿ ਰੋਜ਼ ਨੇਮ ਨਾਲ ਸੁਖਮਨੀ ਸਾਹਿਬ ਦਾ ਪਾਠ ਕਰੋ ਤੇ ਨੇਕੀ ਵਾਲਾ ਬਿਉਹਾਰ ਕਰੋ। ਇਹ ਅਰੋਗਤਾ ਤੁਹਾਨੂੰ ਪਰਉਪਕਾਰ, ਨੇਕੀ ਤੇ ਸਿਮਰਨ ਵਾਸਤੇ ਮਿਲੀ ਹੈ। ਦੁਨੀਆਂ ਵਿੱਚ ਚੰਗੇ ਕੰਮ ਕਰਕੇ ਜਸ ਖੱਟੋ,

ਫਿਰ ਅੰਤ ਨੂੰ ਆਪਣਾ ਉੱਜਲਾ ਮੁਖ ਲੈ ਕੇ ਪ੍ਰਲੋਕ ਨੂੰ ਜਾਵੋਗੇ।

ਕਹੁ ਨਾਨਕ ਸੋਭਾ ਸੰਗਿ ਜਾਵਹੁ ਪਾਰਬ੍ਰਹਮ ਕੈ ਦੁਆਰੇ ॥

(ਪੰਨਾ ੧੨੨੦)

ਇਉਂ ਸੰਤਾਂ ਦੀ ਕਿਰਪਾ ਕਰਕੇ ਇਸ ਦਾ ਰੋਗ ਦੂਰ ਹੋ ਗਿਆ, ਫਿਰ ਤਾਂ ਗਣਪਤ ਰਾਏ ਚੰਗੇ ਜੀਵਨ ਵਾਲਾ ਬਣ ਗਿਆ। ਸਾਰੀ ਜ਼ਿੰਦਗੀ ਬਾਬਾ ਜੀ ਦਾ ਸ਼ਰਧਾਲੂ ਬਣ ਕੇ ਡੇਰੇ ਦੀ ਸੇਵਾ ਕਰਦਾ ਰਿਹਾ। ਇਸ ਦਾ ਪਰਿਵਾਰ ਤੇ ਸ਼ਿਵ ਦਿਆਲ ਵੈਦ ਸੰਤਾਂ ਦੀ ਆਗਿਆ ਪਾ ਕੇ ਮਹਿਮਾਂ ਕਰਦੇ ਹੋਏ ਵਾਪਸ ਮੁੜੇ।

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

## ਕੋਠੇ ਤੋਂ ਡਿੱਗੇ ਬੱਚੇ ਨੂੰ ਰਾਜ਼ੀ ਕਰਨਾ

ਹੋਤੀ ਪਿੰਡ ਦੇ ਰਹਿਣ ਵਾਲੇ ਇੱਕ ਧਨਾਢ ਖੱਤਰੀ ਦੁਨੀ ਚੰਦ ਦਾ ਇਕਲੌਤਾ ਪੁੱਤਰ ਹਰੀ ਰਾਮ ਜਿਸ ਦੀ ਉਮਰ ਪੰਜ ਸਾਲਾਂ ਦੀ ਸੀ, ਹੋਰ ਬੱਚਿਆਂ ਨਾਲ ਖੇਡਦਾ-ਖੇਡਦਾ ਮਕਾਨ ਦੀ ਛੱਤ ਤੋਂ ਹੇਠਾਂ ਧਰਤੀ ਤੇ ਆ ਡਿੱਗਾ। ਡਿਗਦਿਆਂ ਸਾਰ ਹੀ ਬੱਚਾ ਬੇਹੋਸ਼ ਹੋ ਗਿਆ, ਸਿਰ ਫਟ ਗਿਆ, ਹੋਰ ਵੀ ਬਹੁਤ ਸਾਰੀਆਂ ਸੱਟਾਂ ਲੱਗੀਆਂ, ਖ਼ੂਨ ਵਗ ਰਿਹਾ ਸੀ। ਇਸ ਦੇ ਪਿਤਾ ਨੇ ਡਾਕਟਰ ਹਕੀਮ ਬੁਲਾਏ ਪਰ ਸਭ ਜੁਵਾਬ ਦੇ ਗਏ। ਅਖ਼ੀਰ ਸਾਰੇ ਪਾਸਿਆਂ ਤੋਂ ਨਿਰਾਸ਼ ਹੋ ਕੇ ਹਜ਼ੂਰ ਬਾਬਾ ਕਰਮ ਸਿੰਘ ਜੀ ਦੇ ਪਾਸ ਡੇਰੇ ਲੈ ਆਏ। ਆਪ ਜੀ ਉਸ ਸਮੇਂ 'ਕਲਪਾਣੀ' ਦੇ ਕਿਨਾਰੇ ਬਰੇਤੀ ਵਿੱਚ ਬੈਠੇ ਸਨ। ਇਨ੍ਹਾਂ ਨੇ ਬੱਚੇ ਨੂੰ ਚਰਨਾਂ ਤੇ ਲਿਟਾਅ ਦਿੱਤਾ ਅਤੇ ਰੋ ਰੋ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਕਈ ਘਰਾਂ ਵਿੱਚ ਇਹ ਇਕੱਲਾ ਹੀ ਪੁੱਤਰ ਹੈ ਜੋ ਮਸਾਂ ਹੀ ਸੁੱਖਾਂ ਸੁੱਖਦਿਆਂ ਨੂੰ ਮਿਲਿਆ ਹੈ। ਆਪ ਕ੍ਰਿਪਾ ਕਰਕੇ ਇਸ ਨੂੰ ਜੀਵਨ ਦਾਨ ਬਖ਼ਸ਼ੋ।" ਸੰਤਾਂ ਨੇ ਬੱਚੇ ਦੇ ਸਿਰ ਤੇ ਹੱਥ ਰੱਖ ਕੇ ਹੁਕਮ ਕੀਤਾ, "ਇਸ ਨੂੰ 'ਕਲਪਾਣੀ' ਵਿੱਚ ਇਸਨਾਨ ਕਰਵਾ ਕੇ ਪਾਸ ਬੈਠ ਕੇ ਪੰਜ ਸ੍ਰੀ ਜਪੁਜੀ ਸਾਹਿਬ ਦੇ ਪਾਠ ਕਰੋ। ਉਪਰੰਤ ਗੁਰਦੁਆਰੇ ਸਾਹਿਬ ਕੜਾਹ ਪ੍ਰਸ਼ਾਦਿ ਕਰਵਾ ਕੇ ਅਰਦਾਸ ਕਰਵਾਓ। ਠੀਕ ਹੋ ਜਾਵੇਗਾ।" ਬਾਬਾ ਜੀ ਦਾ ਹੁਕਮ ਮੰਨ ਕੇ ਸਾਰੇ ਪਰਿਵਾਰ ਨੇ ਇਸ ਤਰ੍ਹਾਂ ਹੀ ਕੀਤਾ। ਹਜ਼ੂਰ ਦੀ ਬਖ਼ਸ਼ਿਸ਼ ਨਾਲ ਬੱਚਾ ਰਾਜ਼ੀ ਹੋ ਗਿਆ। ਸਾਰਾ ਪਰਿਵਾਰ ਬੜਾ ਪ੍ਰਸੰਨ ਹੋਇਆ। ਫਿਰ ਤਾਂ ਇਸ ਬੱਚੇ ਨੇ ਸਾਰਾ ਜੀਵਨ ਡੇਰੇ ਦੀ ਸੇਵਾ ਵਿੱਚ ਹੀ ਬਤੀਤ ਕੀਤਾ।

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

# ਜੰਮੂ ਕਸ਼ਮੀਰ ਦੇ ਮਹਾਰਾਜਾ ਪ੍ਰਤਾਪ ਸਿੰਘ

ਸਾਰੇ ਸੰਸਾਰ ਵਿੱਚ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਮਹਿਮਾ ਤੇ ਵਡਿਆਈ ਫੈਲ ਗਈ।

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥

(ਪੰਨਾ ੬੧੧)

ਜੰਮੂ ਰਿਆਸਤ ਦਾ ਮਾਲਕ ਮਹਾਰਾਜਾ ਪ੍ਰਤਾਪ ਸਿੰਘ ਬਾਬਾ ਕਰਮ ਸਿੰਘ ਜੀ ਦੀ ਮਹਿਮਾ ਸੁਣਕੇ ਸ਼ਰਧਾ ਸਹਿਤ ਵਜ਼ੀਰਾਂ ਅਹਿਲਕਾਰਾਂ ਤੇ ਆਪਣੇ ਪਰਿਵਾਰ ਸਮੇਤ ਦਰਸ਼ਨਾਂ ਵਾਸਤੇ ਤਿਆਰ ਹੋਇਆ ਜਿਸ ਦੇ ਨਾਲ ਫੌਜੀ ਸਿਪਾਹੀਆਂ ਤੋਂ ਇਲਾਵਾ ਇਸ ਦਾ ਭਰਾ ਅਮਰ ਸਿੰਘ ਵੀ ਸੀ। ਆਉਣ ਤੋਂ ਪਹਿਲਾਂ ਹੋਤੀ ਸ਼ਹਿਰ ਖ਼ਬਰ ਭੇਜੀ ਗਈ। ਡਿਪਟੀ ਕਮਿਸ਼ਨਰ ਨੇ ਸਰਕਾਰੀ ਬੰਗਲਾ ਖ਼ਾਲੀ ਕਰਵਾਇਆ ਤੇ ਨਾਲ ਹੀ ਤੋਪਾਂ ਤੇ ਬੰਦੂਕਾਂ ਦੀ ਸਲਾਮੀ ਦਾ ਪ੍ਰਬੰਧ ਕਰ ਲਿਆ ਗਿਆ। ਜਦੋਂ ਮਹਾਰਾਜੇ ਨੂੰ ਪਤਾ ਲੱਗਾ ਤਾਂ ਉਸ ਨੇ ਡਿਪਟੀ ਕਮਿਸ਼ਨਰ ਨੂੰ ਸਲਾਮੀ ਤੋਂ ਰੋਕ ਦਿੱਤਾ ਕਿ ਮੈਂ ਤਾਂ ਕਿਸੇ ਬਖ਼ਸ਼ੀ ਰੂਹ ਦੇ ਦੀਦਾਰ ਕਰਨ ਵਾਸਤੇ ਮੁਰੀਦ ਬਣਕੇ ਆਇਆ ਹਾਂ, ਮਹਾਰਾਜਾ ਬਣਕੇ ਨਹੀਂ ਆਇਆ ਗ਼ਰੀਬੀ ਦਾਵੇ ਵਿੱਚ ਜਾਣਾ ਹੈ। ਇਉਂ ਭਾਵਨਾ ਧਾਰਨ ਕਰਕੇ ਹੋਤੀ ਆ ਕੇ ਸਰਕਾਰੀ ਬੰਗਲੇ ਵਿੱਚ ਉਤਰਿਆ। ਦੂਸਰੇ ਦਿਨ ਤਿਆਰੀ ਕਰਕੇ ਪਰਿਵਾਰ ਦੇ ਸਮੇਤ ਦੀਵਾਨ ਸਮੇਂ ਡੇਰੇ ਪੁੱਜਾ। ਅੱਗੇ ਅਰਸ਼ੀ ਦਾਤੇ ਦਾ ਦੀਵਾਨ ਸਜਿਆ ਹੋਇਆ ਸੀ। ਹਿੰਦੂ, ਮੁਸਲਮਾਨ, ਅਮੀਰ, ਗ਼ਰੀਬ, ਮਾਈ, ਭਾਈ, ਤੇ ਸ਼ਰਧਾਵਾਨ ਗੁਰਸਿੱਖ ਗੁਰੂ ਮਹਾਰਾਜ ਤੇ ਸੰਤਾਂ ਦੇ ਦਰਸ਼ਨ ਕਰਦੇ ਹੋਏ ਇਲਾਹੀ ਬਾਣੀ ਦਾ ਅਖੰਡ ਕੀਰਤਨ ਸੁਣ ਰਹੇ ਸਨ। ਭਾਵਨਾ ਅਨੁਸਾਰ ਸਭ ਦੀਆਂ ਮਨੋ ਕਾਮਨਾਵਾਂ ਪੂਰੀਆਂ ਹੋ ਰਹੀਆਂ ਸਨ। ਸੇਵਾਦਾਰ ਨੇ ਜੋ (ਚੋਬਦਾਰ ਦੀ ਡਿਊਟੀ ਤੇ ਖੜ੍ਹਾ ਸੀ) ਸੰਤਾਂ ਪਾਸ ਜਾ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਜੰਮੂ ਦਾ ਰਾਜਾ ਪ੍ਰਤਾਪ ਸਿੰਘ ਦਰਸ਼ਨਾਂ ਲਈ ਆਇਆ ਹੈ, ਹਜ਼ੂਰ ਦਾ ਕੀ ਹੁਕਮ ਹੈ?" ਸੰਤਾਂ ਨੇ ਆਗਿਆ ਕੀਤੀ ਉਸ ਨੂੰ ਬਾਹਰ ਖੁੱਲ੍ਹੇ ਪੰਡਾਲ ਵਿੱਚ ਡੇਰਾ ਕਰਵਾਓ ਤੇ ਲੰਗਰੋਂ ਜਲ ਪਾਣੀ ਛਕਾਓ ਫਿਰ ਦੀਵਾਨ ਵਿੱਚ ਪੁੱਜ ਕੇ ਸੰਗਤਾਂ ਦੇ ਦਰਸ਼ਨ ਕਰ ਲਵੇ।

ਬਖ਼ਸ਼ਿੰਦ ਦਾਤੇ ਦਾ ਹੁਕਮ ਪਾ ਕੇ ਪਹਿਲਾਂ ਬਾਹਰ ਡੇਰਾ ਕੀਤਾ। ਗੁਰੂ ਕੇ ਲੰਗਰੋਂ ਜਲ ਪਾਣੀ ਛਕ ਕੇ ਫੇਰ ਬਾਬਾ ਜੀ ਦੀ ਆਗਿਆ ਅਨੁਸਾਰ ਬਹੁਤ ਕੀਮਤੀ ਭੇਟਾ ਲੈ ਕੇ ਦੀਵਾਨ ਵਿੱਚ ਹਾਜ਼ਰ ਹੋਇਆ। ਪਾਵਨ ਚਰਨਾਂ ਵਿੱਚ ਸੀਸ ਰੱਖਿਆ ਤਪਦੇ ਮਨ ਨੂੰ ਸਾਂਤੀ ਪ੍ਰਦਾਨ ਹੋਈ। 'ਦਰਸਨ ਡਿਠੇ ਲਹਨਿ ਵਿਜੋਗਾ ਜੀਉ' ਸੰਤਾਂ ਨੇ ਸਤਿਕਾਰ ਨਾਲ ਪਾਸ ਬਿਠਾ ਕੇ ਸੁੱਖ ਅਨੰਦ ਪੁੱਛੀ। ਇਕਾਗਰ ਮਨ ਨਾਲ ਕੁਝ ਕੁ ਸਮਾਂ ਰੱਬੀ ਬਾਣੀ ਦੇ ਕੀਰਤਨ ਦਾ ਅਨੰਦ ਮਾਣਿਆ। ਫਿਰ ਦੀਵਾਨ ਦੀ ਸਮਾਪਤੀ ਉਪਰੰਤ ਸੰਤ ਮਹਾਰਾਜ ਜੀ ਗੁਫਾ ਵੱਲ ਨੂੰ ਚੱਲੇ ਤਾਂ ਮਹਾਰਾਜਾ ਪ੍ਰਤਾਪ ਸਿੰਘ ਵੀ ਪਰਿਵਾਰ ਨੂੰ ਡੇਰੇ ਛੱਡ ਕੇ ਹਜ਼ੂਰ ਦੇ ਨਾਲ ਹੀ ਗੁਫਾ ਵੱਲ ਤੁਰ ਪਿਆ। ਦਿਲਾਂ ਦੀ ਜਾਣਨਹਾਰ ਦਾਤੇ ਨੇ ਬਾਹਰ ਨਦੀ ਦੇ ਕਿਨਾਰੇ ਬਰੇਤੀ ਤੇ ਪੁੱਜ ਕੇ ਪਾਲਕੀ 'ਚੋਂ ਉੱਤਰ ਕੇ ਇਸ ਨੂੰ ਪਾਸ ਬੁਲਾਇਆ। ਤਾਂ ਇਸ ਦਾ ਲੂੰ-ਲੂੰ ਹਰਾ ਹੋ ਗਿਆ। ਪਾਵਨ ਚਰਨਾਂ ਤੇ ਢਹਿ ਪਿਆ ਐਸਾ ਅਨੰਦ ਆਇਆ ਕਿ ਸੀਸ ਰੱਖ ਕੇ ਚੁੱਕਣ ਦਾ ਚੇਤਾ ਹੀ ਭੁੱਲ ਗਿਆ। ਭਾਵਨਾ ਨਾਲ ਨਮਸਕਾਰ ਕਰਨ ਵਿੱਚ ਵੀ ਕੋਈ ਖੁਮਾਰੀ ਹੈ, ਮਸਤੀ ਹੈ ਜੇਹਾ ਕਿ ਡਾਕਟਰ ਇਕਬਾਲ ਨੇ ਆਪਣੇ ਖ਼ਿਆਲ ਪ੍ਰਗਟ ਕੀਤੇ ਹਨ:

ਅਗਰ ਕੁਛ ਆਸ਼ਨਾ ਹੋਤਾ ਮਜ਼ਾ ਕੇ ਜਿੱਬਾ ਸਾਈ ਸੇ।
ਤੋਂ ਸੰਗ ਆਸਤੀਨੇ ਕਾਬਾ ਜਾ ਮਿਲਤਾ ਜਬੀਨੋਂ ਸੇ।

ਭਾਵ: ਜੇਕਰ ਕਾਬੇ ਦੀ ਦਹਿਲੀਜ਼ ਨੂੰ ਉਸ ਸਵਾਦ ਜਾਂ ਰਸ ਦਾ ਪਤਾ ਲੱਗ ਜਾਂਦਾ ਜੋ ਉਸ ਉੱਤੇ ਮੱਥਾ ਰੱਖ ਕੇ ਮੱਥਾ ਟੇਕਣ ਵਾਲੇ ਨੂੰ ਆਉਂਦਾ ਹੈ ਤਾਂ ਪੱਥਰ ਦੀ ਦਹਿਲੀਜ਼ ਵਾਲੀ ਆਪਣੀ ਹਸਤੀ ਨੂੰ ਤਿਆਗ ਕੇ ਸ਼ਰਧਾਲੂ ਦਾ ਮੱਥਾ ਜਾ ਬਣਦੀ। ਕਿਉਂਕਿ ਪੱਥਰ ਦੀ ਦਹਿਲੀਜ ਤਾਂ ਪੱਥਰ ਹੀ ਰਹਿੰਦੀ ਹੈ। ਐਪਰ ਸਾਰਾ ਸਵਾਦ ਤਾਂ ਉਸ ਉੱਤੇ ਨਿੰਮ੍ਰਤਾ ਨਾਲ ਝੁਕਣ ਵਾਲੇ ਮੱਥੇ ਹੀ ਲੈ ਜਾਂਦੇ ਹਨ। ਹਜ਼ੂਰ ਨੇ ਆਪਣੇ ਪਾਵਨ ਹੱਥਾਂ ਨਾਲ ਇਸ ਦਾ ਸਿਰ ਉੱਚਾ ਚੁੱਕਿਆ, ਧੀਰਜ ਬਖ਼ਸ਼ੀ, ਪਾਸ ਬਿਠਾਕੇ ਆਉਣ ਦਾ ਕਾਰਨ ਪੁਛਿਆ। ਇਸ ਨੇ ਸੇਜਲ ਨੇਤਰੀਂ ਹੱਥ ਜੋੜ ਕੇ ਅਰਜ਼ ਕੀਤੀ, "ਹੇ ਦੀਨ ਦਿਆਲ ਬਖ਼ਸ਼ਿੰਦ ਦਾਤਾ ਜੀ! ਮੈਨੂੰ ਬੜਾ ਭਿਆਨਕ ਭਗੰਦਰ ਦਾ ਰੋਗ ਲੱਗਾ ਹੈ। ਬੜੇ-ਬੜੇ ਇਲਾਜ ਕਰਵਾਏ ਪਰ

ਆਰਾਮ ਨਹੀਂ ਆਇਆ। ਆਪਣੇ ਕੀਤੇ ਕਰਮਾਂ ਦਾ ਫ਼ਲ (ਅਸਾਧ ਰੋਗ) ਜਾਣਕੇ ਦੁਖ ਭੋਗ ਰਿਹਾ ਹਾਂ। ਤੁਹਾਡਾ ਜਸ ਸੁਣ ਕੇ ਤੇ ਇਹ ਨਿਸ਼ਚਾ ਕਰਕੇ ਹਜ਼ੂਰੀ ਵਿੱਚ ਪੁੱਜਿਆ ਹਾਂ:

ਸੰਤ ਕੀ ਧੂਰਿ ਮਿਟੇ ਅਘ ਕੋਟ ॥
ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ ॥

(ਪੰਨਾ ੧੮੯)

ਤੁਹਾਡੇ ਦਰਸ਼ਨ ਕਰਕੇ ਤੇ ਤੁਹਾਡੀ ਕਿਰਪਾ ਨਾਲ ਅਸਾਧ ਰੋਗ ਵੀ ਮਿਟਦੇ ਹਨ। ਦੂਜੀ ਬੇਨਤੀ ਕਿ ਆਪ ਕਿਰਪਾ ਕਰਕੇ ਗੱਦੀ ਦਾ ਵਾਰਸ ਵੀ ਬਖ਼ਸ਼ੋ। ਬੜੇ ਉਪਾਉ ਕੀਤੇ ਪਰ ਇਹ ਮਨ ਦੀ ਸੱਧਰ ਪੂਰੀ ਨਹੀਂ ਹੋਈ। ਹੁਣ ਸੱਚੀ ਦਰਗਾਹ ਦੇ ਬਸੀਠ ਅਸਲੀ ਰਹਿਬਰ ਮਿਲ ਗਏ ਹੋ। ਹੁਣ ਆਪ ਮਿਹਰ ਕਰੋ। ਜਿਵੇਂ ਹੋਰਨਾਂ ਦੀਆਂ ਮਨੋ ਕਾਮਨਾਂ ਪੂਰੀਆਂ ਕਰਦੇ ਹੋ ਮੇਰੇ ਤੇ ਵੀ ਤਰਸ ਖਾਓ।" ਮਿਹਰਾਂ ਦੇ ਘਰ ਵਿੱਚ ਆ ਕੇ ਸੰਤਾਂ ਨੇ ਹੁਕਮ ਕੀਤਾ। ਕਿ ਰੋਗ ਦੀ ਨਵਿਰਤੀ ਲਈ ਰੋਜ਼ ਸਵੇਰੇ ਅੰਮ੍ਰਿਤ ਵੇਲੇ ਜਾਗ ਕੇ ਜਲ ਵਿੱਚ ਬੈਠ ਕੇ ਪੰਜ ਜਪੁਜੀ ਸਾਹਿਬ ਦੇ ਪਾਠ ਕਰਿਆ ਕਰੋ, ਸਤਿਗੁਰਾਂ ਦਾ ਪਾਵਨ ਹੁਕਮ ਹੈ:

ਸਰਬ ਰੋਗ ਕਾ ਅਉਖਦੁ ਨਾਮੁ ॥

(ਪੰਨਾ ੨੭੪)

ਅਤੇ ਜਿਤਨਾ ਸਮਾਂ ਜਲ ਵਿੱਚ ਬੈਠੋ ਪਾਠ ਕਰਦਿਆਂ ਹੋਇਆਂ ਉਤਨਾ ਸਮਾਂ ਰੋਗ ਵਾਲੀ ਥਾਂ ਨੂੰ ਪਾਣੀ ਨਾਲ ਮਲਦੇ ਰਹਿਣਾ। ਪਾਠ ਕਰਨ ਉਪਰੰਤ ਬਾਹਰ ਆ ਕੇ ਮਿਸ਼ਰੀ, ਬਾਦਾਮ, ਮੱਖਣ ਖਾਣਾ, ਗੁਰੂ ਭਲੀ ਕਰੇਗਾ। ਦਿਨ ਦੇ ਸਮੇਂ ਸਾਧੂਆਂ ਅਭਿਅਗਤਾਂ ਦੀ ਸੇਵਾ ਕਰਨੀ ਅਤੇ ਹਰ ਰੋਜ਼ ਸਵੇਰੇ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਹੋਣ ਤੋਂ ਪਹਿਲਾਂ ਗੁਰਦੁਆਰੇ ਜਾ ਕੇ ਮੰਜੀ ਸਾਹਿਬ ਦੇ ਹੇਠਾਂ ਪਵਿੱਤਰ ਜਲ ਰੱਖ ਦੇਣਾ। ਅਰਦਾਸ ਹੋਣ ਤੋਂ ਬਾਅਦ ਉਹ ਜਲ ਆਪ ਛਕਣਾ ਤੇ ਰਾਣੀ ਸਾਹਿਬਾਂ ਨੂੰ ਛਕਾਉਣਾ। ਕਰਤਾਰ ਤੁਹਾਡੀ ਪੁੱਤਰ ਦੀ ਭਾਵਨਾ ਵੀ ਪੂਰੀ ਕਰੇਗਾ। ਗੁਰੂ ਨਾਨਕ ਜੀ ਦੇ ਘਰ ਕੋਈ ਘਾਟਾ ਨਹੀਂ। ਕੇਵਲ ਸ਼ਰਧਾ ਦੀ ਲੋੜ ਹੈ।

ਇਹ ਪਵਿੱਤਰ ਬਚਨ ਸੁਣ ਕੇ ਇਸਦਾ ਮਨ ਬੜਾ ਪ੍ਰਸੰਨ ਹੋਇਆ। ਵੈਰਾਗ ਦਾ ਨੇਤਰਾਂ ਵਿੱਚ ਜਲ ਆ ਗਿਆ। ਆਗਿਆ ਪਾ ਕੇ ਨਮਸਕਾਰ ਕਰ ਡੇਰੇ ਵਿੱਚ ਪੁੱਜਾ, ਪਰਿਵਾਰ ਨੂੰ ਸਾਰੀ ਗੱਲ ਦੱਸੀ ਸਭਨਾਂ ਨੇ ਹਜ਼ੂਰ ਦਾ ਵਰ ਸੁਣਕੇ ਬੜੀਆਂ ਖ਼ੁਸ਼ੀਆਂ ਮਨਾਈਆਂ। ਉਸ ਤੋਂ ਬਾਅਦ ਇਹ ਚਾਰ ਦਿਨ ਹੋਰ ਠਹਿਰਿਆ। ਫੇਰ ਡੇਰੇ ਹੀ ਰਿਹਾ ਵਾਪਿਸ ਬੰਗਲੇ ਨਹੀਂ ਗਿਆ। ਦਿਨੇ ਸਾਰਾ ਪਰਿਵਾਰ ਲੰਗਰ ਦੀ ਸੇਵਾ ਕਰਦਾ ਤੇ ਆਪ ਦੋਵੇਂ ਸਮੇਂ ਬਾਬਾ ਜੀ ਦੀ ਸੰਗਤ ਕਰਦਾ ਹੋਇਆ ਰੱਬੀ ਜਸ ਸੁਣਦਾ। ਫਿਰ ਹੱਥ ਜੋੜ ਕੇ ਆਗਿਆ ਮੰਗੀ ਮਹਾਪੁਰਸ਼ਾਂ ਨੇ ਪ੍ਰਸੰਨ ਹੋ ਕੇ ਸਿਰੋਪਾਓ ਮਿਸ਼ਰੀ ਤੇ ਬਦਾਮਾਂ ਦਾ ਪ੍ਰਸ਼ਾਦਿ ਦੇ ਕੇ ਪਿੱਠ ਤੇ ਥਾਪੜਾ ਦਿੱਤਾ। ਉਪਰੰਤ ਇਹ ਨਮਸਕਾਰ ਕਰਕੇ ਆਪਣੇ ਘਰ ਪੁੱਜਾ। ਬਾਬਾ ਜੀ ਦੇ ਬਚਨਾਂ ਤੇ ਚਲਦੇ ਹੋਏ ਜਪੁਜੀ ਸਾਹਿਬ ਦੇ ਪਾਠ ਕਰਦਿਆਂ ਰੋਗ ਵੀ ਹਟ ਗਿਆ। ਅਤੇ ਸਾਲ ਤੋਂ ਬਾਅਦ ਘਰ ਵਿੱਚ ਪੁੱਤਰ ਵੀ ਪੈਦਾ ਹੋ ਗਿਆ। ਸਾਰਾ ਜੰਮੂ ਕਸ਼ਮੀਰ ਦਾ ਇਲਾਕਾ ਬਾਬਾ ਜੀ ਦਾ ਪ੍ਰੇਮੀ ਹੋ ਗਿਆ ਅਤੇ ਇਹ ਵੀ ਸਾਰੀ ਜ਼ਿੰਦਗੀ ਸ਼ਰਧਾਲੂ ਰਿਹਾ।

# ਇਕ ਅੰਗਰੇਜ਼ ਅਫਸਰ ਤੇ ਬਖ਼ਸ਼ਿਸ਼

ਗੁਰੂ ਘਰ ਦੇ ਪ੍ਰੇਮੀ ਪੰਥ ਪ੍ਰਸਿੱਧ ਗੁਰਮੁਖ ਪਿਆਰੇ ਡਾਕਟਰ ਦੀਵਾਨ ਸਿੰਘ ਜੀ ਹੋਤੀ ਮਰਦਾਨ ਸਿਵਲ ਹਸਪਤਾਲ ਵਿੱਚ ਲੱਗੇ ਹੋਏ ਸਨ। ਉਨ੍ਹਾਂ ਦੀ ਜਾਣੂ ਇੱਕ ਮੇਮ ਨੇ ਉਨ੍ਹਾਂ ਪਾਸ ਆ ਕੇ ਕਿਹਾ ਕਿ ਮੇਰਾ ਘਰ ਵਾਲਾ ਵਲੈਤ ਗਿਆ ਹੋਇਆ ਹੈ ਕਾਫ਼ੀ ਸਮਾਂ ਹੋ ਗਿਆ ਕੋਈ ਪਤਾ ਨਹੀਂ ਲਗਦਾ, ਬੜੇ ਖ਼ਤ ਪਾਏ। ਤਾਰਾਂ ਪਾ-ਪਾ ਕੇ ਥੱਕ ਗਈ ਹਾਂ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਆਇਆ। ਮੈਨੂੰ ਕੋਈ ਉਪਾਅ ਦੱਸੋ। ਡਾਕਟਰ ਦੀਵਾਨ ਸਿੰਘ ਨੇ ਕਿਹਾ ਕਿ ਏਥੋਂ ਤਿੰਨ ਚਾਰ ਮੀਲ ਦੂਰ ਇੱਕ ਪੂਰਨ ਮਹਾਂ ਪੁਰਸ਼ ਦਿਲਾਂ ਦੀਆਂ ਜਾਨਣ ਵਾਲੇ ਬਾਬਾ ਕਰਮ ਸਿੰਘ ਦਾ ਡੇਰਾ ਹੈ ਚਲੋ ਉਨ੍ਹਾਂ ਪਾਸ ਜਾ ਕੇ ਬੇਨਤੀ ਕਰਦੇ ਹਾਂ ਉਹ ਤੁਹਾਡੇ ਤੇ ਜ਼ਰੂਰ ਹੀ ਕ੍ਰਿਪਾ ਕਰਨਗੇ ਤੇ ਸਾਹਬ ਵਾਪਿਸ ਇੰਡੀਆ ਆ ਜਾਵੇਗਾ। ਇਹ ਬਚਨ ਸੁਣ ਕੇ ਮੇਮ ਡਾਕਟਰ ਸਾਹਿਬ ਦੇ ਨਾਲ ਡੇਰੇ ਪੁੱਜੀ। ਪ੍ਰਸ਼ਾਦਿ ਤੇ ਭੇਟਾ ਅਰਪ ਕੇ ਹਜ਼ੂਰ ਦੇ ਪਾਵਨ ਚਰਨਾਂ ਦੀ ਛੁਹ ਪ੍ਰਾਪਤ ਕੀਤੀ। ਚਰਨਾਂ ਤੇ ਸੀਸ ਰੱਖ ਕੇ ਮੇਮ ਨੇ ਬੜਾ ਰੁਦਨ ਕੀਤਾ ਅਤੇ ਦੁਖੀ ਹਿਰਦੇ ਨਾਲ ਦੁਖ ਹਰਤਾ ਦੇ ਪਾਸ ਸਾਰੀ ਵਾਰਤਾ ਦੱਸੀ। ਡਾਕਟਰ ਦੀਵਾਨ ਸਿੰਘ ਨੇ ਵੀ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਇਸ ਦੁਖਿਆਰੀ ਤੇ ਤਰਸ ਕਰੋ, ਛੋਟੇ-ਛੋਟੇ ਬਾਲ ਬੱਚੇ ਨੂੰ ਛੱਡ ਕੇ ਸਾਹਬ ਵਲੈਤ ਚਲਾ ਗਿਆ ਤੇ ਮੁੜ ਕੇ ਕੋਈ ਉਘ-ਸੁੱਘ ਨਹੀਂ ਮਿਲੀ ਇਹ ਵਿਚਾਰੀ ਬੜਾ ਫ਼ਿਕਰ ਕਰ ਰਹੀ ਹੈ, ਹੁਣ ਤਾਂ ਇਸ ਨੂੰ ਤੁਹਾਡਾ ਹੀ ਆਸਰਾ ਹੈ।"

ਦਿਆਲੂ ਸੰਤਾਂ ਨੇ ਮੇਮ ਦੇ ਹੰਝੂ ਦੇਖੇ ਤਾਂ ਦਰਦਵੰਦ ਕੋਮਲ ਹਿਰਦਾ ਬਰਦਾਸ਼ਤ ਨਾ ਕਰ ਸਕਿਆ। ਉਸ ਨੂੰ ਧੀਰਜ ਦਿੱਤਾ, "ਬੱਚੀ ਪ੍ਰਮੇਸ਼ਰ ਭਲੀ ਕਰੇਗਾ ਰੋ ਨਾ! ਤੇਰਾ ਪਤੀ ਵਾਪਸ ਆਉਣ ਵਾਲਾ ਹੀ ਹੈ।" ਇਉ ਬਾਬਾ ਜੀ ਦਾ ਬਚਨ ਸੁਣ ਕੇ ਮੇਹਰਾਂ ਦੀ ਬਾਰਸ਼ ਹੋਈ ਜਾਣਕੇ ਮੇਮ ਤੇ ਡਾਕਟਰ ਜੀ ਬੜੇ ਪ੍ਰਸੰਨ ਹੋਏ। ਬਾਬਾ ਜੀ ਨੂੰ ਮੱਥਾ ਟੇਕ ਕੇ ਅਤੇ ਆਗਿਆ ਲੈ ਕੇ ਵਾਪਸ ਹੋਤੀ ਡੇਰੇ ਆ ਗਏ।

ਓਧਰੋਂ 'ਸਾਧ ਬਚਨ ਅਟਲਾਧਾ' ਦੇ ਅਰਸ਼ੀ ਹੁਕਮ ਅਨੁਸਾਰ ਬਾਬਾ ਜੀ ਦੀ ਰੂਹਾਨੀ ਸ਼ਕਤੀ ਦਾ ਸਦਕਾ ਸਾਹਬ ਕੁਝ ਕੁ ਦਿਨਾਂ ਬਾਅਦ ਵਾਪਸ ਭਾਰਤ ਆ ਗਿਆ। ਹੋਤੀ ਮਰਦਾਨ ਆ ਕੇ ਆਪਣੇ ਸਾਰੇ ਪਰਿਵਾਰ ਨੂੰ ਮਿਲਿਆ। ਬੜੇ ਚਾਵਾਂ ਅਤੇ ਖ਼ੁਸ਼ੀਆਂ ਨਾਲ ਮੇਮ ਨੇ ਡਾਕਟਰ ਦੀਵਾਨ ਸਿੰਘ ਨੂੰ ਦੱਸਿਆ, ਉਸ ਸਮੇਂ ਡਾਕਟਰ ਨੇ ਮੇਮ ਨੂੰ ਵਧਾਈ ਦਿੱਤੀ ਅਤੇ ਆਖਿਆ, "ਸਾਹਬ ਨੂੰ ਨਾਲ ਲਿਜਾ ਕੇ ਡੇਰੇ ਪੀਰਾਂ ਦੀ ਜ਼ਿਆਰਤ ਕਰਨੀ ਚਾਹੀਦੀ ਹੈ। ਇਹ ਸਾਰੀ ਉਨ੍ਹਾਂ ਦੀ ਹੀ ਕਿਰਪਾ ਹੈ।" ਮੇਮ ਨੇ ਡਾਕਟਰ ਦੀ ਨੇਕ ਸਲਾਹ ਸੁਣ ਕੇ ਉਸ ਦੀ ਪ੍ਰਸੰਸਾ ਕੀਤੀ ਅਤੇ ਬਹੁਤ ਕੀਮਤੀ ਭੇਟਾ ਲੈ ਕੇ ਸਾਰਾ ਪਰਿਵਾਰ ਡੇਰੇ ਆਇਆ। ਸੰਤਾਂ ਦੇ ਦਰਸ਼ਨ ਕੀਤੇ ਪਾਵਨ ਚਰਨਾਂ ਤੇ ਸਿਰ ਰੱਖ ਕੇ ਸਿਜਦਾ ਕੀਤਾ। ਭੇਟਾ ਅਰਪੀ ਅਤੇ ਅਰਜ਼ ਕੀਤੀ, "ਹੇ ਗ਼ਰੀਬ ਨਿਵਾਜ਼! ਆਪ ਜੀ ਦੀ ਕ੍ਰਿਪਾ ਸਦਕਾ ਹੀ ਸਾਹਬ ਵਾਪਸ ਆ ਗਿਆ ਹੈ। ਹੁਣ ਇਸ ਤੇ ਕ੍ਰਿਪਾ ਕਰੋ ਤੇ ਆਪਣਾ ਸ਼ਰਧਾਲੂ ਬਣਾਉ।" ਜਦੋਂ ਸਾਹਬ ਸੰਤਾਂ ਦੇ ਸਾਹਮਣੇ ਆਇਆ ਤਾਂ ਇੱਕ ਟੱਕ ਟਿਕ-ਟਿਕੀ ਬੰਨ੍ਹ ਕੇ ਸੰਤਾਂ ਦੇ ਚਿਹਰੇ ਵੱਲ ਤੱਕੀ ਹੀ ਜਾ ਰਿਹਾ ਸੀ। ਮਾਨੋ ਕਿਸੇ ਭੁੱਲੀ ਚੀਜ਼ ਨੂੰ ਯਾਦ ਕਰਕੇ ਸੰਤਾਂ ਨੂੰ ਪਛਾਣ ਰਿਹਾ ਸੀ। ਇਉਂ ਕੁਝ ਕੁ ਸਮਾਂ ਪਾਸ ਬੈਠ ਕੇ ਬਚਨ ਸੁਣੇ। ਫਿਰ ਸੰਤਾਂ ਦੀ ਖ਼ੁਸ਼ੀ ਤੇ ਆਗਿਆ ਪਾ ਕੇ ਜਦੋਂ ਸਾਹਬ ਤੇ ਮੇਮ ਡੇਰੇ ਤੋਂ ਬਾਹਰ ਆਏ ਤਾਂ ਮੇਮ ਨੇ ਪੁੱਛਿਆ ਕਿ ਤੁਸੀਂ ਬਾਰ-ਬਾਰ ਉਨ੍ਹਾਂ ਦੇ ਚਿਹਰੇ ਵੱਲ ਵੇਖ ਕੇ ਕੀ ਪਛਾਣ ਰਹੇ ਸੀ? ਅੰਗਰੇਜ਼ ਨੇ ਕਿਹਾਂ ਕਿ ਮੈਂ ਵਲੈਤ ਵਿਖੇ ਜਿਸ ਹਸਪਤਾਲ ਵਿੱਚ ਬਿਮਾਰ ਪਿਆ ਸਾਂ ਤੇ ਬਚਣ ਦੀ ਕੋਈ ਆਸ ਨਹੀਂ ਸੀ, ਇਹ ਬਾਬਾ ਜੀ ਉਸ ਜਗ੍ਹਾ ਮੇਰੇ ਪਾਸ ਪੁੱਜੇ। ਇਨ੍ਹਾਂ ਨੇ ਮੈਨੂੰ ਥਾਪੜਾ ਦਿੱਤਾ ਪਿਆਰ ਕੀਤਾ ਤੇ ਕਿਹਾ ਕਿ ਹੁਣ ਤੂੰ ਰਾਜ਼ੀ ਹੋ, ਛੇਤੀ ਭਾਰਤ ਪੁੱਜ, ਤੇਰਾ ਪਰਿਵਾਰ ਬਹੁਤ ਉਦਾਸ ਹੈ ਤੇ ਤੈਨੂੰ ਯਾਦ ਕਰ ਰਿਹਾ ਹੈ। ਉਸ ਸਮੇਂ ਮੈਂ ਸਮਝਿਆ ਕਿ ਕੋਈ ਏਧਰ ਦੇ ਰਹਿਣ ਵਾਲਾ ਪਾਦਰੀ ਹੈ। ਇਨ੍ਹਾਂ ਦੇ ਹੱਥਾਂ ਦੀ ਚੁੰਬਕ ਛੁਹ ਨੇ ਮੈਨੂੰ ਇੱਕ ਦਮ ਰਾਜ਼ੀ ਕਰ ਦਿੱਤਾ। ਮੈਂ ਤਾਂ ਆਪਣੇ ਜੀਵਨ ਦੀ ਆਸ ਮੁਕਾਈ ਬੈਠਾ ਸਾਂ। ਇਤਨਾਂ ਹੁਕਮ ਕਰਕੇ ਫੇਰ ਇਹ ਛਪਨ ਹੋ ਗਏ। ਇਹ ਤਾਂ ਈਸਾ ਮਸੀਹ ਦਾ ਰੂਪ ਉਹੋ ਹੀ ਫ਼ਕੀਰ ਹਨ। ਜਿਨ੍ਹਾਂ ਦਾ ਮੈਂ ਦਰਸ਼ਨ ਕੀਤਾ ਸੀ। ਸਾਹਿਬ ਦੇ ਪਾਸੋਂ ਇਹ ਵਾਰਤਾ ਸੁਣ ਕੇ ਮੇਮ ਦੇ ਨੇਤਰ ਵੈਰਾਗ ਵਿੱਚ ਤਰ ਹੋ ਗਏ। ਇਹ ਗੱਲ ਸਾਰੇ ਇਲਾਕੇ ਵਿੱਚ ਫੈਲ ਗਈ ਫਿਰ ਤਾਂ ਦੂਰੋਂ-ਦੂਰੋਂ ਪ੍ਰੇਮੀ ਹੁਮ-ਹੁਮਾ ਕੇ ਦਰਸ਼ਨਾਂ ਲਈ ਪੁੱਜਣ ਲੱਗੇ।

# ਕਲਪਾਣੀ ਵਿੱਚ ਹੜ੍ਹ ਆਉਣਾ

ਇੱਕ ਵਾਰ ਜਿਸਦੇ ਕੰਢੇ ਆਪ ਜੀ ਦੀ ਰਿਹਾਇਸ਼ ਸੀ ਉਸ 'ਕਲਪਾਣੀ'[੯] ਨਾਮੀ ਨਾਲੇ ਵਿੱਚ ਬਾਰਸ਼ਾਂ ਦੇ ਦਿਨੀਂ ਪਹਾੜੀ ਇਲਾਕੇ ਵਿੱਚ ਵਰਖਾ ਹੋਣ ਕਰਕੇ ਬੜਾ ਹੜ੍ਹ ਆ ਗਿਆ। ਦਰਿਆ ਆਪਣੇ ਕਿਨਾਰੇ ਢਾਹ ਕੇ ਹੱਦਾਂ ਤੋਂ ਬਾਹਰ ਵਗਣ ਲੱਗ ਪਿਆ। ਸਾਰੇ ਪਾਣੀ ਹੀ ਪਾਣੀ ਹੋ ਗਿਆ। ਹਾ-ਹਾ ਕਾਰ ਮੱਚ ਗਈ ਡੇਰੇ ਦੇ ਅੰਦਰ ਵੀ ਪਾਣੀ ਚਲਾ ਗਿਆ। ਲੰਗਰ ਦੇ ਬਰਤਨ ਤੇ ਹੋਰ ਸਮਾਨ ਪਾਣੀ ਵਿੱਚ ਤਰਨ ਲੱਗਾ। ਉਸ ਸਮੇ ਲਾਂਗਰੀ ਨੇ ਦੌੜ ਕੇ ਗੁਫਾ ਵਿੱਚ ਬੈਠੇ ਪ੍ਰਮੇਸ਼ਰ ਨਾਲ ਜੁੜੇ ਰੱਬੀ ਨੂਰ ਦੇ ਪਾਸ ਆ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਦਰਿਆ ਵਿੱਚ ਬੜਾ ਜ਼ੋਰਦਾਰ ਹੜ੍ਹ ਆ ਗਿਆ ਹੈ। ਪਾਣੀ ਨਾਲ ਡੇਰੇ ਦਾ ਨੁਕਸਾਨ ਹੋ ਰਿਹਾ ਹੈ ਆਪ ਕ੍ਰਿਪਾ ਕਰੋ।" ਉੱਧਰ ਮਰਦਾਨ ਦੇ ਬਜ਼ਾਰਾਂ ਵਿੱਚ ਵੀ ਜਲ ਫਿਰ ਰਿਹਾ ਸੀ। ਲੋਕਾਂ ਦੀ ਆਵਾਜਾਈ ਬੰਦ ਹੋ ਗਈ ਸੀ। ਉਸ ਸਮੇਂ ਬਾਬਾ ਜੀ ਨੇ ਛੋਟੇ ਸੰਤ ਭਾਈ ਲਾਲ ਸਿੰਘ ਜੀ ਨੂੰ ਹੁਕਮ ਕੀਤਾ ਕਿ ਇਹ ਬਰਨ ਦੇਵਤਾ ਗੁਰੂ ਘਰੋਂ ਪ੍ਰਸ਼ਾਦਿ ਲੈਣ ਆਇਆ ਹੈ। ਜਾਓ ਕੁਝ ਕੁ ਨਕਦੀ ਮਾਇਆ ਬਾਦਾਮ ਪਤਾਸੇ ਤੇ ਮਿਸ਼ਰੀ ਦਾ ਪ੍ਰਸ਼ਾਦਿ ਦਰਿਆ ਦੀ ਭੇਟਾ ਕਰ ਦਿਉ। ਅਤੇ ਨਾਲ ਇਹ ਬਚਨ ਆਖਣਾ:

ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ॥
ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ ॥

(ਪੰਨਾ ੧੩੮੨)

ਹਜ਼ੂਰ ਦਾ ਹੁਕਮ ਸੁਣ ਕੇ ਜਦੋਂ ਭਾਈ ਲਾਲ ਸਿੰਘ ਜੀ ਨੇ ਇਸ ਤਰ੍ਹਾਂ ਕੀਤਾ ਤਾਂ 'ਭੈ ਵਿਚਿ ਪਵਣੁ ਵਹੈ ਸਦਵਾਉ' ਦੇ ਮਹਾਂਵਾਕ ਅਨੁਸਾਰ ਭੁੱਖੇ ਸ਼ੇਰ ਵਾਗੂੰ ਸ਼ੂਕਦਾ ਦਰਿਆ ਇੱਕ ਦਮ ਥੱਲੇ ਬਹਿ ਗਿਆ ਅਤੇ ਪਹਿਲਾਂ ਵਾਗੂੰ ਨੀਵਾਂ ਹੋ ਕੇ ਚਲਣ ਲੱਗਾ। ਹੋਰ ਨੁਕਸਾਨ ਤੋਂ ਡੇਰਾ ਬਚ ਗਿਆ। ਉੱਧਰੋਂ ਹੋਤੀ ਦੇ ਖ਼ਾਨ ਸਾਹਬ ਨੇ ਵੀ ਆਪਣੇ ਆਦਮੀ ਭੇਜ ਕੇ ਸੰਤਾਂ ਪਾਸ ਅਰਜ਼ ਕੀਤੀ, "ਮਹਾਰਾਜ! ਦਰਿਆ ਦੀ ਮਾਰ ਤੋਂ ਸ਼ਹਿਰ ਨੂੰ ਬਚਾਓ।" ਬਾਬਾ ਜੀ ਨੇ ਉਸ ਨੂੰ ਵੀ ਉੱਤਰ ਦਿੱਤਾ ਕਿ ਤੁਸੀਂ ਵੀ ਖ਼ਵਾਜਾ ਖਿਜ਼ਰ ਦੀ ਭੇਟਾ ਕਰਕੇ ਉਸ ਦੀ ਪ੍ਰਸੰਨਤਾ ਲਓ। ਪਾਣੀ ਪਿੱਛੇ ਹਟ ਜਾਵੇਗਾ।" ਸੰਤਾਂ ਦਾ ਇਹ ਬਚਨ ਸੁਣ ਕੇ ਉਨ੍ਹਾਂ ਨੇ ਵੀ ਲੱਡੂ ਪੇੜੇ ਤੇ ਹੋਰ ਮਠਿਆਈ, ਵਸਤਰ ਤੇ ਕੁਝ ਕੁ ਨਕਦੀ ਮਾਇਆ ਆਦਿ ਦਰਿਆ ਦੀ ਭੇਟਾ ਕੀਤੀ ਤਾਂ ਉਸ ਸਮੇਂ ਇੱਕ ਦਮ ਪਾਣੀ ਸ਼ਹਿਰ 'ਚੋਂ ਨਿਕਲ ਕੇ ਵਾਪਸ ਚਲਾ ਗਿਆ।

ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ ॥
ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ ॥

(ਪੰਨਾ ੮੧੭)

ਸੰਤਾਂ ਦਾ ਬਚਨ ਤਾਂ ਇੰਦਰ ਦੇਵਤਾ ਤੇ ਧਰਮ ਰਾਜਾ ਵੀ ਨਹੀਂ ਮੋੜ ਸਕਦੇ। ਦਰਿਆ ਦਾ ਪਾਣੀ ਕੀ ਚੀਜ਼ ਹੈ, ਜੋ ਬਚਨ ਨਾ ਮੰਨੇ। ਕਿਉਂਕਿ ਬਚਨਾਂ ਤੋਂ ਉਲਟ ਚੱਲਣ ਵਾਲੇ ਸਮੁੰਦਰ ਵੀ ਮਹਾਂ ਪੁਰਸ਼ਾਂ ਨੇ ਢਾਈ ਚੂਲੀਆਂ ਨਾਲ ਖ਼ਾਲੀ ਕਰ ਦਿੱਤੇ ਸਨ।

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

---

[੯] 'ਕਲਪਾਣੀ' ਨਦੀ ਦਾ ਨਾਮ ਹੈ। ਜਮੁਨਾ ਵਾਂਗ ਜਲ ਦਾ ਰੰਗ ਵੀ ਸਿਆਮਲ ਹੈ ਜੋ ਉਪਰੋਂ ਪਹਾੜਾਂ ਚੋਂ ਆ ਕੇ ਅੱਗੇ ਨੁਸ਼ਹਿਰੇ ਦੇ ਕੋਲ ਲੁੰਡੇ ਦਰਿਆ ਵਿੱਚ ਮਿਲ ਕੇ ਅਟਕ ਵਿੱਚ ਜਾ ਡਿਗਦੀ ਹੈ। ਹੋਤੀ ਮਰਦਾਨ ਵਾਲੀ ਜਗ੍ਹਾ ਇਸਦੇ ਕੰਢੇ ਤੇ ਹੈ। ਪਹਿਲਾਂ ਇਹ ਕਦੇ ਕਦੇ ਬਰਸਾਤ ਦੇ ਦਿਨਾਂ ਵਿੱਚ ਹੀ ਵਗਦੀ ਸੀ ਪਰ ਪੰਜਾ ਸਾਹਿਬ ਦੇ ਚਸ਼ਮੇ ਵਾਂਗ ਮਹਾਂ ਪੁਰਸ਼ਾਂ ਦੀ ਚਰਨ ਛੂਹ ਨਾਲ ਸਦੀਵੀ ਵਗਣ ਲੱਗ ਪਈ ਅਤੇ ਇਸਦਾ ਜਲ ਅੱਜ ਤੱਕ ਕਦੀ ਨਹੀਂ ਸੁਕਿਆ।

# ਰੈਣ ਸਬਾਈ ਕੀਰਤਨ

(ਰਾਗੀ ਲਾਲ ਸਿੰਘ)

ਧੰਨ ਧੰਨ ਬਾਬਾ ਕਰਮ ਸਿੰਘ ਜੀ ਜਤੀ ਸਤੀ ਬ੍ਰਮਚਾਰੀ।
ਹੋਤੀ ਦੇ ਵਿੱਚ ਪ੍ਰਗਟ ਹੋ ਕੇ ਤਾਰੀ ਦੁਨੀਆ ਸਾਰੀ।
ਨੌਂ ਸਾਲ ਉਮਰ ਦਾਸ ਦੀ ਪਹਿਲਾ ਦਰਸ਼ਨ ਪਾਇਆ।
ਦਰਸ਼ਨ ਕੀਤੇ ਸੰਤਾਂ ਦੇ ਤਾਂ ਮੇਰਾ ਮਨ ਸੀਤਲਾਇਆ।
ਮਾਤਾ ਪਿਤਾ ਜੀ ਨਾਲ ਸਨ ਮੇਰੇ ਗੁਰਮੁਖ ਸਿੱਖੀ ਵਾਲੇ।
ਗੁਰਬਾਣੀ ਸੰਗ ਖੀਵੇ ਰਹਿੰਦੇ ਹਰਿ ਰਸ ਤੇ ਮਤਵਾਲੇ।
ਗੁਫਾ ਤੋਂ ਥੜੇ ਤੇ ਬੈਠੇ, ਪ੍ਰੇਮੀ ਦਰਸ਼ਨ ਕਰਦੇ।
ਨਾਮ ਦਾਨ ਸਭਨਾਂ ਨੂੰ ਵੰਡਕੇ, ਝੋਲੀਆਂ ਸਭ ਦੀਆਂ ਭਰਦੇ।
ਨਦੀ ਕਿਨਾਰੇ ਆਸਣ ਵਿਛਿਆ, ਬੈਠੇ ਸੰਤ ਪਿਆਰੇ।
ਲੱਗਾ ਦੀਵਾਨ ਅਜਬ ਛੱਬ ਵਾਲਾ, ਬੋਲਣ ਜੈ ਜੈ ਕਾਰੇ।
ਸ੍ਰੀ ਰਹਿਰਾਸ ਤੇ ਆਰਤੀ ਹੋਈ, ਅਰੰਭ ਕੀਰਤਨ ਹੋਇਆ।
ਸਮਾਂ ਇਕਾਂਤ ਤੇ ਨਦੀ ਕਿਨਾਰਾ, ਅੰਬਰੋਂ ਅੰਮ੍ਰਿਤ ਚੋਇਆ।
ਸ਼ਿਵੇ ਨਗਰ ਦੇ ਰਾਗੀ ਆਏ, ਕੀਰਤਨ ਠਾਠ ਬਣਾਇਆ।
ਦਸ ਵਾਜੇ ਤੇ ਪੰਜ ਜੋੜੀਆਂ, ਇਨ ਸੰਗ ਕੀਰਤਨ ਗਾਇਆ।
ਗੁਰ ਚਰਨਾਂ ਦੇ ਨਾਲ ਹੀ ਜੁੜ ਗਈ, ਬੈਠੀ ਸੰਗਤ ਸਾਰੀ।
ਪੱਖਾ ਹੋ ਰਿਹਾ ਸਭਨਾਂ ਤਾਈ, ਹਰਿ ਸੰਗ ਲਗ ਗਈ ਤਾੜੀ।
ਨਾ ਕੀਰਤਨ ਦਾ ਭੋਗ ਪਿਆ, ਨਾ ਸੰਤਾਂ ਹੁਕਮ ਸੁਣਾਇਆ।
ਸ਼ਾਮੀ ਸੱਤ ਵਜੇ ਤੋਂ ਲੈ ਕੇ, ਅੰਮ੍ਰਿਤ ਵੇਲਾ ਆਇਆ।
ਤਦ ਸੰਤਾਂ ਨੇ ਨੇਤਰ ਖੋਲ੍ਹੇ, ਵਾਹ ਵਾਹ ਸ਼ਬਦ ਅਲਾਵਨ।
ਧੰਨ ਜਣੇਦੀ ਮਾਂ ਤੁਸਾਂ ਦੀ, ਸਿਰ ਤੇ ਹੱਥ ਫਿਰਾਵਨ।
ਅੰਮ੍ਰਿਤ ਤੁਸਾਂ ਛਕਾਇਆ ਸਾਨੂੰ, ਮਨ ਖੀਵਾ ਹੋਇਆ।
ਆਵਣ ਜਾਣੇ ਮਿਟੇ ਤੁਮਾਰੇ, ਕੀਰਤਨ ਸੰਗ ਮਨ ਧੋਇਆ।
ਭੋਗ ਪਿਆ ਅਰਦਾਸਾਂ ਹੋਇਆਂ, ਸਭ ਨੇ ਸੀਸ ਨਿਵਾਇਆ।
ਚਰਨ ਰੇਣ ਮੱਥਿਆਂ ਤੇ ਲਾਈ, ਸਤਿ ਸ੍ਰੀ ਅਕਾਲ ਬੁਲਾਇਆ।
ਸੰਗਤਾਂ ਤਾਈ ਹੁਕਮ ਸੁਣਾਇਆ ਡੇਰੇ ਤੇ ਸਭ ਜਾਵੋ।
ਪ੍ਰਸ਼ਾਦਿ ਛਕੋ ਗੁਰੂ ਕੇ ਲੰਗਰੋਂ ਫਿਰ ਆਰਾਮ ਕਰਾਵੋ।
ਰਾਗੀਆਂ ਤਾਈਂ ਲਿਜਾਕੇ ਭਾਈ ਜੀ ਦੁਧ ਘਿਉ ਪਿਲਾਵੋ।
ਰੈਣ ਸਬਾਈ ਕੀਰਤਨ ਹੋਇਆ ਸਭ ਦੇ ਥਕੇਵੇ ਲਾਹਵੋ।
ਧੰਨ ਧੰਨ ਬਾਬਾ ਕਰਮ ਸਿੰਘ ਜੀ ਸਭ ਤੇਰੀ ਵਡਿਆਈ।
ਹਾੜੰਬਾ ਧਰਤੀ ਵਿੱਚ ਜਿੰਨ੍ਹਾ ਨੇ ਕੀਤੀ ਸਫ਼ਲ ਕਮਾਈ।

****************

# ਕਾਂਡ ਤੀਸਰਾ

## ਸੰਤ ਬਾਬਾ ਨਗੀਨਾ ਸਿੰਘ ਜੀ

ਤੀਸਰੇ ਪਾਤਿਸ਼ਾਹ ਸਤਿਗੁਰੂ ਅਮਰ ਦਾਸ ਜੀ ਮਹਾਰਾਜ ਦੀ ਪਰਮ ਪੂਜਯ 'ਭੱਲੇ' ਵੰਸ 'ਚੋਂ ਬੜੇ ਨਾਮ ਬਾਣੀ ਦੇ ਪ੍ਰੇਮੀ ਤੇ ਕਰਨੀ ਕਮਾਈ ਵਾਲੇ ਬਜ਼ੁਰਗ ਬਾਬਾ ਨਗੀਨਾ ਸਿੰਘ ਜੀ ਹੋਏ ਹਨ। ਇਹ ਪਿਸ਼ੌਰ ਦੇ ਇਲਾਕੇ ਪਿੰਡ 'ਉਤਮਾਨਜ਼ਈ' ਦੇ ਰਹਿਣ ਵਾਲੇ ਸਨ। ਇਨ੍ਹਾਂ ਨੂੰ ਮੰਨਣ ਵਾਲੀ ਸੰਗਤ ਗੁਰਸਿੱਖ ਮਾਈ ਭਾਈ ਬੜੇ ਪਿਆਰ ਨਾਲ ਦਰਸ਼ਨ ਕਰਨ ਆਉਂਦੇ। ਇਹ ਬੜੇ ਤੇਜ਼ ਪ੍ਰਤਾਪੀ ਕਹਿਣੀ ਕਰਨੀ ਦੇ ਸੂਰੇ, ਮਹਾਨ ਤਪੱਸਵੀ ਬੀਤ ਰਾਗ ਮਹਾਂ ਪੁਰਸ਼ ਸਨ। ਬਾਬਾ ਕਰਮ ਸਿੰਘ ਜੀ ਮਹਾਰਾਜ ਨਾਲ ਇਨ੍ਹਾਂ ਦਾ ਬੜਾ ਹਿੱਤ ਸੀ। ਹਜ਼ੂਰ ਵੀ ਇਸ ਗੁਰੂ ਅੰਸ਼ ਗੁਰੂ ਪਿਆਰੇ ਮਹਾਂ ਪੁਰਸ਼ ਦਾ ਆਪਣੇ ਦੇਸ਼ ਦਾ ਵਾਸੀ ਹੋਣ ਦੇ ਨਾਤੇ ਪਰਮ ਮਿੱਤਰਾਂ ਸਮਾਨ ਬੜਾ ਆਦਰ ਕਰਦੇ।

ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥

(ਪੰਨਾ ੩੪੫)

ਜਦੋਂ ਪਹਿਲਾਂ ਪਹਿਲ ਬਾਬਾ ਜੀ ਨੇ ਫੌਜ ਦੀ ਨੌਕਰੀ ਛੱਡ ਕੇ ਹੋਤੀ ਦੀ ਪਾਵਨ ਧਰਤੀ ਨੂੰ ਭਾਗ ਲਾਇਆ ਤੇ ਤਪੱਸਿਆ ਸ਼ੁਰੂ ਕੀਤੀ। ਉਸ ਸਮੇਂ ਨਾ ਆਪ ਜੀ ਘੋੜੇ ਦੀ ਅਸਵਾਰੀ ਕਰਦੇ ਨਾ ਪਾਲਕੀ 'ਚ ਬੈਠਦੇ। ਸਗੋਂ ਕਹਿੰਦੇ ਕਿ ਜਦੋਂ ਪ੍ਰਮੇਸ਼ਰ ਨੇ ਇਹ ਸਰੀਰ ਦਿੱਤਾ ਹੈ ਇਸ ਤੋਂ ਕੰਮ ਲੈਣਾ ਚਾਹੀਦਾ ਹੈ। ਜੀਵ ਆਤਮਾ ਦਾ ਅਸਲੀ ਘੋੜਾ ਤਾਂ ਸਰੀਰ ਹੈ। ਪਾਲਕੀ ਦੀ ਅਸਵਾਰੀ ਨਾਲ ਸਰੀਰ ਸੁਸਤ ਹੋ ਜਾਵੇਗਾ। ਫਿਰ ਜਦੋਂ ਬਾਬਾ ਨਗੀਨਾ ਸਿੰਘ ਜੀ ਦਾ ਆਪ ਦੇ ਪਾਸ ਆਉਣਾ ਜਾਣਾ ਸ਼ੁਰੂ ਹੋ ਗਿਆ ਤਾਂ ਸਾਰੇ ਇਲਾਕੇ ਵਿੱਚ ਚੰਦਨ ਵਾੜੀ ਵਾਂਗ ਆਪ ਜੀ ਦੀ ਖ਼ੁਸ਼ਬੂ ਮਹਿਕ ਉੱਠੀ। ਉਨ੍ਹਾਂ ਨੇ ਬੇਨਤੀ ਕਰਕੇ ਆਪ ਜੀ ਨੂੰ ਘੋੜੇ ਦੀ ਅਸਵਾਰੀ ਕਰਨਾ ਤੇ ਪਾਲਕੀ ਵਿੱਚ ਬੈਠਣਾ ਮਨਾ ਲਿਆ। ਕਿਉਂਕਿ ਉਸ ਸਮੇਂ ਸੰਤਾਂ ਦਾ ਸਰੀਰ ਬਿਰਧ ਹੋ ਗਿਆ ਸੀ। ਅਰਸ਼ੀ ਹੁਕਮ ਹੈ:

ਸਾਧ ਕੀ ਸੋਭਾ ਸਾਧ ਬਨਿ ਆਈ ॥<br>
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥

(ਪੰਨਾ ੨੭੨)

ਭਾਵ ਸਾਧੂ ਦੀ ਮਹਿਮਾ ਨੂੰ ਕੋਈ ਪੁੱਜੀ ਹੋਈ ਸੁਰਤ ਵਾਲਾ ਸਾਧੂ ਹੀ ਜਾਣ ਸਕਦਾ ਹੈ। ਅੱਜ ਬਾਬਾ ਜੀ ਦੇ ਭਰੇ ਦੀਵਾਨ ਵਿੱਚ ਇਸ ਮਹਾਂ ਪੁਰਸ਼ ਬਾਬਾ ਨਗੀਨਾ ਸਿੰਘ ਜੀ ਨੇ ਵੀ ਆਪਣੇ ਨਾਲ ਦੀ ਸੰਗਤ ਸਮੇਤ ਸੰਤਾਂ ਦਾ ਦਰਸ਼ਨ ਕੀਤਾ। ਫ਼ਲ ਫਰੂਟ ਤੇ ਹੋਰ ਪ੍ਰਸ਼ਾਦਿ ਭੇਟ ਕਰਕੇ ਬਾਬਾ ਜੀ ਦੇ ਗਲੇ ਵਿੱਚ ਫ਼ੁੱਲਾਂ ਦੇ ਹਾਰ ਪਾਏ। ਹਜ਼ੂਰ ਨੇ ਵੀ ਇਨ੍ਹਾਂ ਦਾ ਬੜਾ ਆਦਰ ਕੀਤਾ। ਜਦੋਂ ਨਿਰੰਕਾਰੀ ਦਰਬਾਰ ਵਿੱਚ ਇਲਾਹੀ ਕੀਰਤਨ ਦਾ ਭੋਗ ਪਿਆ ਤਾਂ ਇਨ੍ਹਾਂ ਨੇ ਆਪਣੇ ਸਾਥੀਆਂ ਸਮੇਤ ਗਲ ਵਿੱਚ ਪੱਲੇ ਪਾ ਕੇ ਹੱਥ ਜੋੜੇ ਅਤੇ ਦਾਤੇ ਦੇ ਚਰਨਾਂ ਵਿੱਚ ਨਿੰਮ੍ਰਤਾ ਸਹਿਤ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਹਜ਼ੂਰ ਦੀ ਪ੍ਰੇਰਣਾ ਅਤੇ ਕ੍ਰਿਪਾ ਸਦਕਾ ਨਗਰ 'ਉਤਮਾਨਜ਼ਈ' ਡੇਰੇ ਵਿਖੇ ਆਪ ਜੀ ਦੀ ਆਗਿਆ ਪਾ ਕੇ ਸੰਗਤਾਂ ਦਾ ਸਲਾਨਾ ਦੀਵਾਨ ਤੇ ਲੰਗਰ ਕਰਨ ਦਾ ਇਰਾਦਾ ਹੈ। ਪ੍ਰੇਮੀ ਆਪ ਜੀ ਦੀ ਪਾਵਨ ਰਸਨਾਂ ਤੋਂ ਅਸੀਸ ਅਤੇ ਡੇਰੇ ਦੇ ਸਾਧੂਆਂ ਸਮੇਤ ਉਸ ਜਗ੍ਹਾ ਹਜ਼ੂਰ ਦੇ ਦਰਸ਼ਨ ਚਹੁੰਦੇ ਹਨ।" ਬਾਬਾ ਜੀ ਨੇ ਇਸ ਮਹਾਂ ਪੁਰਸ਼ ਦੀ ਬੇਨਤੀ ਨੂੰ ਖਿੜੇ ਮੱਥੇ ਪ੍ਰਵਾਨ ਕਰ ਲਿਆ ਤੇ ਹੱਸ ਕੇ ਆਖਿਆ:

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥<br>
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥

(ਪੰਨਾ ੬੧੪)

ਤੁਹਾਡੇ ਜੈਸੇ ਮਹਾਂ ਪੁਰਸ਼ਾਂ ਦੇ ਦਰਸ਼ਨ ਅਤੇ ਪਾਵਨ ਅਸਥਾਨ ਦੀ ਯਾਤਰਾ ਪੂਰਬਲੇ ਪੁੰਨਾਂ ਕਰਕੇ ਹੁੰਦੀ ਹੈ। ਤੁਸੀਂ ਚੱਲ ਕੇ ਤਿਆਰੀ ਕਰੋ ਅਸੀਂ ਸਮੇਂ ਸਿਰ ਸੰਗਤ ਸਮੇਤ ਪੁੱਜ ਜਾਵਾਂਗੇ। ਬਾਬਾ ਨਗੀਨਾ ਸਿੰਘ ਜੀ ਨੇ ਹਜ਼ੂਰ ਦੀ ਖ਼ੁਸ਼ੀ ਪ੍ਰਾਪਤ ਕਰਕੇ ਵਾਪਸ ਜਾਣ ਦੀ ਆਗਿਆ ਮੰਗੀ ਤਾਂ ਬਾਬਾ ਜੀ ਨੇ ਇਸ ਗੁਰੂ ਅੰਸ਼ ਮਹਾਂ ਪੁਰਸ਼ ਨੂੰ ਕੀਮਤੀ

ਸਿਰੋਪਾਓ ੧੦੧ ਰੁਪਿਆ ਤੇ ਮਠਿਆਈ ਦੀ ਟੋਕਰੀ ਭੇਟਾ ਕੀਤੀ। ਹੋਰ ਵੀ ਨਾਲ ਦੀ ਸੰਗਤ ਨੂੰ ਪ੍ਰਸ਼ਾਦਿ ਦਿੱਤਾ ਅਤੇ ਭਾਈ ਗੋਪਾਲ ਸਿੰਘ ਤੇ ਭਾਈ ਸਾਂਈ ਦਿੱਤਾ ਜੀ ਨੂੰ (ਜੋ ਡੇਰੇ ਦੀ ਮਾਇਆ ਦੇ ਖ਼ਜ਼ਾਨਚੀ ਸਨ) ਆਖਕੇ ਪੰਜ ਸੌ ਰੁਪਿਆ ਯੱਗ ਵਾਸਤੇ ਦਵਾਇਆ।

ਬਾਬਾ ਜੀ ਦੀਆਂ ਖ਼ੁਸ਼ੀਆਂ ਪਾ ਕੇ ਸੰਤ ਨਗੀਨਾ ਸਿੰਘ ਜੀ ਸਾਥੀਆਂ ਸਮੇਤ ਆਪਣੇ ਡੇਰੇ 'ਉਤਮਾਨਜ਼ਈ' ਪੁੱਜੇ। ਏਥੇ ਆ ਕੇ ਯੱਗ ਦੀ ਤਿਆਰੀ ਅਰੰਭ ਦਿੱਤੀ। ਦੂਰੋਂ-ਦੂਰੋਂ ਸੰਗਤਾਂ ਦਾ ਇਕੱਠ ਹੋਇਆ। ਸੰਤਾਂ ਨੇ ਵੀ ਹੋਤੀਓਂ ਚੱਲਕੇ ਸੰਗਤ ਸਮੇਤ ਸਮੇਂ ਸਿਰ ਜਾ ਦਰਸ਼ਨ ਦਿੱਤੇ। ਬਾਬਾ ਨਗੀਨਾ ਸਿੰਘ ਜੀ ਨੇ ਜੋ ਪਹਿਲਾਂ ਹੀ ਉਡੀਕ ਵਿੱਚ ਤਿਆਰ ਖੜ੍ਹੇ ਸਨ, ਆਪ ਜੀ ਦਾ ਬੜਾ ਆਦਰ ਕੀਤਾ। ਸੰਗਤਾਂ ਸਮੇਤ ਸ਼ਬਦ ਪੜ੍ਹਦੇ ਅੱਗੋਂ ਲੈਣ ਆਏ। ਗਲ ਵਿੱਚ ਫ਼ੁੱਲਾਂ ਦੇ ਸਿਹਰੇ ਪਾ ਕੇ ਭਾਵਨਾ ਨਾਲ ਮੱਥਾ ਟੇਕਿਆ। ਮੁਸਲਮਾਨ ਪਠਾਣਾਂ ਨੇ ਵੀ ਬੈਂਡ ਤੇ ਦੇਸੀ ਵਾਜੇ ਵਜਾ ਕੇ ਸੰਤਾਂ ਦੇ ਸਵਾਗਤ ਤੇ ਸਲਾਮੀ ਕੀਤੀ। ਸਾਇਬਾਨ ਲਗਾ ਕੇ ਮਖ਼ਮਲੀ ਚੰਦੋਏ ਥੱਲੇ ਸੁਨਹਿਰੀ ਪਾਲਕੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕੀਤੇ ਸਨ। ਸੰਤਾਂ ਨੇ ਸਤਿਗੁਰਾਂ ਅੱਗੇ ਪੱਚੀ ਰੁਪਏ ਦਰਸ਼ਨੀ ਭੇਟਾ ਅਰਪ ਕੇ ਦਸ ਪਾਤਸ਼ਾਹੀਆਂ ਦੇ ਪਾਵਨ ਸਰੂਪ ਨੂੰ ਮੱਥਾ ਟੇਕਿਆ। ਅੱਗੇ ਫ਼ਲ ਰੱਖੇ, ਉੱਪਰ ਸੇਹਰੇ ਪਾਏ, ਫਿਰ ਨਾਲ ਦੇ ਸਾਧੂਆਂ ਸਮੇਤ ਹਜ਼ੂਰੀ ਵਿੱਚ ਸਜ ਗਏ। ਅਖੰਡ ਪਾਠ ਦੀ ਸਮਾਪਤੀ ਉਪਰੰਤ ਆਰਤੀ ਤੇ ਹੋਰ ਸ਼ਬਦ ਪੜ੍ਹਕੇ ਕੀਰਤਨ ਅਰੰਭ ਹੋ ਗਿਆ। 'ਲਗਾ ਦੀਵਾਨ ਅਜਬ ਛਬ ਵਾਲਾ' ਇੱਕ ਪਾਸੇ ਦੀਵਾਨ ਵਿੱਚ ਬੈਠੇ ਸਰੋਤੇ ਰੂਹਾਨੀ ਖ਼ੁਰਾਕ ਇਲਾਹੀ ਕੀਰਤਨ ਦਾ ਅਨੰਦ ਮਾਣ ਰਹੇ ਸਨ, ਦੂਜੇ ਪਾਸੇ ਜਿਸਮਾਨੀ ਖ਼ੁਰਾਕ 'ਰਸੁ ਅੰਮ੍ਰਿਤੁ ਖੀਰਿ ਘਿਆਲੀ' ਗੁਰੂ ਕਾ ਲੰਗਰ ਤਿਆਰ ਹੋ ਰਿਹਾ ਸੀ, ਜਿਸ ਵਿੱਚ ਮਾਹਲ ਪੂੜੇ, ਪੂਰੀ, ਖੀਰ, ਕੜਾਹ, ਘਿਉ ਭੁੰਨਵੇ ਮਿੱਠੇ ਚੌਲ, ਦਾਲ ਸਬਜ਼ੀ ਤੇ ਦਹੀ ਭੱਲੇ ਬਣੇ ਸਨ। ਸੰਤਾਂ ਦੇ ਹੁਕਮ ਨਾਲ ਗੁਪਤ ਤੇ ਸੰਖੇਪ ਅਰਦਾਸ ਕਰਕੇ ਬਾਰਾਂ ਵਜੇ ਗੁਰੂ ਕਾ ਲੰਗਰ ਵਰਤਣਾ ਸ਼ੁਰੂ ਹੋ ਗਿਆ। ਪੰਡਾਲ ਵਿੱਚ ਉਸੇ ਤਰ੍ਹਾਂ ਦੀਵਾਨ ਸਜਿਆ ਰਿਹਾ ਤੇ ਸੂਝ ਵਾਲੇ ਸੇਵਾਦਾਰ ਸੰਗਤਾਂ ਨੂੰ ਪੰਗਤਾਂ ਲਗਵਾਕੇ ਵਾਰੋ ਵਾਰੀ ਪ੍ਰਸ਼ਾਦਿ ਛਕਾਉਂਦੇ ਰਹੇ।

ਸੰਤ ਬਾਬਾ ਕਰਮ ਸਿੰਘ ਜੀ ਦਾ ਆਉਣਾ ਸੁਣਕੇ ਐਤਕਾਂ ਦੇ ਜੋੜ ਮੇਲੇ ਤੇ ਸਾਰੇ ਸਾਲਾਂ ਨਾਲੋਂ ਜ਼ਿਆਦਾ ਇਕੱਠ ਹੋਇਆ। ਦੂਰੋਂ-ਦੂਰੋਂ ਪ੍ਰੇਮੀ ਪੁੱਜ ਕੇ ਦਰਸ਼ਨ ਦੀਦਾਰੇ ਕਰਕੇ ਗੁਰੂ ਕੇ ਲੰਗਰੋਂ ਪ੍ਰਸ਼ਾਦਿ ਛਕ ਰਹੇ ਸਨ। ਇਤਨੀ ਸੰਗਤ ਆਈ ਕਿ ਤਿਆਰ ਕੀਤਾ ਹੋਇਆ ਲੰਗਰ ਫਤਹਿ ਹੋਣ ਲੱਗਾ। ਹੋਰ ਇਤਨੀ ਛੇਤੀ ਤਿਆਰ ਨਹੀਂ ਸੀ ਹੋ ਸਕਦਾ। ਲਾਂਗਰੀ ਘਬਰਾ ਗਏ ਅਤੇ ਸੰਤ ਬਾਬਾ ਨਗੀਨਾ ਸਿੰਘ ਜੀ ਦੇ ਪਾਸ ਅਰਜ਼ ਕੀਤੀ, "ਮਹਾਰਾਜ! ਅਜੇ ਬਹੁਤ ਸਾਰੀ ਸੰਗਤ ਨੇ ਪ੍ਰਸ਼ਾਦਿ ਛਕਣਾ ਹੈ ਪਰ ਲੰਗਰ ਸਮਾਪਤ ਹੋ ਚੱਲਿਆ ਹੈ। ਆਪ ਜੀ ਦਾ ਕੀ ਹੁਕਮ ਹੈ?" ਸੰਤਾਂ ਹੁਕਮ ਕੀਤਾ, "ਛੇਤੀ ਕਰੋ ਮਿੱਠੇ ਚੌਲ ਬਣਾ ਲਉ ਕਿਉਂਕਿ ਹੋਰ ਦਾਲ ਸਬਜ਼ੀ ਤਾਂ ਇਤਨੀ ਛੇਤੀ ਬਣ ਨਹੀਂ ਸਕੇਗੀ। ਪੰਗਤਾਂ ਵਿੱਚ ਚੌਲ ਹੀ ਵਰਤਾ ਦੇਣੇ।" ਸੇਵਾਦਾਰਾਂ ਨੇ ਫਿਰ ਕਿਹਾ, "ਬਾਬਾ ਜੀ! ਹੁਣ ਤਾਂ ਚੌਲ ਵੀ ਨਹੀਂ ਹਨ ਜਿਤਨੇ ਕੁ ਲਿਆਂਦੇ ਸੀ ਉਹ ਤਾਂ ਬਣਾ ਕੇ ਵਰਤਾ ਦਿੱਤੇ ਹਨ। ਅੰਦਰ ਤਾਂ ਹੁਣ ਕੇਵਲ ਜੌਆਂ ਦੀਆਂ ਬੋਰੀਆਂ ਹੀ ਪਈਆ ਹਨ।" ਇਹ ਗੱਲ ਸੁਣ ਕੇ ਬਾਬਾ ਨਗੀਨਾ ਸਿੰਘ ਜੀ ਸੋਚੀਂ ਪੈ ਗਏ ਕਿ ਹੁਣ ਕੀ ਕੀਤਾ ਜਾਵੇ? ਚੌਲ ਤਾਂ ਜਿਤਨੇ ਲਿਆਂਦੇ ਸਨ ਉਹ ਵਰਤ ਚੁੱਕੇ ਹਨ। ਅੰਦਰ ਤਾਂ ਜੌਂ ਪਏ ਹਨ ਉਹ ਕਿਸੇ ਕੰਮ ਨਹੀਂ ਆ ਸਕਦੇ ਹਨ।

ਹੁਣ ਇਸ ਸਮੇਂ ਮੇਰੀ ਲਾਜ ਕਿਵੇਂ ਰਹਿ ਸਕਦੀ ਹੈ। ਅਖ਼ੀਰ ਨੂੰ ਇਸ ਮਹਾਂ ਪੁਰਸ਼ ਨੇ ਚਿੰਤਾਤੁਰ ਮਨ ਨਾਲ ਬਾਬਾ ਕਰਮ ਸਿੰਘ ਜੀ ਦੇ ਪਾਸ ਬੇਨਤੀ ਕੀਤੀ, "ਮਹਾਰਾਜ! ਲੰਗਰ ਵਾਸਤੇ ਲਿਆਂਦੇ ਹੋਏ ਚੌਲ ਮੁੱਕ ਗਏ ਹਨ। ਅੰਦਰ ਤਾਂ ਜੌਂ ਪਏ ਹਨ। ਜੋ ਪਸ਼ੂਆਂ ਦੇ ਦਾਣੇ ਵਾਸਤੇ ਲਿਆਂਦੇ ਸਨ। ਹੁਣ ਆਪ ਅਸਾਡੀ ਲਾਜ ਰਖੋ।" ਦਇਆਵਾਨ ਤੇ ਕੋਮਲ ਹਿਰਦੇ ਵਾਲੇ ਬਾਬਾ ਕਰਮ ਸਿੰਘ ਸਾਹਿਬ ਜੀ ਨੇ ਫੁਰਮਾਇਆ, "ਸੰਤਹੁ! ਕੋਈ ਚਿੰਤਾਂ ਨਾ ਕਰੋ ਸਤਿਗੁਰੂ ਜੀ ਸਭਨਾਂ ਦੀ ਲਾਜ ਰੱਖਦੇ ਹਨ। ਤੁਸੀਂ ਸਾਡੀ ਚਾਦਰ ਲੈ ਜਾਓ ਅਤੇ ਜੌਆਂ ਦੀਆਂ ਬੋਰੀਆਂ ਤੇ ਪਾ ਦੇਵੋ। ਫਿਰ ਵਾਹਿਗੁਰੂ ਆਖ ਕੇ ਜਿਤਨੀ ਜ਼ਰੂਰਤ ਹੈ ਉਨ੍ਹਾਂ ਵਿੱਚੋਂ ਚੌਲ ਕੱਢ ਲਵੋ। ਪਰ ਉੱਪਰੋਂ ਚਾਦਰ ਉਤਾਰ ਕੇ ਨਹੀਂ ਵੇਖਣਾ।" ਸੰਤਾਂ ਦੇ ਬਚਨ ਸੁਣ ਕੇ ਨਗੀਨਾ ਸਿੰਘ ਜੀ ਬੜੇ ਪ੍ਰਸੰਨ ਹੋਏ ਅਤੇ ਇਸੇ ਤਰ੍ਹਾਂ ਹੀ ਕੀਤਾ ਬਾਬਾ ਜੀ ਦਾ ਪ੍ਰਤਾਪ ਜੌਆਂ ਦੀਆਂ ਬੋਰੀਆਂ ਦੇ ਚੌਲ ਬਣ ਗਏ। ਫਿਰ ਕੀ ਸੀ ਭਲੀ ਭਾਂਤ ਨਿਰ ਵਿਘਨਤਾ ਨਾਲ ਬੜਾ ਖੁੱਲ੍ਹਾ ਭੰਡਾਰਾ ਵਰਤਿਆ ਤੇ ਯੱਗ ਸੰਪੂਰਨ ਹੋਇਆ:

ਅਪੁਨੇ ਜਨ ਕਾ ਪਰਦਾ ਢਾਕੈ ॥ ਅਪਨੇ ਸੇਵਕ ਕੀ ਸਰਪਰ ਰਾਖੈ ॥

(ਪੰਨਾ ੨੯੫)

ਇਹ ਜ਼ਾਹਰਾ ਕਲਾ ਪ੍ਰਤੱਖ ਕਰਾਮਾਤ ਦੇਖ ਕੇ ਸਾਰੇ ਲੱਗੇ ਬਾਬਾ ਜੀ ਦੀ ਜੈ ਜੈਕਾਰ ਕਰਨ। ਫਿਰ ਜਦੋਂ ਬੋਰੀਆਂ ਤੋਂ ਚਾਦਰ ਉਤਾਰੀ ਤਾਂ ਸਾਰੇ ਜੌਂ ਹੀ ਵੇਖਣ ਵਿੱਚ ਆਏ। ਬਾਬਾ ਜੀ ਨੇ ਹਿੰਦੂ ਮੁਸਲਮਾਨ ਅਤੇ ਅਮੀਰ ਗ਼ਰੀਬ ਸਭ ਦੇ ਘਰ ਲੰਗਰ ਦਾ ਪ੍ਰਸ਼ਾਦਿ ਭਿਜਵਾਇਆ।

# ਨਿੰਦਕ ਪਠਾਣ

ਏਥੇ ਹੀ ਇੱਕ ਮੰਦਭਾਗੀ ਹੰਕਾਰੀ ਪਠਾਣ ਰਹਿੰਦਾ ਸੀ ਨਾ ਤਾਂ ਉਸ ਨੇ ਆਪ ਉੱਠ ਕੇ ਸੰਤਾਂ ਦਾ ਆਦਰ ਤੇ ਦਰਸ਼ਨ ਕੀਤਾ ਅਤੇ ਨਾ ਹੀ ਆਪਣੇ ਸਾਥੀਆਂ ਨੂੰ ਜਾਣ ਦਿੱਤਾ। ਬਲਕਿ ਸੰਤਾਂ ਦੀ ਨਿੰਦਿਆ ਕਰਨ ਲੱਗਾ। ਦਰਸ਼ਨ ਕਰਨ ਵਾਲੇ ਮੁਸਲਮਾਨਾਂ ਨੂੰ ਰੋਕਦਾ ਕਿ ਤੁਸੀਂ ਹਿੰਦੂ ਕਾਫ਼ਰ ਨੂੰ ਕਿਉਂ ਸਲਾਮ ਕਰਦੇ ਹੋ। ਸਤਿਗੁਰਾਂ ਦੀ ਪਾਵਨ ਗੁਰਬਾਣੀ ਫੁਰਮਾਉਂਦੀ ਹੈ:

ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥
ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥

(ਪੰਨਾ ੨੮੦)

ਉਸ ਸਮੇਂ ਪਠਾਣ ਦੀ ਜ਼ੁਬਾਨ ਬੰਦ ਹੋ ਗਈ ਅਤੇ ਸਰੀਰ ਵਿੱਚ ਜਲਨ ਪੈਦਾ ਹੋ ਗਈ। ਬੋਲ ਸਕਦਾ ਨਹੀਂ ਅੰਦਰੋਂ ਸੜਦਾ ਹੋਇਆ ਬੜਾ ਦੁਖੀ ਹੈ। ਇਸ਼ਾਰੇ ਨਾਲ ਆਪਣੇ ਸੰਬੰਧੀਆਂ ਨੂੰ ਕਹਿੰਦਾ ਹੈ ਕਿ ਮੈਨੂੰ ਉਸ ਪੀਰ ਦੇ ਪਾਸ ਲੈ ਚੱਲੋ। ਉਹ ਅੱਲ੍ਹਾ ਪਾਕ ਦਾ ਨੂਰ ਹੈ। ਮੇਰੀ ਭੁੱਲ ਮੁਆਫ਼ ਕਰਵਾਓ। ਸੰਬੰਧੀ ਉਸ ਨੂੰ ਬਾਬਾ ਜੀ ਦੇ ਪਾਸ ਲੈ ਆਏ ਅਤੇ ਹਜ਼ੂਰ ਦੇ ਚਰਨਾਂ ਤੇ ਪਾ ਕੇ ਸਾਰਿਆਂ ਨੇ ਅਰਜ਼ ਕੀਤੀ, "ਹੇ ਅੱਲਹਾ ਦੇ ਸਰੂਪ ਬਾਬਾ ਜੀ ਇਸ ਨੇ ਤੁਹਾਡੀ ਨਿੰਦਿਆ ਕੀਤੀ ਹੈ ਅਤੇ ਹੋਰਨਾਂ ਨੂੰ ਵੀ ਆਪ ਜੀ ਦੇ ਪਾਸ ਆਉਣੋ ਰੋਕਿਆ ਹੈ। ਜਿਸ ਕਰਕੇ ਇਸ ਦੀ ਜ਼ੁਬਾਨ ਬੰਦ ਹੋ ਗਈ ਹੈ। ਸਰੀਰ ਵੀ ਸੜਦਾ ਹੈ, ਬੜਾ ਦੁਖੀ ਹੋ ਰਿਹਾ ਹੈ, ਇਹ ਮਹਾਨ ਗੁਨਾਹਗਾਰ ਹੈ। ਸਾਡੀ ਸਾਰਿਆਂ ਦੀ ਅਰਜ਼ ਮੰਨੋ, ਇਹ ਆਪ ਜੀ ਦੇ ਚਰਨਾਂ ਤੇ ਡਿੱਗਾ ਹੋਇਆ ਤੜਫ ਰਿਹਾ ਹੈ। ਹੁਣ ਇਸ ਤੇ ਕ੍ਰਿਪਾ ਕਰੋ।" ਹਜ਼ੂਰ ਦਾ ਹੁਕਮ ਹੈ:

ਨਾਨਕ ਸੰਤਸੰਗਿ ਨਿੰਦਕੁ ਭੀ ਤਰੈ ॥

(ਪੰਨਾ ੨੭੮)

ਆਪ ਜੀ ਦਾ ਇਹ ਸੁਤੇ ਹੀ ਬਿਰਦ ਸੀ ਕਿ ਜੋ ਕੋਈ ਵੀ ਕਿਸੇ ਸਮੇਂ ਅਤੇ ਕਿਸੇ ਵੀ ਭਾਵਨਾ ਨੂੰ ਲੈ ਕੇ ਆਇਆ ਪਰ ਇੱਕ ਵਾਰੀਂ ਚਰਨਾਂ ਵਿੱਚ ਪੁੱਜ ਗਿਆ ਤਾਂ ਫਿਰ ਉਹ ਕਦੀ ਨਿਰਾਸ਼ ਹੋਕੇ ਖ਼ਾਲੀ ਨਹੀਂ ਸੀ ਮੁੜਿਆ। ਸੰਤਾਂ ਨੇ ਆਪਣੇ ਦਿਆਲੂ ਸੁਭਾਉ ਅਨੁਸਾਰ ਇਸ ਵੱਲ ਵੀ ਮੇਹਰ ਦੀ ਨਿਗਾਹ ਨਾਲ ਤਕਿਆ। ਉਸ ਸਮੇਂ ਰੋਗ ਨਵਿਰਤ ਹੋ ਗਿਆ ਤੇ ਉਹ ਰਾਜ਼ੀ ਹੋ ਕੇ ਉੱਠ ਬੈਠਾ। ਚਰਨ ਧੂੜ ਮਸਤਕ ਨੂੰ ਲਾਈ। ਬਾਬਾ ਜੀ ਦੀ ਉਸਤਤੀ ਕੀਤੀ, ਭੁੱਲ ਬਖ਼ਸ਼ਾਈ ਅਤੇ ਅੱਗੇ ਵਾਸਤੇ ਪੂਰਨ ਸ਼ਰਧਾਲੂ ਬਣ ਗਿਆ। ਇਹ ਪ੍ਰਤੱਖ ਨਜ਼ਾਰਾ ਦੇਖ ਕੇ ਸਮਾਗਮ ਵਿੱਚ ਹਾਜ਼ਰ ਸਾਰੇ ਹੀ ਹਿੰਦੂ ਅਤੇ ਮੁਸਲਮਾਨ ਪ੍ਰੇਮੀ ਬਾਬਾ ਜੀ ਦੀ ਜੈ ਜੈਕਾਰ ਕਰਨ ਲੱਗੇ।

ਫਿਰ ਸੰਤ ਨਗੀਨਾ ਸਿੰਘ ਜੀ ਨੇ ਆਪ ਜੀ ਦੇ ਮਨ ਦਾ ਸੰਕਲਪ ਵਾਪਿਸ ਮੁੜਣ ਦਾ ਜਾਣ ਕਰਕੇ ਆਪ ਜੀ ਨੂੰ ਸਿਰੋਪਾਓ, ਗੁਰੂ ਕੇ ਲੰਗਰ ਵਾਸਤੇ ਨਕਦੀ ਅਤੇ ਹੋਰ ਸਾਧੂਆਂ ਨੂੰ ਬਸਤਰ ਤੇ ਪ੍ਰਸ਼ਾਦਿ ਭੇਟਾ ਕਰਕੇ ਬੜੀ ਨਿੰਮ੍ਰਤਾ ਸਹਿਤ ਸੇਵਾ ਵਿੱਚ ਹੋਈਆਂ ਭੁੱਲਾਂ ਦੀ ਖ਼ਿਮਾਂ ਮੰਗੀ। ਆਪ ਜੀ ਇਸ ਗੁਰੂ ਅੰਸ਼ ਮਹਾਂਪੁਰਸ਼ ਦਾ ਅਥਾਹ ਪਿਆਰ ਤੇ ਸ਼ਰਧਾ ਤੱਕ ਕੇ ਅਸੀਸਾਂ ਤੇ ਵਰ ਦੇ ਕੇ ਨਾਲ ਦੀ ਸੰਗਤ ਅਤੇ ਡੇਰੇ ਦੇ ਸਾਧੂਆਂ ਸਮੇਤ ਹੋਤੀ ਆ ਗਏ:

ਰੰਗ ਮੇ ਰੰਗੀਨ ਰਾਗ ਰੂਪ ਮੇ ਪ੍ਰਵੀਨ
ਔਰ ਕਾਹੂ ਪੈ ਨ ਦੀਨ ਸਾਧ ਅਧੀਨ ਕਹਿਅਤ ਹੈ ॥

(ਅਕਾਲ ਉਸਤਤ ਪਾਤਸ਼ਾਹੀ ੧੦)

ਤਥਾ:

ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥

(ਪੰਨਾ ੪੮੬)

# ਅਨੰਦਪੁਰ ਸਾਹਿਬ ਦੇ ਸੋਢੀ ਟਿੱਕਾ ਜੀ ਨੂੰ ਪੁੱਤਰ ਦਾ ਵਰ

ਬਾਬਾ ਸਾਹਿਬ ਸਿੰਘ ਜੀ ਊਨੇ ਸਾਹਿਬ ਵਾਲਿਆਂ ਦੇ ਪੜਪੋਤਰੇ ਬਾਬਾ ਖੇਮ ਸਿੰਘ ਜੀ ਬੇਦੀ 'ਕੱਲਰ' ਵਾਲੇ ਹੋਏ ਹਨ। ਜਿਨ੍ਹਾਂ ਦੀ ਖ਼ਾਸ ਰਿਹਾਇਸ਼ 'ਰਾਵਲਪਿੰਡੀ' ਵਿੱਚ ਸੀ। ਬਾਬਾ ਸਾਹਿਬ ਸਿੰਘ ਜੀ ਦੇ ਵੱਡੇ ਪੁੱਤਰ ਬਾਬਾ ਬਿਸ਼ਨ ਸਿੰਘ ਜੀ ਆਪਣੇ ਪੂਜਯ ਪਿਤਾ ਦੇ ਤਪ ਅਸਥਾਨ 'ਕੱਲਰ' ਨਗਰ ਵਿਖੇ ਇਸ ਇਲਾਕੇ ਦੀ ਸੰਗਤ ਦੀ ਇੱਛਾ ਜਾਣਕੇ ਰਿਹਾਇਸ਼ ਰਖਦੇ ਸਨ। ਬਾਬਾ ਬਿਸ਼ਨ ਸਿੰਘ ਜੀ ਦੇ ਪੁੱਤਰ ਬਾਬਾ ਅਤਰ ਸਿੰਘ ਜੀ ਹੋਏ ਹਨ। ਬਾਬਾ ਅਤਰ ਸਿੰਘ ਜੀ ਦੇ ਘਰ ਬਾਬਾ ਖੇਮ ਸਿੰਘ ਜੀ ਦਾ ਜਨਮ ਹੋਇਆ ਜੋ ਬੜੇ ਤੇਜ਼ ਪ੍ਰਤਾਪੀ, ਕਰਾਮਾਤ ਦੇ ਪੁੰਜ, ਤੇ ਰਾਜ ਜੋਗੀ ਸਨ। ਇਨ੍ਹਾਂ ਨੂੰ ਬਾਬਾ ਵੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨੇ ਹੋਰ ਨਿੱਤਨੇਮ ਤੋਂ ਇਲਾਵਾ ੨੫ ਸ੍ਰੀ ਜਪੁਜੀ ਸਾਹਿਬ ਦੇ ਪਾਠ ਕਰਨ ਦਾ ਨਿਯਮ ਕਰਵਾਕੇ ਅੰਮ੍ਰਿਤ ਛਕਾਇਆ ਤੇ ਨਾਮ ਦਾਨ ਦਾ ਉਪਦੇਸ਼ ਬਖ਼ਸ਼ਿਆ।

ਇਹ ਬੇਦੀ ਸਾਹਿਬ ਰੋਜ਼ ਸਵੇਰੇ ਸਵਾ ਪਹਿਰ ਦੇ ਅੰਮ੍ਰਿਤ ਵੇਲੇ ਜਾਗਦੇ, ਸੌਚ ਆਦਿ ਕਿਰਿਆ ਤੇ ਦਾਤਨ ਕੁਰਲਾ ਤੇ ਇਸ਼ਨਾਨ ਕਰਕੇ ਆਸਣ ਤੇ ਬੈਠ ਕੇ ਪਹਿਲਾਂ ੨੫ ਸ੍ਰੀ ਜਪੁਜੀ ਸਾਹਿਬ ਦੇ ਪਾਠ ਕਰਦੇ ਫਿਰ ਹੋਰ ਨਿੱਤਨੇਮ ਦੀ ਬਾਣੀ ਦਾ ਪਾਠ ਕਰਨ ਉਪਰੰਤ ਦੀਵਾਨ ਵਿੱਚ ਜਾਂਦੇ। ਇਨ੍ਹਾਂ ਦੀ ਬੜੀ ਸਿੱਖੀ ਸੇਵਕੀ ਸੀ। ਸਰਕਾਰੇ ਦਰਬਾਰੇ ਵੀ ਮੰਨੇ ਪ੍ਰਮੰਨੇ ਸਨ। ਇੱਕ ਵਾਰ ਦੀ ਗੱਲ ਹੈ ਬਾਬਾ ਖੇਮ ਸਿੰਘ ਜੀ ਘੋੜੇ ਤੇ ਅਸਵਾਰ ਹੋ ਕੇ ਕਿਤੇ ਬਾਹਰ ਨੂੰ ਜਾ ਰਹੇ ਸਨ। ਓਧਰੋਂ ਘੋੜੀ ਤੇ ਅਸਵਾਰ ਹੋਇਆ ਇੱਕ ਅੰਗਰੇਜ਼ ਆ ਰਿਹਾ ਸੀ। ਦੋਹਾਂ ਦਾ ਬਜ਼ਾਰ ਵਿੱਚ ਮਿਲਾਪ ਹੋ ਗਿਆ। ਉਸ ਅੰਗਰੇਜ਼ ਨੇ ਆਪਣੀ ਘੋੜੀ ਰੋਕੀ ਤੇ ਹੇਠਾਂ ਉੱਤਰ ਕੇ ਟੋਪ ਲਾਹ ਕੇ ਸਲਾਮ ਕੀਤੀ ਅਤੇ ਹੱਥ ਜੋੜ ਕੇ ਪਛਿਆ, "ਹੇ ਗੁਰੂ ਨਾਨਕ ਪੀਰ ਦੀ ਸੰਤਾਨ! ਇਸ ਘੋੜੀ ਦੇ ਬੱਚਾ ਹੋਣ ਵਾਲਾ ਹੈ। ਆਪ ਦੱਸੋ ਵਛੇਰਾ ਹੋਵੇਗਾ ਜਾਂ ਵਛੇਰੀ?" ਭਾਵੇਂ ਇਨ੍ਹਾਂ ਦੀ ਸ਼ਕਤੀ ਨੂੰ ਅੰਗਰੇਜ਼ ਵੀ ਚੰਗੀ ਤਰ੍ਹਾਂ ਜਾਣਦੇ ਸਨ। ਪਰ ਫੇਰ ਵੀ ਇਹ ਆਫੀਸਰ ਪਰਖਣਾ ਚਾਹੁੰਦਾ ਸੀ ਕਿ ਇਨ੍ਹਾਂ ਵਿੱਚ ਕਿਤਨੀ ਕੁ ਕਰਾਮਾਤ ਹੈ। ਬਾਬਾ ਜੀ ਨੇ ਸੋਚਿਆ ਇਹ ਹੰਕਾਰੀ ਹਿਰਦੇ ਵਾਲਾ ਸਾਡਾ ਤੇਜ਼ ਪ੍ਰਤਾਪ ਸਹਾਰ ਨਹੀਂ ਸਕਦਾ। ਜਿਸ ਕਰਕੇ ਤਰਕਾ ਕਰਦਾ ਹੈ। ਹੁਣ ਜੇ ਨਹੀਂ ਦੱਸਦੇ ਤਾਂ ਗੁਰੂ ਘਰ ਨੂੰ ਲਾਜ ਲੱਗੇਗੀ। ਇਉਂ ਵਿਚਾਰ ਕੇ ਬੇ-ਪਰਵਾਹੀ ਨਾਲ ਉੱਤਰ ਦਿੱਤਾ, "ਬਿੱਲਿਆ! ਇਸਦੇ ਪੇਟੋਂ ਪੰਜ ਕਲਿਆਣਾ ਵਛੇਰਾ ਪੈਦਾ ਹੋਵੇਗਾ।" ਅੰਗਰੇਜ਼ ਨੂੰ ਆਪਣੀ ਹਕੂਮਤ ਦਾ ਮਾਣ ਸੀ। ਇਹ ਗੱਲ ਸਹਾਰ ਨਾ ਸਕਿਆ। ਉਸ ਸਮੇਂ ਨਿਸਚਾ ਕਰਨ ਲਈ ਕਿ ਇਨ੍ਹਾਂ ਨੇ ਠੀਕ ਕਿਹਾ ਹੈ ਜਾਂ ਮੇਰੀ ਤੌਹੀਨ ਕੀਤੀ ਹੈ। ਉਸ ਸਮੇਂ ਹਸਪਤਾਲ ਜਾ ਕੇ ਘੋੜੀ ਦਾ ਪੇਟ ਚੈੱਕ ਕਰਵਾਇਆ, ਉਸ ਸਮੇਂ ਸੱਚ ਮੁਚ ਹੀ ਪੰਜ ਕਲਿਆਣਾ ਬੱਚਾ ਪੈਦਾ ਹੋਇਆ ਪਰ ਉਹ ਵਛੇਰਾ ਬਚ ਨਾ ਸਕਿਆ। ਥੋੜ੍ਹੀ ਦੇਰ ਬਾਅਦ ਹੀ ਤੜਫ ਕੇ ਮਰ ਗਿਆ।

ਇਸੇ ਤਰ੍ਹਾਂ ਫੇਰ ਇੱਕ ਦਿਨ ਉਹ ਅੰਗਰੇਜ਼ ਬਾਬਾ ਜੀ ਨੂੰ ਬਜ਼ਾਰ ਵਿੱਚ ਮਿਲਿਆ ਤੇ ਪੁੱਛਣ ਲੱਗਾ ਕਿ ਜੇ ਕਰ ਗੌਰਮਿੰਟ ਨੂੰ ਲੋੜ ਪੈ ਜਾਵੇ ਤਾਂ ਤੁਸੀਂ ਕਿਤਨੇ ਕੁ ਸਿੰਘਾਂ ਦੀ ਮਦਦ ਦੇ ਸਕਦੇ ਹੋ? ਬੇਦੀ ਸਾਹਿਬ ਨੇ ਆਖਿਆ, "ਅਸੀਂ ਸਰਕਾਰ ਨੂੰ ਇੱਕ ਲੱਖ ਸਿੰਘਾਂ ਦੀ ਮਦਦ ਦੇ ਸਕਦੇ ਹਾਂ।" ਇਹ ਜਾਣ ਕੇ ਇਸ ਅੰਗਰੇਜ਼ ਅਫਸਰ ਨੇ ਸਰਕਾਰ ਨੂੰ ਸ਼ੱਕ ਪਾ ਦਿੱਤਾ ਕਿ ਇਹ ਤਾਂ ਇਤਨੀ ਕਰਾਮਾਤ ਤੇ ਇਤਨੀ ਸਿੱਖੀ ਵਾਲੇ ਹਨ। ਕਿਤੇ ਸਾਡਾ ਰਾਜ ਹੀ ਨਾ ਖੋਹ ਲੈਣ।

ਉਸ ਦਿਨ ਤੋਂ ਬਾਅਦ ਅੰਗਰੇਜ਼ੀ ਹਕੂਮਤ ਬੇਦੀ ਜੀ ਨੂੰ ਨਿਗਾਹ ਵਿੱਚ ਰੱਖਣ ਲੱਗ ਪਈ। (ਕਿਉਂਕਿ ਪਹਿਲਾਂ ਇਨ੍ਹਾਂ ਦੇ ਬਜ਼ੁਰਗ ਬਾਬਾ ਬਿਕ੍ਰਮ ਸਿੰਘ ਜੀ ਨੇ ਅੰਗਰੇਜ਼ਾਂ ਦੇ ਖ਼ਿਲਾਫ ਬਗ਼ਾਵਤ ਕਰ ਦਿੱਤੀ ਸੀ) ਇਨ੍ਹਾਂ ਦੀ ਹਿਫ਼ਾਜ਼ਤ ਦੇ ਬਹਾਨੇ ਸਦਾ ਹੀ ਫੌਜੀ ਪਹਿਰਾ ਲੱਗਾ ਰਹਿੰਦਾ ਇਨ੍ਹਾਂ ਦੀ ਲੜਕੀ ਬੀਬੀ ਚੰਦ ਕੌਰ ਅਨੰਦਪੁਰ ਸਾਹਿਬ ਵੱਡੇ ਸੋਢੀ ਸਾਹਿਬ ਟਿੱਕਾ ਰਾਮ ਨਰਾਇਣ ਸਿੰਘ ਨੂੰ ਵਿਆਹੀ ਹੋਈ ਸੀ। ਇੱਕ ਵਾਰ ਅਨੰਦਪੁਰ ਦੇ ਸੋਢੀ ਸਾਹਿਬ ਤੇ ਬਾਬਾ ਖੇਮ ਸਿੰਘ ਦੀ[੯] ਸਪੁੱਤਰੀ ਬੀਬੀ ਚੰਦ ਕੌਰ ਦੋਵੇਂ ਹੀ ਸੰਤਾਂ ਦੇ ਚਰਨਾਂ ਵਿੱਚ ਹੋਤੀ ਹਾਜ਼ਰ ਹੋਏ। ਸੰਤਾਂ ਨੇ ਬੇਦੀ ਤੇ ਸੋਢੀ ਗੁਰੂ ਅੰਸ਼ ਜਾਣ ਕੇ ਇਨ੍ਹਾਂ ਦਾ ਬੜਾ ਆਦਰ ਕੀਤਾ। ਸੋਢੀ ਸਾਹਿਬ ਨੇ ਪ੍ਰਸ਼ਾਦਿ ਤੇ ਭੇਟਾ ਅੱਗੇ ਰੱਖ ਕੇ ਬਾਬਾ ਜੀ ਦੇ ਚਰਨ ਪਰਸੇ, ਗਲ ਵਿੱਚ ਫੁੱਲਾਂ ਦੇ ਹਾਰ ਪਾਏ ਤੇ ਦੋ ਦਿਨ ਰਹੇ। ਦੋਵੇਂ ਸਮੇਂ ਹਜ਼ੂਰ ਦੇ ਦਰਸ਼ਨ ਦੀਦਾਰ ਕਰਦੇ, ਬਚਨ ਸੁਣਦੇ ਮਨ ਸ਼ਾਂਤ

[੯] ਬਾਬਾ ਖੇਮ ਸਿੰਘ ਜੀ ਦੀ ਦੂਜੀ ਛੋਟੀ ਬੀਬੀ ਅਨੂਪ ਕੌਰ ਵੀ ਅਨੰਦਪੁਰ ਸਾਹਿਬ ਸੋਢੀ ਗੁਰਦਾਸ ਸਿੰਘ ਜੀ ਨੂੰ ਵਿਆਹੀ ਹੋਈ ਸੀ, ਜਿਨ੍ਹਾਂ ਦਾ ਇੱਕ ਲੜਕਾ ਸੋਢੀ ਕੁਲਦੀਪ ਸਿੰਘ ਜੀ ਤੇ ਇੱਕ ਬੀਬੀ ਬਿਰਜ ਬਲਭ ਕੌਰ ਸੀ।

ਹੁੰਦਾ। ਵਾਪਸ ਆਉਣ ਲਗਿਆਂ ਗਲ ਵਿੱਚ ਪੱਲਾ ਪਾ ਕੇ ਅਰਜ਼ ਕੀਤੀ, "ਮਹਾਰਾਜ! ਕਿਰਪਾ ਕਰਕੇ ਵੇਲ ਹਰੀ ਕਰੋ, ਪੁੱਤਰ ਦੀ ਦਾਤ ਬਖ਼ਸ਼ੋ। ਸੰਤਾਂ ਦੇ ਚਰਨਾਂ 'ਚੋਂ ਕੋਈ ਖ਼ਾਲੀ ਨਹੀਂ ਮੁੜਿਆ।"

ਗੁਰੂ ਅੰਸ਼ ਦੇ ਇਸ ਤਰ੍ਹਾਂ ਸ਼ਰਧਾ ਭਰੇ ਬਚਨ ਸੁਣ ਕੇ ਹਜ਼ੂਰ ਨੇ ਮੁਸਕਰਾ ਕੇ ਬਚਨ ਕੀਤਾ, "ਸੋਢੀ ਸਾਹਿਬ! ਕੋਈ ਚਿੰਤਾ ਨਾ ਕਰੋ ਗੁਰੂ ਨਾਨਕ ਸਾਹਿਬ ਤੁਹਾਡੇ ਘਰ ਦੋ ਭੁਝੰਗੀ ਬਖ਼ਸ਼ਣਗੇ।" ਇਹ ਆਖ ਕੇ ਸੰਤਾਂ ਨੇ ਸੇਵਾਦਾਰ ਤੋਂ ਸਿਰੋਪਾਓ ਮੰਗਵਾਇਆ। ਕੁਝ ਕੁ ਬਦਾਮਾਂ ਤੇ ਮਿਸ਼ਰੀ ਦੇ ਪ੍ਰਸ਼ਾਦਿ ਸਮੇਤ ਸੋਢੀ ਸਾਹਿਬ ਨੂੰ ਬਖ਼ਸ਼ਿਆ। ਫਿਰ ਇਹ ਪ੍ਰਸੰਨ ਚਿੱਤ ਬਾਬਾ ਜੀ ਦੀ ਆਗਿਆ ਪਾ ਕੇ ਪਾਵਨ ਚਰਨਾਂ ਤੇ ਨਮਸਕਾਰ ਕਰਕੇ ਵਿਦਾ ਹੋਏ ਅਤੇ ਕਲਗੀਆਂ ਵਾਲੇ ਪਾਤਸ਼ਾਹ ਦੀ ਸੋਹਣੀ ਅਨੰਦਪੁਰੀ ਵਿਖੇ ਪੁੱਜੇ। ਸਾਲ ਤੋਂ ਬਾਅਦ ਇਨ੍ਹਾਂ ਦੇ ਘਰ ਭੁਝੰਗੀ ਦਾ ਜਨਮ ਹੋਇਆ। ਬੜੀਆਂ ਖ਼ੁਸ਼ੀਆਂ ਮਨਾਈਆਂ ਗਈਆਂ। ਦਾਨ ਪੁੰਨ ਕਰਕੇ ਗ਼ਰੀਬਾਂ ਦੀਆਂ ਅਸੀਸਾਂ ਲਈਆਂ। ਜਦੋਂ ਕਾਕਾ ਛੇ ਮਹੀਨਿਆਂ ਦਾ ਹੋ ਗਿਆ ਤਾਂ ਉਸ ਨੂੰ ਨਾਲ ਲੈ ਕੇ ਨਾਮ ਸੰਸਕਾਰ ਲਈ ਹੋਤੀ ਡੇਰੇ ਦਰਸ਼ਨ ਕਰਨ ਆਏ। ਬਾਬਾ ਜੀ ਨੂੰ ਨਮਸਕਾਰ ਕਰ ਭੇਟਾ ਅਰਪ ਕੇ ਅਰਜ਼ ਕੀਤੀ, "ਮਹਾਰਾਜ! ਇਹ ਤੁਹਾਡੀ ਦਾਤ ਹੈ, ਆਪ ਹੀ ਇਸਦਾ ਨਾਮ ਰੱਖੋ।" ਸੰਤਾਂ ਨੇ ਪ੍ਰਸੰਨ ਹੋ ਕੇ ਹੁਕਮ ਕੀਤਾ, "ਜਦੋਂ ਦੂਜਾ ਬੱਚਾ ਆਵੇਗਾ ਤਾਂ ਦੋਵਾਂ ਦੇ ਇਕੱਠੇ ਹੀ ਨਾਮ ਰੱਖਾਂਗੇ।" ਬਾਬਾ ਜੀ ਤੋਂ ਇਹ ਬਚਨ ਸੁਣ ਕੇ ਇਨ੍ਹਾਂ ਨੂੰ ਬੜਾ ਚਾਅ ਚੜ੍ਹ ਗਿਆ। ਹਜ਼ੂਰ ਦੇ ਚਰਨ ਪਰਸੇ ਫਿਰ ਆਗਿਆ ਪਾ ਕੇ ਅਨੰਦ ਪੁਰ ਸਾਹਿਬ ਆ ਗਏ। ਫਿਰ ਤੀਸਰੇ ਸਾਲ ਦੂਜੇ ਬੱਚੇ ਦਾ ਜਨਮ ਹੋਇਆ।

ਉਸ ਸਮੇਂ ਬਾਬਾ ਕਰਮ ਸਿੰਘ ਜੀ ਤਾਂ ਸੱਚਖੰਡ ਚਲੇ ਗਏ ਸਨ। ਦੂਜੇ ਸਾਹਿਬਾਂ ਬਾਬਾ ਆਇਆ ਸਿੰਘ ਜੀ ਪਾਸ ਇਨ੍ਹਾਂ ਨੇ ਅਰਜ਼ ਕੀਤੀ, "ਮਹਾਰਾਜ! ਸਾਡੇ ਘਰ ਚਰਨ ਪਾਓ।" ਜਦੋਂ ਬਾਬਾ ਆਇਆ ਸਿੰਘ ਜੀ ੧੯੬੯ ਬਿਕ੍ਰਮੀ ਦੀ ਅਰਧ ਕੁੰਭੀ ਤੇ ਹਰਿਦੁਆਰ ਆਏ, ਵਾਪਸ ਆਉਂਦੇ ਹੋਏ ਰੇਰੂ ਸਾਹਿਬ ਠਹਿਰੇ ਉਸ ਸਮੇਂ ਸਤਿਗੁਰਾਂ ਨੇ ਪਾਵਨ ਦਰਬਾਰ ਸ੍ਰੀ ਅਨੰਦ ਪੁਰ ਸਾਹਿਬ ਦੀ ਯਾਤਰਾ ਕੀਤੀ ਅਤੇ ਸੋਢੀ ਸਾਹਿਬ ਦੇ ਘਰ ਗਏ ਸੋਢੀ ਸਾਹਿਬ ਨੇ 'ਜੋਤਿ ਓਹਾ ਜੁਗਤਿ ਸਾਇ' ਬਾਬਾ ਕਰਮ ਸਿੰਘ ਜੀ ਦਾ ਹੀ ਰੂਪ ਜਾਣਕੇ ਸੇਵਾ ਤੇ ਆਦਰ ਕੀਤਾ। ਬੱਚਿਆਂ ਦੇ ਨਾਮ ਰਖਵਾਏ। ਵੱਡੇ ਦਾ ਨਾਮ ਟਿੱਕਾ ਜਗਤਾਰ ਸਿੰਘ ਰੱਖਿਆ ਜੋ ਵੱਡੀ ਸਰਕਾਰ ਕਰਕੇ ਮਸ਼ਹੂਰ ਹਨ। ਦੂਜੇ ਦਾ ਨਾਮ ਸੋਢੀ ਕਰਤਾਰ ਸਿੰਘ ਰੱਖਿਆ। ਚੋਲੇ ਸਵਾਏ, ਅਖੰਡ ਪਾਠ ਦਾ ਭੋਗ ਪਵਾਇਆ ਗਿਆ। ਹਜ਼ੂਰ ਦੇ ਕਥਨ ਅਨੁਸਾਰ:

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥

(ਪੰਨਾ ੬੮੧)

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

# ਸੰਤ ਆਤਮਾ ਸਿੰਘ ਜੀ ਹਜ਼ਰੋ

ਹਜ਼ਰੋ ਨਗਰ ਦੇ ਰਹਿਣ ਵਾਲੇ ਸੰਤ ਆਤਮਾ ਸਿੰਘ ਜੀ ਬੜੇ ਅਭਿਆਸੀ ਪਰਉਪਕਾਰੀ ਨਾਮ ਜਪਣ ਤੇ ਜਪਾਉਣ ਵਾਲੇ ਮਹਾਂ ਪੁਰਸ਼ ਸਨ। ਰਿਹਾਇਸ਼ ਭਾਵੇਂ ਇਹ ਇਲਾਕਾ ਛੱਡ ਆਪਣੇ ਡੇਰੇ ਹਜ਼ਰੋ ਵਿਖੇ ਹੀ ਰਖਦੇ ਸਨ। ਪਰ ਇਨ੍ਹਾਂ ਦੀ ਸਿੱਖੀ ਸੇਵਕੀ ਬੜੀ ਦੂਰ ਤੱਕ ਬਣੀ ਹੋਈ ਸੀ। ਮਰਦਾਨ ਦੇ ਇਲਾਕੇ ਵਿੱਚ ਵੀ ਗੁਰਮਤਿ ਪ੍ਰਚਾਰ ਕਰਿਆ ਕਰਦੇ ਸਨ। ਜਿਸ ਕਰਕੇ ਕਈ ਵਾਰ ਆਪਣੀ ਸੰਗਤ ਸਮੇਤ ਬਾਬਾ ਜੀ ਦੇ ਦਰਸ਼ਨਾਂ ਲਈ ਹੋਤੀ ਡੇਰੇ ਵੀ ਆਏ। ਹਜ਼ੂਰ ਦੇ ਸਰੂਪ ਤੇ ਇਨ੍ਹਾਂ ਦੀ ਬਹੁਤ ਸ਼ਰਧਾ ਸੀ। ਇੱਕ ਵਾਰ ਇਹ ਹੋਤੀ ਦੀ ਪਾਵਨ ਧਰਤੀ ਤੇ ਬਾਬਾ ਜੀ ਦੇ ਦਰਸ਼ਨਾਂ ਨੂੰ ਆਏ ਨਾਲ ਕਾਫ਼ੀ ਸੰਗਤ ਸੀ। ਦੀਵਾਨ ਦੇ ਸਮੇਂ ਹਜ਼ੂਰੀ ਵਿੱਚ ਪੁੱਜੇ, ਪਾਵਨ ਚਰਨਾਂ ਤੇ ਭਾਵਨਾ ਨਾਲ ਮੱਥਾ ਟੇਕਿਆ, ਭੇਟਾ ਅਰਪੀ, ਫੁੱਲਾਂ ਦੇ ਸੇਹਰੇ ਪਾਏ। ਸੰਤਾਂ ਨੇ ਇਨ੍ਹਾਂ ਦਾ ਬੜਾ ਆਦਰ ਕੀਤਾ ਕਿਉਂਕਿ ਏਥੇ ਪਿਆਰ ਤੋਂ ਬਿਨਾਂ ਹੋਰ ਦੂਜੀ ਚੀਜ਼ ਤਾਂ ਹੈ ਹੀ ਨਹੀਂ ਸੀ। ਜਾਤੀ ਦੇ ਵਿਤਕਰੇ ਬਗ਼ੈਰ ਅਮੀਰ ਗ਼ਰੀਬ ਦਾ ਖ਼ਿਆਲ ਛੱਡ ਕੇ ਕੇਵਲ ਖਾਲਕ ਦੀ ਖ਼ਲਕਤ ਨੂੰ ਉਸ ਦਾ ਰੂਪ ਜਾਣ ਕੇ ਸਤਿਕਾਰਨਾ, ਜਿਵੇਂ ਲਾਲ ਦੇ ਜੌਹਰ ਲਾਲ ਤੋਂ ਭਿੰਨ ਨਹੀਂ ਹੁੰਦੇ। ਸੂਰਜ ਦੀਆਂ ਕਿਰਨਾ ਸੂਰਜ ਰੂਪ ਹਨ। ਇਹ ਜਾਣਕੇ ਹਰ ਇੱਕ ਨੂੰ ਹੀ ਸਨਮਾਨਦੇ ਪਰ ਦੁਖੀ ਮਜ਼ਲੂਮਾਂ ਤੇ ਜਲਦੀ ਕ੍ਰਿਪਾ ਹੁੰਦੀ। ਦੁਨਿਆਵੀ ਮੰਗਤੇ ਨਾਲੋਂ ਪ੍ਰਮਾਰਥੀ ਪਾਂਧੀ ਦਾ ਵਧੇਰੇ ਆਦਰ ਕੀਤਾ ਜਾਂਦਾ। ਜਿਵੇਂ ਹਜ਼ੂਰ ਦਾ ਹੁਕਮ ਹੈ ਕਿ ਪ੍ਰਮੇਸ਼ਰ ਵੀ ਆਪਣੇ ਭਗਤਾਂ ਦਾ ਵੱਖਰਾ ਪੱਖ ਪਾਲਦਾ ਹੈ।

ਸਗਲ ਸ੍ਰਿਸਟਿ ਕੋ ਧਣੀ ਕਹੀਜੈ ਜਨ ਕੋ ਅੰਗੁ ਨਿਰਾਰੋ ॥

(ਪੰਨਾ ੭੯੩)

ਕੁੱਝ ਕੁ ਸਮਾਂ ਪਾਸ ਬੈਠ ਕੇ ਇਸ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਸੰਗਤਾਂ ਦਾ ਹਜ਼ਰੋ ਨਗਰ ਵਿਖੇ ਸੰਤ ਸਮਾਗਮ ਤੇ ਯੱਗ ਭੰਡਾਰਾ ਕਰਨ ਦਾ ਇਰਾਦਾ ਹੈ। ਆਪ ਜੀ ਦੀ ਅਸੀਸ ਤੇ ਆਗਿਆ ਚਹੁੰਦੇ ਹਾਂ। ਅਤੇ ਇਹ ਸਾਰਿਆਂ ਦੀ ਪੂਰਨ ਭਾਵਨਾ ਤੇ ਤੀਬਰ ਇੱਛਾ ਹੈ ਕਿ ਆਪ ਜੀ ਵੀ ਉਸ ਸਮੇਂ ਆਪਣੀ ਸੰਤ ਮੰਡਲੀ ਸਮੇਤ ਦਰਸ਼ਨ ਬਖ਼ਸ਼ੋ ਤਾਂਬਕਿ ਇਹ ਮਹਾਨ ਕਾਰਜ ਨਿਰਵਿਘਨ ਸਮਾਪਤ ਹੋ ਸਕੇ।" ਭੂਤ ਭਵਿੱਖਤ ਦੇ ਜਾਣੂ ਅੰਤਰਯਾਮੀ ਦਾਤੇ ਨੇ ਬਚਨ ਕੀਤਾ ਕਿ ਜੇਕਰ ਗੁਰੂ ਕੀਆਂ ਸੰਗਤਾਂ ਦਾ ਆਦਰ ਸਤਿਕਾਰ ਕਰੀਏ ਤਾਂ ਇਨ੍ਹਾਂ ਕੰਮਾਂ ਵਿੱਚ ਵਾਹਿਗੁਰੂ ਆਪ ਆ ਕੇ ਖਲੋਂਦਾ ਹੈ ਕਿਉਂਕਿ ਉਸ ਦਾ ਵਾਸਾ ਹੀ ਗੁਰੂ ਪਿਆਰਿਆ ਦੀ ਹਿਰਦੇ ਸੇਜਾ ਤੇ ਹੈ:

ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥

(ਪੰਨਾ ੯੪)

ਤਥਾ: ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥

(ਪੰਨਾ ੭੮੩)

ਪਰ ਜਿਸ ਜਗ੍ਹਾ ਕਿਸੇ ਸਮਾਗਮ ਵਿੱਚੋਂ ਕੋਈ ਨਾਮ ਰਸੀਆ ਸਿੱਖ ਭੁੱਖਾ ਚਲਿਆ ਜਾਵੇ ਤਾਂ ਲਹੌਰ ਵਾਸੀ ਭਾਈ ਬੁੱਧੂ ਦੇ ਪੰਜਾਵੇ ਸਮਾਨ ਉਸ ਵਿੱਚ ਵਿਘਨ ਪੈ ਜਾਂਦਾ ਹੈ। ਫਿਰ ਉਸ ਗ਼ੁਨਾਹਗਾਰ ਨੂੰ ਸਿੱਖ ਦਾ ਨਿਰਾਦਰ ਹੋਇਆ ਜਾਣਕੇ ਸਤਿਗੁਰੂ ਜੀ ਵੀ ਨਹੀਂ ਬਖ਼ਸ਼ਦੇ। ਤੁਹਾਡਾ ਇਹ ਬੜਾ ਸ਼ਲਾਘਾ ਯੋਗ ਉਦਮ ਹੈ। ਸ਼ੁਭ ਸੰਕਲਪ ਕੀਤਾ ਹੈ ਜਾ ਕੇ ਅਰੰਭ ਕਰੋ ਅਸੀਂ ਸਮੇਂ ਸਿਰ ਪੁੱਜ ਜਾਵਾਂਗੇ।

ਬਾਬਾ ਜੀ ਦੀ ਆਗਿਆ ਪਾ ਕੇ ਗੁਰੂ ਘਰੋਂ ਪ੍ਰਸ਼ਾਦਿ ਤੇ ਸਿਰੋਪਾਓ ਲੈ ਕੇ ਸੰਤਾਂ ਨੂੰ ਮੱਥਾ ਟੇਕ ਕੇ ਸੰਤ ਆਤਮਾ ਸਿੰਘ ਜੀ ਹਜ਼ਰੋ ਨਗਰ ਆ ਗਏ ਅਤੇ ਯੱਗ ਸਮਾਗਮ ਦਾ ਕੰਮ ਅਰੰਭ ਕਰ ਦਿੱਤਾ। ਏਧਰੋਂ ਸਮੇਂ ਸਿਰ ਡੇਰੇ ਦੇ ਸਾਧੂਆਂ ਨੂੰ ਨਾਲ ਲੈ ਕੇ ਬਾਬਾ ਕਰਮ ਸਿੰਘ ਜੀ ਮਹਾਰਾਜ ਵੀ ਪੁੱਜ ਗਏ। ਇਲਾਕੇ ਦੀਆਂ ਸੰਗਤਾਂ ਤੇ ਸੰਤ ਆਤਮਾ ਸਿੰਘ ਜੀ ਨੇ ਬਾਬਾ ਜੀ ਦਾ ਬਹੁਤ ਸਵਾਗਤ ਕੀਤਾ। ਖੁੱਲ੍ਹੇ ਪੰਡਾਲ ਵਿੱਚ ਸਾਇਬਾਨ ਤਾਣ ਕੇ ਹੇਠਾਂ ਚੰਦੋਆ ਲਾ ਕੇ ਸੁਨਹਿਰੀ ਪਾਲਕੀ ਵਿੱਚ ਸਤਿਗੁਰਾਂ ਦਾ ਸਰੂਪ ਪ੍ਰਕਾਸ਼ ਕਰਕੇ ਸ੍ਰੀ ਅਖੰਡ ਪਾਠ ਪ੍ਰਾਰੰਭ ਕੀਤਾ ਹੋਇਆ ਸੀ। ਜਿਸ ਦਾ ਭੋਗ ਸੰਤਾਂ ਦੇ ਜਾਣ ਤੇ ਪਾਇਆ। ਫਿਰ ਆਰਤਾ ਆਰਤੀ ਕੀਤਾ ਬਾਅਦ ਵਿੱਚ ਦੀਵਾਨ ਸਜ ਗਿਆ। ਬਾਹਰੋਂ ਆਏ ਗੁਣੀ ਗਿਆਨੀ, ਰਾਗੀ ਤੇ ਪ੍ਰਚਾਰਕ ਸੰਗਤਾਂ ਨੂੰ ਗੁਰਬਾਣੀ ਦੁਆਰਾ ਨਿਹਾਲ ਕਰ ਰਹੇ ਸਨ। ਰਾਗੀਆਂ ਦੇ ਸਾਹਮਣੇ ਆਸਣ ਵਿਛਾਅ ਕੇ ਸੰਤਾਂ ਨੂੰ

ਬਿਠਾਅ ਦਿੱਤਾ ਗਿਆ। ਉੱਧਰੋਂ ਗੁਰੂ ਕਾ ਲੰਗਰ ਤਿਆਰ ਹੋ ਗਿਆ ਜਿਸ ਵਿੱਚ ਚੰਗੇ-ਚੰਗੇ ਪਦਾਰਥ ਬਣੇ ਹੋਏ ਸਨ। ਦਿਨ ਦੇ ਬਾਰਾਂ ਵੱਜ ਗਏ, ਬਾਬਾ ਜੀ ਨੇ ਕਿਹਾ, "ਸਮਾਂ ਕਾਫ਼ੀ ਹੋ ਗਿਆ ਹੈ। ਗੁਪਤ ਅਰਦਾਸ ਕਰਕੇ ਲੰਗਰ ਵਰਤਾਉਣਾ ਸ਼ੁਰੂ ਕਰੋ। ਦੀਵਾਨ ਭਾਵੇਂ ਸਜਿਆ ਰਹੇ ਕਿਉਂਕਿ ਬੀਬੀਆਂ ਦੇ ਨਾਲ ਆਏ ਨਿੱਕੇ ਨਿੱਕੇ ਬਾਲ ਸਵੇਰ ਦੇ ਭੁੱਖੇ ਹਨ। ਉਨ੍ਹਾਂ ਨੂੰ ਭੁੱਖ ਲੱਗੀ ਹੈ।" ਇਹ ਬਚਨ ਸੁਣ ਕੇ ਸੰਤ ਜੀ ਤੇ ਹਜ਼ਰੋ ਵਾਸੀ ਸੰਗਤ ਨੇ ਅਰਜ਼ ਕੀਤੀ, "ਮਹਾਰਾਜ! ਅੱਜ ਪੂਰਨਮਾਸੀ ਹੈ। ਇਸ ਇਲਾਕੇ ਦੇ ਬਹੁਤ ਸਾਰੇ ਮਾਈ ਭਾਈ ਪੁੰਨਿਆ ਦਾ ਵਰਤ ਰੱਖਦੇ ਹਨ। ਸਨਾਤਨ ਮਰਿਯਾਦਾ ਅਨੁਸਾਰ ਚਾਰ ਵਜੇ ਪੂਰਨਮਾਸੀ ਦੀ ਕਥਾ ਕਰਕੇ ਦੀਵਾਨ ਦੀ ਸਮਾਪਤੀ ਉਪਰੰਤ ਲੰਗਰ ਵਰਤਾਵਾਂਗੇ। ਕਿਉਂਕਿ ਉਸ ਸਮੇਂ ਹੀ ਸਭਨਾਂ ਦਾ ਵਰਤ ਖੁੱਲ੍ਹਣਾ ਹੈ।"

ਸੰਤਾਂ ਨੇ ਫਿਰ ਕਹਿ ਭੇਜਿਆ, "ਦੀਵਾਨ ਦੀ ਸਮਾਪਤੀ ਬੇਸ਼ੱਕ ਚਾਰ ਵਜੇ ਕਥਾ ਤੋਂ ਬਾਅਦ ਕਰਨੀ ਪਰ ਲੰਗਰ ਖੋਲ੍ਹ ਦਿਉ, ਸੰਗਤ ਭੁੱਖੀ ਹੈ। ਵਰਤ ਵਾਲੇ ਪ੍ਰੇਮੀ ਸ਼ਾਮੀਂ ਚਾਰ ਵਜੇ ਪ੍ਰਸ਼ਾਦਿ ਛਕ ਲੈਣਗੇ ਹੋਰਨਾਂ ਨੂੰ ਤਾਂ ਵਰਤਾ ਦਿਉ।" ਪਰ ਉਨ੍ਹਾਂ ਫੇਰ ਵੀ ਬਾਬਾ ਜੀ ਦਾ ਬਚਨ ਨਾ ਮੰਨਿਆ। ਉਸ ਸਮੇਂ ਬਾਬਾ ਜੀ ਨਿਰਾਸ਼ ਹੋ ਕੇ ਦੀਵਾਨ ਅਸਥਾਨ 'ਚੋਂ ਉੱਠ ਕੇ ਸ਼ਹਿਰੋਂ ਬਾਹਰ ਇੱਕ ਪ੍ਰੇਮੀ ਦੇ ਖੂਹ ਤੇ ਆ ਬੈਠੇ। ਬਾਬਾ ਜੀ ਦੇ ਜਾਣ ਦੀ ਦੇਰ ਸੀ ਉਸ ਸਮੇਂ ਲੰਗਰ ਵਿੱਚ ਲੁੱਟ ਮੱਚ ਗਈ। ਕਈਆਂ ਨੂੰ ਪ੍ਰਸ਼ਾਦਿ ਮਿਲਿਆ ਕਈ ਵਿਚਾਰੇ ਗ਼ਰੀਬ ਭੁੱਖੇ ਹੀ ਗਾਲ੍ਹਾਂ ਕਢਦੇ ਮੁੜ ਗਏ। ਫਿਰ ਇਨ੍ਹਾਂ ਨੇ ਰੌਲਾ ਸ਼ਾਤ ਕਰਨ ਵਾਸਤੇ ਦਰਖਤਾਂ ਤੇ ਚੜ੍ਹ ਕੇ ਵੀ ਉਦਾਲੇ ਸੰਗਤ ਇਕੱਠੀ ਕਰਕੇ ਪੂੜੇ ਵੰਡੇ ਪਰ ਫੇਰ ਵੀ ਰੌਲਾ ਬੰਦ ਨਾ ਹੋਇਆ। ਦੀਵਾਨ ਵਿੱਚ ਬੜੀ ਬੇਰਸੀ ਹੋ ਗਈ। ਫਿਰ ਸਾਰੇ ਲੱਗੇ ਪਛਤਾਉਣ ਜੋ ਅਸੀਂ ਬੜੀ ਵੱਡੀ ਗ਼ਲਤੀ ਕੀਤੀ ਹੈ ਅਤੇ ਸੰਤਾਂ ਦਾ ਬਚਨ ਨਾ ਮੰਨਿਆ ਜਿਸ ਦੀ ਸਾਨੂੰ ਇਹ ਸਜ਼ਾ ਮਿਲੀ ਹੈ। ਏਧਰ ਬਾਹਰ ਭਗਤ ਮਿੱਠਾ ਮੱਲ ਨੇ (ਜੋ ਹਜ਼ੂਰ ਦਾ ਬੜਾ ਸ਼ਰਧਾਲੂ ਸੀ) ਸੇਵਾ ਕਰਨ ਦਾ ਸੁਨਹਿਰੀ ਮੌਕਾ ਸੰਭਾਲ ਲਿਆ। ਪ੍ਰਸ਼ਾਦਿ ਤਿਆਰ ਕਰਕੇ ਸੰਤਾਂ ਨੂੰ ਤੇ ਨਾਲ ਦੀ ਹੋਰ ਸੰਗਤ ਨੂੰ ਛਕਾਇਆ ਅਤੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਇਸੇ ਤਰ੍ਹਾਂ ਰੋਜ਼ ਹੀ ਭੋਗ ਲਵਾਇਆ ਕਰੋ।" ਇਸ ਦੀ ਭਾਵਨਾ ਤੇ ਪ੍ਰਸੰਨ ਹੋ ਕੇ ਸੰਤਾਂ ਨੇ ਉੱਤਰ ਦਿਤਾ, "ਗੁਰੂ ਨਮਿਤ ਯਥਾ ਸਕਤ ਲੰਗਰ ਤਿਆਰ ਕਰਕੇ ਲੋੜਵੰਦਾ, ਭੁੱਖੇ, ਗ਼ਰੀਬਾਂ ਅਤੇ ਅਭਿਆਗਤਾਂ ਨੂੰ ਛਕਾਇਆ ਕਰੋ, ਸਾਨੂੰ ਆਪੇ ਹੀ ਪੁੱਜ ਜਾਵੇਗਾ।" ਫਿਰ ਇਸ ਨੂੰ ਬੜੇ ਵਰ ਦਿੱਤੇ ਤੇ ਨਿਹਾਲ ਕੀਤਾ।

ਉਧਰ ਜਦੋਂ ਡੇਰੇ ਵਿੱਚ ਭਗਦੜ ਮੱਚ ਗਈ ਪਤਾ ਲੱਗਾ ਕਿ ਸੰਤ ਤਾਂ ਚਲੇ ਗਏ ਹਨ। ਫੇਰ ਤਾਂ ਸਾਰੇ ਹੀ ਘਾਬਰ ਗਏ। ਕੁਝ ਕੁ ਆਦਮੀਆਂ ਨੂੰ ਨਾਲ ਲੈ ਕੇ ਸੰਤ ਆਤਮਾ ਸਿੰਘ ਜੀ ਆਪ ਨੂੰ ਲੱਭਦੇ ਹੋਏ ਏਥੇ ਖੂਹ ਤੇ ਪੁੱਜ ਗਏ। ਚਰਨ ਫੜੇ ਭੁੱਲ ਬਖ਼ਸ਼ਾਉਣ ਵਾਸਤੇ ਅਰਜ਼ਾਂ ਕੀਤੀਆਂ, ਕੋਮਲ ਹਿਰਦੇ ਵਾਲੇ ਦਿਆਲੂ ਸੰਤਾ ਨੇ ਕਿਹਾ, ਜੇ ਕਰ ਬਚਨ ਨਹੀਂ ਸੀ ਮੰਨਣਾ, ਆਪਣੀ ਮਰਜ਼ੀ ਹੀ ਕਰਨੀ ਸੀ ਤਾਂ ਫਿਰ ਸਾਨੂੰ ਖੇਚਲ ਕਿਉਂ ਦਿੱਤੀ? ਤੁਸਾਂ ਖ਼ਰਚ ਵੀ ਕੀਤਾ ਤੇ ਸੋਭਾ ਵੀ ਨਾ ਲਈ ਗਈ। ਇਹ ਸੱਚ ਹੈ:

ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥

(ਪੰਨਾ ੨੬੩)

ਸੰਤ ਬਚਨ ਮੰਨਣ ਵਿੱਚ ਹੀ ਸੁੱਖ ਹੈ, ਨਾ ਮੰਨਣ ਵਿੱਚ ਦੁਖ ਹੈ। ਫਿਰ ਇਨ੍ਹਾਂ ਦੀ ਭੁੱਲ ਮੁਆਫ਼ ਕਰਕੇ ਖ਼ੁਸ਼ੀਆਂ ਦਿੱਤੀਆਂ ਅਤੇ ਆਖਿਆ ਕਿ ਸਾਧ ਬਚਨਾਂ ਤੇ ਪ੍ਰਤੀਤ ਰੱਖੀਏ।

ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥

(ਪੰਨਾ ੭੪੭)

ਇਉ ਆਖ ਕੇ ਆਪ ਸਾਧੂਆਂ ਸਮੇਤ ਹੋਤੀ ਡੇਰੇ ਆ ਗਏ।

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

# ਸ: ਗੋਪਾਲ ਸਿੰਘ ਜੀ ਹਜ਼ਰੋ ਦੇ ਵਾਸੀ

ਹਜ਼ਰੋ ਵਾਸੀ ਸ੍ਰ: ਗੋਪਾਲ ਸਿੰਘ 'ਰਈਸ ਮਿਊਂਸੀਪਲ' ਕਮੇਟੀ ਦਾ ਮੈਂਬਰ ਸੀ। ਜਦੋਂ ਇਸ ਦੇ ਭਣੇਵੇ ਗੋਕਲ ਚੰਦ ਨੂੰ ਅਹੁਦਾ ਮਿਲਣ ਦਾ ਸਮਾਂ ਆਇਆ ਤਾਂ ਗੋਪਾਲ ਸਿੰਘ ਨੇ ਕੋਸ਼ਿਸ ਕਰਕੇ ਇਸ ਦੀ ਉਮਰ ੨੨ ਸਾਲਾਂ ਦੀ ਲਿਖਾ ਦਿੱਤੀ ਪਰ ਉਸ ਦੀ ਉਮਰ ਘੱਟ ਸੀ। ੨੨ ਸਾਲ ਤੋਂ ਘੱਟ ਉਮਰ ਵਾਲੇ ਨੂੰ ਇਹ ਅਹੁਦਾ ਨਹੀਂ ਮਿਲ ਸਕਦਾ ਸੀ। ਇਸ ਦੇ ਕਿਸੇ ਦੁਸ਼ਮਣ ਨੂੰ ਵੀ ਇਸ ਗੱਲ ਦਾ ਪਤਾ ਲੱਗ ਗਿਆ। ਉਸ ਨੇ ਝੱਟ ਹੀ ਕਿਸੇ ਤੋਂ ਇਸ ਤੇ ਕੇਸ ਕਰਵਾ ਦਿੱਤਾ ਕਿ ਇਸ ਦੀ ਉਮਰ ਤਾਂ ਬਹੁਤ ਘੱਟ ਹੈ ਅਤੇ ਸਰਕਾਰ ਨਾਲ ਧੋਖਾ ਕੀਤਾ ਹੈ। ਇਸਦੀ ਰਿਪੋਰਟ ਪੜ੍ਹਕੇ ਜਦੋਂ ਸਾਹਬ ਨੇ ਚੰਗੀ ਤਰ੍ਹਾਂ ਪੜਤਾਲ ਕਰਵਾਈ ਤਾਂ ਗੋਕਲ ਚੰਦ ਦੀ ਉਮਰ ੧੯ ਸਾਲ ਨਿਕਲੀ। ਫਿਰ ਕੀ ਸੀ ਕੇਸ ਜ਼ੋਰ ਫੜ ਗਿਆ। ਜਦੋਂ ਇਸ ਗੱਲ ਦਾ ਗੋਪਾਲ ਸਿੰਘ ਨੂੰ ਪਤਾ ਲੱਗਾ ਕਿ ਮੇਰੇ ਤੇ ਜ਼ਬਰਦਸਤ ਮੁਕੱਦਮਾ ਬਣ ਗਿਆ ਹੈ ਤਾਂ ਇਹ ਵਿਚਾਰੇ ਸਾਰੇ ਹੀ ਬੜਾ ਘਬਰਾਏ। ਏਧਰ ਉੱਧਰ ਫਿਰ ਕੇ ਵਾਹ ਵੇਲਾ ਲਾਇਆ ਵੀ ਪਰ ਕੁਝ ਹੱਥ ਪੱਲੇ ਨਾ ਪਿਆ। ਅਖ਼ੀਰ ਨੂੰ ਬਾਬਾ ਜੀ ਦੀ ਸ਼ਰਨ ਤੱਕੀ ਅਤੇ ਹੋਤੀ ਡੇਰੇ ਪੁੱਜੇ। ਭੇਟਾ ਅਰਪੀ ਪਾਵਨ ਚਰਨਾਂ ਤੇ ਸੀਸ ਰੱਖਿਆ, ਰੋ-ਰੋ ਕੇ ਸਾਰੀ ਵਿਥਿਆ ਦੱਸੀ ਕਿ ਮਹਾਰਾਜ! ਅਸੀਂ ਕਮੇਟੀ ਦੇ ਮੈਂਬਰ ਇੱਜ਼ਤ ਵਾਲੇ ਆਦਮੀ ਹਾਂ ਆਪ ਹੁਣ ਸਾਡੀ ਲਾਜ ਰਖੋ। ਆਪਣਾ ਕ੍ਰਿਪਾਲੂ ਸੁਭਾਉ ਤੇ ਗੁਨਾਹਗਾਰਾਂ ਲਈ ਬਖ਼ਸ਼ਿੰਦਾ ਬਿਰਦ ਸੰਭਾਲ ਕੇ ਸੰਤਾਂ ਨੇ ਸੁਤੇ ਹੀ ਬਚਨ ਕੀਤਾ, "ਜਾਓ! ਗੁਰੂ ਨਾਨਕ ਸਾਹਿਬ ਜੀ ਭਲੀ ਕਰਨਗੇ। ਤਰੀਕ ਵਾਲੇ ਦਿਨ ਤੱਕ ਇਸ ਸ਼ਬਦ ਦਾ ਪਾਠ ਕਰਦੇ ਰਹਿਣਾ। ਬਰੀ ਹੋ ਜਾਵੋਗੇ"।

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥
ਸਤਿਗੁਰਿ ਤੁਮਰੇ ਕਾਜ ਸਵਾਰੇ ॥

(ਪੰਨਾ ੨੦੧)

ਸੰਤਾਂ ਦੀ ਪਾਵਨ ਰਸਨਾਂ ਤੋਂ ਇਸ ਤਰ੍ਹਾਂ ਮੇਹਰਾਂ ਭਰੇ ਬਚਨ ਸੁਣ ਕੇ ਇਸ ਨੂੰ ਧੀਰਜ ਆਈ। ਹਜ਼ੂਰ ਨੂੰ ਭਾਵਨਾ ਨਾਲ ਨਮਸਕਾਰ ਕੀਤੀ ਅਤੇ ਸ਼ਬਦ ਦਾ ਪਾਠ ਕਰਦਾ ਘਰ ਆ ਗਿਆ। ਤਰੀਕ ਤੋਂ ਪਹਿਲਾਂ ਜਾ ਕੇ ਜੱਜ ਨੂੰ ਮਿਲਿਆ, ਸਾਰੀ ਵਾਰਤਾ ਸੱਚੀ ਸੱਚੀ ਕਹਿ ਦਿੱਤੀ ਅਤੇ ਬਾਬਾ ਜੀ ਦੇ ਕਹੇ ਅਨੁਸਾਰ ਰੋਜ਼ ਹੀ ਸ਼ਬਦ ਦਾ ਪਾਠ ਕਰਦਾ। ਇਸ ਨੇ ਤਰੀਕ ਵਾਲੇ ਦਿਨ ਵੀ ਇਸ਼ਨਾਨ ਕਰਕੇ ੨੧ ਵਾਰ ਸ਼ਬਦ ਦਾ ਪਾਠ ਕੀਤਾ ਅਤੇ ਬਾਬਾ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਆਪ ਸਾਡੀ ਸਹਾਇਤਾ ਕਰਨਾ। ਇਉਂ ਬੇਨਤੀਆਂ ਕਰਦਾ ਹੋਇਆ ਕਚਹਿਰੀ 'ਚ ਗਿਆ। ਜਦੋਂ ਅੰਦਰੋਂ ਆਵਾਜ਼ ਪਈ ਤਾਂ ਇਹ ਸ਼ਬਦ ਦਾ ਪਾਠ ਕਰਦਾ ਹੋਇਆ ਜੱਜ ਦੇ ਸਾਹਮਣੇ ਹਾਜ਼ਰ ਹੋਇਆ।

ਸੰਤਾਂ ਦੇ ਬਚਨਾਂ ਸਦਕਾ ਤੇ ਗੁਰਬਾਣੀ ਦੀ ਓਟ ਲਿਆਂ ਜੱਜ ਦੇ ਮਨ ਤੇ ਇਤਨਾਂ ਅਸਰ ਹੋਇਆ ਕਿ ਉਸ ਨੇ ਫੈਸਲਾ ਸੁਣਾਇਆ ਕਿ ਗੋਪਾਲ ਸਿੰਘ ਇੱਜ਼ਤ ਵਾਲਾ ਆਦਮੀ ਹੈ ਅਤੇ ਇਸ ਨੇ ਕੋਈ ਜਾਣ ਬੁਝ ਕੇ ਗ਼ਲਤੀ ਨਹੀਂ ਕੀਤੀ। ਭੁਲੇਖੇ ਨਾਲ ਉਮਰ ਵੱਧ ਲਿਖਵਾਈ ਗਈ ਇਸ ਕਰਕੇ ਸਰਕਾਰ ਇਸ ਨੂੰ ਮੁਆਫ਼ ਕਰਦੀ ਹੈ। ਜਿਸ ਸਮੇਂ ਗੋਪਾਲ ਸਿੰਘ ਬਰੀ ਹੋ ਗਿਆ ਪਹਿਲਾਂ ਘਰ ਨਹੀਂ ਗਿਆ, ਸਿੱਧਾ ਸੰਤਾਂ ਦੇ ਡੇਰੇ ਹੋਤੀ ਪੁੱਜਾ। ਭੇਟਾ ਅਰਪੀ ਬਾਬਾ ਜੀ ਨੂੰ ਮੱਥਾ ਟੇਕਿਆ ਧੰਨਵਾਦ ਕੀਤਾ ਕਿ ਮਹਾਰਾਜ! ਆਪ ਜੀ ਦੀ ਕ੍ਰਿਪਾ ਨਾਲ ਦਾਸ ਦੀ ਪੈਜ ਰਹਿ ਗਈ। ਅਖੰਡ ਪਾਠ ਰਖਵਾਕੇ ਭੋਗ ਪਵਾਇਆ ਅਤੇ ਸੰਤਾਂ ਤੋਂ ਅਸ਼ੀਰਵਾਦ ਲਈ।

# ਭਾਈ ਜੈ ਰਾਮ ਸਿੰਘ ਜੀ

ਹੋਤੀ ਦੇ ਰਹਿਣ ਵਾਲਾ ਭਾਈ ਜੈ ਰਾਮ ਸਿੰਘ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਦਾ ਬੜਾ ਸ਼ਰਧਾਲੂ ਸੀ। ਡੇਰੇ ਆ ਕੇ ਵੀ ਸਮੇਤ ਪਰਿਵਾਰ ਦੇ ਕਈ ਦਿਨ ਲੰਗਰ ਦੀ ਸੇਵਾ ਕਰਦਾ ਬਰਤਨ ਮਾਂਜਦਾ, ਜਲ ਨਾਲ ਦੇਗੇ ਭਰਦਾ, ਗੁਰੂ ਦਰਬਾਰ ਵਿਖੇ ਝਾੜੂ ਫੇਰਦਾ, ਸੰਗਤਾਂ ਨੂੰ ਜਲ ਛਕਾਉਂਦਾ। ਇਉਂ ਇਸ ਨੂੰ ਡੇਰੇ ਦੀ ਸੇਵਾ ਕਰਦਿਆਂ ਕਾਫ਼ੀ ਸਮਾਂ ਹੋ ਗਿਆ। ਸੇਵਾ ਕਰਕੇ ਮਨ ਨੂੰ ਵੀ ਸੋਹਣਾ ਰੰਗ ਚੜ੍ਹ ਗਿਆ। ਇੱਕ ਦਿਨ ਸ਼ਾਮ ਦੇ ਟਾਇਮ ਜਦੋਂ ਕੁਝ ਕੁ ਹਨੇਰਾ ਹੋ ਗਿਆ, ਇਹ 'ਕਲਪਾਣੀ' ਦੇ ਕੰਢੇ ਦਾਲ ਵਾਲਾ ਦੇਗਾ ਮਾਂਜ ਕੇ ਉਸ ਨੂੰ ਧੋ ਕੇ ਪਾਣੀ ਨਾਲ ਭਰਕੇ ਚੁੱਕਣ ਵਾਸਤੇ ਖੜ੍ਹਾ ਕਿਸੇ ਨੂੰ ਉਡੀਕ ਰਿਹਾ ਸੀ। ਦੇਗਾ ਭਾਰਾ ਸੀ ਇਕੱਲੇ ਤੋਂ ਚੁੱਕਿਆ ਨਾ ਜਾਵੇ, ਨੇੜੇ ਤੇੜੇ ਕੋਈ ਦੂਜਾ ਆਦਮੀ ਨਹੀਂ ਸੀ। ਕਾਫ਼ੀ ਸਮਾਂ ਉਡੀਕ ਕਰਦਾ ਰਿਹਾ ਅਖ਼ੀਰ ਨੂੰ ਇਸ ਨੇ ਬਾਬਾ ਜੀ ਪਾਸ ਅਰਜ਼ ਕੀਤੀ, "ਹੇ ਦਾਤਾ! ਕਿਸੇ ਸੇਵਾਦਾਰ ਨੂੰ ਭੇਜੋ ਜੋ ਮੇਰੀ ਮਦਦ ਕਰੇ, ਇਹ ਦੇਗਾ ਚੁੱਕਵਾ ਦੇਵੇ।"

ਦਿਲਾਂ ਦੇ ਜਾਨਣਹਾਰ ਦੇ ਚਰਨਾਂ ਵਿੱਚ ਸਿੱਖ ਦੀ ਅਰਜ਼ ਪੁੱਜੀ। ਅਜੇ ਇਹ ਅਰਦਾਸ ਕਰ ਹੀ ਰਿਹਾ ਸੀ ਕਿ ਇਸ ਨੇ ਤੱਕਿਆ ਕਿ ਕਾਲੀ ਕੰਬਲੀ ਦਾ ਝੁੰਬ ਮਾਰੀ ਕੋਈ ਬਜ਼ੁਰਗ ਸਾਹਮਣੇ ਆ ਰਿਹਾ ਸੀ। ਹਨੇਰਾ ਕਾਫ਼ੀ ਹੋ ਚੁੱਕਿਆ ਸੀ ਜਿਸ ਕਰਕੇ ਇਹ ਉਸ ਆਦਮੀ ਨੂੰ ਪਛਾਣ ਨਾ ਸਕਿਆ। ਪਾਸ ਆ ਕੇ ਉਸ ਬਿਰਧ ਬਾਬੇ ਦੇ ਚਰਨ ਰੁਕੇ ਅਤੇ ਧੀਮੀ ਆਵਾਜ਼ ਨਾਲ ਪੁਛਿਆ, "ਕਿਉ ਸਿੰਘਾਂ! ਕੀ ਗੱਲ ਹੈ? ਏਥੇ ਇਕੱਲਾ ਖੜ੍ਹਾ ਹੈਂ?" ਇਸ ਨੇ ਕਿਹਾ, "ਬਾਬਾ ਜੀ! ਕਿਸੇ ਸੇਵਾਦਾਰ ਨੂੰ ਉਡੀਕ ਰਿਹਾ ਹਾਂ ਜੋ ਮੇਰੇ ਨਾਲ ਇਸ ਦੇਗੇ ਨੂੰ ਲੰਗਰ ਤੱਕ ਪਹੁੰਚਾ ਦੇਵੇ। ਕਿਉਂਕਿ ਦੇਗਾ ਭਾਰਾ ਹੈ ਇਕੱਲੇ ਤੋਂ ਚੁੱਕਿਆ ਨਹੀਂ ਜਾਂਦਾ।" ਤਾਂ ਉਸ ਨਾਨਕ ਨਿਰੰਕਾਰੀ ਦੇ ਦਰੋਂ ਵਰੋਸਾਏ ਹੋਏ ਅਮੋਲਕ ਰਤਨ ਨੇ ਜੋ ਗੁਰੂ ਨਾਨਕ ਦਾ ਅਸਲੀ ਸੇਵਾਦਾਰ ਹੈ:

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥

(ਪੰਨਾ ੧੩੭੩)

ਨਾਮ ਜਪਾਉਣ ਦੀ ਸੇਵਾ ਕਰਨ ਵਾਲੇ ਰੂਹਾਨੀ ਦਾਤਾ; ਏਹੋ ਹੀ ਅਸਲੀ ਸੰਤ ਦੀ ਸੇਵਾ ਹੈ ਜੋ ਨਾਮ ਦਾ ਆਪ ਜਪਣਾ ਤੇ ਹੋਰਨਾਂ ਤੋਂ ਜਪਾਉਣਾ ਹੈ।

ਸੰਤ ਕੀ ਸੇਵਾ ਨਾਮੁ ਧਿਆਈਐ ॥

(ਪੰਨਾ ੨੬੫)

ਉਨ੍ਹਾਂ ਨੇ ਕਿਹਾ, "ਚੱਲ ਮੈਂ ਤੇਰੇ ਨਾਲ ਚੁਕਵਾਉਂਦਾ ਹਾਂ।" ਇਉਂ ਆਖ ਕੇ ਉਸ ਬਜ਼ੁਰਗ ਨੇ ਦੇਗਾ ਇੱਕ ਪਾਸਿਉਂ ਉਠਾ ਲਿਆ, ਦੂਜੇ ਪਾਸੇ ਭਾਈ ਜੈ ਰਾਮ ਸਿੰਘ ਲੱਗ ਗਿਆ। ਦੇਗਾ ਲੰਗਰ ਵਿੱਚ ਪਹੁੰਚਾ ਕੇ ਉਹ ਕੰਬਲੀ ਵਾਲਾ ਛਪਨ ਹੋ ਗਿਆ। ਜਦੋਂ ਭਾਈ ਜੈ ਰਾਮ ਸਿੰਘ ਰਾਤ ਨੂੰ ਸੰਤਾਂ ਦਾ ਦੁੱਧ ਤੇ ਲੰਗਰ ਲੈ ਕੇ ਬਰੇਤੀ ਕਿਨਾਰੇ ਗਿਆ, ਨਮਸਕਾਰ ਕੀਤੀ ਤਾਂ ਅਰਸ਼ੀ ਦਾਤੇ ਨੇ ਕਿਹਾ, "ਭਾਈ ਜੈ ਰਾਮ ਸਿੰਘ! ਦੇਗਾ ਭਾਰਾ ਸੀ ਕਿਵੇਂ ਚੁੱਕਿਆ?" ਤਾਂ ਇਸ ਨੇ ਪਛਾਣ ਲਿਆ ਕਿ ਸੰਤ ਜੀ ਮਹਾਰਾਜ ਨੇ ਮੇਰੀ ਸਹਾਇਤਾ ਕੀਤੀ ਸੀ। ਹੱਥ ਜੋੜ ਕੇ ਅਰਜ ਕੀਤੀ, "ਗ਼ਰੀਬ ਨਿਵਾਜ਼! ਆਪ ਹੀ ਗਏ ਸਾਓ, ਹੋਰ ਇਤਨਾਂ ਭਾਰਾ ਦੇਗਾ ਕਿਸ ਨੇ ਚੁਕਵਾਉਣਾ ਸੀ। ਸੇਵਕਾ ਦੀ ਜਗ੍ਹਾ ਤੇ ਪ੍ਰਭੂ ਆਪ ਹੀ ਪਹਿਰੇਦਾਰ ਬਣ ਕੇ ਖੜੋਂਦਾ ਹੈ।" ਸੰਤਾਂ ਨੇ ਮੁਸਕਰਾ ਕੇ ਕਿਹਾ, "ਅੱਗੋ ਵਾਸਤੇ ਇਹੋ ਜਿਹੀ ਮੰਗ ਨਾ ਮੰਗਿਆ ਕਰ।" ਉਹ ਭਾਈ ਜੈ ਰਾਮ ਸਿੰਘ ਤਬਦੀਲੀ ਤੋਂ ਬਾਅਦ ਖੁੱਡ ਮੁਹੱਲੇ ਲੁਧਿਆਣੇ ਆ ਗਿਆ। ਉਸ ਨੇ ਕਈ ਪ੍ਰੇਮੀਆਂ ਨੂੰ ਦੱਸਿਆ ਕਿ ਦਾਸ ਨੂੰ ਹੋਰ ਵੀ ਕਈ ਚਮਤਕਾਰ ਹੋਏ ਤੇ ਰਾਕਸ਼ਾਂ ਦੇ ਦੇਸ਼, ਸੰਤਾਂ ਨੇ ਮੇਰੀ ਸਹਾਇਤਾ ਕੀਤੀ ਅਤੇ ਬਿਪਤਾ ਤੋਂ ਬਚਾਇਆ।

ਉਨ੍ਹਾਂ ਕਿਹਾ ਕਿ ਮੈਂ ਇੱਕ ਵਾਰੀ 'ਸ਼ਾਮੋਂਜ਼ਈ' ਸਰ੍ਹੋਂ ਖ਼ਰੀਦਣ ਵਾਸਤੇ ਜਾ ਰਿਹਾ ਸੀ। ਮੇਰੇ ਲੱਕ ਨਾਲ ਰੁਪਏ ਬੱਧੇ ਹੋਏ ਸਨ। ਇਸ ਗੱਲ ਦਾ ਪਠਾਣਾਂ ਨੂੰ ਵੀ ਪਤਾ ਲਗ ਗਿਆ। ਪੰਜ ਚਾਰ ਪਠਾਣ ਮੈਨੂੰ ਇਕੱਲਾ ਜਾਣ ਕੇ ਲੁੱਟਣ ਵਾਸਤੇ ਮੇਰੇ ਪਿੱਛੇ ਲਗ ਗਏ। ਜਦੋਂ ਉਨ੍ਹਾਂ ਨੇ ਜੰਗਲ ਵਿੱਚ ਆ ਕੇ ਮੈਨੂੰ ਘੇਰਾ ਪਾ ਲਿਆ ਤਾਂ ਮੈਂ ਉਸ ਸਮੇਂ ਸੰਤਾਂ ਨੂੰ ਯਾਦ ਕੀਤਾ ਕਿ ਹੇ ਮਹਾਰਾਜ! ਆਪਣਾ ਗ਼ਰੀਬ ਨਿਵਾਜ਼ ਬਿਰਦ ਜਾਣਕੇ ਮੇਰੀ ਲਾਜ ਰਖੋ ਅਤੇ ਇਨ੍ਹਾਂ ਦੁਸ਼ਟਾਂ ਤੋਂ ਮੇਰੀ

ਜਾਨ ਬਚਾਓ। ਅਜੇ ਇਹ ਸ਼ਬਦ ਮੇਰੇ ਮੂੰਹ ਵਿੱਚ ਹੀ ਸਨ ਕੀ ਵੇਖਿਆ ਕੋਈ ਫੌਜੀ ਜਵਾਨ ਘੋੜੇ ਤੇ ਅਸਵਾਰ, ਲੱਕ ਨਾਲ ਤਲਵਾਰ ਬੰਨੀ, ਹੱਥ ਵਿੱਚ ਬਰਛਾ ਫੜੀ ਮੇਰੇ ਵੱਲ ਆ ਰਿਹਾ ਹੈ ਅਤੇ ਆਖਿਆ ਸਿੰਘਾ ਤਕੜਾ ਹੋ! ਅਸੀਂ ਤੇਰੀ ਮਦਦ ਲਈ ਆਏ ਹਾਂ। ਜਦੋਂ ਇਹ ਗਰਜਵੀਂ ਅਵਾਜ਼ ਪਠਾਣਾਂ ਦੇ ਕੰਨਾਂ ਵਿੱਚ ਪਈ ਅਤੇ ਉਨ੍ਹਾਂ ਨੇ ਉਸ ਪਾਸੇ ਤੱਕਿਆ ਤਾਂ ਫੌਜੀ ਸਰਦਾਰ ਆਇਆ ਜਾਣ ਕੇ ਸਾਰੇ ਦੌੜ ਗਏ। ਉਹ ਫੌਜੀ ਸਰਦਾਰ ਘੋੜੇ ਤੇ ਅਸਵਾਰ ਮੇਰੇ ਤੋਂ ਕੁਝ ਕੁ ਫਾਸਲਾ ਅੱਗੇ ਜਾ ਰਿਹਾ ਸੀ। ਮੈਨੂੰ 'ਸ਼ਾਮੋਜ਼ਈ' ਛੱਡ ਕੇ ਫੇਰ ਉਹ ਉਸੇ ਜਗ੍ਹਾ ਅਲੋਪ ਹੋ ਗਿਆ।

ਜਦੋਂ ਮੈਂ ਸਰ੍ਹੋਂ ਖ਼ਰੀਦੀ ਤੇ ਸੰਤਾਂ ਪਾਸ ਵਾਪਸ ਆਇਆ ਤਾਂ ਮੈਂ ਅਜੇ ਚਰਨ ਬੰਦਨਾ ਹੀ ਕਰ ਰਿਹਾ ਸੀ ਕਿ ਸੰਤਾਂ ਨੇ ਪੁਛਿਆ, "ਭਾਈ ਜੈ ਰਾਮ ਸਿੰਘ![੧੦] ਪਠਾਣਾਂ ਨੇ ਤੈਨੂੰ ਮਾਰਿਆ ਲੁਟਿਆ ਤਾਂ ਨਹੀਂ?" ਉਸ ਸਮੇਂ ਮੈਂ ਸਾਰੀ ਵਾਰਤਾ ਸਮਝ ਗਿਆ ਅਤੇ ਹੱਥ ਜੋੜ ਕੇ ਅਰਜ਼ ਕੀਤੀ:

ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ ॥

(ਪੰਨਾ ੯੬੧)

ਇਸ ਤਰ੍ਹਾਂ ਇੱਕ ਝੂਠੇ ਕੇਸ ਵਿੱਚੋਂ ਵੀ ਸੰਤਾਂ ਨੇ ਉਸ ਨੂੰ ਸੱਚਾ ਜਾਣ ਕੇ ਆਪਣੀ ਰੂਹਾਨੀ ਤਾਕਤ ਨਾਲ ਬਰੀ ਕਰਵਾ ਦਿੱਤਾ।

---

[੧੦] ਦਾਸ ਲੇਖਕ ਨੇ ਵੀ ਭਾਈ ਜੈ ਰਾਮ ਸਿੰਘ ਦੇ ਲੁਧਿਆਣੇ ਖੁੱਡ ਮਹੱਲੇ ਦਰਸ਼ਨ ਕੀਤੇ ਹਨ

## ਮਾਨਸਰ ਪਿੰਡ ਦੇ ਮਥਰਾ ਭਗਤ ਦੀ ਸੇਵਾ ਭਗਤੀ

'ਛੱਛ' ਦੇ ਇਲਾਕੇ ਪਿੰਡ ਮਾਨਸਰ ਦਾ ਰਹਿਣ ਵਾਲਾ ਮਥਰਾ ਭਗਤ ਬਾਬਾ ਕਰਮ ਸਿੰਘ ਦਾ ਸ਼ਰਧਾਲੂ ਸੀ। ਕਿਉਂਕਿ ਉਨ੍ਹਾਂ ਤੋਂ ਹੀ ਉਸ ਨੇ ਉਪਦੇਸ਼ ਲਿਆ ਸੀ। ਇਹ ਧਰਮ ਦੀ ਕਿਰਤ ਵਿੱਚੋਂ ਹਮੇਸ਼ਾ ਹੀ ਡੇਰੇ ਨੂੰ ਦਸਵੰਧ ਦਿੰਦਾ ਰਹਿੰਦਾ ਸੀ। ਇੱਕ ਵਾਰੀ ਬਾਬਾ ਜੀ ਵਾਸਤੇ ਚਰਨਾਂ ਦਾ ਜੋੜਾ, ਪਹਿਨਣ ਲਈ ਬਸਤਰ ਤੇ ਦਸਵੰਧ ਦੀ ਨਕਦ ਮਾਇਆ ਲੈ ਕੇ ਹਾਜ਼ਰ ਹੋਇਆ। ਜਦੋਂ ਹਜ਼ੂਰੀ ਵਿੱਚ ਆ ਕੇ ਨਮਸਕਾਰ ਕੀਤੀ ਤਾਂ ਇਸ ਦੀ ਭਾਵਨਾ ਦੇਖ ਕੇ ਬਾਬਾ ਜੀ ਨੇ ਪੁਛਿਆ, "ਭਗਤਾ! ਕੀ ਕੰਮ ਕਰਦਾ ਹੁੰਦਾ ਹੈਂ। ਰਾਜ਼ੀ ਖ਼ੁਸ਼ੀ ਹੈਂ!"

ਇਹ ਮੇਹਰਾਂ ਭਰੇ ਬਚਨ ਸੁਣ ਕੇ ਇਸ ਦਾ ਲੂੰ-ਲੂੰ ਹਰਾ ਹੋ ਗਿਆ। ਹੱਥ ਜੋੜ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਦੀ ਬਖ਼ਸ਼ਿਸ਼ ਹੈ। ਮੈਂ ਰੋਜ਼ ਹੀ ਸਵੇਰੇ ਸਤਿਗੁਰਾਂ ਦੇ ਪਾਵਨ ਦਰਬਾਰ ਦੀ ਹਾਜ਼ਰੀ ਭਰਨ ਉਪਰੰਤ ਸ਼ਹਿਰ 'ਚੋਂ ਸੌਦਾ ਲੈ ਕੇ ਜਾਂਦਾ ਹਾਂ ਫਿਰ ਉਸੇ ਸਮਾਨ ਨੂੰ ਸ਼ਾਮ ਤੱਕ ਪਿੰਡਾਂ ਵਿੱਚ ਫਿਰਕੇ ਵੇਚਦਾ ਹਾਂ। ਇਹ ਮੇਰੀ ਰੋਜ਼ ਦੀ ਕਿਰਤ ਹੈ। ਮਹਾਰਾਜ! ਜਦੋਂ ਮੈਂ ਕਿਸੇ ਜੰਗਲ ਵਿੱਚੋਂ ਲੰਘਦਾ ਹਾਂ ਤਾਂ ਕਈ ਵਾਰੀ ਮੇਰੇ ਮਗਰ ਡਰਾਉਣੀਆਂ ਬਲਾਂਈ ਪੈ ਜਾਂਦੀਆਂ ਹਨ। ਉਨ੍ਹਾਂ ਦੀਆਂ ਭਿਆਨਕ ਸ਼ਕਲਾਂ ਦੇਖ ਕੇ ਮੈਨੂੰ ਬੜਾ ਭੈ ਆਉਂਦਾ ਹੈ। ਮੇਰੇ ਅੰਦਰੋਂ ਇਹ ਘਬਰਾਹਟ ਕਈ ਦਿਨ ਦੂਰ ਨਹੀਂ ਹੁੰਦੀ।"

ਇਸ ਦੀ ਬੇਨਤੀ ਸੁਣ ਕੇ ਬਾਬਾ ਜੀ ਨੇ ਬਚਨ ਕੀਤਾ ਕਿ ਭਜਨ ਕਰਨ ਵਾਲੇ ਨੂੰ ਕਿਸ ਚੀਜ਼ ਦਾ ਡਰ। ਉਸ ਪਾਸੋਂ ਤਾਂ ਇਨ੍ਹਾਂ ਚੀਜ਼ਾਂ ਨੂੰ ਸੇਕ ਆਉਂਦਾ ਹੈ ਤੇ ਭੈ ਕਰਕੇ ਨੇੜੇ ਨਹੀਂ ਆਉਂਦੀਆਂ। ਤੂੰ ਹਰ ਰੋਜ਼ ਸਵੇਰੇ ਉੱਠ ਕੇ ਇਸ਼ਨਾਨ ਕਰਨ ਤੋਂ ਬਾਅਦ ਸੁੱਚੇ ਮੂੰਹ ਇਸ ਸ਼ਬਦ ਦਾ ੨੧ ਵਾਰ ਪਾਠ ਕਰਿਆ ਕਰ ਸਾਰੇ ਰੋਗ ਦੂਰ ਹੋ ਜਾਣਗੇ।

ਡਰਿ ਡਰਿ ਮਰਤੇ ਜਬ ਜਾਨੀਐ ਦੂਰਿ ॥
ਡਰੁ ਚੂਕਾ ਦੇਖਿਆ ਭਰਪੂਰਿ ॥੧॥
ਸਤਿਗੁਰ ਅਪੁਨੇ ਕਉ ਬਲਿਹਾਰੈ ॥
ਛੋਡਿ ਨ ਜਾਈ ਸਰਪਰ ਤਾਰੈ ॥੧॥ ਰਹਾਉ ॥
ਦੂਖੁ ਰੋਗੁ ਸੋਗੁ ਬਿਸਰੈ ਜਬ ਨਾਮੁ ॥
ਸਦਾ ਅਨੰਦੁ ਜਾ ਹਰਿ ਗੁਣ ਗਾਮੁ ॥੨॥
ਬੁਰਾ ਭਲਾ ਕੋਈ ਨ ਕਹੀਜੈ ॥
ਛੋਡਿ ਮਾਨੁ ਹਰਿ ਚਰਨ ਗਹੀਜੈ ॥੩॥
ਕਹੁ ਨਾਨਕ ਗੁਰ ਮੰਤ੍ਰੁ ਚਿਤਾਰਿ ॥
ਸੁਖੁ ਪਾਵਹਿ ਸਾਚੈ ਦਰਬਾਰਿ ॥੪॥੩੨॥

(ਪੰਨਾ ੧੯੬)

ਇਸ ਸ਼ਬਦ ਨੂੰ ਕੰਠ ਕਰ ਲੈ ਤੇ ਹਰ ਸਮੇਂ ਪੜ੍ਹਿਆ ਕਰ। ਹਜ਼ੂਰ ਦੇ ਹੁਕਮ ਅਨੁਸਾਰ ਉਸ ਨੇ ਇਸ ਸ਼ਬਦ ਨੂੰ ਕੰਠ ਕਰ ਲਿਆ। ਰੋਜ਼ ਹੀ ਇਸ਼ਨਾਨ ਤੋਂ ਬਾਅਦ ਇਕਾਂਤ ਬੈਠ ਕੇ ੨੧ ਵਾਰ ਪਾਠ ਕਰਦਾ। ਫਿਰ ਦਿਨ ਦੇ ਸਮੇਂ ਵੀ ਤੁਰਦਾ ਫਿਰਦਾ ਪੜ੍ਹਦਾ ਹੀ ਰਹਿੰਦਾ। ਉਸ ਦਿਨ ਤੋਂ ਬਾਅਦ ਨਾ ਹੀ ਇਸ ਨੂੰ ਡਰ ਲੱਗਾ ਨਾ ਬਲਾ ਹੀ ਦੇਖੀ। ਕਈਆਂ ਨੂੰ ਦੱਸਦਾ ਕਿ ਕਦੇ-ਕਦੇ ਮੈਨੂੰ ਇਉਂ ਅਵਾਜਾਂ ਆਉਂਦੀਆਂ ਨੇ 'ਭਗਤਾ! ਤੇਰੇ ਇਸ ਸ਼ਬਦ ਨੂੰ ਸੁਣ ਕੇ ਸਾਡਾ ਵੀ ਉਧਾਰ ਹੋ ਗਿਆ ਹੈ। ਤੇਰਾ ਗੁਰੂ ਕਾਮਲ ਹੈ। ਧੰਨ ਹੈਂ ਤੂੰ, ਧੰਨ ਹੈ ਤੇਰਾ ਰਹਿਬਰ ਪੀਰ।'

ਇੱਕ ਦਿਨ ਫੇਰ ਇਸ ਨੂੰ ਸੰਤਾਂ ਨੇ ਆਗਿਆ ਦਿੱਤੀ ਕਿ ਤੂੰ ਸੰਗਤ ਨੂੰ ਜਲ ਛਕਾਉਣ ਦੀ ਸੇਵਾ ਕਰਿਆ ਕਰ ਅਤੇ ਜਿਸ ਜਗ੍ਹਾ ਵੀ ਅਖੰਡ ਪਾਠ ਹੋਵੇ ਸੁਣਨ ਜਾਇਆ ਕਰ ਤੇਰਾ ਭਲਾ ਹੋ ਜਾਵੇਗਾ। ਸੰਤਾਂ ਦੇ ਇਨ੍ਹਾਂ ਬਚਨਾਂ ਤੇ ਇਸ ਨੇ ਸਾਰੀ ਜ਼ਿੰਦਗੀ ਸਾਵਧਾਨ ਹੋ ਕੇ ਪਹਿਰਾ ਦਿੱਤਾ। ਜਿੱਥੇ ਵੀ ਅਖੰਡ ਪਾਠ ਹੁੰਦਾ ਇਹ ਉੱਥੇ ਹੀ ਸੁਣਨ ਜਾਂਦਾ ਅਤੇ ਪਾਠੀਆਂ ਵਾਸਤੇ ਇਹ ਆਪਣੇ ਘਰੋਂ ਦੁੱਧ ਦਾ ਗੜਵਾ ਭਰ ਕੇ ਲਿਜਾਂਦਾ। ਜਾ ਕੇ ਪਾਠੀਆਂ ਨੂੰ ਛਕਾਉਂਦਾ ਅਤੇ ਪਾਠੀਆਂ ਦੀ ਮੁੱਠੀ ਚਾਪੀ ਵੀ ਕਰਦਾ। ਸਾਰੀ ਰਾਤ ਪਾਠ ਤੇ ਜਾਗ ਕੇ ਪਹਿਰਾ ਦਿੰਦਾ, ਗੁਰਬਾਣੀ ਸੁਣਦਾ। ਦਿਨੇ ਛਬੀਲ ਲਾ ਕੇ ਸਭ ਨੂੰ ਠੰਢਾ ਜਲ ਛਕਾਉਂਦਾ। ਇਸ ਨੇ ਹਰ ਗ਼ਰਮੀਆਂ ਵਿੱਚ ਕੈਮਲ ਪੁਰ ਤੋਂ ਪੰਜ ਮੀਲ ਤੇ ਭਰ ਕੇ ਜਲ ਲਿਜਾਣਾ ਤੇ

ਛਬੀਲ ਲਗਾਉਣੀ। ਇਸ ਜਗ੍ਹਾ ਪਾਣੀ ਦੀ ਬੜੀ ਕਿੱਲਤ ਸੀ। ਨੇੜੇ ਤੇੜੇ ਹੋਰ ਕਿਤੇ ਪਾਣੀ ਹੈ ਨਹੀਂ ਸੀ। ਇਹ ਸੇਵਾ ਇਸ ਨੇ ਬਿਨਾਂ ਨਾਗਾ ਕਈ ਸਾਲਾ ਤੱਕ ਕਰੀ।

ਇੱਕ ਵਾਰ ਹਾੜ ਦੇ ਮਹੀਨੇ ਸਖਤ ਗ਼ਰਮੀ ਦੇ ਮੌਸਮ ਵਿੱਚ ਸਿਖਰ ਸੂਰਜ ਆਇਆ ਸੀ। ਉਸ ਵੇਲੇ ਇੱਕ ਮੇਮ ਤੇ ਇੱਕ ਅੰਗਰੇਜ਼ ਡਿਪਟੀ ਕਮਿਸ਼ਨਰ ਧੁੱਪ ਦੇ ਵਿਆਕੁਲ ਕੀਤੇ ਪਾਣੀ ਦੀ ਤਲਾਸ਼ ਕਰਦਿਆਂ ਇਸ ਪਾਸੇ ਵੱਲ ਆਏ। ਉਨ੍ਹਾਂ ਨੇ ਇਸ ਤੋਂ ਜਲ ਮੰਗਿਆ ਇਸ ਨੇ ਕੱਚ ਦੇ ਗਿਲਾਸ ਵਿੱਚ ਮਿਸਰੀ ਘੋਲ ਕੇ ਕੋਰੇ ਘੜੇ ਦਾ ਠੰਢਾ ਜਲ ਪਾ ਕੇ ਸ਼ਰਬਤ ਬਣਾਇਆ ਅਤੇ ਗਲਾਸ ਭਰ ਕੇ ਦੋਹਾਂ ਨੂੰ ਪਿਲਾਇਆ ਨਾਲ ਹੀ ਥੋੜ੍ਹੇ-ਥੋੜ੍ਹੇ ਭੁੱਜੇ ਹੋਏ ਲੂਣ ਵਾਲੇ ਚਨੇ ਦਿੱਤੇ (ਜੋ ਭੁਨਾਕੇ ਆਪਣੇ ਪਾਸ ਰੱਖਿਆ ਕਰਦਾ ਸੀ ਅਤੇ ਹਰ ਇੱਕ ਮੁਸਾਫ਼ਰ ਨੂੰ ਇਕ-ਇਕ ਮੁੱਠੀ ਦਿੰਦਾ ਹੁੰਦਾ ਸੀ)।

ਸਾਹਬ ਤੇ ਮੇਮ ਦੋਵੇਂ ਪਿਆਸੇ ਸਨ ਤਿੰਨ-ਤਿੰਨ ਗਲਾਸ ਸ਼ਰਬਤ ਦੇ ਪੀ ਗਏ ਤੇ ਬੜੇ ਖ਼ੁਸ਼ ਹੋਏ। ਸਾਹਬ ਨੇ ਪ੍ਰਸੰਨ ਹੋ ਕੇ ਇਸ ਦਾ ਨਾਮ ਤੇ ਪਿੰਡ ਪੁੱਛ ਕੇ ਨੋਟ ਕਰ ਲਿਆ ਅਤੇ ਫਿਰ ਇਸ ਸੇਵਾ ਬਦਲੇ ਇਸ ਨੂੰ ਸਰਕਾਰ ਵਲੋਂ ਦੋ ਮੁਰੱਬੇ ਇਸ ਦੇ ਨਾਂ ਲਗਵਾਏ ਜੋ ਜ਼ਿਲ੍ਹਾ ਮਿੰਟਗੁਮਰੀ ਵਿੱਚ ਇਸ ਦੇ ਨਾਮ ਲੱਗੇ ਸਨ।

ਬਹੁਤ ਸਾਰਾ ਸਮਾਂ ਉਨ੍ਹਾਂ ਦੀ ਇਸ ਨੇ ਆਮਦਨੀ ਖਾਧੀ, ਪਰ ਪਾਕਿਸਤਾਨ ਬਣਨ ਤੋਂ ਪਹਿਲਾਂ ਹੀ ਜਦ ਇਹ ਭਗਤ ਜੀ ਗੁਜ਼ਰ ਗਏ ਤਾਂ ਫਿਰ ਇਸ ਦੇ ਪੁੱਤਰਾਂ ਨੇ ਉਹ ਦੋਵੇਂ ਮੁਰੱਬੇ ਵੇਚ ਕੇ ਆਪਸ ਵਿੱਚ ਮਾਇਆ ਵੰਡ ਲਈ। ਤਬਦੀਲੀ ਤੋਂ ਬਾਅਦ ਹੁਣ ਇਸ ਭਗਤ ਜੀ ਦਾ ਪਰਿਵਾਰ ਖੁੱਡ ਮਹੱਲੇ ਲੁਧਿਆਣੇ ਰਹਿੰਦਾ ਹੈ।

## ਦਖਨੇਰ ਤੇ ਹੋਰ ਨਗਰਾਂ ਵਾਲੇ ਪ੍ਰੇਮੀ ਸੱਜਣ

ਇੱਕ ਵਾਰੀਂ ਦਖਨੇਰ ਦਾ ਜੋਤਸ਼ੀ, 'ਜਸੀਆਂ' ਦੇ ਭਾਈ ਲਾਲਾ ਤੇ ਉਸ ਦਾ ਪੁੱਤਰ, ਮੁਕਾਮ ਪਿੰਡ ਦੇ ਭਾਈ ਜੈ ਰਾਮ, ਫ਼ਕੀਰ ਚੰਦ, ਕਾਲਾ ਮੱਲ, ਅਖੋੜੀ ਪਿੰਡ ਦੇ ਭਾਈ ਰਾਮ ਸਿੰਘ ਜੀ ਗ੍ਰੰਥੀ ਇਹ ਸਾਰੇ ਹੀ ਇਕੱਠੇ ਹੋ ਕੇ ਹੋਤੀ ਡੇਰੇ ਸੰਤਾਂ ਦੇ ਦਰਸ਼ਨਾਂ ਨੂੰ ਆਏ। ਸਭਨਾਂ ਨੇ ਭਰੇ ਦੀਵਾਨ ਵਿੱਚ ਸੰਤਾਂ ਦੇ ਦਰਸ਼ਨ ਕੀਤੇ ਤੇ ਆਪੋ-ਆਪਣੀ ਭੇਟਾ ਰੱਖ ਕੇ ਚਰਨਾਂ ਤੇ ਮੱਥਾ ਟੇਕਿਆ। ਪਾਸ ਬੈਠਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਸਾਨੂੰ ਪਛਾਣ ਲਿਆ ਜੇ?" ਅੰਤਰਯਾਮੀ ਸੰਤਾਂ ਨੇ ਮੁਸਕਰਾ ਕੇ ਉੱਤਰ ਦਿੱਤਾ, "ਇਹ ਤਾਂ ਦਖਨੇਰ ਨਗਰ ਦੇ ਜੋਤਸ਼ੀ ਹਨ, ਇਹ 'ਜਸੀਆ' ਦਾ ਲਾਲ ਚੰਦ ਹੈ, ਇਹ ਪ੍ਰੇਮੀ ਤਿੰਨੇ ਹੀ ਭਾਈ ਕਾਲਾ ਮੱਲ, ਫ਼ਕੀਰ ਚੰਦ, ਤੇ ਜੈ ਰਾਮ ਮੱਲ ਮੁਕਾਮ ਪਿੰਡ ਦੇ ਹਨ। ਪਿੰਡ ਕਾਜ਼ੀਆ ਤੋਂ ਛੁੱਟੀ ਕੱਟ ਕੇ ਵਾਪਿਸ ਆਉਂਦਿਆਂ ਅਸੀਂ ਇਨ੍ਹਾਂ ਦੇ ਘਰ ਦੋ ਦਿਨ ਠਹਿਰੇ ਸਾਂ। ਇਹ ਅਖੋੜੀ ਪਿੰਡ ਦੇ ਭਾਈ ਰਾਮ ਸਿੰਘ ਜੀ ਹਨ।" ਸੰਤਾਂ ਨੇ ਕਿਹਾ, "ਉਸ ਸਮੇਂ ਤੁਸੀਂ ਸਾਡੀ ਬੜੀ ਸੇਵਾ ਕੀਤੀ ਸੀ। ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਸੰਨ ਹੋ ਕੇ ਸਾਨੂੰ ਆਪਣੇ ਖ਼ਜਾਨੇ ਦੀ ਚਾਬੀ ਸੌਂਪ ਦਿੱਤੀ ਹੈ। ਤੁਹਾਡਾ ਜੋ ਜੀ ਚਾਹੇ ਮੰਗੋ।"

ਹਜ਼ੂਰ ਦੇ ਇਹ ਬਚਨ ਸੁਣ ਕੇ ਦਖਨੇਰ ਦੇ ਜੋਤਸ਼ੀ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਦਾਸ ਨੇ ਆਪ ਜੀ ਨੂੰ ਦਖਨੇਰ ਆਖਿਆ ਸੀ ਕਿ ਜਦੋਂ ਆਪ ਪ੍ਰਗਟ ਹੋਵੋਗੇ, ਉਸ ਸਮੇਂ ਮੈਂ ਤੁਹਾਡੇ ਪਾਸੋਂ ਹਜ਼ੂਰੀ ਵਿੱਚ ਆ ਕੇ ਮੰਗਾਂਗਾ। ਸੋ ਉਸ ਬਚਨ ਨੂੰ ਯਾਦ ਕਰਕੇ ਆਪ ਸਾਡੇ ਤੇ ਮੇਹਰ ਕਰੋ ਅਤੇ ਨਾਮ ਦਾਨ ਤੇ ਮਾਇਆ ਦੇ ਗੱਫੇ ਬਖ਼ਸ਼ੋ।" ਉਸ ਦੀ ਗੱਲ ਸੁਣਕੇ ਸੰਤ ਜੀ ਬੜੇ ਹੱਸੇ। ਕਿਉਂਕਿ ਜਿਵੇਂ ਹਰਿਦੁਆਰ ਤੋਂ ਵਾਪਸ ਆਉਂਦਿਆ ਤੀਸਰੇ ਪਾਤਸ਼ਾਹ ਮਹਾਰਾਜ ਜੀ ਦੇ ਪਾਵਨ ਚਰਨਾਂ 'ਚ ਪਦਮ ਚਿੰਨ ਤੱਕ ਕੇ ਮੜੇ ਪਿੰਡ ਦੇ ਦੁਰਗੇ ਬ੍ਰਾਮਹਣ ਨੇ ਵੀ ਏਹੋ ਬਚਨ ਕੀਤੇ ਸਨ ਕਿ ਮਹਾਰਾਜ! ਆਪ ਜਦੋਂ ਪ੍ਰਗਟ ਹੋਵੋਗੇ ਮੈਂ ਆਪਣੀ ਮਰਜ਼ੀ ਦੀ ਮੰਗ ਮੰਗਾਂਗਾ। ਫਿਰ ਜਦੋਂ ਆਪ ਗੁਰੂ ਨਾਨਕ ਦੀ ਗੱਦੀ ਦੇ ਮਾਲਕ ਬਣਕੇ ਸੰਗਤਾਂ ਸਮੇਤ ਤੀਰਥ ਨੂੰ ਪਵਿੱਤਰ ਕਰਨ ਜਾਂਦਿਆ ਏਥੇ ਦੁਪਹਿਰ ਬਤੀਤ ਕਰਨ ਵਾਸਤੇ ਰੁਕੇ ਸਨ ਤਾਂ ਆਪ ਹੀ ਹਜ਼ੂਰ ਨੇ ਦੁਰਗੇ ਬ੍ਰਾਮਹਣ ਨੂੰ ਪਾਸ ਬੁਲਾ ਕੇ ਆਖਿਆ ਸੀ, "ਪੰਡਤ ਜੀ! ਹੁਣ ਤੁਹਾਡੇ ਮੰਗਣ ਦਾ ਸਮਾਂ ਆ ਗਿਆ ਹੈ। ਇੱਕ ਚੀਜ਼ ਮੰਗ ਲਉ ਇਸ ਲੋਕ ਦਾ ਸੁਖ ਜਾਂ ਪਰਲੋਕ 'ਚ ਮੁਕਤੀ"। ਹਜ਼ੂਰ ਦੇ ਇਹ ਬਚਨ ਸੁਣ ਕੇ ਦੁਰਗਾ ਦਾਸ ਸੋਚੀਂ ਪੈ ਗਿਆ। ਸਤਿਗੁਰਾਂ ਨੇ ਕਿਹਾ, "ਕੀ ਗੱਲ ਹੈ ਹੁਣ ਮੰਗਦੇ ਨਹੀਂ?" ਤਾਂ ਇਸ ਨੇ ਬੜੀ ਭਾਵਨਾ ਨਾਲ ਹੱਥ ਜੋੜ ਕੇ ਅਰਜ਼ ਕੀਤੀ:

*ਨਾਮ ਦੇਹਿ ਧਨ ਦੇਹਿ ਨ ਜਨ ਕੋ*
*ਧਨ ਬਿਹੀਨ ਜਨ ਜਗ ਨਾ ਸੁਹਾਏ।*
*ਜੇ ਧਨ ਦੇਹਿ ਨਾਮ ਨਹਿ ਦੇਵੈ*
*ਨਾਮ ਬਿਨਾਂ ਜਨ ਜਮਪੁਰਿ ਜਾਇ।*
*ਤੁਮ ਪਹਿ ਨਹੀਂ ਬਨ ਆਵਹਿ*
*ਜਯੋਂ ਭਾਵੈ ਤਯੋਂ ਬਨਿਤ ਬਨਾਇ।*
*ਗੁਰੂ ਅਮਰਦਾਸ ਤੇਜੋ ਕੇ ਨੰਦਨ*
*ਦੋਨਹੁ ਨਿਰਮਲ ਪੱਖ ਚਲਾਇ ॥੨੪॥*

(ਗੁਰ ਪ੍ਰਤਾਪ ਸੂਰਜ, ਰਾਸ ੧, ਅੰਸੂ ੫੦)

ਉਸ ਸਮੇਂ ਪ੍ਰਸੰਨ ਹੋ ਕੇ ਸਤਿਗੁਰਾਂ ਨੇ ਉਸ ਨੂੰ ਦੋਵੇਂ ਹੀ ਲੋਕਾਂ ਦੇ ਸੁਖ ਬਖ਼ਸ਼ ਦਿੱਤੇ ਸਨ। ਇਸੇ ਤਰ੍ਹਾਂ ਤੀਸਰੇ ਗੁਰੂ ਨਾਨਕ ਦੇ ਪੂਰਨ ਸਿੱਖ ਸੰਤਾਂ ਨੇ ਵੀ ਇਸ ਦੀ ਬੇਨਤੀ ਸੁਣ ਕੇ ਬਹੁਤ ਸਾਰੀ ਮਾਇਆ ਤੇ ਕੀਮਤੀ ਸਿਰੋਪਾਓ ਦਿੱਤਾ। ਫਿਰ ਆਖਿਆ, "ਗੁਰੂ ਘਰ ਤੇ ਸ਼ਰਧਾ ਰੱਖੀਂ, ਨਾਮ ਵੀ ਚਿੱਤ ਆਵੇਗਾ ਅਤੇ ਪ੍ਰਲੋਕ ਵਿੱਚ ਸੁਖ ਪਾਵੇਂਗਾ।" ਇਸੇ ਤਰ੍ਹਾਂ ਹੋਰਨਾਂ ਨੂੰ ਵੀ ਨਾਮ ਦਾਨ ਦੇ ਕੇ ਮਨੋ ਕਾਮਨਾਵਾਂ ਪੂਰੀਆਂ ਕਰਨ ਦੀ ਕ੍ਰਿਪਾ ਕੀਤੀ। ਫਿਰ ਗ੍ਰੰਥੀ ਰਾਮ ਸਿੰਘ ਨੂੰ ਵਰ ਦਿੱਤਾ ਕਿ ਤੁਹਾਡੇ ਘਰ ਕਈ ਪੁਸ਼ਤਾਂ ਤੱਕ ਸਿੱਖੀ ਬਣੀ ਰਹੇਗੀ ਅਤੇ ਗੁਰੂ ਘਰ ਦੀ ਸੇਵਾ ਕਰਦੇ ਰਹੋਗੇ ਜਿਸ ਕਰਕੇ ਤੁਹਾਡੀ ਕਲਿਆਣ ਹੋਵੇਗੀ।

ਮੁਕਾਮ ਪਿੰਡ ਦੇ ਪ੍ਰੇਮੀ ਆਪਣੇ ਪਿੰਡੋਂ ਕੁਹਾੜੀਆਂ, ਬਰਛੀਆਂ, ਦਾਤੀਆਂ ਅਤੇ ਗੁਰੂ ਕੇ ਲੰਗਰ ਵਿੱਚ ਸਬਜ਼ੀ

ਕੱਟਣ ਵਾਸਤੇ ਚਾਕੂ ਤੇ ਕਰਦਾਂ ਬਣਾ ਕੇ ਲਿਆਉਂਦੇ। ਦਸਮੀ ਦੇ ਜੋੜ ਮੇਲੇ ਤੇ ਸੰਤਾਂ ਦੀ ਭੇਟਾ ਕਰਦੇ। ਇਨ੍ਹਾਂ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਸੰਤਾਂ ਨੇ ਬਚਨ ਕੀਤਾ, ਕਿ ਇਹ ਚੀਜ਼ਾਂ ਹਮੇਸ਼ਾ ਹੀ ਤੁਹਾਡੇ ਪਿੰਡ ਵਿੱਚ ਬਣਦੀਆਂ ਰਹਿਣਗੀਆਂ। ਤੁਸੀਂ ਦਸਮੀ ਦੇ ਹਰੇਕ ਜੋੜ ਮੇਲੇ ਤੇ ਲਿਆ ਕੇ ਭੇਟਾ ਕਰਿਆ ਕਰੋ।

ਇਹ ਪ੍ਰੇਮੀ ਬਾਬਾ ਜੀ ਦੇ ਬਚਨ ਸੁਣ ਕੇ ਬੜੇ ਪ੍ਰਸੰਨ ਹੋਏ। ਦਸਮੀ ਦੇ ਹਰੇਕ ਜੋੜ ਮੇਲੇ ਤੇ ਇਹ ਚੀਜ਼ਾਂ ਭੇਟਾ ਕਰਕੇ ਸੰਤਾਂ ਦੀਆਂ ਖ਼ੁਸ਼ੀਆਂ ਲੈਂਦੇ। ਹੋਤੀ ਡੇਰੇ ਦੇ ਸਾਧੂਆਂ ਪਾਸ ਵੀ ਇਹ ਗੁਪਤ ਹਥਿਆਰ ਇੱਕ-ਇੱਕ ਬਰਛੀ ਨਿਸ਼ਾਨੀ ਵਜੋਂ ਹਮੇਸ਼ਾ ਹੀ ਰਹਿੰਦੀ ਸੀ।

## ਪਠਾਣ ਡਾਕੂਆਂ ਦਾ ਸੁਧਾਰ

ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਜੀ ਦਾ ਤੇਜ਼ ਪ੍ਰਤਾਪ ਤੱਕ ਕੇ ਬਹੁਤ ਸਾਰੇ ਇਲਾਕੇ ਦੇ ਮੁਸਲਮਾਨ ਪਠਾਣ ਵੀ ਸ਼ਰਧਾਲੂ ਬਣ ਗਏ। ਜੋ ਬੜੀ ਭਾਵਨਾ ਨਾਲ ਡੇਰੇ ਦੀ ਜ਼ਿਆਰਤ ਕਰਨ ਆਉਂਦੇ ਤੇ ਬਚਨ ਸੁਣਦੇ। ਪਰ ਅਜੇ ਤੱਕ ਵੀ ਬਹੁਤ ਸਾਰੇ ਮੰਦਭਾਗੀ ਪਠਾਣ ਮਹਿਮਾ ਵਡਿਆਈ ਹੁੰਦੀ ਦੇਖ ਸੁਣ ਕੇ ਸਹਾਰ ਨਹੀਂ ਸਨ ਸਕਦੇ। ਸੰਗਤ ਨੂੰ ਬਾਬਾ ਜੀ ਦਾ ਸਤਿਕਾਰ ਕਰਦਿਆਂ ਅਤੇ ਭੇਟਾ ਅਰਪਦਿਆਂ ਦੇਖ ਕੇ ਬੜੇ ਦੁਖੀ ਹੁੰਦੇ, ਜਿਵੇਂ ਸੂਰਜ ਦੇ ਚੜ੍ਹਿਆਂ ਸਭ ਦਾ ਮਨ ਪ੍ਰਸੰਨ ਹੁੰਦਾ ਹੈ ਪਰ ਉੱਲੂ ਅੰਨ੍ਹੇ ਹੋ ਜਾਂਦੇ ਹਨ।

ਇੱਕ ਵਾਰੀ ਪਠਾਣਾਂ ਨੇ ਸਲਾਹ ਕਰਕੇ ਕਿ ਇਹ ਸੰਤ ਹਿੰਦੂ ਕਾਫ਼ਰਾਂ ਤੋਂ ਆਪਣੀ ਪੂਜਾ ਕਰਵਾਉਂਦਾ ਹੈ, ਚਲੋ ਅੱਜ ਇਨ੍ਹਾਂ ਨੂੰ ਕਤਲ ਕਰ ਆਉਂਦੇ ਹਾਂ। ਰਾਤੀਂ ਇਕੱਠੇ ਹੋ ਕੇ ਸੰਤਾਂ ਨੂੰ ਮਾਰਨ ਵਾਸਤੇ ਆਏ। ਜਿਸ ਜਗ੍ਹਾ ਹਜ਼ੂਰ ਰੋਜ਼ ਹੀ ਬਰੇਤੀ ਤੇ ਬੈਠ ਕੇ ਭਜਨ ਕਰਿਆ ਕਰਦੇ, ਇਨ੍ਹਾਂ ਨੇ ਉਸ ਜਗ੍ਹਾ ਆ ਕੇ ਕੀ ਦੇਖਿਆ ਕਿ ਸੰਤਾਂ ਦੇ ਸਰੀਰ ਦੇ ਅੰਗ ਅੱਡ-ਅੱਡ ਹੋਏ ਪਏ ਹਨ। ਲੱਤ ਕਿਤੇ ਪਈ ਹੈ, ਬਾਹਾਂ ਕਿਤੇ ਪਈਆਂ ਹਨ, ਸੀਸ ਵੀ ਧੜ ਤੋਂ ਦੂਰ ਹੀ ਪਿਆ ਹੈ। ਇਹ ਨਜ਼ਾਰਾ ਦੇਖ ਕੇ ਮਾਰਨ ਆਏ ਪਠਾਣ ਡਰਦੇ ਹੋਏ ਭੱਜ ਗਏ ਕਿ ਇਨ੍ਹਾਂ ਨੂੰ ਤਾਂ ਕੋਈ ਪਹਿਲਾਂ ਹੀ ਮਾਰ ਗਿਆ, ਕਿਤੇ ਇਹ ਖ਼ੂਨ ਸਾਡੇ ਗਲ ਨਾ ਪੈ ਜਾਵੇ। ਜਦੋਂ ਇਹ ਪਿੱਛੇ ਮੁੜੇ ਤਾਂ ਬਾਬਾ ਜੀ ਨੇ ਆਪਣੀ ਰੂਹਾਨੀ ਸ਼ਕਤੀ ਨਾਲ ਆਵਾਜ਼ ਦਿੱਤੀ ਕਿ ਏਧਰ ਆ ਜਾਉ ! ਜਦੋਂ ਇਹ ਆਵਾਜ਼ ਸੁਣੀ ਤਾਂ ਸਾਰੇ ਹੀ ਹੈਰਾਨ ਹੋ ਗਏ। ਕਿ ਸਾਨੂੰ ਸ਼ਾਇਦ ਕਿਤੇ ਭੁਲੇਖਾ ਹੀ ਨਾ ਪੈ ਗਿਆ ਹੋਵੇ ਕਿ ਮਰੇ ਪਏ ਹਨ ਇਹ ਤਾਂ ਜਿਉਂਦੇ ਹਨ। ਜਦੋਂ ਇਹ ਫੇਰ ਬਾਬਾ ਜੀ ਵੱਲ ਦੇਖਣ ਲਈ ਮੁੜੇ ਤਾਂ ਅਰਸ਼ੀ ਦਾਤੇ ਦਾ ਇਨ੍ਹਾਂ ਨੂੰ ਸਮਾਧੀ ਵਿੱਚ ਬੈਠਿਆਂ ਦਰਸ਼ਨ ਹੋਇਆ। ਫਿਰ ਇਹ ਮਾਰਨ ਵਾਸਤੇ ਆਏ ਤਾਂ ਬਾਬਾ ਜੀ ਦਾ ਸਰੂਪ ਇਨ੍ਹਾਂ ਤੋਂ ਦੂਰ ਹੋ ਗਿਆ। ਪਰ ਜਦੋਂ ਇਹ ਹੋਰ ਅੱਗੇ ਵਧੇ ਤਾਂ ਸੰਤ ਜੀ ਹੋਰ ਦੂਰ ਹੋ ਗਏ। ਇਉਂ ਇਨ੍ਹਾਂ ਨੂੰ ਫਿਰਦਿਆਂ-ਫਿਰਦਿਆਂ ਸਾਰੀ ਰਾਤ ਹੀ ਲੰਘ ਗਈ। ਜਦੋਂ ਸਵੇਰ ਦਾ ਵਕਤ ਹੋਇਆ ਤਾਂ ਇਨ੍ਹਾਂ ਨੇ ਕੀ ਤੱਕਿਆ ਕਿ ਬਾਬਾ ਜੀ ਦੇ ਸਾਰੇ ਅੰਗ ਅੱਡ-ਅੱਡ ਪਏ ਹਨ। ਦਿਨ ਚੜ੍ਹਨ ਦਾ ਸਮਾਂ ਜਾਣਕੇ ਇਹ ਸਾਰੇ ਹੀ ਡਰਦੇ ਮਾਰੇ ਵਾਪਸ ਮੁੜ ਆਏ। ਇਹ ਸਭ ਰੁਸਤਮ ਅਤੇ ਹੋਰ ਨਾਲ ਦੇ ਪਿੰਡਾਂ ਦੇ ਹੀ ਰਹਿਣ ਵਾਲੇ ਸਨ। ਸਵੇਰ ਸਾਰ ਸਾਰੇ ਡੇਰੇ ਵੱਲ ਗਏ ਕਿ ਦੇਖੀਏ ਉੱਥੇ ਕੀ ਰੌਲਾ ਪੈਂਦਾ ਹੋਵੇਗਾ। ਇਨ੍ਹਾਂ ਦੀ ਮੌਤ ਕਿਸ ਦੇ ਨਾਮ ਲਗਦੀ ਹੈ ? ਜਦੋਂ ਇਹ ਡੇਰੇ ਦੀ ਤਰਫ ਗਏ ਤਾਂ ਕੀ ਦੇਖਿਆ:

ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥

(ਪੰਨਾ ੮੫੫)

ਦੇ ਮਹਾਂਵਾਕ ਅਨੁਸਾਰ, ਅਥਵਾ:

ਮਰਣਹਾਰੁ ਇਹੁ ਜੀਅਰਾ ਨਾਹੀ ॥

(ਪੰਨਾ ੧੮੮)

ਦੇ ਉਪਦੇਸ਼ ਕਰਤਾ ਅੱਲਹਾ ਦੇ ਪਿਆਰੇ ਜੋਤੀ ਸਰੂਪ ਨੂੰ ਸੰਗਤਾਂ ਪਾਲਕੀ 'ਚ ਬਿਠਾਕੇ ਸ਼ਬਦ ਪੜ੍ਹਦੀਆਂ ਡੇਰੇ ਵੱਲ ਲਿਜਾ ਰਹੀਆਂ ਹਨ। ਇਹ ਦੇਖ ਕੇ ਪਠਾਣ ਬੜੇ ਹੈਰਾਨ ਹੋਏ ਕਿ ਇਨ੍ਹਾਂ ਨੂੰ ਤਾਂ ਰਾਤੀਂ ਕੋਈ ਮਾਰ ਗਿਆ ਸੀ। ਹੁਣ ਪਾਲਕੀ ਤੇ ਅਸਵਾਰ ਹੋ ਕੇ ਜਾ ਰਹੇ ਹਨ। ਅਖ਼ੀਰ ਨੂੰ ਉਨ੍ਹਾਂ ਨੇ ਨਿਸਚਾ ਕੀਤਾ ਕਿ ਇਹ ਪੂਰਨ ਫ਼ਕੀਰ ਹਨ। ਪਾਸ ਜਾ ਕੇ ਪਾਲਕੀ ਰੋਕੀ ਸਲਾਮਾਂ ਕੀਤੀਆਂ ਤੇ ਪਾਲਕੀ ਦੇ ਨਾਲ ਹੀ ਤੁਰ ਆਏ। ਡੇਰੇ ਆ ਕੇ ਸੰਤਾਂ ਨੇ ਸਭਨਾਂ ਨੂੰ ਮਠਿਆਈ ਦਾ ਪ੍ਰਸ਼ਾਦਿ ਦਿਵਾਇਆ ਅਤੇ ਪਾਵਨ ਰਸਨਾ ਤੋਂ ਬਚਨ ਕੀਤਾ ਕਿ ਸੰਗਤ ਜੀ ਇਨ੍ਹਾਂ ਨੂੰ ਗ਼ਰਮ-ਗ਼ਰਮ ਦੁੱਧ ਤੇ ਮਠਿਆਈ ਛਕਾਓ, ਇਹ ਵਿਚਾਰੇ ਸਾਰੀ ਰਾਤ ਪੈਂਡਾ ਮਾਰ ਕੇ ਥੱਕੇ-ਟੁੱਟੇ ਆਏ ਹਨ। ਇਸ ਪ੍ਰਕਾਰ ਅਉਗਣਹਾਰਿਆਂ ਤੇ ਮੇਹਰਾ ਕਰਨ ਵਾਲੇ ਦਾਤੇ ਦਾ ਵਰਤਾਰਾ ਤੱਕ ਕੇ ਉਨ੍ਹਾਂ ਪਠਾਣਾਂ ਦੀਆਂ ਭੁੱਬਾਂ ਨਿਕਲ ਗਈਆਂ।

ਗੁਨ ਕੀਏ ਗੁਨ ਸਬ ਕੋਊ ਕਰੈ ਕ੍ਰਿਪਾਨਿਧਾਨ !
ਅਵਗੁਨ ਕੀਏ ਗੁਨ ਤੋਹੀ ਬਨਿ ਆਇਓ ਹੈ ॥

(ਭਾਈ ਗੁਰਦਾਸ ਜੀ)

ਰੋ-ਰੋ ਕੇ ਸਾਰੀ ਵਾਰਤਾ ਦੱਸੀ, "ਹੇ ਅੱਲਾਹ ਪਾਕ ! ਅਸੀਂ ਤਾਂ ਰਾਤ ਤੁਹਾਨੂੰ ਮਾਰਨ ਵਾਸਤੇ ਆਏ ਸਾਂ ਪਰ

ਸਰੀਰ ਦੇ ਅੰਗ ਬਿਖਰੇ ਪਏ ਦੇਖ ਕੇ ਡਰ ਗਏ ਕਿ ਇਨ੍ਹਾਂ ਨੂੰ ਕੋਈ ਪਹਿਲਾਂ ਹੀ ਮਾਰ ਗਿਆ। ਹੁਣ ਅਸੀਂ ਤਮਾਸ਼ਾ ਦੇਖਣ ਆਏ ਸਾਂ ਕਿ ਡੇਰੇ ਵਿੱਚ ਰੌਲਾ ਪਿਆ ਹੋਣਾ ਹੈ ਕਿ ਬਾਬਾ ਕਰਮ ਸਿੰਘ ਜੀ ਨੂੰ ਪਠਾਣਾਂ ਨੇ ਮਾਰ ਦਿੱਤਾ। ਪਰ ਜਦੋਂ ਅਸੀਂ ਏਥੇ ਆ ਕੇ ਦੇਖਿਆ ਤੁਸੀਂ ਪਾਲਕੀ ਵਿੱਚ ਜਾ ਰਹੇ ਸੀ। ਹੁਣ ਸਾਨੂੰ ਨਿਸ਼ਚਾ ਹੋ ਗਿਆ ਹੈ ਕਿ ਆਪ ਖ਼ੁਦਾਈ ਬੰਦੇ ਹੋ, ਅਸੀਂ ਅਉਗਣਹਾਰ ਹਾਂ ਆਪ ਸਾਡੀ ਭੁੱਲ ਬਖ਼ਸ਼ੋ।" ਸੰਤਾਂ ਨੇ ਹੁਕਮ ਕੀਤਾ ਕਿ ਸਾਰਿਆਂ ਦੇ ਗ਼ੁਨਾਹਾਂ ਨੂੰ ਬਖ਼ਸ਼ਣ ਵਾਲਾ ਤਾਂ ਖ਼ੁਦਾ ਹੈ, ਅੱਗੇ ਵਾਸਤੇ ਤੁਸੀਂ ਨੇਕੀ ਵਾਲੇ ਕੰਮ ਕਰੋ ਨਿਮਾਜ਼ਾਂ ਪੜ੍ਹਿਆਂ ਕਰੋ, ਰੋਜ਼ੇ ਰੱਖੋ, ਖ਼ੁਦਾ ਤੁਹਾਡਾ ਭਲਾ ਕਰੇਗਾ। ਇਨ੍ਹਾਂ ਕੰਮਾਂ ਵਿੱਚ ਕੀ ਪਿਆ ਹੈ? ਕਿਉਂਕਿ ਹਰ ਇੱਕ ਨੂੰ ਰੱਖਣ ਵਾਲਾ ਤੇ ਮਾਰਨ ਵਾਲਾ ਖ਼ੁਦਾ ਆਪ ਹੀ ਹੈ:-

ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ
ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥

(ਪੰਨਾ ੫੯੪)

ਅਤੇ ਦੂਜੀ ਗੱਲ ਇਹ ਹੈ ਕਿ ਸਰੀਰ ਵਿੱਚ ਮਰਨ ਵਾਲੀ ਕੋਈ ਵੀ ਚੀਜ਼ ਨਹੀਂ। ਨਾ ਤਾਂ ਜੀਵ ਆਤਮਾ ਹੀ ਮਰਦੀ ਹੈ, ਨਾ ਵਾਸਤਵ ਵਿੱਚ ਤੱਤਾਂ ਦਾ ਹੀ ਅਭਾਵ ਹੁੰਦਾ ਹੈ। ਸਰੀਰ ਵਿੱਚੋਂ ਨਿਕਲ ਕੇ ਤੱਤ ਆਪਣੇ ਤੱਤਾਂ ਵਿੱਚ ਜਾ ਮਿਲਦੇ ਹਨ, ਮਰਦੇ ਨਹੀਂ। ਬਾਕੀ ਰਹੀ ਗਿਆਨ ਨਿਸ਼ਚੇ ਵਾਲੀ ਗੱਲ, ਉਹ ਨਾ ਤਾਂ ਮਰਨ ਵਾਲਾ ਵੱਖਰਾ ਸਮਝਦੇ ਹਨ, ਨਾ ਮਾਰਨ ਵਾਲੇ ਨੂੰ ਹੋਰ ਦੂਜਾ ਜਾਣਦੇ ਹਨ। ਉਹ ਤਾਂ ਇਉ ਕਹਿੰਦੇ ਹਨ:

ਨਹ ਕਿਛੁ ਜਨਮੈ ਨਹ ਕਿਛੁ ਮਰੈ ॥
ਆਪਨ ਚਲਿਤੁ ਆਪ ਹੀ ਕਰੈ ॥

(ਪੰਨਾ ੨੮੧)

ਭਗਤ ਪੀਪਾ ਜੀ ਰਾਮ ਦੀ ਦੁਹਾਈ ਪਾ ਕੇ ਕਹਿੰਦੇ ਹਨ:

ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥

(ਪੰਨਾ ੬੯੫)

ਬਾਬਾ ਜੀ ਦੀ ਰਸਨਾਂ ਤੋਂ ਇਹ ਬਚਨ ਸੁਣਕੇ ਉਨ੍ਹਾਂ ਖੂੰਖਾਰ ਪਠਾਣਾਂ ਨੇ ਹਜ਼ੂਰ ਦੇ ਪਾਵਨ ਚਰਨਾਂ ਦੀ ਧੂੜ ਪਰਸੀ, ਸਲਾਮਾਂ ਕੀਤੀਆਂ ਅਤੇ ਅੱਗੇ ਵਾਸਤੇ ਪੂਰਨ ਸ਼ਰਧਾਲੂ ਬਣ ਕੇ ਆਪਣੇ ਘਰੀਂ ਆ ਗਏ। ਫਿਰ ਤਾਂ ਦਸਮੀ ਦੇ ਜੋੜ ਮੇਲੇ ਅਤੇ ਅੱਗੇ ਪਿੱਛੇ ਵੀ ਉਹ ਪਠਾਣ ਪੂਰਨ ਸ਼ਰਧਾ ਨਾਲ ਡੇਰੇ ਦੀ ਸੇਵਾ ਕਰਦੇ। ਬਾਬਾ ਜੀ ਦੇ ਦਰਸ਼ਨਾਂ ਵਾਸਤੇ ਮਾਈ ਭਾਈ ਦਿਨ ਰਾਤ ਖੁੱਲ੍ਹੇ ਆਉਂਦੇ। ਇਨ੍ਹਾਂ ਦੇ ਪਹਿਰੇ ਕਰ ਕੇ ਕਿਸੇ ਨੂੰ ਵੀ ਕੋਈ ਭੈ ਨਹੀਂ ਸੀ। ਕਿਸੇ ਕਵੀ ਦਾ ਸੁੰਦਰ ਖ਼ਿਆਲ ਹੈ:

ਸ਼ਾਹਨੇ ਰਹਿਮਤ ਕ੍ਰਿਸ਼ਮੇਂ ਦਿਖਾਏ,
ਕਿ ਚੀਖ ਉਠਾ ਹਰ ਬੇਗ਼ੁਨਾਹ ਕਿ ਮੈਂ ਵੀ ਗ਼ੁਨਾਹਗਾਰੋਂ ਮੇ ਹੂੰ।

ਅਰਥਾਤ: ਜਦੋਂ ਪਤਿਤ ਪਾਵਨ ਨੇ ਪਾਪੀਆਂ ਤੇ ਕ੍ਰਿਪਾ ਕੀਤੀ ਤਾਂ ਬੇਗ਼ੁਨਾਹ ਵੀ ਪੁਕਾਰ ਉੱਠੇ ਕਿ ਅਸੀਂ ਵੀ ਗ਼ੁਨਾਹਗਾਰਾਂ ਵਿੱਚ ਹਾਂ, ਆਪ ਸਾਡੇ ਤੇ ਵੀ ਕ੍ਰਿਪਾ ਕਰੋ।

ਇਸ ਤਰ੍ਹਾਂ ਕਈ ਵਾਰੀ ਰਾਤ ਦੇ ਸਮੇਂ ਪਠਾਣਾਂ ਨੇ ਬਾਬਾ ਜੀ ਤੇ ਹਮਲਾ ਕਰਿਆ ਪਰ ਅਸਫਲ ਰਹੇ। ਇਸੇ ਕਰਕੇ ਅੱਗੇ ਵਾਸਤੇ ਸੈਂਕੜੇ ਪਠਾਣ ਬਾਬਾ ਜੀ ਦੇ ਸ਼ਰਧਾਲੂ ਬਣ ਗਏ।

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

## ਸੰਤ ਬਾਬਾ ਰਾਮ ਸਿੰਘ ਜੀ ਦਾ ਬਾਬਾ ਜੀ ਦੇ ਪਾਸ ਹੋਤੀ ਡੇਰੇ ਆਉਣਾ

ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਖਿੜੀ ਚੰਦਨਵਾੜੀ ਦੇ ਖ਼ੁਸ਼ਬੂਦਾਰ ਮਹਿਕਦੇ ਫ਼ੁੱਲ, ਜਿਨ੍ਹਾਂ ਦੀ ਰਸ ਭਿੰਨੀ ਸੁਗੰਧੀ ਨੇ ਅੱਗੇ ਅਨੇਕਾਂ ਨੂੰ ਬਾਵਨ ਚੰਦਨ ਬਣਾਇਆ। ਸੰਤ ਰਾਮ ਸਿੰਘ ਜੀ ਵਿਰੱਕਤ ਸਨ ਜਿਨ੍ਹਾਂ ਨੂੰ ਉਸ ਸਮੇਂ ਨੌਰੰਗਾਬਾਦੀਏ ਆਖਿਆ ਕਰਦੇ ਸਨ। ਕਿਉਂਕਿ ਇਨ੍ਹਾਂ ਨੇ ਆਪਣਾ ਤਾਂ ਕੋਈ ਨਿੱਜੀ ਅਸਥਾਨ ਬਣਾਇਆ ਹੀ ਨਹੀਂ ਸੀ। ਜਾਂ ਤਾਂ ਵਿਚਰ ਕੇ ਹੀ ਸੰਗਤਾਂ ਨੂੰ ਨਿਹਾਲ ਕਰਦੇ ਜਾਂ ਗੁਰੂ ਅਸਥਾਨ ਨੌਰੰਗਾਬਾਦ ਹੀ ਰਹਿੰਦੇ। ਸੰਤ ਬਾਬਾ ਬੀਰ ਸਿੰਘ ਜੀ ਮਹਾਰਾਜ ਤੋਂ ਵਰੋਸਾਏ, ਸਿੱਖ ਪੰਥ ਦੇ ਚਮਕਦੇ ਰਤਨ ਸੰਤ ਮਹਾਰਾਜ ਸਿੰਘ ਜੀ, ਜਿਨ੍ਹਾਂ ਨੇ ਸਿੱਖੀ ਦੀ ਆਨ ਸ਼ਾਨ ਨੂੰ ਕਾਇਮ ਰੱਖਣ ਵਾਸਤੇ ਅਤੇ ਅੰਗਰੇਜ਼ ਗੌਰਮਿੰਟ ਨੂੰ ਦੇਸ਼ 'ਚੋਂ ਬਾਹਰ ਕੱਢਣ ਲਈ ਬਗ਼ਾਵਤ ਕਰ ਦਿੱਤੀ ਸੀ ਅਤੇ ਦੇਸ਼ ਕੌਮ ਲਈ ਆਪਣਾ ਸਭ ਕੁਝ ਹੀ ਕੁਰਬਾਨ ਕਰ ਲਿਆ, ਉਸ ਪੂਜਨੀਕ ਮਹਾਂ ਪੁਰਸ਼ ਸੰਤ ਮਹਾਰਾਜ ਸਿੰਘ ਜੀ ਦੇ ਪਾਵਨ ਚਰਨਾਂ ਚੋਂ ਵਰੋਸਾਏ ਸੰਤ ਰਾਮ ਸਿੰਘ ਜੀ ਸਨ। ਫਿਰ ਇਨ੍ਹਾਂ ਨੇ ਹੀ ਇਸ ਭਗਤੀ ਮਾਰਗ ਦੇ ਗਾਡੀ ਰਾਹ:

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥

(ਪੰਨਾ ੯੩੮)

ਦਾ ਉਪਦੇਸ਼ ਬਾਬਾ ਕਰਮ ਸਿੰਘ ਜੀ ਨੂੰ ਬਖ਼ਸ਼ਿਆ। ਜਿਨ੍ਹਾਂ ਨੇ ਮਰਦਾਨ ਇਲਾਕੇ ਨੂੰ ਭਾਗ ਲਾਏ। ਜਿਵੇਂ ਬਲ ਰਾਜੇ ਦੀ ਪ੍ਰੇਮਾ ਭਗਤੀ ਦੇ ਅਧੀਨ ਹੋ ਕੇ ਅੱਜ ਤੱਕ ਹਰੀ ਉਸ ਦੇ ਬੂਹੇ ਤੇ ਖੜ੍ਹਾ ਪਤਾਲ ਵਿੱਚ ਪਹਿਰਾ ਦੇ ਰਿਹਾ ਹੈ, ਇਸੇ ਤਰ੍ਹਾਂ ਆਪ ਨਿਰੰਕਾਰ ਨੂੰ ਸੱਚੇ ਫ਼ਕੀਰ ਦੀ ਜਗ੍ਹਾਂ ਡਿਊਟੀ ਭੁਗਤਾਈ ਜਾਣਕੇ ਸਾਰੇ ਹਿੰਦੁਸਤਾਨ ਵਿੱਚ ਬਾਬਾ ਕਰਮ ਸਿੰਘ ਜੀ ਦਾ ਬੜਾ ਜਸ ਫੈਲ ਗਿਆ ਤਾਂ ਇਹ ਸੰਤ ਰਾਮ ਸਿੰਘ ਜੀ ਵੀ ਆਪਣੇ ਪਰਮ ਪ੍ਰੀਤਵਾਨ ਸੇਵਕ ਦੇ ਪਾਸ ਹੋਤੀ ਪੁੱਜੇ। ਬਾਬਾ ਜੀ ਨੇ ਇਸ ਅਮੋਲਕ ਹੀਰੇ ਦਾ ਬੜਾ ਭਾਰੀ ਆਦਰ ਕੀਤਾ। ਇਕਾਂਤ ਅਸਥਾਨ ਵਿਖੇ ਰਿਹਾਇਸ਼ ਕਰਵਾ ਕੇ ਸੇਵਾ ਵਾਸਤੇ ਸੇਵਾਦਾਰਾਂ ਦੀ ਡਿਊਟੀ ਲਗਵਾ ਦਿੱਤੀ। ਆਪ ਵੀ ਹਜ਼ੂਰ ਦੋਵੇਂ ਟਾਇਮ ਦਰਸ਼ਨਾਂ ਨੂੰ ਪਾਸ ਜਾਂਦੇ। ਭਾਵਨਾ ਨਾਲ ਮੱਥਾ ਟੇਕ ਕੇ ਪਾਸ ਬੈਠਦੇ, ਬਚਨ ਸੁਣਦੇ, ਅਸੀਸਾਂ ਪਾਉਦੇ, ਸ਼ਾਸਤਰ ਵੀ ਏਹੋ ਕਥਨ ਕਰਦਾ ਹੈ:

*ਪੂਛੇ ਗੁਰੂ ਤੇ ਸੁਭ ਸਿੱਖ ਤੱਦਪਿ।*
*ਗਯਾਨਵਾਨ ਹੋਵੈ ਨਿਜ ਯਦਪਿ।*

*(ਸਾਰਕੁਤਾਵਲੀ)*

ਜਿਵੇਂ ਬੂਟੇ ਨੂੰ ਫ਼ਲ ਲੱਗਿਆ ਜਾਣ ਕੇ ਮਾਲੀ ਦੀ ਘਾਲਣਾ ਥਾਂ ਪੈਂਦੀ ਹੈ ਅਤੇ ਉਹ ਖ਼ੁਸ਼ੀ ਵਿੱਚ ਨਹੀਂ ਸਮਾਉਂਦਾ, ਵਿਦਿਆਰਥੀ ਨੂੰ ਮੈਰਿਟ ਲਿਸਟ ਵਿੱਚ ਆਇਆ ਦੇਖਕੇ ਅਧਿਆਪਕ ਦੇ ਮਨ ਵਿੱਚ ਖ਼ੁਸ਼ੀ ਪ੍ਰਫੁੱਲਤ ਹੁੰਦੀ ਹੈ। ਇਸੇ ਤਰ੍ਹਾਂ ਸੇਵਕ ਦਾ ਤੇਜ਼ ਪ੍ਰਤਾਪ ਤੇ ਵਡਿਆਈ ਦੇਖ ਕੇ ਗੁਰੂ ਦਾ ਮਨ ਪ੍ਰਸੰਨ ਹੁੰਦਾ ਹੈ। ਸੰਗਤਾਂ ਵੀ ਇਨ੍ਹਾਂ ਮਹਾਂ ਪੁਰਸ਼ਾਂ ਦਾ ਬਾਬਾ ਕਰਮ ਸਿੰਘ ਜੀ ਦੇ ਸਮਾਨ ਹੀ ਆਦਰ ਕਰਦੀਆਂ ਤੇ ਦਰਸ਼ਨਾਂ ਨੂੰ ਆਉਂਦੀਆਂ।

## ਹੋਤੀ ਵਾਸੀਆਂ ਨੂੰ ਵਰਦਾਨ

ਇੱਕ ਵਾਰ ਹੋਤੀ ਦੇ ਰਹਿਣ ਵਾਲਾ ਚੌਧਰੀ ਖੇਮ ਸਿੰਘ ਬਾਬਾ ਕਰਮ ਸਿੰਘ ਜੀ ਦੇ ਦਰਸ਼ਨਾਂ ਨੂੰ ਆਇਆ। ਭਾਵਨਾ ਨਾਲ ਮੱਥਾ ਟੇਕਿਆ। ਕੁਝ ਸਮਾਂ ਪਾਸ ਬੈਠ ਕੇ ਬਚਨ ਸੁਣੇ, ਫਿਰ ਜਾਣ ਦੀ ਆਗਿਆ ਮੰਗੀ। ਜਾਣੀ ਜਾਣ ਦਾਤੇ ਨੇ ਉੱਤਰ ਦਿੱਤਾ ਕਿ ਸੰਤ ਜੀ ਮਹਾਰਾਜ ਦੇ ਦਰਸ਼ਨ ਕਰ ਆ। ਉਸ ਨੇ ਬੇਨਤੀ ਕੀਤੀ, “ਮਹਾਰਾਜ ਪਹਿਲਾਂ ਉਨ੍ਹਾਂ ਦੇ ਪਾਸ ਹੀ ਨਮਸਕਾਰ ਕਰਕੇ ਆਇਆ ਹਾਂ”। ਹਜ਼ੂਰ ਨੇ ਫਿਰ ਕਿਹਾ, “ਅੱਜ ਜਾਣ ਦੀ ਆਗਿਆ ਵੀ ਉਨ੍ਹਾਂ ਦੇ ਪਾਸੋਂ ਹੀ ਲੈ”। ਜਦੋਂ ਬਾਬਾ ਜੀ ਦਾ ਇਹ ਬਚਨ ਸੁਣ ਕੇ ਖੇਮ ਚੰਦ ਬਾਬਾ ਰਾਮ ਸਿੰਘ ਜੀ ਦੇ ਪਾਸ ਦੁਬਾਰਾ ਆਇਆ, ਮੱਥਾ ਟੇਕ ਕੇ ਅਰਜ਼ ਕੀਤੀ, “ਮਹਾਰਾਜ! ਆਗਿਆ ਬਖ਼ਸ਼ੋ ਮੈਂ ਘਰ ਜਾਣਾ ਚਾਹੁੰਦਾ ਹਾਂ।” ਸੰਤ ਰਾਮ ਸਿੰਘ ਜੀ ਬੋਲੇ, “ਭਗਤਾ! ਅੱਜ ਨਾ ਜਾਹ ਕੱਲ ਆਗਿਆ ਦੇਵਾਂਗੇ।” ਇਸਨੇ ਫੇਰ ਹੱਥ ਜੋੜੇ ਤੇ ਆਖਿਆ, “ਮਹਾਰਾਜ! ਬਹੁਤ ਜ਼ਰੂਰੀ ਕੰਮ ਹੈ। ਕਈ ਥਾਈਂ ਜਾਣਾ ਹੈ। ਆਗਿਆ ਬਖ਼ਸ਼ੋ, ਕੱਲ ਫੇਰ ਆ ਜਾਵਾਂਗਾ।” ਸੰਤਾਂ ਨੇ ਕਿਹਾ, “ਅੱਜ ਨਾ ਜਾਹ। ਸਾਨੂੰ ਉਸ ਪਾਸਿਉ ਸੇਕ ਆਉਂਦਾ ਜਾਪਦਾ ਹੈ।” ਪਰ ਇਸ ਨੇ ਫੇਰ ਹਠ ਕਰ ਕੇ ਕਿਹਾ, “ਮਹਾਰਾਜ! ਅਸੀਂ ਗ੍ਰਹਿਸਥੀ ਲੋਕ ਕੰਮਾਂ ਕਾਰਾਂ ਵਿੱਚ ਫਸੇ ਪਏ ਹਾਂ ਜਿਸ ਕਰਕੇ ਹੁਣੇ ਹੀ ਜਾਣਾ ਹੈ ਅਤੇ ਜ਼ਰੂਰੀ ਕੰਮ ਹੈ।” ਮਹਾਂ ਪੁਰਸ਼ਾਂ ਦੀਆਂ ਰਮਜ਼ਾਂ ਨੂੰ ਕੋਈ ਵਡਭਾਗੀ ਹੀ ਸਮਝ ਸਕਦਾ ਹੈ। ਸਾਧੂ ਰਮਜ਼ ਦਿੰਦੇ ਹਨ ਰਾਜ ਨਹੀਂ ਦੱਸਦੇ। ਪਰ ਇਹ ਘੜੀ ਮੁੜੀ ਬੇਨਤੀ ਕਰੀ ਹੀ ਜਾਂਦਾ ਸੀ। ਅਖ਼ੀਰ ਨੂੰ ਹਠ ਕੀਤਾ ਅਤੇ ਸੰਤਾਂ ਨੂੰ ਮੱਥਾ ਟੇਕ ਕੇ ਤੁਰ ਹੀ ਪਿਆ। ਜਦੋਂ ਆਪਣੇ ਘਰ ਆਇਆ ਪ੍ਰਸ਼ਾਦਿ ਛਕ ਕੇ ਸੌਣ ਦੇ ਵਕਤ ਬਸਤਰ ਲਾਹੇ, ਆਪਣੇ ਗਲੋ ਕੋਟ ਉਤਾਰ ਕੇ ਜਿਸ ਦੀਆਂ ਜੇਬਾਂ ਨੋਟਾਂ ਤੇ ਹੋਰ ਜ਼ਰੂਰੀ ਕਾਗ਼ਜ਼ਾਂ ਨਾਲ ਭਰੀਆਂ ਹੋਈਆਂ ਸਨ। ਮੰਜੇ ਤੇ ਲੰਮਾ ਪਿਆ ਇਹ ਅਜੇ ਜਾਗਦਾ ਹੀ ਸੀ ਕਿ ਉਸੇ ਸਮੇਂ ਇਸ ਨੂੰ ਕੋਈ ਜ਼ਰੂਰੀ ਕੰਮ ਯਾਦ ਆ ਗਿਆ। ਜਿਸ ਕਰਕੇ ਮੰਜੇ ਤੋਂ ਉਠਿਆ, ਬਸਤਰ ਪਾਏ ਤੇ ਚੱਲ ਪਿਆ। ਕਾਹਲੀ ਵਿੱਚ ਕੋਟ ਪਾਉਣ ਦਾ ਵੀ ਚੇਤਾ ਨਾ ਰਿਹਾ। ਜਿੱਥੇ ਇਸ ਨੇ ਜਾਣਾ ਸੀ ਉਹ ਜਗ੍ਹਾਂ ਸ਼ਹਿਰ ਦੇ ਦੂਸਰੇ ਪਾਸੇ ਸੀ। ਕੰਮ ਕਰਦਿਆਂ ਦੇਰ ਵੀ ਕਾਫ਼ੀ ਲੱਗ ਗਈ। ਅੱਧੀ ਰਾਤ ਦਾ ਸਮਾਂ ਹੋ ਗਿਆ ਜਿਸ ਕਰਕੇ ਇਹ ਉੱਥੇ ਹੀ ਠਹਿਰ ਗਿਆ। ਘਰ ਨਾ ਆਇਆ।

ਜਦੋਂ ਦੂਜੇ ਦਿਨ ਸਵਖਤੇ ਹੀ ਘਰ ਆਇਆ ਤਾਂ ਦੇਖਦਾ ਹੈ ਕਿ ਮੁਹੱਲੇ ਵਾਲੇ ਲੋਕਾਂ ਦਾ ਬੜਾ ਇਕੱਠ ਜੁੜਿਆ ਹੈ। ਰੌਲਾ ਤੇ ਸ਼ੋਰ ਸਰਾਬਾ ਇਸ ਦੇ ਕੰਨੀ ਪਿਆ, ਅੱਗੇ ਆ ਕੇ ਪਤਾ ਕੀਤਾ ਕਿ ਮੁਹੱਲੇ ਵਿੱਚ ਅੱਗ ਲੱਗ ਗਈ ਹੈ, ਲੋਕਾਂ ਦੇ ਅੰਞਾਣੇ ਬਾਲ ਤੇ ਲੱਖਾਂ ਦਾ ਮਾਲ ਅੱਗ ਦੀ ਲਪੇਟ ਵਿੱਚ ਆ ਗਿਆ ਹੈ। ਸਾਰਾ ਮੁਹੱਲਾ ਅੱਗ ਬੁਝਾਉਣ ਦੇ ਯਤਨਾਂ ਵਿੱਚ ਲੱਗਾ ਸੀ। ਇਸ ਦਾ ਘਰ ਤੇ ਹੋਰ ਨਾਲ ਦੇ ਮਕਾਨ ਸੜ ਕੇ ਸੁਆਹ ਹੋ ਗਏ। ਨੋਟਾਂ ਵਾਲਾ ਕੋਟ ਤੇ ਕੀਮਤੀ ਸਮਾਨ ਅੱਗ ਦੀ ਭੇਟ ਹੋ ਗਿਆ। ਹੋਰ ਘਰਾਂ ਦੇ ਕੀਮਤੀ ਬਸਤਰ ਤੇ ਪਦਾਰਥ ਭਸਮਾਂ ਭੂਤ ਹੋ ਗਏ। ਲੋਕਾਂ ਨੇ ਮਸਾਂ-ਮਸਾਂ ਅੱਗ ਤੇ ਕਾਬੂ ਪਾਇਆ। ਲੱਖਾਂ ਦੇ ਮਾਲਕ ਕੱਖੀਂ ਰੁਲ ਗਏ। ਸਭਨਾਂ ਦੇ ਚਿੱਤ ਦੁਖੀ ਹੋ ਕੇ ਤੜਫ ਰਹੇ ਸਨ। ਹੌਕਿਆਂ ਵਿੱਚ ਰਾਤ ਕੱਟੀ। ਸਵੇਰ ਹੁੰਦਿਆਂ ਹੀ ਆਮ ਲੋਕ ਤੇ ਪ੍ਰੀਤਵਾਨ ਸ਼ਰਧਾਲੂ ਡੇਰੇ ਪੁੱਜੇ। ਸਭਨਾਂ ਨੇ ਬਾਬਾ ਜੀ ਨੂੰ ਨਮਸਕਾਰ ਕਰਕੇ ਪਾਵਨ ਚਰਨਾਂ ਵਿੱਚ ਅਰਜ਼ ਕੀਤੀ, “ਮਹਾਰਾਜ! ਬੜੀ ਤਬਾਹੀ ਹੋ ਗਈ ਸਭ ਕੁਝ ਅਗਨੀ ਦੀ ਭੇਟਾ ਹੋ ਗਿਆ। ਬਿਲਕੁਲ ਗ਼ਰੀਬ ਤੇ ਕੰਗਾਲ ਹੋ ਗਏ ਹਾਂ। ਸਾਡਾ ਝੱਟ ਕਿਵੇਂ ਲੰਘੇਗਾ ਹੁਣ ਤਾਂ ਬਾਲ ਬੱਚਿਆਂ ਦੀ ਪਾਲਣਾ ਦਾ ਵੀ ਫ਼ਿਕਰ ਲੱਗ ਰਿਹਾ ਹੈ। ਆਪ ਸਾਡੇ ਤੇ ਕ੍ਰਿਪਾ ਕਰੋ।” ਸੰਤਾਂ ਨੇ ਉਨ੍ਹਾਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਧੀਰਜ ਦਿੱਤਾ ਅਤੇ ਆਖਿਆ, “ਪ੍ਰੇਮੀਓ! ਇਹ ਵਾਹਿਗੁਰੂ ਦੀ ਲੀਲ੍ਹਾ ਹੈ, ਉਹ ਆਪ ਹੀ ਸਾਰੇ ਰੂਪਾਂ ਵਿੱਚ ਜੀਵਾਂ ਦੇ ਕੀਤੇ ਕਰਮਾਂ ਦਾ ਫ਼ਲ ਭੁਗਤਾ ਰਿਹਾ ਹੈ:

ਆਪੇ ਪਾਵਕੁ ਆਪੇ ਪਵਨਾ ॥
ਜਾਰੈ ਖਸਮੁ ਤ ਰਾਖੈ ਕਵਨਾ ॥

(ਪੰਨਾ ੩੨੯)

ਪ੍ਰਮੇਸ਼ਰ ਦੇ ਭਾਣੇ ਵਿੱਚ ਪ੍ਰਸੰਨ ਰਹਿਣਾ ਚਾਹੀਦਾ ਹੈ।” ਫਿਰ ਕਿਹਾ, “ਪ੍ਰੇਮੀ ਜਨੋਂ! ਅਕਾਲ ਪੁਰਖ ਵਾਹਿਗੁਰੂ ਤੇ ਭਰੋਸਾ ਰਖੋ ਜੋ ਸਭ ਦੀ ਪਾਲਣਾ ਕਰਦਾ ਹੈ, ਤੁਹਾਡੀ ਵੀ ਉਹੋ ਹੀ ਕਰੇਗਾ। ਇਹ ਤਾਂ ਉਸ ਦੇ ਕੌਤਕ ਹਨ। ਤੁਹਾਡੇ ਕੱਚੇ ਢਾਹ ਕੇ ਉਸ ਨੇ ਪੱਕੇ ਬਣਾਉਣੇ ਹਨ। ਗੁਰੂ ਨਾਨਕ ਦੇਵ ਜੀ ਤੁਹਾਡੇ ਤੇ ਕ੍ਰਿਪਾ ਕਰਨਗੇ। ਤੁਹਾਡੇ ਵਾਸਤੇ ਵਲਾਇਤ ‘ਚੋਂ ਮਾਇਆ ਆ ਰਹੀ ਹੈ। ਇਹ ਹੋਤੀ ਤਾਂ ਦਿੱਲੀ ਵਾਂਗ ਵਧ ਜਾਵੇਗੀ ਅਤੇ ਤੁਹਾਡਾ ਰੁਜ਼ਗਾਰ ਤੇ ਆਬਾਦੀ

ਵੀ ਦਿੱਲੀ ਵਾਂਗ ਹੀ ਹੋ ਜਾਵੇਗੀ।" ਸੰਤ ਜੀ ਮਹਾਰਾਜ ਦਾ ਇਹ ਵਰ ਸੁਣ ਕੇ ਨਿਸ਼ਚੇਵਾਨਾਂ ਸਿਦਕੀਆਂ ਨੇ ਤਾਂ ਸਿਰ ਨਿਵਾਏ ਕਿ ਠੀਕ ਹੈ, 'ਸਾਧ ਬਚਨ' ਜ਼ਰੂਰ ਹੀ 'ਅਟਲਾਧਾ' ਹੋਵੇਗਾ। ਪਰ ਦੂਜੇ ਹੈਰਾਨ ਸਨ ਕਿ ਵਲੈਤ ਵਿੱਚ ਸਾਡਾ ਕੌਣ ਬੈਠਾ ਹੈ, ਜੋ ਸਾਨੂੰ ਮਾਇਆ ਭੇਜੇਗਾ। ਇਹ ਗੱਲ ਕਿਵੇਂ ਹੋ ਸਕਦੀ ਹੈ?

ਪਰ ਥੋੜ੍ਹੇ ਹੀ ਚਿਰ ਤੋਂ ਬਾਅਦ ਮਲਾਕੰਡ[੧੧] ਦੀ ਲੜਾਈ ਸ਼ੁਰੂ ਹੋ ਗਈ। ਉਸ ਸਮੇਂ ਅੰਗਰੇਜ਼ੀ ਫੌਜਾਂ ਨੂੰ ਵਲਾਇਤੋਂ ਧਾਵਾ ਕਰਨ ਦਾ ਹੁਕਮ ਪੁੱਜ ਗਿਆ। ਫੌਜੀ ਅਫਸਰਾਂ ਨੇ ਹੋਤੀ ਦੇ ਲੋਕਾਂ ਨੂੰ ਰਸਦ ਆਦਿ ਸਪਲਾਈ ਕਰਨ ਦਾ ਹੁਕਮ ਦੇ ਦਿੱਤਾ। ਫਿਰ ਕੀ ਸੀ ਲੋਕਾਂ ਨੇ ਰੱਜ ਕੇ ਧਨ ਕਮਾਇਆ ਤੇ ਮਾਇਆ ਨਾਲ ਹੱਥ ਰੰਗ ਲਏ। ਬਹੁਤ ਸਾਰੇ ਪਿੰਡਾਂ ਦੇ ਲੋਕ ਵੀ ਹੋਤੀ ਆ ਵਸੇ ਉਹ ਵੀ ਧਨਾਢ ਹੋ ਗਏ। ਹੋਤੀ ਦੇ ਖ਼ਾਨ ਸਾਹਬ ਨੇ ਵੀ (ਜੋ ਬਾਬਾ ਜੀ ਦਾ ਪਰਮ ਸਰਧਾਲੂ ਸੀ) ਹਿੰਦੂਆਂ ਨਾਲ ਹਮਦਰਦੀ ਕੀਤੀ। ਸੱਚ ਮੁਚ ਸੰਤਾਂ ਦੇ ਵਰ ਨੇ ਹੋਤੀ ਨੂੰ ਦਿੱਲੀ ਹੀ ਬਣਾ ਦਿੱਤਾ। ਥੋਕ ਮਾਲ ਦੇ ਕਟੜੇ ਖੁੱਲ੍ਹ ਗਏ। ਹਰ ਚੀਜ਼ ਦਿੱਲੀ ਨਾਲੋਂ ਸਸਤੀ ਮਿਲਣ ਲੱਗੀ। ਪ੍ਰੇਮੀਆਂ ਭਗਤਾਂ ਦਾ ਨਿਸ਼ਚਾ ਸੀ ਕਿ ਜੋ ਸੰਤਾਂ ਨੇ ਬਚਨ ਕੀਤਾ ਹੈ ਪੂਰਾ ਹੋਵੇਗਾ। ਸੋ ਪੂਰਾ ਹੋਇਆ।

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

---

[੧੧] ਇਹ ਲੜਾਈ 'ਮਲਾਕੰਡ' ਨਾਮ ਨਾਲ ਪ੍ਰਸਿਧ ਹੈ। 'ਮਲਾਕੰਡ' ਭਾਰੀ ਕਸਬਾ ਹੈ ਅਤੇ ਏਥੇ ਇੱਕ ਬੜਾ ਵੱਡਾ ਮਸ਼ਹੂਰ ਕਿਲ੍ਹਾ ਹੈ। ਇਹ ਥਾਂ ਹੋਤੀ ਮਰਦਾਨ ਤੋਂ ਅੱਗੇ ਥੋੜੀ ਦੂਰੀ ਤੇ ਹੀ ਹੈ। ਇਹ ਪਹਿਲਾਂ ਅੰਗਰੇਜ਼ਾਂ ਦੇ ਮਾਤਹਿਤ ਸੀ। ਇਸ ਤੋਂ ਅੱਗੇ ਮੀਆਂ ਗੁਲ ਪਠਾਣ ਦੀ 'ਸੁਅਾਂਤ ਰਿਆਸਤ' ਆ ਲਗਦੀ ਹੈ, ਇਹ ਆਜ਼ਾਦ ਸੀ। ਯਾਕੀ ਤੇ ਜਰਗੇ ਲੋਕ ਅੰਗਰੇਜ਼ਾਂ ਨੂੰ ਮੰਨਦੇ ਨਹੀਂ ਸਨ, ਇਨ੍ਹਾਂ ਨਾਲ ਅੰਗਰੇਜ਼ਾਂ ਦਾ ਜੰਗ ਹੋਇਆ।

## ਗਾਇਡ ਪਲਟਨ ਨੂੰ ਜਿੱਤ ਦਾ ਵਰ

ਸਾਰੀਆਂ ਪਲਟਨਾਂ 'ਚੋਂ ਗਾਇਡ ਪਲਟਨ ਪ੍ਰਸਿੱਧ ਪਲਟਨ ਸੀ, ਜਿਸ ਵਿੱਚ ਪਹਿਲਾਂ ਬਾਬਾ ਕਰਮ ਸਿੰਘ ਜੀ ਮਹਾਰਾਜ ਨੇ ਨੌਕਰੀ ਕੀਤੀ। ਇਨ੍ਹਾਂ ਦੀ ਘਾਲ ਕਮਾਈ ਦਾ ਸਦਕਾ ਇਸੇ ਪਲਟਨ ਵਿੱਚ ਆਪ ਨਿਰੰਕਾਰ ਬਾਬਾ ਕਰਮ ਸਿੰਘ ਜੀ ਦੇ ਰੂਪ ਵਿੱਚ ਪਹਿਰੇ ਤੇ ਖੜ੍ਹਾ ਹੋਇਆ ਸੀ।

ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥

(ਪੰਨਾ ੭੮੩)

ਇਸ ਗਾਇਡ ਪਲਟਨ ਨੂੰ ਵੀ 'ਮਲਾਕੰਡ' ਦੇ ਮੋਰਚੇ ਵਿੱਚ ਜਾਣ ਦਾ ਹੁਕਮ ਹੋਇਆ। ਉਸ ਸਮੇਂ ਇਸ ਪਲਟਨ ਦਾ ਜਰਨੈਲ ਜੋ ਅੰਗਰੇਜ਼ ਸੀ ਅਤੇ ਪਲਟਨ ਦੇ ਸਿੱਖ ਸਰਦਾਰ ਹਜ਼ੂਰ ਦੇ ਦਰਸ਼ਨ ਅਤੇ ਆਗਿਆ ਪ੍ਰਾਪਤੀ ਲਈ ਹੋਤੀ ਡੇਰੇ ਆਏ ਭਾਵਨਾ ਨਾਲ ਮੱਥਾ ਟੇਕਿਆ ਸਾਰਿਆਂ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਹੁਣ ਮੋਰਚੇ ਵਿੱਚ ਜਾ ਰਹੇ ਹਾਂ ਆਪ ਨੇ ਸਾਡੀ ਲਾਜ ਰੱਖਣੀ"। ਸੰਤਾਂ ਨੇ ਸਭਨਾਂ ਨੂੰ ਲੰਗਰੋਂ ਪ੍ਰਸ਼ਾਦਿ ਛਕਾਇਆ ਅਤੇ ਹੁਕਮ ਕੀਤਾ, "ਜਾਓ ਕੋਈ ਫ਼ਿਕਰ ਨਾ ਕਰੋ, ਕਲਗੀਆਂ ਵਾਲਾ ਪਾਤਸ਼ਾਹ ਤੁਹਾਡੇ ਅੰਗ ਸੰਗ ਹੈ, ਫਤਿਹ ਦੇ ਡੰਕੇ ਵਜਾਉਂਦੇ ਵਾਪਸ ਆਉਗੇ।"

'ਸਾਧੂ ਬੋਲੈ ਸਹਿਜ ਸੁਭਾਇ।ਸਾਧ ਕਾ ਬੋਲਿਆ ਬਿਰਥਾ ਨਾ ਜਾਇ'

ਹਜ਼ੂਰ ਦੀ ਆਗਿਆ ਪਾ ਕੇ ਮੋਰਚੇ ਵਿਚ ਪੁੱਜੇ। ਦਰਿਅਉਂ ਪਾਰ ਦੁਸ਼ਮਣ ਦੀ ਫ਼ੌਜ ਸੀ। ਏਧਰ ਇਨ੍ਹਾਂ ਦੀ ਪਲਟਨ ਦੇ ਕਰਨਲ ਸਾਹਬ ਨੇ ਆਪਣੇ ਫ਼ੌਜੀ ਜਵਾਨਾਂ ਨੂੰ ਧਾਵੇ ਦਾ ਹੁਕਮ ਕਰ ਦਿੱਤਾ। ਸਿੰਘਾਂ ਨੇ ਦਰਿਆਉਂ ਪਾਰ ਜਾ ਜੈਕਾਰੇ ਬੁਲਾਏ ਤੇ ਵੈਰੀ ਤੇ ਧਾਵਾ ਬੋਲ ਦਿੱਤਾ। ਵੈਰੀ ਦੀ ਸੈਨਾ ਨੇ ਥੋੜ੍ਹਾ ਸਮਾਂ ਡਟ ਕੇ ਮੁਕਾਬਲਾ ਵੀ ਕੀਤਾ, ਪਰ ਸਿੰਘਾਂ ਦੀ ਬਹਾਦਰੀ ਦੇਖ ਕੇ ਉਨ੍ਹਾਂ ਦੇ ਛੇਤੀ ਹੀ ਪੈਰ ਉੱਖੜ ਗਏ ਤੇ ਸਾਰੇ ਨੱਸ ਗਏ। ਮੈਦਾਨ ਖਾਲਸੇ ਦੇ ਹੱਥ ਆਇਆ, ਸਿੰਘ ਜਿੱਤ ਦੇ ਨਗਾਰੇ ਬੁਲਾਉਂਦੇ ਹੋਏ ਤੇ ਬਾਬਾ ਕਰਮ ਸਿੰਘ ਜੀ ਦੀ ਜੈ ਜੈਕਾਰ ਕਰਦੇ ਹੋਏ ਡੇਰੇ ਆਏ। ਬਾਬਾ ਜੀ ਨੂੰ ਨਮਸਕਾਰ ਕੀਤੀ ਅਖੰਡ ਪਾਠ ਰਖਵਾ ਕੇ ਭੋਗ ਪਵਾਇਆ, ਬਾਅਦ ਵਿਚ ਸੰਗਤ ਨੂੰ ਲੰਗਰ ਭੰਡਾਰਾ ਵੀ ਵਰਤਾਇਆ। ਸੰਤਾਂ ਨੂੰ ਵੱਖਰੀ ਭੇਟਾ ਅਰਪੀ ਇਉਂ ਪੂਰਨ ਸ਼ਰਧਾਲੂ ਬਣ ਕੇ ਅਸੀਸਾਂ ਲੈਂਦੇ ਛਾਉਣੀ ਪੁੱਜੇ।

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

# ਰਹੁ ਵਾਲੇ ਸਰਦਾਰ ਨੂੰ ਵਰ

ਇਉਂ ਸਾਰੇ ਹਿੰਦੁਸਤਾਨ ਤੇ ਅਤਰ ਦੀ ਖ਼ੁਸ਼ਬੂ ਵਾਂਗ ਬਾਬਾ ਕਰਮ ਸਿੰਘ ਜੀ ਦਾ ਜਸ ਫੈਲ ਗਿਆ। ਇੱਕ ਵਾਰੀ ਨਰਾਇਣ ਸਿੰਘ ਨਾਮ ਕਰਕੇ, (ਜੋ ਕਿਲ੍ਹੇ ਦਾ ਰਹਿਣ ਵਾਲਾ ਸੀ ਪਰ ਇਸ ਨੂੰ ਰਹੁ ਵਾਲਾ ਸਰਦਾਰ ਕਹਿਕੇ ਹੀ ਸਾਰੇ ਬੁਲਾਇਆ ਕਰਦੇ ਸਨ, ਇਹ ਸੰਤ ਜੀ ਦੀ ਪਲਟਨ ਦਾ ਹੀ ਹੌਲਦਾਰ ਸੀ) ਬੜੀ ਭਾਵਨਾ ਨਾਲ ਬਾਬਾ ਜੀ ਦੇ ਦਰਸ਼ਨਾਂ ਨੂੰ ਹੋਤੀ ਡੇਰੇ ਆਇਆ। ਸ਼ਰਧਾ ਨਾਲ ਭੇਟਾ ਅਰਪੀ, ਪਾਵਨ ਚਰਨ ਪਰਸੇ ਅਤੇ ਪਾਸ ਬੈਠ ਗਿਆ। ਸੰਤਾਂ ਨੇ ਬਚਨ ਕੀਤਾ, "ਆ ਬਈ ਸਰਦਾਰਾ! ਤਕੜਾ ਹੈਂ? ਬੜੇ ਚਿਰਾਂ ਬਾਅਦ ਦਰਸ਼ਨ ਦਿੱਤੇ ਨੇ।" ਉਸ ਨੇ ਕਿਹਾ, "ਜੀ! ਮੇਰੇ ਕਰਮਾਂ ਵਿੱਚ ਸਰਦਾਰੀ ਕਿਥੇ, ਹੁਣ ਤਾਂ ਸਰੀਰ ਵੀ ਬੁੱਢਾ ਹੋ ਗਿਆ ਹੈ, ਅਤੇ ਥੋੜ੍ਹੇ ਦਿਨਾਂ ਨੂੰ ਪੈਨਸ਼ਨ ਚਲੇ ਜਾਣਾ ਹੈ।"

ਸੰਤਾਂ ਨੇ ਫਿਰ ਕਿਹਾ, "ਤੂੰ ਹੁਣ ਜਮਾਂਦਾਰ ਬਣਕੇ ਹੀ ਪੈਨਸ਼ਨ ਜਾਵੇਂਗਾ ਕੋਈ ਚਿੰਤਾ ਨਾ ਕਰ ਵਾਹਿਗੁਰੂ ਸਰਦਾਰੀ ਬਖ਼ਸ਼ੇਗਾ।" ਇਹ ਸੰਤਾਂ ਦੇ ਸੁਤੇ ਹੀ ਬਚਨ ਸਨ। ਵਰ ਲੈ ਕੇ ਪਲਟਨ ਵਿੱਚ ਆ ਗਿਆ ਅਤੇ ਥੋੜ੍ਹੇ ਹੀ ਦਿਨਾਂ ਬਾਅਦ ਸਰਦਾਰੀ ਦਾ ਹੁਕਮ ਆ ਗਿਆ, ਬੜੀਆਂ ਵਧਾਈਆਂ ਮਿਲੀਆਂ। ਫਿਰ ਇਸ ਨੇ ਸੰਤਾਂ ਦੇ ਡੇਰੇ ਆ ਕੇ ਅਖੰਡ ਪਾਠ ਰਖਵਾਇਆ ਤੇ ਸਾਰੀ ਸੰਗਤ ਨੂੰ ਭੰਡਾਰਾ ਕੀਤਾ। ਥੋੜ੍ਹੇ ਦਿਨਾਂ ਨੂੰ ਹੀ ਜਮਾਂਦਾਰੀ ਪੈਨਸ਼ਨ ਲੈ ਕੇ ਘਰ ਚਲਾ ਗਿਆ ਅਤੇ ਸਾਰੀ ਉਮਰ ਸੁੱਖ ਵਿੱਚ ਕੱਟੀ।

# ਮਚੈ ਪਿੰਡ ਨੂੰ ਨਿਰਮਲ ਜਲ ਦੀ ਬਖ਼ਸ਼ਿਸ਼

ਇੱਕ ਵਾਰੀ ਰੁਸ਼ਤਮ ਤੇ 'ਮਚੈ' ਆਦਿ ਪਿੰਡਾਂ ਦੀ ਸੰਗਤ ਬਾਬਾ ਜੀ ਦੇ ਦਰਸ਼ਨਾਂ ਨੂੰ ਹੋਤੀ ਆਈ। (ਇਨ੍ਹਾਂ ਦੋਹਾਂ ਪਿੰਡਾਂ ਦਾ ਆਪਸ ਵਿੱਚ ਛੇ ਮੀਲ ਦਾ ਫਾਸਲਾ ਹੈ, ਹੋਤੀ ਤੋਂ ਮਚੈ ੧੬ ਮੀਲ ਤੇ ਰੁਸਤਮ ੨੨ ਮੀਲ ਹੈ) ਸ਼ਰਧਾ ਨਾਲ ਭੇਟਾ ਅਰਪੀ, ਨਮਸਕਾਰ ਕੀਤੀ, ਦਾਤੇ ਨੇ ਆਉਣ ਦਾ ਕਾਰਨ ਪੁਛਿਆ। ਇਨ੍ਹਾਂ ਨੇ ਦੋਵੇਂ ਹੱਥ ਜੋੜ ਕੇ ਅਰਜ਼ ਕੀਤੀ, "ਮਹਾਰਾਜ! ਉਸ ਇਲਾਕੇ ਦੀ ਸੰਗਤ ਤੇ ਤਰਸ ਕਰੋ ਅਤੇ ਆਪਣੇ ਜਾਣ ਕੇ ਉੱਥੇ ਪੁੱਜ ਕੇ ਦਰਸ਼ਨ ਦੇਵੋ। ਇਨ੍ਹਾਂ ਦੀ ਬੇਨਤੀ ਸੁਣਕੇ ਦਿਆਲੂ ਸੰਤਾਂ ਨੇ ਪ੍ਰਵਾਨਗੀ ਦੇ ਦਿੱਤੀ। ਡੇਰੇ ਦੇ ਸਾਧੂਆਂ ਸਮੇਤ ਘੋੜਿਆਂ ਤੇ ਅਸਵਾਰ ਹੋ ਕੇ ਰੁਸਤਮ ਪਿੰਡ ਪਹੁੰਚੇ। ਸੰਗਤ ਹਜ਼ੂਰ ਦੇ ਦਰਸ਼ਨਾਂ ਦੀ ਉਡੀਕ ਵਿੱਚ ਪਹਿਲਾਂ ਹੀ ਸਤਿਕਾਰ ਵਾਸਤੇ ਯਾਦ ਕਰ ਰਹੀ ਸੀ। ਬੈਂਡ ਤੇ ਦੇਸੀ ਵਾਜਿਆਂ ਨਾਲ ਸੰਗਤ ਨੇ ਸੰਤਾਂ ਦਾ ਬਹੁਤ ਸਵਾਗਤ ਕੀਤਾ। ਸੰਤਾਂ ਨੂੰ ਝੰਪਾਨ ਵਿੱਚ ਬਿਠਾਕੇ ਸੰਗਤਾਂ ਸਜੇ ਹੋਏ ਬਜ਼ਾਰ ਵਿੱਚ ਦੀ ਹੁੰਦੀਆਂ ਹੋਈਆਂ ਦੀਵਾਨ ਅਸਥਾਨ ਤੇ ਪੁੱਜੀਆਂ। ਗੁਰਬਾਣੀ ਦੇ ਅਖੰਡ ਕੀਰਤਨ ਦੀ ਘਨਘੋਰ ਨਾਲ ਵਾਤਾਵਰਨ ਬੈਕੁੰਠ ਬਣਿਆ ਹੋਇਆ ਸੀ। ਮਹਾਂ ਪੁਰਸ਼ਾਂ ਨੇ ਦਰਸ਼ਨੀ ਭੇਟਾ ਅਰਪ ਕੇ ਸਤਿਗੁਰਾਂ ਨੂੰ ਨਮਸਕਾਰ ਕੀਤੀ ਫਿਰ ਰਾਗੀਆਂ ਦੇ ਸਾਹਮਣੇ ਸਜ ਗਏ। ਸ਼ਰਧਾਲੂ ਪ੍ਰੇਮੀ ਸਤਿਗੁਰਾਂ ਨੂੰ ਤੇ ਬਾਬਾ ਜੀ ਨੂੰ ਨਮਸਕਾਰ ਕਰਦੇ ਸਨ, ਤੇ ਭਾਵਨਾ ਵਾਲੇ ਜੋ ਵੀ ਭਾਵਨਾ ਲੈ ਕੇ ਪੁੱਜੇ ਕੋਈ ਖ਼ਾਲੀ ਨਹੀਂ ਮੁੜਿਆ। ਸੰਤਾਂ ਨੇ ਸਭਨਾਂ ਨੂੰ ਵਰ ਦੇ ਕੇ ਨਿਹਾਲ ਕੀਤਾ। ਬਾਰਾਂ ਵਜੇ ਦੀਵਾਨ ਸਮਾਪਤ ਹੋਇਆ। ਅਰਦਾਸ ਉਪਰੰਤ ਕੜਾਹ ਪ੍ਰਸ਼ਾਦਿ ਵਰਤਿਆ, ਫਿਰ ਮਹਾਰਾਜ ਨੂੰ ਭੋਗ ਲਵਾ ਕੇ ਗੁਰੂ ਕਾ ਲੰਗਰ ਖੋਹਲ ਦਿੱਤਾ। ਜੋ ਬਾਰਾਂ ਵਜੇ ਤੋਂ ਲੈ ਕੇ ਸ਼ਾਮ ਤੱਕ ਬੜਾ ਅਤੁੱਟ ਵਰਤਿਆ। ਇੱਥੋਂ ਆਪ ਜੀ ਨੂੰ ਬੇਨਤੀ ਕਰਕੇ 'ਮਚੈ' ਪਿੰਡ ਦੀ ਸੰਗਤ ਲੈ ਆਈ। ਉਨ੍ਹਾਂ ਨੇ ਵੀ ਬਾਬਾ ਜੀ ਦਾ ਬੜਾ ਆਦਰ ਸਤਿਕਾਰ ਕੀਤਾ ਤੇ ਪ੍ਰਸੰਨਤਾ ਪ੍ਰਾਪਤ ਕੀਤੀ। ਅੰਤਰਯਾਮੀ ਦਾਤੇ ਨੇ ਇਨ੍ਹਾਂ ਦਾ ਪਿਆਰ ਤੱਕ ਕੇ ਬਚਨ ਕੀਤਾ, "ਅਸੀਂ ਤੁਹਾਡੇ ਤੇ ਬਹੁਤ ਪ੍ਰਸੰਨ ਹੋਏ ਹਾਂ ਜੋ ਜੀ ਚਾਹੇ ਮੰਗੋ।"

ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥

(ਪੰਨਾ ੬੧੮)

ਦੇ ਹੁਕਮ ਅਨੁਸਾਰ ਗੁਰੂ ਨਾਨਕ ਦੇ ਭੰਡਾਰਿਆਂ ਦੇ ਮਾਲਕ ਅਸਲੀ ਦਾਤੇ ਨੂੰ ਤਰੁੱਠਿਆਂ ਜਾਣ ਕੇ ਸਾਰਿਆਂ ਨੇ ਹੱਥ ਜੋੜੇ ਤੇ ਅਰਜ਼ ਕੀਤੀ, "ਮਹਾਰਾਜ! ਇੱਥੋਂ ਦੇ ਵਾਸੀਆਂ ਨੂੰ ਪਾਣੀ ਦੀ ਬੜੀ ਕਿੱਲਤ ਹੈ। ਆਪ ਸਾਡੇ ਤੇ ਕ੍ਰਿਪਾ ਕਰੋ ਅਤੇ ਜੋ ਸਭਨਾਂ ਦੇ ਪ੍ਰਾਣਾ ਦਾ ਆਸਰਾ ਹੈ ਜਲ ਬਖ਼ਸ਼ੋ। ਇੱਥੋਂ ਦਾ ਪਾਣੀ ਚੰਗਾ ਨਹੀਂ ਸਾਨੂੰ ਬੜੀ ਦੂਰ ਤੋਂ ਲਿਆਉਣਾ ਪੈਂਦਾ ਹੈ।" ਸੰਗਤ ਦੀ ਇਸ ਪ੍ਰਕਾਰ ਦੀ ਬੇਨਤੀ ਸੁਣ ਕੇ:

ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

(ਪੰਨਾ ੭੪੯)

ਜੀਅ ਦਾਨ ਦੇ ਕੇ ਭਗਤੀ ਵਿੱਚ ਜੋੜਨ ਵਾਲੇ ਮਹਾਂ ਪੁਰਸ਼ਾਂ ਨੇ ਇਹ ਪ੍ਰਭੂ ਦੀ ਰਜਾ ਸਮਝ ਕੇ ਹੱਥ ਵਿੱਚ ਫੜੀ ਬਰਛੀ ਜ਼ੋਰ ਨਾਲ ਧਰਤੀ ਤੇ ਮਾਰੀ, ਉਸੇ ਸਮੇਂ ਨਿਰਮਲ ਜਲ ਦਾ ਚਸਮਾਂ ਫੁੱਟ ਪਿਆ। ਬਚਨ ਕੀਤਾ, "ਸੰਗਤ ਜੀ ਇਹ ਅਗੰਮੀ ਹੁਕਮ ਦੀ ਦਾਤ ਹੈ, ਮੇਰੇ ਪ੍ਰਭੂ ਨੇ ਤੁਹਾਡੇ ਤੇ ਬਖ਼ਸ਼ਿਸ਼ ਕੀਤੀ ਹੈ। ਇਸ ਚਸ਼ਮੇ ਵਿੱਚ ਜੋ ਵੀ ਰੋਗੀ ਇਸ਼ਨਾਨ ਕਰੇਗਾ ਉਸ ਦੇ ਸਾਰੇ ਰੋਗ ਦੂਰ ਹੋ ਜਾਣਗੇ। ਹੋਰ ਤਾਂ ਕੀਹ ਜੋ ਏਥੇ ਆਪ ਨਾ ਵੀ ਆ ਸਕੇ ਅਤੇ ਜਿਸ ਵੀ ਦੂਰ ਬੈਠੇ ਰੋਗੀ ਦੇ ਮੂੰਹ ਵਿੱਚ ਇਹ ਅੰਮ੍ਰਿਤ ਪਵੇਗਾ ਉਸ ਦੇ ਸਾਰੇ ਦੁਖ ਕੱਟੇ ਜਾਣਗੇ। ਉਸ ਇਲਾਕੇ ਦੇ ਲੋਕ ਦੱਸਦੇ ਹਨ ਕਿ ਸਾਲ ਦੇ ਸਾਲ ਉਸ ਚਸਮੇ ਤੇ ਬੜਾ ਭਾਰੀ ਮੇਲਾ ਲੱਗਦਾ ਹੈ। ਇਲਾਕੇ ਦੇ ਹਿੰਦੂ ਸਿੱਖ ਤੇ ਮੁਸਲਮਾਨ ਪਠਾਣ ਤਾਂ ਆਉਂਦੇ ਹੀ ਹਨ। ਪਰ ਜੇ ਕੋਈ ਦੂਰੋਂ ਵੀ ਆਇਆ ਭਾਵਨਾ ਨਾਲ ਸੁਖਣਾ ਸੁੱਖੀ, ਇਸ਼ਨਾਨ ਕੀਤਾ ਫਿਰ ਉਹ ਨਿਰਾਸ਼ ਨਹੀਂ ਮੁੜਿਆ। ਮੇਲੇ ਵਿੱਚ ਕੋਈ ਬੇ-ਅਦਬੀ ਨਹੀਂ ਸੀ ਕਰਦਾ। ਉਸ ਚਸਮੇ ਦਾ ਸੈਂਕੜੇ ਆਦਮੀ ਹਰ ਰੋਜ਼ ਜਲ ਲਿਜਾਂਦੇ। ਪਾਕਿਸਤਾਨ ਬਣੇ ਤੋਂ ਬਾਅਦ ਵੀ ਉਸ ਇਲਾਕੇ ਦੇ ਮੁਸਲਮਾਨਾਂ ਦੀ ਸ਼ਰਧਾ ਅਜੇ ਵੀ ਕਾਇਮ ਹੈ। ਭਾਵਨਾ ਵਾਲਿਆਂ ਦੇ ਅੱਜ ਤੱਕ ਮਨੋਰਥ ਪੂਰੇ ਹੁੰਦੇ ਹਨ। ਇਉਂ ਸੰਤ ਜੀ ਇਸ ਇਲਾਕੇ ਦੀ ਸੰਗਤ ਨੂੰ ਨਿਹਾਲ ਕਰ ਡੇਰੇ ਵਾਪਸ ਆ ਗਏ।

# ਚੰਦੂ ਲਾਲ ਦੀ ਡਾਕੂਆਂ ਤੋਂ ਰੱਖਿਆ

ਸੰਧੂ ਨਗਰ ਦਾ ਭਾਈ ਚੰਦੂ ਲਾਲ ਜੋ ਸੰਤ ਜੀ ਮਹਾਰਾਜ ਦਾ ਬੜਾ ਸ਼ਰਧਾਲੂ ਤੇ ਗੁਰੂ ਘਰ ਦਾ ਪੂਰਨ ਸਿਦਕੀ ਸਿੱਖ ਸੀ। ਡੇਰੇ ਆ ਕੇ ਸੇਵਾ ਕਰਦਾ ਸੰਤਾਂ ਦੇ ਬਚਨ ਸੁਣਦਾ, ਬਾਹਰ ਅੰਦਰ ਕਾਰੋਬਾਰ ਦੇ ਸਮੇਂ ਵੀ ਸੰਤਾਂ ਨੂੰ ਅੰਗ ਸੰਗ ਜਾਣਦਾ। ਇਹ ਅਕਸਰ ਵਪਾਰ ਦਾ ਕੰਮ ਕਰਦਾ ਸੀ। ਦੂਰੋ ਨੇੜਿਉਂ ਮਾਲ ਖ਼ਰੀਦ ਕੇ ਲਿਆਉਂਦਾ ਨਗਰਾਂ ਵਿੱਚ ਵੇਚ ਕੇ ਲਾਭ ਪ੍ਰਾਪਤ ਕਰਦਾ ਸੀ। ਇੱਕ ਸਮੇਂ ਇਹ ਆਪਣੇ ਪਾਸ ਮਾਇਆ ਲੈ ਕੇ ਮਾਲ ਖ਼ਰੀਦਣ ਲਈ ਇਕੱਲਾ ਹੀ ਜਾ ਰਿਹਾ ਸੀ। ਰਸਤੇ ਵਿੱਚ ਬਹੁਤ ਘਣਾ ਜੰਗਲ ਆ ਗਿਆ। ਇਸ ਨੂੰ ਡਾਕੂਆਂ ਨੇ ਘੇਰਾ ਪਾ ਲਿਆ, ਅਤੇ ਆਖਿਆ ਕਿ ਜੇ ਚੰਗੀ ਚਾਹੁੰਦਾ ਹੈ ਤਾਂ ਜੋ ਕੁਝ ਤੇਰੇ ਪਾਸ ਹੈ ਸਾਰਾ ਹੀ ਏਥੇ ਰੱਖ ਦੇ, ਨਹੀਂ ਤਾਂ ਤੈਨੂੰ ਹੁਣੇ ਹੀ ਕਤਲ ਕਰਦੇ ਹਾਂ। ਹਥਿਆਰ ਬੰਦ ਡਾਕੂਆਂ ਦੀਆਂ ਭਿਆਨਕ ਸ਼ਕਲਾਂ ਦੇਖ ਕੇ ਇਸ ਦਾ ਸਰੀਰ ਥਰ-ਥਰ ਕੰਬਣ ਲੱਗ ਪਿਆ। ਉਸ ਸਮੇਂ ਇਸ ਨੇ ਬਾਬਾ ਜੀ ਨੂੰ ਸਾਰੀਆਂ ਥਾਵਾਂ ਤੇ ਵਿਆਪਕ ਜਾਣਕੇ ਬਾਬਾ ਜੀ ਨੂੰ ਯਾਦ ਕੀਤਾ ਅਤੇ ਆਖਿਆ, "ਮਹਾਰਾਜ! ਛੇਤੀ ਬਹੁੜੋ, ਸੰਭਾਲੋ ਆਪਣਾ ਗ਼ਰੀਬ ਨਿਵਾਜ਼ ਬਿਰਦ, ਹੁਣ ਤਾਂ ਇੱਕ ਤੁਹਾਡਾ ਹੀ ਆਸਰਾ ਹੈ:

ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ ॥

(ਪੰਨਾ ੬੭੭)

ਆਪ ਦੀ ਓਟ ਲਿਆਂ ਮਾਤਾ ਦੇ ਗਰਭ ਵਿੱਚ ਜਠਰਾ ਅਗਨੀ ਵੀ ਨਹੀਂ ਸਾੜ ਸਕਦੀ।

ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ ॥<br>
ਓਥੈ ਤੇਰੀ ਰਖ ਅਗਨੀ ਉਦਰ ਮਾਹਿ ॥

(ਪੰਨਾ ੯੬੨)

ਹੇ ਦਾਤਾ! ਆਪਣੇ ਜਾਣਕੇ ਇਨ੍ਹਾਂ ਜ਼ਾਲਮਾਂ ਤੋਂ ਬਚਾਉ।" ਇਸ ਤਰ੍ਹਾਂ ਦੀਆਂ ਬੇਨਤੀਆਂ ਕਰਦੇ ਨੇ ਕੀ ਤੱਕਿਆ ਕਿ ਬਰਦੀ ਸਮੇਤ ਕੋਈ ਸੂਰਬੀਰ ਸ਼ਸਤ੍ਰਧਾਰੀ ਫੌਜੀ ਜੁਆਨ ਹੱਥ ਵਿੱਚ ਬਰਛਾ ਫੜੀ ਘੋੜੇ ਤੇ ਅਸਵਾਰ ਸਾਹਮਣੇ ਆਉਂਦਾ ਹੈ। ਇਸ ਦੇ ਮਨ ਵਿੱਚ ਧੀਰਜ ਆਇਆ, ਸੰਤਾਂ ਦਾ ਧੰਨਵਾਦ ਕੀਤਾ, ਅਤੇ ਅੱਗੇ ਵਾਸਤੇ ਹੋਰ ਵੀ ਸ਼ਰਧਾ ਵਧੀ। ਉੱਧਰੋਂ ਜਦੋਂ ਡਾਕੂਆਂ ਦੀ ਨਿਗਾਹ ਇਸ ਫੌਜੀ ਜੁਆਨ ਤੇ ਪਈ ਤਾਂ ਸਾਰੇ ਡਾਕੂ ਨੱਸ ਗਏ। ਫਿਰ ਉਸ ਨਿਰੰਕਾਰ ਨੂੰ ਪਹਿਰੇ ਤੇ ਖੜ੍ਹਾਉਣ ਵਾਲੇ ਫੌਜੀ ਹੌਲਦਾਰ ਨੇ ਅੱਗੇ ਹੋ ਕੇ ਚੰਦੂ ਲਾਲ ਨੂੰ ਉਸ ਭਿਆਨਕ ਜੰਗਲ ਵਿੱਚੋਂ ਪਾਰ ਕੀਤਾ ਅਤੇ ਆਪ ਉੱਥੇ ਹੀ ਛਪਨ ਹੋ ਗਏ। ਚੰਦੂ ਲਾਲ ਨੇ ਪ੍ਰਸੰਨ ਚਿੱਤ ਆਪਣਾ ਕਾਰਜ ਕੀਤਾ। ਜਦੋਂ ਸੰਤਾਂ ਪਾਸ ਆਇਆ ਚਰਨ ਪਰਸੇ, ਭੇਟਾ ਅਰਪੀ, ਤਾਂ ਜਾਣੀ ਜਾਣ ਦਾਤੇ ਨੇ ਮੁਸਕਰਾ ਕੇ ਆਖਿਆ, "ਸੁਣਾ ਬਈ ਚੰਦੂ ਲਾਲ! ਕਿਵੇਂ ਬੀਤੀ? ਏਹੋ ਜਿਹੀ ਕਠਨ ਪ੍ਰੀਖਿਆ ਵਿੱਚ ਨਾ ਪਾਇਆ ਕਰ।"

ਇਸ ਨੇ ਹੱਥ ਜੋੜੇ, ਸਜਲ ਨੇਤਰੀਂ ਅਰਜ਼ ਕੀਤੀ, "ਹੇ ਭਗਤ ਵਤਸਲ ਗ਼ਰੀਬ ਪਰਵਰ! ਤੇਰੀਆਂ ਤੂੰ ਹੀ ਜਾਣੇ, ਮੇਰਾ ਤਾਂ ਇਹ ਨਿਸ਼ਚਾ ਹੈ ਕਿ ਜਿਸ ਉੱਪਰ ਤੁਹਾਡੀ ਕ੍ਰਿਪਾ ਹੈ ਉਸ ਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ।

ਜਾਕੋ ਰਾਖੈ ਸਾਵਰਾ ਮਾਰ ਨ ਸਕੈ ਕੋਇ।<br>
ਵਾਲ ਨਾ ਬਾਂਕਾ ਕਰ ਸਕੈ ਸਭ ਜਗ ਵੈਰੀ ਹੋਇ।

ਤੁਹਾਡੀ ਸ਼ਰਨ ਪਿਆਂ ਤੱਤੀ ਹਵਾ ਨਹੀਂ ਲਗਦੀ।" ਹਜ਼ੂਰ ਨੇ ਉੱਤਰ ਦਿੱਤਾ, "ਠੀਕ ਹੈ ਜੋ ਗੁਰੂ ਘਰ ਦੇ ਬਣੇ ਹਨ ਸ਼ਰਧਾ ਰੱਖਦੇ ਹਨ, ਉਨ੍ਹਾਂ ਦੀ ਹਰ ਜਗ੍ਹਾ ਰੱਖਿਆ ਹੁੰਦੀ ਹੈ।"

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥

(ਪੰਨਾ ੮੧੯)

ਸੰਤਾਂ ਦੇ ਪਾਵਨ ਬਚਨ ਸੁਣ ਕੇ ਇਉਂ ਚੰਦੂ ਲਾਲ ਤੇ ਹੋਰ ਬਹੁਤ ਸਾਰੇ ਪ੍ਰੇਮੀ ਸ਼ਰਧਾਲੂ ਬਣੇ।

# ਕਰਮੂ ਸ਼ਾਹ ਦੀ ਸਹਾਇਤਾ

ਇਸੇ ਤਰ੍ਹਾਂ 'ਮਚੈ' ਪਿੰਡ ਦਾ ਰਹਿਣ ਵਾਲਾ ਕਰਮੂ ਸ਼ਾਹ ਬੜਾ ਧਨਾਢ ਸੰਤਾਂ ਦਾ ਪ੍ਰੇਮੀ ਤੇ ਚੰਗਾ ਸ਼ਰਧਾਲੂ ਸੀ। ਇੱਕ ਵਾਰ ਇਸ ਦੇ ਘਰ ਡਾਕੂ ਆ ਗਏ। ਇਹ ਘਰ ਦੇ ਅੰਦਰ ਹੀ ਸੀ। ਜਦੋਂ ਇਸ ਨੂੰ ਪਤਾ ਲੱਗਾ ਤਾਂ ਦਰਵਾਜ਼ੇ ਬੰਦ ਕਰ ਲਏ। ਡਾਕੂ ਬਾਹਰ ਖੜ੍ਹੇ ਬੂਹਾ ਭੰਨ ਰਹੇ ਸਨ। ਇਹ ਅੰਦਰ ਖੜ੍ਹਾ ਸੰਤਾਂ ਨੂੰ ਯਾਦ ਕਰ ਰਿਹਾ ਸੀ। ਹਜ਼ੂਰ ਨੇ ਭਗਤਾਂ ਦੇ ਰੱਖਿਅਕ ਹੋਣ ਦਾ ਬਿਰਦ ਸੰਭਾਲਿਆ, ਇਸ ਦੀ ਸਹਾਇਤਾ ਲਈ ਤਿਆਰ ਹੋ ਗਏ। ਏਧਰੋਂ ਡਾਕੂਆਂ ਨੇ ਵੀ ਬਰਛੀਆਂ ਮਾਰ ਮਾਰ ਕੇ ਅੰਦਰ ਜਾਣ ਲਈ ਥੋੜ੍ਹਾ ਜਿਹਾ ਛੇਕ ਬਣਾ ਲਿਆ। ਜਿਸ ਰਸਤੇ ਇੱਕ ਆਦਮੀ ਸੌਖਾ ਲੰਘ ਸਕਦਾ ਸੀ। ਪਰ ਡਾਕੂ ਅੰਦਰ ਜਾਣ, ਉਸ ਸਮੇਂ ਅੰਨ੍ਹੇ ਹੋ ਜਾਣ। ਫਿਰ ਉਨ੍ਹਾਂ ਡਾਕੂਆਂ ਨੂੰ ਇੱਕ ਬਰਦੀ ਵਾਲਾ ਫੌਜੀ ਵੀ ਬਰਛਾ ਫੜੀ ਅੰਦਰ ਪਹਿਰੇ ਤੇ ਖੜ੍ਹਾ ਨਜ਼ਰ ਆਇਆ। ਉਸ ਨੇ ਇਨ੍ਹਾਂ ਤੇ ਵਾਰ ਕੀਤੇ ਜਿਸ ਦੇ ਬਰਛੇ ਨਾਲ ਇੱਕ ਦੋ ਪਠਾਣ ਡਾਕੂ ਵੀ ਜ਼ਖ਼ਮੀ ਹੋ ਗਏ। ਉੱਧਰੋਂ ਕਰਮੂ ਸ਼ਾਹ ਨੇ ਅੰਦਰੋਂ ਹੀ ਆਪਣੇ ਮਕਾਨ ਦੀ ਛੱਤ ਤੇ ਚੜ੍ਹ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਡਾਕੂ ਆ ਗਏ ਮੈਨੂੰ ਬਚਾਉ। ਨਗਰ ਵਿੱਚ ਪਤਾ ਲੱਗ ਗਿਆ। ਇਹ ਭਲਾ ਲੋਕ ਸੀ ਸਭ ਨੇ ਉਸ ਸਮੇਂ ਇਸ ਦੀ ਪੂਰੀ ਮਦਦ ਕੀਤੀ। ਇਨ੍ਹਾਂ ਨੇ ਆਪਣੀਆਂ ਬੰਦੂਕਾਂ ਦੇ ਫਾਇਰ ਵੀ ਕੀਤੇ। ਜਿਸ ਕਰਕੇ ਸਾਰੇ ਡਾਕੂ ਭੱਜ ਗਏ। ਕਰਮੂ ਸ਼ਾਹ ਦਾ ਜਾਨੀ ਤੇ ਮਾਲੀ ਨੁਕਸਾਨ ਹੋਣੋ ਬਚ ਗਿਆ। ਡੇਰੇ ਆਇਆ ਭਾਵਨਾ ਨਾਲ ਸੰਤਾਂ ਨੂੰ ਮੱਥਾ ਟੇਕਿਆ, ਅਰਜ਼ ਕੀਤੀ, "ਗਰੀਬ ਨਿਵਾਜ਼! ਆਪਣਾ ਬਿਰਦ ਸੰਭਾਲ ਕੇ ਆਪ ਹੀ ਦਾਸਾਂ ਦੀ ਪੈਜ ਰੱਖਦੇ ਹੋ। ਧੰਨ ਹੋ ਮਹਾਰਾਜ!" ਸੰਤਾਂ ਕਿਹਾ, "ਕਰਮੂ ਸ਼ਾਹ! ਜੋ ਵੀ ਗੁਰੂ ਨਾਨਕ ਦਾ ਬਣ ਗਿਆ ਉਸ ਨੂੰ ਏਥੇ ਬਚਾਉਣਾ ਤਾਂ ਕੀ ਮੁਸ਼ਕਲ ਹੈ ਸਤਿਗੁਰ ਜੀ ਅੰਤ ਸਮੇਂ ਉਸ ਦੇ ਨੇੜੇ ਜਮਾਂ ਦੇ ਦੂਤ ਵੀ ਨਹੀਂ ਆਉਣ ਦਿੰਦੇ।"

ਮਾਨਸ ਕੀ ਕਹੁ ਕੇਤਕ ਬਾਤ ॥
ਜਮ ਤੇ ਰਾਖੈ ਦੇ ਕਰਿ ਹਾਥ ॥

(ਪੰਨਾ ੧੧੪੯)

ਪਰ ਸਿੱਖ ਦੀ ਗੁਰੂ ਘਰ ਤੇ ਸੱਚੀ ਸ਼ਰਧਾ ਹੋਣੀ ਚਾਹੀਦੀ ਹੈ।

# ਭੁਝੰਗੀਆਂ ਦੀ ਦਾਤ

ਚੌਧਰੀ ਸੰਤ ਸਿੰਘ ਤੇ ਫੌਜੀ ਅਰੂੜ ਸਿੰਘ ਇਹ ਦੋਵੇਂ ਹੀ ਪ੍ਰੇਮੀ ਬਾਬਾ ਜੀ ਦੇ ਸ਼ਰਧਾਲੂ ਤੇ ਸਿਦਕੀ ਸਿੱਖ ਸਨ। ਇਨ੍ਹਾਂ ਦੋਹਾਂ ਨੇ ਸੰਤਾਂ ਦਾ ਜਸ ਸੁਣਿਆ ਹੋਇਆ ਸੀ, ਕਿ ਜੋ ਵੀ ਪ੍ਰੇਮੀ ਬਾਬਾ ਜੀ ਦੇ ਪਾਸ ਆਸਾਂ ਲੈ ਕੇ ਹਜ਼ੂਰ ਦੇ ਡੇਰੇ ਆਇਆ ਫਿਰ ਉਹ ਨਿਰਾਸ਼ ਨਹੀਂ ਮੁੜਿਆ। ਉਸ ਦੀ ਭਾਵਨਾ ਨੂੰ ਜ਼ਰੂਰ ਹੀ ਫ਼ਲ ਲੱਗਾ। ਇਹ ਵੀ ਸ਼ਰਧਾਵਾਨ ਹੋ ਕੇ ਹੋਤੀ ਡੇਰੇ ਪੁੱਜੇ। ਮਹਾਂ ਪੁਰਸ਼ਾਂ ਦੇ ਦਰਸ਼ਨ ਕੀਤੇ, ਭੇਟਾ ਅਰਪੀ, ਬਚਨ ਸੁਣੇ, ਕੁਝ ਕੁ ਸਮਾਂ ਪਾਸ ਬੈਠੇ ਤੇ ਫਿਰ ਹੱਥ ਜੋੜ ਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਜਿਵੇਂ ਆਪ ਹੋਰ ਪ੍ਰੇਮੀਆਂ ਤੇ ਕਿਰਪਾ ਕਰਦੇ ਹੋ, ਇਸੇ ਤਰ੍ਹਾਂ ਆਪਣੇ ਜਾਣ ਕੇ ਸਾਡੇ ਤੇ ਵੀ ਤਰਸ ਕਰੋ ਅਤੇ ਭੁਝੰਗੀਆਂ ਦੀ ਦਾਤ ਬਖ਼ਸ਼ੋ।"

ਇਨ੍ਹਾਂ ਦੀ ਭਾਵਨਾ ਤੱਕ ਕੇ ਸੰਤਾਂ ਨੇ ਹੁਕਮ ਕੀਤਾ, "ਗੁਰੂ ਪਿਆਰਿਓ! ਕੋਈ ਚਿੰਤਾ ਨਾ ਕਰੋ, ਗੁਰੂ ਨਾਨਕ ਦੇ ਭੰਡਾਰੇ ਭਰੇ ਹਨ। ਉਨ੍ਹਾਂ ਦੀ ਕੁੰਜੀ ਸੰਤਾਂ ਦੇ ਪਾਸ ਹੈ।

ਯਥਾ: ਸੰਤਨ ਹਥਿ ਰਾਖੀ ਕੂੰਜੀ ॥

(ਪੰਨਾ ੮੯੩)

ਯਥਾ: ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ
ਫਿਰਿ ਲੇਖਾ ਮੂਲਿ ਨ ਲਇਆ ॥

(ਪੰਨਾ ੬੧੨)

ਉਨ੍ਹਾਂ ਭੰਡਾਰਿਆਂ 'ਚੋਂ ਤੁਹਾਨੂੰ ਅਕਾਲ ਪੁਰਖ ਨੇ ਦਾਤ ਬਖ਼ਸ਼ੀ ਹੈ। ਹਰ ਰੋਜ਼ ਸਵੇਰੇ ਇਸ਼ਨਾਨ ਕਰਨ ਤੋਂ ਬਾਅਦ ਜਿਤਨੇ ਵੀ ਹੋ ਸਕਣ ਵੱਧ ਤੋਂ ਵੱਧ ਸ੍ਰੀ ਜਪੁਜੀ ਸਾਹਿਬ ਦੇ ਪਾਠ ਕਰਿਆ ਕਰੋ। ਫਿਰ ਦਿਨ ਦੇ ਸਮੇਂ ਰੋਟੀ ਕੱਪੜੇ ਦੁਆਰਾ ਅਤਿਥੀ ਅਭਿਆਗਤਾਂ ਦੀ ਸੇਵਾ ਕਰਿਆ ਕਰੋ। ਉਨ੍ਹਾਂ ਦੀਆਂ ਅਸੀਸਾਂ ਨਾਲ ਗੁਰੂ ਤਰੁੱਠ ਕੇ ਤੁਹਾਡੇ ਤੇ ਦਾਤ ਕਰੇਗਾ।" ਹਜ਼ੂਰ ਦੇ ਇਨ੍ਹਾਂ ਪਾਵਨ ਬਚਨਾਂ ਤੇ ਦੋਵਾਂ ਨੇ ਨਿਸ਼ਚਾ ਕੀਤਾ ਅਤੇ ਹਰ ਰੋਜ਼ ਸ੍ਰੀ ਜਪੁਜੀ ਸਾਹਿਬ ਦੇ ਪਾਠਾਂ ਦਾ ਅਭਿਆਸ ਸ਼ੁਰੂ ਕਰ ਦਿੱਤਾ। ਅਭਿਆਗਤਾਂ ਦੀ ਸੇਵਾ ਕਰਦੇ ਹੋਇਆਂ ਦੇ ਘਰ ਮਹਾਂ ਪੁਰਸ਼ਾਂ ਦੇ ਵਰ ਨਾਲ ਭੁਝੰਗੀਆਂ ਦਾ ਜਨਮ ਹੋਇਆ। ਬੜੀਆਂ ਖ਼ੁਸ਼ੀਆਂ ਮਨਾਈਆਂ ਗਈਆਂ ਤੇ ਲੋਕੀਂ ਆ ਕੇ ਵਧਾਈਆਂ ਦਿੰਦੇ। ਇਨ੍ਹਾਂ ਨੇ ਸੰਤਾਂ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਗੁਰੂ ਦੁਆਰਿਓਂ ਨਾਮ ਰਖਵਾਏ ਤੇ ਚੋਲੇ ਪਵਾਏ।

ਜੋ ਇਛੈ ਸੋਈ ਫਲੁ ਪਾਵੈ ॥
ਸਾਧ ਕੈ ਸੰਗਿ ਨ ਬਿਰਥਾ ਜਾਵੈ ॥

(ਪੰਨਾ ੨੭੨)

# ਕਪਤਾਨ ਜੁਆਲਾ ਸਿੰਘ ਤੇ ਕ੍ਰਿਪਾ

ਇਸੇ ਤਰ੍ਹਾਂ ਇੱਕ ਹੋਰ ਸਿੱਖ ਜਿਸਦਾ ਨਾਮ ਜੁਆਲਾ ਸਿੰਘ ਸੀ (ਜੋ ੩੫ ਸਿੱਖ ਪਲਟਨ ਵਿੱਚ ਕਪਤਾਨੀ ਦੇ ਅਹੁਦੇ ਤੇ ਸੀ) ਤੇ ਦੂਜਾ ਪ੍ਰੇਮੀ ੩੭ ਨੰਬਰ ਪਲਟਨ ਦਾ ਰਾਜਪੂਤ ਸੂਬੇਦਾਰ ਸੀ। ਇਨ੍ਹਾਂ ਦੋਹਾਂ ਨੇ ਨਿੰਮ੍ਰਤਾ ਸਹਿਤ ਡੇਰੇ ਆ ਕੇ ਹਜ਼ੂਰ ਦੇ ਪਾਵਨ ਚਰਨਾਂ ਦੀ ਧੂੜ ਮਸਤਕ ਨੂੰ ਲਾਈ, ਭੇਟਾ ਅਰਪੀ ਤੇ ਫਿਰ ਹੱਥ ਜੋੜ ਕੇ ਕਪਤਾਨ ਜੁਆਲਾ ਸਿੰਘ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਤੁਹਾਡੀ ਬਖ਼ਸ਼ਿਸ਼ ਦਾ ਸਦਕਾ ਨਿਰੰਕਾਰ ਨੇ ਘਰ ਵਿੱਚ ਸਾਰੇ ਸੁਖ ਬਖ਼ਸ਼ੇ ਹਨ। ਕਿਸੇ ਚੀਜ਼ ਦੀ ਥੁੜ ਨਹੀਂ। ਪਰ ਇਹ ਸਾਰੇ ਹੀ ਪਦਾਰਥ ਇੱਕ ਘਰ ਦੇ ਚਿਰਾਗ਼ ਤੋਂ ਬਿਨਾਂ ਨਿਸਫ਼ਲ ਹਨ। ਸੰਸਾਰ ਵਿੱਚ ਸਾਂਝ ਕਾਇਮ ਨਹੀਂ ਰਹਿੰਦੀ।

ਪੁਤੰੀ ਗੰਢੁ ਪਵੈ ਸੰਸਾਰਿ ॥

(ਪੰਨਾ ੧੪੩)

ਸੰਸਾਰ ਦੇ ਮਿੱਠੇ ਮੇਵੇ ਪੁੱਤਰ ਦੀ ਦਾਤ ਤੋਂ ਬਿਨਾਂ ਧਨ ਪਦਾਰਥ ਸਰਕਾਰੀ ਅਹੁਦਾ ਕੋਈ ਵੀ ਚੀਜ਼ ਚੰਗੀ ਨਹੀਂ ਲਗਦੀ। ਭਾਵੇਂ ਮਹਾਂ ਪੁਰਸ਼ਾਂ ਤੋਂ ਮੰਗ ਤਾਂ ਸੱਚੀ ਹੀ ਮੰਗਣੀ ਚਾਹੀਦੀ ਹੈ ਨਾਮ ਗਿਆਨ ਦੀ ਦਾਤ:

ਜਿਸੁ ਵਖਰ ਕਉ ਲੈਨਿ ਤੂ ਆਇਆ ॥
ਰਾਮ ਨਾਮੁ ਸੰਤਨ ਘਰਿ ਪਾਇਆ ॥

(ਪੰਨਾ ੨੮੩)

ਤਥਾ: ਹਰਿ ਰਸੁ ਸਾਧੂ ਹਾਟਿ ਸਮਾਇ ॥

(ਪੰਨਾ ੩੩੭)

ਪਰ ਮਹਾਰਾਜ ਜੀ ਅਸੀਂ ਗ੍ਰਹਿਸਥੀ ਜੋ ਹੋਏ। ਇਸ ਗ੍ਰਹਿਸਥ ਮਾਰਗ ਵਿੱਚ ਦੁਨੀਆਂਦਾਰਾਂ ਨੂੰ ਹਰ ਇੱਕ ਚੀਜ਼ ਦੀ ਲੋੜ ਤੇ ਇੱਛਾ ਬਣੀ ਰਹਿੰਦੀ ਹੈ। ਉਹ ਦੁਨਿਆਵੀ ਸੁਖ ਵੀ ਸਿੱਖਾਂ ਨੇ ਸਾਰੇ ਸੁਖਾਂ ਦੇ ਮਾਲਕ ਤੋਂ ਹੀ ਮੰਗਣੇ ਹਨ।

ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥

(ਪੰਨਾ ੬੧੦)

ਸੋ ਦੀਨ ਦਿਆਲ ਜੀ ਆਪ ਸਾਡੇ ਤੇ ਵੀ ਦਇਆ ਕਰੋ ਅਤੇ ਦਰ ਆਇਆ ਦੀ ਲਾਜ ਰੱਖੋ।"

ਇਸੇ ਤਰ੍ਹਾਂ ਰਾਜਪੂਤ ਸੂਬੇਦਾਰ ਨੇ ਵੀ ਚਰਨ ਫੜੇ, ਆਜਜ਼ੀ ਨਾਲ ਅਰਜ਼ਾਂ ਕੀਤੀਆਂ, "ਭੋਗ ਮੋਖ ਦੇ ਦਾਤੇ ਮਹਾਂ ਪੁਰਸ਼ੋ! ਉਮਰ ਵਡੇਰੀ ਹੋ ਗਈ ਪੈਨਸ਼ਨ ਤੇ ਘਰ ਜਾਣ ਵਾਲਾ ਹਾਂ ਪਰ ਅੰਧੇਰੇ ਘਰ ਵਿੱਚ ਰੋਸ਼ਨੀ ਕਰਨ ਵਾਲੇ ਤੋਂ ਬਗ਼ੈਰ ਘਰ ਵੀ ਡਰਾਉਣਾ ਲਗਦਾ ਹੈ। ਗ਼ਰੀਬ ਨਿਵਾਜ਼! ਗ਼ਰੀਬ ਤੇ ਤਰਸ ਕਰੋ ਅਤੇ ਆਪਣਾ ਜਾਣ ਕੇ ਰੇਖ ਵਿੱਚ ਮੇਖ ਮਾਰੋ।"

ਸ੍ਰੀ ਸ਼ਾਂਤ ਸਰੂਪ ਨਿੱਤ ਅਵਤਾਰ ਬਾਬਾ ਕਰਮ ਸਿੰਘ ਜੀ ਮਹਾਰਾਜ ਨੇ ਇਨ੍ਹਾਂ ਦੀਆਂ ਬੇਨਤੀਆਂ ਸੁਣੀਆਂ ਤੇ ਪਸੀਜ ਕੇ ਬਚਨ ਕੀਤਾ, "ਸਰਦਾਰ ਜੀ! ਗੁਰੂ ਘਰ ਤੇ ਭਰੋਸਾ ਰਖੋ ਅਭਿਆਗਤਾਂ ਦੀ ਸੇਵਾ ਤੇ ਗੁਰਬਾਣੀ ਦਾ ਪਾਠ ਕਰੋ ਗੁਰੂ ਨਾਨਕ ਤੁਹਾਡੇ ਤੇ ਮਿਹਰ ਕਰੇਗਾ ਉਹੋ ਹੀ ਸਾਰੇ ਪਦਾਰਥਾਂ ਤੇ ਸੁਖਾਂ ਦਾ ਦਾਤਾ ਹੈ।"

ਸਤਿਗੁਰੁ ਦਾਤਾ ਸਭਨਾ ਵਥੂ ਕਾ ॥

(ਪੰਨਾ ੧੧੬)

ਇਸੇ ਤਰ੍ਹਾਂ ਸੂਬੇਦਾਰ ਸਾਹਿਬ ਦੇ ਤਾਈਂ ਪ੍ਰਸੰਨ ਹੋ ਕੇ ਬਚਨ ਕੀਤਾ ਕਿ ਅਕਾਲ ਪੁਰਖ ਤੇ ਭਰੋਸਾ ਰੱਖ ਕੇ ਨਾਮ ਜਪਿਆ ਕਰੋ। ਹਫ਼ਤੇ ਵਿੱਚ ਇੱਕ ਵਾਰੀ ਛੋਟੇ-ਛੋਟੇ ਬੱਚਿਆਂ ਨੂੰ ਇਕੱਠਿਆਂ ਕਰ ਕੇ ਲੱਡੂ, ਪੇੜੇ, ਮਠਿਆਈ ਖੁਆਇਆ ਕਰੋ, ਤੁਹਾਡੀ ਵੀ ਗੁਰੂ ਘਰੋਂ ਭਾਵਨਾ ਪੂਰੀ ਹੋਵੇਗੀ, ਭਗਵਾਨ ਬੇਟਾ ਦੇਵੇਗਾ। ਸੰਤਾਂ ਦੀ ਰਸਨਾਂ ਤੋਂ ਇਹ ਅੰਮ੍ਰਿਤ ਮਈ ਬਚਨ ਸੁਣ ਕੇ ਦੋਹਾਂ ਦੇ ਮਨ ਨੂੰ ਬੜੀ ਧੀਰਜ ਤੇ ਪ੍ਰਸੰਨਤਾ ਪ੍ਰਾਪਤ ਹੋਈ। ਨਮਸਕਾਰ ਕਰਕੇ ਹੁਕਮ ਪਾ ਕੇ ਆਪਣੇ ਅਸਥਾਨ ਤੇ ਆ ਗਏ। ਸੰਤਾਂ ਦੀ ਕ੍ਰਿਪਾ ਨਾਲ ਦੋਹਾਂ ਦੇ ਘਰ ਸਾਲ ਬਾਅਦ ਬੱਚਿਆਂ ਨੇ ਜਨਮ ਲਿਆ। ਬਾਬਾ ਜੀ ਦੇ ਪਾਵਨ ਚਰਨਾਂ ਤੇ ਲਿਜਾਕੇ ਮੱਥਾ ਟਿਕਾਇਆ, ਨਾਮ ਰਖਵਾਏ, ਚੋਲੇ ਪਵਾਏ, ਅੱਗੇ ਵਾਸਤੇ ਮਹਾਂ ਪੁਰਸ਼ਾਂ ਤੇ ਹੋਰ ਵੀ ਸ਼ਰਧਾ ਵਧੀ।

# ਹੁਕਮਨਾਮੇ ਦਾ ਦਰਸ਼ਨ

ਇੱਕ ਦਿਨ ਸੰਤ ਜੀ ਮਹਾਰਾਜ ਸ਼ਾਮ ਦੇ ਚਾਰ ਵਜੇ ਇਸ਼ਨਾਨ ਕਰਕੇ ਗੁਫਾ ਪਾਸ ਥੜ੍ਹੇ ਤੇ ਬੈਠੇ ਸਨ (ਜੋ ਮਿੱਟੀ ਦੇ ਕੱਚੇ ਥੜ੍ਹੇ ਆਪ ਜੀ ਦੇ ਬੈਠਣ ਵਾਸਤੇ ਹੀ ਬਣਾਏ ਸੀ) ਐਤਵਾਰ ਹੋਣ ਕਰਕੇ ਸਾਰੇ ਦਫਤਰਾਂ ਤੇ ਸਕੂਲਾਂ ਵਿੱਚ ਛੁੱਟੀ ਸੀ। ਉਸ ਸਮੇਂ ਫੌਜੀ, ਗ੍ਰਹਿਸਥੀ, ਡੇਰੇ ਦੇ ਸਾਧ ਤੇ ਬਾਹਰੋਂ ਆਏ ਵਿਰੱਕਤ ਮਹਾਤਮਾ, ਮਰਦਾਨ ਦੀ ਸੰਗਤ, ਗੁੱਜਰ ਗੜ੍ਹੀ ਆਦਿ ਨਗਰਾਂ ਦੇ ਪ੍ਰੇਮੀ ਹਜ਼ੂਰੀ ਵਿੱਚ ਬੈਠੇ ਦਰਸ਼ਨ ਕਰ ਰਹੇ ਸਨ ਅਤੇ ਗੁਰਬਾਣੀ ਦੇ ਅਖੰਡ ਕੀਰਤਨ ਦਾ ਅਗੰਮੀ ਰਸ ਮਾਣਦੇ ਹੋਇਆਂ ਸਭਨਾਂ ਦੀਆਂ ਸੁਰਤਾਂ ਜੁੜ ਗਈਆਂ ਸਨ, ਜਿਸ ਕਰਕੇ ਅਨਡਿੱਠੇ ਬੈਕੁੰਠ ਦੀ ਝਾਕੀ ਬੱਝ ਰਹੀ ਸੀ।

ਬੈਕੁੰਠ ਨਗਰੁ ਜਹਾ ਸੰਤ ਵਾਸਾ ॥ (ਪੰਨਾ ੭੪੨)

ਸਰੋਤਿਆਂ ਦੇ ਅੰਦਰੋਂ ਧਿਆਤਾ ਦੇ ਧਿਆਨ ਦਾ ਅਭਾਵ ਹੋ ਕੇ ਕੇਵਲ ਧੇਯ ਹੀ ਧੇਯ ਬਾਕੀ ਸੀ। ਸੀਤਗੁਰਾਂ ਨੇ ਫੁਰਮਾਇਆ ਹੈ।

ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ ॥ (ਪੰਨਾ ੧੨੦੮)

ਉਸ ਸਮੇਂ ਮਾਛੀਵਾੜੇ ਦੇ ਹੁਕਮਨਾਮੀਏ ਗ਼ਨੀ ਖ਼ਾਂ, ਨਬੀ ਖ਼ਾਂ ਦੇ ਖ਼ਾਨਦਾਨ ਵਿਚੋਂ (ਜਦੋਂ ਚੋਜੀ ਪ੍ਰੀਤਮ ਕਲਗੀਆਂ ਵਾਲੇ ਪਾਤਸ਼ਾਹ ਨੇ ਸਿੰਘਾਂ ਦਾ ਭਰੋਸਾ ਦੇਖਣ ਲਈ ਉਚ ਦੇ ਪੀਰ ਦਾ ਲਿਬਾਸ ਧਾਰਨ ਕੀਤਾ ਸੀ ਉਸ ਸਮੇ ਇਨ੍ਹਾਂ ਗੁਰੂ ਸਵਾਰਿਆਂ ਨੇ ਹਜ਼ੂਰ ਦੇ ਪਲੰਘੇ ਉਠਾਉਣ ਦੀ ਸੇਵਾ ਕੀਤੀ ਸੀ, ਤਦ ਸਤਿਗੁਰਾਂ ਨੇ ਗ਼ਨੀ ਖ਼ਾਂ ਤੇ ਨਬੀ ਖ਼ਾਂ ਨੂੰ ਆਪਣੇ ਮੁਬਾਰਕ ਹਸਤ ਕਮਲਾਂ ਨਾਲ ਲਿਖ ਕੇ ਬਖ਼ਸ਼ਿਸ਼ ਕੀਤੀ ਸੀ। ਲਿਖਿਆ 'ਜੋ ਵੀ ਸਿੱਖ ਇਨ੍ਹਾਂ ਦੇ ਦਰਸ਼ਨ ਕਰੇ ਉਹ ਯਥਾ ਸ਼ਕਤ ਦਰਸ਼ਨੀ ਭੇਟਾ ਅਰਪੇ') ਉਹ ਹੁਕਮਨਾਮਾ ਲੈ ਕੇ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਪਾਸ ਬਾਹਰ ਗੁਫਾ ਤੇ ਪੁੱਜੇ। ਸੰਤਾਂ ਨੂੰ ਨਮਸਕਾਰ ਕਰਕੇ ਹੁਕਮਨਾਮੇ ਦੇ ਦਰਸ਼ਨ ਕਰਵਾਏ। ਸੰਤਾਂ ਨੇ ਹੁਕਮਨਾਮਾ ਹੱਥਾਂ ਤੇ ਲੈ ਕੇ ਮਸਤਕ ਝੁਕਾਇਆ, ਅੱਖੀਆਂ ਤੇ ਲਾਇਆ, ਸੀਸ ਤੇ ਰੱਖਿਆ, ਫਿਰ ਕਿਤਨਾ ਚਿਰ ਨੇਤਰ ਬੰਦ ਕਰਕੇ ਹੁਕਮਨਾਮੇ ਨੂੰ ਝੋਲੀ ਵਿੱਚ ਪਾ ਕੇ ਕਿਸੇ ਅਗੰਮੀ ਰਸ ਵਿੱਚ ਲੀਨ ਰਹੇ। ਕੁਝ ਕੁ ਸਮੇਂ ਤੋਂ ਬਾਅਦ ਹਰਿ ਅੰਮ੍ਰਿਤ ਭਿੰਨੇ ਲੋਇਣਾ... ਹਰੀ ਵੈਰਾਗ ਵਿੱਚ ਭਿੱਜੇ ਨੇਤਰ ਖੋਲ੍ਹੇ ਅਤੇ ਉੱਚੀ ਆਵਾਜ਼ ਵਿੱਚ ਆਖਿਆ, "ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਖਾਲਸਾ ਪੰਥ ਦੇ ਵਾਲੀ! ਆਪ ਨੇ ਸਾਡੇ ਨਾ ਸ਼ੁਕਰ ਗੁਜਾਰਾਂ ਵਾਸਤੇ ਕਿੰਨੀਆਂ ਤਕਲੀਫ਼ਾਂ ਝੱਲੀਆਂ, ਕਸਟ ਸਹਾਰੇ। ਫਿਰ ਧੰਨ ਹਨ ਗ਼ਨੀ ਖ਼ਾਂ ਤੇ ਨਬੀ ਖ਼ਾਂ ਜਿਨ੍ਹਾਂ ਨੇ ਫੌਜਾਂ ਦੇ ਮਾਲਕ ਦਸਮ ਪਾਤਸ਼ਾਹ ਜੀ ਦੇ ਪਲੰਘੇ ਚੁੱਕਣ ਦੀ ਸੇਵਾ ਕੀਤੀ ਤੇ ਨਾਲ ਜਾ ਕੇ ਹਜ਼ੂਰ ਨੂੰ ਵੈਰੀਆਂ ਦੇ ਘੇਰੇ 'ਚੋਂ ਬਾਹਰ ਕੱਢਿਆ।" ਫਿਰ ਉਨ੍ਹਾਂ ਹੁਕਮਨਾਮੀਆਂ ਨੂੰ ਕਿਹਾ ਕਿ, "ਤੁਸੀਂ ਵੀ ਧੰਨ ਹੋ ਜਿਨ੍ਹਾਂ ਨੇ ਸਤਿਗੁਰਾਂ ਦੇ ਪਾਵਨ ਹੱਥਾਂ ਨਾਲ ਲਿਖੇ ਹੁਕਮਨਾਮੇ ਦੇ ਦਰਸ਼ਨ ਕਰਵਾਏ, "ਵਡਭਾਗੀਓ! ਜੀ ਆਇਆਂ ਨੂੰ, ਧੰਨ ਭਾਗ ਹਨ ਸਾਡੇ, ਜੋ ਹਜ਼ੂਰ ਦੇ ਪਾਵਨ ਹਸਤ ਕਮਲਾਂ ਦੀ ਨਿਸ਼ਾਨੀ ਦੇਖੀ ਹੈ। ਕਰਾਓ ਇਨ੍ਹਾਂ ਦਾ ਸਾਰੀ ਸੰਗਤ ਨੂੰ ਦਰਸ਼ਨ ਤੇ ਸੁਣਾਓ ਪੜ੍ਹਕੇ।"

ਸੰਤਾਂ ਦਾ ਹੁਕਮ ਪਾ ਕੇ ਉਨ੍ਹਾਂ ਨੇ ਸਾਰੀ ਸੰਗਤ ਨੂੰ ਹੁਕਮ ਨਾਮਿਆਂ ਦੇ ਦਰਸ਼ਨ ਕਰਵਾਏ ਅਤੇ ਪੜ੍ਹ ਕੇ ਵੀ ਸੁਣਾਏ। ਫਿਰ ਬਾਬਾ ਜੀ ਨੇ ਸੰਤ ਆਇਆ ਸਿੰਘ ਜੀ ਨੂੰ ਕਿਹਾ ਕਿ ੧੦੧ ਰੁਪਏ, ਪੰਜ ਸੇਰ ਮਠਿਆਈ, ਇੱਕ ਕੀਮਤੀ ਦੁਸ਼ਾਲਾ ਹੁਕਮਨਾਮਿਆਂ ਦੀ ਦਰਸ਼ਨੀ ਭੇਟਾ ਕਰੋ। ਇਉਂ ਜਦੋਂ ਮਹਾਂ ਪੁਰਸ਼ਾਂ ਦੇ ਹੁਕਮ ਦੀ ਪਾਲਣਾ ਕੀਤੀ ਗਈ। ਫਿਰ ਤਾਂ ਸਾਰੀ ਸੰਗਤ ਨੇ ਕਿਸੇ ਨੇ ਸਵਾਂ ਕਿਸੇ ਨੇ ਡੇਢ ਕਿਸੇ ਨੇ ਪੰਜ ਰੁਪਏ ਭੇਟ ਕੀਤੇ। ਉਨ੍ਹਾਂ ਨੂੰ ਬਹੁਤ ਸਾਰੀ ਮਾਇਆ ਬਣ ਗਈ। ਫਿਰ ਗੁਰੂ ਕੇ ਲੰਗਰੋਂ ਪ੍ਰਸ਼ਾਦਿ ਛਕਾ ਕੇ ਵਿਦਾਅ ਕੀਤਾ। ਬਾਅਦ ਵਿੱਚ ਸੰਤ ਜੀ ਨਿਰੰਕਾਰ ਦੀ ਕੁਦਰਤ ਤੱਕ ਕੇ ਕਿਸੇ ਅਗੰਮੀ ਰਸ ਵਿੱਚ ਬੜੇ ਹੱਸੇ ਕਿ ਉਹ ਵੀ ਸਮਾਂ ਸੀ ਜਦੋਂ ਕਲਗੀਆਂ ਵਾਲੇ ਪਾਤਸ਼ਾਹ ਇਰਦ ਗਿਰਦ ਦੁਸ਼ਮਣ ਮੁਗਲਾਂ ਦਾ ਘੇਰਾ ਤੇ ਮਾਲਵੇ ਦੀ ਧਰਤੀ ਤੇ ਵਿਚਰਦੇ ਸੀ ਅਤੇ ਉਹੋ ਹੀ ਅੱਜ ਵੈਰੀ ਮੁਸਲਮਾਨ ਪਠਾਣ ਉਨ੍ਹਾਂ ਦੇ ਨਾਮ ਲੇਵਾ ਸੰਤਾਂ ਦੀ ਚਰਨ ਧੂੜੀ ਚਹੁੰਦੇ ਹੋਏ ਸਲਾਮੀਏ ਹੋ ਕੇ ਸੇਵਾ ਕਰ ਰਹੇ ਹਨ।[92]

---

[92]ਲੇਖਕ ਨੇ ਭੀ ਤਬਦੀਲੀ ਤੋਂ ਪਹਿਲਾਂ ਇਨ੍ਹਾਂ ਹੁਕਮ ਨਾਮਿਆਂ ਦਾ ਦਰਸ਼ਨ ਕੀਤਾ ਹੈ। ਜਦੋਂ ਉਹ ਸੰਤ ਜੀ ਮਹਾਰਾਜ ਦੇ ਪਾਸ ਰਾੜਾ ਸਾਹਿਬ ਲੈ ਕੇ ਆਏ ਸਨ, ਹਜ਼ੂਰ ਨੇ ਵੀ ਸੰਗਤ ਦੇ ਸਮੇਤ ਬਹੁਤ ਸਾਰੀ ਮਾਇਆ ਭੇਟਾ ਕਰਕੇ ਬੜਾ ਸਤਿਕਾਰ ਕੀਤਾ ਸੀ

## ਆਇਆ ਹਕਾਰਾ ਚਲਣਵਾਰਾ

ਜਦੋ ੭੪ ਸਾਲਾਂ ਦੀ ਆਯੂ ਵਿੱਚ ਲੱਖਾਂ ਪ੍ਰਾਣੀਆ ਨੂੰ ਅਕਾਲ ਪੁਰਖ ਨਾਲ ਜੋੜ ਕੇ ਸੰਤ ਜੀ ਮਹਾਰਾਜ ਨੇ ਅਲਾਹੀ ਹੁਕਮ ਅਨੁਸਾਰ ਆਪਣੇ ਨਿੱਜੀ ਧਾਮ ਸੱਚਖੰਡ ਨੂੰ ਜਾਣ ਦੀ ਵਿਚਾਰ ਕੀਤੀ ਤਾਂ ਇੱਕ ਹਫ਼ਤਾ ਪਹਿਲਾਂ ਇਲਾਕੇ ਦੀ ਸਾਰੀ ਸੰਗਤ ਨੂੰ ਬੁਲਾ ਕੇ ਆਖਿਆ, (ਜਿਵੇਂ ਤੀਸਰੇ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਦੇ ਪ੍ਰਸੰਗ ਨੂੰ ਸਤਿਗੁਰ ਅਮਰ ਦਾਸ ਜੀ ਮਹਾਰਾਜ ਦੇ ਪੜਪੋਤੇ ਬਾਬਾ ਸੁੰਦਰ ਜੀ ਨੇ) ਪੰਚਮ ਪਾਤਸ਼ਾਹ ਨੂੰ ਸੁਣਾਇਆ ਹੈ ਕਿ:

ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ ॥
ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥

(ਪੰਨਾ ੯੨੩)

ਇਸੇ ਤਰ੍ਹਾਂ ਬਾਬਾ ਕਰਮ ਸਿੰਘ ਜੀ ਮਹਾਰਾਜ ਬੋਲੇ, ਸੰਗਤ ਜੀ! ਸੰਸਾਰ ਦੇ ਵਿੱਚ ਜੋ ਵੀ ਸਰੀਰ ਧਾਰ ਕੇ ਆਇਆ ਹੈ ਉਹ ਆਪਣੇ ਸਮੇਂ ਅਨੁਸਾਰ ਚਲਾ ਗਿਆ। ਮੌਤ ਅਮੀਰ, ਗ਼ਰੀਬ, ਰਾਜਾ, ਰੰਕ, ਪਾਪੀ ਪੁੰਨੀ, ਮੂਰਖ ਤੇ ਪੰਡਤ ਨੂੰ ਇੱਕੋ ਜਿਹਾ ਜਾਣਦੀ ਹੈ ਸੰਸਾਰ ਤੇ ਮਨੁੱਖ ਪੈਦਾ ਹੀ ਮਰਨ ਵਾਸਤੇ ਹੋਇਆ ਹੈ:

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥

(ਪੰਨਾ ੯੩੬)

ਅਸੀਂ ਵੀ ਆਪਣੇ ਮਾਲਕ ਦੀ ਆਗਿਆ ਵਿੱਚ ਚਲਦੇ ਹੋਏ:

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

(ਪੰਨਾ ੧੨੩੯)

ਅਥਵਾ: ਲਾਈ ਹਯਾਤ ਆਏ ਲੇ ਚਲੀ ਕਜ਼ਾ ਚਲੇ ਹਮ।

ਗੁਰੂ ਪਿਤਾ ਦੀ ਗੋਦ ਦਾ ਅਨੰਦ ਮਾਨਣ ਲਈ ਸਰੀਰ ਰੂਪੀ ਪਿੰਜਰੇ ਤੋਂ ਆਜ਼ਾਦ ਹੋ ਕੇ ਬੈਕੁੰਠ ਨੂੰ ਜਾਣਾ ਚਹੁੰਦੇ ਹਾਂ, ਸੋ ਗੁਰੂ ਪਿਆਰਿਓ! ਤੁਸੀਂ ਪ੍ਰਸੰਨ ਚਿਤ ਗੋਬਿੰਦ ਦੇ ਗੁਣ ਗਾਇਨ ਕਰਨੇ, ਸਾਰੀਆਂ ਸੰਗਤਾਂ ਰਲ ਕੇ ਡੇਰੇ ਨੂੰ ਚਲਾਉ ਕਿਸੇ ਨੇ ਸ਼ੋਕ ਨਹੀਂ ਕਰਨਾ।"

ਹਜ਼ੂਰ ਦੀ ਰਸਨਾਂ ਤੋਂ ਇਹ ਅਸਹਿ ਬਚਨ ਸੁਣ ਕੇ ਸਭਨਾਂ ਦੇ ਮਨ ਫਿਸ ਪਏ। ਭਾਰਤ ਵਰਸ਼ ਦਾ ਅਮੋਲਕ ਲਾਲ ਅਲੋਪ ਹੁੰਦਾ ਜਾਣ ਕੇ ਮਨ ਦੁਖਾਂ ਨਾਲ ਵਿੰਨ੍ਹੇ ਗਏ।

ਵਿਛੋੜੇ ਦਾ ਨਾਮ ਸੁਣਕੇ ਹੀ ਦੁਖ ਪ੍ਰਾਪਤ ਹੁੰਦਾ ਹੈ:

ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥
ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥

(ਪੰਨਾ ੧੧੧੦)

ਪਰ ਜਿਨ੍ਹਾਂ ਨੂੰ ਸੱਚ ਮੁੱਚ ਹੀ ਵਿਛੋੜੇ ਦਾ ਦੁਖ ਆ ਪਿਆ ਹੋਵੇ ਉਨ੍ਹਾਂ ਨੂੰ ਤਾਂ ਫਿਰ ਉਹੋ ਹੀ ਸੱਜਣ ਜਾਣ ਸਕਦੇ ਹਨ ਜਿਨ੍ਹਾਂ ਨੂੰ ਦੇਖਣਾ ਪੈ ਗਿਆ।

ਲਾਗੀ ਹੋਇ ਸੁ ਜਾਨੈ ਪੀਰ ॥

(ਪੰਨਾ ੩੨੭)

ਦੂਸਰੇ ਨੂੰ ਇਸ ਦੁਖ ਦਾ ਕੀ ਪਤਾ?

ਮਨ ਕੀ ਬਿਰਥਾ ਮਨ ਹੀ ਜਾਣੈ
ਅਵਰੁ ਕਿ ਜਾਣੈ ਕੋ ਪੀਰ ਪਰਈਆ ॥

(ਪੰਨਾ ੮੩੬)

ਸੰਗਤ ਬੜੀ ਉਦਾਸ ਹੋਈ। ਪ੍ਰੇਮੀਆਂ ਦੀਆਂ ਭੁੱਬਾਂ ਨਿਕਲ ਗਈਆਂ। ਰੋ-ਰੋ ਕੇ ਸਾਰਿਆਂ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਤੋਂ ਬਗ਼ੈਰ ਸਾਡਾ ਏਥੇ ਰਾਖਸ਼ਾਂ ਦੇ ਦੇਸ਼ ਵਿੱਚ ਕੌਣ ਹੈ? ਆਪ ਜੀ ਨੇ ਹੀ ਤਰਸ ਕਰਕੇ ਇਨ੍ਹਾਂ

ਜ਼ਾਲਮ ਪਠਾਣਾਂ ਤੋਂ ਸਾਡੀ ਜਾਨ ਬਚਾਈ ਤੇ ਇਨ੍ਹਾਂ ਸਭਨਾਂ ਨੂੰ ਦੇਵਤੇ ਬਣਾ ਦਿੱਤਾ। ਬਾਜ਼ਾਂ ਤੋਂ ਚਿੜੀਆਂ ਦੀ ਸੇਵਾ ਕਰਾਈ, ਸ਼ੇਰ ਬੱਕਰੀਆਂ ਦੇ ਚਰਨੀਂ ਪਾ ਕੇ ਸੁਧਾਰ ਦਿੱਤੇ। ਆਪ ਕ੍ਰਿਪਾ ਕਰਕੇ ਸਾਨੂੰ ਕੁਝ ਸਮਾਂ ਹੋਰ ਦਰਸ਼ਨ ਬਖ਼ਸ਼ੋ ਕਿਉਂਕਿ ਸੰਸਾਰ ਵਿੱਚ ਆਉਣਾ ਤੇ ਪ੍ਰਲੋਕ ਨੂੰ ਜਾਣਾ ਤੁਹਾਡੇ ਵੱਸ ਵਿੱਚ ਹੈ। ਸਤਿਗੁਰ ਜੀ ਨੇ ਵੀ ਏਹੋ ਹੀ ਕਥਨ ਕੀਤਾ ਹੈ ਕਿ ਮਹਾਂ ਪੁਰਸ਼ ਕਦੇ ਮਰਦੇ ਨਹੀਂ। ਜਿਵੇਂ ਗ਼ਰਮੀ ਦੀ ਤਪਸ ਦੇ ਸਤਾਏ ਜੀਵਾਂ ਤੇ ਤਰਸ ਕਰਕੇ ਆਕਾਸ਼ ਵਿੱਚ ਬੱਦਲ ਆਉਂਦੇ ਹਨ, ਵਰਖਾ ਕਰਕੇ ਫਿਰ ਉਸੇ ਹੀ ਆਕਾਸ਼ ਵਿੱਚ ਲੀਨ ਹੋ ਜਾਂਦੇ ਹਨ। ਇਸੇ ਤਰ੍ਹਾਂ ਸੰਤਾਂ, ਮਹਾਂ ਪੁਰਸ਼ਾਂ, ਕਾਰਕਾਂ ਅਤੇ ਅਵਤਾਰਾਂ ਨੇ ਵੀ ਪਰਉਪਕਾਰ ਵਾਸਤੇ ਸਰੀਰ ਧਾਰਨ ਕੀਤਾ ਹੁੰਦਾ ਹੈ। ਉਨ੍ਹਾਂ ਦਾ ਜੀਵ ਆਤਮਾ ਕਰਮਾਂ ਦਾ ਫ਼ਲ ਭੋਗਣ ਵਾਸਤੇ ਕਿਸੇ ਦੇਸ਼ ਨੂੰ ਨਹੀਂ ਜਾਂਦਾ।

ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ ॥
ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥

(ਪੰਨਾ ੮੫੫)

ਸੋ ਮਹਾਰਾਜ! ਮਹਾਂਪੁਰਸ਼ ਤਾਂ ਜੀਵਾਂ ਨੂੰ ਦੁਖੀ ਦੇਖ ਕੇ ਪਰਉਪਕਾਰ ਵਾਸਤੇ ਅਉਂਦੇ ਹਨ। ਸੰਸਾਰੀ ਜੀਵਾਂ ਵਾਂਗੂੰ ਆਪਣੇ ਕਰਮਾਂ ਦਾ ਫ਼ਲ ਭੋਗਣ ਵਾਸਤੇ ਨਹੀਂ ਅਉਂਦੇ।

ਯਥਾ: ਤਰਵਰ ਸਰਵਰ ਸੰਤ ਜਨ ਚੌਥਾ ਬਾਦਲ ਮੇਂਹ।
ਪਰਉਪਕਾਰਣ ਵਾਸਤੇ ਚੌਹਾਂ ਧਾਰੀ ਦੇਹ।

ਉਨ੍ਹਾਂ ਦਾ ਸੰਸਾਰ ਤੇ ਆਉਣਾ ਤੇ ਪ੍ਰਲੋਕ ਨੂੰ ਜਾਣਾ ਸੁਤੰਤਰ ਹੈ। ਜਿਵੇਂ ਜੇਲ੍ਹ ਖਾਨੇ ਵਿੱਚ ਕੈਦੀ ਆਪਣੇ ਕੀਤੇ ਗੁਨਾਹਾਂ ਦਾ ਫ਼ਲ ਭੋਗਣ ਵਾਸਤੇ ਆਉਂਦੇ ਹਨ। ਡਾਕਟਰ ਤੇ ਦਰੋਗਾ ਵੀ ਉਸੇ ਜੇਲ੍ਹ ਵਿੱਚ ਜਾਂਦੇ ਹਨ। ਪਰ ਉਹ ਕੈਦ ਦੇ ਦੁਖਾਂ ਤੋਂ ਆਜ਼ਾਦ ਹੁੰਦੇ ਹਨ। ਕੈਦੀਆਂ ਦੀ ਸਹੂਲਤ ਵਾਸਤੇ ਆਉਂਦੇ ਹਨ। ਇਸੇ ਤਰ੍ਹਾਂ ਸੰਸਾਰ ਵੀ ਜੇਲ੍ਹਖਾਨੇ ਦੇ ਸਮਾਨ ਹੈ। ਪ੍ਰਤੰਤ ਹੋਣ ਕਰਕੇ ਅਸੀਂ ਸਾਰੇ ਜੀਵ ਆਪਣੇ ਕਰਮਾਂ ਦਾ ਫ਼ਲ ਭੋਗ ਰਹੇ ਹਾਂ ਕਿਉਂਕਿ ਆਪ ਜੀ ਦਾ ਹੀ ਉਪਦੇਸ਼ ਹੈ ਕਿ ਹਰ ਜੀਵ ਨੂੰ ਸ਼ੁਭ ਅਸ਼ੁਭ ਮਿਸ਼ਰਤ ਕਰਮਾਂ ਕਰਕੇ ਹੀ ਸਰੀਰ ਮਿਲਿਆ ਹੈ।

ਮਹਾਂ ਪੁਰਸ਼ ਤੇ ਅਵਤਾਰ ਡਾਕਟਰ ਵਾਂਗੂੰ ਜੀਵ ਰੋਗੀ ਨੂੰ ਨਾਮ ਦਾ ਦਾਰੂ ਦੇਣ ਵਾਸਤੇ ਆਉਂਦੇ ਹਨ।

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥

(ਪੰਨਾ ੬੮੭)

ਸੰਤਾਂ ਨੇ ਉੱਤਰ ਦਿੱਤਾ, "ਗੁਰਮੁਖੋ! ਸੰਸਾਰ ਦੀ ਰਚਨਾ ਨਦੀ ਦੇ ਪ੍ਰਵਾਹ ਵਾਗੂੰ ਆਉਣ ਜਾਣ ਵਾਲੀ ਹੈ। ਤੁਸੀਂ ਕਿਸੇ ਪ੍ਰਕਾਰ ਵੈਰਾਗ ਨਾ ਕਰੋ ਕਿਉਂਕਿ ਦੇਹ ਦਾ ਮਿਲਾਪ ਸਦਾ ਰਹਿਣ ਵਾਲਾ ਨਹੀਂ। ਸ਼ਬਦ ਦੇ ਮਿਲਾਪੀ ਸਦੀਵੀ ਮਿਲੇ ਹਨ।"

ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥

(ਪੰਨਾ ੭੯੧)

ਸੋ ਗੁਰੂ ਦੇ ਪਿਆਰਿਓ! ਦੇਹ ਤਾਂ ਬਾਲਕ, ਜਵਾਨ ਤੇ ਬਿਰਧ ਹੋ ਜਾਂਦੀ ਹੈ, ਜੰਮਦੀ ਮਰਦੀ ਹੈ। ਜੀਵ ਆਤਮਾਂ ਅਜ਼ਰ ਤੇ ਅਮਰ ਹੈ। ਇਸ ਦੇ ਵਿਨਾਸ਼ ਦਾ ਸ਼ੋਕ ਨਹੀਂ ਕਰਨਾ ਚਾਹੀਦਾ। ਫੇਰ:

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥
ਅਥਵਾ: ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥

(ਪੰਨਾ ੧੪੨੮)

ਤਥਾ: ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥

(ਪੰਨਾ ੪੭੪)

ਤੁਸੀਂ ਆਪਣੇ ਮਨ ਵਿੱਚ ਜੋ ਵੀ ਆਵੇ ਮੰਗੋ, ਗੁਰੂ ਨਾਨਕ ਭਲੀ ਕਰੇਗਾ, ਫੇਰ ਇਸ ਸਰੀਰ ਦਾ ਦਰਸ਼ਨ ਨਹੀਂ ਹੋਣਾ।" ਇਹ ਬਚਨ ਸੁਣਕੇ ਪ੍ਰੇਮੀਆਂ ਦੇ ਹੰਝੂ ਨਾ ਰੁਕਣ। ਸਾਰਿਆਂ ਨੇ ਵਿਚਾਰ ਕਰਕੇ ਛੋਟੇ ਸੰਤ ਲਾਲ ਸਿੰਘ ਜੀ ਦੇ

ਪਾਸ ਆ ਕੇ ਬੇਨਤੀ ਕੀਤੀ (ਜੋ ਉਸ ਸਮੇਂ ਗੁਰੂ ਕੇ ਲੰਗਰ ਵਿੱਚ ਸੇਵਾ ਕਰ ਰਹੇ ਸਨ) ਕਿ ਤੁਸੀਂ ਸਾਡੇ ਤੇ ਕ੍ਰਿਪਾ ਕਰਕੇ ਸੰਤਾਂ ਪਾਸ ਬੇਨਤੀ ਕਰੋ ਕਿ ਕੁਝ ਸਮਾਂ ਹੋਰ ਦਰਸ਼ਨ ਬਖ਼ਸ਼ਣ। ਉਨ੍ਹਾਂ ਨੇ ਅੱਜ ਸੱਚਖੰਡ ਨੂੰ ਜਾਣ ਵਾਸਤੇ ਸੰਗਤ ਨੂੰ ਆਖ ਦਿੱਤਾ ਹੈ।

ਇਹ ਗੱਲ ਸੁਣ ਕੇ ਸੰਤ ਲਾਲ ਸਿੰਘ ਜੀ ਬੜੇ ਹੈਰਾਨ ਹੋਏ। (ਜੋ ਬਾਬਾ ਜੀ ਦੇ ਅਨਿੰਨ ਸੇਵਕ, ਪੂਰਨ ਸ਼ਰਧਾਲੂ ਤੇ ਸਭ ਤੋਂ ਪਹਿਲਾਂ ਦੇ ਮੁਖੀ ਸਿੱਖ ਸਨ) ਸੰਗਤ ਦੇ ਕਹੇ ਬਚਨ ਅਚਾਨਕ ਉਨ੍ਹਾਂ ਦਾ ਹਿਰਦਾ ਤੀਰ ਵਾਂਗ ਵਿੰਨ ਗਏ। ਜਿਸ ਜਗ੍ਹਾਂ ਤੇ ਖੜ੍ਹੇ ਸੀ ਉਸੇ ਜਗ੍ਹਾ ਸਰੀਰ ਸੁੰਨ ਹੋ ਗਿਆ। ਉਨ੍ਹਾਂ ਦੇ ਮਨ ਦੀ ਇਹ ਸੱਧਰ ਸੀ ਕਿ ਮੈਂ ਬਾਬਾ ਜੀ ਦੇ ਸਰੀਰ ਅਲੋਪ ਕਰਨ ਤੋਂ ਪਹਿਲਾਂ-ਪਹਿਲਾਂ ਹੀ ਪ੍ਰਲੋਕ ਨੂੰ ਚਲਿਆ ਜਾਵਾਂ, ਜਿਸ ਕਰਕੇ ਵਿਛੋੜੇ ਦਾ ਦੁਖ ਨਾ ਦੇਖਾਂ।

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥

(ਪੰਨਾ ੮੩)

ਸੰਗਤ ਦੀ ਬੇਨਤੀ ਸੁਣ ਕੇ ਸੰਤ ਲਾਲ ਸਿੰਘ ਜੀ ਵਾਹੋ ਦਾਹੀ ਬਾਬਾ ਜੀ ਦੀ ਹਜ਼ੂਰੀ ਵਿੱਚ ਪੁੱਜੇ। ਮਗਰ-ਮਗਰ ਸਾਰੀ ਸੰਗਤ ਸੀ। ਹੱਥ ਜੋੜ ਕੇ ਨਿੰਮੋਝੂਣੇ ਹੋ ਕੇ ਸਨਮੁਖ ਖੜ੍ਹੇ ਹਨ।

# ਸੰਤ ਲਾਲ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਗੰਗਾ ਵਾਲੀ (ਜਿਲ੍ਹਾ ਕੈਮਲਪੁਰ) ਵਿੱਚ ਸੰਮਤ ੧੯੮੫ ਬਿਕ੍ਰਮੀ ਨੂੰ 'ਅਰੋੜ' ਬੰਸ ਘਰਾਣੇ ਵਿੱਚ ਹੋਇਆ। ਮਾਪਿਆਂ ਦਾ ਇੱਕਲੌਤਾ ਪੁੱਤਰ, ਬੜਿਆਂ ਚਾਵਾਂ ਨਾਲ ਪਾਲਣਾ ਕੀਤੀ। ਘਰ ਵਿੱਚ ਕਿਸੇ ਪਦਾਰਥ ਦੀ ਘਾਟ ਨਹੀਂ ਸੀ। ਖੁੱਲ੍ਹੀ ਖੁਰਾਕ ਦੇ ਕਾਰਨ ਬਚਪਨ ਤੋਂ ਹੀ ਭਰਵਾਂ ਸਰੀਰ ਤੇ ਦਰਸ਼ਨੀ ਜਵਾਨ ਸਨ। ੧੮ ਸਾਲ ਦੀ ਉਮਰ ਵਿੱਚ ਫੌਜੀ ਨੌਕਰੀ ਦਾ ਸ਼ੌਕ ਜਾਗਿਆ। ਮਰਦਾਨ ਛਾਉਣੀ ਆ ਕੇ ਆਪਣਾ ਨਾਮ ਤੇ ਪੂਰਾ ਪਤਾ ਨੋਟ ਕਰਵਾਇਆ। ਕੱਦ ਮਿਣਿਆ ਡਾਕਟਰੀ 'ਚੋਂ ਪਾਸ ਹੋਏ। ਦਰਸ਼ਨੀ ਚੇਹਰਾ ਤੱਕ ਕੇ ਸਾਹਬ ਖ਼ੁਸ਼ ਹੋ ਗਿਆ। ਪਰ ਜਦੋਂ ਵਾਕਫ਼ੀ ਮੰਗੀ ਤਾਂ ਏਥੇ ਆ ਕੇ ਕੰਮ ਰੁਕ ਗਿਆ। ਵਾਕਫ਼ ਇਨ੍ਹਾਂ ਦਾ ਕੋਈ ਹੈ ਨਹੀਂ ਸੀ। ਉਸ ਸਮੇਂ ਸੰਤ ਬਾਬਾ ਕਰਮ ਸਿੰਘ ਜੀ ਨੇ ਜਾਮਨੀ ਦੇ ਕੇ ਇਨ੍ਹਾਂ ਨੂੰ ਭਰਤੀ ਕਰਵਾਇਆ।[੧੩] ਉਸ ਸਮੇਂ ਬਾਬਾ ਜੀ ਤੋਂ ਉਪਦੇਸ਼ ਲਿਆ ਤੇ ਉਨ੍ਹਾਂ ਨਾਲ ਅਤੁੱਟ ਪਿਆਰ ਪੈ ਗਿਆ। ਤਦ ਤੋਂ ਇੱਕੋ ਜਗ੍ਹਾ ਇਕਠੇ ਰਹਿਣਾ, ਅੰਮ੍ਰਿਤ ਵੇਲੇ ਜਾਗਣਾ, ਭਜਨ ਅਭਿਆਸ ਕਰਨਾ। ਫਿਰ ਸੰਤਾਂ ਦੇ ਨਾਲ ਆ ਕੇ ਹੀ ਗੁਰਦੁਆਰੇ ਦੀ ਸੇਵਾ ਸੰਭਾਲ ਕਰਨੀ। ਦਿੱਲੀ ਦੇ ਗ਼ਦਰ ਵਿੱਚ ਵੀ ਨਾਲ ਰਹਿਕੇ ਗ਼ਰੀਬ ਮਜ਼ਲੂਮਾਂ ਅਭਿਆਗਤਾਂ ਦੀ ਸਹਾਇਤਾ ਕੀਤੀ। ਛੁੱਟੀ ਦੇ ਸਮੇਂ ਇਕੱਠੇ ਹੀ 'ਕਾਜ਼ੀਆ' ਨਗਰ ਆਏ। ਛੁੱਟੀ ਪੂਰੀ ਹੋਣ ਤੋਂ ਪਹਿਲਾਂ ਹੀ ਸੰਤਾਂ ਦੇ ਨਾਲ 'ਕਾਜ਼ੀਆਂ' ਤੋਂ ਰਸਤੇ ਵਿੱਚ ਕਈ ਥਾਵਾਂ ਨੂੰ ਪਵਿੱਤਰ ਕਰਦੇ ਹੋਏ ਹੋਤੀ ਮਰਦਾਨ ਪਹੁੰਚੇ ਸਨ। ਫਿਰ ਜਦੋਂ ਸੰਤਾਂ ਨੇ ਨੌਕਰੀ ਛੱਡੀ ਪ੍ਰਮੇਸ਼ਰ ਪਰਾਇਣ ਹੋਏ ਤਾਂ ਸੰਤ ਲਾਲ ਸਿੰਘ ਜੀ ਹੋਤੀ ਤੋਂ ਚਾਰ ਮੀਲ 'ਕਲਪਾਣੀ' ਦੇ ਕੰਢੇ ਸੰਤਾਂ ਨੂੰ ਪ੍ਰਸ਼ਾਦਿ ਪਹੁੰਚਾਉਂਦੇ। ਛੁੱਟੀ ਵਾਲੇ ਦਿਨ ਤੇ ਡਿਊਟੀ ਤੋਂ ਬਾਅਦ ਵਿਹਲੇ ਹੋ ਕੇ ਸੰਤਾਂ ਪਾਸ ਹੀ ਬੈਠਦੇ। ਜਦੋਂ ਪੈਨਸ਼ਨ ਹੋ ਗਈ ਫਿਰ ਤਾਂ ਆਪ ਪੱਕੇ ਹੀ ਸੰਤਾਂ ਦੇ ਪਾਸ ਆ ਕੇ ਰਹਿਣ ਲੱਗੇ। ਸੰਤਾਂ ਦਾ ਪ੍ਰਤਾਪ ਦੇਖ ਕੇ ਹੋਤੀ ਦੇ ਖ਼ਾਨ ਖਵਾਜਾ ਮੁਹੰਮਦ (ਜਿਸ ਦੇ ਨਾਮ ਤੇ ਉਸ ਦੇ ਪੁੱਤਰ ਅਕਬਕ ਖ਼ਾਨ ਨੇ ਹੋਤੀ ਸ਼ਹਿਰ 'ਖਵਾਜ਼ਾ ਗੰਜ' ਬਜ਼ਾਰ ਦਾ ਨਾਮ ਰੱਖਿਆ) ਕਈ ਮੀਲਾਂ ਦਾ ਜੰਗਲ ਸੰਤਾਂ ਦੇ ਨਾਮ ਲਗਵਾ ਦਿੱਤਾ। ਇਸ ਵਿੱਚ ਡੇਰੇ ਦੀ ਜ਼ਮੀਨ ਤੋਂ ਗੁਫਾ ਤੱਕ ਦੀ ਸਾਰੀ ਧਰਤੀ ਸੀ, ਜਿਸ ਕਰਕੇ ਦੋਹਾਂ ਮਹਾਂ ਪੁਰਸ਼ਾਂ ਨੇ ਰਲ ਮਿਲ ਕੇ ਗੁਫਾ ਪੁਟੀਆਂ। ਖੂਹੀ ਲਗਵਾਈ ਡੇਰੇ ਤੋਂ ਬਾਹਰ ਤਿੰਨ ਮੀਲ ਗੁਫਾ ਤੱਕ ਤੇ ਏਧਰ ਡੇਰੇ ਤੋਂ ਸਟੇਸ਼ਨ ਤੱਕ ਭਾਈ ਲਾਲ ਸਿੰਘ ਜੀ ਨੇ ਸੜਕਾਂ ਬਣਵਾਈਆਂ, ਬੂਟੇ ਤੇ ਬ੍ਰਿਛ ਲਗਵਾਏ, ਲੰਗਰ ਦੀ ਸੇਵਾ ਤੇ ਡੇਰੇ ਦੇ ਪ੍ਰਬੰਧ ਨੂੰ ਸੰਭਾਲਣਾ, ਪੂਰਨ ਸ਼ਰਧਾਲੂ ਹੋ ਕੇ ਸੰਤਾਂ ਦਾ ਹੁਕਮ ਮੰਨਣਾ। ਜਿਵੇਂ ਪੰਚਮ ਪਾਤਸ਼ਾਹ ਜੀ ਮਹਾਰਾਜ ਨੇ ਸੁਖਮਨੀ ਸਾਹਿਬ ਵਿੱਚ ਸਿੱਖ ਦੀ ਅਵਸਥਾ ਕਥਨ ਕੀਤੀ ਹੈ। ਉਹ ਸਾਰੇ ਗੁਣ ਆਪ ਜੀ ਤੇ ਪੂਰਨ ਘਟਦੇ ਸਨ।

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥

(ਪੰਨਾ ੨੮੬)

ਅਤੇ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ। ਸਬਰ ਸਿਦਕ ਸਹੀਦ ਭਰਮ ਭਉ ਖੋਵਣਾ ।
ਗੋਲਾ ਮੁੱਲ ਖਰੀਦ ਕਾਰੇ ਜੋਵਣਾ। ਨਾ ਤਿਸੁ ਭੁਖ ਨ ਨੀਂਦ ਨ ਖਾਣਾ ਸੋਵਣਾ ।
ਪੀਹਣ ਹੋਇ ਜਦੀਦ ਪਾਣੀ ਢੋਵਣਾ। ਪਖੇ ਦੀ ਤਾਗੀਦ ਪਗ ਮਲ ਧੋਵਣਾ ।
ਸੇਵਕ ਹੋਇ ਸਜੀਦ ਨ ਹੱਸਣ ਰੋਵਣਾ। ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।
ਚੰਦ ਮੁਮਾਰਖ ਈਦ ਪੁਗ ਖਲੋਵਣਾ ॥੧੮॥

(ਭਾਈ ਗੁਰਦਾਸ ਜੀ)

ਏਹੋ ਜਿਹੇ ਮਹਾਂ ਪੁਰਸ਼ ਦਾ ਹਜ਼ੂਰੀ ਵਿੱਚ ਸਜਲ ਨੇਤਰਾਂ ਦੇ, ਹੱਥ ਜੋੜ ਖੜ੍ਹੇ ਹੋਣਾ ਤੇ ਮਗਰ ਸੰਗਤਾਂ ਦਾ

---

੧੩ ਇਹ ਪ੍ਰਸੰਗ ਵਿਸਤਾਰ ਸਹਿਤ ਪਿਛੇ ਲਿਖ ਆਏ ਹਾਂ।

ਆਉਣਾ, ਦਿਲ ਦੀ ਜਾਨਣਹਾਰ ਦਾਤੇ ਨੇ ਪੁਛਿਆ, "ਭਾਈ ਲਾਲ ਸਿੰਘ ਕੀ ਗੱਲ ਹੈ?" ਏਧਰੋਂ ਸੇਵਕਾਂ ਦੇ ਗਲੇ 'ਚੋਂ ਕੋਈ ਬਚਨ ਨਹੀਂ ਨਿਕਲਦਾ, ਕੰਠ ਰੁਕ ਰੁਕ ਗਿਆ, ਬਾਣੀ ਅਸਤ ਵਿਅਸਤ ਹੋ ਗਈ। ਫਿਰ ਸੰਤਾਂ ਨੇ ਕਿਹਾ, "ਸੰਗਤ ਜੀ! ਸਰੀਰ ਤਾਂ ਕਿਸੇ ਦਾ ਵੀ ਸਦਾ ਚਿਰ ਨਹੀਂ ਰਿਹਾ। ਇਸ ਦੇ ਜਾਣ ਦਾ ਸਿਆਣੇ ਲੋਕ ਸੋਗ ਨਹੀਂ ਕਰਦੇ, ਤੁਸੀਂ ਇਸ ਸਮੇਂ ਸਾਡੇ ਪਾਸੋਂ ਜੋ ਜੀਅ ਚਾਹੇ ਮੰਗੋ, ਗੁਰੂ ਨਾਨਕ ਦੇ ਭੰਡਾਰੇ ਵਿਚੋਂ ਅਕਾਲ ਪੁਰਖ ਪਾਸੋਂ ਤੁਹਾਨੂੰ ਦਿਵਾ ਦਿੰਦੇ ਹਾਂ।" ਜਦੋਂ ਸਾਰੀ ਸੰਗਤ ਨੇ ਇਹ ਬਚਨ ਸੁਣੇ ਤਾਂ ਮੁਖੀ ਸਿੱਖਾਂ ਨੇ ਹੱਥ ਜੋੜ ਕੇ ਅਰਜ਼ ਕੀਤੀ, "ਮਹਾਰਾਜ! ਸੰਗਤ ਦੀ ਏਹੋ ਹੀ ਮੰਗ ਹੈ ਆਪ ਕੁਝ ਸਮਾਂ ਹੋਰ ਦਰਸ਼ਨ ਬਖ਼ਸ਼ੋ।" ਸੰਤਾਂ ਨੇ ਉੱਤਰ ਦਿੱਤਾ, "ਇਹ ਮੰਗ ਤਾਂ ਅਗੰਮੀ ਹੁਕਮ ਵਿੱਚ ਹੈ, ਉਸ ਦਾਤੇ ਦੀ ਰਜ਼ਾ ਅਮਿਟ ਹੈ।" ਸੰਗਤਾਂ ਦੇ ਪ੍ਰੇਰੇ ਸੰਤ ਲਾਲ ਸਿੰਘ ਜੀ ਕਹਿਣ ਲੱਗੇ, "ਗ਼ਰੀਬ ਨਿਵਾਜ਼! ਇਨ੍ਹਾਂ ਨਿਆਸਰਿਆਂ ਦਾ ਆਸਰਾ ਆਪ ਹੀ ਹੋ, ਕ੍ਰਿਪਾ ਕਰਕੇ ਘਟੋ-ਘਟ ਦੋ ਸਾਲ ਹੋਰ ਦਰਸ਼ਨ ਦੇਵੋ।" ਆਪਣੇ ਪ੍ਰੇਮੀ ਤੇ ਅਨਿੰਨ ਸੇਵਕ ਦੀ ਬੇਨਤੀ ਸੁਣਕੇ ਸੰਤ ਚੁੱਪ ਕਰ ਗਏ। ਸੋਚਦੇ ਹਨ ਇੱਕ ਪਾਸੇ ਰੱਬੀ ਹੁਕਮ ਦਾ ਮੋੜਨਾ ਦੂਜੇ ਪਾਸੇ ਖ਼ਾਲਕ ਦੀ ਖ਼ਲਕਤ ਦਾ ਦਿਲ ਢਾਹੁਣਾ ਤੇ ਸੰਗਤ ਦੀ ਬੇਨਤੀ ਠੁਕਰਾਉਣੀ। ਜਿਸ ਦੇ ਵਿੱਚ ਪ੍ਰਮੇਸ਼ਰ ਦਾ ਵਾਸਾ ਹੈ। ਬੜੀ ਡਾਢੀ ਪ੍ਰੀਖਿਆ ਆ ਪਈ ਹੁਣ ਕੀ ਕੀਤਾ ਜਾਵੇ? ਪ੍ਰਮੇਸ਼ਰ ਦਾ ਹੁਕਮ ਵੀ ਮੰਨਣਾ ਜ਼ਰੂਰੀ ਹੈ ਅਤੇ ਸੰਗਤ ਦਾ ਮਾਣ ਵੀ ਨਹੀਂ ਤੋੜਿਆ ਜਾ ਸਕਦਾ। ਫਿਰ ਇਨ੍ਹਾਂ ਨੇ ਆਪਣੇ ਵਾਸਤੇ ਨਹੀਂ ਪਰਉਪਕਾਰ ਵਾਸਤੇ ਬੇਨਤੀ ਕੀਤੀ ਹੈ। ਪੂਰਨ ਗੁਰਸਿੱਖਾਂ ਦੀ ਬੇਨਤੀ ਨੂੰ ਤਾਂ ਆਪ ਸਤਿਗੁਰੂ ਜੀ ਵੀ ਪ੍ਰਵਾਨ ਕਰਦੇ ਆਏ ਹਨ। ਕਿਉਂਕਿ ਗੁਰੂ ਤਾਂ ਸੰਗਤਾਂ ਦੇ ਅਤੇ ਪ੍ਰਮੇਸ਼ਰ ਦੇ ਭਗਤਾਂ ਦੇ ਅਧੀਨ ਹੈ:

ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥ ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥

(ਪੰਨਾ ੯੬੨)

ਅਥਵਾ:

ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ ॥

(ਪੰਨਾ ੧੧੦੫)

ਇਨ੍ਹਾਂ ਪਿਆਰਿਆਂ ਵਿੱਚ ਪਿਆਰੇ ਦਾ ਵਾਸਾ ਹੈ, ਇਨ੍ਹਾਂ ਦਾ ਨਿਰਾਦਰ ਪਿਆਰੇ ਦਾ ਨਿਰਾਦਰ ਹੈ।

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥

(ਪੰਨਾ ੧੩੮੪)

'ਇਉ ਸੋਚ ਬਿਮੋਚਨ ਸੋਚਨ ਲਾਗੈ।'

ਆਪਣੇ ਪਿਆਰਿਆਂ ਦੀਆਂ ਸੋਚਾਂ ਦੂਰ ਕਰਨ ਵਾਲੇ ਅੱਜ ਆਪ ਸੋਚਾਂ ਵਿੱਚ ਪੈ ਗਏ। ਉੱਧਰੋਂ ਸੰਗਤ ਬੜੀ ਸ਼ਸ਼ੋਪੰਜ ਵਿੱਚ ਹੈ ਕਿ ਦੇਖੋ ਹਜ਼ੂਰ ਦਾ ਕੀ ਦਰਗਾਹੀ ਹੁਕਮ ਹੁੰਦਾ ਹੈ। ਸਾਡੇ ਭਾਗਾਂ ਦੀ ਪ੍ਰੀਖਿਆ ਹੋ ਰਹੀ ਹੈ। ਚੰਗੇ ਹਨ ਜਾ ਮੰਦੇ ਅਤੇ ਅੰਤਰਯਾਮੀ ਪ੍ਰਮੇਸ਼ਰ ਜਿਸਦਾ ਬਿਰਦ ਹੈ:

ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ ॥

(ਪੰਨਾ ੫੨੪)

ਸੰਤਨ ਦੁਖ ਪਾਏ ਤੇ ਦੁਖੀ ॥

(ਪਾ: ੧੦)

ਜਿਵੇਂ ਮਾਂ ਬੱਚੇ ਨੂੰ ਦੁਖੀ ਦੇਖੇ ਤਾਂ ਉਸ ਦਾ ਭੀ ਦਿਲ ਫੜਿਆ ਜਾਂਦਾ ਹੈ, ਇਸੇ ਤਰ੍ਹਾਂ ਆਪਣਿਆਂ ਨੂੰ ਦੁਖੀ ਦੇਖਕੇ ਪ੍ਰਮੇਸ਼ਰ ਦਾ ਮਨ ਵੀ ਵਿਖਸ਼ੇਪਤਾ ਵਿੱਚ ਹੋ ਆਉਂਦਾ ਹੈ। ਕਿਸੇ ਨਾ ਕਿਸੇ ਰੂਪ ਵਿੱਚ ਆ ਕੇ ਉਨ੍ਹਾਂ ਦਾ ਕਸ਼ਟ ਮੇਟਦਾ ਹੈ। ਰਾਜ਼ਕ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਵਾਲੇ ਨੂੰ ਅਗੰਮੀ ਹੁਕਮ ਹੁੰਦਾ ਹੈ। ਅਰਸ਼ੀ ਦਾਤੇ ਅਕਾਲ ਪੁਰਖ ਨੇ ਅਕਾਸ਼ ਬਾਣੀ ਕੀਤੀ, "ਕਰਮ ਸਿੰਘ! ਕਰ ਇਨ੍ਹਾਂ ਵਿਚਾਰੇ ਗ਼ਰੀਬਾਂ ਤੇ ਤਰਸ, ਇਸੇ ਲਈ ਹੀ ਮੈਂ ਤੇਰਾ ਰੂਪ ਧਾਰਕੇ ਫੌਜੀ ਵਰਦੀ ਵਿੱਚ ਪਹਿਰੇ ਤੇ ਖੜਿਆ ਸਾਂ, ਕਿ ਤੂੰ ਫੌਜ ਦੀ ਨੌਕਰੀ ਛੱਡ ਕੇ ਸੱਚੀ ਨੌਕਰੀ ਕਰੇਂ! ਖ਼ਲਕਤ ਦੀ ਸੇਵਾ ਕਰਨੀ ਮੇਰੀ ਸੇਵਾ ਹੈ। ਕੋਈ ਚਿੰਤਾ ਨਾ ਕਰ ਜਿਵੇਂ ਮੈਂ ਤੈਨੂੰ ਆਪਣੇ ਸਿਮਰਨ ਵਿੱਚ ਲੀਨ ਤੱਕ ਕੇ ਆਪ ਆ ਕੇ ਤੇਰੀ ਥਾਂ ਪੂਰੀ ਕੀਤੀ ਸੀ, ਤੂੰ ਵੀ ਇਸ ਮਰਿਯਾਦਾ ਨੂੰ ਕਾਇਮ ਰੱਖ ਤੇ ਕਿਸੇ ਹੋਰ ਨੂੰ ਆਪਣੀ ਥਾਂ ਤੇ ਭੇਜ ਦੇ।"

ਇਹ ਅਗੰਮੀ ਝਲਕਾਰਾ ਤੇ ਅਕਾਸ਼ ਬਾਣੀ ਸੁਣ ਕੇ ਆਰਤਹਾਰੇ ਦੇ ਨੇਤਰ ਖੁੱਲ੍ਹੇ ਤੇ ਅਖਿਆ, "ਭਾਈ ਲਾਲ ਸਿੰਘ! ਇਹ ਨਿਆਸਰੇ ਨਹੀਂ ਇਨ੍ਹਾਂ ਦਾ ਆਸਰਾ ਦੋ ਜਹਾਨ ਦਾ ਵਾਲੀ ਮੇਰਾ ਗੁਰੂ ਨਾਨਕ ਹੈ। ਇਹ ਗੁਰੂ ਵਾਲੇ ਹਨ ਇਨ੍ਹਾਂ ਦਾ ਸਹਾਰਾ ਹੁਣ ਸਤਿਗੁਰੂ ਹੀ ਹੈ। ਨਿਆਸਰੇ ਤਾਂ ਗੁਰੂ ਤੋਂ ਬੇਮੁਖ ਤੇ ਨਿਗੁਰੇ ਹੁੰਦੇ ਹਨ। ਜਿਨ੍ਹਾਂ ਦੀ ਥਾਂ-ਥਾਂ ਤੇ ਬੇਪਤੀ ਹੁੰਦੀ ਹੈ। ਦੂਜੀ ਗੱਲ ਇਹ ਕਿ ਇੱਕ ਸ਼ਰਤ ਤੇ ਤੁਹਾਡੀ ਸਾਰਿਆਂ ਦੀ ਬੇਨਤੀ ਮੰਨੀ ਜਾ ਸਕਦੀ ਹੈ। ਇਹ ਹੈ ਭਾਈ ਲਾਲ ਸਿੰਘ ਜੀ ਤੁਹਾਡੇ ਵੱਸ ਦੀ ਗੱਲ ਕਿਉਂਕਿ ਮੈਨੂੰ ਆਪਣੇ ਮਾਲਕ ਦਾ ਹੁਕਮ ਹੈ:

ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ ॥

(ਪੰਨਾ ੯੨੩)

ਸੋ ਸਾਂਈ ਵਾਲਿਓ! ਸਾਂਈ ਦੇ ਹੁਕਮ ਵਿੱਚ ਹੀ ਚੱਲਣ ਕਰਕੇ ਸੁੱਖ ਹੈ। ਮਹਾਂ ਪੁਰਸ਼ ਤੇ ਈਸ਼ਵਰੀ ਅਵਤਾਰ ਸੰਸਾਰ ਵਿੱਚ ਵਿਗੜੀ ਮਰਿਯਾਦਾ ਨੂੰ ਕਾਇਮ ਕਰਨ ਆਉਂਦੇ ਹਨ, ਵਿਗਾੜਦੇ ਨਹੀਂ। ਉਸ ਡਾਢੇ ਦੇ ਹੁਕਮ ਵਿੱਚ ਹੀ ਚੱਲਣਾ ਸਾਡਾ ਤੁਹਾਡਾ ਸਾਰਿਆਂ ਦਾ ਫਰਜ ਬਣਦਾ ਹੈ। ਸਾਡੀ ਆਯੂ ਤਾਂ ਸਿਰਫ ਅੱਠ ਦਿਨ ਬਾਕੀ ਹੈ ਅਤੇ ਤੁਹਾਡੀ ਦੋ ਸਾਲ ਤੇ ਦੋ ਮਹੀਨੇ ਹੈ। ਹਾਂ ਜੇਕਰ ਤੁਸੀਂ ਅੱਜ ਤੋਂ ਅੱਠਵੇ ਨੂੰ ਸਾਡੀ ਥਾਂ ਤੇ ਚਲੇ ਜਾਵੋ ਤਾਂ ਅਸੀਂ ਹੋਰ ਦੋ ਸਾਲ ਤੇ ਦੋ ਮਹੀਨੇ ਸੰਗਤ ਦੇ ਦਰਸ਼ਨ ਕਰ ਸਕਦੇ ਹਾਂ।"

ਦੁਨੀਆਂ ਦੇ ਲੋਕ ਆਪਣੀ ਜ਼ਿੰਦਗੀ ਵਾਸਤੇ ਆਪਣੇ ਪਰਿਵਾਰ ਵਾਸਤੇ ਕੀ ਕੁਝ ਨਹੀਂ ਕਰਦੇ। ਚਾਹੇ ਕੋਈ ਕਿਤਨਾ ਵੀ ਦੁਖੀ ਜਾ ਗ਼ਰੀਬ ਹੈ ਪਰ ਮਰਨ ਨੂੰ ਕਿਸੇ ਦਾ ਜੀਅ ਨਹੀਂ ਕਰਦਾ। ਸਾਰੇ ਚਹੁੰਦੇ ਹਨ ਸਾਡਾ ਸਰੀਰ ਹੋਰ ਕੁਝ ਸਮਾਂ ਬਣਿਆ ਰਹੇ। ਦੇਹ ਨੂੰ ਰੱਖਣ ਵਾਸਤੇ ਕੁਸ਼ਤੇ ਖਾਂਦੇ, ਜਵਾਨ ਬਨਣ ਲਈ ਦਾੜ੍ਹੀ ਨੂੰ ਕਲਫ਼ਾਂ ਲਾਉਂਦੇ ਹਨ। ਪਰ ਮਰਿਆ ਕੋਈ ਨਹੀਂ ਲੋੜਦਾ। ਇਹ ਅੱਜ ਤੱਕ ਕਿਸੇ ਦਾ ਖ਼ਿਆਲ ਨਹੀਂ ਹੋਇਆ ਕਿ ਮੈਂ ਬਹੁਤ ਸਮਾਂ ਜਿਉਂ ਲਿਆ ਹੁਣ ਮਰ ਜਾਵਾਂ-

ਯਥਾ: ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ ॥

(ਪੰਨਾ ੧੪੧੨)

ਤਥ: ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।
ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ ॥

(ਭਾਈ ਗੁਰਦਾਸ ਜੀ)

ਫੇਰ ਵੀ ਸਮੇਂ ਅਨੁਸਾਰ ਕੋਈ ਟਿਕ ਨਹੀਂ ਸਕਦਾ। ਸਾਰੀ ਦੁਨੀਆਂ ਮਰਦੀ ਹੀ ਮਰਦੀ ਜਾਂਦੀ ਹੈ। ਪਰ ਕਿਸੇ ਨੂੰ ਸਹੀ ਅਰਥਾਂ ਵਿੱਚ ਮਰਨ ਦੀ ਜਾਚ ਨਹੀਂ:

ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ ॥

(ਪੰਨਾ ੧੩੬੬)

ਜਿਨ੍ਹਾਂ ਨੂੰ ਮਰਨ ਦੀ ਜਾਚ ਆ ਗਈ ਉਹ ਫਿਰ ਏਹੋ ਜਿਹੀ ਮਰਨੀ ਮਰਦੇ ਹਨ ਕਿ ਮੁੜ ਕੇ ਉਨ੍ਹਾਂ ਦਾ ਮਰਨਾ ਨਹੀਂ ਹੁੰਦਾ।

ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥

(ਪੰਨਾ ੧੩੬੬)

ਅਥਵਾ: ਐਸੇ ਮਰਹੁ ਜਿ ਬਹੁਰਿ ਨ ਮਰਨਾ ॥

(ਪੰਨਾ ੩੨੭)

ਐਸੀ ਮਰਨੀ ਕੌਣ ਮਰਦੇ ਹਨ? ਜਿਨ੍ਹਾਂ ਦੇ ਅੰਦਰੋਂ ਜਿਉਣ ਦੀ ਇੱਛਾ ਮੁੱਕ ਗਈ ਹੈ। ਉਨ੍ਹਾਂ ਦਾ ਨਿਸ਼ਚਾ ਹੈ ਜਿਤਨਾ ਚਿਰ ਜੀਵੇ ਦੇਸ਼ ਲਈ, ਜੋ ਕੁਝ ਕਰੇ ਕੌਮ ਲਈ, ਜੇ ਮਰੇ ਤਾਂ ਧਰਮ ਵਾਸਤੇ। ਉਹਨਾਂ ਦਾ ਮਰਨਾ ਪ੍ਰਵਾਨ ਹੈ:

ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ ॥

(ਪੰਨਾ ੫੭੯)

ਵਾਹ ਵਾਹ ਧੰਨ ਗੁਰੂ ਨਾਨਕ ਅਰਸ਼ੀ ਦਾਤਾ:

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥

(ਪੰਨਾ ੧੩੬੫)

ਦੁਨੀਆਂ ਤਾਂ ਮੌਤ ਤੋਂ ਡਰਦੀ ਹੈ ਪਰ ਤੇਰੇ ਪਿਆਰਿਆਂ ਨੂੰ ਸੁਣਕੇ ਚਾਅ ਚੜ੍ਹਦਾ ਹੈ। ਏਹੋ ਜਿਹੇ ਮਹਾਂ ਪੁਰਸ਼ਾਂ ਦੀ ਮੌਤ ਦਾ ਸ਼ੋਕ ਨਹੀਂ ਕਰਨਾ ਚਾਹੀਦਾ।

ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥

(ਪੰਨਾ ੧੩੬੫)

ਸੰਤਾਂ ਦੇ ਇਹ ਬਚਨ ਸੁਣ ਕੇ ਸੰਗਤ ਬੜੀ ਹੈਰਾਨ ਸੀ ਕਿ ਇਹ ਕਿਵੇਂ ਹੋ ਸਕਦਾ ਹੈ? ਇਨ੍ਹਾਂ ਦੀ ਥਾਂ ਤੇ ਲਾਲ ਸਿੰਘ ਜੀ ਚਲੇ ਜਾਵਣ ਪਰ ਸੰਤ ਬਾਬਾ ਲਾਲ ਸਿੰਘ ਜੀ ਨੂੰ ਇਤਨੀ ਖ਼ੁਸ਼ੀ ਹੋਈ ਜਿਵੇਂ ਜਨਮ ਜਨਮ ਦੇ ਕੰਗਲੇ ਨੂੰ ਸਮੂਹ ਕਾਮਨਾਂ ਪੂਰੀਆਂ ਕਰਨ ਵਾਲਾ ਕਲਪ ਬ੍ਰਿਖ ਮਿਲ ਜਾਵੇ। ਉਨ੍ਹਾਂ ਨੇ ਹੱਥ ਜੋੜੇ, ਚਰਨ ਚੁੰਮੇ, ਅਰਜ਼ ਕੀਤੀ, "ਦਾਤਾ ਧੰਨ ਹੋ ਆਪ! ਤੇ ਧੰਨ ਭਾਗ ਹਨ ਮੇਰੇ! ਜੋ ਇਹ ਮਿੱਟੀ ਦੀ ਮੜੋਲੀ ਅੱਜ ਕਿਸੇ ਅਰਥ ਲੱਗ ਰਹੀ ਹੈ, ਨਹੀਂ ਤਾਂ ਇਹ ਦੇਹ ਪਸ਼ੂਆਂ ਨਾਲੋਂ ਵੀ ਮਾੜੀ ਹੈ।

ਨਰੂ ਮਰੈ ਨਰੁ ਕਾਮਿ ਨ ਆਵੈ ॥
ਪਸੂ ਮਰੈ ਦਸ ਕਾਜ ਸਵਾਰੈ ॥

(ਪੰਨਾ ੮੭੦)

ਪਰ ਆਪ ਜੀ ਨੇ ਤਰਸ ਕਰਕੇ ਇਹ ਅਮੋਲਕ ਸੇਵਾ ਦਾ ਸਮਾਂ ਬਖ਼ਸ਼ਿਆ ਹੈ, ਮੈਂ ਹਜ਼ੂਰ ਦਾ ਬਚਨ ਸੱਤ ਕਰਕੇ ਸਿਰ ਮੱਥੇ ਤੇ ਮੰਨਦਾ ਹਾਂ। ਆਪ ਮੇਰੇ ਸਮੇਤ ਸਾਰੀ ਸੰਗਤ ਤੇ ਕ੍ਰਿਪਾ ਕਰੋ।" ਸੰਤ ਲਾਲ ਸਿੰਘ ਜੀ ਦੇ ਮੁੱਖੋਂ ਇਸ ਪ੍ਰਕਾਰ ਦੇ ਬਚਨ ਸੁਣ ਕੇ ਸਾਰੀ ਸੰਗਤ ਦੇ ਮੁਰਝਾਏ ਮਨ ਇਉਂ ਖਿੜ ਪਏ ਜਿਵੇਂ ਸਵੇਰ ਦੇ ਸੂਰਜ ਦੀ ਲਾਲੀ ਤੱਕ ਕੇ ਰਾਤਰੀ ਦੇ ਮੁੰਦੇ ਹੋਏ ਕਮਲ ਖਿੜਦੇ ਹਨ। ਫੇਰ ਕੀ ਸੀ ਸਾਰੇ ਆਖਣ ਲੱਗੇ, "ਧੰਨ ਬਾਬਾ ਲਾਲ ਸਿੰਘ ਜੀ ਤੁਸੀਂ ਗੁਰੂ ਕੇ ਅਮੋਲਕ ਲਾਲ ਹੋ। 'ਲਾਲ' ਸੱਚ ਮੁੱਚ ਕੀਮਤ ਵਾਲਾ ਹੁੰਦਾ ਹੈ। ਤੁਸੀਂ ਆਪਣਾ ਨਾਮ ਸਕਾਰਥ ਕੀਤਾ ਹੈ। ਤੁਹਾਨੂੰ ਭਗਤੀ ਤੇ ਬ੍ਰਹਮ ਗਿਆਨ ਦਾ ਲਾਲ ਰੰਗ ਚੜ੍ਹਿਆ ਹੈ:-

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥

(ਪੰਨਾ ੮੦੮)

ਅਥਵਾ: ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ ॥

(ਪੰਨਾ ੧੦੮੯)

ਸੱਤਵੇ ਪਾਤਸ਼ਾਹ ਜੀ ਦੇ ਸਮੇਂ ਕਰਤਾਰ ਪੁਰ ਇੱਕ ਬ੍ਰਾਹਮਣ ਦੇ ਪੁੱਤਰ ਨੂੰ ਜ਼ਿੰਦਾ ਕਰਨ ਵਾਸਤੇ ਪਰਉਪਕਾਰ ਲਈ ਭਾਈ ਭਗਤੂ ਦੇ ਛੋਟੇ ਪੁੱਤਰ ਭਾਈ ਜੀਵਨ ਨੇ ਆਪਣਾ ਸਰੀਰ ਅਰਪਿਆ ਸੀ। ਉਸ ਨੇ ਸਤਿਗੁਰਾਂ ਦੀ ਮਹਾਨ ਪ੍ਰਸੰਸਾ ਪ੍ਰਾਪਤ ਕੀਤੀ ਸੀ। ਪਰ ਅੱਜ ਤੁਸੀਂ ਇੱਕ ਨਹੀਂ, ਦੋ ਨਹੀਂ, ਹਜ਼ਾਰ ਨਹੀਂ, ਬਲਕਿ ਲੱਖਾਂ ਪ੍ਰਾਣੀਆਂ ਤੇ ਪਰਉਪਕਾਰ ਕਰ ਰਹੇ ਹੋ। ਸਾਡੀ ਇਹ ਇੱਕ ਰਸਨਾ ਤੁਹਾਡਾ ਜਸ ਨਹੀਂ ਕਰ ਸਕਦੀ। ਬਸ ਇਤਨਾਂ ਹੀ ਕਹਿਣਾ ਕਾਫ਼ੀ ਹੈ:

ਸਾਧ ਕੀ ਮਹਿਮਾ ਬੇਦ ਨ ਜਾਨਹਿ ॥

(ਪੰਨਾ ੨੭੨)

ਜਿਵੇਂ ਚੰਦਨ ਦੀ ਸੰਗਤ ਨਾਲ ਹਰ ਇੱਕ ਬ੍ਰਿਛ ਚੰਦਨ ਬਣ ਜਾਂਦਾ ਹੈ, ਤੁਸੀਂ ਵੀ ਬਾਬਾ ਜੀ ਦੀ ਸੰਗਤ ਕਰ ਕੇ ਪੂਰਨ ਮਹਾਂ ਪੁਰਸ਼ ਬਣ ਗਏ ਹੋ।" ਇਉਂ ਸੰਗਤਾਂ ਦੀ ਬੇਨਤੀ ਪ੍ਰਵਾਨ ਹੋ ਗਈ। ਬਾਬਾ ਜੀ ਕੁਰਸੀ ਤੋਂ ਉੱਠੇ, ਝੰਪਾਨ ਵਿੱਚ ਬੈਠ ਕੇ ਗੁਫਾ ਵੱਲ ਚਲੇ ਗਏ। ਸੰਤ ਲਾਲ ਸਿੰਘ ਜੀ ਪ੍ਰਸੰਨ ਚਿੱਤ ਲੰਗਰ ਵਿੱਚ ਆਪਣੀ ਡਿਊਟੀ ਤੇ ਹਾਜ਼ਰ ਹੋਏ। ਸੰਗਤ ਘਰਾਂ ਨੂੰ ਵਾਪਸ ਮੁੜ ਆਈ ਸਾਰੇ ਕਹਿੰਦੇ ਹਨ ਧੰਨ ਬਾਬਾ ਲਾਲ ਸਿੰਘ ਜੀ।

ਇਹ ਬਾਬਾ ਲਾਲ ਸਿੰਘ ਜੀ ਦੇ ਪਰਉਪਕਾਰ ਵਾਲੀ ਵਾਰਤਾ ਜੰਗਲ ਦੀ ਅੱਗ ਵਾਂਗ ਸਾਰੇ ਇਲਾਕੇ ਵਿੱਚ ਫੈਲ ਗਈ। ਸੰਸਾਰ ਦੀ ਰਚਨਾ ਹੀ ਏਹੋ ਜਿਹੀ ਹੈ, ਇਸ ਵਿੱਚ ਕਈ ਖ਼ਿਆਲਾਂ ਦੇ ਮਨੁੱਖ ਹਨ। ਤਦੇ ਹੀ ਗੁਰੂ ਨਾਨਕ

ਨਿਰੰਕਾਰੀ ਦਾ ਹੁਕਮ ਹੈ:

ਇਸ ਕਲੀਓ ਪੰਜ ਭੀਤੀਓ ਕਿਉ ਕਰਿ ਰਖਾਂ ਪਤਿ।
ਜੇ ਬੋਲਾ ਤਾਂ ਆਖੀਐ ਬੜ ਬੜ ਕਰੈ ਬਹੁਤ।
ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ।
ਜੇ ਬਹਿ ਰਹਾਂ ਤਾਂ ਆਖੀਐ ਬੈਠਾ ਸੱਥਰ ਘਤ।
ਉਠ ਜਾਈ ਤਾਂ ਆਖੀਐ ਛਾਰੁ ਗਇਆ ਸਿਰ ਘਤਿ।
ਜੇ ਕਰਿ ਨਿਵਾ ਤਾਂ ਆਖੀਐ ਡਰਦਾ ਕਰੇ ਭਗਤ।
ਕਾਈ ਗਲੀ ਨ ਮੇਵਨੀ ਜਿੱਥੇ ਕਢਾਂ ਝਤਿ।
ਏਥੈ ਓਥੈ ਨਾਨਕਾ ਕਰਤਾ ਰਖੈ ਪਤਿ ॥੧॥

(ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ਅਧਿਆਇ ੩੮)

ਇਸੇ ਤਰ੍ਹਾਂ ਕਈ ਸ਼ਰਧਾਲੂ ਤਾਂ ਬੜੇ ਹੈਰਾਨ ਸਨ ਕਿ ਧੰਨ ਹਨ ਇਹੋ ਜਿਹੇ ਮਹਾਂ ਪੁਰਸ਼ ਪਰਉਪਕਾਰ ਵਾਸਤੇ ਜੀਅ ਦਾਨ ਕਰਨ ਵਾਲੇ ਅਤੇ ਕਈ ਅਸ਼ਰਧਕ ਕਹਿੰਦੇ ਹਨ, ਇਹ ਗੱਲ ਕਿਵੇਂ ਹੋ ਸਕਦੀ ਹੈ? ਆਪਣੀ ਮਹਿਮਾ ਵਡਿਆਈ ਕਰਾਉਣ ਵਾਸਤੇ ਇਹ ਗੱਲ ਲੋਕਾਂ ਵਿੱਚ ਫੈਲਾ ਦਿੱਤੀ। ਪਰ ਦੂਜੇ ਦੀ ਥਾਂ ਤੇ ਕੌਣ ਮਰਦਾ ਹੈ? ਇਸ ਤਰ੍ਹਾਂ ਸਮਾਂ ਲੰਘਦਾ ਗਿਆ। ਪ੍ਰੇਮੀਆਂ ਤੇ ਅਸ਼ਰਧਕਾਂ ਦੀ ਆਪਸ ਵਿੱਚ ਦੋਹਾਂ ਪਾਸਿਆਂ ਤੋਂ ਖਿਚਾ-ਖਿਚੀ ਵਧਦੀ ਹੀ ਗਈ। ਉਸੇ ਤਰ੍ਹਾਂ ਹਜ਼ੂਰ ਨਿਤਾ ਪ੍ਰਤੀ ਸੰਗਤ ਨੂੰ ਦਰਸ਼ਨ ਦੀਦਾਰ ਤੇ ਉਪਦੇਸ਼ ਦੇ ਕੇ ਸਭਨਾਂ ਦੀਆਂ ਮਨੋ ਕਾਮਨਾਵਾਂ ਪੂਰੀਆਂ ਕਰ ਰਹੇ ਸਨ। ਦਿਨ ਬੀਤਦਿਆਂ ਦੇਰ ਨਹੀਂ ਲਗਦੀ ਸਮਾਂ ਆ ਪਹੁੰਚਾ ਸਿਰਫ ਇੱਕੋ ਹੀ ਦਿਨ ਬਾਕੀ ਰਹਿ ਗਿਆ। ਇਸ ਗੱਲ ਦਾ ਨਿਰਣਾ ਕਰਨ ਵਾਸਤੇ ਦੂਰੋਂ-ਦੂਰੋਂ ਪ੍ਰੇਮੀਆਂ ਦੇ ਜਥੇ ਆਏ। ਨੁਸ਼ਹਿਰਾ, ਪਿਸ਼ੌਰ, ਪੰਜਾ ਸਾਹਿਬ, ਰਾਵਲਪਿੰਡੀ ਤੇ ਹੋਰ ਇਲਾਕਿਆਂ ਦੀ ਸੰਗਤ ਪੁੱਜੀ। ਹੋਤੀ ਦਾ ਪਠਾਣ ਖ਼ਵਾਜਾ ਮੁਹੰਮਦ ਖ਼ਾਂ ਤੇ ਹੋਰ ਬੇਅੰਤ ਮੁਸਲਮਾਨਾਂ ਦਾ ਇੱਕਠ ਹੋਇਆ। ਅੱਜ ਸੰਤ ਲਾਲ ਸਿੰਘ ਜੀ ਦੇ ਸਮਾਉਣ ਵਾਲਾ ਅੱਠਵਾਂ ਦਿਨ ਹੈ।

# ਸੰਤ ਲਾਲ ਸਿੰਘ ਜੀ ਦਾ ਗੁਰਪੁਰੀ ਪਿਆਨਾ

੧੯੦੦ ਈਸਵੀ ਸੰਨ ੧੯੫੭ ਬਿਕ੍ਰਮੀ ਸੰਮਤ ਮੱਘਰ ਸੁਦੀ ਚੌਥ, ਤਰੀਕ ੧੨ ਮੱਘਰ, ਦਿਨ ਐਤਵਾਰ ਹੋਣ ਕਰਕੇ ਡੇਰੇ ਦੇ ਅੰਦਰ ਬਾਹਰ ਸੰਗਤਾਂ ਦੀ ਬੇਅੰਤ ਗਹਿਮਾ-ਗਹਿਮ ਹੈ। ਭਾਈ ਲਾਲ ਸਿੰਘ ਜੀ ਉਸੇ ਤਰ੍ਹਾਂ ਹੀ ਪਹਿਲਾਂ ਵਾਗੂੰ ਸਭਨਾਂ ਦੀ ਸੰਭਾਲ ਕਰਦੇ ਲੰਗਰ ਵਰਤਾਉਂਦੇ ਤੇ ਛਕਾਉਂਦੇ ਹਨ। ਜਿਸ ਕਰਕੇ ਦੇਖਣ ਵਾਲੇ ਹੋਰ ਵੀ ਹੈਰਾਨ ਹਨ ਕਿ ਅੱਜ ਆਖ਼ਰੀ ਦਿਨ ਹੈ ਪਰ ਇਨ੍ਹਾਂ ਦਾ ਸਰੀਰ ਬਿਲਕੁਲ ਅਰੋਗ ਤੇ ਸਾਵਧਾਨ ਹੈ। ਇਹ ਗੱਲ ਕਿਵੇਂ ਹੋਵੇਗੀ? ਜਿਨ੍ਹਾਂ ਨੇ ਸੰਤ ਲਾਲ ਸਿੰਘ ਜੀ ਦਾ ਅੱਜ ਪਹਿਲੀ ਵਾਰ ਹੀ ਦਰਸ਼ਨ ਕੀਤਾ ਹੈ। ਉਹ ਦੂਜਿਆ ਤੋਂ ਪੁੱਛਦੇ ਹਨ ਕਿ ਕਿਹੜੇ ਬਾਬੇ ਹਨ ਜਿਨ੍ਹਾਂ ਨੇ ਅੱਜ ਪ੍ਰਲੋਕ ਨੂੰ ਜਾਣਾ ਹੈ? ਦੂਸਰੇ ਪ੍ਰੇਮੀ ਜੋ ਵਾਕਫ਼ ਹਨ ਉਹ ਦੱਸਦੇ ਹਨ ਕਿ ਉਹ ਸਾਹਮਣੇ ਖੱਦਰ ਦੀ ਖਫ਼ਨੀ ਵਾਲੇ ਜੋ ਕਮਰ ਕੱਸਾ ਕਰੀ ਲੰਗਰ ਵਰਤਾ ਰਹੇ ਹਨ, ਏਹੋ ਹੀ ਸੰਤ ਹਨ।

ਏਧਰੋਂ ਅੰਤਰਯਾਮੀ ਦਾਤੇ ਨੇ ਇੱਕ ਦਿਨ ਪਹਿਲਾਂ ਹੀ ਖੁੱਲ੍ਹਾ ਲੰਗਰ ਤਿਆਰ ਕਰਨ ਦੀ ਆਗਿਆ ਦੇ ਦਿੱਤੀ ਹੈ। ਵੱਡੇ-ਵੱਡੇ ਕੜਾਹੇ ਚਾੜ੍ਹੇ ਗਏ। ਸਾਰੀ ਰਾਤ ਪ੍ਰਸ਼ਾਦਾ ਪੱਕਦਾ ਰਿਹਾ। ਸਵੇਰੇ ਹੀ ਅਰਦਾਸ ਕਰਕੇ ਵਰਤਾਉਣਾ ਸ਼ੁਰੂ ਕਰਵਾ ਦਿੱਤਾ। ਦਿਨ ਦੇ ਬਾਰ੍ਹਾਂ ਵੱਜ ਗਏ, ਦੁਪਹਿਰ ਦਾ ਲੰਗਰ ਸਭਨਾਂ ਨੇ ਛਕ ਲਿਆ। ਸੰਤਾਂ ਦਾ ਪ੍ਰਸ਼ਾਦਿ ਬਾਹਰ ਗੁਫਾ ਤੇ ਹੀ ਭੇਜ ਦਿੱਤਾ। ਲੰਗਰ ਛਕਣ ਤੋਂ ਬਾਅਦ ਬਾਹਰੋਂ ਆਈ ਹੋਈ ਸਾਰੀ ਸੰਗਤ ਬਾਬਾ ਜੀ ਦੇ ਦਰਸ਼ਨਾਂ ਨੂੰ ਗੁਫਾ ਵੱਲ ਚਲੀ ਗਈ।

ਸੰਤ ਮਹਾਰਾਜ ਜੀ ਵੀ ਅੱਜ ਆਪਣੇ ਪਿਆਰੇ, ਗੁਰੂ ਨਾਨਕ ਦੇ ਸਿੱਖ ਦਾ ਪ੍ਰਲੋਕ ਪਿਆਨਾ ਜਾਣ ਕੇ ਬਿਰਾਜੇ ਨਹੀਂ। ਛੱਪਰੀਆਂ ਤੋਂ ਬਾਹਰ ਖੁੱਲ੍ਹੀ ਜਗ੍ਹਾ ਤੇ ਸਜੇ ਸਭਨਾਂ ਨੂੰ ਦਰਸ਼ਨ ਬਖ਼ਸ਼ ਰਹੇ ਹਨ। ਏਧਰੋਂ ਆਪਣਾ ਅੰਤ ਸਮਾਂ ਨੇੜੇ ਜਾਣ ਕੇ ਭਾਈ ਲਾਲ ਸਿੰਘ ਜੀ ਵੀ ਕੇਸੀ ਇਸ਼ਨਾਨ ਕਰਕੇ ਨਵੀਂ ਪੁਸ਼ਾਕ ਪਹਿਨ ਕੇ ਬਾਬਾ ਜੀ ਦੇ ਚਰਨਾਂ ਵਿੱਚ ਹਾਜ਼ਰ ਹੋ ਗਏ। ਭਾਵਨਾ ਨਾਲ ਮੱਥਾ ਟੇਕਿਆ, ਚਰਨ ਧੂੜੀ ਮਸਤਕ ਨੂੰ ਲਾਈ, ਹੰਝੂਆ ਨਾਲ ਚਰਨ ਧੋ ਦਿੱਤੇ। ਜ਼ਿੰਦਗੀ ਵਿੱਚ ਹੋਈਆਂ ਭੁੱਲਾਂ ਦੀ ਖ਼ਿਮਾ ਮੰਗੀ। ਹੱਥ ਜੋੜ ਕੇ ਬੇਨਤੀ ਕੀਤੀ, "ਦਾਤਾ! ਸਾਡੇ ਗ਼ੁਨਾਹਾਂ ਵੱਲ ਨਾ ਤੱਕਣਾ।"

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥

(ਪੰਨਾ ੧੬੭)

ਫਿਰ ਸੰਤਾਂ ਕਿਹਾ, "ਲਾਲ ਸਿੰਘ ਜੀ! ਤੁਸੀਂ ਗੁਰੂ ਕੇ ਲਾਲ ਹੋ, ਗੁਰੂ ਨਾਨਕ ਤੁਹਾਡੇ ਅੰਗ ਸੰਗ ਹੈ। ਤੁਸੀਂ ਆਪਣਾ ਜਨਮ ਮਰਣ ਮੇਟ ਲਿਆ। ਤੁਸੀਂ ਸਦੀਵੀਂ ਦੋਹਾਂ ਲੋਕਾਂ ਵਿੱਚ ਸਾਡੇ ਨਾਲ ਮਿਲੇ ਹੋ। 'ਸ਼ਬਦ ਮਿਲਾਵਾ ਹੋਤ ਹੈ, ਦੇਹ ਮਿਲਾਵਾ ਨਾਹਿ'

"ਧੰਨ ਭਾਈ ਲਾਲ ਸਿੰਘ ਜੀ!"

ਇਉਂ ਸੰਤਾਂ ਨੇ ਬੜੇ ਵਰ ਦਿੱਤੇ, ਸ਼ਾਮ ਦੇ ਚਾਰ ਵੱਜ ਗਏ। ਸਮਾਂ ਹੋਇਆ ਜਾਣਕੇ ਮਹਾ ਪੁਰਸ਼ਾਂ ਦੀ ਆਗਿਆ ਪਾਕੇ ਸਰੀਰ ਤੇ ਚਾਦਰਾ ਤਾਣ ਕੇ ਲੰਮੇ ਪੈ ਗਏ ਅਤੇ ਹਜ਼ੂਰ ਦਾ ਦਰਸ਼ਨ ਕਰਦੇ ਸੱਚਖੰਡ ਜਾ ਬਿਰਾਜੇ। ਜਿਵੇਂ ਪੱਕੀ ਕੁੰਜ ਨੂੰ ਸੱਪ ਤਿਆਗਦਾ ਹੈ ਇਉਂ ਸਰੀਰ ਦੀ ਕੈਦ ਤੋਂ ਆਜ਼ਾਦ ਹੋ ਕੇ ਜੀਵ ਆਤਮਾ ਵਿਆਪਕ ਬ੍ਰਹਮ ਵਿੱਚ ਲੀਨ ਹੋ ਗਿਆ। ਧੰਨ ਬਾਬਾ ਲਾਲ ਸਿੰਘ ਜੀ! ਸੰਤਾਂ ਦੀ ਅਗਿਆ ਪਾ ਕੇ ਰਾਗੀਆਂ ਨੇ ਕੀਰਤਨ ਸ਼ੁਰੂ ਕਰ ਦਿੱਤਾ:

ਮਾਰੂ ਮਹਲਾ ੫ ॥
ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ
ਉਠਿ ਉਆਹੂ ਕਉ ਦਉਰਿਓ ॥੨॥

ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ
ਜਿਨਿ ਨਾਨਕ ਖਸਮੁ ਪਛਾਤਾ ॥੪॥

(ਪੰਨਾ ੧੦੦੦)

ਇਤਨੇ ਨੂੰ ਮਰਦਾਨ ਛਾਉਣੀ ਤੋਂ ਫੌਜੀ ਬੈਂਡ ਤੇ ਹੋਰ ਦੇਸੀ ਵਾਜੇ ਆ ਗਏ। ਨਰਸਿੰਗੇ, ਸ਼ਹਿਨਾਈਆਂ ਤੇ ਨਫੀਰੀਆਂ ਦੀ ਆਵਾਜ਼ ਨੇ ਸਭਨਾਂ ਦੇ ਅੰਦਰ ਵੈਰਾਗ ਪੈਦਾ ਕਰ ਦਿੱਤਾ। ਸੁੰਦਰ ਬਿਬਾਨ ਤਿਆਰ ਕੀਤਾ ਗਿਆ। ਉਸ ਵਿੱਚ ਸਰੀਰ ਨੂੰ ਬਿਰਾਜਮਾਨ ਕਰਕੇ ਉੱਪਰ ਸੇਹਰੇ ਪਾਏ ਗਏ। ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਦੀ ਸੰਗਤ ਨੇ ਆਪਣੇ ਮੋਢਿਆਂ ਤੇ ਬਿਬਾਨ ਚੁੱਕ ਲਿਆ ਤੇ ਡੇਰੇ ਲਿਆ ਕੇ ਖੁਲ੍ਹੀ ਥਾਂ ਤੇ ਅੰਗੀਠਾ ਤਿਆਰ ਕੀਤਾ ਗਿਆ। ਸਰੀਰ ਨੂੰ ਰੱਖ ਕੇ ਪਹਿਲਾਂ ਸਾਰਿਆਂ ਨੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕੀਤਾ। ਫੇਰ ਅਰਦਾਸਾ ਕਰਕੇ ਚੰਡਾ ਲਾ ਦਿੱਤਾ। ਕੀਰਤਨ ਸੋਹਲੇ ਦਾ ਪਾਠ ਕਰਕੇ ਸਾਰੇ ਪ੍ਰੇਮੀ ਗੁਰਦੁਆਰੇ ਸਾਹਿਬ ਆ ਗਏ। ਸਤਿਗੁਰਾਂ ਨੂੰ ਸੀਸ ਨਿਵਾ ਕੇ ਸੰਗਤ ਹਜ਼ੂਰੀ ਵਿੱਚ ਸਜ ਗਈ। ਵਡਹੰਸ ਰਾਗ ਵਿਚੋਂ ਅਲਾਹਣੀਆਂ ਦਾ ਪਾਠ ਕਰਕੇ ਕੜਾਹ ਪ੍ਰਸ਼ਾਦਿ ਦੀ ਅਰਦਾਸ ਕੀਤੀ ਗਈ। ਸਭਨਾਂ ਨੇ ਦੇਗ ਲਈ ਅਤੇ ਸਜਲ ਨੇਤਰੀਂ ਸਾਰੇ ਹੀ ਪ੍ਰੇਮੀ ਧੰਨ ਬਾਬਾ ਲਾਲ ਸਿੰਘ ਜੀ ਕਹਿੰਦੇ ਹੋਏ ਆਪਣੇ ਘਰਾਂ ਨੂੰ ਚਲੇ ਗਏ। ਇਉਂ:

ਗੁਰਮੁਖ ਜਨਮ ਸਵਾਰ ਦਰਗਹ ਚਲਿਆ ।
ਸਚੀ ਦਰਗਹ ਜਾਇ ਸਚਾ ਪਿੜ ਮਲਿਆ ।
ਗੁਰਮੁਖ ਭੋਜਨ ਭਾਉ ਚਾਉ ਅਲਲਿਆ ।
ਗੁਰਮੁਖ ਨਿਹਚਲ ਚਿਤ ਨ ਹਲੈ ਹਲਿਆ ।
ਗੁਰਮੁਖ ਸਚ ਅਲਾਉ ਭਲੀ ਹੂੰ ਭਲਿਆ ।
ਗੁਰਮੁਖ ਸਦੇ ਜਾਨ ਆਵਨ ਘਲਿਆ ॥੧੪॥

(ਭਾਈ ਗੁਰਦਾਸ ਜੀ)

ਤਥਾ: ਸਫਲ ਸਫਲ ਭਈ ਸਫਲ ਜਾਤ੍ਰਾ ॥
ਆਵਣ ਜਾਣ ਰਹੇ ਮਿਲੇ ਸਾਧਾ ॥੧॥

(ਪੰਨਾ ੬੮੭)

ਤਥਾ: ਧੰਨੁ ਧੰਨੁ ਧੰਨੁ ਜਨੁ ਆਇਆ ॥
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥

(ਪੰਨਾ ੨੯੪)

ਨੋਟ:- ਇਨ੍ਹਾਂ ਦੇ ਸੇਵਕਾਂ ਵਿਚੋਂ ਇੱਕ ਸੰਤ ਜਿਉਣ ਸਿੰਘ ਜੀ ਪੂਰਨ ਮਹਾਂ ਪੁਰਸ਼ ਹੋਏ ਹਨ, ਜਿਨ੍ਹਾਂ ਦੇ ਸ਼ਿਸ਼ ਨਿਰਮਲ ਇਤਿਹਾਸ ਦੇ ਲੇਖਕ ਸੰਤ ਦਿਆਲ ਸਿੰਘ ਜੀ ਲਹੌਰ ਵਾਲੇ ਹੋਏ ਹਨ।

****************

# ਕਾਂਡ ਚੌਥਾ

## ਸੰਗਤਾਂ ਨਾਲ ਪਿਆਰ ਤੇ ਸੰਤ ਦੋਖੀਆਂ ਦਾ ਪ੍ਰਹਾਰ

ਹੋਤੀ ਡੇਰੇ ਤੋਂ ਕੁਝ ਕੁ ਮੀਲਾਂ ਦੇ ਫਾਸਲੇ ਤੇ ਇੱਕ ਕੱਟੜ ਖ਼ਿਆਲਾਂ ਦੇ ਰੰਘੜ ਤੇ ਪਠਾਣ ਜਾਤੀ ਦੇ ਮੁਸਲਮਾਨਾਂ ਦਾ ਪਿੰਡ ਹੈ। ਜੋ ਬਾਬਾ ਜੀ ਦੇ ਦਰਸ਼ਨਾਂ ਨੂੰ ਆਉਣ ਵਾਲੀ ਸੰਗਤ ਨੂੰ ਬੜਾ ਮਖ਼ੌਲ ਕਰਦੇ। ਗੁਰਸਿੱਖ ਪ੍ਰੇਮੀ ਦੁਖੀ ਤਾਂ ਹੁੰਦੇ ਪਰ ਚੁੱਪ ਕਰ ਰਹਿੰਦੇ। ਇਨ੍ਹਾਂ ਹੰਕਾਰੀ ਪਠਾਣਾਂ ਦੀ ਬੁੱਧੀ ਤੇ ਹੋਰ ਵੀ ਅਗਿਆਨਤਾ ਦਾ ਪੜਦਾ ਛਾਈ ਗਿਆ। ਇਨ੍ਹਾਂ ਵਿੱਚੋਂ ਇੱਕ ਕਬੀਲੇ ਦੇ ਤਿੰਨ ਚਾਰ ਘਰ ਤਾਂ ਐਸੇ ਢੀਠ ਤੇ ਬੇਸਮਝ ਸਨ ਜੋ ਸ਼ਰਾਬੀ, ਕਬਾਬੀ, ਗੁਰਨਿੰਦਕ, ਸੰਤ ਦਰੋਹੀ, ਤੇ ਹੋਰ ਵੀ ਬਹੁਤ ਸਾਰੇ ਔਗੁਣਾਂ ਨਾਲ ਭਰਪੂਰ ਸਨ। ਸੰਗਤਾਂ ਨੂੰ ਆਉਂਦਿਆਂ ਦੇਖ ਕੇ (ਕਿਉਂਕਿ ਹੋਤੀ ਡੇਰੇ ਨੂੰ ਆਉਣ ਦਾ ਰਸਤਾ ਇਸੇ ਪਿੰਡ ਵਿਚੋਂ ਸੀ) ਇਨ੍ਹਾਂ ਦੇ ਗੱਭਰੂ ਮੁੰਡਿਆਂ ਨੇ ਮਗਰ ਕੁੱਤੇ ਲਾ ਦੇਣੇ। ਜੇ ਕਿਸੇ ਨੇ ਸੰਗਤ ਵਿਚੋਂ ਇਨ੍ਹਾਂ ਦੇ ਕੁੱਤਿਆਂ ਨੂੰ ਮਾਰਨਾ ਘੂਰਨਾ ਤਾਂ ਇਨ੍ਹਾਂ ਡਾਂਗਾਂ ਲੈ ਕੇ ਲੜਣ ਵਾਸਤੇ ਤਿਆਰ ਹੋ ਜਾਣਾ। ਕਈ ਵਾਰੀਂ ਉਹ ਕੁੱਤੇ ਸਿੱਖਾਂ ਨੂੰ ਕੱਟ ਵੀ ਦਿੰਦੇ। ਸੰਤਾਂ ਪਾਸ ਵੀ ਖ਼ਬਰ ਪੁੱਜੀ।

ਪਹਿਲਾਂ ਤਾਂ ਕਾਫ਼ੀ ਸਮਾਂ ਸੰਤਾਂ ਨੇ ਚੁੱਪ ਧਾਰਨ ਕਰੀ ਰੱਖੀ ਕਿਉਂਕਿ ਪਾਪੀ ਪੁਰਸ਼ ਦਾ ਬੇੜਾ ਭਰ ਕੇ ਹੀ ਡੁਬਿਆ ਕਰਦਾ ਹੈ। ਪਰ ਜਦੋਂ ਇਨ੍ਹਾਂ ਨੇ ਅੱਤ ਹੀ ਚੁੱਕ ਲਈ ਤਾਂ ਸੰਤਾਂ ਨੇ ਇਨ੍ਹਾਂ ਦੇ ਪਿੰਡ ਸਮਝਾਉਣ ਵਾਸਤੇ ਕੁਝ ਪ੍ਰੇਮੀ ਭੇਜੇ ਕਿ ਗੁਰੂ ਪੀਰਾਂ ਨਾਲ ਅੜਨਾ ਚੰਗਾ ਨਹੀਂ। ਇਨ੍ਹਾਂ ਦੀ ਨਰਾਜ਼ਗੀ ਤਾਂ ਕੁਲਾਂ ਗਾਲ ਦਿੰਦੀ ਹੈ। ਜਿਵੇਂ ਦੁਰਬਾਸ਼ਾ ਰਿਖੀ ਦੇ ਸ਼ਰਾਪ ਨੇ ਯਾਦਵਾਂ ਦਾ ਨਾਸ਼ ਕਰ ਦਿੱਤਾ ਸੀ ਪਰ ਇਹ ਫਿਰ ਵੀ ਨਾ ਟਲੇ। ਕਹਿਣ ਲੱਗੇ ਇਹੋ ਜਿਹੀ ਸਿੱਖਿਆ ਕਾਫ਼ਰ ਹਿੰਦੂਆਂ ਨੂੰ ਸੁਣਾਉ, ਅਸੀਂ ਨਹੀਂ ਸੁਣਦੇ।

ਜਦੋਂ ਇਹ ਸੰਗਤਾਂ ਨੂੰ ਸਤਾਉਣੋ ਨਾ ਹਟੇ ਸੰਤਾਂ ਪਾਸ ਰੋਜ਼ ਹੀ ਪ੍ਰੇਮੀਆਂ ਦੀਆਂ ਸ਼ਕਾਇਤਾਂ ਪੁੱਜਣ ਤਾਂ ਸੰਤਾਂ ਹੁਕਮ ਕੀਤਾ, "ਗੁਰਸਿੱਖੋ ! ਜੋ ਦਸਮੀ ਦੇ ਭੰਡਾਰੇ ਚੋਂ ਬਹੁਤ ਸਾਰੀ ਮਠਿਆਈ ਬਚੀ ਪਈ ਹੈ ਉਹ ਉਨ੍ਹਾਂ ਬੇਮੁਖ ਲੋਕਾਂ ਨੂੰ ਜੀ ਪ੍ਰਤੀ ਇੱਕ-ਇੱਕ ਸੇਰ ਦੇ ਆਉ ਅਤੇ ਆਖਣਾ ਕਿ ਜੇਕਰ ਤੁਸੀਂ ਹੁਣ ਵੀ ਆਪਣੀ ਖੋਟੀ ਆਦਤ ਤੋਂ ਨਾ ਟਲੋਗੇ ਤਾਂ ਫਿਰ ਇਸਨੂੰ ਮਠਿਆਈ ਦੇ ਲਿਫ਼ਾਫ਼ੇ ਨ ਸਮਝੋ ਤੁਹਾਡੇ ਵਾਸਤੇ ਮੌਤ ਦੇ ਵਰੰਟ ਜਾਂ ਅਜ਼ਰਾਈਲ ਆਦਿਕ ਫ਼ਰਿਸਤੇ ਹੀ ਆਏ ਹਨ।"

ਬਾਬਾ ਜੀ ਦੇ ਹੁਕਮ ਅਨੁਸਾਰ ਪ੍ਰੇਮੀ ਗੁਰਸਿੱਖਾਂ ਨੇ ਇਸੇ ਤਰ੍ਹਾਂ ਹੀ ਕੀਤਾ। ਜਦੋਂ ਇਨ੍ਹਾਂ ਨੂੰ ਮਠਿਆਈ ਦਿੱਤੀ ਤਾਂ ਇਹ ਹੋਰ ਵੀ ਮੱਛਰ ਗਏ ਕਿ ਇਹ ਕਾਫ਼ਰ ਹਿੰਦੂ ਸਾਥੋਂ ਡਰਦੇ ਹੋਏ ਸਾਨੂੰ ਮਿਠਿਆਈਆਂ ਭੇਜਦੇ ਹਨ। ਹਰ ਇੱਕ ਇਨਸਾਨ ਆਪਣੀ ਆਦਤ ਤੋਂ ਮਜਬੂਰ ਹੈ। ਇਨ੍ਹਾਂ ਨੇ ਵੀ ਸੰਤਾਂ ਦੇ ਬਚਨਾਂ ਦੀ ਕੋਈ ਪ੍ਰਵਾਹ ਨਾ ਕੀਤੀ। ਸਿੱਖ ਵਾਪਸ ਆ ਗਏ, ਨਤੀਜਾ ਓਹੋ ਹੀ ਨਿਕਲਿਆ ਜੋ ਨਿਕਲਣਾ ਸੀ। ਅਰਸ਼ੀ ਹੁਕਮ ਹੈ:

ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥

(ਪੰਨਾ ੩੧੬)

ਮਹਾਂ ਪੁਰਸ਼ਾਂ ਦੀ ਕਰੋਪੀ ਬਾਦਸ਼ਾਹ ਨੂੰ ਵੀ ਧੂਏ ਦਾ ਫ਼ਕੀਰ ਬਣਾ ਦਿੰਦੀ ਹੈ। ਦੇਵਨੇਤ ਨਾਲ ਇਹੋ ਜਿਹੀ ਬੀਮਾਰੀ ਪਈ। ਇਹ ਇੱਕੋ ਖ਼ਾਨਦਾਨ ਦੇ ੮੦ ਜੀਅ ਸਨ, ਤਿੰਨ ਮਹੀਨਿਆਂ ਵਿੱਚ ਸਾਰੇ ਸਮਾਪਤ ਹੋ ਗਏ। ਸਿਰਫ ਇੱਕ ਸਾਲ ਦਾ ਬੱਚਾ ਖ਼ੁਦਾ ਬਖ਼ਸ਼ ਤੇ ਉਸਦੀ ਮਾਂ ਨੀਮਾਂ ਹੀ ਬਚੇ। ਉਹ ਵਿਚਾਰੀ ਬਿਪਤਾ ਦੀ ਮਾਰੀ ਪੜਦਿਆਂ ਵਿੱਚ ਰਹਿਣ ਵਾਲੀ, ਨੰਗੇ ਪੈਰੀ ਦੁਖੀ ਹੋ ਕੇ ਡੇਰੇ ਪੁੱਜੀ। ਸਜੇ ਦੀਵਾਨ ਵਿੱਚ ਆਪਣਾ ਬੱਚਾ ਸੰਤਾਂ ਦੇ ਚਰਨੀਂ ਪਾ ਦਿੱਤਾ ਤੇ ਭੁੱਬਾਂ ਮਾਰ-ਮਾਰ ਕੇ ਵਿਰਲਾਪ ਕਰਨ ਲੱਗੀ, "ਦਾਤਾ ਜੀ! ਮਿਹਰ ਕਰੋ ! ਫ਼ਕੀਰ ਜੀ! ਦਇਆ ਕਰੋ। ਆਪ ਜੀ ਹੁਣ ਮੇਰੇ ਨਿਮਾਣੀ ਤੇ ਤਰਸ ਕਰੋ। ਇਨ੍ਹਾਂ ਮੂਰਖ ਬੇ-ਸਮਝਾਂ ਨੇ ਆਪਣੀ ਕੀਤੀ ਦਾ ਫ਼ਲ ਪਾ ਲਿਆ। ਇੱਕੋ-ਇੱਕ ਜੀਅ ਬਾਕੀ ਰਹਿ ਗਿਆ ਹੁਣ ਆਪ ਇਸਦੀ ਤਿੜ੍ਹ ਲੱਗੀ ਰਹਿਣ ਦਿਉ। ਹੁਣ ਤਾਂ ਤੁਹਾਡੇ ਚਰਨਾਂ ਵਿੱਚ ਲਿਆ ਧਰਿਆ ਹੈ। ਆਪ ਆਪਣਾ ਜਾਣ ਕੇ ਰੱਖਿਆ ਕਰੋ। ਇਸ ਦੇ ਵੱਡੇ ਚਾਰ ਭਰਾ ਮਰ ਚੁੱਕੇ ਹਨ ਜਿਨ੍ਹਾਂ ਦਾ ਮੈਨੂੰ ਬੜਾ ਭਾਰੀ ਦੁੱਖ ਹੈ।"

## ਜਵਾਨ ਪੁੱਤ ਦੀ ਮੌਤ ਦਾ ਮਾਪਿਆਂ ਨੂੰ ਦੁੱਖ

ਸੁਕੇ ਬੁਲ੍ਹੋਂ ਸੁੱਕੀ ਜੀਭੋਂ ਸੁੱਕੇ ਸੰਘੋਂ ਹੂਕ ਉੱਠੀ,
ਮਾਪਿਆਂ ਨੂੰ ਛੱਡ ਕੇ ਕਿਥੇ ਚੱਲਿਆ ਹੈਂ ਬੇਟਿਆ।
ਭਾਗਾਂ ਦੇ ਹੇਟਿਆ ਤੇ ਖਾਕ ਵਿੱਚ ਲੇਟਿਆ ਓ,
ਘਰਾਂ ਸਨਬੰਧੀਆਂ ਦੇ ਲਾਡਲੇ ਰੰਝੇਟਿਆ।
ਸਾਨੂੰ ਨਾ ਸੀ ਪਤਾ ਕਿ ਕਸਾਈ ਕਾਲ ਛੁਰੀ ਲੈ ਕੇ,
ਚਾਹੁੰਦਾ ਹੈ ਨਾਮ ਤੇ ਨਿਸ਼ਾਨ ਤੇਰਾ ਮੇਟਿਆ।
ਹਾਇ ਜਿਹਨੂੰ ਸੋਹਣੀਆਂ ਪੁਸ਼ਾਕਾਂ ਨਿੱਤ ਪਾਂਵਦੇ ਸਾਂ,
ਕਿਵੇਂ ਦੇਖ ਸਕੀਏ? ਉਹ ਕੱਫਨ 'ਚ ਲਪੇਟਿਆ।
ਲਾਲ! ਜਿੱਥੇ ਚੱਲਿਆ ਹੈਂ ਪਤਾ ਵੀ ਉ ਕੀਤਾ ਕੁਝ?
ਕੈਸੀ ਹੈ ਉਹ ਜਗ੍ਹਾ ਪ੍ਰਬੰਧ ਕੀ ਗੁਜਾਰੇ ਦਾ?
ਕੌਣ ਉੱਥੇ ਰੱਖੇਗਾ ਖ਼ਿਆਲ ਹਾਏ! ਅੱਠੇ ਪਹਿਰ,
ਨਿੱਕੀ ਨਿੱਕੀ ਚੀਜ਼ ਲਈ ਅਸਾਂ ਦੇ ਦੁਲਾਰੇ ਦਾ।
ਚਿੱਠੀ ਨਹੀਂ ਜਾਣੀ ਤਾਰ ਖ਼ਬਰ ਨਾ ਆਣੀ ਕੋਈ,
ਪਤਾ ਥਹੁ ਨਹੀਂ ਉਸ ਸਿੰਧ ਦੇ ਕਿਨਾਰੇ ਦਾ।
ਹੀਰਿਆ! ਕੀ ਕਦੀ ਵੀ ਨ ਦਿਸੇਗੀ ਸ਼ਕਲ ਤੇਰੀ?
ਹਾਲ ਹੋਸੀ ਕੀ ਪਤਾ ਬੁਢੜੇ ਵਿਚਾਰੇ ਦਾ।

ਸੋ ਪਹਿਲਾਂ ਪੈਦਾ ਹੋਣ ਸਮੇਂ, ਫੇਰ ਪਾਲਣ ਸਮੇਂ, ਜੇ ਨਲੈਕ ਨਿਕਲ ਜਾਵੇ ਤਾਂ ਉਸ ਸਮੇਂ, ਅਤੇ ਅੰਤ ਨੂੰ ਮੌਤ ਸਮੇਂ ਪੁੱਤਰ ਦੁਖ ਰੂਪ ਹੈ।

ਯਥਾ: ਕਰ ਵਿਚਾਰ ਜੋ ਦੇਖੀਏ ਪੁੱਤਰ ਅਤਿ ਦੁਖ ਰੂਪ।
ਸੁਖ ਚਾਹਤ ਜੋ ਪੁੱਤਰ ਤੇ ਸੋ ਮੂਢਣ ਕੇ ਭੂਪ।

(ਵਿਚਾਰ ਸਾਗਰ)

ਜੀਅ ਦਾਤੇ ਨੇ ਮੁਸਕਰਾਕੇ ਕਿਹਾ, "ਚੰਗਾ! ਅੱਗੇ ਵਾਸਤੇ ਕਿਸੇ ਸਿੱਖ ਸਾਧ ਨੂੰ ਮਖ਼ੌਲ ਨ ਕਰਨਾ ਤੇ ਬੁਰਾ ਨਹੀਂ ਚਿਤਵਨਾ। ਜਾਹ ਲੈ ਜਾਹ ਤੇਰੀ ਵੇਲ ਹਰੀ ਰਹੇਗੀ।" ਸੰਤਾਂ ਪਾਸੋਂ ਇਹ ਅੰਮ੍ਰਿਤ ਮਈ ਬਚਨ ਸੁਣਕੇ ਉਹ ਪਠਾਣੀ ਮਾਈ ਪ੍ਰਸੰਨ ਚਿੱਤ ਮਹਾਂ ਪੁਰਸ਼ਾਂ ਦੀ ਆਗਿਆ ਪਾ ਕੇ ਘਰ ਆਈ ਤੇ ਚਾਵਾਂ ਨਾਲ ਲੜਕੇ ਦੀ ਪਾਲਣਾ ਕਰਨ ਲੱਗੀ। ਜਦੋਂ ਇਹ ਪੰਦਰਾਂ ਸਾਲਾਂ ਦਾ ਹੋਇਆ ਤਾਂ ਸੰਗਤ ਉਸੇ ਤਰ੍ਹਾਂ ਇੱਥੋਂ ਲੰਘਦੀ ਸੀ। ਇੱਕ ਦਿਨ ਇਸਦੇ ਸ਼ਰੀਕਾਂ ਨੇ ਇਸ ਨੂੰ ਬੋਲੀ ਮਾਰੀ ਕਿ ਤੇਰੇ ਵੱਡਿਆਂ ਨੂੰ ਇਨ੍ਹਾਂ ਨੇ ਆਪਣੇ ਗੁਰੂ ਤੋਂ ਸਰਾਪ ਦੁਆ ਕੇ ਮਾਰਵਾ ਦਿੱਤਾ ਸੀ। ਤੂੰ ਨਲਾਇਕ ਹੈਂ ਉਨ੍ਹਾਂ ਦਾ ਬਦਲਾ ਨਹੀਂ ਲੈਂਦਾ। ਇਨ੍ਹਾਂ ਦਾ ਖ਼ਿਆਲ ਸੀ ਇਹ ਵੀ ਮਰ ਜਾਵੇ। ਅਸੀਂ ਸਾਰੀ ਜਾਇਦਾਦ ਦੇ ਮਾਲਕ ਬਣ ਜਾਵਾਂਗੇ। ਇਹ ਅਨਜਾਣ ਸੀ ਨਾਲੇ ਰੋਜ਼ ਦੀ ਖੋਟੀ ਸਿੱਖਿਆ ਨੇ ਤਾਂ ਪ੍ਰਹਿਲਾਦ ਦਾ ਮਨ ਵੀ ਵਿਗਾੜ ਦਿੱਤਾ ਸੀ। ਉਹ ਵੀ ਆਪਣੇ ਪਿਉ ਦਾ ਵੈਰ ਲੈਣ ਵਾਸਤੇ ਵਿਸ਼ਨੂੰ ਨਾਲ ਜੰਗ ਕਰਨ ਵਾਸਤੇ ਤਿਆਰ ਹੋ ਗਿਆ ਸੀ। ਇਸ ਨੂੰ ਵੀ ਪਠਾਣੀ ਅਣਖ ਜਾਗੀ ਤੇ ਸੰਗਤ ਮਗਰ ਕੁੱਤੇ ਲਾ ਦਿੱਤੇ। ਪਰ ਜਦੋਂ ਇਸ ਦੀ ਮਾਂ ਨੂੰ ਪਤਾ ਲੱਗਾ ਤਾਂ ਉਹ ਛੁਰਾ ਲੈ ਕੇ ਮਗਰ ਭੱਜੀ ਤੇ ਕਿਹਾ, "ਜੇ ਤੂੰ ਗੁਰੂ ਪੀਰਾਂ ਦੇ ਬਚਨਾਂ ਨਾਲ ਹੀ ਮਰਨਾ ਹੈ ਤਾਂ ਲੈ ਮੈਂ ਆਪਣੇ ਹੱਥੀਂ ਤੈਨੂੰ ਮਾਰ ਦੇਵਾਂ।" ਲੜਕਾ ਦੌੜ ਗਿਆ। ਉਹ ਵਿਚਾਰੀ ਬੜੀ ਦੁਖੀ ਹੋਈ। ਡੇਰੇ ਆ ਕੇ ਸੰਤਾਂ ਪਾਸ ਰੋਈ। ਚਰਨ ਫੜ ਕੇ ਅਰਜ਼ ਕੀਤੀ, "ਦਾਤਾ! ਮਿਹਰ ਕਰੋ, ਖੋਟੀ ਸਿੱਖਿਆ ਨੇ ਮੁੰਡਾ ਵਿਗਾੜ ਦਿੱਤਾ ਹੈ।"

## ਨਾਲਾਇਕ ਪੁੱਤਰ ਦਾ ਦੁੱਖ

ਲਿਖਿਆ ਸਾਸ਼ਤ੍ਰਾਂ ਵਿੱਚ ਹੈ ਪੁੱਤਰਾਂ ਦਾ
ਚਾਰ ਭਾਂਤ ਦਾ ਦੁੱਖ ਸੰਸਾਰ ਹੋਣਾ।
ਇੱਕ ਤਾਂ ਹੋਣਾ ਹੀ ਪੁੱਤਰ ਨਾ ਉਮਰ ਸਾਰੀ
ਦੂਜਾ ਜੰਮਕੇ ਜਗਤ ਤੋਂ ਪਾਰ ਹੋਣਾ।
ਤੀਜਾ ਪੁੱਤ ਲੂਲਾ ਫੀਨ੍ਹਾ ਅੰਗ ਹੀਣਾ
ਨੀਮ ਮੁਰਦਾ ਸਦੀਵੀ ਬਿਮਾਰ ਹੋਣਾ।
ਚੌਥਾ ਨਿਕਲ ਆਉਣਾ ਪੁੱਤਰ ਚੌੜ ਚਾਨਣ
ਸਾੜ ਹੱਡਾਂ ਦਾ ਮਹਾ ਬੁਰਿਆਰ ਹੋਣਾ।
ਪਹਿਲੇ ਤਿੰਨ ਮਾਪੇ ਤਾਂ ਕਰ ਸਬਰ ਲੈਂਦੇ
ਚੌਥੇ ਮਾਪਿਆਂ ਦਾ ਬੁਰਾ ਹਾਲ ਰਹਿੰਦਾ।
ਭਖਦਾ ਕੋਲਾ ਕਲੇਜੇ ਤੇ ਰਹੇ ਹਰ ਦਮ
ਸਵਾਸ-ਸਵਾਸ ਰੋਂਦਾ ਵਾਲ ਵਾਲ ਰਹਿੰਦਾ।

ਪਰ ਜਦੋਂ ਪੁੱਤਰ ਮਾਤਾ ਪਿਤਾ ਦੇ ਆਖੇ ਨ ਲੱਗੇ, ਨਿੱਤ ਦੇ ਉਲਾਂਭੇ ਆਉਣ ਤਾਂ ਮਾਪਿਆਂ ਦਾ ਹਿਰਦਾ ਬੜਾ ਦੁਖੀ ਹੁੰਦਾ ਹੈ।

ਹੱਦੋਂ ਵੱਧ ਸੜ ਪੁਰਸ਼ ਇੱਕ ਕਹਿਣ ਲੱਗਾ
ਬੇਸ਼ੱਕ ਬੁਰਾ ਹੁੰਦਾ ਚੰਬਲ ਲੂਤ ਦਾ ਦੁੱਖ।
ਬੇਸ਼ੱਕ ਦਿਕ ਤੇ ਸਿੱਲ ਵੀ ਬੁਰੇ ਹੁੰਦੇ
ਬੇਸ਼ੱਕ ਬੁਰਾ ਹੈ ਚੁੰਬੜੇ ਭੂਤ ਦਾ ਦੁੱਖ।
ਬੇਸ਼ੱਕ ਬੁਰੇ ਨੇ ਹੈਜ਼ਾ ਪਲੇਗ ਦੋਵੇਂ
ਬੇਸ਼ੱਕ ਪਾਪੀ ਲਈ ਬੁਰਾ ਜਮਦੂਤ ਦਾ ਦੁੱਖ।
ਬੇਸ਼ੱਕ ਬੁਰਾ ਕੰਗਾਲੀ ਦਾ ਕਸ਼ਟ ਭਾਰਾ
ਵਿਗੜੇ ਤਿਗੜੇ ਲਈ ਬੁਰਾ ਹੈ ਜੂਤ ਦਾ ਦੁੱਖ।
ਬੇਸ਼ੱਕ ਔਂਤਰਾ ਹੋਣਾ ਹੈ ਬੜੀ ਬਿਪਤਾ
ਵੱਡਾ ਰੋਗ ਆਖਣ ਕੋੜ੍ਹ ਛੂਤ ਦਾ ਦੁੱਖ।
ਐਪਰ ਦੋਹਾਂ ਜਹਾਨਾਂ ਦੇ ਦੁੱਖ ਨਾਲੋਂ
ਸਭ ਤੋਂ ਵੱਡਾ ਹੈ ਯਾਰੋ ਕਪੂਤ ਦਾ ਦੁੱਖ।

ਹਜ਼ੂਰ ਕਹਿਣ ਲੱਗੇ, "ਸਾਨੂੰ ਸਾਰਾ ਪਤਾ ਹੈ। ਸ਼ਰੀਕਾਂ ਨੇ ਜ਼ਮੀਨ ਦਾ ਲਾਲਚ ਕਰਕੇ ਉਸ ਨੂੰ ਸਿਖਾਇਆ ਹੈ। ਪਰ ਹੁਣ ਇਹ ਨਹੀਂ ਮਰੇਗਾ। ਅਸੀਂ ਇਸ ਨੂੰ ਆਪਣਾ ਬਣਾ ਲਿਆ ਹੈ। ਹੁਣ ਚਾਹੇ ਕੋਈ ਕਿਤਨਾਂ ਵੀ ਸਿਖਾਏ। ਇਸ ਦਾ ਵਾਲ ਵੀ ਵਿੰਗਾ ਨਹੀਂ ਹੋ ਸਕਦਾ।" ਮਾਂ ਭਾਵੇਂ ਅਮੀਰ ਹੋਵੇ ਭਾਵੇਂ ਗ਼ਰੀਬ ਬੱਚੇ ਲਈ ਠੰਢੀ ਛਾਂ ਹੈ। ਦੂਸਰੀ ਇਸਤ੍ਰੀ ਜਾਂ ਪੁਰਸ਼ ਚੰਗੇ-ਚੰਗੇ ਬਸਤਰ ਤੇ ਸੋਹਣੇ-ਸੋਹਣੇ ਖਿਡਾਉਣੇ ਤੇ ਮਿਠਾਈਆਂ ਦੇ ਕੇ ਵੀ ਬੱਚੇ ਨੂੰ ਪ੍ਰਸੰਨ ਨਹੀਂ ਰੱਖ ਸਕਦੇ, ਜਿੰਨਾ ਕਿ ਉਹ ਆਪਣੀ ਮਾਂ ਦੀ ਹਿੱਕ ਨਾਲ ਲੱਗ ਕੇ ਅਨੰਦ ਮਾਣਦਾ ਹੈ। ਮਾਂ ਬੱਚੇ ਨੂੰ ਦੇਖ-ਦੇਖ ਕੇ ਉਸ ਦੀਆਂ ਤੋਤਲੀਆਂ ਗੱਲਾਂ ਸੁਣ-ਸੁਣ ਕੇ ਫੁੱਲੀ ਨਹੀਂ ਸਮਾਉਂਦੀ। ਬੱਚਾ ਵੀ ਜੇਕਰ ਪਲ ਭਰ ਲਈ ਮਾਂ ਤੋਂ ਦੂਰ ਹੋ ਜਾਵੇ ਤਾਂ ਰੋ-ਰੋ ਕੇ ਤੂਫ਼ਾਨ ਲਿਆ ਦਿੰਦਾ ਹੈ। ਮਾਂ ਦਾ ਦਿਲ! ਮਾਵਾਂ ਠੰਡੀਆ ਛਾਵਾਂ! ਬੜੀ ਪ੍ਰਸੰਨ ਹੋਈ। ਮਾਨੋ ਮੁਰਦੇ ਦੇ ਮੂੰਹ ਵਿੱਚ ਅੰਮ੍ਰਿਤ ਪੈ ਗਿਆ। ਘਰ ਆਈ ਬੜਾ ਪੁੰਨ ਦਾਨ ਕੀਤਾ। ਸੋਚਿਆ ਲੜਕੇ ਦਾ ਨਿਕਾਹ ਕਰ ਦੇਵਾਂ। ਸ਼ਾਇਦ ਕੁਝ ਸੁਧਰ ਜਾਵੇ। ਥੋੜ੍ਹੇ ਦਿਨਾਂ ਤੋਂ ਬਾਅਦ ਉਸ ਦਾ ਨਿਕਾਹ ਕਰ ਦਿੱਤਾ। ਪਰ ਫਿਰ ਵੀ ਉਸ ਦੇ ਅੰਦਰੋਂ ਕੁਸੰਗਤ ਦਾ ਅਸਰ ਦੂਰ ਨਹੀਂ ਹੋਇਆ। ਮਾਂ ਲੜਦੀ ਹੈ ਘਰ ਵਾਲੀ ਸਮਝਾਉਂਦੀ ਹੈ ਪਰ ਉਸ ਨੂੰ ਕਿਸੇ ਦੀ ਗੱਲ ਨਹੀਂ ਪੋਂਹਦੀ।

ਅਮੀਰ ਲੜਕਾ ਸੀ ਇੱਕ ਦਿਨ ਰੁੱਸ ਕੇ ਪੰਜ ਸੌ ਰੁਪਇਆ ਲੈ ਕੇ ਘਰੋਂ ਨਿਕਲ ਗਿਆ ਤੇ ਕਲਕੱਤੇ ਚਲਾ ਗਿਆ। ਏਥੇ ਆ ਕੇ ਤਿੰਨ ਮਹੀਨੇ ਫਿਰਦਾ ਰਿਹਾ। ਅਮੀਰ ਘਰਾਣੇ ਦਾ ਨੌਜਵਾਨ ਤੇ ਪਠਾਣ ਪੁੱਤਰ ਸੀ। ਕੰਮ ਕਦੇ ਕੀਤਾ ਨਹੀਂ ਸੀ। ਮਜ਼ਦੂਰੀ ਤੇ ਵਾਕਫ਼ੀ ਬਗ਼ੈਰ ਜਵਾਨ ਮੁੰਡੇ ਨੂੰ ਕੌਣ ਰੱਖਦਾ ਹੈ। ਕੋਲ ਵਾਲੀ ਪੂੰਜੀ ਮੁੱਕ ਗਈ। ਪ੍ਰਦੇਸਾਂ ਵਿੱਚ ਮਾਇਆ ਨਹੀਂ ਠਹਿਰਦੀ। ਜੇਬ ਖ਼ਾਲੀ ਹੋ ਗਈ। ਭੁੱਖਾ ਬਜ਼ਾਰਾਂ ਵਿੱਚ ਦੁਖੀ ਹੁੰਦਾ ਫਿਰ ਰਿਹਾ ਹੈ। ਏਧਰੋਂ ਮਾਂ ਦੀਆਂ ਆਂਦਰਾਂ ਭੁੱਜਦੀਆਂ ਹਨ। ਪਤੀ ਵਿਯੋਗ ਵਿੱਚ ਘਰ ਵਾਲੀ ਦਾ ਹਿਰਦਾ ਸੜਦਾ ਹੈ। ਖ਼ਬਰੇ ਕਿਥੇ ਹੈ ਦੁਖੀ ਹੈ ਕਿ ਸੁਖੀ ਹੈ? ਭੁੱਖਾ ਹੈ ਕਿ ਰੱਜਿਆ? ਕੋਈ ਪਤਾ ਨਹੀਂ। ਏਥੋਂ ਤੱਕ ਫ਼ਿਕਰ ਹੋ ਗਿਆ ਕਿ ਉਹ ਜਿਉਂਦਾ ਵੀ ਹੈ ਕਿ ਨਹੀਂ? ਕੋਈ ਖ਼ਤ ਪੱਤਰ ਸੁਖ ਸੁਨੇਹਾ ਵੀ ਨਹੀਂ ਆਇਆ।

# ਬੱਚੇ ਵਾਸਤੇ ਮਾਂ ਦੀ ਕੁਰਬਾਨੀ

ਬੱਚੇ ਨੇ ਕੁਹਾੜਾ ਮਾਰ ਮਾਂ ਦਾ ਜੋਬਨ ਕੱਟ ਸੁਟਿਆ। ਉਸ ਦੇ ਰਸੀਲੇ ਨੈਣਾਂ ਦੇ ਡੋਰੇ ਧੋ ਸੁੱਟੇ। ਉਸ ਦੀ ਵਡਮੁੱਲੀ ਪੁਸ਼ਾਕ ਤੇ ਪਿਸ਼ਾਬ ਦੀ ਧਾਰ ਮਾਰੀ। ਪਰ ਮਾਂ ਹੈ ਕਿ ਹੁਸਨ ਜਵਾਨੀ ਤੇ ਸ਼ਿੰਗਾਰ ਕੁਰਬਾਨ ਕਰਕੇ ਬਿਗਸ ਰਹੀ ਹੈ। ਉਹ ਰਾਤ ਪਿਸ਼ਾਪ ਨਾਲ ਭਿੱਜੇ ਬਿਸਤਰੇ ਤੇ ਆਪ ਸੌਂਦੀ ਤੇ ਬੱਚੇ ਨੂੰ ਸੁੱਕੀ ਥਾਂ ਤੇ ਪਾਉਂਦੀ ਹੈ। ਉਹ ਆਪਣੀ ਸੁੰਦਰਤਾ ਅਤੇ ਜੋਬਨ ਛਾਤੀਆਂ ਰਾਹੀ ਖੋਰ-ਖੋਰ ਕੇ ਬੱਚੇ ਨੂੰ ਚੁਘੌਂਦੀ ਹੈ ਤੇ ਕੁਰਬਾਨੀ ਦੀ ਜਾਚ ਸਿਖਾਉਂਦੀ ਹੈ। ਇਸ ਪ੍ਰਕਾਰ ਗ੍ਰਹਿਸਥ ਦਾ ਅਰੰਭ ਹੀ ਕੁਰਬਾਨੀ ਤੋਂ ਤੁਰਦਾ ਹੈ ਅਤੇ ਉਸ ਦੇ ਨਾਲ-ਨਾਲ ਹੀ ਕੁਰਬਾਨੀ ਦਾ ਸੁਭਾਅ ਵਧਦਾ ਹੈ। ਪਰ ਅਧੀਨ ਨੂੰ ਇਹ ਸੁਭਾਗ ਪ੍ਰਾਪਤ ਨਹੀਂ ਹੁੰਦਾ। ਮਾਂ ਬਣਕੇ ਤਾਂ ਇਸਤਰੀ ਦੀ ਪੁਜੀਸ਼ਨ ਬਹੁਤ ਉੱਚੀ ਹੋ ਜਾਂਦੀ ਹੈ। ਸਹੀ ਅਰਥਾਂ ਵਿੱਚ ਮਾਂ-ਪਨਾ ਪਤਨੀ ਦੇ ਪ੍ਰਤੀਕ ਜੀਵਨ ਦਾ ਫ਼ਲ ਹੈ, ਜੋ ਕੁਰਬਾਨੀ ਤੇ ਪਰਉਪਕਾਰ ਦੇ ਰਸਾਂ ਨਾਲ ਪੱਕਦਾ ਹੈ।

ਅਖ਼ੀਰ ਨੂੰ ਦੋਵੇਂ ਸੱਸ ਨੂੰਹ ਦਾਤੇ ਦੇ ਦਰ ਤੇ ਪੁੱਜੀਆਂ। ਜਿਥੋਂ ਦੀ ਸੰਤਾਂ ਨੇ ਝੰਪਾਨ ਤੇ ਬੈਠ ਕੇ ਗੁਫਾ ਵੱਲ ਜਾਣਾ ਸੀ। ਮਾਂ ਰਾਹ ਵਿੱਚ ਝੋਲੀ ਅੱਡ ਕੇ ਖਲੋ ਗਈ ਝੰਪਾਨ ਰੁਕਿਆ। ਇਹ ਅੱਗੇ ਵਧੀ। ਘਿਘਿਆ ਕੇ ਅਰਜ਼ ਕੀਤੀ, "ਹੇ ਅੱਲ੍ਹਾ ਦੇ ਨੂਰ ਪੀਰ ਜੀ! ਮੇਰੀ ਝੋਲੀ ਵਿੱਚ ਖੈਰ ਪਾਵੋ। ਮੇਰੇ ਲਖਤਿ-ਜ਼ਿਗਰ ਨੂੰ ਪ੍ਰਦੇਸ 'ਚੋਂ ਮਗਵਾ ਦੇਵੋ। ਮੇਰੇ ਤੇ ਤਰਸ ਕਰੋ, ਮੇਰਾ ਦੁਨੀਆਂ ਵਿੱਚ ਕੋਈ ਨਹੀਂ। ਮੈਂ ਪੁੱਤਰ ਵਿਯੋਗ ਵਿੱਚ ਫ਼ਕੀਰਨੀ ਬਣ ਜਾਵਾਂਗੀ।" ਹਜ਼ੂਰ ਨੇ ਕੋਈ ਉੱਤਰ ਨਹੀਂ ਦਿੱਤਾ। ਮੁਸਕਰਾ ਕੇ ਅੱਗੇ ਚਲੇ ਗਏ। ਇਹ ਇਸੇ ਥਾਂ ਤੇ ਰੋਜ਼ ਆਉਂਦੀ ਅਤੇ ਝੋਲੀ ਅੱਡ ਕੇ ਬੇਨਤੀਆਂ ਕਰਦੀ। ਸੰਤ ਸੁਣਕੇ ਚੁੱਪ ਕਰ ਜਾਂਦੇ। ਜਦ ਇਸ ਨੂੰ ਆਉਂਦਿਆਂ ਸੱਤਵਾਂ ਦਿਨ ਹੋ ਗਿਆ ਝੋਲੀ ਅੱਡੀ ਰਾਹ ਵਿੱਚ ਖੜ੍ਹੀ ਵਿਲਕ ਰਹੀ ਸੀ। ਅੱਜ ਬਾਬਾ ਜੀ ਝੰਪਾਨ ਤੇ ਨਹੀਂ ਸਗੋਂ ਪੈਦਲ ਹੀ ਫੌਜੀ ਸਿੰਘਾਂ ਨਾਲ ਬਚਨ ਬਿਲਾਸ ਕਰਦੇ ਆ ਰਹੇ ਸਨ। ਇਹ ਅੱਗੇ ਵਧੀ ਅਰਜ਼ ਕੀਤੀ, ਹਜ਼ੂਰ ਨੇ ਮੁਸਕਰਾ ਕੇ ਆਖਿਆਂ, "ਜਾਹ ਆਰਾਮ ਨਾਲ ਘਰ ਬੈਠ। ਅੱਜ ਤੋਂ ਚੌਥੇ ਨੂੰ ਤੇਰਾ ਪੁੱਤਰ ਆ ਜਾਵੇਗਾ।" ਬਸ ਫਿਰ ਕੀ ਸੀ ਮੇਹਰਾਂ ਦਾ ਮੀਂਹ ਪੈ ਗਿਆ ਜਿਸ ਨਾਲ ਕਰਮਾਂ ਦੀ ਸੁੱਕੀ ਹੋਈ ਖੇਤੀ ਫਿਰ ਤੋਂ ਹਰੀ ਹੋ ਗਈ।

# ਸੰਤਾਂ ਦੀ ਰੂਹਾਨੀ ਸ਼ਕਤੀ

ਸੰਤ ਗੁਫਾ ਵਿੱਚ ਪੁੱਜੇ ਸੇਵਾਦਾਰ ਨੂੰ ਆਖਿਆ, "ਅੱਜ ਸਾਡਾ ਦੁਪਹਿਰ ਦਾ ਭੋਜਨ ਨਹੀਂ ਲਿਆਉਣਾ, ਨਾ ਹੀ ਸਾਨੂੰ ਕਿਸੇ ਨੇ ਬੁਲਾਉਣਾ। ਅਸੀਂ ਆਪੇ ਹੀ ਬਾਹਰ ਆ ਜਾਵਾਂਗੇ।" ਇਉਂ ਆਖ ਕੇ ਅੰਦਰੋਂ ਕੁੰਡਾ ਮਾਰ ਕੇ ਗੁਫਾ ਵਿੱਚ ਬੈਠ ਗਏ ਤੇ ਆਪਣੀ ਰੂਹਾਨੀ ਸ਼ਕਤੀ ਨਾਲ ਕਲਕੱਤੇ ਪੁੱਜੇ। ਏਧਰੋਂ ਇਹ ਪਠਾਣ ਪੁੱਤਰ ਦੁਖੀ ਹੋਇਆ ਵਿੱਛੋਂ ਭੁੱਖਾ ਬਜ਼ਾਰ ਵਿੱਚ ਫਿਰ ਰਿਹਾ ਸੀ। ਸੰਤ ਇਸਦੇ ਪਾਸ ਗਏ ਸਾਰੀ ਵਾਰਤਾ ਪੁੱਛੀ। ਇਸ ਨੇ ਵੀ ਕੋਈ ਪੰਜਾਬੋਂ ਆਇਆ ਸਿੱਖ ਸਰਦਾਰ ਜਾਣ ਕੇ ਦੱਸਿਆ ਕਿ ਮੇਰੇ ਕੋਲੋਂ ਖਰਚ ਮੁੱਕ ਗਿਆ ਹੈ ਨੌਕਰੀ ਕੋਈ ਮਿਲਦੀ ਨਹੀਂ। ਬੜਾ ਦੁਖੀ ਹਾਂ ਇਸ ਵੇਲੇ ਵਾਪਸ ਜਾਣ ਲਈ ਵੀ ਭਾੜਾ ਨਹੀਂ। ਤਿੰਨ ਦਿਨਾਂ ਦਾ ਭੁੱਖਾ ਬਜ਼ਾਰਾਂ ਵਿੱਚ ਘੁੰਮਦਾ ਹਾਂ। ਸੰਤਾਂ ਨੇ ਉਸ ਨੂੰ ਹੋਟਲ ਵਿੱਚ ਲਿਜਾਕੇ ਰੋਟੀ ਖਵਾਈ ਤੇ ਫਿਰ ਟਿਕਟ ਲੈ ਕੇ ਹਾਵੜੇ ਸਟੇਸ਼ਨ ਤੋਂ ਗੱਡੀ 'ਚ ਬਿਠਾਇਆ ਅਤੇ ਕਿਹਾ, "ਸਿੱਧਾ ਘਰ ਜਾਵੀਂ। ਤੇਰੀ ਮਾਂ ਤੇ ਘਰ ਵਾਲੀ ਬੜੀਆਂ ਦੁਖੀ ਹਨ।" ਇਉਂ ਇਸ ਨੂੰ ਗੱਡੀ ਵਿੱਚ ਬੈਠਾ ਕੇ ਸੰਤ ਜੀ ਵਾਪਸ ਆ ਗਏ। ਰਾਤ ਦੇ ਵਕਤ ਗੁਫਾ ਦਾ ਬੂਹਾ ਖੋਲ੍ਹਿਆ ਤੇ ਬਾਹਰ ਆ ਕੇ ਸੰਗਤ ਨੂੰ ਦਰਸ਼ਨ ਦਿੱਤਾ। ਏਧਰੋਂ ਇਹ ਵੀ ਚੌਥੇ ਦਿਨ ਆਪਣੇ ਘਰ ਆ ਗਿਆ। ਪ੍ਰਵਾਰ ਵਿੱਚ ਬੜੀਆਂ ਖ਼ੁਸ਼ੀਆਂ ਹੋਈਆ। ਦਾਨ ਪੁੰਨ ਕੀਤਾ ਗਿਆ। ਫਿਰ ਮਾਂ ਨੇ ਇਸ ਨੂੰ ਆਪਣੇ ਨਾਲ ਲਿਆ ਤੇ ਆਖਿਆ, "ਚੱਲ! ਗੁਰੂ ਪੀਰ ਦੇ ਦਰ ਮੱਥਾ ਟੇਕੀਏ ਜਿਨ੍ਹਾਂ ਦੀ ਕ੍ਰਿਪਾ ਨਾਲ ਤੇਰਾ ਮੂੰਹ ਦੇਖਿਆ ਹੈ।" ਜਦੋਂ ਇਹ ਮੁੰਡਾ ਡੇਰੇ ਆਇਆ ਤਾਂ ਸੰਤਾਂ ਨੂੰ ਦੇਖਕੇ ਦੂਰੋਂ ਹੀ ਰੌਲਾ ਪਾਉਣ ਲੱਗ ਪਿਆ, "ਅੰਮੀ! ਅੰਮੀ! ਇਹ ਤਾਂ ਉਹੋ ਹੀ ਪੀਰ ਹਨ ਜਿਨ੍ਹਾਂ ਨੇ ਮੈਨੂੰ ਅੱਜ ਤੋਂ ਚਾਰ ਦਿਨ ਪਹਿਲਾਂ ਕਲਕੱਤੇ ਹੋਟਲ ਵਿੱਚ ਰੋਟੀ ਖਵਾਈ ਤੇ ਟਿਕਟ ਲੈ ਕੇ ਹਾਵੜੇ ਸਟੇਸ਼ਨ ਤੋਂ ਗੱਡੀ 'ਚ ਬਿਠਾਇਆ ਸੀ।" ਮਾਂ ਤਾਂ ਸਾਰੀ ਗੱਲ ਜਾਣਦੀ ਹੀ ਸੀ ਕਿ ਇਨ੍ਹਾਂ ਦੀ ਹੀ ਕ੍ਰਿਪਾ ਹੋਈ ਹੈ। ਇਹ ਵੀ ਵਾਰ-ਵਾਰ ਆਖੀ ਜਾਵੇ। ਸੰਤਾਂ ਨੇ ਕਿਹਾ, "ਅਨੇਕਾਂ ਹੀ ਮਨੁੱਖਾਂ ਦੀਆਂ ਸ਼ਕਲਾਂ ਆਪਸ ਵਿੱਚ ਮਿਲ ਜਾਂਦੀਆਂ ਹਨ। ਤੂੰ ਭੁੱਲਦਾ ਹੈਂ। ਅਸੀਂ ਨਹੀਂ ਕੋਈ ਹੋਰ ਹੋਵੇਗਾ।" ਉਹ ਕਹਿਦਾ, "ਜੀ ਨਹੀਂ! ਮੈਂ ਕੀ ਭੁੱਲਿਆ ਹਾਂ ਤੁਸਾਂ ਆਹ-ਆਹ ਗੱਲਾਂ ਮੈਨੂੰ ਆਖੀਆਂ ਸਨ। ਰੋਟੀ ਖਵਾਈ ਭਾੜਾ ਦਿੱਤਾ।" ਸੰਤ ਹੱਸ ਪਏ ਤੇ ਕਿਹਾ, "ਚੰਗਾ ਬਈ! ਤੇਰੀ ਮਰਜ਼ੀ।" ਫਿਰ ਤਾਂ ਸਾਰੀ ਸੰਗਤ ਨੂੰ ਨਿਸਚਾ ਹੋ ਗਿਆ ਕਿ ਉਸ ਦਿਨ ਸੰਤਾਂ ਨੇ ਦੁਪਹਿਰ ਦਾ ਪ੍ਰਸ਼ਾਦਿ ਨਹੀਂ ਸੀ ਛਕਿਆ ਤੇ ਗੁਫਾ ਦਾ ਬੂਹਾ ਵੀ ਬੰਦ ਰੱਖਿਆ ਸੀ, ਉਸ ਸਮੇਂ ਕਲਕੱਤੇ ਗਏ ਸਨ। ਸਾਰੇ ਆਖਣ ਧੰਨ ਬਾਬਾ ਕਰਮ ਸਿੰਘ ਜੀ! ਅੱਗੇ ਵਾਸਤੇ ਉਹ ਪਠਾਣ ਬੱਚਾ ਵੀ ਸੰਤਾਂ ਦਾ ਸ਼ਰਧਾਲੂ ਤੇ ਡੇਰੇ ਦਾ ਸੇਵਾਦਾਰ ਬਣ ਗਿਆ।

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

## ਸਰਬੱਤ ਦਾ ਭਲਾ

ਇੱਕ ਸਮੇਂ ਇਸ ਇਲਾਕੇ ਵਿੱਚ ਪੰਜਾਬ ਤੋਂ ਜਲਸਾ ਕਰਨ ਵਾਲੇ ਨਚਾਰ ਆ ਗਏ। ਕੁਝ ਦਿਨ ਤਾਂ ਉਹ ਆਪਣਾ ਗਾਉਣਾ ਵਜਾਉਣਾ ਕਰਦੇ ਰਹੇ। ਬਹੁਤ ਸਾਰੇ ਬੇ ਸਮਝ ਲੋਕ ਤੇ ਗੱਭਰੂ ਮੁੰਡੇ ਜਾ ਕੇ ਸੁਣਦੇ ਸਨ। ਜਿਨ੍ਹਾਂ ਦੀਆਂ ਜ਼ਿੰਦਗੀਆਂ ਤੇ ਬੁਰਾ ਅਸਰ ਪੈਂਦਾ ਸੀ। ਉਨ੍ਹਾਂ ਨੂੰ ਪੈਸੇ ਦੇਣੇ, ਸ਼ਰਾਬਾਂ ਪੀਣੀਆਂ, ਤੇ ਸਾਰੀ ਰਾਤ ਗੰਦੀਆਂ ਬੋਲੀਆਂ ਪਾਉਣੀਆਂ, ਸੁਨਾਉਣੀਆਂ ਤੇ ਲੋਕਾਂ ਨੂੰ ਤੰਗ ਕਰਨਾ। ਸੰਤਾਂ ਪਾਸ ਵੀ ਕਿਸੇ ਪ੍ਰੇਮੀ ਨੇ ਅਰਜ਼ ਕੀਤੀ, "ਮਹਾਰਾਜ! ਇਹ ਸਾਰੀ ਰਾਤ ਤਾਂ ਗੰਦ ਬਕਦੇ ਰਹਿੰਦੇ ਹਨ। ਪਹਿਲੀ ਰਾਤ ਤਾਂ ਸੌਣ ਹੀ ਨਹੀਂ ਦਿੰਦੇ। ਫਿਰ ਇਤਨੇ ਨੂੰ ਜਾਗਣ ਦਾ ਟਾਇਮ ਹੋ ਜਾਂਦਾ ਹੈ।" ਸੰਤ ਸੁਣਕੇ ਮੁਸਕਰਾ ਪਏ ਤੇ ਫਿਰ ਚੁੱਪ ਹੋ ਗਏ। ਦੇਵ ਨੇਤ ਨਾਲ ਜੋ ਉਨ੍ਹਾਂ ਦਾ ਮੁਖੀ ਨਾਚਾ ਸੀ ਉਸ ਦਾ ਗਲਾ ਬੈਠ ਗਿਆ। ਭਾਵੇਂ ਆਪਣੇ ਖ਼ਿਆਲਾਂ ਮੁਤਾਬਕ ਬੜੇ ਇਲਾਜ ਵੀ ਕੀਤੇ ਪਰ ਕੋਈ ਫ਼ਰਕ ਨਾ ਪਿਆ। ਕਿਸੇ ਨੇ ਦੱਸਿਆ ਕਿ ਏਥੇ ਨਜ਼ਦੀਕ ਹੀ ਅੱਲਾ ਦਾ ਪਿਆਰਾ ਪੂਰਨ ਫ਼ਕੀਰ ਰਹਿੰਦਾ ਹੈ। ਜੋ ਸਭ ਦੇ ਦਿਲਾਂ ਦੀਆਂ ਜਾਣਦਾ ਹੈ ਤੇ ਉਸ ਦੇ ਦਰ ਤੋਂ ਕੋਈ ਖ਼ਾਲੀ ਨਹੀਂ ਮੁੜਿਆ। ਤੂੰ ਵੀ ਜਾ ਕੇ ਉਸ ਦਰਵੇਸ਼ ਦੀਆਂ ਅਸੀਸਾਂ ਲੈ ਤੇਰਾ ਵੀ ਗਲਾ ਠੀਕ ਹੋ ਜਾਵੇਗਾ। ਇਹ ਸੁਣ ਕੇ ਉਹ ਨਚਾਰ ਬੜਾ ਸ਼ਰਮਾਉਂਦਾ ਹੋਇਆ ਕਹਿਣ ਲੱਗਾ ਕਿ ਗੁਰੂ ਪੀਰਾਂ ਦੇ ਪਾਸ ਇਹੋ ਜਿਹੇ ਬਚਨ ਕਹਿਣੇ ਤੇ ਵਰ ਮੰਗਣੇ ਇਹ ਕਿਵੇਂ ਹੋ ਸਕਦਾ ਹੈ। ਲੋਕਾਂ ਨੇ ਕਿਹਾ, "ਤੂੰ ਕੋਈ ਖ਼ਿਆਲ ਨਾ ਕਰ ਉਨ੍ਹਾਂ ਦੇ ਦਰ ਤੇ ਤਾਂ ਅਮੀਰ, ਗ਼ਰੀਬ, ਹਿੰਦੂ, ਮੁਸਲਮਾਨ, ਪਾਪੀ, ਪੁੰਨੀ, ਪਾਤਸ਼ਾਹ ਤੇ ਕੰਗਾਲ ਸਭ ਇੱਕੋ ਜਿਹੇ ਹਨ। ਉਹ ਸਰਬੱਤ ਦਾ ਭਲਾ ਮੰਗਣ ਵਾਲੇ ਗੁਰੂ ਨਾਨਕ ਦੇ ਪਿਆਰੇ ਹਨ।" ਅਖ਼ੀਰ ਨੂੰ ਬਹੁਤਿਆਂ ਦਾ ਪ੍ਰੇਰਿਆ ਹੋਇਆ ਉਹ ਨਚਾਰ ਮਰਦਾਵੇ ਬਸਤਰ ਪਾ ਕੇ ਸੰਤਾਂ ਦੇ ਡੇਰੇ ਸਜੇ ਦੀਵਾਨ ਵਿੱਚ ਹਾਜ਼ਰ ਹੋਇਆ ਤੇ ਮੱਥਾ ਟੇਕ ਕੇ ਦੂਰ ਹੀ ਖਲੋ ਗਿਆ। ਸਭ ਦੇ ਰਹਿਬਰ ਅੰਤਰਯਾਮੀ ਦਾਤੇ ਨੇ ਪੁਛਿਆ, "ਕੀ ਗੱਲ ਹੈ? ਉਸਨੇ ਦੂਰੋਂ ਹੀ ਅਰਜ਼ ਕੀਤੀ ਦਾਤਾ ਇੱਕ ਬੇਨਤੀ ਕਰਨ ਆਇਆ ਹਾਂ ਪਰ ਜੇਕਰ ਆਪ ਇਕੱਲੇ ਹੋ ਕੇ ਸੁਣੋ। ਮੈਨੂੰ ਸਾਰਿਆਂ ਵਿੱਚ ਦਸਦਿਆਂ ਸ਼ਰਮ ਆਉਂਦੀ ਹੈ।" ਬਾਬਾ ਜੀ ਕਹਿਣ ਲੱਗੇ, "ਗੁਰੂ ਪੀਰਾਂ ਪਾਸੋਂ ਸੰਗੀਦਾ ਨਹੀਂ। ਸੰਗਤ ਗੁਰੂ ਦਾ ਰੂਪ ਹੈ ਤੂੰ ਇਨ੍ਹਾਂ ਦੇ ਸਾਹਮਣੇ ਹੀ ਆਪਣੀ ਅਰਜ਼ ਕਰ। ਗੁਰੂ ਨਾਨਕ ਭਲੀ ਕਰਨਗੇ।" ਉਸ ਨੇ ਡਰਦਿਆਂ ਤੇ ਸੰਗਦਿਆਂ ਬੇਨਤੀ ਕੀਤੀ, "ਮਹਾਰਾਜ! ਮੇਰੀ ਰੋਜ਼ੀ ਬੰਦ ਹੋ ਗਈ ਹੈ। ਆਪ ਮੇਰੇ ਤੇ ਕ੍ਰਿਪਾ ਕਰੋ।" ਸੰਤਾਂ ਨੇ ਉੱਤਰ ਦਿੱਤਾ, "ਇਹ ਕਿਵੇਂ ਹੋ ਸਕਦਾ ਹੈ? ਰੋਜ਼ੀ ਤਾਂ ਪ੍ਰਮੇਸ਼ਰ ਕਿਸੇ ਦੀ ਵੀ ਬੰਦ ਨਹੀਂ ਕਰਦਾ। ਪੱਥਰ ਦੇ ਕੀੜੇ ਨੂੰ ਵੀ ਪਾਲਦਾ ਹੈ, ਹੱਥਾਂ ਪੈਰਾਂ ਤੋਂ ਬਿਨਾਂ ਜੋ ਪੰਛੀ ਹਨ, ਉਹ ਵੀ ਉਸ ਦਾ ਦਿੱਤਾ ਖਾਂਦੇ ਹਨ। ਤੂੰ ਤਾਂ ਫਿਰ ਮਨੁੱਖ ਹੈ ਕੋਈ ਕਿਰਤ ਕਮਾਈ ਕਰ ਸਕਦਾ ਹੈਂ।" ਉਸ ਨੇ ਫਿਰ ਹੱਥ ਜੋੜੇ ਤੇ ਕਿਹਾ, "ਮਹਾਰਾਜ! ਮੈਂ ਹੋਰ ਕੋਈ ਕੰਮ ਨਹੀਂ ਜਾਣਦਾ। ਕੇਵਲ ਗਾ ਵਜਾ ਕੇ ਹੀ ਆਪਣੀ ਉਪਜੀਵਕਾ ਚਲਾਉਂਦਾ ਹਾਂ। ਦੋ ਤਿੰਨ ਦਿਨ ਹੋ ਗਏ ਗਲਾ ਬੈਠ ਗਿਆ ਹੈ, ਹੁਣ ਉਹ ਵੀ ਬੰਦ ਹੋ ਗਈ, ਆਪ ਕ੍ਰਿਪਾ ਕਰੋ, ਗਲਾ ਠੀਕ ਹੋ ਜਾਵੇ ਤੇ ਮੇਰੀ ਰੋਜ਼ੀ ਰੋਟੀ ਚਲ ਪਵੇ।"

ਜਦੋਂ ਇਸ ਸੱਚ ਦੀ ਦੁਕਾਨ ਤੇ ਆ ਕੇ ਸੰਸਾਰੀ ਪ੍ਰੀਤਾਂ ਦੇ ਵਣਜਾਰੇ ਨੇ ਅਸਚਰਜ ਮੰਗ ਮੰਗੀ ਤਾਂ ਸੰਤ ਜੀ ਮਹਾਰਾਜ ਬੜੇ ਹੱਸੇ ਤੇ ਕਿਹਾ, "ਬਈ! ਕਸਤੂਰੀ ਵੇਚਣ ਵਾਲੇ ਪਾਸ ਲਾਲ ਮਿਰਚਾਂ ਨਹੀਂ ਹੁੰਦੀਆਂ। ਗਾਂਧੀ ਦੀ ਦੁਕਾਨ ਤੋਂ ਗਾਜਰਾਂ ਮੂਲੀਆਂ ਨਹੀਂ ਖ਼ਰੀਦੀਆਂ ਜਾ ਸਕਦੀਆਂ। ਇਹ ਸੰਤਾਂ ਦਾ ਦਰ ਹੈ ਭਜਨ ਸਿਮਰਨ ਦੀ ਸੱਚੀ ਹੱਟ ਹੈ। ਏਥੇ ਤਾਂ ਕੋਈ ਨਾਮ ਦਾ ਗਾਹਕ ਸਰਬੰਸ ਦੀ ਪੂੰਜੀ ਅਰਪ ਕੇ ਹੀ ਇਹ ਮਹਿੰਗਾ ਸੌਦਾ ਖ਼ਰੀਦਦਾ ਹੈ।" ਉਸਨੇ ਫਿਰ ਹੱਥ ਜੋੜੇ ਤੇ ਅਰਜ਼ ਕੀਤੀ, "ਦਾਤਾ! ਮੈਂ ਤਾਂ ਬੜੀਆਂ ਸਿਫ਼ਤਾਂ ਸੁਣ ਕੇ ਆਇਆ ਹਾਂ। ਹੁਣ ਆਪ ਮੈਨੂੰ ਖ਼ਾਲੀ ਨਾ ਮੋੜੋ। ਤਰਸ ਕਰੋ! ਮੇਰੇ ਵਰਗੇ ਪਾਪੀਆਂ ਦਾ ਬੇੜਾ ਆਪ ਦੇ ਬਿਨਾਂ ਕੌਣ ਪਾਰ ਕਰੇਗਾ।" ਸੰਤਾਂ ਨੇ ਵੀਚਾਰਿਆ ਕਿ ਜੇਕਰ ਭੂਮੀਆ ਚੋਰ ਗੁਰੂ ਨਾਨਕ ਨੂੰ ਮਿਲਿਆ ਤਾਂ ਉਨ੍ਹਾਂ ਨੇ ਉਸ ਨੂੰ ਦੁਰਕਾਰਿਆ ਨਹੀਂ। ਚੋਰੀ ਛੱਡਣ ਦਾ ਹੁਕਮ ਵੀ ਨਹੀਂ ਦਿੱਤਾ ਪਰ ਤਰੀਕੇ ਨਾਲ ਚਾਰ ਗੱਲਾਂ ਦੱਸਕੇ ਉਸਦੀ ਚੋਰੀ ਛੁਡਵਾ ਦਿੱਤੀ। ਕਿ ਚੋਰੀ ਕਰ ਪਰ ਗ਼ਰੀਬ ਦੀ ਨਾ ਕਰੀਂ। ਲੂਣ ਖਾ ਕੇ ਕਿਸੇ ਦਾ ਬੁਰਾ ਨਾ ਮੰਗੀਂ। ਸਦਾ ਸੱਚ ਬੋਲੀਂ ਤੇ ਗ਼ਰੀਬ ਦੀ ਰੱਖਿਆ ਕਰੀਂ। ਇਹ ਗੁਰੂ ਨਾਨਕ ਦੇਵ ਜੀ ਦੇ ਚਾਰੇ ਹੀ ਬਚਨ ਭੂਮੀਏ ਚੋਰ ਨੂੰ ਤਾਰ ਗਏ ਅਤੇ ਉਹ ਸੱਚਾ ਸੰਤ ਬਣ ਗਿਆ। ਇਹ ਵੀ ਉਸੇ ਗੁਰੂ ਨਾਨਕ ਦਾ ਦਰ ਹੈ ਸੰਤਾਂ ਦੇ ਦਰ ਤੇ ਆ ਕੇ ਕੋਈ ਖ਼ਾਲੀ ਮੁੜੇ ਇਹ ਗੱਲ ਸੋਭਦੀ ਨਹੀਂ ਕਿਉਂਕਿ ਇਨ੍ਹਾਂ ਚੌਹਾਂ ਗੱਲਾਂ ਨੂੰ ਕਹਿੰਦਿਆਂ ਸੰਤਾਂ ਦੀ ਜੀਭ ਲੱਜਿਆਵਾਨ ਹੁੰਦੀ ਹੈ। ਜਿਵੇਂ ਪੰਡਤ ਹਰਿਦਿਆਲ ਜੀ ਸਾਰਕੁਤਾਵਲੀ ਵਿੱਚ ਕਥਨ ਕਰਦੇ ਹਨ:

ਸਵੈਗੁਣ, ਦੋਖ ਪਰ, ਜਾਚਨਾਂ, ਅਰਥੀ ਵਯਰਥ ਭਜੰਤ,
ਇਹਨਾਂ ਚਾਰੋ ਕੇ ਕਹਿਣ ਮੈ ਸੰਤਨ ਜੀਭ ਲਜੰਤ।

(ਅਧਿ: ੧੧)

ਆਪਣੇ ਗੁਣ, ਪਰਾਏ ਦੇ ਔਗੁਣ, ਦਰ ਤੇ ਆਏ ਸਵਾਲੀ ਨੂੰ ਖ਼ਾਲੀ ਮੋੜਨਾਂ, ਤੇ ਕਿਸੇ ਪਾਸੋਂ ਕੁਝ ਮੰਗਣਾ। ਇਉਂ ਜਾਣਕੇ ਬਾਬਾ ਜੀ ਕਹਿਣ ਲੱਗੇ ਕਿ ਜੇ ਤੂੰ ਰਾਜ਼ੀ ਹੋਣਾ ਚਾਹੁੰਦਾ ਹੈਂ ਤਾਂ ਇਹ ਨਿਯਮ ਕਰ ਕਿ ਅੱਗੇ ਵਾਸਤੇ ਕੋਈ ਗੰਦੀ ਬੋਲੀ ਨਾ ਪਾਵੀਂ। ਚੰਗੀ ਸਿੱਖਿਆ ਦਾਇਕ ਪਾਵੀਂ, ਜਾਹ ਤੇਰਾ ਗਲਾ ਠੀਕ ਹੋ ਜਾਵੇਗਾ ਤੇ ਦੁਨੀਆਂ ਵੀ ਤੈਨੂੰ ਪਹਿਲਾਂ ਨਾਲੋਂ ਬਹੁਤੀ ਮਾਇਆ ਦੇਵੇਗੀ।

ਸੰਤਾਂ ਦੀ ਪਾਵਨ ਰਸਨਾ ਤੋਂ ਇਹ ਮੇਹਰਾਂ ਭਰੇ ਬਚਨ ਸੁਣ ਕੇ ਉਹ ਬੜਾ ਪ੍ਰਸੰਨ ਹੋਇਆ। ਝੁਕ ਕੇ ਸਿਜਦਾ ਕੀਤਾ ਤੇ ਜਸ ਕਰਦਾ ਹੋਇਆ ਆਪਣੇ ਟਿਕਾਣੇ ਤੇ ਪੁੱਜਾ। ਬਾਬਾ ਜੀ ਦੀ ਕ੍ਰਿਪਾ ਨਾਲ ਹਫ਼ਤੇ ਦਾ ਬੈਠਾ ਹੋਇਆ ਗਲਾ ਸ਼ਾਮ ਤੱਕ ਠੀਕ ਹੋ ਗਿਆ। ਫਿਰ ਕਦੀ ਉਸ ਨੇ ਗੰਦੀ ਬੋਲੀ ਨਹੀਂ ਪਾਈ। ਚੰਗੀਆਂ-ਚੰਗੀਆਂ ਸਿੱਖਿਆਂ ਦਾਇਕ ਬੋਲੀਆਂ ਸੁਣਾਇਆ ਕਰੇ। ਲੋਕੀਂ ਬੜੇ ਪ੍ਰਸੰਨ ਤੇ ਅਸਚਰਜ ਹੋਣ ਤੇ ਮਾਇਆ ਦੇਣ। ਇਉਂ ਉਸਦਾ ਜੀਵਨ ਹੀ ਪਲਟ ਗਿਆ। ਜਦੋਂ ਬਹੁਤਾ ਆਦਰ ਹੋਣ ਲੱਗਾ ਤਾਂ ਇਸਦੇ ਆਪਣੇ ਮਨ ਨੂੰ ਵੀ ਬੜੀ ਸ਼ਰਮ ਆਈ ਅਤੇ ਬਾਬਾ ਜੀ ਦੀ ਕ੍ਰਿਪਾ ਸਦਕਾ ਫਿਰ ਇਹ ਇਸ ਕੰਮ ਨੂੰ ਛੱਡ ਹੀ ਗਿਆ ਅਤੇ ਬੰਦਗੀ ਵਿੱਚ ਜੁੜ ਬੈਠਾ। ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

## ਚੋਰਾਂ ਦਾ ਸੁਧਾਰ

ਇੱਕ ਸਮੇਂ ਰਾਤ ਦੇ ਟਾਇਮ ਬਾਬਾ ਜੀ 'ਕਲਪਾਣੀ' ਦੇ ਕੰਢੇ ਬਰੇਤੀ ਤੇ ਬੈਠੇ ਸਨ। ਹੋਰ ਵੀ ਬੇਅੰਤ ਸੰਗਤ ਹਜ਼ੂਰ ਦੇ ਚਰਨਾਂ ਵਿੱਚ ਸਜੀ ਸੰਤਾਂ ਦੇ ਦਰਸ਼ਨ ਤੇ ਰੱਬੀ ਬਾਣੀ ਦਾ ਕੀਰਤਨ ਸੁਣ ਰਹੀ ਸੀ। ਉਸ ਸਮੇਂ ਡੇਰੇ ਤੋਂ ਦੌੜਦਾ ਹੋਇਆ ਇੱਕ ਪ੍ਰੇਮੀ ਆਇਆ। ਇਹ ਬਾਬਾ ਜੀ ਦੀ ਘੋੜੀ ਦਾ ਸੇਵਾਦਾਰ ਸੀ। ਪਾਸ ਆ ਕੇ ਬਾਬਾ ਜੀ ਨੂੰ ਮੱਥਾ ਟੇਕਿਆ ਤੇ ਹਜ਼ੂਰੀਏ ਸੇਵਕ ਬਾਬਾ ਆਇਆ ਸਿੰਘ ਜੀ ਦੇ ਕੰਨ ਵਿੱਚ ਅਰਜ਼ ਕੀਤੀ, ਕਿ ਤੁਸੀਂ ਬਾਬਾ ਜੀ ਨੂੰ ਆਖੋ ਕਿ ਉਨ੍ਹਾਂ ਦੀ ਘੋੜੀ ਨੂੰ ਚੋਰ ਲੈ ਗਏ ਹਨ। ਇਹ ਘੁਸਰ ਮੁਸਰ ਪਾਸ ਬੈਠੇ ਸੰਤਾਂ ਦੇ ਕੰਨੀਂ ਵੀ ਪੈ ਗਈ।

ਉਨ੍ਹਾਂ ਨੇ ਆਖਿਆ, "ਕੀ ਗੱਲ ਹੈ ਸੰਗਤ ਵਿੱਚ ਕਿਉਂ ਬਚਨ ਕਰਦੇ ਹੋ?" ਉਸ ਨੇ ਅਰਜ਼ ਕੀਤੀ, "ਦਾਤਾ! ਹਜ਼ੂਰ ਦੀ ਘੋੜੀ ਚੋਰੀ ਹੋ ਗਈ।"

ਸੰਤਾਂ ਨੇ ਹੱਸ ਕੇ ਕਿਹਾ ਚੰਗਾ ਹੋਇਆ ਤੈਨੂੰ ਤਾਂ ਚੋਰਾਂ ਨੇ ਵਿਹਲਾ ਕਰ ਦਿੱਤਾ। ਪੱਠੇ ਪਾਉਣ ਤੋਂ ਛੁੱਟ ਗਿਆ ਹੈਂ, ਤੈਨੂੰ ਤਾਂ ਸਗੋਂ ਖ਼ੁਸ਼ੀ ਮਨਾਉਣੀ ਚਾਹੀਦੀ ਸੀ, ਉਲਟਾ ਉਦਾਸ ਹੈਂ।"

ਉਸ ਨੇ ਕਿਹਾ, "ਮਹਾਰਾਜ! ਕ੍ਰਿਪਾ ਕਰੋ ਚੋਰ ਹੁਣੇ ਹੀ ਲੈ ਕੇ ਗਏ ਹਨ। ਅਜੇ ਨੇੜੇ ਹੀ ਗਏ ਹੋਣਗੇ ਦੋ ਚਾਰ ਬੰਦੇ ਭੇਜੋ ਜੋ ਘੋੜੀ ਨੂੰ ਮੋੜ ਲਿਆਉਣ।" ਸੰਤਾਂ ਨੇ ਕਿਹਾ, "ਆਰਾਮ ਨਾਲ ਬੈਠ ਕੇ ਕੀਰਤਨ ਸੁਣੋ। ਜੇ ਸਾਡੀ ਹੋਈ ਤਾਂ ਆਪੇ ਹੀ ਆ ਜਾਵੇਗੀ।"

ਉਹ ਵਿਚਾਰਾ ਚੁੱਪ ਕਰ ਗਿਆ। ਚੋਰ ਘੋੜੀ ਲੈ ਕੇ ਅਜੇ ਡੇਰੇ ਤੋਂ ਇੱਕ ਮੀਲ ਹੀ ਗਏ ਸਨ ਕਿ ਚੋਰਾਂ ਨੂੰ ਦਿਸਣੋ ਬੰਦ ਹੋ ਗਿਆ। ਬੜੇ ਭੈ ਭੀਤ ਹੋ ਗਏ ਡੇਰੇ ਵੱਲ ਆਉਣ ਤਾਂ ਦਿਸਦਾ ਹੈ ਬਾਹਰ ਜਾਣ ਤਾਂ ਅੰਨ੍ਹੇ ਹੁੰਦੇ ਹਨ। ਗੁਰਸਿੱਖਾਂ ਦਾ ਭੈ ਕਰਕੇ ਹੁਣ ਡੇਰੇ ਵੱਲ ਵੀ ਨਹੀਂ ਜਾਂਦੇ। ਉਸੇ ਜਗ੍ਹਾ ਹੀ ਘੁੰਮਦਿਆਂ ਨੂੰ ਸਾਰੀ ਰਾਤ ਲੰਘ ਗਈ। ਦਿਨ ਚੜ੍ਹਿਆ ਤਾਂ ਡੇਰੇ ਜਾਣ ਵਾਲੇ ਪ੍ਰੇਮੀਆਂ ਨੇ ਤੱਕਿਆ ਕਿ ਘੋੜੀ ਸੰਤਾਂ ਦੀ ਹੈ। ਇਹ ਏਥੇ ਕਿਵੇਂ ਲਈ ਖੜ੍ਹੇ ਹਨ।

ਪਾਸ ਆ ਕੇ ਸਾਰੀ ਵਾਰਤਾ ਪੁੱਛੀ ਤਾਂ ਉਨ੍ਹਾਂ ਨੇ ਹੱਥ ਜੋੜੇ, ਡਰਦਿਆਂ-ਡਰਦਿਆਂ ਅਰਜ਼ ਕੀਤੀ, "ਅਸੀਂ ਬੜੇ ਗੁਨਾਹਗਾਰ ਹਾਂ। ਪੀਰ ਜੀ ਦੀ ਘੋੜੀ ਚੋਰੀ ਕਰ ਲਈ। ਹੁਣ ਵਾਪਸ ਡੇਰੇ ਜਾ ਕੇ ਮੁਆਫ਼ੀ ਵੀ ਨਹੀਂ ਮੰਗ ਸਕਦੇ, ਜੇ ਬਾਹਰ ਜਾਂਦੇ ਹਾਂ ਤਾਂ ਅੰਨ੍ਹੇ ਹੁੰਦੇ ਹਾਂ।" ਭਾਈ ਲੱਧੇ ਵਾਂਗੂੰ ਉਨ੍ਹਾਂ ਗੁਰੂ ਪਿਆਰਿਆਂ ਨੇ ਇਨ੍ਹਾਂ ਤੇ ਤਰਸ ਕੀਤਾ ਤੇ ਕਿਹਾ, "ਅਸੀਂ ਤੁਹਾਡੇ ਨਾਲ ਚੱਲਦੇ ਹਾਂ। ਸੰਤਾਂ ਤੋਂ ਮੁਆਫ਼ੀ ਮੰਗਵਾ ਦਿੰਦੇ ਹਾਂ।"

ਉਹ ਪ੍ਰੇਮੀ ਇਨ੍ਹਾਂ ਚੋਰਾਂ ਨੂੰ ਨਾਲ ਲੈ ਕੇ ਡੇਰੇ ਪੁੱਜੇ ਅਤੇ ਆਖਿਆ ਕਿ ਜਿਥੋਂ ਘੋੜੀ ਖੋਲ੍ਹੀ ਹੈ ਉੱਥੇ ਹੀ ਬੰਨ ਦੇਵੋ ਤੁਸੀਂ ਦੀਵਾਨ ਵਿੱਚ ਹਾਜ਼ਰ ਹੋਵੋ। ਉਨ੍ਹਾਂ ਨੇ ਇਸੇ ਤਰ੍ਹਾਂ ਹੀ ਕੀਤਾ। ਜਦੋਂ ਦੀਵਾਨ ਵਿੱਚ ਆਏ ਤਾਂ ਸੰਤਾਂ ਤੋਂ ਡਰਦੇ ਹੋਏ ਦੂਰ ਹੀ ਖੜੋ ਗਏ।

ਇਨ੍ਹਾਂ ਪ੍ਰੇਮੀਆਂ ਨੇ ਅਰਜ਼ ਕੀਤੀ, "ਹੇ ਗੁਨਾਹਾਂ ਦੇ ਬਖ਼ਸ਼ਣਹਾਰੇ ਪਤਿਤ ਪਾਵਨ ਦਾਤਾ ਜੀ! ਅਸੀਂ ਇਨ੍ਹਾਂ ਨੂੰ ਨਾਲ ਲੈ ਕੇ ਆਏ ਹਾਂ ਇਹ ਆਪ ਜੀ ਦੇ ਦੋਸ਼ੀ ਖੜ੍ਹੇ ਹਨ। ਘੋੜੀ ਚੋਰੀ ਕਰਕੇ ਲੈ ਗਏ ਸਨ। ਆਪ ਜੀ ਨੇ ਆਪਣੇ ਕ੍ਰਿਪਾਲੂ ਸੁਭਾਉ ਅਨੁਸਾਰ ਇਨ੍ਹਾਂ ਤੇ ਕ੍ਰਿਪਾ ਕਰਨੀ। ਔਗਣਾਂ ਵੱਲ ਨ ਤੱਕਣਾ।"

ਮਹਾਂ ਪੁਰਸ਼ਾਂ ਨੇ ਕਿਹਾ, "ਬਈ! ਅੱਗੇ ਆਉ" ਉਹ ਚਾਰੇ ਪਠਾਣ ਅੱਗੇ ਵਧੇ ਚਰਨ ਧੂੜ ਮਸਤਕ ਨੂੰ ਲਾਈ ਤੇ ਗਲ ਵਿੱਚ ਪੱਲਾ ਪਾ ਕੇ ਖਲੋਅ ਗਏ। ਸੰਤਾਂ ਨੇ ਪੁੱਛਿਆ ਕਿ ਤੁਹਾਡਾ ਏਹੋ ਹੀ ਕੰਮ ਹੈ? ਉਨ੍ਹਾਂ ਕਿਹਾ, "ਜੀ ਹਾਂ! ਅਸੀਂ ਕਈ ਪੁਸ਼ਤਾਂ ਤੋਂ ਚੋਰੀ ਦਾ ਕੰਮ ਕਰਦੇ ਹਾਂ।" ਸੰਤਾਂ ਨੇ ਕਿਹਾਂ, "ਗੁਰੂ ਨਾਨਕ ਦਾ ਹੁਕਮ ਹੈ:

ਚੋਰ ਕੀ ਹਾਮਾ ਭਰੇ ਨ ਕੋਇ ॥
ਚੋਰੁ ਕੀਆ ਚੰਗਾ ਕਿਉ ਹੋਇ ॥੧॥

(ਪੰਨਾ ੬੬੨)

ਅੱਗੇ ਵਾਸਤੇ ਤੁਹਾਨੂੰ ਚੋਰੀ ਛੱਡਣੀ ਪਵੇਗੀ।"

ਉਨ੍ਹਾਂ ਨੇ ਕਿਹਾ, "ਮਹਾਰਾਜ! ਆਪ ਸਾਡੇ ਤੇ ਕ੍ਰਿਪਾ ਕਰੋ। ਅੱਗੇ ਵਾਸਤੇ ਅਸੀਂ ਚੋਰੀ ਨਹੀਂ ਕਰਾਂਗੇ।"

ਸੰਤਾਂ ਨੇ ਕਿਹਾ, "ਇਹ ਮੁਰਸ਼ਦ ਦਾ ਘਰ ਹੈ। ਜੇਕਰ ਤੁਸੀਂ ਅੱਗੇ ਵਾਸਤੇ ਕਿਸੇ ਦਾ ਤੀਲਾ ਵੀ ਚੁੱਕਿਆ ਤਾਂ ਸਾਰੀ ਉਮਰ ਦਿਸਣਾ ਨਹੀਂ, ਅੰਨ੍ਹੇ ਹੀ ਰਹੋਗੇ। ਸੱਚ ਬੋਲਣਾ। ਜਾਓ ਹੁਣ ਤੁਹਾਡੀ ਨਿਗਾਹ ਪਹਿਲਾਂ ਵਾਂਗ ਹੀ ਠੀਕ ਹੋ

ਜਾਵੇਗੀ।" ਪਰ ਉਸ ਸਮੇਂ ਸੰਤਾਂ ਦਾ ਬਚਨ ਸੁਣ ਕੇ ਇਹ ਬੜੇ ਭੈ ਭੀਤ ਹੋਏ। ਅੱਗੇ ਵਾਸਤੇ ਚੋਰੀ ਕਰਨ ਦਾ ਮੰਦਾ ਕੰਮ ਛੱਡ ਕੇ ਨੇਕ ਬਣ ਗਏ[੧੪] ਅਤੇ ਧਰਮ ਦੀ ਕਿਰਤ ਕਰਕੇ ਡੇਰੇ ਨੂੰ ਦਸਵੰਧ ਦਿੰਦੇ ਰਹੇ।

[੧੪] (ਸੰਤ ਕਰਮ ਸਿੰਘ ਜੀ ਦੇ ਸੇਵਕ ਬਾਬਾ ਬੇਅੰਤ ਸਿੰਘ ਜੀ ਅਵਧੂਤ ਜੋ ੧੯੪੮ ਈ: ਵਿੱਚ ਕਰਮਸਰ ਡੇਰੇ ਆਏ ਸਨ। ਦਾਸ ਨੇ ਵੀ ਦਰਸ਼ਨ ਕੀਤੇ ਹਨ। ਉਹ ਕਹਿੰਦੇ ਸਨ ਕਿ ਅਸੀਂ ਉਸ ਸਮੇਂ ਸੰਤਾਂ ਦੇ ਪਾਸ ਸੀ। ਅੱਖੀ ਡਿੱਠਾ ਪ੍ਰਸੰਗ ਉਹਨਾਂ ਨੇ ਭਗਤ ਭਾਨ ਸਿੰਘ ਨੂੰ ਦੱਸਿਆ ਤੇ ਦਾਸ ਨੇ ਅੰਕਿਤ ਕੀਤਾ।)

# ਸੱਯਦ ਰਹਿਮਤ ਉਲਾ ਉੱਤੇ ਰਹਿਮਤ

ਸੰਤਾਂ ਦੇ ਚਰਨਾਂ ਦੀ ਸ਼ਰਧਾਵਾਨ ਮਾਈ ਨੂਰਾਂ ਦੇ ਘਰ ਪੁੱਤਰ ਨਹੀਂ ਸੀ। ਉਸ ਨੇ ਡੇਰੇ ਆ ਕੇ ਆਪਣੇ ਮਨ ਵਿੱਚ ਇਹ ਸੁੱਖਨਾ ਸੁੱਖੀ, ਹੇ ਮੇਹਰਾਂ ਦੇ ਸਾਈਂ! ਅੱਲਹਾ ਦੇ ਪਿਆਰੇ! ਸੱਚੇ ਫ਼ਕੀਰ! ਆਪ ਮੇਰੇ ਤੇ ਕ੍ਰਿਪਾ ਕਰੋ ਤੇ ਪੁੱਤਰ ਦੀ ਦਾਤ ਬਖ਼ਸ਼ੋਂ। ਮੈਂ ਤੁਹਾਡੇ ਪਹਿਨਣ ਵਾਸਤੇ ਇੱਕ ਸੁੰਦਰ ਚੋਲਾ ਤਿਆਰ ਕਰਕੇ ਭੇਟਾ ਕਰਾਂਗੀ। ਸਮਾਂ ਪਾ ਕੇ ਭਾਵਨਾ ਅਨੁਸਾਰ ਉਸ ਮਾਈ ਦੀ ਸੁੱਖ ਪੂਰੀ ਹੋ ਗਈ ਤੇ ਸਾਲ ਤੋਂ ਬਾਅਦ ਉਸ ਦੇ ਘਰ ਇੱਕ ਸੁੰਦਰ ਬਾਲਕ ਨੇ ਜਨਮ ਲਿਆ। ਮਾਈ ਤੇ ਉਸ ਦੇ ਹੋਰ ਪਰਿਵਾਰ ਨੇ ਬੜੀਆਂ ਖ਼ੁਸ਼ੀਆਂ ਮਨਾਈਆਂ ਜਦੋਂ ਉਹ ਲੜਕਾ ਕੁਝ ਮਹੀਨਿਆਂ ਦਾ ਹੋ ਗਿਆ ਤਾਂ ਮਾਈ ਉਸ ਨੂੰ ਨਾਲ ਲੈ ਕੇ ਸੰਤਾਂ ਦੇ ਚਰਨਾਂ ਤੇ ਮੱਥਾ ਟੇਕਣ ਆਈ। ਏਥੇ ਆ ਕੇ ਇੱਕ ਬੜਾ ਕੀਮਤੀ ਚੋਲਾ ਜਿਸਦੇ ਦੋਵੇਂ ਪੱਲੇ ਜਰੀ ਨਾਲ ਕੱਢੇ ਹੋਏ ਸਨ ਸੰਤਾਂ ਦੀ ਭੇਟਾ ਕੀਤਾ ਅਤੇ ਆਪਣਾ ਬੱਚਾ ਬਾਬਾ ਜੀ ਦੇ ਚਰਨੀਂ ਪਾਇਆ ਤੇ ਅਰਜ਼ ਕੀਤੀ, "ਹੇ ਪੂਰਨ ਫ਼ਕੀਰ! ਇਹ ਆਪ ਦੀ ਹੀ ਬਖ਼ਸ਼ੀ ਹੋਈ ਦਾਤ ਹੈ, ਆਪ ਇਸ ਤੇ ਕਿਰਪਾ ਕਰੋ।" ਸੰਤਾਂ ਨੇ ਬੱਚੇ ਦੇ ਸਿਰ ਤੇ ਹੱਥ ਰੱਖਿਆ ਤੇ ਅਸੀਸ ਕਹੀ। ਉਸ ਸੁੰਦਰ ਬਣੇ ਹੋਏ ਚੋਲੇ ਨੂੰ ਦੇਖ ਕੇ ਸਾਰੀ ਹੀ ਸੰਗਤ ਪ੍ਰਸੰਨ ਹੋਈ। ਉਸ ਸਮੇਂ ਇੱਕ ਸੱਯਦ ਜਾਤੀ ਦਾ ਮੁਸਲਮਾਨ ਰਹਿਮਤ ਉੱਲਾ ਵੀ ਹਜ਼ੂਰੀ ਵਿੱਚ ਬੈਠਾ ਸੀ। ਚੋਲੇ ਦੀ ਸੁੰਦਰਤਾ ਤੇ ਬਨਾਵਟ ਤੱਕ ਕੇ ਉਸਦਾ ਮਨ ਕਾਬੂ ਵਿੱਚ ਨਾ ਰਿਹਾ। ਦੀਵਾਨ ਸਮਾਪਤ ਹੋਇਆ ਸਾਰੇ ਹੀ ਪ੍ਰੇਮੀ ਆਪੋ ਆਪਣੀ ਥਾਈਂ ਚਲੇ ਗਏ। ਉਸ ਚੋਲੇ ਨੂੰ ਸੇਵਾਦਾਰ ਨੇ ਜਿੱਥੇ ਸੰਭਾਲ ਕੇ ਰੱਖਿਆ ਸੀ ਇਹ ਸੱਯਦ ਉਸ ਪਾਸੇ ਦੇਖਦਾ ਰਿਹਾ ਅਤੇ ਰਾਤ ਨੂੰ ਚੋਰੀ ਕਰਨ ਆ ਗਿਆ। ਜਦੋਂ ਇਹ ਡੇਰੇ ਅੰਦਰ ਪ੍ਰਵੇਸ਼ ਹੋ ਕੇ ਚੋਲੇ ਵਾਲੀ ਥਾਂ ਤੇ ਪੁੱਜਣ ਲਈ ਗੇੜੇ ਕੱਢਣ ਲੱਗਾ ਤਾਂ ਝੱਟ ਹੀ ਪਹਿਰੇ ਵਾਲੇ ਸਿੱਖਾਂ ਦੇ ਕਾਬੂ ਆ ਗਿਆ। ਉਨ੍ਹਾਂ ਨੇ ਉਸ ਸਮੇਂ ਉਸਦੀਆਂ ਮੁਸ਼ਕਾਂ ਬੰਨ੍ਹ ਕੇ ਇੱਕ ਖ਼ਾਲੀ ਕਮਰੇ ਵਿੱਚ ਡੱਕ ਦਿੱਤਾ। ਸਵੇਰ ਸਮੇਂ ਸੰਤਾਂ ਦੇ ਪਾਸ ਦੀਵਾਨ ਵਿੱਚ ਹਾਜ਼ਰ ਕੀਤਾ। ਅੰਤਰਯਾਮੀ ਦਾਤੇ ਨੇ ਹੱਸ ਕੇ ਕਿਹਾ, "ਕੀ ਗੱਲ ਹੈ ਇਸ ਨੂੰ ਮੁਸ਼ਕਾਂ ਕਿਉ ਦਿੱਤੀਆ ਹਨ? ਇਹ ਤਾਂ ਹਜ਼ਰਤ ਮੁਹੰਮਦ ਸਾਹਿਬ ਦੀ ਕੁਲ ਵਿੱਚੋਂ ਪੂਜਨੀਕ ਸੱਯਦ ਹੈ।" ਉਸ ਨੇ ਆਪਣੇ ਆਪ ਰੋ ਕੇ ਸੰਤਾਂ ਦੇ ਪਾਸ ਸਾਰੀ ਵਾਰਤਾ ਦੱਸੀ, ਕਿ ਗ਼ਰੀਬ ਨਿਵਾਜ਼! ਮੈਂ ਹਜ਼ੂਰ ਦਾ ਬੜਾ ਗ਼ੁਨਾਹਗਾਰ ਤੇ ਦੋਸ਼ੀ ਚੋਰ ਹਾਂ, ਚੋਲੇ ਦੀ ਸੁੰਦਰਤਾ ਦੇਖ ਕੇ ਰਹਿ ਨਹੀਂ ਸਕਿਆ ਉਸ ਨੂੰ ਚੁਰਾਉਣ ਆਇਆ, ਇਨ੍ਹਾਂ ਸਿੱਖਾਂ ਦੇ ਹੱਥ ਆ ਗਿਆ। ਹੁਣ ਆਪ ਮੈਨੂੰ ਜੋ ਵੀ ਸਜ਼ਾ ਦਿਉ ਮੈਂ ਉਹ ਹੀ ਭੁਗਤਣ ਲਈ ਤਿਆਰ ਹਾਂ। ਬੁਰਿਆਂ ਉੱਪਰ ਨੇਕੀ ਕਰਨ ਦੇ ਸੁਭਾਅ ਅਨੁਸਾਰ ਆਪ ਨੇ ਸੇਵਾਦਾਰਾਂ ਤੋਂ ਉਸ ਦੀਆਂ ਮੁਸ਼ਕਾਂ ਖੁਲ੍ਹਵਾਈਆਂ, ਪਾਸ ਬੁਲਾਇਆ ਤੇ ਨਿੱਜੀ ਸੇਵਾਦਾਰ ਤੋਂ ਉਸ ਮਾਈ ਦੀ ਭੇਟਾ ਵਾਲਾ ਚੋਲਾ ਮੰਗਵਾ ਕੇ ਆਪਣੇ ਹੱਥੀਂ ਇਸਦੇ ਗਲੇ ਪਾਇਆ। ਉਸ ਚੋਰ ਨੂੰ ਇਹ ਅਲੌਕਿਕ ਸਜ਼ਾ ਦੇਖ ਕੇ ਸਾਰੀ ਸੰਗਤ ਹੈਰਾਨ ਰਹਿ ਗਈ। ਭਰੇ ਦੀਵਾਨ ਵਿੱਚ ਇਸ ਤਰ੍ਹਾਂ ਦਾ ਵਰਤਾਉ ਤੱਕ ਕੇ ਉਸ ਸੱਯਦ ਨੂੰ ਤਾਂ ਇਤਨੀ ਸ਼ਰਮ ਆਈ ਕਿ ਬਾਬਾ ਜੀ ਦੇ ਚਰਨ ਫੜ ਲਏ ਅਤੇ ਅਰਜ਼ ਕੀਤੀ, "ਦਾਤਾ! ਜੇਕਰ ਹੱਥੀਂ ਪਾਇਆ ਹੈ ਤਾਂ ਇਸ ਦੀ ਲਾਜ ਵੀ ਤੁਸਾਂ ਨੇ ਹੀ ਰੱਖਣੀ ਹੈ।" ਫੇਰ ਉਹ ਸਾਰੀ ਉਮਰ ਡੇਰੇ ਹੀ ਰਿਹਾ। ਸੇਵਾ ਤੇ ਸਿਮਰਨ ਕਰਕੇ ਸੱਚਾ ਫ਼ਕੀਰ ਬਣ ਗਿਆ ਅਤੇ ਆਪਣਾ ਜੀਵਨ ਸਫ਼ਲਾ ਕੀਤਾ।

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

# ਗੁੱਜਰ ਗੜ੍ਹੀ ਦੀ ਮਾਈ ਰੱਜੀ ਨੂੰ ਰਾਜ਼ੀ ਕੀਤਾ

ਇੱਕ ਸਮੇਂ ਸੰਤ ਮਹਾਰਾਜ ਬਾਬਾ ਕਰਮ ਸਿੰਘ ਜੀ ਡੇਰੇ ਵਿੱਚ ਕੁਰਸੀ ਤੇ ਸਜੇ ਸੰਗਤਾਂ ਨੂੰ ਦਰਸ਼ਨ ਦੇ ਰਹੇ ਸਨ ਤੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰ ਰਹੇ ਸਨ। ਅੱਗੇ ਤਾਂ ਹਰ ਰੋਜ਼ ਦਸ ਵਜੇ ਦੇ ਕਰੀਬ ਕੁਰਸੀ ਤੋਂ ਉੱਠ ਕੇ ਪਾਲਕੀ ਵਿੱਚ ਬੈਠਕੇ ਗੁਫਾ ਵੱਲ ਚਲੇ ਜਾਂਦੇ ਸਨ। ਪਰ ਅੱਜ ਸਾਢੇ ਦਸ ਵੱਜ ਗਏ ਡਿਊਟੀਆਂ ਵਾਲੇ ਸਾਰੇ ਪ੍ਰੇਮੀ ਹੈਰਾਨ ਸਨ ਕਿ ਅੱਜ ਕੀ ਕਾਰਣ ਹੈ? ਸੰਤ ਜੀ ਗੁਫਾ ਵੱਲ ਨਹੀਂ ਗਏ, ਅਸੀਂ ਵੀ ਆਪੋ ਆਪਣੀ ਸੇਵਾ ਤੇ ਹਾਜ਼ਰ ਹੋਣਾ ਹੈ। ਅੰਤਰਯਾਮੀ ਦਾਤੇ ਨੇ ਇਨ੍ਹਾਂ ਦੇ ਦਿਲਾਂ ਦੀਆਂ ਜਾਣਕੇ ਹੁਕਮ ਕੀਤਾ, "ਸੰਗਤ ਜੀ! ਸਾਨੂੰ ਅੱਜ ਏਥੇ ਕੁਝ ਸਮਾਂ ਹੋਰ ਲੱਗ ਜਾਣਾ ਹੈ। ਡਿਊਟੀਆਂ ਤੇ ਜਾਣ ਵਾਲੇ ਪ੍ਰੇਮੀ ਜਾ ਸਕਦੇ ਹਨ।" ਪਰ ਸੰਤਾਂ ਦੇ ਇਹ ਬਚਨ ਸੁਣਕੇ ਕੋਈ ਵੀ ਪ੍ਰੇਮੀ ਨ ਹਿਲਿਆ। ਆਪੋ ਆਪਣੀ ਥਾਂ ਤੇ ਬੈਠੇ ਦੇਖਦੇ ਰਹੇ ਕਿ ਅੱਜ ਕਿਸ ਵਡਭਾਗੀ ਦੀ ਉਡੀਕ ਕਰ ਰਹੇ ਹਨ। ਬਾਬਾ ਜੀ ਉਸ ਸਮੇਂ ਕਦੇ ਗੋਡੇ ਨੂੰ ਫੜਨ ਕਦੇ ਪੈਰ ਨੂੰ ਨੱਪਣ ਕਦੇ ਪਿੰਜਣੀ ਨੂੰ ਮਲਣ ਤੇ ਆਪਣਾ ਪੱਟ ਘੁੱਟਣ ਪਰ ਇਸ ਭੇਦ ਦਾ ਕਿਸੇ ਨੂੰ ਕੋਈ ਪਤਾ ਨ ਲੱਗੇ। ਅਖ਼ੀਰ ਨੂੰ ਜਦ ਦੋ ਵੱਜ ਗਏ ਤਾਂ ਇੱਕ ਮਾਈ ਲੰਗੜਾਉਂਦੀ ਹੋਈ ਜੋ ਨਜ਼ਦੀਕ ਦੇ ਨਗਰ ਦੀ ਹੀ ਸੀ ਹਜ਼ੂਰੀ ਵਿੱਚ ਪੁੱਜੀ। ਇਹ ਬਿਨਾਂ ਨਾਗਾ ਰੋਜ਼ ਦਰਸ਼ਨਾਂ ਨੂੰ ਆਇਆ ਕਰਦੀ। ਸੰਤਾਂ ਨੇ ਅੱਜ ਇਸ ਨੂੰ ਦੇਰ ਨਾਲ ਆਉਣ ਦਾ ਕਾਰਨ ਪੁੱਛਿਆ ਤਾਂ ਕਿ ਸੰਗਤ ਦੀ ਹੈਰਾਨਗੀ ਦੂਰ ਹੋ ਜਾਵੇ। ਇਸ ਨੇ ਅਰਜ਼ ਕੀਤੀ ਕਿ ਮਹਾਰਾਜ ਮੈਂ ਅੱਜ ਘਰੋਂ ਵੀ ਲੇਟ ਚੱਲੀ ਤੇ ਵਾਹੋ ਦਾਹੀ ਰਸਤੇ ਵਿੱਚ ਭੱਜੀ ਆ ਰਹੀ ਸੀ ਕਿ ਹਜ਼ੂਰ ਦੇ ਦਰਸ਼ਨਾਂ ਤੋਂ ਵਾਂਝੀ ਨਾ ਰਹਿ ਜਾਵਾਂ ਕੁਰਸੀ ਦੇ ਟਾਇਮ ਤੇ ਪੁੱਜ ਜਾਵਾਂ। ਅੰਤਰ ਆਤਮੇ ਸਿਮਰਨ ਵਿੱਚ ਜੁੜੀ ਗੁਰੂ ਨਾਨਕ ਦੇਵ ਜੀ ਦੇ ਸਰੂਪ ਦਾ ਧਿਆਨ ਵਸਾਈ ਨੇਤਰ ਬੰਦ ਕਰਕੇ ਆ ਰਹੀ ਸਾਂ ਕਿ ਰਸਤੇ ਵਿੱਚ ਕਿਤੇ ਗੋਹੇ ਦੀ ਢੇਰੀ ਪਈ ਸੀ ਉਸ ਪਾਸ ਸੱਪ ਬੈਠਾ ਸੀ ਮੈਨੂੰ ਪਤਾ ਨ ਲੱਗਿਆ ਉਸ ਨੇ ਪੈਰ ਤੇ ਡੰਗ ਮਾਰਿਆ। ਸੱਪ ਜਹਿਰੀਲਾ ਸੀ ਮੈਨੂੰ ਦੋ ਘੰਟੇ ਹੋਸ਼ ਨਾ ਆਈ। ਫੇਰ ਸੁਰਤ ਪਰਤੀ ਤੇ ਅੱਖ ਪੁੱਟੀ ਆਹਿਸਤਾ-ਆਹਿਸਤਾ ਬੈਠੀ ਹੋਈ, ਤੁਰਿਆ ਨਾ ਜਾਵੇ। ਕੁਝ ਕਦਮ ਤਾਂ ਗੋਡਿਆਂ ਦੇ ਭਾਰ ਰਿੜ੍ਹਦੀ ਰਹੀ। ਫੇਰ ਹੌਲੀ-ਹੌਲੀ ਤੁਰ ਕੇ ਲੰਗ ਮਾਰਦੀ ਏਥੇ ਆਈ ਹਾਂ। ਮਾਈ ਦੇ ਬਚਨ ਸੁਣ ਕੇ ਸੰਤ ਤਾਂ ਚੁੱਪ ਕਰ ਗਏ ਪਰ ਸੰਗਤ ਨੇ ਨਿਸ਼ਚਾ ਕੀਤਾ ਕਿ ਪਰਾਈ ਪੀੜਾ ਦੇ ਹਰਤਾਂ ਨੇ ਇਸ ਦੀ ਪੀੜ ਨੂੰ ਆਪਣੇ ਸਰੀਰ ਤੇ ਲੈ ਕੇ ਦੂਰ ਕਰ ਦਿੱਤਾ ਅਤੇ ਜੋ ਆਪਣੇ ਅੰਗ ਨੱਪਦੇ ਸਨ ਇਸਦਾ ਵੀ ਏਹੋ ਕਾਰਨ ਸੀ। ਇਸਦੇ ਪ੍ਰੇਮ ਦੇ ਬੱਝੇ ਹੋਏ ਹੀ ਅੱਜ ਗੁਫਾ ਨੂੰ ਨਹੀਂ ਗਏ ਏਥੇ ਹੀ ਬੈਠੇ ਰਹੇ। ਸੰਤਾਂ ਨੇ ਫੇਰ ਉਸ ਮਾਈ ਨੂੰ ਪੁਛਿਆ, "ਹੁਣ ਤਾਂ ਦਰਦ ਨਹੀਂ?" ਇਸਨੇ ਹੱਥ ਜੋੜ ਕੇ ਅਰਜ਼ ਕੀਤੀ, "ਦਾਤਾ ਤੇਰੀਆਂ ਤੂੰ ਜਾਣੇ!" ਉਸ ਸਮੇਂ ਬਾਬਾ ਜੀ ਨੇ ਉਸ ਮਾਈ ਨੂੰ ਮੁਖ਼ਾਤਬ ਕਰਕੇ ਸਾਰੀ ਸੰਗਤ ਨੂੰ ਉਪਦੇਸ਼ ਕੀਤਾ। ਕਿ ਮਾਤਾ ਇਸ ਜਹਿਰ ਨੂੰ ਤਾਂ ਹੋਰ ਮਾਂਦਰੀਆ ਗਾਰੜੂ ਮੰਤਰ ਦੁਆਰਾ ਦੂਰ ਕਰ ਸਕਦਾ ਸੀ। ਪਰ ਹਰ ਇੱਕ ਜੀਵ ਨੂੰ ਜੋ ਪੰਜਾਂ ਵਿਕਾਰਾਂ ਰੂਪੀ ਸੱਪਾਂ ਦੀ ਵਿਹੁ ਚੜ੍ਹੀ ਹੈ, ਉਹ ਕਿਸੇ ਪੂਰਨ ਮਹਾਂ ਪੁਰਸ਼ ਦੀ ਕ੍ਰਿਪਾ ਦੁਆਰਾ ਹੀ ਉੱਤਰਦੀ ਹੈ। ਹਜ਼ੂਰ ਦੀ ਪਾਵਨ ਰਸਨਾਂ ਤੋਂ ਇਹ ਬਚਨ ਸੁਣ ਕੇ ਸਾਰੀ ਸੰਗਤ ਗਦ-ਗਦ ਹੋ ਗਈ ਤੇ ਜਸ ਕਰਦੇ ਹੋਏ ਆਪੋ ਆਪਣੇ ਘਰੀਂ ਚਲੇ ਗਏ। ਬਾਬਾ ਜੀ ਪਾਲਕੀ ਵਿੱਚ ਬੈਠ ਕੇ ਗੁਫਾ ਵੱਲ ਚਲੇ ਗਏ।

# ਫੌਜੀ ਸਿੰਘਾਂ ਨੂੰ ਲੰਗਰ ਛਕਾਇਆ

ਭਾਵੇਂ ਮਹਾਂ ਪੁਰਸ਼ਾਂ ਦੇ ਦਰਸ਼ਨਾਂ ਲਈ ਹਰ ਸਮੇਂ ਹੀ ਸੰਗਤ ਜੁੜੀ ਰਹਿੰਦੀ ਸੀ। ਆਮ ਪ੍ਰੇਮੀਆਂ ਤੋਂ ਇਲਾਵਾ ਦੋ ਤਿੰਨ ਹਜ਼ਾਰ ਫੌਜੀ ਸਿੰਘ ਵੀ ਰੋਜ਼ ਹੀ ਦਰਸ਼ਨਾਂ ਨੂੰ ਆਉਂਦੇ। ਇੱਕ ਵਾਰੀ ਛੁੱਟੀ ਦੇ ਦਿਨਾਂ ਵਿੱਚ ਇਕੱਠੀਆਂ ਹੀ ਬਾਰਾਂ ਪਲਟਨਾਂ ਹਜ਼ੂਰ ਦੇ ਦੀਦਾਰ ਨੂੰ ਹੋਤੀ ਆਈਆਂ। ਸਾਰੇ ਪਲਟਨੀ ਅਫਸਰਾਂ ਨੇ ਆਪੋ ਆਪਣੀ ਸੈਕਸ਼ਨ ਨੂੰ ਪਹਿਲਾਂ ਹੀ ਸਿਖਾ ਲਿਆ ਸੀ ਕਿ ਅੱਜ ਸੰਤਾਂ ਦੇ ਡੇਰੇ ਚੱਲੇ ਹਾਂ। ਇਹ ਤਪੱਸਵੀ ਫ਼ਕੀਰਾਂ ਦਾ ਅਸਥਾਨ ਹੈ। ਏਥੇ ਕੋਈ ਜਗੀਰ ਨਹੀਂ ਲੱਗੀ ਹੋਈ। ਹੋਰ ਵੀ ਆਮਦਨੀ ਦਾ ਵਸੀਲਾ ਨਹੀਂ, ਤੁਸੀਂ ਉਸ ਜਗ੍ਹਾ ਲੰਗਰ ਪ੍ਰਸ਼ਾਦਾ ਨਾ ਛਕਣਾ। ਐਵੇਂ ਉਨ੍ਹਾਂ ਨੂੰ ਇਤਨੀ ਖੇਚਲ ਹੋਵੇਗੀ। ਜੇਕਰ ਬਹੁਤਾ ਹੀ ਕਹਿਣ ਤਾਂ ਡੇਰੇ ਦਾ ਪ੍ਰਸ਼ਾਦਿ ਜਾਣਕੇ ਕਿਣਕਾ ਮਾਤਰ ਜਲ ਪਾਣੀ ਛਕ ਲੈਣਾ। ਏਧਰੋਂ ਦਿਲਾਂ ਦੀਆਂ ਜਾਨਣ ਵਾਲੇ ਸੰਤਾਂ ਨੇ ਸਾਰੀ ਗੱਲ ਜਾਣ ਕੇ ਛੋਟੇ ਸੰਤ ਬਾਬਾ ਆਇਆ ਸਿੰਘ[੧੫] ਜੀ ਨੂੰ ਹੁਕਮ ਕੀਤਾ ਕਿ ਅੱਜ ਬਾਹਰ ਤੋਂ ਬਹੁਤ ਸਾਰੀ ਸੰਗਤ ਆ ਰਹੀ ਹੈ ਤੁਸੀਂ ਡੇਰੇ ਤੋਂ ਬਾਹਰ ਹੀ ਵੱਖ-ਵੱਖ ਤੇਰਾਂ ਲੰਗਰ ਖੋਹਲ ਦੇਵੋ। ਸੰਤਾਂ ਨੇ ਉਸ ਸਮੇਂ ਬਾਬਾ ਜੀ ਦੇ ਬਚਨਾਂ ਦੀ ਪਾਲਣਾ ਕੀਤੀ ਛੇਤੀ-ਛੇਤੀ ਚੁਰ੍ਹਾਂ ਪੁੱਟ ਕੇ ਦਾਲਾਂ ਦੇ ਦੇਗੇ ਚਾੜ੍ਹ ਦਿੱਤੇ। ਕੜਾਹ ਪ੍ਰਸ਼ਾਦਿ ਲਈ ਕੜਾਹੇ ਬੀੜੇ ਗਏ। ਲੋਹਾਂ ਤਪਾ ਦਿੱਤੀਆਂ ਪੂੜੇ ਤੇ ਪੂਰੀਆਂ ਤਲੀਆਂ ਜਾਣ ਲੱਗੀਆਂ। ਇਉਂ ਸਾਰੇ ਹੀ ਲੰਗਰ ਤਿਆਰ ਹੋਣ ਲੱਗ ਪਏ। ਚੁਫੇਰੇ ਕਨਾਤਾਂ ਲਗਾ ਕੇ ਵਿੱਚ ਸੰਗਤਾਂ ਦੇ ਬੈਠਣ ਵਾਸਤੇ ਪੱਟੀਆਂ ਵਿਛ ਗਈਆਂ। ਏਧਰੋਂ ਜਦੋਂ ਬਾਬਾ ਜੀ ਸੰਗਤਾਂ ਨੂੰ ਦਰਸ਼ਨ ਦੇਣ ਵਾਸਤੇ ਪੰਡਾਲ ਵਿੱਚ ਸਜੇ ਤਾਂ ਸਾਰੇ ਫੌਜੀਆਂ ਨੇ ਆ ਕੇ ਭਾਵਨਾ ਨਾਲ ਭੇਟਾ ਅਰਪੀ, ਮੱਥਾ ਟੇਕਿਆ ਤੇ ਇਸ਼ਾਰਾ ਪਾ ਕੇ ਪਾਸ ਹੀ ਬੈਠ ਗਏ। ਉਸ ਸਮੇਂ ਸੰਤਾਂ ਨੇ ਫੌਜ ਦੇ ਜਰਨੈਲਾਂ ਨੂੰ ਆਖਿਆ, "ਕਿਉਂ ਬਈ ਇਹ ਗੁਰੂ ਨਾਨਕ ਦਾ ਘਰ ਹੈ ਜਿਥੋਂ ਭਾਵਨਾ ਨਾਲ ਸੇਵਾ ਕਰਕੇ ਕੰਗਲੇ ਬਾਦਸ਼ਾਹੀਆਂ ਦਾ ਵਰ ਲੈਂਦੇ ਹਨ, ਤੁਸੀਂ ਕੀ ਸਮਝਿਆ ਕਿ ਏਥੇ ਫੌਜ ਨੂੰ ਲੰਗਰ ਨਹੀਂ ਮਿਲੇਗਾ? ਤਦੇ ਹੀ ਸਭਨਾਂ ਨੂੰ ਸਿਖਾ ਲਿਆਂਦਾ ਹੈ ਕਿ ਉੱਥੇ ਕਿਸੇ ਨੇ ਰੋਟੀ ਨਹੀਂ ਖਾਣੀ ਪਰ ਇਤਨਾਂ ਪੱਕਿਆ ਲੰਗਰ ਕਿੱਧਰ ਨੂੰ ਜਾਵੇਗਾ? ਇਹ ਬਾਰਾਂ ਲੰਗਰ ਤਾਂ ਬਾਰਾਂ ਪਲਟਨਾਂ ਵਾਸਤੇ ਹਨ ਆਪ ਹੀ ਵਰਤਾਓ ਤੇ ਆਪ ਹੀ ਛਕੋ। ਇਹ ਤੇਰਵਾਂ ਲੰਗਰ ਹੋਰ ਬਾਹਰੋਂ ਆਈ ਸੰਗਤ ਲਈ ਹੈ ਸਭਨਾਂ ਨੂੰ ਕਹੋ-

ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ ॥
ਅੰਮ੍ਰਿਤ ਨਾਮੁ ਰਿਦ ਮਾਹਿ ਧਿਆਈ ॥

(ਪੰਨਾ ੮੦੭)

ਜੇ ਕੋਈ ਅੱਜ ਗੁਰੂ ਘਰੋਂ ਭੁੱਖਾ ਗਿਆ ਤਾਂ ਫਿਰ ਉਹ ਸਾਰੀ ਉਮਰ ਭੁੱਖਾ ਹੀ ਰਹੇਗਾ।" ਸੰਤਾਂ ਦੀ ਰਸਨਾ ਤੋਂ ਇਹ ਬਚਨ ਸੁਣ ਕੇ ਸਾਰੇ ਅਫਸਰ ਤੇ ਸਿਪਾਹੀ ਭੈ ਭੀਤ ਹੋ ਗਏ। ਚਰਨ ਫੜੇ ਭੁੱਲ ਬਖ਼ਸ਼ਾਈ, ਗੁਰੂ ਕੇ ਲੰਗਰੋਂ ਪ੍ਰਸ਼ਾਦਿ ਛਕ ਕੇ ਤ੍ਰਿਪਤ ਹੋ ਗਏ। ਫਿਰ ਆਗਿਆ ਪਾ ਕੇ ਸੰਤਾਂ ਦਾ ਜਸ ਕਰਦੇ ਹੋਏ ਡਿਊਟੀ ਤੇ ਹਾਜ਼ਰ ਹੋਏ ਤੇ ਕਹਿਣ ਲੱਗੇ-

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

[੧੫] ਜਦੋਂ ਸੰਤ ਲਾਲ ਸਿੰਘ ਜੀ ਗੁਰ ਪੁਰੀ ਸਿਧਾਰ ਗਏ ਸਨ। ਤਦੋਂ ਉਹਨਾਂ ਦੀ ਸੇਵਾ ਸੰਭਾਲ ਵਾਲੀ ਡਿਊਟੀ ਸੰਤ ਆਇਆ ਸਿੰਘ ਜੀ ਨੂੰ ਸੌਂਪ ਦਿੱਤੀ ਗਈ ਸੀ ਇਨ੍ਹਾਂ ਦਾ ਵਿਸਥਾਰ ਸਹਿਤ ਜੀਵਨ ਅੱਗੇ ਦੂਸਰੇ ਭਾਗ ਵਿੱਚ ਦੇਖੋ।

# ਗੁਰੂ ਕੇ ਲੰਗਰ ਲਈ ਸਰਫਾ ਨਾ ਕਰੋ

ਜਦ ਤੋਂ ਡੇਰੇ ਦੀ ਰਚਨਾ ਹੋਈ, ਉਸ ਸਮੇਂ ਤੋਂ ਹੀ ਬਾਬਾ ਜੀ ਦੀ ਆਗਿਆ ਅਨੁਸਾਰ ਲੰਗਰ ਵਿੱਚ ਹਰ ਰੋਜ਼ ਘਿਉ ਭੁੰਨਵੇ ਪੱਕੇ ਮਿੱਠੇ ਦੇ ਚੌਲ ਬਣਦੇ ਸਨ। ਕਈ ਵਾਰੀ ਲੰਗਰ ਵਿੱਚ ਨਵੇਂ ਆਏ ਸੇਵਾਦਾਰਾਂ ਨੇ ਖੰਡ ਦਾ ਇਤਨਾ ਖਰਚ ਹੁੰਦਾ ਦੇਖ ਕੇ ਵਿਚਾਰ ਕਰਨੀ ਕਿ ਕੀ ਹਰਜ਼ ਹੈ ਜੇ ਚੌਲਾਂ ਵਿੱਚ ਗੁੜ ਪਾ ਦਿੱਤਾ ਜਾਵੇ ਪਰ ਬਾਬਾ ਜੀ ਦੇ ਭੈ ਕਰਕੇ ਇਸ ਤਰ੍ਹਾਂ ਨਹੀਂ ਸਨ ਕਰ ਸਕਦੇ। ਇੱਕ ਵਾਰੀ ਕਿਸੇ ਵਲੋਂ ਚੌਲਾਂ ਵਿੱਚ ਪਾਉਣ ਵਾਸਤੇ ਲਾਲ ਰੰਗ ਦੀ ਦੇਸੀ ਖੰਡ ਆ ਗਈ, ਉਸ ਦੇ ਉੱਪਰ ਕਾਫ਼ੀ ਮੈਲ ਸੀ। ਉਹ ਲਾਹ ਕੇ ਉਸਦੇ ਚੌਲ ਬਣਾਏ। ਪਰ ਰੰਗ ਚਿੱਟਾ ਨਾ ਹੋਇਆ। ਫਿਰ ਸੰਕਲਪ ਫੁਰਿਆ ਕਿ ਦੇਖੋ ਖੰਡ ਦੇ ਉੱਪਰ ਵੀ ਤਾਂ ਮੈਲ ਆਉਂਦੀ ਹੈ ਇਸੇ ਤਰ੍ਹਾਂ ਗੁੜ ਦੇ ਉੱਪਰੋਂ ਵੀ ਮੈਲ ਲਾਹ ਕੇ ਚੰਗੇ ਚੌਲ ਬਣ ਸਕਦੇ ਹਨ। ਲਾਂਗਰੀ ਸਿੰਘ ਕਈ ਦਿਨ ਇਸ ਤੇ ਵਿਚਾਰ ਵਿੱਚ ਪਏ ਰਹੇ। ਪਰ ਕਿਸੇ ਦਾ ਹੀਆ ਨਾ ਪਿਆ ਕਿ ਸੰਤਾਂ ਦੇ ਹੁਕਮ ਤੋਂ ਬਗ਼ੈਰ ਕੋਈ ਆਪਣੇ ਆਪ ਲੰਗਰ ਵਿੱਚ ਕੱਚਾ ਮਿੱਠਾ ਵਰਤ ਸਕੇ। ਇੱਕ ਦਿਨ ਸਾਰੇ ਲਾਂਗਰੀ ਸੰਤਾਂ ਦੇ ਪਾਸ ਹਾਜ਼ਰ ਹੋਏ। ਹੱਥ ਜੋੜ ਕੇ ਮੱਥਾਂ ਟੇਕਿਆ ਫਿਰ ਸ੍ਰੀ ਮਾਨ ਨੇ (ਜੋ ਲੰਗਰ ਦਾ ਮੁਖੀਆ ਸੀ) ਅਰਜ਼ ਕੀਤੀ, "ਮਹਾਰਾਜ! ਦੇਖੋ ਖੰਡ ਦੇ ਚੌਲ ਵੀ ਲਾਲ ਰੰਗ ਦੇ ਬਣੇ ਹਨ। ਦੇਸੀ ਖੰਡ ਦੇ ਉੱਪਰ ਮੈਲ ਹੁੰਦੀ ਹੈ ਉਹ ਵੀ ਲਾਹੁਣੀ ਪੈਂਦੀ ਹੈ। ਜੇਕਰ ਆਪ ਹੁਕਮ ਕਰੋ ਤਾਂ ਜਿਸ ਦਿਨ ਚੀਨੀ ਨਾ ਹੋਵੇ ਉਸ ਦਿਨ ਬਜਾਏ ਦੇਸੀ ਖੰਡ ਦੇ ਚੰਗੀ ਤਰ੍ਹਾਂ ਮੈਲ ਲਾਹ ਕੇ ਚੌਲਾਂ ਵਿੱਚ ਗੁੜ ਪਾ ਲਿਆ ਕਰੀਏ।" ਪਹਿਲਾਂ ਤਾਂ ਸੰਤ ਮਹਾਰਾਜ ਜੀ ਚੁੱਪ ਕਰ ਗਏ ਫਿਰ ਕਹਿਣ ਲੱਗੇ" ਜੇਕਰ ਦੇਸੀ ਖੰਡ ਦੇ ਉੱਪਰ ਮੈਲ ਆ ਜਾਂਦੀ ਹੈ ਤਾਂ ਫੇਰ ਤੁਸੀਂ ਅੱਜ ਤੋਂ ਚੌਲਾਂ ਵਿੱਚ ਖੰਡ ਪਾਉਂਣੀ ਬੰਦ ਕਰ ਦਿਉ, ਮਿਸ਼ਰੀ ਪਾਇਆ ਕਰੋ ਮਿਸ਼ਰੀ ਵੀ ਬੀਕਾਨੇਰੀ ਜਿਸ ਦੇ ਉੱਪਰ ਮੈਲ ਨਹੀਂ ਹੁੰਦੀ।" ਹਜ਼ੂਰ ਦੀ ਰਸਨਾਂ ਤੋਂ ਇਸ ਪ੍ਰਕਾਰ ਦੇ ਬਚਨ ਸੁਣ ਕੇ ਸਾਰੇ ਡਰ ਗਏ ਅਤੇ ਸੋਚਦੇ ਹਨ ਕਿ ਸਾਡਾ ਤਾਂ ਇਹ ਖ਼ਿਆਲ ਸੀ ਕਿ ਸੰਤ ਜੀ ਚੌਲਾਂ ਵਿੱਚ ਗੁੜ ਪਾਉਣ ਦਾ ਹੁਕਮ ਦੇ ਦੇਣਗੇ ਤੇ ਚੀਨੀ ਦਾ ਖਰਚਾ ਘਟ ਜਾਵੇਗਾ ਪਰ ਹੁਣ ਸੰਤਾਂ ਦੇ ਬਚਨ ਕੌਣ ਮੋੜੇ ਉਸ ਦਿਨ ਤੋਂ ਬਆਦ ਚੌਲਾਂ ਵਿੱਚ ਮਿਸ਼ਰੀ ਪੈਂਦੀ ਰਹੀ।

ਕਾਫੀ ਸਮੇਂ ਤੋਂ ਬਾਅਦ ਫੇਰ ਇਨ੍ਹਾਂ ਲਾਂਗਰੀਆਂ ਦਾ ਖ਼ਿਆਲ ਹੋਇਆ ਕਿ ਹੁਣ ਤਾਂ ਬਾਬਾ ਜੀ ਉਸ ਗੱਲ ਨੂੰ ਭੁੱਲ ਗਏ ਹੋਣਗੇ। ਅੱਜ ਮਿਸ਼ਰੀ ਮੁੱਕੀ ਹੈ ਅਤੇ ਅੰਦਰ ਗੁੜ ਪਿਆ ਹੈ ਕਿਉਂ ਨਾ ਅੱਜ ਚੰਗੀ ਤਰ੍ਹਾਂ ਸਾਫ਼ ਕਰਕੇ ਚੌਲਾਂ ਵਿੱਚ ਗੁੜ ਪਾ ਦਿੱਤਾ ਜਾਵੇ। ਇਉਂ ਵਿਚਾਰ ਕੇ ਚੰਗੀ ਤਰ੍ਹਾਂ ਮੈਲ ਉਤਾਰ ਕੇ ਗੁੜ ਦੇ ਚੌਲ ਬਣਾ ਲਏ। ਰੋਜ਼ ਹੀ ਘੰਟੀ ਤੋਂ ਅੱਗੋਂ ਬਾਬਾ ਜੀ ਦਾ ਥਾਲ ਗਿਆਰਾਂ ਵਜੇ ਗੁਫਾ ਤੇ ਪੁੱਜ ਜਾਇਆ ਕਰਦਾ ਅਤੇ ਫਿਰ ਬਾਰਾਂ ਵਜੇ ਲੰਗਰ ਦੀ ਘੰਟੀ ਵੱਜਦੀ। ਅੱਜ ਜਦੋਂ ਸੰਤ ਆਇਆ ਸਿੰਘ ਜੀ ਸੰਤਾਂ ਦਾ ਪ੍ਰਸ਼ਾਦਿ ਲੈ ਕੇ ਗੁਫਾ ਤੇ ਪੁੱਜੇ। ਜਾਣੀ ਜਾਣ ਦਾਤੇ ਨੇ ਥਾਲ ਦੇ ਜਾਂਦਿਆ ਹੀ ਉੱਪਰੋਂ ਰੁਮਾਲ ਉਤਾਰ ਲਿਆ। ਜਦੋਂ ਚੌਲਾਂ ਦੀ ਰੰਗਤ ਲਾਲ ਦੇਖੀ ਤਾਂ ਸੰਤ ਆਇਆ ਸਿੰਘ ਜੀ ਨੂੰ ਪੁੱਛਿਆ ਕਿ ਇਹ ਚੌਲ ਕਿਤੋਂ ਬਾਹਰੋਂ ਆਏ ਹਨ? ਉਨ੍ਹਾਂ ਅਰਜ਼ ਕੀਤੀ, "ਨਹੀਂ ਗ਼ਰੀਬ ਨਿਵਾਜ! ਇਹ ਗੁਰੂ ਕੇ ਲੰਗਰ ਦਾ ਹੀ ਭੰਡਾਰਾ ਹੈ।" ਬਾਬਾ ਜੀ ਨੇ ਉਸ ਸਮੇਂ ਥਾਲ ਤੇ ਰੁਮਾਲ ਪਾ ਕੇ ਇੱਕ ਸੇਵਾਦਾਰ ਦੇ ਹੱਥੀਂ ਵਾਪਸ ਭੇਜ ਦਿੱਤਾ ਅਤੇ ਬੂਹੇ ਤੋਂ ਬਾਹਰ ਬੈਠੇ ਦੋ ਪ੍ਰੇਮੀ ਸੇਵਾਦਾਰ ਲੰਗਰ ਵੱਲ ਭਜਾਏ ਕਿ ਛੇਤੀ ਜਾ ਕੇ ਲਾਂਗਰੀਆਂ ਨੂੰ ਆਖੋ ਕਿ ਅੱਜ ਲੰਗਰ ਦੀ ਘੰਟੀ ਨਾ ਲਾਉਣ, ਅਸੀਂ ਆਪ ਆ ਰਹੇ ਹਾਂ।

ਇਹ ਦੋਵੇਂ ਸੱਜਣ ਦੌੜ ਕੇ ਡੇਰੇ ਪੁੱਜੇ ਤੇ ਆ ਕੇ ਬਾਬਾ ਜੀ ਦਾ ਹੁਕਮ ਸ੍ਰੀ ਮਾਨ ਨੂੰ ਸੁਣਾ ਦਿੱਤਾ। ਉਹ ਸਾਰੇ ਹੀ ਭੈ ਭੀਤ ਹੋ ਗਏ। ਇਤਨੇ ਨੂੰ ਸੰਤ ਆਇਆ ਸਿੰਘ ਜੀ ਦੇ ਸਮੇਤ ਬਾਬਾ ਜੀ ਆਪ ਡੇਰੇ ਆਏ। ਬਾਹਰੋਂ ਆਈ ਹੋਈ ਸੰਗਤ ਜੋ ਦਰਸ਼ਨਾਂ ਨੂੰ ਖੜ੍ਹੀ ਤਰਸ ਰਹੀ ਸੀ। ਦੌੜ ਕੇ ਚਰਨ ਪਰਸਨ ਲਈ ਨੇੜੇ ਆਈ। ਸੰਤਾਂ ਨੇ ਸਭਨਾਂ ਨੂੰ ਰੋਕ ਦਿੱਤਾ ਕਿ ਅਜੇ ਪਿੱਛੇ ਰਹੋ। ਅਸੀਂ ਗੁਪਤ ਬਚਨ ਕਰਨੇ ਹਨ, ਤੁਸੀਂ ਫੇਰ ਮੱਥਾ ਟੇਕ ਲੈਣਾ। ਉਸ ਸਮੇਂ ਹਜ਼ੂਰ ਲੰਗਰ ਵਿੱਚ ਪੁੱਜੇ, ਸਾਰੇ ਲਾਂਗਰੀਆਂ ਤੇ ਸ੍ਰੀ ਮਾਨ ਨੂੰ ਸੱਦਿਆ। ਉਸ ਸਮੇਂ ਸੰਤਾਂ ਦਾ ਤੇਜ਼ ਪ੍ਰਤਾਪ ਦੇਖ ਕੇ ਕੋਈ ਸਾਹਮਣੇ ਤੱਕ ਨਹੀਂ ਸੀ ਸਕਦਾ। ਸਾਰੇ ਥਰ-ਥਰ ਕੰਬੀ ਜਾਣ ਪਾਸ ਆਏ ਹੱਥ ਜੋੜੇ ਮੱਥਾ ਟੇਕਿਆ ਤੇ ਡਰਦੇ ਹੋਏ ਦੂਰ ਹੀ ਖਲੋਂ ਗਏ। ਸੰਤਾਂ ਨੇ ਪੁਛਿਆ, "ਦੱਸੋ ਬਈ ਕੀ ਗੱਲ ਹੈ? ਜਦੋਂ ਤੁਹਾਨੂੰ ਇੱਕ ਵਾਰੀਂ ਆਖ ਦਿੱਤਾ ਕਿ ਸਾਡੇ ਸਰੀਰ ਦੇ ਹੁੰਦਿਆਂ ਲੰਗਰ ਵਿੱਚ ਕੱਚਾ ਮਿੱਠਾ ਨਹੀਂ ਵਰਤਣਾ, ਫਿਰ ਤੁਸੀਂ ਅੱਜ ਚੌਲਾਂ ਵਿੱਚ ਗੁੜ ਕਿਉਂ ਪਾਇਆ ਹੈ?" ਉਨ੍ਹਾਂ ਅਰਜ਼ ਕੀਤੀ, "ਮਹਾਰਾਜ! ਮਿਸ਼ਰੀ ਮੁੱਕ ਗਈ ਸੀ ਮੰਗਵਾਉਣ ਦਾ ਚੇਤਾ ਭੁੱਲ ਗਿਆ ਸੀ। ਗੁੜ ਅੰਦਰ ਪਿਆ ਸੀ

ਅਸੀਂ ਸੋਚਿਆ ਕਿ ਨਿੱਤਨੇਮ ਵਿੱਚ ਫ਼ਰਕ ਨਾ ਪੈ ਜਾਵੇ ਅੱਜ ਗੁੜ ਹੀ ਪਾ ਦਿੰਦੇ ਹਾਂ।" ਸੰਤ ਜੀ ਮਹਾਰਾਜ ਨੇ ਕਿਹਾ, "ਜੇਕਰ ਮਿਸ਼ਰੀ ਨਹੀਂ ਸੀ ਤਾਂ ਚੌਲ ਨਾ ਬਣਾਉਂਦੇ ਪਰ ਕੱਚਾ ਮਿੱਠਾ ਕਿਉਂ ਪਾਇਆ? ਚੱਲੋ ਸਾਨੂੰ ਉਹ ਜਗ੍ਹਾ ਦਿਖਾਓ ਜਿੱਥੇ ਮਿਸ਼ਰੀ ਰੱਖਦੇ ਹੁੰਦੇ ਹੋ।" ਸੰਤ ਜੀ ਮਹਾਰਾਜ ਨਾਲ ਗਏ। (ਸੰਤਾਂ ਦੇ ਸੇਵਕ ਬਾਬਾ ਸੁੱਚਾ ਸਿੰਘ ਜੀ ਨੇ ਇਹ ਸਾਖੀ ਆਪ ਭਗਤ ਜੀ ਨੂੰ ਦੱਸੀ ਸੀ ਕਿ ਅਸੀਂ ਉਸ ਸਮੇਂ ਕੋਲ ਖੜ੍ਹੇ ਸਾਂ) ਪਹਿਲਾਂ ਅੰਦਰ ਇੱਕ ਡਲੀ ਵੀ ਮਿਸ਼ਰੀ ਨਹੀਂ ਸੀ ਪਰ ਜਦੋਂ ਬੂਹਾ ਖੋਲ੍ਹਿਆ ਤਾਂ ਕੀ ਵੇਖਿਆ ਅੰਦਰ ਪੰਜਾਹ ਮਣ ਮਿਸ਼ਰੀ ਪਈ ਹੈ। ਸਾਰੇ ਹੈਰਾਨ ਹੋ ਗਏ ਸੰਤਾਂ ਨੇ ਕਿਹਾ, "ਆਹ ਦੇਖੋ! ਕਿਤਨੀ ਮਿਸ਼ਰੀ ਪਈ ਹੈ।" ਬਾਬਾ ਸੁੱਚਾ ਸਿੰਘ ਨੇ ਅਰਜ਼ ਕੀਤੀ, "ਮਹਾਰਾਜ! ਪਹਿਲਾਂ ਤਾਂ ਏਥੇ ਇੱਕ ਡਲੀ ਵੀ ਨਹੀਂ ਸੀ। ਪਰ ਆਪ ਤਾਂ ਨਿਗਾਹ ਪਾ ਕੇ ਲੂਣ ਦੇ ਪਹਾੜ ਨੂੰ ਵੀ ਮਿਸ਼ਰੀ ਦਾ ਬਣਾ ਸਕਦੇ ਹੋ। ਤੁਹਾਡੀ ਦ੍ਰਿਸ਼ਟੀ ਨਾਲ ਰੇਤੇ ਦਾ ਟਿੱਬਾ ਖੰਡ ਬਣ ਸਕਦਾ ਹੈ।" ਸੰਤਾਂ ਨੇ ਹੱਸ ਕੇ ਕਿਹਾ ਕਿ ਅੱਗੇ ਵਾਸਤੇ ਇਹੋ ਜਿਹੀ ਗ਼ਲਤੀ ਨਹੀਂ ਕਰਨੀ। ਕਦੇ ਵੀ ਗੁਰੂ ਨਾਨਕ ਦੇ ਲੰਗਰ ਦਾ ਸਰਫਾ ਨਹੀਂ ਕਰਨਾ। ਇਸ ਗੱਲ ਦਾ ਤਾਂ ਸਾਨੂੰ ਫ਼ਿਕਰ ਹੋਣਾ ਚਾਹੀਦਾ ਹੈ ਤੁਹਾਨੂੰ ਕਾਹਦੀ ਚਿੰਤਾ ਹੈ। ਹੁਣ ਇਉਂ ਕਰੋ ਭਾਵੇਂ ਦੇਰ ਹੋ ਗਈ ਹੈ ਇਹ ਸਾਰੇ ਕੱਚੇ ਮਿੱਠੇ ਦੇ ਚੌਲ ਜਲ ਪ੍ਰਵਾਹ ਕਰ ਦਿਉ ਤੇ ਹੋਰ ਮਿਸ਼ਰੀ ਦੇ ਬਣਾ ਕੇ ਫੇਰ ਘੰਟੀ ਲਗਾਉਣੀ। ਹਜ਼ੂਰ ਦਾ ਹੁਕਮ ਮੰਨ ਕੇ ਲਾਂਗਰੀਆਂ ਨੇ ਇਸੇ ਤਰ੍ਹਾਂ ਹੀ ਕੀਤਾ। ਫਿਰ ਬਾਬਾ ਜੀ ਸਭਨਾਂ ਨੂੰ ਦਰਸ਼ਨ ਦੇ ਕੇ ਗੁਫਾ ਵੱਲ ਚਲੇ ਗਏ।

# ਗੁਰੂ ਕਾ ਲੰਗਰ ਅਤੁਟ ਹੈ

ਸੰਤ ਬਾਬਾ ਕਰਮ ਸਿੰਘ ਜੀ ਸਾਲ ਵਿੱਚ ਦੋ ਵੱਡੇ ਜੋੜ ਮੇਲੇ ਮਨਾਇਆ ਕਰਦੇ ਇੱਕ ਵੈਸਾਖੀ ਦਾ ਇੱਕ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਸਰਾਧਾਂ ਦੀ ਦਸਮੀ ਦਾ। ਇਨ੍ਹਾਂ ਦੋਵਾਂ ਜੋੜ ਮੇਲਿਆਂ ਤੇ ਸੰਗਤ ਦਾ ਬੇਅੰਤ ਇਕੱਠ ਹੁੰਦਾ। ਗੌਰਮਿੰਟ ਵਲੋਂ ਫੌਜ ਵਿੱਚ ਛੁੱਟੀ ਕੀਤੀ ਜਾਂਦੀ। ਲੰਗਰ ਦੇ ਇੰਤਜ਼ਾਮ ਵਾਸਤੇ ਬਹੁਤ ਸਾਰੇ ਫੌਜੀ ਭੇਜੇ ਜਾਂਦੇ। ਕਈ ਤਾਂ ਆਪਣੇ ਆਪ ਹੀ ਲੰਗਰ ਦੀ ਸੇਵਾ ਵਿੱਚ ਹਾਜ਼ਰ ਹੋ ਜਾਂਦੇ ਅਤੇ ਕਈ ਜਿਨ੍ਹਾਂ ਤੋਂ ਆਇਆ ਨਾ ਜਾਂਦਾ ਉਹ ਵੀ ਦੂਜਿਆਂ ਨੂੰ ਆਖ ਦਿੰਦੇ ਕਿ ਮੇਰੇ ਵਾਸਤੇ ਵੀ ਲੰਗਰ ਦਾ ਪ੍ਰਸ਼ਾਦ ਏਥੇ ਹੀ ਲੈ ਆਵੀਂ। ਇਉਂ ਦੋ-ਦੋ ਸੌ, ਤਿੰਨ-ਤਿੰਨ ਸੌ ਫੌਜੀ ਲੰਗਰ ਦੀ ਸੇਵਾ ਵਾਸਤੇ ਏਥੇ ਆਉਂਦੇ। ਉਹ ਬੜੇ ਚਾਅ ਨਾਲ ਸੇਵਾ ਕਰਦੇ ਦੋ ਤਿੰਨ ਦਿਨ ਬਾਅਦ ਬੜਾ ਭਾਰੀ ਮਾਹਲ ਪੂੜਿਆਂ ਦਾ ਲੰਗਰ ਚਲਦਾ। ਜਾਣ ਸਮੇਂ ਉਹ ਆਪੋ ਆਪਣੇ ਡੱਬਿਆਂ ਵਿੱਚ ਪਾ ਕੇ ਦੂਜਿਆਂ ਵਾਸਤੇ ਵੀ ਲੰਗਰ ਦਾ ਪ੍ਰਸ਼ਾਦਿ ਲੈ ਜਾਂਦੇ। ਲਾਂਗਰੀਆਂ ਨੇ ਵਿਚਾਰ ਕੀਤੀ ਇਹ ਤਾਂ ਬੜੀ ਅਯੋਗ ਗੱਲ ਹੈ। ਇੱਕ ਫੌਜੀ ਚਾਰ-ਚਾਰ ਦੇ ਪੂੜੇ ਆਪਣੇ ਨਾਲ ਲੈ ਜਾਂਦਾ ਹੈ। ਕੀ ਅਸੀਂ ਆਪ ਨਹੀਂ ਲੰਗਰ ਵਰਤਾ ਸਕਦੇ। ਇਉਂ ਵਿਚਾਰ ਕੇ ਭੰਡਾਰੇ ਦੀ ਸਮਾਪਤੀ ਤੋਂ ਬਾਅਦ ਸਾਰੇ ਇਕੱਠੇ ਹੋ ਕੇ ਬਾਬਾ ਜੀ ਦੇ ਪਾਸ ਪੁੱਜੇ। ਸੰਤ ਜੀ ਦੀਵਾਨ ਵਿੱਚ ਸਜੇ ਹੋਏ ਸਨ ਸਾਰਿਆਂ ਨੂੰ ਇਕੱਠਿਆਂ ਆਉਂਦਿਆਂ ਦੇਖ ਕੇ ਅੰਤਰਯਾਮੀ ਬਾਬਾ ਜੀ ਹੱਸ ਪਏ ਅਤੇ ਆਖਿਆ, "ਕੀ ਗੱਲ ਹੈ? ਅੱਜ ਸਾਰੇ ਹੀ ਲਾਂਗਰੀਆਂ ਦਾ ਸਟਾਫ ਇਕੱਠਾ ਆ ਰਿਹਾ ਹੈ।" ਉਨ੍ਹਾਂ ਦੇ ਮੁਖੀ ਲਾਂਗਰੀ ਸ੍ਰੀ ਮਾਨ ਨੇ ਅਰਜ਼ ਕੀਤੀ, "ਮਹਾਰਾਜ! ਅਸੀਂ ਇੱਕ ਬੇਨਤੀ ਕਰਨ ਆਏ ਹਾਂ।" ਸੰਤਾਂ ਨੇ ਕਿਹਾ, "ਦੱਸੋ ਪਹਿਲਾਂ ਤੁਹਾਡੀ ਹੀ ਬੇਨਤੀ ਸੁਣ ਲੈਂਦੇ ਹਾਂ। ਹੋਰਾਂ ਦੀ ਫੇਰ ਸੁਣਾਗੇ।" ਉਸ ਨੇ ਕਿਹਾ, "ਮਹਾਰਾਜ! ਅੱਗੇ ਵਾਸਤੇ ਅਸੀਂ ਆਪ ਦਸਮੀ ਦੇ ਜੋੜ ਮੇਲੇ ਤੇ ਲੰਗਰ ਵਰਤਾ ਲਿਆ ਕਰਾਂਗੇ, ਕਿਸੇ ਫੌਜੀ ਸਿੰਘ ਨੂੰ ਅੰਦਰ ਨਹੀਂ ਵੜਨ ਦੇਣਾ, ਇਹ ਬੜਾ ਖ਼ਰਾਬ ਕੰਮ ਕਰਦੇ ਹਨ।" ਸੰਤ ਸੁਣ ਕੇ ਬੜੇ ਹੱਸੇ ਤੇ ਕਿਹਾ, "ਕਿਉਂ ਬਈ! ਕੀ ਗੱਲ ਹੈ? ਇਨ੍ਹਾਂ ਤੇ ਐਨੀ ਕਿਉਂ ਕਰੋਪੀ ਹੋ ਗਈ?" ਉਸ ਨੇ ਫਿਰ ਕਿਹਾ, "ਮਹਾਰਾਜ ਇਹ ਦੋ ਤਿੰਨ ਸੌ ਤਾਂ ਆਪ ਹੁੰਦੇ ਹਨ। ਇੱਕ-ਇੱਕ ਦੇ ਅੱਗੇ ਚਾਰ-ਚਾਰ ਦੋਸਤ ਮਿੱਤਰ ਹੁੰਦੇ ਹਨ। ਇਹ ਉਨ੍ਹਾਂ ਵਾਸਤੇ ਡੱਬਿਆਂ ਵਿੱਚ ਪਾ ਕੇ ਘਰਾਂ ਨੂੰ ਪੂੜੇ ਲੈ ਜਾਂਦੇ ਹਨ। ਇਹ ਗੱਲ ਚੰਗੀ ਨਹੀਂ।" ਬਾਬਾ ਜੀ ਕਹਿਣ ਲੱਗੇ, "ਇਸ ਗੱਲ ਦੀ ਤੁਹਾਨੂੰ ਕੀ ਚਿੰਤਾ ਹੋ ਗਈ? ਤੁਹਾਡਾ ਇਹੋ ਹੀ ਖ਼ਿਆਲ ਹੈ ਕਿ ਕਿਤੇ ਲੰਗਰ ਨਾ ਮੁੱਕ ਜਾਵੇ। ਇਹ ਗੁਰੂ ਨਾਨਕ ਦਾ ਲੰਗਰ ਹੈ ਇਸ ਵਿੱਚੋਂ ਚਾਹੇ ਸਾਰਾ ਹਿੰਦੁਸਤਾਨ ਛਕੀ ਜਾਵੇ ਫਿਰ ਵੀ ਤੋਟ ਨਹੀਂ ਆਵੇਗੀ। ਜਾਓ ਤੁਸੀਂ ਕੋਈ ਫ਼ਿਕਰ ਨਾ ਕਰੋ। ਦੂਜੀ ਗੱਲ ਇਹ ਕਿ ਜਿਸ ਵੀ ਪ੍ਰੇਮੀ ਦੇ ਮੂੰਹ ਵਿੱਚ ਪ੍ਰਸ਼ਾਦਿ ਦਾ ਕਿਨਕਾ ਮਾਤਰ ਵੀ ਪੈ ਜਾਵੇਗਾ ਫਿਰ ਉਹ ਜ਼ਿੰਦਗੀ ਭਰ ਹੋਤੀ ਦਾ ਖਹਿੜਾ ਨਹੀਂ ਛੱਡੇਗਾ। ਤਨੋ ਮਨੋ ਗੁਰੂ ਘਰ ਦਾ ਸ਼ਰਧਾਲੂ ਬਣ ਜਾਵੇਗਾ। ਹੁਣ ਤੁਸੀਂ ਹੀ ਦੱਸੋ ਕਿ ਉਨ੍ਹਾਂ ਦਾ ਤੇ ਡੇਰੇ ਦਾ ਭਲਾ ਚਹੁਦੇ ਹੋ ਕਿ ਲੰਗਰ ਦੀ ਬੱਚਤ ਕਰਨ ਦਾ ਖ਼ਿਆਲ ਹੈ ਜਾਂ ਡੇਰੇ ਦਾ ਨੁਕਸਾਨ ਕਰਨਾ ਚਾਹੁੰਦੇ ਹੋ?" ਹਜ਼ੂਰ ਦੀ ਰਸਨਾ ਤੋਂ ਇਸ ਪ੍ਰਕਾਰ ਦੇ ਬਚਨ ਸੁਣ ਕੇ ਉਹ ਬਹੁਤ ਸਰਮਿੰਦਾ ਹੋਇਆ ਤੇ ਹੱਥ ਜੋੜ ਕੇ ਚਰਨਾਂ ਤੇ ਸੀਸ ਰੱਖ ਕੇ ਮੁਆਫ਼ੀ ਮੰਗੀ। ਫੇਰ ਅੱਗੇ ਵਾਸਤੇ ਲੰਗਰ ਦੇ ਮੁੱਕਣ ਦਾ ਕਦੀ ਸੰਕਲਪ ਨਹੀਂ ਕੀਤਾ।

ਉਸ ਦਿਨ ਤੋਂ ਬਾਅਦ ਬਾਬਾ ਜੀ ਨੇ ਹਰੇਕ ਫੌਜੀ ਨੂੰ ਹੁਕਮ ਕਰ ਦਿੱਤਾ ਕਿ ਇਸ ਮਰਦਾਨ ਦੇ ਰਸਤੇ ਲੰਘਦਾ ਹੋਇਆ ਹਰ ਇੱਕ ਫੌਜੀ ਜਵਾਨ ਆਉਂਦਿਆਂ ਜਾਂ ਜਾਂਦਿਆ ਜ਼ਰੂਰ ਹੀ ਗੁਰੂ ਕੇ ਲੰਗਰ ਦਾ ਪ੍ਰਸ਼ਾਦ ਛਕੇ। ਉਦਾਰਤਾ ਇੱਕ ਰੱਬੀ ਗੁਣ ਹੈ ਜੋ ਹਰ ਇੱਕ ਇਨਸਾਨ ਵਿੱਚ ਨਹੀਂ ਹੋ ਸਕਦਾ। ਕੇਵਲ ਰੱਬੀ ਪਿਆਰਿਆਂ ਵਿੱਚ ਹੀ ਹੋਣਾ ਸੰਭਵ ਹੋ ਸਕਦਾ ਹੈ। ਅਣਗਿਣਤ ਤਿਆਗੀਆਂ ਤੇ ਵੈਰਾਗੀਆਂ ਵਿੱਚ ਵੀ ਇਸ ਦੀ ਅਣਹੋਂਦ ਦੇਖੀ ਗਈ ਹੈ। ਉਦਾਰਤਾ ਦੇ ਪੱਖ ਤੋਂ ਸੰਤ ਜੀ ਮਹਾਰਾਜ ਨੂੰ ਤੱਕਿਆਂ ਇੱਕ ਸਾਧਾਰਨ ਆਦਮੀ ਦੀ ਬੁੱਧੀ ਚਕ੍ਰਿਤ ਹੋ ਜਾਂਦੀ ਹੈ। ਉਨ੍ਹਾਂ ਨੇ ਮਾਇਆ ਜਮ੍ਹਾ ਕਰਵਾਉਣ ਲਈ ਨਾ ਕਦੇ ਬੈਂਕ ਦਾ ਮੂੰਹ ਦੇਖਿਆ ਨਾ ਕੱਪੜਿਆਂ ਲਈ ਕੋਈ ਸਟੋਰ ਹੀ ਬਣਾਇਆ ਸੀ। ਉਹ ਗੁਰੂ ਕੀ ਸਾਧ ਸੰਗਤ ਨੂੰ ਹੀ ਬੈਂਕ ਤੇ ਸਟੋਰ ਸਮਝਦੇ ਸਨ। ਜਮ੍ਹਾ ਕਰਨ ਦਾ ਸ਼ਬਦ ਹੀ ਉਨ੍ਹਾਂ ਦੀ 'ਡਿਕਸ਼ਨਰੀ' ਵਿੱਚ ਨਹੀਂ ਸੀ। ਇਹੋ ਜਿਹੀ ਉਦਾਰਤਾਂ ਇਨ੍ਹਾਂ ਮਹਾਂ ਪੁਰਸ਼ਾਂ ਤੋਂ ਬਿਨਾਂ ਹੋਰ ਕਿਸੇ ਦੂਸਰੇ ਵਿੱਚ ਘੱਟ ਹੀ ਦੇਖਣ ਵਿੱਚ ਆਈ ਹੈ।

## ਅੰਗਰੇਜ਼ ਅਫ਼ਸਰ ਸ਼ਰਧਾਲੂ ਬਣਿਆ

ਇੱਕ ਸਮੇਂ ਹੋਤੀ ਡੇਰੇ ਸੰਤਾਂ ਦਾ ਦੀਵਾਨ ਸਜਿਆ ਹੋਇਆ ਸੀ। ਪ੍ਰੇਮੀ ਹਜ਼ੂਰੀ ਵਿੱਚ ਬੈਠੇ ਆਪਣੀਆਂ ਮੰਗਾਂ ਪੂਰੀਆਂ ਕਰਵਾ ਰਹੇ ਸਨ। ਉਸ ਸਮੇਂ ਇੱਕ ਸੱਜਣ ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਕਰਕੇ ਆਇਆ ਅਤੇ ਬਾਬਾ ਜੀ ਦੀ ਸੇਵਾ ਵਿੱਚ ਬਹੁਤ ਸਾਰੇ ਸੁੰਦਰ ਕੜੇ ਲਿਆ ਕੇ ਭੇਟ ਕੀਤੇ। ਉਸ ਸਮੇਂ ਨੁਸ਼ਹਿਰੇ ਛਾਉਣੀ ਦਾ ਸੁੰਦਰ ਸਿੰਘ ਨਾਮ ਕਰਕੇ ਇੱਕ ਫੌਜੀ ਸਿਪਾਹੀ ਵੀ ਪਾਸ ਬੈਠਾ ਸੀ। ਉਸ ਨੇ ਆਪਣੇ ਮਨ ਵਿੱਚ ਇਹ ਸੰਕਲਪ ਕੀਤਾ ਕਿ ਜੇਕਰ ਸੰਤ ਜੀ ਅੰਤਰਯਾਮੀ ਹਨ ਤਾਂ ਆਪਣੇ ਹੱਥੀਂ ਇੱਕ ਕੜਾ ਮੇਰੀ ਬਾਂਹ ਵਿੱਚ ਪਾਉਣ। ਸੰਤਾਂ ਨੇ ਉਸ ਦੇ ਮਨ ਦਾ ਫੁਰਨਾ ਜਾਣਕੇ ਬਚਨ ਕੀਤਾ, "ਲੈ ਬਈ ਫੌਜੀਆ! ਤੈਨੂੰ ਇੱਕ ਕੜਾ ਦੇਈਏ ਇਹ ਸ੍ਰੀ ਅੰਮ੍ਰਿਤਸਰ ਦਾ ਪ੍ਰਸ਼ਾਦਿ ਹੈ।" ਇਉਂ ਉਸ ਨੂੰ ਪਾਸ ਸੱਦ ਕੇ ਇੱਕ ਕੜਾ ਆਪਣੇ ਹੱਥੀਂ ਉਸ ਦੀ ਬਾਂਹ ਵਿੱਚ ਪਾ ਦਿੱਤਾ ਨਾਲੇ ਕਿਹਾ ਕਿ ਜੇਕਰ ਤੂੰ ਸਾਥੋਂ ਮੰਗ ਕੇ ਇਹ ਚੀਜ਼ ਲਈ ਹੈ ਤਾਂ ਇਸ ਨੂੰ ਪੂਰਨ ਬਖ਼ਸ਼ਿਸ਼ ਜਾਣਕੇ ਆਪਣੇ ਹੱਥ ਵਿੱਚ ਹੀ ਰੱਖੀਂ। ਅੱਗੇ ਨਾ ਕਿਸੇ ਨੂੰ ਲਾਹ ਕੇ ਦੇ ਦੇਵੀਂ।" ਉਸ ਨੇ ਕਿਹਾ, "ਜੀ ਸੱਤ ਬਚਨ ਇਸ ਨੂੰ ਹਜ਼ੂਰ ਦੀ ਬਖ਼ਸ਼ਿਸ਼ ਜਾਣਕੇ ਆਪਣੇ ਪਾਸ ਹੀ ਰੱਖਾਂਗਾ।" ਸੰਤਾਂ ਨੇ ਉਸ ਨੂੰ ਪੱਕਿਆਂ ਕਰਨ ਵਾਸਤੇ ਫੇਰ ਕਿਹਾ, "ਚਾਹੇ ਕੋਈ ਤੈਨੂੰ ਕਿੰਨਾ ਵੀ ਲਾਲਚ ਕਿਉਂ ਨਾ ਦੇਵੇ, ਤੂੰ ਫਿਰ ਵੀ ਉਸ ਨੂੰ ਇਹ ਕੜਾ ਨਾ ਦੇਵੀਂ। ਹੋਰ ਤਾਂ ਕੀ ਚਾਹੇ ਤੈਨੂੰ ਇਸ ਬਦਲੇ ਦਿੱਲੀ ਦਾ ਤਖ਼ਤ ਵੀ ਕਿਉਂ ਨਾ ਮਿਲੇ ਤੂੰ ਫਿਰ ਵੀ ਕਿਸੇ ਨੂੰ ਇਹ ਕੜਾ ਨਾ ਦੇਵੀਂ। ਜਾਹ ਤੇਰਾ ਬੇੜਾ ਪਾਰ ਹੋ ਜਾਵੇਗਾ।" ਸੰਤਾਂ ਦੀ ਰਸਨਾ ਤੋਂ ਇਹ ਬਚਨ ਸੁਣ ਕੇ ਉਹ ਬੜਾ ਪ੍ਰਸੰਨ ਹੋਇਆ, ਭਾਵਨਾ ਨਾਲ ਮੱਥਾ ਟੇਕਿਆ ਤੇ ਅਗਿਆ ਪਾ ਕੇ ਆਪਣੀ ਪਲਟਨ ਵਿੱਚ ਹਾਜ਼ਰ ਹੋਇਆ। ਇਸ ਪਲਟਨ ਦਾ ਸੂਬੇਦਾਰ ਵੀ ਸੰਤਾਂ ਦਾ ਪ੍ਰੇਮੀ ਸੀ, ਉਹ ਫੌਜੀ ਕਮਾਂਡਰ, ਅੰਗਰੇਜ਼ ਅਫ਼ਸਰ ਨੂੰ ਨਿੱਤ ਪ੍ਰੇਰਿਆ ਕਰੇ ਕਿ ਤੁਸੀਂ ਵੀ ਜਾ ਕੇ ਉਸ ਮਹਾਨ ਵਿਅਕਤੀ ਬਾਬਾ ਜੀ ਦੇ ਦਰਸ਼ਨ ਕਰੋ। ਉਹ ਪ੍ਰਤੱਖ ਖ਼ੁਦਾ ਦਾ ਰੂਪ ਹਨ। ਇਸਦਾ ਖ਼ਿਆਲ ਸੀ ਕਿ ਜੇਕਰ ਇਹ ਅੰਗਰੇਜ਼ ਅਫ਼ਸਰ ਵੀ ਬਾਬਾ ਜੀ ਦਾ ਸ਼ਰਧਾਲੂ ਬਣ ਜਾਵੇ ਤਾਂ ਸਾਨੂੰ ਉੱਥੇ ਜਾਣ ਵਾਸਤੇ ਛੁੱਟੀ ਲੈਣ ਦੀ ਸਹੂਲਤ ਹੋ ਜਾਵੇਗੀ। ਇਹ ਅੰਗਰੇਜ਼ ਪ੍ਰਮਾਰਥੀ ਬੰਦਾ ਸੀ ਪੰਜਾਬੀ ਸਮਝਦਾ ਤੇ ਬੋਲਦਾ ਵੀ ਸੀ। ਉਹ ਸੂਬੇਦਾਰ ਦੇ ਰੋਜ਼ ਕਹੇ ਬਚਨਾਂ ਦਾ ਇਸਦੇ ਮਨ ਤੇ ਵੀ ਅਸਰ ਹੋ ਗਿਆ। ਕਿਉਂਕਿ ਕਮਾਈ ਵਾਲੇ ਹਿਰਦੇ 'ਚੋਂ ਨਿਕਲੇ ਬਚਨ ਹਰੇਕ ਤੇ ਆਪਣਾ ਅਸਰ ਪਾਉਂਦੇ ਹਨ।

ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥
ਤਿਸ ਕੀ ਸੀਖ ਤਰੈ ਸੰਸਾਰੁ ॥

(ਪੰਨਾ ੨੬੯)

ਉਸ ਨੇ ਸੂਬੇਦਾਰ ਨੂੰ ਕਿਹਾ ਕਿ ਤੂੰ ਹੀ ਉਨ੍ਹਾਂ ਦੀ ਸਿਫ਼ਤ ਕਰਦਾ ਹੈਂ ਜਾਂ ਉੱਥੇ ਜਾਣ ਵਾਲਾ ਕੋਈ ਹੋਰ ਸਿਪਾਹੀ ਵੀ? ਉਸ ਨੇ ਅਰਜ਼ ਕੀਤੀ ਉਹ ਤਾਂ ਪ੍ਰਤੱਖ ਅੱਲਾ ਦਾ ਨੂਰ ਹਨ। ਚਾਹੇ ਉੱਥੋਂ ਦੇ ਸ਼ਰਧਾਵਾਨ ਕਿਸੇ ਵੀ ਸਿਪਾਹੀ ਨੂੰ ਪੁੱਛ ਲਉ ਉਹੋ ਹੀ ਉਨ੍ਹਾਂ ਦਾ ਜਸ ਕਰਦੇ ਹਨ। ਉਸ ਸਮੇਂ ਉਸ ਸੂਬੇਦਾਰ ਨੂੰ ਨਾਲ ਲੈ ਕੇ ਉਹ ਅੰਗਰੇਜ਼ ਅਫ਼ਸਰ ਫੌਜੀ ਸਿਪਾਹੀਆ ਦੇ ਪਾਸ ਪ੍ਰੇਡ ਵਾਲੀ ਜਗ੍ਹਾ ਤੇ ਗਿਆ, ਉਸ ਸਮੇਂ ਕੁਦਰਤੀਂ ਸਭ ਤੋਂ ਪਹਿਲਾਂ ਉਹੋ ਸੁੰਦਰ ਸਿੰਘ ਸਿਪਾਹੀ ਮਿਲਿਆ ਜਿਸ ਦੀ ਬਾਂਹ ਵਿੱਚ ਸੰਤਾਂ ਵਲੋਂ ਕੜੇ ਦੀ ਬਖ਼ਸ਼ਿਸ਼ ਹੋਈ ਸੀ। ਅੰਗਰੇਜ਼ ਨੇ ਉਸ ਨੂੰ ਆਵਾਜ਼ ਦੇ ਕੇ ਪ੍ਰੇਡ ਵਿੱਚੋਂ ਬਾਹਰ ਕੱਢ ਲਿਆ। ਅਜੇ ਸੰਤਾਂ ਦੇ ਬਚਨ ਪੁੱਛਣ ਹੀ ਲੱਗਾ ਸੀ ਕਿ ਇਤਨੇ ਨੂੰ ਉਸਦੀ ਨਿਗਾਹ ਬਾਂਹ ਵਿੱਚ ਪਏ ਕੜੇ ਤੇ ਪੈ ਗਈ। ਉਸਦਾ ਮਨ ਖਿਚਿਆ ਗਿਆ ਤੇ ਮੰਗ ਕੀਤੀ ਕਿ ਇਹ ਕੜਾ ਸੁੰਦਰ ਹੈ ਮੈਨੂੰ ਦੇ ਦੇਵੋ, ਫੌਜੀ ਸ਼ਿਪਾਹੀ ਬੋਲਿਆ, "ਇਹ ਗੁਰੂ ਪੀਰਾਂ ਦੀ ਬਖ਼ਸ਼ਿਸ਼ ਹੈ, ਉਨ੍ਹਾਂ ਨੇ ਕਿਹਾ ਹੈ ਕਿਸੇ ਹੋਰ ਨੂੰ ਨਹੀਂ ਦੇਣਾ।" ਅੰਗਰੇਜ਼ ਕਹਿਣ ਲੱਗਾ, "ਇਹ ਕੜਾ ਬੜਾ ਸੁੰਦਰ ਹੈ ਮੈਨੂੰ ਦੇ ਦੇਵੋ ਮੈਂ ਤੁਹਾਨੂੰ ਸੂਬੇਦਾਰ ਬਣਾ ਦਿੰਦਾ ਹਾਂ।" ਸਿਪਾਹੀ ਨੇ ਕਿਹਾ, "ਸੰਤਾਂ ਦਾ ਹੁਕਮ ਹੈ ਚਾਹੇ ਤੈਨੂੰ ਦਿੱਲੀ ਦਾ ਤਖ਼ਤ ਵੀ ਮਿਲੇ ਪਰ ਕੜਾ ਅੱਗੇ ਨਾ ਦੇਵੀਂ। ਸੋ ਇਹ ਗੱਲ ਬੜੀ ਔਖੀ ਹੈ ਕੜਾ ਨਹੀਂ ਦਿੱਤਾ ਜਾ ਸਕਦਾ।" ਸਿੱਖ ਦੀ ਇਤਨੀ ਸ਼ਰਧਾ ਦੇਖ ਕੇ ਅੰਗਰੇਜ਼ ਹੈਰਾਨ ਹੋ ਗਿਆ। ਉਸਦੇ ਅੰਦਰ ਵੀ ਬੜਾ ਨਿਸਚਾ ਹੋ ਗਿਆ ਸ਼ਰਧਾ ਵਧੀ ਅਖ਼ੀਰ ਨੂੰ ਫੌਜੀ ਸਿਪਾਹੀ, ਵੱਡੇ ਵੱਡੇ ਅਫਸਰ ਤੇ ਉਸ ਸੂਬੇਦਾਰ ਨੂੰ ਨਾਲ ਲੈ ਕੇ ਉਹ ਅੰਗਰੇਜ਼ ਹੋਤੀ ਡੇਰੇ ਸੰਤਾਂ ਦੇ ਦਰਸ਼ਨਾ ਨੂੰ ਆਇਆ। ਨੌਸ਼ਹਿਰੇ ਤੋਂ ਚੱਲ ਕੇ ਮਰਦਾਨ ਸਟੇਸ਼ਨ ਤੇ ਪੁੱਜੇ। ਜਦੋਂ ਡੇਰੇ ਵੱਲ ਤੁਰੇ ਤਾਂ ਇਸ ਅੰਗਰੇਜ਼ ਅਫ਼ਸਰ ਨੇ ਆਪਣੇ ਮਨ ਵਿੱਚ ਇਹ ਸੰਕਲਪ ਕੀਤਾ ਕਿ ਮੈਂ ਤਾਂ ਸਮਝਾਂਗਾ ਕਿ ਸੱਚ

ਮੁਚ ਹੀ ਇਨ੍ਹਾਂ ਦੀ ਥਾਂ ਤੇ ਪ੍ਰਮੇਸ਼ਰ ਨੇ ਪਹਿਰਾ ਦਿੱਤਾ ਹੈ, ਜੇਕਰ ਮੈਨੂੰ ਜਾਂਦਿਆਂ ਹੀ ਖ਼ਰਬੂਜੇ ਖਵਾ ਦੇਣ। ਸਾਰਿਆਂ ਨੇ ਪਾਸ ਜਾ ਕੇ ਸੰਤਾਂ ਨੂੰ ਨਮਸਕਾਰ ਕੀਤੀ। ਭੇਟਾ ਅਰਪੀ ਤੇ ਸ਼ਰਧਾ ਨਾਲ ਪਾਸ ਬੈਠ ਗਏ। ਭਾਵੇਂ ਉਸ ਸਮੇਂ ਖ਼ਰਬੂਜਿਆਂ ਦੀ ਰੁੱਤ ਨਹੀਂ ਸੀ ਸੂਬੇਦਾਰ ਦਾ ਫੁਰਨਾ ਜਾਣਕੇ ਸੰਤ ਕਹਿਣ ਲੱਗੇ ਕਿ ਤੂੰ ਕੋਈ ਨਵਾਂ ਹੀ ਕੰਮ ਸਹੇੜਦਾ ਹੈ। ਜਾਹ ਹੁਣ ਇਸ ਅੰਗਰੇਜ਼ ਨੂੰ ਨਾਲ ਲੈ ਜਾਹ ਅਤੇ ਗੁਫਾ ਦੇ ਪਾਸ ਜੋ ਛੱਪਰੀਆਂ ਦੀ ਲਾਇਨ ਹੈ, ਉਨ੍ਹਾਂ ਕੋਲੋਂ ਖ਼ਰਬੂਜਾ ਲੈ ਆ।

ਸੰਤਾਂ ਦਾ ਇਹ ਬਚਨ ਸੁਣ ਕੇ ਅੰਗਰੇਜ਼ ਅਫ਼ਸਰ ਹੈਰਾਨ ਹੋ ਕੇ ਸੂਬੇਦਾਰ ਦੇ ਨਾਲ ਤੁਰ ਪਿਆ। ਜਦੋਂ ਅੱਗੇ ਜਾ ਕੇ ਦੇਖਿਆ ਦੂਰ ਤੱਕ ਬੇਅੰਤ ਹੀ ਖ਼ਰਬੂਜਿਆਂ ਦੇ ਵਾੜੇ ਲਗੇ ਹਨ। ਇਨ੍ਹਾਂ ਨੇ ਡਰਦਿਆਂ-ਡਰਦਿਆਂ ਕੇਵਲ ਇੱਕ ਹੀ ਖ਼ਰਬੂਜਾ ਤੋੜਿਆ ਜਦੋਂ ਵਾਪਸ ਸੰਤਾਂ ਦੇ ਪਾਸ ਆਏ ਤਾਂ ਅੰਗਰੇਜ਼ ਨੇ ਫਿਰ ਫੁਰਨਾ ਕੀਤਾ ਕਿ ਇਤਨੇ ਖ਼ਰਬੂਜੇ ਲੱਗੇ ਹਨ ਸੰਤਾਂ ਨੇ ਬੇ ਮੌਸਮੇ ਬੀਜ ਲਏ ਹੋਣਗੇ। ਇਸਦੇ ਦਿਲ ਦੀ ਜਾਣਕੇ ਸੰਤਾਂ ਨੇ ਅੰਗਰੇਜ਼ ਨੂੰ ਫੇਰ ਭੇਜਿਆ ਕਿ ਇਤਨੀ ਦੂਰ ਆਏ ਵੀ ਤੇ ਲਿਆਂਦਾ ਵੀ ਸਿਰਫ ਇਕੋ ਤੋੜ ਕੇ, ਜਾਹ ਹੋਰ ਤੋੜ ਲਿਆ। ਜਦੋਂ ਇਹ ਦੂਜੀ ਵਾਰ ਫੇਰ ਉਨ੍ਹਾਂ ਛੱਪਰੀਆਂ ਦੇ ਪਾਸ ਗਿਆ ਤਾਂ ਫੇਰ ਉਸ ਜਗ੍ਹਾਂ ਇਸ ਨੂੰ ਕੁਝ ਵੀ ਨਹੀਂ ਦਿਸਿਆ ਸਿਰਫ ਧਰਤੀ ਹੀ ਧਰਤੀ ਪਈ ਦਿਸਦੀ ਹੈ, ਕਿਤੇ ਵੀ ਖ਼ਰਬੂਜ਼ਾ ਨਹੀਂ, ਬੜਾ ਹੈਰਾਨ ਹੋਇਆ। ਅਖ਼ੀਰ ਨੂੰ ਸੰਤਾਂ ਤੇ ਪੂਰਨ ਸ਼ਰਧਾ ਵਧੀ ਤੇ ਵਾਪਸ ਆ ਕੇ ਚਰਨਾਂ ਤੇ ਢਹਿ ਪਿਆ। ਉਸ ਸਮੇਂ ਬਾਬਾ ਜੀ ਨੇ ਹੁਕਮ ਕੀਤਾ ਗੁਰੂ ਪੀਰਾਂ ਦੇ ਪਾਸ ਸ਼ਰਧਾ ਨਾਲ ਜਾਈਏ, ਉਨ੍ਹਾਂ ਦੀ ਪ੍ਰੀਖਿਆ ਨਹੀਂ ਲਈਦੀ। ਫਿਰ ਉਸ ਨੇ ਆਪਣੀ ਗ਼ਲਤੀ ਮੰਨ ਕੇ ਸੰਤਾਂ ਤੋਂ ਮੁਆਫ਼ੀ ਮੰਗੀ ਤੇ ਸਾਰੀ ਜ਼ਿੰਦਗੀ ਡੇਰੇ ਦਾ ਸ਼ਰਧਾਲੂ ਬਣਿਆ ਰਿਹਾ। ਫਿਰ ਇਸ ਨੇ ਅੱਗੇ ਵਾਸਤੇ ਕਿਸੇ ਵੀ ਸਿਪਾਹੀ ਜਾਂ ਹੋਰ ਅਫਸਰ ਨੂੰ ਡੇਰੇ ਆਉਣ ਤੋਂ ਨਹੀਂ ਰੋਕਿਆ ਸਭ ਨੂੰ ਖੁੱਲ੍ਹ ਹੋ ਗਈ।

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

# ਅਲੌਕਿਕ ਬਖ਼ਸ਼ਿਸ਼ਾਂ

ਜਿਲ੍ਹਾ ਲੁਧਿਆਣੇ ਦੇ ਝਮਟ ਪਿੰਡ ਤੋਂ (ਜੋ ਰਾੜਾ ਸਾਹਿਬ ਦੇ ਪਾਸ ਹੀ ਹੈ) ਇੱਕ ਹਰਨਾਮ ਸਿੰਘ ਨਾਮ ਦਾ ਦਰਜ਼ੀ ਨੁਸ਼ਹਿਰਾ ਛਾਉਣੀ ਵਿੱਚ ਫੌਜੀਆਂ ਦੇ ਬਸਤਰ ਸਿਉਂਦਾ ਸੀ। ਫੌਜ ਵਿੱਚ ਬਾਬਾ ਕਰਮ ਸਿੰਘ ਜੀ ਦਾ ਬੜਾ ਜਸ ਫੈਲਿਆ ਹੋਇਆ ਸੀ। ਏਥੋਂ ਦੇ ਹੀ ਰਹਿਣ ਵਾਲਾ ਇੱਕ ਕਿਸ਼ਨ ਸਿੰਘ ਫੌਜੀ ਅਫ਼ਸਰ ਸੀ। ਜੋ ਬੜੇ ਸਖਤ ਸੁਭਾਅ ਦਾ ਸੀ, ਗਾਲ੍ਹ ਤੋਂ ਬਿਨਾਂ ਤਾਂ ਗੱਲ ਹੀ ਨਹੀਂ ਸੀ ਕਰਦਾ। 'ਉਏ' ਸ਼ਬਦ ਉਸ ਦਾ ਤਕੀਆ ਕਲਾਮ ਸੀ। ਗ਼ਰੀਬਾਂ ਨੂੰ ਸਤਾਉਣਾ ਆਜਜ਼ਾਂ ਨੂੰ ਦੁਖੀ ਕਰਨਾ, ਉਸ ਦਾ ਨਿੱਤ ਕਰਮ ਸੀ। ਫੌਜੀ ਸ਼ਿਪਾਹੀ ਤੇ ਹੋਰ ਲੋਕ ਉਸ ਤੋਂ ਬਹੁਤ ਦੁਖੀ ਸਨ। ਇਸਦੇ ਘਰ ਪੰਜ ਧੀਆਂ ਹੀ ਸਨ ਪੁੱਤਰ ਕੋਈ ਨਹੀਂ ਸੀ। ਭਾਵੇਂ ਸਾਰੇ ਇਲਾਕੇ ਵਿੱਚ ਬਾਬਾ ਜੀ ਦੀ ਮਹਿਮਾ ਫੈਲੀ ਹੋਈ ਸੀ ਦੂਰ-ਦੂਰ ਦੇ ਸ਼ਰਧਾਲੂ ਪ੍ਰੇਮੀ ਵਰੋਸਾਉਂਦੇ ਸਨ ਪਰ ਇਸਦੇ ਮਨ ਦਾ ਕਠੋਰਪੁਣਾ ਤੇ ਹੰਕਾਰ (ਜੋ ਜੀਵ ਦਾ ਸਭ ਤੋਂ ਵੱਡਾ ਦੁਸ਼ਮਣ ਤੇ ਕਈ ਜਨਮਾਂ ਦਾ ਪੁਰਾਣਾ ਸਾਥੀ ਹੈ) ਸੰਤਾਂ ਦੀ ਸੰਗਤ ਤੋਂ ਦੂਰ ਹੀ ਰੱਖਦਾ। ਇੱਕ ਦਿਨ ਇਸ ਦੀਆਂ ਸਿਆਣੀਆਂ ਬੱਚੀਆਂ ਨੇ ਆਪਣੀ ਮਾਂ ਨੂੰ ਕਿਹਾ, "ਮਾਂ! ਜੇਕਰ ਤੂੰ ਸਾਨੂੰ ਆਗਿਆ ਦੇਵੇਂ ਤਾਂ ਅਸੀਂ ਵੀ ਬਾਬੇ ਤੋਂ ਇੱਕ ਵੀਰ ਲੈ ਆਈਏ।"

ਭਾਵੇਂ ਇਨ੍ਹਾਂ ਦੀ ਮਾਂ ਸੰਤਾਂ ਦੀ ਸ਼ਕਤੀ ਕਰਾਮਾਤ ਨੂੰ ਜਾਣਦੀ ਸੀ। ਪਰ ਘਰ ਵਾਲੇ ਦੇ ਕਰੜੇ ਸੁਭਾਅ ਦਾ ਡਰ ਸੀ। ਉਸ ਨੇ ਕਿਹਾ, "ਬੱਚੀਓ! ਤੁਸੀਂ ਕੀਹਦੇ ਨਾਲ ਜਾਵੋਗੀਆਂ? ਜਵਾਨ ਧੀਆਂ ਨੂੰ ਇਕਲਿਆਂ ਭੇਜਣ ਦਾ ਮੇਰਾ ਹੀਆ ਨਹੀਂ ਪੈਂਦਾ।" ਕੁੜੀਆਂ ਨੇ ਕਿਹਾ, "ਦੇਖ ਮਾਂ ਜੋ ਆਪਣਾ ਗੁਆਂਢੀ ਹਰਨਾਮ ਸਿੰਘ ਹੈ, ਉਸ ਦਾ ਭਰਾ ਤਾਇਆ ਮੇਲਾ ਸਿੰਘ ਉਸ ਨੇ ਹੀ ਸਾਨੂੰ ਕਿਹਾ ਹੈ ਬਾਬੇ ਦੇ ਦਰੋਂ ਕੋਈ ਖ਼ਾਲੀ ਨਹੀਂ ਆਉਂਦਾ ਅਸੀਂ ਉਸ ਨੂੰ ਨਾਲ ਲੈ ਜਾਵਾਂਗੀਆਂ।" ਇੱਕ ਪਾਸੇ ਪਤੀ ਦਾ ਭੈਂ ਤੇ ਦੂਜੇ ਪਾਸੇ ਪੁੱਤਰ ਦੀ ਚਾਹਨਾਂ। ਦੋਹਾਂ ਚੀਜ਼ਾਂ ਦਾ ਅੰਦਰ ਘੋਲ ਹੋ ਰਿਹਾ ਸੀ। ਅਖ਼ੀਰ ਡਰਦੀ ਹੋਈ ਮਾਂ ਨੇ ਸੰਤਾਂ ਦੇ ਆਸਰੇ ਸਾਰੀ ਗੱਲ ਛੱਡ ਦਿੱਤੀ ਤੇ ਕਿਹਾ, "ਦਾਤਾ! ਹੁਣ ਤਾਂ:

ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ ॥ (ਪੰਨਾ ੬੭੭)

ਆਪਣਿਆਂ ਦੀ ਲਾਜ ਰੱਖ।" ਧੀਆਂ ਨੂੰ ਆਗਿਆ ਦੇ ਦਿੱਤੀ। ਵੱਡੀਆਂ ਤਿੰਨ ਭੈਣਾਂ ਆਪਣੇ ਤਾਏ ਨਾਲ ਹੋਤੀ ਡੇਰੇ ਪੁੱਜੀਆਂ। ਹੋਰ ਸੰਗਤ ਵਾਗੂੰ ਸੰਤਾਂ ਦੇ ਦੀਵਾਨ ਵਿੱਚ ਹੱਥ ਜੋੜ ਕੇ ਮੱਥਾ ਟੇਕਿਆ ਤੇ ਸਾਹਮਣੇ ਖੜ੍ਹ ਗਈਆਂ। ਸੇਵਾਦਾਰ ਕਹਿਣ ਲੱਗੇ, "ਬੀਬੀਓ! ਇੱਕ ਪਾਸੇ ਬੈਠ ਜਾਵੋ।" ਪਰ ਉਹ ਤਿੰਨੇ ਭੈਣਾਂ ਦਾਤਾਰ ਦੀ ਹਜ਼ੂਰੀ ਵਿੱਚ ਖੜ੍ਹੀਆਂ ਹੀ ਰਹੀਆਂ। ਗੁਰੂ ਨਾਨਕ ਦੇ ਦਰਬਾਰ ਵਿੱਚ ਭਾਵਨਾ ਅਨੁਸਾਰ ਲੋਕਾਂ ਦੀਆਂ ਮੰਗਾਂ ਪੂਰੀਆਂ ਕੀਤੀਆਂ ਜਾ ਰਹੀਆਂ ਸਨ। ਉਸ ਸਮੇਂ ਇੱਕ ਦੋ ਪ੍ਰੇਮੀਆਂ ਨੇ ਪੁੱਤਰਾਂ ਦੀ ਯਾਚਨਾ ਕੀਤੀ, ਸੰਤਾਂ ਨੇ ਉਨ੍ਹਾਂ ਨੂੰ ਵੀ ਵਰ ਦੇ ਦਿੱਤੇ।

ਪੁੱਤਰ ਦਾ ਵਰ ਸੁਣ ਕੇ ਇਨ੍ਹਾਂ ਦੇ ਅੰਦਰੋਂ ਵੈਰਾਗ ਫੁੱਟ ਆਇਆ। ਅੱਖਾਂ ਗਿੱਲੀਆਂ ਹੋ ਗਈਆਂ ਕਿ ਧੰਨ ਹਨ ਸੰਤ ਜੀ ਜੋ ਕਿਸੇ ਨੂੰ ਖ਼ਾਲੀ ਨਹੀ ਮੋੜਦੇ। ਅਸੀਂ ਤਾਂ ਅੱਜ ਤੱਕ ਇਨ੍ਹਾਂ ਦੇ ਦਰੋਂ ਭੁੱਲੀਆਂ ਹੀ ਰਹੀਆਂ। ਇਨ੍ਹਾਂ ਅੰਞਾਣ ਬੱਚੀਆਂ ਦੇ ਹੰਝੂ ਤੱਕੇ ਤਾਂ ਸੰਤਾਂ ਦਾ ਮਨ ਦ੍ਰਵਿਆ, "ਪੁਛਿਆ ਬੱਚੂ! ਕੀ ਗੱਲ ਹੈ ਤੁਸੀਂ ਕਿਉਂ ਖੜ੍ਹੀਆਂ ਰੋਂਦੀਆਂ ਹੋ?" ਇਨ੍ਹਾਂ ਨੇ ਭੋਲੇਪਨ ਵਿੱਚ ਅਰਜ਼ ਕੀਤੀ, "ਬਾਬਾ ਜੀ ਜਿਵੇਂ ਹੋਰਨਾਂ ਤੇ ਕ੍ਰਿਪਾ ਕਰਦੇ ਹੋ, ਸਾਨੂੰ ਵੀ ਇੱਕ ਵੀਰ ਦੇ ਦਿਉ।" ਸੰਤ ਬੜੇ ਹੱਸੇ ਸਾਰੀ ਸੰਗਤ ਹੀ ਬੜੀ ਪ੍ਰਸੰਨ ਹੋਈ। ਮੇਹਰਬਾਨ ਨੇ ਮੇਹਰਾਂ ਦੇ ਘਰ ਵਿੱਚ ਆ ਕੇ ਹੁਕਮ ਕੀਤਾ, "ਗੁਰੂ ਨਾਨਕ ਭਲੀ ਕਰੇਗਾ। ਤੁਸੀਂ ਆਪਣੇ ਪਿਤਾ ਨੂੰ ਆਖਣਾ ਅੱਗੇ ਵਾਸਤੇ ਕਿਸੇ ਗ਼ਰੀਬ ਨੂੰ ਤੰਗ ਨਾ ਕਰੇ। ਉਨ੍ਹਾਂ ਦੀਆਂ ਅਸੀਸਾਂ ਲਵੇ ਉਨ੍ਹਾਂ ਅੰਦਰ ਪ੍ਰਮੇਸ਼ਰ ਦਾ ਵਾਸਾ ਹੈ। ਉਨ੍ਹਾਂ ਦੀ ਖ਼ੁਸ਼ੀ ਹੀ ਰੱਬ ਦੀ ਖ਼ੁਸ਼ੀ ਹੈ। ਜਾਓ ਅੱਜ ਤੋਂ ਸਾਲ ਨੂੰ ਤੁਹਾਡਾ ਵੀਰ ਆ ਜਾਵੇਗਾ।" ਸੰਤਾਂ ਤੋਂ ਵਰ ਲੈ ਕੇ ਤਿੰਨੇ ਕੁੜੀਆਂ ਪ੍ਰਸੰਨ ਚਿੱਤ ਘਰ ਆ ਗਈਆਂ। ਮਾਂ ਨੂੰ ਸਾਰੀ ਗੱਲ ਦੱਸੀ ਉਹ ਬੜੀ ਖ਼ੁਸ਼ ਹੋਈ। ਹਜ਼ੂਰ ਦੇ ਬਚਨ ਅਨੁਸਾਰ ਸਾਲ ਬਾਅਦ ਘਰ ਵਿੱਚ ਬੱਚੇ ਦਾ ਜਨਮ ਹੋਇਆ। ਸਾਰੇ ਵਧਾਈਆਂ ਵੰਡੀਆਂ ਗਈਆਂ ਦਾਨ ਪੁੰਨ ਕੀਤਾ। ਸਰਦਾਰ ਆਪ ਡੇਰੇ ਗਿਆ। ਸੰਤਾਂ ਨੂੰ ਭੇਟਾ ਅਰਪੀ ਤੇ ਨਮਸਕਾਰ ਕੀਤੀ, ਉਸ ਸਮੇਂ ਸੰਤਾਂ ਨੇ ਉਸ ਨੂੰ ਇੱਕ ਹੀ ਬਚਨ ਕਿਹਾ ਜੋ ਸੇਖ ਫਰੀਦ ਦਾ ਉਚਾਰਨ ਕੀਤਾ ਹੋਇਆ ਹੈ।

ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ॥

(ਪੰਨਾ ੧੩੮੨)

ਪਤਾ ਨਹੀਂ ਇਸ ਬਚਨ ਵਿੱਚ ਕੀ ਤਾਸੀਰ ਸੀ, ਪਹਿਲਾਂ ਵੀ ਭਾਵੇਂ ਕਈ ਵਾਰੀ ਇਹ ਗੁਰਬਾਣੀ ਦੀ ਪੰਕਤੀ ਇਸ ਨੇ ਸੁਣੀ ਸੀ। ਪਰ ਅੱਜ ਸੰਤਾਂ ਦੇ ਦਰਸ਼ਨ ਕਰਕੇ ਇਸਦਾ ਮਨ ਇਤਨਾ ਨਰਮ ਤੇ ਕੋਮਲ ਹੋ ਗਿਆ। ਲੋਕੀਂ ਹੈਰਾਨ ਸਨ ਕਿ ਹੁਣ ਇਸ ਨੂੰ ਕੀ ਹੋ ਗਿਆ ਹੈ। ਜੋ ਪਹਿਲਾਂ ਗਾਲ੍ਹ ਤੋਂ ਬਿਨਾਂ ਗੱਲ ਨਹੀਂ ਸੀ ਕਰਦਾ ਹੁਣ ਇਸਦੇ ਮੂੰਹ ਵਿੱਚ ਬੋਲ ਹੀ ਨਹੀਂ। ਗ਼ਰੀਬਾਂ ਨੂੰ ਤੰਗ ਕਰਨ ਵਾਲਾ ਗ਼ਰੀਬਾਂ ਦੀ ਰੱਖਿਆ ਕਰਨ ਲੱਗਾ ਤੇ ਪਰ-ਸੁਆਰਥੀ ਹੋ ਗਿਆ। ਘਰ ਆਇਆ ਸਾਰੇ ਪਰਿਵਾਰ ਨੂੰ ਪਿਆਰ ਨਾਲ ਬੁਲਾਉਂਦਾ ਹੈ। ਨੌਕਰਾਂ ਨੂੰ ਵੀ ਜੀਅ ਤੋਂ ਬਗ਼ੈਰ ਨਹੀਂ ਬੋਲਦਾ। ਜਿੱਥੇ ਹਰ ਸਮੇਂ ਕਲੇਸ਼, ਕਲਪਨਾ ਤੇ ਮਨ ਵਿੱਚ ਭੈਂ ਪਿਆ ਰਹਿੰਦਾ ਸੀ ਅੱਜ ਉਹ ਘਰ ਬਾਬਾ ਜੀ ਦੀ ਕਿਰਪਾ ਦਾ ਸਦਕਾ ਸਵਰਗ ਦਾ ਨਮੂਨਾ ਬਣ ਗਿਆ ਹੈ।

ਆਗਿਆਕਾਰੀ ਪੁੱਤ੍ਰ ਹੋਇ ਅਰ ਮਿੱਠ ਬੋਲੀ ਨਾਰ।
ਧਨ ਆਪਣਾ ਸੰਤੋਖ ਮਨ ਚਾਰੇ ਸੁਰਗ ਸੰਸਾਰ।

ਸਾਡੇ ਦੇਸ਼ ਦਾ ਇਹ ਆਮ ਰਿਵਾਜ਼ ਹੈ ਕਿ ਜੇਕਰ ਕਿਸੇ ਨੂੰ ਕੋਈ ਚੀਜ਼ ਮਿਲ ਵੀ ਜਾਵੇ, ਚਾਹੇ ਉਹ ਸਾਰਿਆਂ ਦੀ ਸਾਂਝੀ ਹੀ ਕਿਉਂ ਨਾ ਹੋਵੇ, ਫਿਰ ਵੀ ਉਹ ਉਸ ਤੇ ਆਪਣੀ ਹੀ ਮੇਰ ਜਮਾ ਬੈਠਦਾ ਹੈ। ਏਸੇ ਤਰ੍ਹਾਂ ਦੀ ਗੱਲ ਇਨ੍ਹਾਂ ਪੰਜਾਂ ਭੈਣਾਂ ਦੀ ਹੋਈ। ਮੁੰਡਾ ਅਜੇ ਅੱਠਾਂ ਮਹੀਨਿਆਂ ਦਾ ਹੀ ਹੋਇਆ ਸੀ ਪਰ ਉਹ ਤਿੰਨੇ ਭੈਣਾਂ ਉਸ ਤੇ ਆਪਣਾ ਬਹੁਤਾ ਹੱਕ ਰੱਖਣ ਕਿ ਇਹ ਤਾਂ ਸਾਡਾ ਵੀਰ ਹੈ। ਸੰਤਾਂ ਨੇ ਸਾਨੂੰ ਦਿੱਤਾ ਹੈ। ਹੋਰ ਤਾਂ ਹੋਰ ਛੋਟੀਆਂ ਦੋਹਾਂ ਭੈਣਾਂ ਨੂੰ ਉਹ ਵੱਡੀਆਂ ਹੱਥ ਵੀ ਨਾ ਲਾਉਣ ਦੇਣ। ਜੇ ਕਦੀ ਉਨ੍ਹਾਂ ਨੇ ਚੁੱਕਣਾ ਤਾਂ ਉਨ੍ਹਾਂ ਤੋਂ ਚੋਰੀ ਕਿਤੇ ਪਿਆਰ ਕਰਨਾ ਖਿਡੌਣਾ ਤਾਂ ਇਨ੍ਹਾਂ ਨੇ ਪਤਾ ਲੱਗਣ ਤੇ ਉਨ੍ਹਾਂ ਦੇ ਹੱਥੋਂ ਖੋਹ ਲੈਣਾ ਤੇ ਕਹਿਣਾ, "ਛੱਡ ਨੀ! ਇਹ ਤਾਂ ਸਾਡਾ ਵੀਰ ਹੈ।"

ਭਾਵੇਂ ਸਹੁਰੇ ਘਰ ਜਾ ਕੇ ਡਾਰ ਵਿੱਚੋਂ ਵਿਛੜੀ ਕੂੰਜ ਵਾਂਗ ਆਪਸ ਵਿੱਚ ਭੈਣਾਂ ਦਾ ਕਿਤੇ ਸਬੱਬੀ ਮਿਲਾਪ ਹੁੰਦਾ ਹੈ ਜਿਸ ਕਰਕੇ ਪਰਸਪਰ ਮੋਹ ਪਿਆਰ ਵਧ ਜਾਂਦਾ ਹੈ। ਪਰ ਮਾਪਿਆਂ ਦੇ ਘਰ ਤਾਂ ਆਪਸ ਵਿੱਚ ਲੜਦੀਆਂ ਹੀ ਰਹਿੰਦੀਆਂ ਹਨ। ਇੱਕ ਦੂਜੇ ਨਾਲ ਈਰਖਾ ਕਰਦੀਆਂ ਹਨ। ਇਹੋ ਹੀ ਕਾਰਨ ਸੀ ਬੀਬੀ ਰਜਨੀ ਨੂੰ ਦੁਨੀ ਚੰਦ ਦਾ ਕੁਸ਼ਟੀ ਦੇ ਲੜ ਲਾਉਣ ਦਾ ਕਿਉਂਕਿ ਉਹ ਵਿਚਾਰੀ ਭੋਲੀ ਭਾਲੀ ਭੈਣਾਂ ਨਾਲ ਜਿਦ ਪਈ ਕਿ ਮੈਂ ਤਾਂ ਆਪਣੇ ਕਰਮਾਂ ਦਾ ਖਾ ਰਹੀ ਹਾਂ। ਭੈਣਾਂ ਨੇ ਉਸ ਦੀ ਪਿਤਾ ਕੋਲ ਸ਼ਿਕਾਇਤ ਕਰ ਦਿੱਤੀ ਬਸ ਫੇਰ ਕੀ ਸੀ ਹੰਕਾਰ ਵਿੱਚ ਆਏ ਪਿਤਾ ਨੇ ਉਸ ਨੂੰ ਕੁਸ਼ਟੀ ਨਾਲ ਵਿਆਹ ਦਿੱਤਾ ਅਤੇ ਫੇਰ ਉਸ ਦੀ ਸ਼ਰਧਾ ਨੂੰ ਫ਼ਲ ਲਗਿਆ। ਇਸੇ ਤਰ੍ਹਾਂ ਇਹ ਵਿਚਾਰੀਆਂ ਛੋਟੀਆਂ ਭੈਣਾ ਵੱਡੀਆਂ ਦੀਆਂ ਝਿੜਕਾ ਦਾ ਸ਼ਿਕਾਰ ਹੋ ਕੇ ਵੀਰ ਦੇ ਵਤਸਲ ਪਿਆਰ ਵਿੱਚ ਹਰ ਸਮੇਂ ਰੋਂਦੀਆਂ ਹੀ ਰਹਿੰਦੀਆਂ। ਵੱਡੀਆਂ ਤਿੰਨੇ ਹੀ ਕਹਿਣ ਕਿ ਤੁਸੀਂ ਵੀ ਤਾਏ ਨਾਲ ਜਾ ਕੇ ਆਪਣਾ ਵੀਰ ਲੈ ਆਉ ਪਰ ਸਾਡੇ ਵੀਰ ਨੂੰ ਹੱਥ ਨਹੀਂ ਲਾਉਣਾ। ਇਹ ਉਦਾਸ ਤੇ ਦੁਖੀ ਹੋ ਕੇ ਆਪਣੇ ਗੁਆਂਢੀ ਤਾਏ ਮੇਲਾ ਸਿੰਘ ਕੋਲ ਰੋ ਪਈਆਂ ਤੇ ਕਿਹਾ ਕਿ ਤਾਇਆ ਤੂੰ ਸਾਡੇ ਨਾਲ ਵੀ ਚੱਲ ਤੇ ਅਸੀਂ ਵੀ ਬਾਬੇ ਤੋਂ ਆਪਣਾ ਵੀਰ ਲੈ ਆਈਏ। ਗਵਾਂਢੀ ਹੋਣ ਦੇ ਕਾਰਨ ਤਾਇਆ ਰੋਜ਼ ਹੀ ਇਨ੍ਹਾਂ ਦਾ ਝਗੜਾ ਸੁਣਦਾ ਸੀ। ਛੋਟੀਆਂ ਤੇ ਤਰਸ ਕਰਕੇ ਉਨ੍ਹਾਂ ਨੂੰ ਮਾਂ ਤੋਂ ਛੁੱਟੀ ਦਿਵਾ ਕੇ ਬਾਬਾ ਜੀ ਦੇ ਚਰਨਾਂ ਵਿੱਚ ਡੇਰੇ ਲੈ ਆਇਆ। ਉਨ੍ਹਾਂ ਦੋਹਾਂ ਬੱਚੀਆਂ ਨੇ ਸੰਤਾਂ ਨੂੰ ਮੱਥਾ ਟੇਕਿਆ ਤੇ ਸਾਹਮਣੇ ਖੜੋ ਗਈਆਂ। ਸੇਵਾਦਾਰ ਬੈਠ ਜਾਣ ਦਾ ਇਸ਼ਾਰਾ ਕਰਦੇ ਹਨ ਪਰ ਉਨ੍ਹਾਂ ਆਪਣੀਆਂ ਵੱਡੀਆਂ ਭੈਣਾਂ ਤੋਂ ਸਾਰੀ ਵਾਰਤਾ ਸੁਣ ਰੱਖੀ ਸੀ ਕਿ ਸੇਵਾਦਾਰਾਂ ਦੇ ਕਹਿਣ ਤੇ ਵੀ ਅਸੀਂ ਹੱਥ ਜੋੜ ਕੇ ਖੜ੍ਹੀਆਂ ਰਹੀਆਂ ਬੈਠੀਆਂ ਨਾ। ਇਸੇ ਤਰ੍ਹਾਂ ਇਹ ਵੀ ਸੰਤਾਂ ਦੇ ਸਾਹਮਣੇ ਹੱਥ ਜੋੜੀ ਖੜ੍ਹੀਆਂ ਰੋਈ ਜਾਣ। ਜਾਣੀ ਜਾਣ ਦਾਤੇ ਨੇ ਪੁਛਿਆ, "ਕਾਕੀ ਕੀ ਗੱਲ ਹੈ?" ਉਨ੍ਹਾਂ ਨੇ ਕਿਹਾ ਬਾਬਾ ਜੀ ਸਾਡੀਆਂ ਭੈਣਾਂ ਨੂੰ ਤੁਸੀਂ ਵੀਰ ਦਿੱਤਾ ਹੈ। ਉਹ ਹੁਣ ਸਾਨੂੰ ਹੱਥ ਨਹੀਂ ਲਾਉਣ ਦਿੰਦੀਆ ਕਿ ਇਹ ਤਾਂ ਬਾਬੇ ਤੋਂ ਅਸੀਂ ਲੈ ਕੇ ਆਈਆਂ ਹਾਂ, ਤੁਸੀਂ ਹੋਰ ਲੈ ਆਉ। ਤੁਸੀਂ ਉਨ੍ਹਾਂ ਵਾਗੂੰ ਸਾਨੂੰ ਵੀ ਇੱਕ ਵੀਰ ਦੇ ਦਿਉ। ਭੋਲੇ ਤੇ ਸਾਫ਼ ਹਿਰਦੇ ਦੀ ਅਲੌਕਿਕ ਮੰਗ ਸੁਣ ਕੇ ਸੰਤ ਬੜੇ ਹੱਸੇ। ਸਾਰੀ ਸੰਗਤ ਵੀ ਬੜੀ ਹੱਸੀ ਤੇ ਅਰਜ਼ ਕੀਤੀ, "ਮਹਾਰਾਜ ਜੀ ਕਰੋ ਇਨ੍ਹਾਂ ਵੀ ਵਿਚਾਰੀਆਂ ਤੇ ਕ੍ਰਿਪਾ ਤੇ ਬਖ਼ਸ਼ੋ ਇੱਕ ਹੋਰ ਪੁੱਤਰ ਦੀ ਦਾਤ।" ਸੰਤਾਂ ਨੇ ਕਿਹਾ, "ਕੁੜੀਉ! ਤੁਸੀਂ ਰੋਵੋ ਨਾ ਤੁਹਾਨੂੰ ਵੀ ਰੱਬ ਇੱਕ ਵੀਰ ਦੇਵੇਗਾ।" ਹਜ਼ੂਰ ਦੇ ਪਾਸੋਂ ਇਹ ਬਚਨ ਸੁਣ ਕੇ ਉਹ ਵਾਪਸ ਆ ਗਈਆਂ। ਘਰ ਆ ਕੇ ਆਪਣੀ ਮਾਂ ਨੂੰ ਸਾਰੀ ਗੱਲ ਦੱਸੀ। ਭੈਣਾਂ ਨੂੰ ਖ਼ੁਸ਼ਖ਼ਬਰੀ ਸੁਣਾਈ।

ਸਾਲ ਤੋਂ ਬਾਅਦ ਫਿਰ ਦੂਸਰੇ ਬੱਚੇ ਦਾ ਜਨਮ ਹੋਇਆ ਉਹ ਪੰਜੇ ਭੈਣਾਂ ਆਪੋ ਆਪਣੇ ਵੀਰਾਂ ਤੇ ਮੇਰ ਰੱਖਣ।

ਵਿਆਹ ਤੋਂ ਬਾਅਦ ਵੀ ਆਪੋ ਆਪਣੇ ਵੀਰਾਂ ਨੂੰ ਹੀ ਚੰਗਾ ਸਮਝਣ ਤੇ ਬਹੁਤਾ ਹਿੱਤ ਕਰਨ। ਉਹ ਵੀ ਆਪਣੀਆਂ-ਆਪਣੀਆਂ ਭੈਣਾਂ ਨੂੰ ਹੀ ਮਿਲਣ ਜਾਇਆ ਕਰਨ। ਫੇਰ ਤਾਂ ਉਨ੍ਹਾਂ ਦਾ ਪਿਤਾ ਸ੍ਰ: ਕਿਸ਼ਨ ਸਿੰਘ ਸਾਰੀ ਉਮਰ ਹੀ ਸਮੇਤ ਪਰਿਵਾਰ ਡੇਰੇ ਦਾ ਸ਼ਰਧਾਲੂ ਬਣਿਆ ਰਿਹਾ।

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

# ਭੰਡਾਰੇ ਵਾਸਤੇ ਘਿਉ ਦਾ ਉਧਾਰ

ਹੋਤੀ ਡੇਰੇ ਹਰ ਸਮੇਂ ਹੀ ਬਾਬਾ ਜੀ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਦਾ ਇਕੱਠ ਜੁੜਿਆ ਰਹਿੰਦਾ। ਐਤਵਾਰ ਨੂੰ ਸਾਰੇ ਦਫਤਰਾਂ ਤੇ ਪਲਟਨ ਵਿੱਚ ਛੁੱਟੀ ਹੁੰਦੀ, ਜਿਸ ਕਰਕੇ ਇਸ ਦਿਨ ਕਈ ਹਜ਼ਾਰ ਪ੍ਰੇਮੀ ਪੁੱਜੇ ਹੁੰਦੇ। ਇੱਕ ਵਾਰ ਦੀ ਗੱਲ ਹੈ ਐਤਵਾਰ ਦਾ ਦਿਨ ਸੀ। ਬਹੁਤ ਸਾਰੀ ਸੰਗਤ ਤੇ ਪਲਟਨ 'ਚੋਂ ਫੌਜੀ ਦਰਸ਼ਨਾਂ ਨੂੰ ਆਏ ਸਨ। ਸੰਤਾਂ ਨੇ ਹੁਕਮ ਕੀਤਾ ਕਿ ਅੱਜ ਲੰਗਰ ਵਿੱਚ ਮਾਹਲ ਪੂੜੇ ਤਿਆਰ ਕਰੋ। ਜਦੋਂ ਹਜ਼ੂਰ ਦਾ ਹੁਕਮ ਮੁਖ ਲਾਂਗਰੀ ਪਾਸ ਪੁੱਜਾ ਤਾਂ ਮੁਖੀ ਲਾਂਗਰੀ ਨੇ ਚਰਨਾਂ ਵਿੱਚ ਹਾਜ਼ਰ ਹੋ ਕੇ ਬੇਨਤੀ ਕੀਤੀ, "ਦਾਤਾ ਜੀ! ਲੰਗਰ ਵਿੱਚ ਘਿਉ ਤਾਂ ਥੋੜ੍ਹਾ ਹੀ ਹੈ ਇਤਨੇ ਘਿਉ ਨਾਲ ਚੌਲ ਤਾਂ ਬਣਾਏ ਜਾ ਸਕਦੇ ਹਨ ਪਰ ਮਾਹਲ ਪੂੜੇ ਤਿਅਰ ਨਹੀਂ ਕੀਤੇ ਜਾ ਸਕਦੇ।" ਸੰਤਾਂ ਨੇ ਕਿਹਾ, "ਇਤਨੇ ਵੱਡੇ ਲੰਗਰ ਵਿੱਚ ਕਈ ਦਿਨਾਂ ਦਾ ਰਾਸ਼ਨ ਜਮ੍ਹਾ ਹੋਣਾ ਚਾਹੀਦਾ ਹੈ ਤੁਸੀਂ ਪੰਜ ਚਾਰ ਦਿਨ ਪਹਿਲਾਂ ਹੀ ਘਿਉ ਮੰਗਵਾ ਲੈਣਾ ਸੀ। ਹੁਣ ਮੌਕੇ ਤੇ ਦਸਿਆਂ ਕੀ ਬਣ ਸਕਦਾ ਹੈ? ਤੁਹਾਨੂੰ ਰੋਜ਼ ਦਾ ਪਤਾ ਹੈ ਕਿ ਹਰ ਸਮੇਂ ਸੰਗਤ ਦਾ ਇਕੱਠ ਜੁੜਿਆ ਰਹਿੰਦਾ ਹੈ। ਵੱਡੇ ਲੰਗਰਾਂ ਵਿੱਚ ਦਸ ਵੀਹ ਦਿਨ ਪਹਿਲਾਂ ਸਮਾਨ ਮੰਗਵਾਉਣਾ ਚਾਹੀਦਾ ਹੈ।" ਉਨ੍ਹਾਂ ਨੇ ਅਰਜ਼ ਕੀਤੀ, "ਮਹਾਰਾਜ ਗ਼ਲਤੀ ਹੋ ਗਈ ਚੇਤਾ ਨਹੀਂ ਰਿਹਾ। ਅੱਗੇ ਐਤਵਾਰ ਆ ਗਿਆ, ਅੱਜ ਦੁਕਾਨਾਂ ਬੰਦ ਹਨ ਕੱਲ੍ਹ ਮੰਗਵਾ ਲਵਾਂਗੇ।" ਫੇਰ ਸੰਤਾਂ ਨੇ ਪੁੱਛਿਆ, "ਕਿਤਨਾ ਕੁ ਘਿਉ ਘਟਦਾ ਹੈ। ਅਸੀਂ ਤੁਹਾਨੂੰ ਉਧਾਰਾ ਲੈ ਦਿੰਦੇ ਹਾਂ। ਫੇਰ ਆਏ ਤੋਂ ਵਾਪਸ ਕਰ ਦੇਣਾ।" ਉਨ੍ਹਾਂ ਨੇ ਕਿਹਾ, "ਜੀ ਸੱਤ ਬਚਨ।" ਹੁਕਮ ਕੀਤਾ ਕਿ ਕਿਤਨੇ ਘਿਉ ਦੀ ਜ਼ਰੂਰਤ ਹੈ? ਉਨ੍ਹਾਂ ਨੇ ਅਰਜ਼ ਕੀਤੀ, "ਦਾਤਾ! ਪੰਜ ਗਾਗਰਾਂ ਨਾਲ ਸਰ ਜਾਵੇਗਾ।" ਉਨ੍ਹਾਂ ਸਮਿਆਂ ਵਿੱਚ ਘਿਉ ਮਿੱਟੀ ਦੀਆਂ ਚਾਟੀਆਂ ਜਾਂ ਲੋਹੇ ਦੀਆਂ ਗਾਗਰਾਂ ਵਿੱਚ ਖੁੱਲ੍ਹਾ ਹੀ ਪਿਆ ਰਹਿੰਦਾ ਸੀ। ਸੰਤਾਂ ਨੇ ਕਿਹਾ, "ਚੰਗਾ ਲੈ ਆਉ ਖ਼ਾਲੀ ਪੰਜ ਗਾਗਰਾਂ।"

ਜਦੋਂ ਸੇਵਾਦਾਰ ਖ਼ਾਲੀ ਗਾਗਰਾਂ ਲੈ ਕੇ ਪਿੱਛੇ-ਪਿੱਛੇ ਤੁਰ ਪਏ ਆਪ ਬਾਬਾ ਜੀ ਅੱਗੇ-ਅੱਗੇ ਜਾ ਕੇ 'ਕਲਪਾਣੀ' ਦੇ ਕੰਢੇ ਖੜ੍ਹੇ ਹੋ ਗਏ ਜੋ ਡੇਰੇ ਦੇ ਨਾਲ ਹੀ ਵਗਦਾ ਸੀ। ਸੇਵਾਦਾਰ ਹੈਰਾਨ ਸਨ ਕਿ ਏਥੇ ਉਧਾਰਾ ਦੇਣ ਵਾਲਾ ਕੌਣ ਹੈ? ਨਾ ਕੋਈ ਪਿੰਡ, ਨਾ ਸ਼ਹਿਰ, ਨਾ ਕੋਈ ਦੁਕਾਨ, ਨਾ ਵਪਾਰੀ। ਸੰਤਾਂ ਨੇ ਹੁਕਮ ਕੀਤਾ, "ਇਹੋ ਹੀ ਸਾਡਾ ਰਾਸ਼ਨ ਦਾ ਸਟੋਰ ਹੈ। ਲੋੜ ਅਨੁਸਾਰ ਵਰਨ ਦੇਵਤੇ ਤੋਂ ਘਿਉ ਲੈ ਲਵੋ, ਫੇਰ ਵਾਪਸ ਕਰ ਦੇਣਾ।" ਸੰਤਾਂ ਨੇ ਆਵਾਜ਼ ਦਿੱਤੀ ਤੇ ਕਿਹਾ, "ਵਰਨ ਦੇਵਤਾ! ਪੰਜ ਗਾਗਰਾਂ ਘਿਉ ਉਧਾਰਾ ਦੇ ਦਿਉ। ਕੱਲ੍ਹ ਮੋੜ ਦੇਵਾਂਗੇ। ਅੱਜ ਸੰਗਤ ਨੂੰ ਭੰਡਾਰਾ ਛਕਾਉਣਾ ਹੈ।" ਸੇਵਾਦਾਰ ਹੈਰਾਨ ਹੋਏ ਪਾਣੀ ਵੱਲ ਤੱਕੀ ਜਾਂਦੇ ਹਨ, ਬੋਲਦੇ ਕੁਝ ਵੀ ਨਹੀਂ। ਬਾਬਾ ਜੀ ਕਹਿਣ ਲੱਗੇ, "ਝਕੋ ਨਾ ਸਤਿਨਾਮ ਆਖ ਕੇ ਇਸ ਵਿੱਚੋ ਪੰਜ ਗਾਗਰਾਂ ਭਰ ਲਉ। ਪਰ ਸ਼ੰਕਾ ਨਹੀਂ ਕਰਨੀ ਤੇ ਦੇਖਣਾ ਵੀ ਲੰਗਰ ਵਿੱਚ ਜਾ ਕੇ।" ਲਾਂਗਰੀ ਪ੍ਰੇਮੀਆਂ ਨੇ ਸੰਤਾਂ ਦਾ ਕਿਹਾ ਮੰਨ ਕੇ ਉਸੇ ਤਰ੍ਹਾਂ ਹੀ ਕੀਤਾ। ਜਦ ਲੰਗਰ ਵਿੱਚ ਜਾ ਕੇ ਸਿਰਾ ਤੋਂ ਗਾਗਰਾਂ ਉਤਾਰੀਆਂ ਤਾਂ ਪੰਜੇ ਹੀ ਘਿਉ ਦੀਆਂ ਭਰੀਆਂ ਹੋਈਆਂ ਸਨ। ਫਿਰ ਕੀ ਸੀ ਸਾਰੇ ਹੈਰਾਨ ਹੋ ਗਏ ਉਨ੍ਹਾਂ ਪੰਜਾਂ ਗਾਗਰਾਂ ਦੇ ਘਿਉ ਦਾ ਭੰਡਾਰਾ ਵੀ ਰਾਤ ਤੱਕ ਵਰਤਦਾ ਰਿਹਾ। ਫੇਰ ਵੀ ਮੁੱਕਿਆ ਨਾ ਦੂਸਰੇ ਦਿਨ ਕਿਸੇ ਪ੍ਰੇਮੀ ਦੀ ਭੇਜੀ ਹੋਈ ਘਿਉ ਦੀ ਗੱਡੀ ਆ ਗਈ। ਜਦੋਂ ਸੰਤਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਹੁਕਮ ਕੀਤਾ ਕਿ ਲੰਗਰ ਵਿੱਚ ਵਰਤਣ ਤੋਂ ਪਹਿਲਾਂ ਉਧਾਰ ਲਾਹ ਦਿਉ। ਤਾਂ ਕਿ ਇਕਰਾਰ ਅਨੁਸਾਰ ਚੀਜ਼ ਮੁੜ ਜਾਵੇ ਨਹੀਂ ਤਾਂ ਅੱਗੇ ਵਾਸਤੇ ਅਗਲਾ ਇਤਬਾਰ ਨਹੀਂ ਕਰਦਾ। ਉਸ ਸਮੇਂ ਪੰਜੇ ਗਾਗਰਾਂ ਘਿਉ ਭਰ ਕੇ ਉਸੇ ਹੀ ਜਗ੍ਹਾ ਪਾਣੀ ਵਿੱਚ ਪਵਾ ਦਿੱਤੀਆਂ।

# ਮਾਇਆਂ ਚਰਨਾਂ ਦੀ ਦਾਸੀ

ਭਾਈ ਸਾਈਂ ਦਿੱਤਾ ਤੇ ਈਸ਼ਰ ਦਾਸ ਇਹ ਦੋਵੇਂ ਹੀ ਗੁਰੂ ਘਰ ਦੇ ਖਜ਼ਾਨਚੀ ਸਨ। ਜਿਤਨਾਂ ਵੀ ਡੇਰੇ ਦਾ ਸਮਾਨ ਆਉਂਦਾ ਸਾਰਾ ਹੀ ਸੰਤਾਂ ਨੇ ਇਨ੍ਹਾਂ ਦੇ ਰਾਹੀਂ ਮੰਗਵਾਉਣਾ। ਇੱਕ ਮਹੀਨੇ ਤੋਂ ਬਾਅਦ ਹਿਸਾਬ ਕਰਕੇ ਮਾਇਆਂ ਦੁਕਾਨਦਾਰਾਂ ਨੂੰ ਦਿੱਤੀ ਜਾਂਦੀ। ਮਾਇਆ ਦੇਣ ਦਾ ਵੀ ਹਜ਼ੂਰ ਨੇ ਇੱਕ ਅਸਚਰਜ ਹੀ ਤਰੀਕਾ ਰੱਖਿਆ ਸੀ। ਮਹੀਨਾ ਪੂਰਾ ਹੋਏ ਤੋਂ ਬਾਅਦ ਬਾਬਾ ਜੀ ਇਨ੍ਹਾਂ ਨੂੰ ਬੁਲਾ ਲੈਂਦੇ ਇਹ ਆਪਣੇ ਹਿਸਾਬ ਕਿਤਾਬ ਦੀਆਂ ਵਹੀਆਂ ਲੈ ਕੇ ਡੇਰੇ ਪੁੱਜ ਜਾਂਦੇ। ਸਾਰਾ ਹਿਸਾਬ ਜੋੜ ਕੇ ਰਕਮ ਦੱਸ ਦਿੰਦੇ ਸੰਤ ਮਹਾਰਾਜ ਸਿਰਫ ਇੱਕੋ ਘੰਟਾ ਰੋਜ਼ਾਨਾ ਸੰਗਤ ਨੂੰ ਦਰਸ਼ਨ ਦੇਂਦੇ। ਰੋਜ਼ ਦੀ ਭੇਟਾ ਤਾਂ ਭਗਤ ਸਾਈਂ ਦਿੱਤਾ ਜੀ ਤੇ ਈਸ਼ਰ ਦਾਸ ਹੀ ਸੰਭਾਲਦੇ ਅਤੇ ਡੇਰੇ ਦੇ ਹੋਰ ਕੰਮਾਂ ਵਿੱਚ ਖਰਚ ਕਰਦੇ। ਪਰ ਸੰਗਰਾਂਦ ਦਾ ਚੜ੍ਹਾਵਾ ਇਨ੍ਹਾਂ ਦੁਕਾਨਾਂ ਵਾਲਿਆਂ ਨੂੰ ਲੰਗਰ ਦੇ ਹੋਏ ਖਰਚ ਦਾ ਚੁਕਾ ਦੇਂਦੇ।

ਸੰਤਾਂ ਦਾ ਹੁਕਮ ਸੀ ਕਿ ਅਸੀਂ ਕੁਰਸੀ ਤੇ ਬੈਠ ਕੇ ਲੋਕਾਂ ਦੀਆਂ ਅਰਜ਼ਾਂ ਸੁਣਾਗੇ। ਤੁਸੀਂ ਪ੍ਰੇਮੀਆਂ ਵਲੋਂ ਆਈ ਭੇਟਾ ਚੁੱਕ ਕੇ ਗਿਣੀ ਜਾਣੀ। ਜਦੋਂ ਤੁਹਾਡੀ ਰਕਮ ਪੂਰੀ ਹੋ ਜਾਵੇ ਸਾਨੂੰ ਇਸ਼ਾਰਾ ਕਰ ਦੇਣਾ ਇਹ ਇਵੇਂ ਹੀ ਕਰਦੇ ਰਹੇ ਕਈ ਸਾਲ ਲੰਘ ਗਏ ਕਿਸੇ ਮਹੀਨੇ ਡੇਰੇ ਦਾ ਖਰਚ ਵੱਧ ਆਉਣਾ ਕਿਸੇ ਮਹੀਨੇ ਘੱਟ ਪਰ ਹੈਰਾਨੀ ਵਾਲੀ ਗੱਲ ਇਹ ਸੀ ਕਿ ਉਹ ਰਕਮ ਘੰਟੇ ਵਿੱਚ ਹੀ ਪੂਰੀ ਹੋ ਜਾਂਦੀ ਤੇ ਫੇਰ ਬਾਬਾ ਜੀ ਕੁਰਸੀ ਤੋਂ ਉੱਠ ਕੇ ਗੁਫਾ ਵੱਲ ਚਲੇ ਜਾਂਦੇ। ਦਿਨ-ਬ-ਦਿਨ ਲੰਗਰ ਦਾ ਖਰਚਾ ਵਧਦਾ ਗਿਆ। ਭੇਟਾ ਵੀ ਉਤਨੀ ਹੀ ਆਉਣ ਲੱਗ ਪਈ ਇਨ੍ਹਾਂ ਨੇ ਸੋਚਿਆ ਕੀ ਕਾਰਨ ਹੈ। ਜਿਤਨਾਂ ਵੀ ਮਹੀਨੇ ਦਾ ਖਰਚ ਹੁੰਦਾ ਵੱਧ ਚਾਹੇ ਘੱਟ ਇਹ ਘੰਟੇ ਵਿੱਚ ਹੀ ਪੂਰਾ ਹੋ ਜਾਂਦਾ ਹੈ। ਦੇਖਿਆ ਜਾਵੇ ਕਿ ਜੇਕਰ ਇਸ ਤੋਂ ਚੌਗੁਣਾ ਖਰਚ ਹੋ ਜਾਵੇ ਕੀ ਉਹ ਵੀ ਇੱਕ ਘੰਟੇ ਵਿੱਚ ਹੀ ਪੂਰਾ ਹੋ ਜਾਵੇਗਾ। ਇਉ ਇਹ ਸੰਤਾਂ ਦੀ ਪ੍ਰੀਖਿਆ ਲੈਣ ਵਾਸਤੇ ਤਿੰਨ ਚਾਰ ਮਹੀਨੇ ਨਾ ਆਏ। ਭਾਵੇਂ ਬਾਬਾ ਜੀ ਸਭ ਕੁਝ ਜਾਣਦੇ ਸਨ ਤੇ ਕਦੇ-ਕਦੇ ਸਾਈਂ ਦਿੱਤਾ ਨੂੰ ਆਖ ਵੀ ਦੇਂਦੇ ਕੀ ਗੱਲ ਹੈ? ਐਤਕੀਂ ਹੋਤੀ ਵਾਲੇ ਦੁਕਾਨਦਾਰ ਨਹੀਂ ਆਏ? ਸੰਤਾਂ ਤੋਂ ਸੁਣ ਕੇ ਉਸ ਨੇ ਜਾ ਕੇ ਆਖਣਾ ਵੀ ਪਰ ਉਹ ਕਹਿ ਛੱਡਦੇ ਕਿਹੜਾ ਕੋਈ ਓਪਰੀ ਜਗ੍ਹਾ ਹੈ। ਜਦੋਂ ਜਾਵਾਂਗੇ ਉਸ ਸਮੇਂ ਲੈ ਆਵਾਂਗੇ। ਇਉਂ ਛੇ ਮਹੀਨੇ ਲੰਘ ਗਏ ਇਨ੍ਹਾਂ ਛੇ ਮਹੀਨਿਆਂ ਵਿੱਚ ਲੰਗਰ ਦਾ ਖਰਚ ਵੀ ਹੋਰ ਦਿਨਾਂ ਨਾਲੋਂ ਵੱਧ ਹੋਇਆ। ਜਿਸ ਕਰਕੇ ਸਾਰੇ ਦੁਕਾਨਦਾਰਾਂ ਦੀ ਮਾਇਆ ਸੱਠ ਹਜ਼ਾਰ ਰੁਪਏ ਬਣ ਗਈ। ਸੰਤਾਂ ਨੇ ਸਭਨਾਂ ਨੂੰ ਬੁਲਾਇਆ ਇਹ ਆਪਣੀਆਂ ਵਹੀਆਂ ਲੈ ਕੇ ਪਹੁੰਚ ਗਏ।

ਸੰਤਾਂ ਨੂੰ ਮੱਥਾ ਟੇਕਿਆ, ਹਜ਼ੂਰ ਹੱਸ ਕੇ ਕਹਿਣ ਲੱਗੇ, "ਕੀ ਗੱਲ ਹੈ ਤੁਸੀਂ ਐਤਕੀਂ ਹਿਸਾਬ ਨੂੰ ਇਤਨੀ ਦੇਰ ਕਰ ਦਿੱਤੀ।" ਇਨ੍ਹਾਂ ਨੇ ਅਰਜ਼ ਕੀਤੀ, "ਮਹਾਰਾਜ! ਇਸ ਜਗ੍ਹਾ ਪਈ ਹੋਈ ਰਕਮ ਨੂੰ ਅਸੀਂ ਆਪਣੀਆਂ ਜੇਬਾਂ ਵਿੱਚ ਹੀ ਸਮਝਦੇ ਹਾਂ। ਏਥੇ ਕੋਈ ਫ਼ਿਕਰ ਥੋੜਾ ਹੈ।" ਸੰਤਾਂ ਨੇ ਮੁਸਕਰਾ ਕੇ ਉੱਤਰ ਦਿੱਤਾ, "ਚੰਗਾ ਬਈ! ਤੁਹਾਡੀ ਮਰਜ਼ੀ ਹੈ। ਪਰ ਫ਼ਕੀਰਾਂ ਦੀ ਪ੍ਰੀਖਿਆ ਕਰਨੀ ਚੰਗੀ ਨਹੀਂ। ਖੋਲ੍ਹੋ ਆਪਣੀਆਂ ਵਹੀਆਂ ਤੇ ਗਿਣੋ ਮਾਇਆ ਜਦੋਂ ਪੂਰੀ ਹੋ ਗਈ ਸਾਨੂੰ ਦੱਸ ਦੇਣਾ।" ਇਉਂ ਆਖ ਕੇ ਸੰਤਾਂ ਨੇ ਕੁਰਸੀ ਤੇ ਬੈਠਿਆਂ ਨੇਤਰ ਬੰਦ ਕਰ ਲਏ। ਫਿਰ ਪਤਾ ਨਹੀਂ ਕਿਥੋਂ ਇਤਨਾਂ ਰੁਪਿਆ ਡਿਗਿਆ ਮਾਨੋ ਕੁਬੇਰ ਦਾ ਭੰਡਾਰਾ ਹੀ ਖੁੱਲ੍ਹ ਗਿਆ ਹੋਵੇ। ਇਨ੍ਹਾਂ ਨੂੰ ਸੰਤਾਂ ਦੇ ਚਰਨਾਂ ਤੋਂ ਚੁੱਕਦਿਆਂ ਗਿਣਦਿਆਂ ਵਾਰੀ ਨਾ ਆਵੇ। ਪਹਿਲੇ ਮਹੀਨੇ ਇੱਕ ਘੰਟੇ ਵਿੱਚ ਮਸਾਂ ਢਾਈ ਤਿੰਨ ਹਜ਼ਾਰ ਹੀ ਚੜ੍ਹਦਾ ਸੀ ਇਤਨੇ ਦੀ ਹੀ ਲੋੜ ਹੁੰਦੀ ਸੀ। ਪਰ ਅੱਜ ਵੀਹਾਂ ਮਿੰਟਾਂ ਵਿੱਚ ਸੱਠ ਹਜ਼ਾਰ ਆ ਗਿਆ ਇਨ੍ਹਾਂ ਨੇ ਹੱਥ ਜੋੜੇ ਤੇ ਕਿਹਾ, "ਬਸ ਦਾਤਾ! ਸਾਡੇ ਪੈਸੇ ਪੂਰੇ ਹੋ ਗਏ।" ਸੰਤਾਂ ਨੇ ਨੇਤਰ ਖੋਲ੍ਹੇ ਤੇ ਕਿਹਾ, "ਜੋ ਦਾਤਾ ਮਹੀਨੇ ਦੇ ਮਹੀਨੇ ਗੁਰੂ ਕੀਆਂ ਸੰਗਤਾਂ ਦੇ ਲੰਗਰ ਦਾ ਖਰਚ ਭੇਜਦਾ ਹੈ ਕੀ ਉਹ ਛੇ ਮਹੀਨਿਆਂ ਦਾ ਇਕੱਠਾ ਨਹੀਂ ਭੇਜ ਸਕਦਾ। ਜੇ ਕਹੋ ਤਾਂ ਅੱਜ ਹੀ ਸਾਰੀ ਉਮਰ ਦੀ ਮਾਇਆ ਮੰਗਵਾ ਦਈਏ। ਅੱਗੋਂ ਲਈ ਤੁਹਾਡਾ ਸੰਕਲਪ ਹੀ ਮੁੱਕ ਜਾਵੇ। ਡੇਰੇ ਨੂੰ ਖੁੱਲ੍ਹਾ ਰਾਸਨ ਭੇਜੀ ਜਾਓ" ਇਨ੍ਹਾਂ ਨੇ ਹੱਥ ਜੋੜੇ ਤੇ ਚਰਨਾਂ ਤੇ ਸਿਰ ਰੱਖ ਕੇ ਮੁਆਫ਼ੀ ਮੰਗੀ। ਫਿਰ ਕਦੀ ਜ਼ਿੰਦਗੀ ਭਰ ਇਨ੍ਹਾਂ ਦੇ ਪ੍ਰੀਖਿਆ ਲੈਣ ਦਾ ਫੁਰਨਾ ਹੀ ਨਾ ਉਠਿਆ ਤੇ ਸਾਰੀ ਜ਼ਿੰਦਗੀ ਡੇਰੇ ਦੇ ਸ਼ਰਧਾਲੂ ਬਣੇ ਰਹੇ। ਫੇਰ ਉਸ ਸਮੇਂ ਸੰਤ ਪਾਲਕੀ ਵਿੱਚ ਅਸਵਾਰ ਹੋ ਕੇ ਗੁਫਾ ਵੱਲ ਚਲੇ ਗਏ। ਇਹ ਮਾਇਆ ਲੈ ਕੇ ਸ਼ਹਿਰ ਆ ਗਏ।

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

# ਗ਼ਰੀਬ ਸਿੱਖ ਦੀ ਭਾਵਨਾ ਪੂਰੀ ਕੀਤੀ

ਹੋਤੀ ਮਰਦਾਨ ਦਾ ਰਹਿਣ ਵਾਲਾ ਇੱਕ ਕਰਮ ਚੰਦ ਸ਼ਾਹੂਕਾਰ ਬਾਬਾ ਜੀ ਦਾ ਸ਼ਰਧਾਲੂ ਸੇਵਕ ਸੀ। ਉਸ ਨੇ ਆਪਣੇ ਮਨ ਵਿੱਚ ਇਹ ਸੰਕਲਪ ਕੀਤਾ ਕਿ ਮੈਂ ਬਾਬਾ ਜੀ ਨੂੰ ਆਪਣੇ ਘਰ ਲਿਜਾ ਕੇ ਪ੍ਰਸ਼ਾਦਿ ਛਕਾਵਾਂ ਤੇ ਚਰਨ ਪਵਾਵਾਂ। ਕਈ ਵਾਰ ਬਾਬਾ ਜੀ ਪਾਸ ਬੇਨਤੀ ਕੀਤੀ ਬਾਬਾ ਜੀ ਕਿਹਾ ਕਰਦੇ, "ਪ੍ਰੇਮੀਆਂ! ਅਸੀਂ ਬਾਹਰ ਘੱਟ ਹੀ ਜਾਂਦੇ ਹਾਂ। ਜਿਤਨੀ ਤੇਰੀ ਸ਼ਰਧਾ ਹੈ ਏਥੇ ਗੁਰੂ ਕੇ ਲੰਗਰ ਵਿੱਚ ਰਾਸ਼ਨ ਲਿਆ ਕੇ ਪਾ ਦੇਹ। ਤੇਰੀ ਸੇਵਾ ਸਫ਼ਲੀ ਹੋ ਜਾਵੇਗੀ।" ਉਸ ਨੇ ਫਿਰ ਕਿਹਾ, "ਮਹਾਰਾਜ ਮੇਰਾ ਖ਼ਿਆਲ ਹੈ ਕਿ ਆਪਣੇ ਘਰ ਹਜ਼ੂਰ ਦੇ ਚਰਨ ਪੁਆਵਾਂ ਤੇ ਸੰਗਤ ਸਮੇਤ ਪ੍ਰਸ਼ਾਦਿ ਛਕਾਵਾਂ।" ਉਸ ਦਾ ਹਠ ਦੇਖ ਕੇ ਸੰਤਾਂ ਨੇ ਉੱਤਰ ਦਿੱਤਾ ਕਿ ਸਾਡੇ ਨਾਲ ਤਾਂ ਬਹੁਤ ਸਾਰੀ ਸੰਗਤ ਆਵੇਗੀ। ਫੇਰ ਤੈਨੂੰ ਸੰਭਾਲਣੀ ਮੁਸ਼ਕਲ ਹੋ ਜਾਵੇਗੀ। ਪਰ ਫੇਰ ਵੀ ਨਾ ਮੰਨਿਆ ਕਹੇ ਜ਼ਰੂਰ ਹੀ ਕਿਰਪਾ ਕਰੋ, ਘਰ ਚੱਲ ਕੇ ਪ੍ਰਸ਼ਾਦਿ ਛਕੋ ਤੇ ਮੇਰੀ ਭਾਵਨਾ ਪੂਰੀ ਕਰੋ। ਸੰਤਾਂ ਨੇ ਕਿਹਾ, "ਚੰਗਾ ਤੂੰ ਚੱਲ ਕੇ ਤਿਆਰੀ ਕਰ ਅਸੀਂ ਸਮੇਂ ਸਿਰ ਪੁੱਜ ਜਾਵਾਂਗੇ।" ਸੰਤਾਂ ਦੀ ਪਾਵਨ ਰਸਨਾ ਤੋਂ ਪ੍ਰਵਾਨਗੀ ਭਰੇ ਬਚਨ ਸੁਣ ਕੇ ਇਹ ਬੜਾ ਖ਼ੁਸ਼ ਹੋਇਆ। ਹਜ਼ੂਰ ਨੂੰ ਨਮਸਕਾਰ ਕਰਕੇ ਇਹ ਆਪਣੇ ਘਰ ਆ ਗਿਆ। ਯਥਾ ਸ਼ਕਤ ਸਮਾਨ ਖ਼ਰੀਦ ਕੇ ਅੰਦਰ ਰੱਖ ਲਿਆ ਅਤੇ ਬਾਬਾ ਜੀ ਦੀ ਉਡੀਕ ਕਰਨ ਲੱਗਾ। ਏਧਰੋਂ ਜਦੋਂ ਮਰਦਾਨ ਦੇ ਇਲਾਕੇ ਦੀਆਂ ਸੰਗਤਾਂ ਨੂੰ ਪਤਾ ਲੱਗਾ ਕਿ ਬਾਬਾ ਜੀ ਏਧਰ ਨੂੰ ਆ ਰਹੇ ਹਨ ਤਾਂ ਉਹ ਸੜਕ ਦੇ ਦੋਵੇਂ ਪਾਸੇ ਖੜੋ ਗਈਆਂ। ਆਖਦੇ ਸਨ ਧੰਨ ਭਾਗ ਅਸਾਡੇ ਜੋ ਅੱਜ ਮਹਾਂ ਪੁਰਸ਼ਾਂ ਦਾ ਦੀਦਾਰ ਕਰਾਂਗੇ। ਸ਼ਹਿਰ ਵਾਸੀਆਂ ਨੇ ਰਾਹ ਸਾਫ਼ ਕੀਤੇ ਗੇਟ ਬਣਾਏ। ਇਉਂ ਜਿਧਰ ਵੀ ਸੰਤਾਂ ਦੀ ਪਾਲਕੀ ਜਾਂਦੀ ਹਜ਼ਾਰਾਂ ਹੀ ਪ੍ਰੇਮੀ ਮਗਰ ਲੱਗ ਤੁਰਦੇ। ਉੱਪਰੋਂ ਫੁੱਲਾਂ ਦੀ ਵਰਖਾ ਹੁੰਦੀ। ਇਸ ਦੇ ਘਰ ਤੱਕ ਜਾਂਦਿਆਂ ਸਹਿਜੇ ਹੀ ਚਾਰ ਪੰਜ ਹਜ਼ਾਰ ਪ੍ਰੇਮੀਆਂ ਦਾ ਇਕੱਠ ਜੁੜ ਗਿਆ। ਇਹ ਬੜਾ ਗ਼ਰੀਬ ਸੀ ਜਦੋਂ ਇਸ ਨੂੰ ਪਤਾ ਲੱਗਾ, ਇਹ ਘਰ ਦਾ ਬੂਹਾ ਬੰਦ ਕਰਕੇ ਭੱਜ ਗਿਆ। ਇਸਦਾ ਇਹ ਖ਼ਿਆਲ ਸੀ ਕਿ ਬਾਬਾ ਜੀ ਦੇ ਨਾਲ ਕੇਵਲ ਪੰਜ ਚਾਰ ਸੇਵਾਦਾਰ ਹੀ ਆਉਣਗੇ ਇਤਨਾ ਕੁ ਹੀ ਇਸਨੇ ਅੰਨ ਪਾਣੀ ਦਾ ਇੰਤਜ਼ਾਮ ਕੀਤਾ ਹੋਇਆ ਸੀ। ਪਰ ਜਦੋਂ ਡੇਰੇ ਤੋਂ ਹੋਤੀ ਤੱਕ ਲਾਰ ਹੀ ਬੱਝੀ ਆਉਂਦੀ ਤੱਕੀ ਤਾਂ ਇਹ ਹੋਤੀ ਹੀ ਛੱਡ ਕੇ ਨੱਸ ਗਿਆ। ਸੰਤ ਜੀ ਮਹਾਰਾਜ ਸੰਗਤਾਂ ਸਮੇਤ ਇਸਦੇ ਬੂਹੇ ਦੇ ਅੱਗੇ ਆਏ ਪਰ ਘਰ ਦੀ ਦਹਿਲੀਜ਼ ਤੇ ਤਾਂ ਕਿਸੇ ਸ਼ਰਧਾਲੂ ਭਗਤ ਵਾਂਗੂੰ ਸੱਖਣਾ ਜ਼ਿੰਦਰਾ ਹੀ ਪਿਆ ਡੰਡਾਉਤਾਂ ਕਰ ਰਿਹਾ ਸੀ।

ਸਾਰੇ ਲੋਕੀਂ ਹੈਰਾਨ ਸਨ ਕਿ ਇਹ ਸੰਤਾਂ ਨੂੰ ਬੁਲਾਅ ਕੇ ਹੁਣ ਕਿਧਰ ਭੱਜ ਗਿਆ? ਕਹਿਣ, ਜੇ ਉਹ ਨਹੀਂ ਮਿਲਦਾ ਤਾਂ ਮਹਾਰਾਜ ਆਪ ਸਾਨੂੰ ਹੁਕਮ ਕਰੋ। ਅਸੀਂ ਸੰਗਤ ਦਾ ਲੰਗਰ ਤਿਆਰ ਕਰਦੇ ਹਾਂ। ਸੰਤਾਂ ਨੇ ਉੱਤਰ ਦਿੱਤਾ, "ਬਈ! ਜੋ ਸਾਨੂੰ ਸੱਦ ਕੇ ਲਿਆਇਆ ਹੈ ਅਤੇ ਜਿਸ ਨੇ ਨਿਉਂਦਾ ਦਿੱਤਾ ਹੈ ਹੁਣ ਤਾਂ ਉਸ ਦੇ ਘਰ ਹੀ ਪ੍ਰਸ਼ਾਦਿ ਛਕ ਕੇ ਜਾਵਾਂਗੇ। ਤੁਸੀਂ ਉਸ ਦਾ ਜਿੰਦਰਾ ਭੰਨੋ।" ਸੰਤਾਂ ਦੇ ਹੁਕਮ ਅਨੁਸਾਰ ਜਦੋਂ ਜਿੰਦਰਾਂ ਤੋੜਿਆ ਗਿਆ ਤਾਂ ਅੰਦਰ ਵੀਹ ਕੁ ਸੇਰ ਆਟਾ ਤੇ ਦੋ ਕੁ ਸੇਰ ਘਿਉ ਪਿਆ ਦੇਖਿਆ। ਇੱਕ ਪਾਸੇ ਪੰਜ ਕੁ ਸੇਰ ਮੂੰਗੀ ਤੇ ਸੇਰ ਕੁ ਗੰਢੇ ਪਏ ਸਨ। ਸਾਰੇ ਹੈਰਾਨ ਹੋ ਗਏ ਕਿ ਲੰਗਰ ਤਾਂ ਐਨਾਂ ਵੱਡਾ ਕਰਨਾ ਹੈ ਤੇ ਰਾਸ਼ਨ ਕੇਵਲ ਥੋੜ੍ਹਾ ਜਿਹਾ। ਸੰਤਾਂ ਨੇ ਹੱਸ ਕੇ ਕਿਹਾ ਕਿ ਅੱਜ ਮਸਾ ਬਾਣੀਆਂ ਕਾਬੂ ਆਇਆ ਹੈ, ਸੁੱਕਾ ਨਾ ਜਾਵੇ। ਇਸ ਦੇ ਘਰ ਦੀ ਤਲਾਸੀ ਕਰੋ ਤੇ ਦੇਖੋ ਜੋ ਕੁਝ ਵੀ ਅੰਦਰ ਹੈ। ਸੇਵਾਦਾਰਾਂ ਨੇ ਅਰਜ ਕੀਤੀ, "ਮਹਾਰਾਜ! ਹੋਰ ਕੁਝ ਵੀ ਅੰਦਰ ਨਹੀਂ ਵਿਚਾਰਾ ਗ਼ਰੀਬ ਆਦਮੀ ਸੀ ਸੰਗਤ ਦਾ ਇਕੱਠ ਦੇਖ ਕੇ ਡਰਦਾ ਭੱਜ ਗਿਆ। ਅੰਦਰ ਤਾਂ ਕੇਵਲ ਪੰਜ ਬੋਰੀਆਂ ਜੌਆਂ ਦੀਆਂ ਹੀ ਪਈਆਂ ਹਨ ਜੇ ਆਪ ਹੁਕਮ ਕਰੋ ਤਾਂ ਅਸੀਂ ਲੰਗਰ ਦੀ ਸੇਵਾ ਕਰਦੇ ਹਾਂ।" ਸੰਤਾਂ ਨੇ ਕਿਹਾ, "ਨਹੀਂ ਬਈ! ਹੁਣ ਤਾਂ ਜਿਹੜਾ ਸੱਦ ਕੇ ਲਿਆਇਆ ਹੈ ਲੰਗਰ ਤਾਂ ਅੱਜ ਉਹਦੇ ਵਲੋਂ ਹੀ ਚੱਲੇਗਾ। ਜੇਕਰ ਪ੍ਰਮੇਸ਼ਰ ਕਬੀਰ ਦਾ ਯੱਗ ਸੰਪੂਰਨ ਕਰ ਸਕਦਾ ਹੈ ਤਾਂ ਅੱਜ ਇਸ ਗ਼ਰੀਬ ਦੀ ਪੱਤ ਵੀ ਉਹੋ ਹੀ ਰੱਖੇਗਾ। ਤੁਸੀਂ ਹੁਣ ਐਵੇਂ ਕਰੋ ਕਿ ਪੰਜ ਕੜਾਹੇ ਤੇ ਲੱਕੜਾਂ ਲੈ ਆਵੋ ਤੇ ਚੁਰਾਂ ਪੁੱਟ ਕੇ ਉੱਪਰ ਪਾਣੀ ਪਾ ਕੇ ਕੜਾਹੇ ਰੱਖ ਦੇਵੋ।" ਹਜ਼ੂਰ ਦੇ ਹੁਕਮ ਅਨੁਸਾਰ ਹੋਤੀ ਦੇ ਪ੍ਰੇਮੀਆਂ ਨੇ ਉਵੇਂ ਹੀ ਕੀਤਾ। ਉਸ ਸਮੇਂ ਸੰਤਾਂ ਨੇ ਜੌਆਂ ਦੀਆਂ ਬੋਰੀਆਂ ਉੱਪਰ ਆਪਣੀ ਚਾਦਰ ਪਾ ਦਿੱਤੀ ਤੇ ਕਿਹਾ ਕਿ ਇਨ੍ਹਾਂ ਬੋਰੀਆਂ ਵਿੱਚੋਂ ਕੇਵਲ ਚੌਲ ਕੱਢ ਕੇ ਕੜਾਹਿਆਂ ਵਿੱਚ ਪਾਈ ਜਾਵੋ। ਮਿੱਠਾ ਤੇ ਘਿਉ ਪਾਉਣ ਦੀ ਜ਼ਰੂਰਤ ਨਹੀਂ। ਆਪਣੇ ਆਪ ਹੀ ਤਿਆਰ ਹੋ ਜਾਣਗੇ ਤੁਸੀਂ ਸੰਗਤਾਂ ਨੂੰ ਪੰਗਤਾਂ ਲਵਾਕੇ ਛਕਾਈ ਜਾਵੋ। ਕੋਈ ਵੀ ਪ੍ਰੇਮੀ ਭੁੱਖਾ ਨਾ ਜਾਵੇ। ਸੇਵਾਦਾਰ ਪ੍ਰੇਮੀਆਂ ਨੇ ਸੰਤਾਂ ਦੇ ਹੁਕਮ ਅਨੁਸਾਰ ਜਦੋਂ ਕੜਾਹੇ ਲਿਆ ਕੇ ਵਿੱਚ ਜੌਂ ਪਾਏ ਤਦ ਉਨ੍ਹਾਂ ਕੜਾਹਿਆਂ ਵਿੱਚੋਂ ਇਹੋ ਜਿਹੇ ਖ਼ੁਸ਼ਬੂਦਾਰ ਮਿੱਠੇ

ਘਿਉ ਵਾਲੇ ਚੌਲ ਨਿਕਲਣ ਲੱਗ ਪਏ ਕਿ ਦੇਖਣ ਵਾਲੇ ਸਾਰੇ ਹੀ ਹੈਰਾਨ ਹੋ ਗਏ। ਰੱਜੇ ਹੋਏ ਪ੍ਰੇਮੀ ਦਾ ਮਨ ਵੀ ਹਟਣ ਨੂੰ ਨਾ ਕਰੇ। ਦਿਨ ਦੇ ਬਾਰ੍ਹਾਂ ਵਜੇ ਤੋਂ ਲੈ ਕੇ ਸ਼ਾਮ ਦੇ ਸੱਤ ਵਜੇ ਤੱਕ ਬਹੁਤ ਸਾਰੀਆਂ ਪੰਗਤਾਂ ਲੱਗੀਆਂ ਤੇ ਖੂਬ ਚੌਲ ਵਰਤੇ। ਇਉਂ ਬਹੁਤ ਸਾਰੀ ਸੰਗਤ ਨੇ ਤ੍ਰਿਪਤ ਹੋ ਕੇ ਭੰਡਾਰਾ ਛਕਿਆ। ਫਿਰ ਬਾਬਾ ਜੀ ਡੇਰੇ ਦੇ ਸਾਧੂਆਂ ਸਮੇਤ ਪਾਲਕੀ ਵਿੱਚ ਅਸਵਾਰ ਹੋ ਕੇ ਡੇਰੇ ਆ ਗਏ। ਇਉਂ ਉਸ ਦਾ ਭੰਡਾਰਾ ਵੀ ਸੰਪੂਰਨ ਕੀਤਾ ਤੇ ਹੋਰ ਪ੍ਰੇਮੀਆਂ ਦੀਆਂ ਮੰਗਾਂ ਨੂੰ ਵੀ ਸਫਲਾਇਆ। ਉੱਧਰੋਂ ਕਰਮ ਚੰਦ ਨੂੰ ਪਤਾ ਲੱਗਾ ਤਾਂ ਉਹ ਵੀ ਕਈ ਦਿਨਾਂ ਤੋਂ ਬਾਅਦ ਵਾਪਸ ਮੁੜ ਆਇਆ। ਜਦੋਂ ਲੋਕਾਂ ਤੋਂ ਇਹ ਸੁਣਿਆ ਕਿ ਬਾਬਾ ਜੀ ਨੇ ਜੌਆਂ ਦੇ ਚੌਲ ਬਣਾ ਕੇ ਸਾਰਾ ਦਿਨ ਲੰਗਰ ਚਲਾਇਆ ਤਾਂ ਇਹ ਬੜਾ ਪਸ਼ਚਾਤਾਪ ਕਰਨ ਲੱਗਾ ਕਿ ਮੈਂ ਕਿਉਂ ਭੱਜਣਾ ਸੀ। ਬਹੁਤੀ ਸੰਗਤ ਦੇਖ ਕੇ ਪਹਿਲਾਂ ਹੀ ਉਨ੍ਹਾਂ ਪਾਸ ਅਰਜ਼ ਕਰ ਦੇਂਦਾ ਤਾਂ ਉਹ ਜ਼ਰੂਰ ਹੀ ਮੇਰੀ ਲਾਜ ਰੱਖਦੇ। ਹੁਣ ਵੀ ਉਨ੍ਹਾਂ ਨੇ ਹੀ ਰੱਖੀ ਹੈ ਸੰਤਾਂ ਤੋਂ ਡਰਦਾ ਤੇ ਸ਼ਰਮ ਕਰਦਾ ਹੁਣ ਡੇਰੇ ਨਾ ਜਾਵੇ। ਫਿਰ ਉਸ ਦੇ ਗਵਾਂਢੀ ਉਸ ਨੂੰ ਫੜ ਕੇ ਡੇਰੇ ਲਿਆਏ। ਸੰਤਾਂ ਦੇ ਚਰਨਾਂ ਤੇ ਡਿੱਗਾ ਤੇ ਭੁੱਲ ਬਖ਼ਸ਼ਾਈ ਤੇ ਅਰਜ਼ ਕੀਤੀ, "ਦਾਤਾ! ਇਹ ਮਾਨ ਵਡਿਆਈ ਤੁਹਾਡੀ ਹੀ ਹੈ।" ਸੰਤਾਂ ਨੇ ਹੱਸ ਕੇ ਕਿਹਾ, "ਅਸੀਂ ਤੈਨੂੰ ਪਹਿਲਾ ਹੀ ਕਿਹਾ ਸੀ ਕਿ ਤੂੰ ਹਠ ਨਾ ਕਰ। ਜਿਤਨੀ ਵੀ ਸ਼ਰਧਾ ਹੈ ਉਤਨਾਂ ਰਾਸ਼ਨ ਪਾਣੀ ਲੰਗਰ ਵਿੱਚ ਭੇਜ ਦੇਹ ਪਰ ਤੂੰ ਸਾਡਾ ਬਚਨ ਨਹੀਂ ਮੰਨਿਆਂ। ਸੰਤਾਂ ਦੇ ਬਚਨ ਮੰਨਣ ਵਿੱਚ ਹੀ ਸੁੱਖ ਹੈ।" ਇਸ ਨੇ ਚਰਨ ਪਕੜੇ ਤੇ ਮੁਆਫ਼ੀ ਮੰਗੀ ਫਿਰ ਕਦੀ ਵੀ ਸੰਤਾਂ ਦਾ ਬਚਨ ਨਹੀਂ ਮੋੜਿਆ। ਸਾਰੀ ਉਮਰ ਹੀ ਸ਼ਰਧਾਲੂ ਬਣਿਆ ਰਿਹਾ।

# ਅੰਗਰੇਜ਼ ਨੂੰ ਸ਼ਰਧਾ ਹੋਣੀ

ਬਾਬਾ ਜੀ ਦਾ ਖ਼ਾਸ ਕਰਕੇ ਹਰ ਇੱਕ ਫੌਜੀ ਜਵਾਨ ਨੂੰ ਹੁਕਮ ਸੀ ਕਿ ਜੋ ਵੀ ਕੋਈ ਫੌਜੀ ਇਸ ਪਾਸੇ ਦੀ ਲੰਘੇ, ਉਹ ਗੁਰੂ ਕੇ ਲੰਗਰੋਂ ਪ੍ਰਸ਼ਾਦਿ ਛਕੇ ਬਿਨਾਂ ਨਾ ਜਾਵੇ। ਸਾਰੇ ਹੀ ਫੌਜੀ ਇਸ ਬਚਨ ਦੀ ਪਾਲਣਾ ਕਰਦੇ ਰਹੇ। ਇੱਕ ਵਾਰੀ ਨੌਸ਼ਹਿਰੇ ਦੀ ਪਲਟਨ ਮੋਰਚੇ ਨੂੰ ਗਈ। ਜਿਸ ਵਿੱਚ ਵੀਹ ਪੰਝੀ ਸਿੱਖ ਸਿਪਾਹੀ ਬਾਬਾ ਜੀ ਦੇ ਪ੍ਰੇਮੀ ਵੀ ਨਾਲ ਸਨ। ਉਨ੍ਹਾਂ ਦਾ ਵੱਡਾ ਅਫ਼ਸਰ ਅੰਗਰੇਜ਼ ਸੀ। ਜਦੋਂ ਇਹ ਮਰਦਾਨ ਸਟੇਸ਼ਨ ਤੇ ਪੁੱਜੇ ਤਾਂ ਉਹ ਕਹਿਣ ਲੱਗੇ, ਸਾਹਬ ਏਥੇ ਇੱਕ ਪੂਰਨ ਫ਼ਕੀਰ ਦਾ ਡੇਰਾ ਹੈ। ਉਸ ਦਾ ਹੁਕਮ ਹੈ ਕਿ ਹਰ ਫੌਜੀ ਇਸ ਜਗ੍ਹਾ ਦੀ ਯਾਤਰਾਂ ਕਰਕੇ ਤੇ ਪ੍ਰਸ਼ਾਦਿ ਛਕ ਕੇ ਹੀ ਅੱਗੇ ਲੰਘੇ। ਸੋ ਆਪ ਵੀ ਉਸ ਪੂਰਨ ਮਹਾਂ ਪੁਰਸ਼ ਦੀ ਅਸੀਸ ਲੈ ਕੇ ਜਾਵੋ ਤਾਂ ਕਿ ਤੁਹਾਡੀ ਜਿੱਤ ਹੋਵੇ। ਇਹ ਅੰਗਰੇਜ਼ ਅਜੇ ਨਵਾਂ ਹੀ ਛਾਉਣੀ ਵਿੱਚ ਆਇਆ ਸੀ ਜਿਸ ਕਰਕੇ ਬਾਬਾ ਜੀ ਦੀ ਮਹਿਮਾ ਤੋਂ ਅਣਜਾਣ ਸੀ। ਇਨ੍ਹਾਂ ਫੌਜੀਆਂ ਦੀ ਗੱਲ ਸੁਣ ਕੇ ਉਹ ਹਕੂਮਤ ਦੇ ਮਦ ਵਿੱਚ ਕਹਿਣ ਲੱਗਾ ਕਿ ਚਲੋ ਅੱਗੇ ਏਥੇ ਰੁਕਣ ਦਾ ਕੋਈ ਆਰਡਰ ਨਹੀਂ। ਉਹ ਫ਼ਕੀਰ ਕੋਈ ਖ਼ੁਦਾ ਨੂੰ ਮਿਲਿਆ ਹੋਇਆ ਹੈ ਜਿਸ ਦਾ ਇਤਨਾ ਸਖਤ ਹੁਕਮ ਹੈ? ਮੈਂ ਨਹੀਂ ਜਾਣਾ। ਅੰਗਰੇਜ਼ ਦੇ ਪਾਸੋਂ ਇਸ ਤਰ੍ਹਾਂ ਦਾ ਰੁੱਖਾ ਉੱਤਰ ਸੁਣ ਕੇ ਸਾਰੇ ਹੀ ਸ਼ਰਧਾਲੂ ਉਦਾਸ ਹੋ ਗਏ। ਪਰ ਉਨ੍ਹਾਂ ਵਿਚਾਰਿਆਂ ਦਾ ਵੱਸ ਕੋਈ ਨਹੀਂ ਚੱਲ ਸਕਿਆ। ਸੰਤਾਂ ਦੇ ਦਰਸ਼ਨ ਕੀਤੇ ਬਗ਼ੈਰ ਹੀ ਇਹ ਅੱਗੇ ਜੰਗ ਨੂੰ ਚਲੇ ਗਏ। ਜਾਂਦਿਆ ਹੀ ਇਸ ਦੀ ਪਲਟਨ ਨੂੰ ਮੋਰਚੇ ਵਿੱਚ ਭੇਜਣ ਦਾ ਹੁਕਮ ਹੋ ਗਿਆ। ਦੁਸ਼ਮਣ ਦੀ ਗੋਲੀ ਨੇ ਇਨ੍ਹਾਂ ਦੀ ਹੋਸ਼ ਭੁਲਾ ਦਿੱਤੀ। ਸਾਰੀ ਪਲਟਨ ਪਹਿਲੇ ਹੱਲੇ ਹੀ ਮਾਰੀ ਗਈ। ਸਿਰਫ ਉਹੋ ਹੀ ਪ੍ਰੇਮੀ ਬਚੇ ਜੋ ਬਾਬਾ ਜੀ ਦੇ ਸ਼ਰਧਾਲੂ ਸਨ। ਉਨ੍ਹਾਂ ਤੋਂ ਜਦੋਂ ਦੂਜੇ ਅੰਗਰੇਜ਼ ਅਫ਼ਸਰਾ ਨੂੰ ਪਤਾ ਲੱਗਾ ਜੋ ਬਾਬਾ ਜੀ ਦੀ ਮਹਿਮਾ ਜਾਣਦੇ ਸਨ ਕਿ ਇਸ ਨੇ ਬਾਬਾ ਜੀ ਦਾ ਹੁਕਮ ਨਹੀਂ ਮੰਨਿਆ ਨਾ ਹੀ ਆਪ ਡੇਰੇ ਦੇ ਦਰਸ਼ਨ ਕੀਤੇ ਤੇ ਨਾ ਹੀ ਕਿਸੇ ਨੂੰ ਕਰਨ ਦਿੱਤੇ ਜਿਸ ਕਰਕੇ ਆਉਂਦਿਆਂ ਹੀ ਸਾਰੀ ਪਲਟਨ ਮਰਵਾ ਲਈ ਤਾਂ ਉਹ ਸੁਣ ਕੇ ਬੜੇ ਦੁਖੀ ਹੋਏ ਤੇ ਲੱਗੇ ਸਾਰੇ ਹੀ ਉਸ ਨੂੰ ਫਿਟਕਾਰਾ ਪਾਉਣ ਕਿ ਜਾਹ ਛੇਤੀ ਤੇ ਉਸ ਦਰਵੇਸ ਦੇ ਚਰਨ ਫੜ ਤੇ ਮੁਆਫ਼ੀ ਮੰਗ ਨਹੀਂ ਤਾਂ ਤੂੰ ਸਾਰੀਆਂ ਪਲਟਨਾਂ ਨੂੰ ਮਰਵਾ ਦੇਵੇਂਗਾ। ਉਨ੍ਹਾਂ ਤੋਂ ਸੁਣ ਕੇ ਇਹ ਵੀ ਭੈ ਭੀਤ ਹੋ ਗਿਆ। ਉਸ ਸਮੇਂ ਅੰਗਰੇਜ਼ ਅਫ਼ਸਰ ਕੁਝ ਸਿੱਖ ਸ਼ਰਧਾਲੂਆਂ ਸਮੇਤ ਬਾਬਾ ਜੀ ਦੇ ਦਰਸ਼ਨਾਂ ਲਈ ਡੇਰੇ ਆਇਆ। ਕੀਮਤੀ ਵਸਤੂਆਂ ਤੇ ਨਕਦੀ ਮਾਇਆਂ ਅਰਪ ਕੇ ਪਾਵਨ ਚਰਨਾਂ ਤੇ ਨਮਸਕਾਰ ਕਰਕੇ ਇਸ ਨੇ ਹੱਥ ਜੋੜ ਕੇ ਅਰਜ਼ ਕੀਤੀ, "ਮਹਾਰਾਜ! ਮੈਂ ਹਜ਼ੂਰ ਦੀ ਮਹਿਮਾ ਤੋਂ ਅਣਜਾਣ ਸਾਂ ਜਿਸ ਕਰਕੇ ਆਪਣੀ ਮਨ ਮਤ ਨਾਲ ਸਾਰੀ ਪਲਟਨ ਮਰਵਾ ਲਈ। ਹੁਣ ਆਪ ਕ੍ਰਿਪਾ ਕਰੋ।" ਸੰਤਾਂ ਨੇ ਮੁਸਕਰਾ ਕੇ ਉੱਤਰ ਦਿੱਤਾ ਕਿ ਗੁਰੂ ਪੀਰਾਂ ਪਾਸ ਹੰਕਾਰ ਨਹੀਂ ਕਰੀਦਾ ਨਿੰਮ੍ਰਤਾ ਅਤੇ ਸ਼ਰਧਾ ਰੱਖੀਦੀ ਹੈ। ਜਾਉ ਤੁਹਾਡੀ ਜਿੱਤ ਹੋਵੇਗੀ। ਗੁਰੂ ਘਰ ਤੇ ਸ਼ਰਧਾ ਰੱਖੋ ਸੰਤਾਂ ਤੋਂ ਅਸੀਸਾਂ ਲੈ ਕੇ ਇਹ ਫਿਰ ਮੋਰਚੇ ਵਿੱਚ ਪੁੱਜੇ ਅਤੇ ਇਹੋ ਜਿਹਾ ਜੰਗ ਲੜਿਆ ਕਿ ਦੁਸ਼ਮਣਾ ਨੂੰ ਭਾਜੜਾ ਪਾ ਦਿੱਤੀਆਂ। ਉਹ ਆਪਣੇ ਜਖ਼ਮੀਆਂ ਨੂੰ ਵੀ ਨਹੀਂ ਸੰਭਾਲ ਸਕੇ ਤੇ ਜਾਨਾਂ ਬਚਾ ਕੇ ਭੱਜ ਗਏ। ਉਨ੍ਹਾਂ ਦਾ ਬਹੁਤ ਸਾਰਾ ਸਮਾਨ ਇਨ੍ਹਾਂ ਦੇ ਹੱਥ ਆਇਆ ਤੇ ਜਿੱਤ ਦੇ ਨਗਾਰੇ ਵਜਾਉਂਦੇ ਹੋਏ ਵਾਪਸ ਆਏ। ਬਾਬਾ ਜੀ ਦਾ ਦਰਸ਼ਨ ਕੀਤਾ ਭੇਟਾ ਅਰਪੀ ਤੇ ਅੱਗੇ ਵਾਸਤੇ ਪੂਰਨ ਸ਼ਰਧਾਲੂ ਬਣੇ। ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

# ਨਿੰਮ੍ਰਤਾ ਦਾ ਲਾਭ

ਇੱਕ ਸਮੇਂ ਬਾਬਾ ਜੀ ਸ਼ਾਮ ਦੇ ਵਕਤ ਇਕੱਲੇ ਹੀ ਡੇਰੇ ਤੋਂ ਬਾਹਰ ਬਰੇਤੀ ਤੇ ਟਹਿਲ ਰਹੇ ਸਨ। ਪਾਸ ਨਿਰਮਲ ਜਲ ਦਾ ਨਾਲਾ ਚੱਲ ਰਿਹਾ ਹੈ। ਨੀਲਾ ਆਕਾਸ਼ ਤਾਰਿਆਂ ਨਾਲ ਭਰਪੂਰ ਸੀ। ਉਸ ਸਮੇਂ ਇੱਕ ਪੂਰਨ ਸ਼ਰਧਾਲੂ ਗੁਰਸਿੱਖ ਰਾਮ ਸਿੰਘ ਨਾਮੀ ਸਿਪਾਹੀ ਨੁਸ਼ਹਿਰੇ ਛਾਉਣੀ ਤੋਂ ਦਰਸ਼ਨਾਂ ਲਈ ਹਾਜ਼ਰ ਹੋਇਆ। ਭਾਵਨਾ ਨਾਲ ਦੂਰੋਂ ਡੰਡਾਉਤ ਨਮਸਕਾਰ ਕੀਤੀ ਤੇ ਹੱਥ ਜੋੜ ਕੇ ਸਾਹਮਣੇ ਖਲੋ ਗਿਆ।

ਅਰਸ਼ੀ ਦਾਤੇ ਨੇ ਮੇਹਰਾਂ ਦੇ ਘਰ ਵਿੱਚ ਆ ਕੇ ਬਚਨ ਕੀਤਾ, "ਸੁਣਾ ਬਈ ਫੌਜੀਆ ਕਿਧਰੋਂ ਆਇਆ ਹੈਂ, ਕੀ ਹਾਲ ਹੈ?" ਇਸ ਨੇ ਅਰਜ਼ ਕੀਤੀ, "ਹਜ਼ੂਰ ਆਪ ਦੀ ਬਖ਼ਸ਼ਿਸ਼ ਹੈ ਜੰਗ ਨੂੰ ਚੱਲਿਆ ਹਾਂ। ਕਿਰਪਾ ਕਰੋ ਫਿਰ ਵੀ ਆਪ ਜੀ ਦੇ ਦਰਸ਼ਨ ਹੋ ਜਾਣ।" ਸੰਤਾਂ ਕਿਹਾ, "ਫਿਰ ਕੁਝ ਇੱਛਾ ਹੈ ਤਾਂ ਦੱਸ ਲੈ।" ਉਸਨੇ ਕਿਹਾ, "ਆਪ ਜੀ ਦੀ ਕ੍ਰਿਪਾ ਹੈ।" ਸੰਤਾਂ ਫਿਰ ਕਿਹਾ, "ਦੱਸ ਸੂਬੇਦਾਰ ਬਣਾ ਦਈਏ?" ਉਸ ਨੇ ਫਿਰ ਹੱਥ ਜੋੜੇ ਤੇ ਕਿਹਾ, "ਜੀ ਆਪ ਜੀ ਦੀ ਬਖ਼ਸ਼ਿਸ਼ ਚਾਹੁੰਦਾ ਹਾਂ।" ਸੰਤਾਂ ਨੇ ਫਿਰ ਕਿਹਾ ਕਿ ਜੇ ਸੰਭਾਲ ਸਕੇ ਤਾਂ ਪੰਜ ਮੁਰੱਬੇ ਕੱਟ ਦਈਏ? ਉਸ ਨੇ ਫਿਰ ਕਿਹਾ ਕਿ ਹਜ਼ੂਰ ਆਪ ਦੀ ਮੇਹਰ ਹੈ ਸੰਤਾਂ ਨੇ ਇਸਦਾ ਦਿਲੀ ਪ੍ਰੇਮ ਤੇ ਸਾਫ਼ ਹਿਰਦਾ ਤੱਕ ਕੇ ਕਿਹਾ ਕਿ ਜੇ ਇਸੇ ਤਰ੍ਹਾਂ ਨਿੰਮ੍ਰਤਾ ਰੱਖ ਕੇ ਸੱਤ ਬਚਨ ਦਾ ਅਧਿਕਾਰੀ ਬਣਿਆ ਰਹੇਂਗਾ ਤਾਂ ਤੇਰੀ ਗੁਰੂ ਨਾਨਕ ਦੇਵ ਜੀ ਆਪ ਲੋਕ ਪ੍ਰਲੋਕ ਵਿੱਚ ਲਾਜ ਰੱਖਣਗੇ। ਲਿਆ ਕਾਗ਼ਜ਼ ਦਾ ਪੁਰਜ਼ਾ ਲਿਖ ਦਈਏ ਪੰਜ ਮੁਰੱਬੇ ਤੇ ਸੂਬੇਦਾਰੀ ਰੈਂਕ।

ਉਸ ਨੇ ਡਰਦਿਆਂ-ਡਰਦਿਆਂ ਸੰਤਾਂ ਦਾ ਬਚਨ ਮੰਨ ਕੇ ਆਪਣੀ ਜੇਬ ਵਿੱਚੋਂ ਕਾਗ਼ਜ਼ ਕਢਿਆ ਤੇ ਸੰਤਾਂ ਦੇ ਪਾਵਨ ਹਸਤ ਕਮਲਾਂ ਵਿੱਚ ਦੇ ਦਿੱਤਾ। ਉਸ ਸਮੇਂ ਮਾਤਾ ਸੁਲੱਖਣੀ ਨੂੰ ਪੁੱਤਰਾਂ ਦੀ ਬਖ਼ਸ਼ਿਸ਼ ਕਰਨ ਵਾਲੇ ਮੀਰੀ ਪੀਰੀ ਦੇ ਮਾਲਕ ਦੇ ਦਰੋਂ ਵਰੋਸਾਏ ਹੋਏ ਬਾਬਾ ਜੀ ਨੇ ਕਾਗ਼ਜ਼ ਉੱਪਰ ਪੰਜ ਮੁਰੱਬੇ ਤੇ ਸੂਬੇਦਾਰੀ ਰੈਂਕ ਲਿਖ ਕੇ ਇਸ ਦੇ ਹੱਥਾਂ ਵਿੱਚ ਦੇ ਦਿੱਤਾ ਤੇ ਕਿਹਾ ਕਿ ਇੱਕ ਗੱਲ ਯਾਦ ਰੱਖੀਂ ਸਾਰੀ ਉਮਰ ਗੁਰੂ ਘਰ ਦਾ ਦਸਵੰਧ ਨਾ ਭੁੱਲੀਂ। ਜਾਹ ਗੁਰੂ ਨਾਨਕ ਜੀ ਭਲੀ ਕਰਨਗੇ ਤੇ ਤੇਰੇ ਅੰਗ ਸੰਗ ਹੋ ਕੇ ਸਹਾਇਤਾ ਕਰਨਗੇ।

ਇਹ ਹਜ਼ੂਰ ਦੀ ਬਖ਼ਸ਼ਿਸ਼ ਪਾ ਕੇ ਨੌਸ਼ਹਿਰੇ ਛਾਉਣੀ ਵਿੱਚ ਆਇਆ ਤੇ ਉੱਥੋਂ ਆਪਣੀ ਪਲਟਨ ਸਮੇਤ ਮੋਰਚੇ ਵਿੱਚ ਚਲਾ ਗਿਆ। ਸੰਤਾਂ ਦੀ ਮਿਹਰ ਨਾਲ ਨਿਰਭੈ ਹੋ ਕੇ ਦੁਸ਼ਮਣਾਂ ਵੱਲ ਗੋਲੀਆਂ ਚਲਾਉਂਦਾ ਰਿਹਾ। ਉਸ ਸਮੇਂ ਦੁਸ਼ਮਣ ਦਾ ਜ਼ੋਰ ਪੈ ਗਿਆ ਤੇ ਇਨ੍ਹਾਂ ਦੀ ਪਲਟਨ ਪਿੱਛੇ ਹਟਣ ਲੱਗੀ ਪਰ ਇੱਕ ਸਿਪਾਹੀ ਦੀ ਚਲਾਈ ਹੋਈ ਗੋਲੀ ਪਿੱਛੇ ਹਟਦੇ ਕਰਨਲ ਦੇ ਪੈਰ ਵਿੱਚ ਲੱਗੀ ਜਿਸ ਕਰਕੇ ਡਰਦੇ ਹੋਏ ਫੌਜੀ ਮੋਰਚਾ ਛੱਡ ਕੇ ਦੌੜ ਆਏ, ਪਰ ਇਸ ਨੇ ਬੜੀ ਬਹਾਦਰੀ ਨਾਲ ਵੈਰੀ ਦਾ ਮੁਕਾਬਲਾ ਕੀਤਾ ਪਰ ਜਦੋਂ ਦੇਖਿਆ ਕਿ ਮੇਰੇ ਕੋਲ ਤਾਂ 'ਐਮੋਨੀਸ਼ਨ' ਵੀ ਖਤਮ ਹੋਣ ਵਾਲਾ ਹੈ ਤਾਂ ਉਸ ਸਮੇਂ ਜ਼ਖ਼ਮੀ ਕਰਨਲ ਨੂੰ ਆਪਣੀ ਪਿੱਠ ਤੇ ਚੁੱਕ ਕੇ ਇਹ ਵੀ ਪਿੱਛੇ ਨੂੰ ਹਟ ਆਇਆ ਤੇ ਉਸ ਤੰਬੂ ਵਿੱਚ ਲਿਜਾ ਉਤਾਰਿਆ ਜਿੱਥੇ ਹੋਰ ਜ਼ਖ਼ਮੀਆਂ ਦੀ ਸੰਭਾਲ ਹੋ ਰਹੀ ਸੀ। ਇਸ ਦੀ ਬਹਾਦਰੀ ਦੇਖ ਕੇ ਸਾਰੇ ਅਫਸਰ ਖ਼ੁਸ਼ ਹੋ ਗਏ ਤੇ ਇਸ ਨੂੰ ਸੂਬੇਦਾਰੀ ਦਾ ਅਹੁਦਾ ਤੇ ਪੰਜ ਮੁਰੱਬੇ ਇਨਾਮ ਦੇ ਬਖ਼ਸ਼ ਦਿੱਤੇ।

ਜੰਗ ਖ਼ਤਮ ਹੋਣ ਤੋਂ ਬਾਅਦ ਇਹ ਸਭ ਤੋਂ ਪਹਿਲਾਂ ਹੋਤੀ ਡੇਰੇ ਸੰਤਾਂ ਦੇ ਚਰਨਾਂ ਵਿੱਚ ਹਾਜ਼ਰ ਹੋਇਆ, ਭੇਟਾ ਅਰਪ ਕੇ ਨਮਸਕਾਰ ਕੀਤੀ ਤੇ ਹਜ਼ੂਰ ਦੀ ਬਖ਼ਸ਼ਿਸ ਦਾ ਸਾਰਿਆਂ ਪਾਸ ਜ਼ਿਕਰ ਕੀਤਾ। ਕੁਝ ਸਮਾਂ ਡੇਰੇ ਰਹਿ ਕੇ ਹਜ਼ੂਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਫਿਰ ਆਗਿਆ ਪਾ ਕੇ ਪਲਟਨ ਵਿੱਚ ਹਾਜ਼ਰ ਹੋ ਗਿਆ। ਥੋੜ੍ਹੇ ਸਮੇਂ ਤੋਂ ਬਾਅਦ ਹੀ ਉਸ ਦੀ ਸੂਬੇਦਾਰੀ ਪੈਨਸ਼ਨ ਹੋ ਗਈ। ਫਿਰ ਤਾਂ ਸ਼ਰਧਾਲੂ ਬਣ ਕੇ ਸਾਰੀ ਉਮਰ ਡੇਰੇ ਨੂੰ ਦਸਵੰਧ ਦਿੰਦਾ ਰਿਹਾ ਤੇ ਬਾਬਾ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦਾ ਰਿਹਾ।

## ਡਾਕੂਆਂ ਤੋਂ ਫੌਜੀਆਂ ਦੀ ਰੱਖਿਆ ਕਰਨੀ

ਡੇਰੇ ਦੀ ਯਾਤਰਾ ਕਰਨ ਵਾਲੇ ਹਰ ਇੱਕ ਮਾਈ ਭਾਈ ਨੂੰ ਹਜ਼ੂਰ ਦਾ ਇਹ ਹੁਕਮ ਸੀ ਕਿ ਜੋ ਵੀ ਪ੍ਰੇਮੀ ਗੁਰੂ ਦੀ ਸਾਧ ਸੰਗਤ ਵਿੱਚ ਆਵੇ ਉਹ ਸਾਦੇ ਲਿਬਾਸ ਤੇ ਖੁਲ੍ਹੇ ਮੂੰਹ ਦਰਸ਼ਨ ਕਰੇ। ਕਈ ਪ੍ਰੇਮੀਆਂ ਨੇ ਅਰਜ਼ ਕੀਤੀ ਕਿ ਮਹਾਰਾਜ ਜੇਕਰ ਰਸਤੇ ਵਿੱਚ ਡਾਕੂ ਲੁਟੇਰੇ ਮਿਲ ਜਾਵਣ ਤਾਂ ਕੀ ਕੀਤਾ ਜਾਵੇ? ਉਸ ਸਮੇਂ ਸੰਤਾਂ ਨੇ ਉੱਤਰ ਦਿੱਤਾ, "ਜੋ ਵੀ ਸ਼ਰਧਾਲੂ ਸਾਡੇ ਪਾਸ ਆ ਰਿਹਾ ਹੈ ਉਹ ਰਸਤੇ ਵਿੱਚ ਕਿਸੇ ਦਾ ਭੈ ਨਾ ਕਰੇ ਅਤੇ ਡਾਕੂ ਲੁਟੇਰਿਆਂ ਨੂੰ ਦੇਖ ਕੇ ਲੁਕਣ ਛਿਪਣ ਦਾ ਯਤਨ ਨਾ ਕਰੇ ਸਿੱਧਾ ਸਾਡੇ ਪਾਸ ਨਿਧੜਕ ਹੋ ਕੇ ਆ ਜਾਵੇ। ਉਹ ਕਿਸੇ ਦੀ ਵੀ ਨਿਗਾਹ ਨਹੀਂ ਪਵੇਗਾ।" ਇਉਂ ਹਜ਼ੂਰ ਦੀ ਰਸਨਾ ਤੋਂ ਪਾਵਨ ਬਚਨ ਸੁਣ ਕੇ ਸਾਰੇ ਹੀ ਪ੍ਰੇਮੀ ਪ੍ਰਸੰਨ ਹੋਏ। ਫਿਰ ਉਸ ਦਿਨ ਤੋਂ ਬਾਅਦ ਕਿਸੇ ਵੀ ਸੱਜਣ ਨੂੰ ਕਿਸੇ ਕਿਸਮ ਦਾ ਦੁਖ ਨਾ ਹੋਇਆ। ਮਰਦਾਨ ਅਤੇ ਨੌਸ਼ਹਿਰਾ ਛਾਉਣੀ ਤੋਂ ਫੌਜੀ ਬਾਬਾ ਜੀ ਦੇ ਦਰਸ਼ਨਾਂ ਲਈ ਆਉਂਦੇ। ਉਹ ਵੀ ਕਿਸੇ ਪਠਾਣ ਤੋਂ ਭੈ ਨਾ ਕਰਦੇ, ਨਾ ਕੋਈ ਸੰਗਤ ਦਾ ਸਰੀਰ ਹੀ ਉਨ੍ਹਾਂ ਤੋਂ ਡਰ ਕੇ ਭੱਜਣ ਦੀ ਕੋਸ਼ਿਸ਼ ਕਰਦਾ।

ਇੱਕ ਸਮੇਂ ਨੌਸ਼ਹਿਰਾ ਛਾਉਣੀ ਤੋਂ ਚਾਰ ਪੰਜ ਫੌਜੀ ਬਾਬਾ ਜੀ ਦੇ ਦਰਸ਼ਨਾਂ ਲਈ ਡੇਰੇ ਵੱਲ ਆ ਰਹੇ ਸਨ। ਜਦੋਂ ਮਰਦਾਨ ਸਟੇਸ਼ਨ ਤੇ ਉੱਤਰ ਕੇ ਡੇਰੇ ਵੱਲ ਨੂੰ ਆਏ ਤਾਂ ਉਸ ਸਮੇਂ ਕੁਝ ਅੰਧੇਰਾ ਸੀ। ਰਸਤੇ ਵਿੱਚ ਚਾਰ ਹਥਿਆਰ ਬੰਦ ਡਾਕੂ ਬੈਠੇ ਸਨ। ਪਹਿਲਾਂ ਤਾਂ ਇਨ੍ਹਾਂ ਨੂੰ ਕੁਝ ਪਤਾ ਹੀ ਨਾ ਲੱਗਾ ਪਰ ਜਦੋਂ ਪਾਸ ਆਏ ਤਾਂ ਇਨ੍ਹਾਂ ਦੀ ਨਿਗਾਹ ਸ਼ਾਸਤਰ ਪਕੜੀ ਬੈਠੇ ਡਾਕੂਆਂ ਤੇ ਪੈ ਗਈ। ਇੱਕ ਦਮ ਸਰੀਰ ਦਾ ਖ਼ੂਨ ਸੁਕ ਗਿਆ ਤੇ ਭੈ-ਭੀਤ ਹੋਏ ਰਸਤਾ ਛੱਡ ਕੇ ਪਿੱਛੇ ਹਟ ਗਏ ਅਤੇ ਦੂਰ ਚਲੇ ਗਏ। ਪਿੱਛੇ ਹੀ ਚਾਰੇ ਡਾਕੂ ਪਠਾਣ ਭੱਜ ਗਏ। ਉਹ ਫੌਜੀ ਝਾੜੀਆਂ ਵਿੱਚ ਜਾ ਲੁੱਕੇ ਅਤੇ ਸੋਚਿਆ ਕਿ ਹੁਣ ਤਾਂ ਅਸੀਂ ਬਚ ਗਏ ਹਾਂ। ਇੱਥੋਂ ਸਾਨੂੰ ਕੋਈ ਲੱਭ ਨਹੀਂ ਸਕੇਗਾ। ਪਰ ਉਹ ਪਠਾਣ ਉੱਥੇ ਵੀ ਚਲੇ ਗਏ ਤੇ ਚਾਰੇ ਹੀ ਜਾ ਘੇਰੇ। ਜਦੋਂ ਫੌਜੀਆਂ ਨੇ ਡਾਕੂਆਂ ਨੂੰ ਆਪਣੇ ਸਿਰ ਤੇ ਆਇਆ ਜਾਣਿਆ ਤਾਂ ਉਸ ਸਮੇਂ ਬਾਬਾ ਕਰਮ ਸਿੰਘ ਜੀ ਮਹਾਰਾਜ ਨੂੰ ਯਾਦ ਕੀਤਾ ਕਿ ਗ਼ਰੀਬ ਨਿਵਾਜ਼! ਤੁਸੀਂ ਹੁਣ ਆਪਣੇ ਬਿਰਦ ਬਾਣੇ ਦੀ ਲਾਜ ਰਖੋ ਅਤੇ ਉੱਚੀ ਆਵਾਜ਼ ਨਾਲ ਬਾਬਾ ਜੀ ਦਾ ਨਾਮ ਲੈ ਕੇ ਦੁਹਾਈ ਪਾਈ।

ਸੰਤਾਂ ਦੀ ਕ੍ਰਿਪਾ ਦਾ ਸਦਕਾ ਹਜ਼ੂਰ ਦਾ ਨਾਮ ਸੁਣ ਕੇ ਡਾਕੂਆਂ ਦੇ ਹਿਰਦੇ ਕੰਬ ਗਏ ਕਿਉਂਕਿ ਇਹ ਵੀ ਬਾਬਾ ਜੀ ਦੀ ਸ਼ਕਤੀ ਨੂੰ ਜਾਣਦੇ ਸਨ। ਉਸ ਸਮੇਂ ਡਾਕੂਆਂ ਨੇ ਫੌਜੀਆਂ ਨੂੰ ਪੁੱਛਿਆ ਕਿ ਤੁਸੀਂ ਵੀ ਪੀਰ ਜੀ ਦੇ ਡੇਰੇ ਨੂੰ ਜਾਣਾ ਹੈ? ਉਨ੍ਹਾਂ ਨੇ ਕਿਹਾ ਹਾਂ। ਇਹ ਕਹਿਣ ਲੱਗੇ ਚੰਗਾ ਚਲੇ ਜਾਉ ਫਿਰ ਅਸੀਂ ਤੁਹਾਨੂੰ ਕੁਝ ਨਹੀਂ ਕਹਿੰਦੇ। ਉਨ੍ਹਾਂ ਡਾਕੂਆਂ ਤੋਂ ਇਹੋ ਜਿਹੇ ਬਚਨ ਸੁਣ ਕੇ ਉਨ੍ਹਾਂ ਫੌਜੀਆਂ ਦੀ ਜਾਨ ਵਿੱਚ ਜਾਨ ਆਈ ਤੇ ਪ੍ਰਸੰਨ ਚਿੱਤ ਬਾਬਾ ਜੀ ਦਾ ਜਸ ਕਰਦੇ ਡੇਰੇ ਨੂੰ ਚਲੇ ਗਏ। ਉਸ ਸਮੇਂ ਬਾਬਾ ਜੀ ਦੀਵਾਨ ਵਿੱਚ ਬਿਰਾਜਮਾਨ ਸਨ। ਜਦੋਂ ਇਨ੍ਹਾਂ ਨੇ ਹਜ਼ੂਰੀ ਵਿੱਚ ਆ ਕੇ ਭੇਟਾ ਅਰਪ ਕੇ ਨਮਸਕਾਰ ਕੀਤੀ ਤਾਂ ਸੰਤਾਂ ਨੇ ਹੱਸ ਕੇ ਕਿਹਾ ਕਿ ਹੁਣ ਭੱਜ ਕੇ ਬਚ ਗਏ। ਤੁਹਾਨੂੰ ਜਦੋਂ ਇੱਕ ਵਾਰੀ ਕਹਿ ਦਿੱਤਾ ਕਿ ਪਾਸ ਆਉਣ ਵਾਲਾ ਪ੍ਰੇਮੀ ਕਿਸੇ ਪ੍ਰਕਾਰ ਦਾ ਡਰ ਨਾ ਕਰੇ ਅਸੀਂ ਤੁਹਾਡੇ ਆਪ ਜ਼ੁਮੇਵਾਰ ਹਾਂ। ਪਰ ਤੁਸੀਂ ਫਿਰ ਵੀ ਨਹੀਂ ਸਮਝਦੇ ਨਾਲੇ ਆਪ ਦੁਖੀ ਹੁੰਦੇ ਹੋ ਨਾਲੇ ਸਾਨੂੰ ਖੇਚਲ ਦਿੰਦੇ ਹੋ। ਹਜ਼ੂਰ ਦੀ ਰਸਨਾ ਤੋਂ ਇਸ ਤਰ੍ਹਾਂ ਦੇ ਬਚਨ ਸੁਣਕੇ ਉਨ੍ਹਾਂ ਨੇ ਹੱਥ ਜੋੜੇ ਤੇ ਮੁਆਫ਼ੀ ਮੰਗੀ। ਫਿਰ ਅੱਗੇ ਵਾਸਤੇ ਕਦੇ ਵੀ ਕਿਸੇ ਤੋਂ ਡਰ ਨਹੀਂ ਕੀਤਾ।

## ਸਾਦੇ ਲਿਬਾਸ ਵਿੱਚ ਦਰਸ਼ਨ ਕਰਨ ਦਾ ਉਪਦੇਸ਼

ਇਸੇ ਤਰ੍ਹਾਂ ਇੱਕ ਹੋਰ ਡੇਰੇ ਦੀ ਸ਼ਰਧਾਲੂ ਬੀਬੀ ਰਤਨ ਕੌਰ ਬਾਬਾ ਜੀ ਦੇ ਦਰਸ਼ਨ ਕਰਨ ਆਇਆ ਕਰਦੀ ਸੀ। ਇੱਕ ਦਿਨ ਇਹ ਸਰੀਰ ਤੇ ਕੀਮਤੀ ਬਸਤਰ ਪਾ ਕੇ ਗਹਿਣੇ ਪਹਿਨ ਕੇ ਆਪਣੇ ਘਰੋਂ ਚੱਲੀ। ਇਸ ਦਾ ਘਰ ਡੇਰੇ ਤੋਂ ਤਿੰਨ ਮੀਲਾ ਦੇ ਫਾਸਲੇ ਤੇ ਸੀ। ਸਵੇਰ ਦਾ ਟਾਇਮ ਸੀ ਇਹ ਇਕੱਲੀ ਹੀ ਘਰੋਂ ਇਸ਼ਨਾਨ ਕਰਕੇ ਚੱਲ ਪਈ ਪਰ ਜਦੋਂ ਅੱਧੀ ਵਾਟ ਆਈ ਤਾਂ ਅੱਗੋਂ ਚਾਰ ਪਠਾਣ ਮਿਲ ਗਏ। ਉਨ੍ਹਾਂ ਨੇ ਦੂਰੋਂ ਹੀ ਗਹਿਣਿਆਂ ਦੀ ਝੁਨਕਾਰ ਸੁਣ ਕੇ ਆਪਣੀਆਂ ਦੋ ਪਾਰਟੀਆਂ ਬਣਾ ਲਈਆਂ। ਦੋ ਰਸਤੇ ਦੇ ਅੱਗੇ ਹੋ ਗਏ ਦੋ ਪਿੱਛੇ ਲੱਗ ਤੁਰੇ।

ਜਦੋਂ ਇਹ ਬੀਬੀ ਉਨ੍ਹਾਂ ਚੌਹਾਂ ਦੇ ਵਿਚਕਾਰ ਘੇਰੀ ਗਈ ਤਾਂ ਇਸ ਨੇ ਬਾਬਾ ਕਰਮ ਸਿੰਘ ਜੀ ਨੂੰ ਯਾਦ ਕੀਤਾ ਅਤੇ ਆਖਿਆ, "ਦਾਤਾ! ਆਪ ਜੀ ਦਾ ਬਚਨ ਹੈ ਕਿ ਡੇਰੇ ਆਉਣ ਵਾਲਿਆਂ ਨੂੰ ਕਿਸੇ ਦਾ ਕੋਈ ਭੈ ਨਹੀਂ। ਆਪ ਇਨ੍ਹਾਂ ਜ਼ਾਲਮਾਂ ਤੋਂ ਮੈਨੂੰ ਬਚਾਉ।" ਜਦੋਂ ਇਸ ਨੇ ਅਰਜ਼ ਕੀਤੀ ਤਾਂ ਕੀ ਤੱਕਿਆ ਕਿ ਇੱਕ ਘੋੜ ਅਸਵਾਰ ਫੌਜੀ ਜਿਸਨੇ ਸ਼ਾਸ਼ਤਰ ਧਾਰਨ ਕੀਤੇ ਹੋਏ ਹਨ। ਇਸਦੇ ਅੱਗੇ-ਅੱਗੇ ਜਾ ਰਿਹਾ ਹੈ। ਇਸਨੂੰ ਹੌਸਲਾ ਹੋ ਗਿਆ ਤੇ ਕਾਹਲੀ ਨਾਲ ਡੇਰੇ ਵੱਲ ਕਦਮ ਪੁੱਟਣ ਲੱਗੀ। ਏਧਰੋਂ ਪਠਾਣ ਇਸਨੂੰ ਲੁੱਟਣ ਵਾਸਤੇ ਅੱਗੇ ਵਧੇ ਤਾਂ ਇਨ੍ਹਾਂ ਨੇ ਕੀ ਦੇਖਿਆ ਕਿ ਚਾਰ ਸਿੱਖ ਸਿਪਾਹੀ ਬੰਦੂਕਾਂ ਸਮੇਤ ਇਸਦੇ ਨਾਲ ਜਾ ਰਹੇ ਹਨ। ਪਠਾਣ ਹੈਰਾਨ ਹੋ ਗਏ ਕਿ ਇਹ ਕੀ ਭਾਣਾ ਵਰਤਿਆ ਹੁਣ ਤਾਂ ਇਹ ਇਕੱਲੀ ਜਾਂਦੀ ਸੀ ਆਹ ਹੋਰ ਚਾਰ ਕਿਥੋਂ ਆ ਗਏ। ਇਉਂ ਸੋਚਦੇ ਮਗਰ ਹੀ ਲੱਗ ਤੁਰੇ ਤੇ ਡੇਰੇ ਪਹੁੰਚ ਗਏ। ਉਹ ਘੋੜ ਅਸਵਾਰ ਫੌਜੀ ਤਾਂ ਡੇਰੇ ਦੇ ਕੋਲ ਆ ਕੇ ਛਪਨ ਹੋ ਗਿਆ। ਫਿਰ ਇਨ੍ਹਾਂ ਪਠਾਣਾਂ ਨੂੰ ਵੀ ਬੀਬੀ ਦਾ ਸਰੀਰ ਇਕੱਲਾ ਹੀ ਦਿਸਣ ਲੱਗਾ। ਅੱਗੇ ਸੰਤਾਂ ਦਾ ਦੀਵਾਨ ਸਜਿਆ ਹੋਇਆ ਸੀ। ਬੀਬੀ ਨੇ ਹਜ਼ੂਰ ਦੇ ਪਾਵਨ ਚਰਨਾਂ ਤੇ ਮੱਥਾ ਟੇਕਿਆ ਤੇ ਦੀਵਾਨ ਵਿੱਚ ਬੈਠ ਗਈ। ਉਹ ਪਠਾਣ ਵੀ ਡਰਦੇ-ਡਰਦੇ ਅੱਗੇ ਆਏ ਤੇ ਸਿਜਦਾ ਕੀਤਾ।

ਉਸ ਸਮੇਂ ਸੰਤਾਂ ਨੇ ਬਚਨ ਕੀਤਾ ਕਿ, "ਬੀਬੀ! ਏਥੇ ਸਾਧੂਆਂ ਦੇ ਦਰਸ਼ਨਾਂ ਲਈ ਆਈ ਹੈ ਕਿ ਭਤੀਜੇ ਦੇ ਵਿਆਹ ਚੱਲੀ ਹੈ?" ਸਾਰੀ ਸੰਗਤ ਹੈਰਾਨ ਹੋ ਗਈ ਤੇ ਬੀਬੀ ਵੀ ਭੈ ਭੀਤ ਹੋ ਕੇ ਕੰਬਣ ਲੱਗੀ। ਸੰਤਾਂ ਨੇ ਕਿਹਾ ਕਿ ਜਦੋਂ ਤੁਹਾਨੂੰ ਸਾਰਿਆਂ ਨੂੰ ਇੱਕ ਵਾਰੀ ਹੁਕਮ ਕਰ ਦਿੱਤਾ ਕਿ ਕੋਈ ਵੀ ਮਾਈ ਭਾਈ ਡੇਰੇ ਨੂੰ ਆਉਣ ਲੱਗਿਆ ਸਰੀਰ ਤੇ ਗਹਿਣੇ ਗੱਟੇ ਤੇ ਕੀਮਤੀ ਬਸਤਰ ਨਾ ਪਹਿਨੇ, ਸਾਦਾ ਲਿਬਾਸ ਰੱਖੇ, ਖ਼ਾਸ ਕਰਕੇ ਬੀਬੀਆਂ ਨੂੰ ਤਾਂ ਇਹ ਹਦਾਇਤ ਹੈ ਕਿ ਕੋਈ ਵੀ ਬੱਚੀ ਇਕੱਲੀ ਦਰਸ਼ਨਾਂ ਨੂੰ ਨਾ ਆਵੇ। ਆਪਣੇ ਪਿਉ, ਪਤੀ, ਭਰਾ ਜਾ ਹੋਰ ਸੰਗਤ ਦੇ ਨਾਲ ਆਵੇ, ਫਿਰ ਤੁਸੀਂ ਸਾਡਾ ਬਚਨ ਕਿਉਂ ਨਹੀਂ ਮੰਨਦੇ। ਤਦੇ ਹੀ ਦੁਖੀ ਹੁੰਦੇ ਹੋ। ਬੀਬੀ ਨੇ ਖੜ੍ਹੀ ਹੋ ਕੇ ਗਲ ਪੱਲੂ ਪਾਇਆ, ਹੱਥ ਜੋੜੇ ਅਤੇ ਅਰਜ਼ ਕੀਤੀ, "ਦਾਤਾ! ਭੁੱਲ ਮੁਆਫ਼ ਕਰ ਦਿਉ ਅੱਗੇ ਵਾਸਤੇ ਇਸ ਤਰ੍ਹਾਂ ਨਹੀਂ ਹੋਵੇਗਾ।" ਸੰਤਾਂ ਨੇ ਉਨ੍ਹਾਂ ਹਜ਼ੂਰੀ ਵਿੱਚ ਬੈਠੇ ਪਠਾਣਾਂ ਨੂੰ ਸੁਮੱਤ ਬਖ਼ਸ਼ਣ ਵਾਸਤੇ ਹੁਕਮ ਕੀਤਾ ਕਿ, ਬੱਚੂ! ਰੋਟੀ ਦਾ ਟੁਕੜਾ ਦੇਖ ਕੇ ਹੀ ਕੁੱਤੇ ਮਗਰ ਲੱਗਦੇ ਹਨ। ਜੇ ਰੋਟੀ ਦਾ ਟੁਕੜਾ ਹੀ ਕੋਲ ਨਾ ਹੋਵੇ ਤਾਂ ਫਿਰ ਕੁਤਿਆਂ ਨੇ ਕਾਹਨੂੰ ਮਗਰ ਲੱਗਣਾ ਅਤੇ ਭੌਂਕਣਾ ਹੋਇਆ।

ਹੁਣ ਇਉਂ ਕਰ ਕਿ ਇਹ ਗਹਿਣੇ ਪਠਾਣਾਂ ਨੂੰ ਲਾਹ ਕੇ ਦੇ ਦੇਹ ਤੇ ਅੱਗੇ ਵਾਸਤੇ ਸਾਦੇ ਲਿਬਾਸ ਵਿੱਚ ਡੇਰੇ ਆਵੀਂ। ਹਜ਼ੂਰ ਦੀ ਪਾਵਨ ਰਸਨਾਂ ਤੋਂ ਇਹ ਬਚਨ ਸੁਣਕੇ ਬੀਬੀ ਨੇ ਉਸੇ ਸਮੇਂ ਹੀ ਗਹਿਣੇ ਲਾਹ ਕੇ ਸੰਤਾਂ ਦੇ ਚਰਨਾਂ ਵਿੱਚ ਰੱਖ ਦਿੱਤੇ ਅਤੇ ਅੱਗੇ ਲਈ ਮੁਆਫ਼ੀ ਮੰਗੀ। ਉਸ ਸਮੇਂ ਬਾਬਾ ਜੀ ਨੇ ਉਨ੍ਹਾਂ ਪਠਾਣਾਂ ਨੂੰ ਆਵਾਜ਼ ਮਾਰ ਕੇ ਆਖਿਆ ਕਿ ਆਹ ਲਉ ਬਈ ਚੁੱਕ ਲਉ ਇਹ ਮਿੱਟੀ, ਕਿਉਂਕਿ ਇਹ ਵੀ ਇੱਕ ਮਿੱਟੀ ਹੀ ਹੈ ਭਾਵ ਮਿੱਟੀ ਵਿੱਚੋਂ ਨਿਕਲੀ ਹੋਈ ਇੱਕ ਧਾਤ ਅਤੇ ਸੱਤ ਪੁਰਸ਼ਾਂ ਦੀ ਨਜ਼ਰ ਵਿੱਚ। ਵਾਸਤਵ ਰੂਪ ਤੇ ਹੈ ਵੀ ਮਿੱਟੀ ਹੀ:

ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ (ਪੰਨਾ ੨੭੫)

ਇਸ ਮਾਇਆ ਵਾਸਤੇ ਹੀ ਤੁਸੀਂ ਆਪਣੇ ਧਰਮ ਅਧਰਮ ਤੇ ਪਾਪ ਨੂੰ ਨਹੀਂ ਜਾਣਦੇ, ਆਹ ਸਾਂਭ ਲਉ। ਸੰਤਾਂ ਦੇ ਬਚਨ ਸੁਣ ਕੇ ਉਨ੍ਹਾਂ ਚੌਹਾਂ ਪਠਾਣਾਂ ਦੀਆਂ ਭੁੱਬਾਂ ਨਿਕਲ ਗਈਆਂ। ਉਸ ਸਮੇਂ ਸਾਰੀ ਸੰਗਤ ਵਿੱਚ ਇਨ੍ਹਾਂ ਨੇ ਹੱਥ ਜੋੜ ਕੇ ਮੁਆਫ਼ੀ ਮੰਗੀ ਅਤੇ ਅੱਗੇ ਲਈ ਨੇਕ ਬਣ ਗਏ। ਗੁਰੂ ਘਰ ਨੂੰ ਆਉਣ ਵਾਲੀ ਸ਼ਰਧਾਵਾਨ ਸੰਗਤ ਦੀ ਰਾਖੀ ਕਰਦੇ ਅਤੇ ਨਾਲ ਆ ਕੇ ਡੇਰੇ ਛੱਡ ਜਾਂਦੇ।

## ਰਿਸ਼ਵਤ ਲੈਣ ਵਾਲੇ ਜੱਜ ਨੂੰ ਉਪਦੇਸ਼

ਬਾਬਾ ਕਰਮ ਸਿੰਘ ਜੀ ਮਹਾਰਾਜ ਦਾ ਤੇਜ਼ ਪ੍ਰਤਾਪ ਵਧਦਾ ਦੇਖ ਕੇ ਅਤੇ ਕਰਾਮਾਤ ਦਾ ਪ੍ਰਤੱਖ ਨਜ਼ਾਰਾ ਤੱਕ ਕੇ ਇਲਾਕੇ ਦੇ ਸਾਰੇ ਹਿੰਦੂ ਤੇ ਮੁਸਲਮਾਨ ਸ਼ਰਧਾਲੂ ਬਣ ਗਏ। ਇੱਕ ਸਮੇਂ ਹਜ਼ੂਰ ਦੀ ਸ਼ੁਹਰਤ ਸੁਣ ਕੇ ਮਰਦਾਨ ਜ਼ਿਲ੍ਹੇ ਦਾ ਵੱਡਾ ਅਫ਼ਸਰ ਸੈਸ਼ਨ ਜੱਜ ਬਾਬਾ ਜੀ ਦੇ ਦਰਸ਼ਨਾਂ ਨੂੰ ਆਇਆ ਪਰ ਆਇਆ ਆਪਣੇ ਪਾਪਾਂ ਨੂੰ ਛੁਪਾਉਣ ਵਾਸਤੇ ਕਿਉਂਕਿ ਇਸ ਨੇ ਹਫ਼ਤਾ ਪਹਿਲਾਂ ਪੰਜ ਖ਼ੂਨੀ ਫਾਸੀ ਦੀ ਸਜ਼ਾ ਦੇ ਲਾਇਕ ਛੱਡੇ ਸਨ ਅਤੇ ਉਨ੍ਹਾਂ ਤੋਂ ਇੱਕ ਲੱਖ ਰੁਪਿਆ ਰਿਸ਼ਵਤ ਦਾ ਲਿਆ ਸੀ, ਜਿਸ ਕਰਕੇ ਉਸੇ ਦਿਨ ਤੋਂ ਇਸ ਨੂੰ ਰਾਤ ਨੂੰ ਸੌਣ ਲਗਿਆਂ ਬੜਾ ਡਰ ਲੱਗਿਆ ਕਰੇ। ਸੋਚਿਆ ਕਿ ਇਸ ਮਾਇਆ ਵਿੱਚੋਂ ਕੁਝ ਦਾਨ ਪੁੰਨ ਕਰ ਦਿਆਂ ਜਿਸ ਕਰਕੇ ਮੈਨੂੰ ਅੱਗੇ ਪ੍ਰਲੋਕ ਵਿੱਚ ਵੀ ਰਿਸ਼ਵਤ ਲੈਣ ਦਾ ਦੰਡ ਨਾ ਮਿਲੇ।

ਇਉਂ ਵਿਚਾਰ ਕੇ ਦਸ ਹਜ਼ਾਰ ਰੁਪਏ ਦੀਆਂ ਦਸ ਥੈਲੀਆਂ ਆਪਣੇ ਨੌਕਰਾਂ ਤੋਂ ਚੁਕਵਾ ਕੇ ਡੇਰੇ ਲਿਆਇਆ। ਭਰੇ ਦੀਵਾਨ ਵਿੱਚ ਬਾਬਾ ਜੀ ਨੂੰ ਨਮਸਕਾਰ ਕੀਤੀ ਤੇ ਮਾਇਆ ਅੱਗੇ ਰੱਖੀ। ਸੰਤਾਂ ਨੇ ਇਸ ਪਾਸੇ ਵੱਲ ਧਿਆਨ ਹੀ ਨਾ ਕੀਤਾ ਕਾਫ਼ੀ ਸਮਾਂ ਪਾਸ ਹੀ ਖੜ੍ਹਾ ਰਿਹਾ। ਫਿਰ ਸੇਵਾਦਾਰਾਂ ਦੇ ਕਹਿਣ ਤੇ ਨੇੜੇ ਹੋ ਕੇ ਬੈਠ ਗਿਆ। ਬੇਅੰਤ ਪ੍ਰੇਮੀਆਂ ਵਲੋਂ ਮਾਇਆ ਅਰਪੀ ਜਾ ਰਹੀ ਸੀ। ਸੰਗਤਾਂ ਦੀਆਂ ਮਨੋਕਾਮਨਾ ਪੂਰਨ ਹੁੰਦੀਆਂ ਸਨ। ਇਤਨੇ ਨੂੰ ਇੱਕ ਗ਼ਰੀਬ ਮਾਈ ਬੜੀ ਦੂਰੋਂ ਚੱਲ ਕੇ ਆਈ ਜਿਸਦੇ ਪਾਸ ਪੰਜ ਮਸੂਰੀ ਪੈਸੇ ਸਨ। ਅੰਦਰ ਦਰਸ਼ਨਾਂ ਦੀ ਤਾਂਘ ਹੈ ਪਰ ਇਸਦੇ ਪਾਟੇ ਤੇ ਮੈਲੇ ਕੱਪੜੇ ਬਾਹਰ ਖਲੋਣ ਦੀ ਹੀ ਆਗਿਆ ਦੇ ਰਹੇ ਸਨ। ਏਧਰੋਂ ਜਿਸ ਦਾਤੇ ਨੂੰ ਪ੍ਰੇਮੀਆਂ ਦਾ ਪ੍ਰੇਮ ਹੀ ਭਾਉਂਦਾ ਹੈ ਉਨ੍ਹਾਂ ਨੇ ਸੇਵਾਦਾਰ ਨੂੰ ਭੇਜ ਕੇ ਮਾਈ ਨੂੰ ਪਾਸ ਬੁਲਾਇਆ। ਹਜ਼ੂਰ ਦਾ ਹੁਕਮ ਸੁਣ ਕੇ ਮਾਈ ਦਾ ਮਨ ਗਦ-ਗਦ ਹੋ ਗਿਆ। ਅੱਗੇ ਪੁੱਜੀ ਪਾਵਨ ਚਰਨਾਂ ਤੇ ਮੱਥਾ ਟੇਕਿਆ, ਆਪਣੀ ਦੂਰੋਂ ਲਿਆਂਦੀ ਭੇਟਾ ਅਰਪਣ ਲੱਗੀ ਤਾਂ ਹਜ਼ੂਰ ਨੇ ਆਪਣਾ ਹੱਥ ਅੱਗੇ ਕਰਕੇ ਮਾਈ ਦੇ ਲਿਆਂਦੇ ਪੰਜ ਮਸੂਰੀ ਪੈਸੇ ਆਪਣੇ ਹੱਥਾਂ ਤੇ ਲੈ ਲਏ। ਕੁਰਸੀ ਤੇ ਬੈਠੇ ਉਨ੍ਹਾਂ ਪੈਸਿਆਂ ਨੂੰ ਕਦੇ ਸੱਜੇ ਕਦੇ ਖੱਬੇ ਹੱਥ ਤੇ ਕਰ ਰਹੇ ਸਨ। ਸਾਰੀ ਸੰਗਤ ਹੈਰਾਨ ਹੋ ਗਈ ਇੱਕ ਦੂਜੇ ਨੂੰ ਪੁੱਛਦੇ ਹਨ ਅੱਜ ਕੀ ਕੌਤਕ ਹੈ। ਇਨ੍ਹਾਂ ਨੇ ਤਾਂ ਕਦੇ ਮਾਇਆ ਨੂੰ ਹੱਥ ਹੀ ਨਹੀਂ ਸੀ ਲਾਇਆ ਪਰ ਅੱਜ ਮਾਈ ਦੇ ਤਾਂਬੇ ਦੇ ਧੇਲੇ ਵੀ ਇਸ ਮਾਈ ਤੋਂ ਬੜੇ ਸਤਿਕਾਰ ਨਾਲ ਲਏ ਹਨ।

ਏਧਰੋਂ ਸਰਕਾਰੀ ਅਫਸਰ ਜ਼ਿਲ੍ਹੇ ਦਾ ਮਾਲਕ ਮੁਜ਼ਰਮਾਂ ਨੂੰ ਫਾਸੀ ਦੀ ਸਜ਼ਾ ਦੇਣ ਤੋਂ ਛੱਡਣ ਵਾਲਾ ਜੱਜ ਇਸ ਗੱਲ ਨੂੰ ਕਦੋਂ ਬਰਦਾਸ਼ਤ ਕਰ ਸਕਦਾ ਸੀ। ਹਕੂਮਤ ਦਾ ਮਦ ਜਾਗਿਆ ਆਪਣੀ ਤੌਹੀਨ ਜਾਣਕੇ ਅਰਜ਼ ਕੀਤੀ, "ਮਹਾਰਾਜ! ਮੈਂ ਦਸ ਹਜ਼ਾਰ ਰੁਪਿਆ ਲੈ ਕੇ ਆਇਆ ਹਾਂ ਆਪ ਨੇ ਮੈਨੂੰ ਬੁਲਾਇਆ ਤੱਕ ਨਹੀਂ ਤੇ ਇਸ ਦੇ ਜੰਗਾਲ ਖਾਧੇ ਪੈਸੇ ਹੱਥਾਂ ਤੇ ਚੁੱਕ ਲਏ।" ਪਹਿਲਾਂ ਤਾਂ ਸੰਤਾਂ ਨੇ ਕੋਈ ਉੱਤਰ ਨਾ ਦਿੱਤਾ ਫਿਰ ਇਸ ਦਾ ਪਾਪ ਇਸ ਨੂੰ ਜਤਾਉਣ ਵਾਸਤੇ ਬਚਨ ਕੀਤਾ ਕਿ ਇਸ ਮਾਈ ਨੇ ਬੜੇ ਪਿਆਰ ਨਾਲ ਦਸਾਂ ਨਹੁੰਆਂ ਦੀ ਕਿਰਤ ਕਰਕੇ ਕਈ ਦਿਨਾਂ ਵਿੱਚ ਇਹ ਪੰਜ ਮਸੂਰੀ ਪੈਸੇ ਜੋੜੇ ਹਨ। ਇਸਦਾ ਕਿਵੇਂ ਨਾ ਮਾਣ ਰਖੀਏ।

ਜਦੋਂ ਇਸਨੇ ਸੰਤਾਂ ਤੋਂ ਹੱਕ ਦੀ ਕਿਰਤ ਦਾ ਨਾ ਸੁਣਿਆ ਤਾਂ ਇਸਦੇ ਅੰਦਰ ਦਾ ਪਾਲਾ ਹੀ ਇਸ ਨੂੰ ਮਾਰਨ ਲੱਗਾ। ਆਖਣ ਲੱਗਾ, "ਜੀ ਇਹ ਵੀ ਮਾਇਆ ਆਪ ਦੀ ਹੀ ਹੈ ਲੰਗਰ ਦੀ ਸੇਵਾ ਵਿੱਚ ਲਾ ਕੇ ਸਫ਼ਲੀ ਕਰੋ।" ਸੰਤਾਂ ਨੇ ਕਿਹਾ, "ਤੂੰ ਆਪ ਹੀ ਲਾ ਲੈ ਸਾਡੇ ਮਨ ਵਿੱਚ ਇਹੋ ਜਿਹੇ ਸੰਕਲਪ ਨਾ ਪਾ।" ਫਿਰ ਇਸ ਨੇ ਕੁਝ ਦਾਨੀ ਪੁਣੇ ਦੇ ਰੋਅਬ ਵਿੱਚ ਆਖਿਆ, "ਮਹਾਰਾਜ! ਜਿਵੇਂ ਹੋਰਨਾਂ ਦੀ ਭੇਟਾ ਪਰਵਾਨ ਕਰ ਰਹੇ ਹੋ ਇਸ ਨੂੰ ਵੀ ਲੰਗਰ ਦੀ ਸੇਵਾ ਅਤੇ ਇਮਾਰਤਾਂ ਤੇ ਖਰਚ ਲਓ।" ਸੰਤਾਂ ਨੇ ਫਿਰ ਆਖਿਆ, "ਪ੍ਰੇਮੀਆਂ ਇਹ ਮਾਇਆ ਸਾਨੂੰ ਮਾਫ਼ਕ ਨਹੀਂ ਕਿਸੇ ਹੋਰ ਥਾਂ ਦੇ ਆ।" ਉਸ ਨੇ ਹੰਕਾਰ ਵਿੱਚ ਆਖਿਆ, "ਇਸ ਵਿੱਚ ਕੀ ਦੋਸ਼ ਹੈ?" ਸੰਤਾਂ ਨੇ ਕਿਹਾ ਕਿ ਇਸ ਵਿੱਚ ਗ਼ਰੀਬਾਂ ਦਾ ਖ਼ੂਨ ਹੈ। ਇਹ ਫਿਰ ਵੀ ਨਾ ਸਮਝ ਸਕਿਆ ਉਲਟਾ ਕਹੇ ਕਿ ਦਿਖਾਓ ਇਸ ਵਿੱਚ ਗ਼ਰੀਬਾਂ ਦਾ ਖ਼ੂਨ ਕਿਥੇ ਹੈ?

ਅਖ਼ੀਰ ਨੂੰ ਬਾਬਾ ਜੀ ਬੋਲੇ ਕਿ ਸਾਡਾ ਤਾਂ ਖ਼ਿਆਲ ਸੀ ਕਿ ਇਹ ਗੱਲ ਗੁਪਤ ਹੀ ਰਹਿੰਦੀ ਪਰ ਤੂੰ ਆਪਣਾ ਪਰਦਾ ਆਪ ਹੀ ਪ੍ਰਗਟ ਕਰਵਾਉਣਾ ਚਾਹੁੰਦਾ ਹੈਂ। ਦੱਸ ਤੈਂ ਇੱਕ ਲੱਖ ਰੁਪਿਆ ਰਿਸ਼ਵਤ ਦਾ ਲੈ ਕੇ ਪੰਜ ਖ਼ੂਨੀ ਛੱਡੇ ਹਨ ਕਿ ਨਹੀਂ? ਉਸ ਵਿਚੋਂ ਦਸ ਹਜ਼ਾਰ ਰੁਪਿਆ ਦਾਨ ਕਰਨ ਆਇਆ ਹੈਂ। ਇਹ ਤੇਰਾ ਕੂੜਾ ਅਸੀਂ ਆਪਣੇ ਸਿਰ ਤੇ ਚੁੱਕ ਕੇ ਕਿਉਂ ਸੁੱਟੀਏ ਅਤੇ ਆਪਣੇ ਅੰਦਰ ਇਹੋ ਜਿਹੇ ਸੰਸਕਾਰ ਕਿਉਂ ਪਾਈਏ। ਜੇਕਰ ਤੇਰੀ ਪਾਪ ਦੀ ਮਾਇਆ

ਭਜਨ ਕਰਨ ਵਾਲੇ ਸਾਧੂਆਂ ਨੂੰ ਖਵਾ ਦਈਏ ਤਾਂ ਇਨ੍ਹਾਂ ਦਾ ਮਨ ਭਜਨ ਵਿੱਚ ਕਿਵੇਂ ਟਿਕੇਗਾ? ਤੂੰ ਤਾਂ ਮਲਕ ਭਾਗੋ ਵਾਗੂੰ ਸ਼ੋਹਰਤ ਵਾਸਤੇ ਦਾਨ ਕਰਦਾ ਹੈਂ, ਨਾਲ ਸਾਨੂੰ ਵੀ ਆਪਣੇ ਪਾਪਾਂ ਦਾ ਭਾਗੀ ਬਣਾਉਂਦਾ ਹੈ ਪਰ ਤੇਰੇ ਵਾਂਗ ਰਿਸ਼ਵਤ ਲੈਣ ਵਾਲਿਆਂ ਲਈ ਸਤਿਗੁਰਾਂ ਦਾ ਸਖ਼ਤ ਹੁਕਮ ਹੈ ਕਿ ਉਨ੍ਹਾਂ ਦੇ ਗਲ ਅੰਤ ਨੂੰ ਜਮਾਂ ਦੀਆਂ ਫਾਹੀਆਂ ਪੈਣਗੀਆਂ ਅਤੇ ਰਿਸ਼ਵਤ ਲੈ ਕੇ ਝੂਠੀਆਂ ਉਗਾਹੀਆਂ ਦੇਣ ਵਾਲਿਆਂ ਨੂੰ ਬੁਰੀ ਤਰ੍ਹਾਂ ਮਾਰ ਪਵੇਗੀ:-

ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥ (ਪੰਨਾ ੯੫੧)

ਅਥਵਾ: ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ ॥ (ਪੰਨਾ ੧੦੩੨)

ਤੂੰ ਤਾਂ ਇਉਂ ਕਰ ਰਿਹਾ ਹੈਂ ਜਿਵੇਂ ਕੋਈ ਹਰਾਮ ਦੇ ਮਾਲ ਵਿੱਚ ਉਸ ਦਾ ਭੋਜਨ ਤਿਆਰ ਕਰਨ ਸਮੇਂ ਮਸਾਲੇ ਪਾ ਲਵੇ ਤੇ ਆਖੇ ਕਿ ਹੁਣ ਇਹ ਹੱਕ ਹਲਾਲ ਹੀ ਬਣ ਗਿਆ ਹੈ, ਪਰ ਉਹ ਹਰਾਮ ਹੀ ਰਹਿੰਦਾ ਹੈ। ਤੂੰ ਵੀ ਦਾਨ ਕਰਨ ਰੂਪ ਮਸਾਲੇ ਪਾ ਕੇ ਹਰਾਮ ਰੂਪ ਜੋ ਰਿਸ਼ਵਤ ਦੀ ਮਾਇਆ ਹੈ ਉਸ ਨੂੰ ਪਚਾਉਣੀ ਚਾਹੁੰਦਾ ਹੈਂ ਪਰ ਇਹ ਗੱਲ ਨਹੀਂ ਹੋ ਸਕਦੀ:

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ (ਪੰਨਾ ੧੪੧)

ਬਾਬਾ ਜੀ ਦੀ ਰਸਨਾ ਤੋਂ ਇਸ ਤਰ੍ਹਾਂ ਦੇ ਨਿਰਭੈਤਾ ਵਾਲੇ ਬਚਨ ਸੁਣਕੇ ਇਸ ਦੇ ਅੱਗੇ ਪ੍ਰਲੋਕ ਦੇ ਦੁਖਾਂ ਦਾ ਨਕਸ਼ਾ ਆ ਗਿਆ। ਜਿਨ੍ਹਾਂ ਦੇ ਸੰਬੰਧੀ ਉਨ੍ਹਾਂ ਦੋਸ਼ੀਆਂ ਨੇ ਮਾਰੇ ਸਨ ਉਹ ਵਿਚਾਰੇ ਤਰਾਹ-ਤਰਾਹ ਕਰਦੇ ਇਸ ਨੂੰ ਗਾਲਾਂ ਕੱਢਦੇ ਤੇ ਸ਼ਾਸਤਰ ਪਕੜ ਕੇ ਡਰਾ ਰਹੇ ਹਨ। ਸਾਰਾ ਪਰਿਵਾਰ ਦੁਖੀ ਹੋ ਕੇ ਵਿਲਕਦਾ ਦਿਖ ਰਿਹਾ ਹੈ। ਪਾਪੀ ਲੋਕਾਂ ਨੂੰ ਅੱਗੇ ਜਮਦੂਤ ਅਨੇਕਾਂ ਤਸੀਹੇ ਦਿੰਦੇ ਨਜ਼ਰ ਆ ਰਹੇ ਹਨ। ਉਸ ਸਮੇਂ ਇਸਦਾ ਆਪਣਾ ਮਨ ਭੈ-ਭੀਤ ਹੋ ਗਿਆ ਤੇ ਦਿਮਾਗ਼ ਪਾਗ਼ਲਾਂ ਵਾਗੂੰ ਚਕਰਾਉਣ ਲੱਗਾ। ਇਹ ਸਾਰਾ ਦ੍ਰਿਸ਼ ਨੀਮ ਬੇਹੋਸ਼ੀ ਵਿੱਚ ਤੱਕਿਆ ਤਾਂ ਇਹ ਨਾਲ ਦੇ ਸਾਥੀਆਂ ਨੂੰ ਆਖਦਾ ਹੈ:-

ਜਿਹੜੇ ਆਪ ਪਾਪ ਕੀਤੇ ਮਾਰੇ ਮੈਂ ਨਿਰਦੋਸ਼ੇ ਲੋਕ<br>
ਖੜ੍ਹੇ ਮੇਰੇ ਸਾਹਮਣੇ ਸੋ ਆਣ ਕੇ ਡਰੌਂਦੇ ਨੇ।<br>
ਹੱਥਾਂ ਵਿੱਚ ਛੁਰੀਆਂ ਤ੍ਰਿਸ਼ੂਲ ਨੇਜੇ ਗੁਰਜਾਂ ਨੇ<br>
ਪਾਂਵਦੇ ਨੇ ਰੱਟਾ ਵੱਟਾ ਲੈਣਾ ਫੁਰਮਾਉਂਦੇ ਨੇ।<br>
ਹੋਰ ਕੋਹਲੂ ਚਰਖੀਆਂ ਤੇ ਤਪਦੇ ਕੜਾਹੇ ਸਭ<br>
ਦੋਜ਼ਖਾਂ ਦੇ ਦੁਖ ਵੀ ਨਜਰ ਪਏ ਆਉਂਦੇ ਨੇ।<br>
ਆਖਦਾ ਮੈਂ ਵਾਰ-ਵਾਰ ਜ਼ਰਾ ਨਾ ਲਗਾਓ ਵਾਰ<br>
ਮੰਗ ਲਓ ਮੁਆਫ਼ੀ ਗਿਆਨੀ ਸੰਤ ਜੀ ਛਡਾਉਦੇ ਨੇ।

ਅਖ਼ੀਰ ਨੂੰ ਆਜ਼ਜੀ ਨਾਲ ਸੰਤਾਂ ਦੇ ਚਰਨ ਪਕੜੇ ਤੇ ਬੇਨਤੀ ਕੀਤੀ, "ਹੇ ਅੱਲ੍ਹਾ ਦੇ ਪਿਆਰੇ ਫ਼ਕੀਰ ਸਾਈਂ! ਆਪ ਖ਼ੁਦਾ ਦਾ ਸਰੂਪ ਹੋ, ਮੇਰੇ ਤੇ ਤਰਸ ਕਰੋ। ਮੈਂ ਬੜਾ ਪਾਪੀ ਹਾਂ, ਮੇਰੇ ਗ਼ੁਨਾਹ ਨਾ ਬਖ਼ਸ਼ਣ ਯੋਗ ਹਨ ਪਰ ਅੱਲਾ ਦੇ ਪਿਆਰੇ ਪੂਰਨ ਦਰਵੇਸ਼ ਵੱਡੇ-ਵੱਡੇ ਪਾਪੀਆਂ ਨੂੰ ਵੀ ਤਾਰ ਦਿੰਦੇ ਹਨ। ਅੱਗੇ ਲਈ ਮੈਂ ਇਸ ਪਾਪ ਕਰਮ ਤੋਂ ਤੋਬਾ ਕਰਦਾ ਹਾਂ। ਹੁਣ ਮੈਨੂੰ ਪ੍ਰਲੋਕ ਦੇ ਦੁਖਾਂ ਤੋਂ ਬਚਾ ਲਵੋ।" ਸਾਫ਼ ਹਿਰਦੇ ਤੋਂ ਕੀਤੀ ਪ੍ਰਾਰਥਨਾਂ ਸੁਣ ਕੇ ਸੰਤਾਂ ਨੇ ਕਿਹਾ, "ਜੇ ਅੱਗੇ ਵਾਸਤੇ ਕਿਸੇ ਤੋਂ ਰਿਸ਼ਵਤ ਨਹੀਂ ਲਵੇਂਗਾ ਤੇ ਪੂਰਨ ਇਨਸਾਫ਼ ਕਰੇਂਗਾ ਤਾਂ ਸਤਿਗੁਰੂ ਤੇਰੇ ਤੇ ਕ੍ਰਿਪਾ ਕਰਨਗੇ। ਪਰ ਇਹ ਪਾਪ ਦੀ ਮਾਇਆ ਅਸੀਂ ਡੇਰੇ ਅੰਦਰ ਨਹੀਂ ਰੱਖਣੀ ਤੂੰ ਇਸ ਨੂੰ ਵਾਪਸ ਲੈ ਜਾਹ, ਜਿੱਥੇ ਮਰਜ਼ੀ ਹੈ ਖਰਚ ਕਰ।" ਸੰਤਾਂ ਦਾ ਬਚਨ ਸੁਣ ਕੇ ਉਸ ਨੇ ਰੁਪਏ ਚੁੱਕ ਲਏ। ਆਗਿਆ ਪਾ ਕੇ ਨਮਸਕਾਰ ਕੀਤੀ ਅਤੇ ਵਾਪਸ ਮੁੜ ਆਇਆ। ਘਰ ਆ ਕੇ ਜਿਨ੍ਹਾਂ ਦੇ ਸੰਬੰਧੀ ਮਰੇ ਸਨ ਉਨ੍ਹਾਂ ਨੂੰ ਸਾਰੀ ਮਾਇਆ (ਜੋ ਇੱਕ ਲੱਖ ਰਿਸ਼ਵਤ ਦਾ ਲਿਆ ਸੀ) ਵੰਡ ਦਿੱਤੀ ਤੇ ਗ਼ਰੀਬਾਂ ਦੀਆਂ ਅਸੀਸਾਂ ਲਈਆਂ। ਅੱਗੇ ਵਾਸਤੇ ਸਾਰੀ ਜ਼ਿੰਦਗੀ ਡੇਰੇ ਦਾ ਸ਼ਰਧਾਲੂ ਬਣ ਕੇ ਇਨਸਾਫ਼ ਕੀਤਾ ਤੇ ਆਪਣਾ ਪ੍ਰਲੋਕ ਸਫ਼ਲਾ ਕੀਤਾ।

# ਹਰਿ ਜੀਉ ਅਹੰਕਾਰੁ ਨ ਭਾਵਈ

ਇੱਕ ਸਮੇਂ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਪ੍ਰਸੰਸਾ ਸੁਣ ਕੇ ਇੱਕ ਕਥਾ ਵਾਚਕ ਗਿਆਨੀ ਗੱਜਣ ਸਿੰਘ ਹਜ਼ੂਰ ਦੇ ਦਰਸ਼ਨਾਂ ਲਈ ਡੇਰੇ ਪੁੱਜਾ। ਇਸ ਦੇ ਅੰਦਰ ਵਿੱਦਿਆ ਦਾ ਬੜਾ ਮਾਣ ਸੀ। ਕਿਉਂਕਿ ਪੜ੍ਹੀ ਹੋਈ ਵਿੱਦਿਆ ਚਾਹੇ ਧਾਰਮਿਕ ਹੋਵੇ ਜਾ ਰਾਜਨੀਤਿਕ, ਕਿਸੇ ਨੂੰ ਹੀ ਰਾਸ ਆਉਂਦੀ ਹੈ। ਜਿਵੇਂ ਸਵਾਂਤੀ ਬੂੰਦ ਬੜੀ ਚੰਗੀ ਲਗਦੀ ਹੈ, ਕੇਲੇ ਤੇ ਪੈ ਜਾਵੇ, ਕਪੂਰ ਬਣਾ ਦਿੰਦੀ ਹੈ, ਬੇਰੀ ਅਤੇ ਟਾਹਲੀ ਤੇ ਪਈ ਉਸ ਦਾ ਚੰਦਨ ਬਣ ਜਾਂਦਾ ਹੈ। ਮਨੁੱਖ ਦੇ ਸਿਰ ਤੇ ਡਿੱਗ ਪਵੇ ਤਾਂ ਚੱਕਰਵਰਤੀ ਬਾਦਸ਼ਾਹ ਹੋ ਜਾਂਦਾ ਹੈ। ਪਪੀਹੇ ਦੀ ਪਿਆਸ ਬੁਝਦੀ ਹੈ। ਪਰ ਉਹੀ ਸਵਾਂਤੀ ਬੂੰਦ ਸੱਪ ਦੇ ਅੰਦਰ ਗਈ ਉਸ ਦੀ ਜ਼ਹਿਰ ਹੋਰ ਵਧਾਉਂਦੀ ਹੈ। ਜੇਕਰ ਗਿੱਦੜ ਦੇ ਮੂੰਹ ਵਿੱਚ ਪੈ ਜਾਵੇ ਤਾਂ ਉਹ ਹਲਕ ਜਾਂਦਾ ਹੈ। ਇਸ ਤਰ੍ਹਾਂ ਅਧਿਕਾਰੀ ਤੇ ਅਨ ਅਧਿਕਾਰੀ ਦੇਖਕੇ ਵਿਚਾਰਵਾਨ ਪੁਰਸ਼ ਉਪਦੇਸ਼ ਕਰਦੇ ਹਨ। ਨੀਤੀ ਵਿੱਚ ਕਥਨ ਕੀਤਾ ਹੈ:

ਜਨ ਪਾਤ੍ਰ ਕੁਪਾਤ੍ਰ ਕੋ ਸੋਧ ਕੈ ਬੋਧ ਕਰੈ ਬੁਧਿਵਾਨ ਜੋ ਬੋਧ ਪ੍ਰਕਾਸੈ ॥

(ਸਾਰਕੁਤਾਵਲੀ ਅਧਿ:੩)

ਅੱਜ ਉਸਦੇ ਅੰਦਰ ਜੋ ਵਿੱਦਿਆ ਦਾ ਮਦ ਸੀ, ਉਹ ਮਾਣ ਦਾ ਪਾਰਾ ਪੂਰੀ ਡਿਗਰੀ ਤੇ ਪੁੱਜ ਚੁੱਕਿਆ ਸੀ। ਏਧਰੋਂ ਹਰੀ ਅਤੇ ਉਸ ਦੇ ਪਿਆਰਿਆਂ ਨੂੰ ਮਾਣ ਨਹੀਂ ਭਾਉਂਦਾ। ਇਸ ਗੱਲ ਨੂੰ ਚਾਰੇ ਵੇਦ, ਛੇ ਸ਼ਾਸਤਰ ਤੇ ਅਠਾਰਾਂ ਪੁਰਾਨ ਕਥਨ ਕਰਦੇ ਹਨ।

ਯਥਾ: ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥

(ਪੰਨਾ ੧੦੮੯)

ਸਤਿਗੁਰਾਂ ਦਾ ਉਪਦੇਸ਼ ਹੈ:-

ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ ॥

(ਪੰਨਾ ੨੫੯)

ਡੇਰੇ ਅੰਦਰ ਗਿਆ ਮਨ ਨੂੰ ਠੰਡ ਪ੍ਰਤੀਤ ਹੋਈ, ਵਿੱਦਿਆ ਦੇ ਮਾਣ ਦੀ ਤਪਸ ਘਟੀ, ਭਰੇ ਦੀਵਾਨ ਵਿੱਚ ਦਰਸ਼ਨ ਕੀਤੇ ਸਿਰ ਝੁਕਾਇਆ। ਜਾਣੀ ਜਾਣ ਦਾਤੇ ਨੇ ਇਸਦਾ ਬੜਾ ਸਤਿਕਾਰ ਕੀਤਾ। ਜਿਸ ਘਰ ਵਿਚੋਂ ਹਰ ਗ਼ਰੀਬ ਅਮੀਰ ਨੂੰ ਮਾਣ ਮਿਲਦਾ ਹੈ ਪਰ ਜੇ ਕੋਈ ਨਿਮਾਣਾ ਹੋ ਕੇ ਜਾਵੇ-

ਹਰਿ ਜੀਉ ਨਿਮਾਣਿਆ ਤੂ ਮਾਣੁ ॥

(ਪੰਨਾ ੬੨੪)

ਮਾਣ ਦੀ ਛੱਟ ਵਾਲੇ ਨੂੰ ਤਾਂ ਏਥੇ ਵੀ ਥਾਂ ਨਹੀਂ। ਸੰਤਾਂ ਨੇ ਸੁਖ ਅਨੰਦ ਪੁੱਛੀ ਤੇ ਪਾਸ ਬਿਠਾਇਆ। ਉਸ ਸਮੇਂ ਇਸ ਨੇ ਅਰਜ਼ ਕੀਤੀ, "ਮਹਾਰਾਜ! ਸਾਧੂ ਦਰਸ਼ਨ ਦਾ ਕੀ ਫ਼ਲ ਹੈ?" ਸੰਤਾਂ ਨੇ ਉੱਤਰ ਦਿੱਤਾ, "ਗੁਰਮੁਖੋ! ਤੁਸੀਂ ਤਾਂ ਆਪ ਬੜੇ ਸਿਆਣੇ ਹੋ। ਸੰਗਤਾਂ ਪ੍ਰਤੀ ਗੁਰਬਾਣੀ ਦੀ ਵਿਚਾਰ ਸੁਣਾਉਂਦੇ ਹੋ ਅਜੇ ਤੁਹਾਨੂੰ ਸਾਧੂ ਦਰਸ਼ਨ ਦੇ ਫ਼ਲ ਦਾ ਪਤਾ ਨਹੀਂ ਲੱਗਾ?" ਇਸਨੇ ਅਰਜ਼ ਕੀਤੀ, "ਮਹਾਰਾਜ! ਮੈਂ ਆਪ ਜੀ ਦੀ ਰਸਨਾ ਤੋਂ ਸੁਨਣਾ ਚਾਹੁੰਦਾ ਹਾਂ।" ਸੰਤਾਂ ਨੇ ਕਿਹਾ, "ਹਜ਼ੂਰ ਤਾਂ ਫਿਰ ਇਉਂ ਫੁਰਮਾ ਰਹੇ ਹਨ:

ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥ ਕੋਟਿ ਜਨਮ ਕੇ ਦੂਖ ਗਵਾਇਓ ॥੧॥ ਰਹਾਉ ॥
ਜੋ ਚਾਹਤ ਸੋਈ ਮਨਿ ਪਾਇਓ ॥ ਕਰਿ ਕਿਰਪਾ ਹਰਿ ਨਾਮੁ ਦਿਵਾਇਓ ॥੧॥
ਸਰਬ ਸੂਖ ਹਰਿ ਨਾਮਿ ਵਡਾਈ ॥
ਗੁਰ ਪ੍ਰਸਾਦਿ ਨਾਨਕ ਮਤਿ ਪਾਈ ॥੨॥

(ਪੰਨਾ ੭੨੦)

ਅਥਵਾ: ਚਾਰਿ ਪਦਾਰਥ ਜੇ ਕੋ ਮਾਗੈ ॥
ਸਾਧ ਜਨਾ ਕੀ ਸੇਵਾ ਲਾਗੈ ॥

(ਪੰਨਾ ੨੬੬)

ਅਥਵਾ: ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥

(ਪੰਨਾ ੧੪੮)

ਅਥਵਾ: ਸਾਧਸੰਗਿ ਧਰਮ ਰਾਇ ਕਰੇ ਸੇਵਾ ॥

(ਪੰਨਾ ੨੭੧)

ਇਸਨੇ ਕਿਹਾ, "ਜੀ! ਇਹ ਪੰਗਤੀਆਂ ਤਾਂ ਮੇਰੇ ਵੀ ਯਾਦ ਹਨ ਪਰ ਜੋ ਮੈਂ ਪੁੱਛਿਆ ਹੈ ਆਪ ਉਹ ਦੱਸੋ ਕਿ ਸੰਤ ਦਰਸ਼ਨ ਨਾਲ ਜੋ ਪਾਪ ਮਿਟਦੇ ਹਨ ਉਹ ਭੋਗੇ ਤੋਂ ਮਿਟਦੇ ਹਨ ਜਾਂ ਬਿਨਾਂ ਭੋਗਿਆਂ? ਜੇ ਭੋਗੇ ਤੋਂ ਮਿਟਦੇ ਹਨ ਤਾਂ ਸਾਧੂ ਦਰਸ਼ਨਾਂ ਦਾ ਕੀ ਫ਼ਲ ਹੋਇਆਂ? ਜੇਕਰ ਬਗ਼ੈਰ ਭੋਗਿਆਂ ਮਿਟਦੇ ਹਨ ਤਾਂ ਵੇਦ ਸ਼ਾਸਤਰ ਝੂਠੇ ਹਨ"

ਬਿਨ ਭੋਗੇ ਭਾਗੇ ਨਹੀਂ ਕਰਮ ਗਤੀ ਬਲਵੰਤ।

ਇਹ ਸ਼ਾਸਤਰ ਦਾ ਕਥਨ ਹੈ ਅਤੇ ਗੁਰਬਾਣੀ ਵਿੱਚ ਲਿਖਿਆ ਹੈ:

ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ
ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥
ਬਦਤਿ ਤ੍ਰਿਲੋਚਨ ਰਾਮ ਜੀ ॥

(ਪੰਨਾ ੬੯੫)

ਸੰਤਾਂ ਨੇ ਕਿਹਾ, "ਗੁਰਮੁਖਾ! ਮਹਾ ਪੁਰਸ਼ਾਂ ਪਾਸ ਆਕੇ ਇਹੋ ਜਿਹੀ ਬਹਿਸ ਵਿੱਚ ਨਹੀਂ ਪਈਦਾ ਸਗੋਂ ਸ਼ਰਧਾ ਰਖੀਦੀ ਹੈ। ਏਥੇ ਤਾਂ ਸ਼ਰਧਾਵਾਨਾਂ ਦੇ ਬੇੜੇ ਪਾਰ ਹੁੰਦੇ ਹਨ। ਸ਼ਰਧਾਲੂ ਦੇ ਕਰਮ ਤਾਂ ਬਿਨਾਂ ਭੋਗੇ ਹੀ ਸਾਧੂ ਮਿਟਾਅ ਦਿੰਦੇ ਹਨ। ਜਿਵੇਂ ਪੰਚਮ ਪਾਤਸ਼ਾਹ ਜੀ ਨੇ ਮੰਡੀ ਵਾਲੇ ਰਾਜੇ ਦੇ ੬੦ ਸਾਲ ਜੋ ਚੰਡਾਲਾਂ ਦੇ ਘਰ ਸਰੀਰ ਧਾਰਕੇ ਬਤੀਤ ਕਰਨੇ ਸਨ, ਉਹ ਇੱਕੋ ਰਾਤ ਵਿੱਚ ਹੀ ਭੁਗਤਾ ਦਿੱਤੇ ਸਨ ਅਤੇ ਮਾਲਵੇ ਵਿੱਚ ਕਲਗੀਆਂ ਵਾਲੇ ਪਾਤਸ਼ਾਹ ਨੇ ਸ਼ਮੀਰ ਦੇ ਅਨੇਕਾਂ ਜਨਮ ਸੁਪਨੇ ਵਿੱਚ ਹੀ ਬਿਤਾਅ ਦਿੱਤੇ। ਇਉਂ ਸੂਖਮ ਰੂਪ ਤੇ ਭੋਗੇ ਜਾਂਦੇ ਹਨ।" ਉਸ ਸਮੇਂ ਇਸ ਦਾ ਪੁਰਾਣਾ ਸਾਥੀ ਹੰਕਾਰ ਜੋ ਡੇਰੇ ਤੋਂ ਬਾਹਰ ਬੈਠਾ ਸੀ ਫਿਰ ਆ ਮਿਲਿਆ। ਇਸ ਨੇ ਕਿਹਾ, "ਇਹ ਤਾਂ ਗੁਰੂਆਂ ਦੀਆਂ ਸਾਖੀਆਂ ਮੈਂ ਵੀ ਜਾਣਦਾ ਹਾਂ ਜੋ ਵਿਹਲੜ ਲੋਕਾਂ ਨੇ ਦਨੀਆਂ ਨੂੰ ਮਗਰ ਲਾਉਣ ਖਾਤਰ ਘੜ ਰਖੀਆਂ ਹਨ। ਪਰ ਤੁਸੀਂ ਦੱਸੋ ਹਜ਼ਾਰਾਂ ਸਿੱਖ ਤੁਹਾਡੇ ਪਾਸ ਆਉਂਦੇ ਹਨ। ਅਨੇਕਾਂ ਪਦਾਰਥ ਤੇ ਮਾਇਆ ਅਰਪਦੇ ਹਨ। ਇਨ੍ਹਾਂ ਨੂੰ ਕੀ ਫ਼ਲ ਮਿਲਿਆ?" ਸੰਤਾਂ ਨੇ ਕਿਹਾ, "ਝੱਲਿਆ! ਤੈਨੂੰ ਇੱਕ ਵਾਰੀ ਦੱਸ ਦਿੱਤਾ, ਜਾਹ ਪੰਡਤ ਤਾਰਾ ਸਿੰਘ ਪਾਸ ਜਾ ਕੇ ਗਿਆਨ ਚਰਚਾ ਕਰ ਲੈ, ਏਥੇ ਐਵੇਂ ਸੰਗਤਾਂ ਦਾ ਟਾਇਮ ਖਰਾਬ ਨਾ ਕਰ।" ਜਦੋਂ ਉਸ ਦੇ ਕਰਮਾਂ ਅਨੁਸਾਰ ਸੰਤਾਂ ਦੀ ਰਸਨਾ ਤੋਂ ਸੁਤੇ ਹੀ ਇਹੋ ਜਿਹੇ ਬਚਨ ਨਿਕਲੇ, ਸਾਧੂ ਬੋਲੇ ਸਹਿਜ ਸੁਭਾਇ, ਸਾਧ ਕਾ ਬੋਲਿਆ ਬਿਰਥਾ ਨਾ ਜਾਇ। ਤਾਂ ਉਹ ਉਸ ਸਮੇਂ ਹੀ ਪਾਗ਼ਲ ਹੋ ਗਿਆ। ਲੱਗਿਆ ਅਬਾ ਤਬਾ ਬੋਲਣ ਤਾਂ ਸੰਗਤਾਂ ਨੇ ਉਸ ਨੂੰ ਫੜ ਕੇ ਦੀਵਾਨ ਤੋਂ ਬਾਹਰ ਲੈ ਆਂਦਾ। ਇੱਕ ਦੋ ਪ੍ਰੇਮੀ ਉਸ ਦੇ ਨਾਲ ਹੋਰ ਆਏ ਸਨ। ਉਨ੍ਹਾਂ ਦੇ ਨਾਲ ਉਸ ਦੇ ਪਿੰਡ ਭੇਜ ਦਿੱਤਾ। ਘਰ ਜਾ ਕੇ ਸਾਰੀ ਗੱਲ ਦੱਸੀ ਬੜੇ ਇਲਾਜ ਕੀਤੇ ਪਰ ਸੰਤ ਦੋਖੀ ਨੂੰ ਕਿਤੇ ਵੀ ਢੋਈ ਨਹੀਂ। ਜਿਵੇਂ ਅੰਬਰੀਕ ਰਾਜੇ ਦੀ ਰੱਖਿਆ ਵਾਸਤੇ ਦੁਰਬਾਸ਼ਾ ਰਿਸ਼ੀ ਦੇ ਮਗਰ ਸੁਦਰਸ਼ਨ ਚੱਕਰ ਲੱਗਾ। ਉਸ ਤੋਂ ਬਚਣ ਵਾਸਤੇ ਉਹ ਸਾਰੇ ਦੇਵਤਿਆਂ ਪਾਸ ਗਿਆ। ਪਰ ਸੰਤ ਦੋਖੀ ਜਾਣਕੇ ਕਿਸੇ ਨੇ ਵੀ ਉਸ ਦੀ ਸਹਾਇਤਾ ਨਾ ਕੀਤੀ। ਅਖ਼ੀਰ ਨੂੰ ਸਾਰੇ ਸੰਬੰਧੀ ਤੇ ਉਸਦਾ ਪਰਿਵਾਰ ਫੜਕੇ ਸੰਤਾਂ ਦੇ ਪਾਸ ਲੈ ਆਇਆ। ਹਜ਼ੂਰ ਦੇ ਚਰਨੀਂ ਪਾ ਕੇ ਅਰਜ਼ ਕੀਤੀ, "ਮਹਾਰਾਜ! ਇਸ ਤੇ ਕ੍ਰਿਪਾ ਕਰੋ, ਇਹ ਬੇ ਸਮਝੀ ਵਿੱਚ ਤੁਹਾਡੇ ਨਾਲ ਅੜਿਆ ਹੈ, ਜਿਸ ਕਰਕੇ ਆਪਣੀ ਕੀਤੀ ਦਾ ਫ਼ਲ ਪਾ ਲਿਆ ਹੈ। ਹੁਣ ਆਪ ਇਸ ਤੇ ਤਰਸ ਕਰੋ।" ਸੰਤਾਂ ਨੇ ਹੱਸ ਕੇ ਕਿਹਾ ਕਿ ਬਈ! ਅਸੀਂ ਤਾਂ ਇਸ ਨੂੰ ਕੁਝ ਨਹੀਂ ਕੀਤਾ। ਇਹ ਆਪਣੇ ਮਾਣ ਅੰਦਰ ਹੀ ਸੜੀ ਜਾਂਦਾ ਸੀ। ਉਹ ਪ੍ਰਮੇਸ਼ਰ ਨੇ ਦੂਰ ਕਰ ਦਿੱਤਾ ਹੁਣ ਇਹ ਠੀਕ ਹੋ ਜਾਵੇਗਾ। ਬਸ ਰਾਜ਼ੀ ਹੋ ਗਿਆ ਤੇ ਚਰਨ ਫੜੇ, ਮੁਆਫ਼ੀ ਮੰਗੀ, "ਦਾਤਾ ਕ੍ਰਿਪਾ ਕਰੋ।" ਸੰਤਾਂ ਨੇ ਉੱਤਰ ਦਿੱਤਾ ਤੂੰ ਵਿੱਦਿਆ ਪੜ੍ਹ ਕੇ ਇਸ ਤੋਂ ਕੋਈ ਲਾਭ ਪ੍ਰਾਪਤ ਨਹੀਂ ਕੀਤਾ। ਵਿੱਦਿਆ ਪੜ੍ਹਨ ਦਾ ਲਕਸ਼ ਤਾਂ ਏਹੋ ਹੀ ਹੈ ਕਿ ਨਾਮ ਜਪੋ:

ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ ॥

(ਪੰਨਾ ੨੨੦)

ਪਰ ਜੇਕਰ ਪੜ੍ਹ ਸੁਣ ਕੇ ਵੀ ਮਨ ਦੇ ਔਗੁਣ ਨਾ ਮਿਟੇ ਤਾਂ ਇਹ ਵਿੱਦਿਆ ਖੋਤੇ ਤੇ ਚੰਦਨ ਦੇ ਭਾਰ ਦੇ ਸਮਾਨ ਹੈ-

ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥

(ਪੰਨਾ ੧੧੦੩)

ਜਿਵੇਂ ਗਧੇ ਤੇ ਚੰਦਨ ਲੱਦਿਆ ਹੋਵੇ ਉਹ ਗਾਂਧੀ ਨਹੀਂ ਬਣ ਜਾਂਦਾ। ਇਸੇ ਤਰ੍ਹਾਂ ਜੋ ਬਿਨਾਂ ਗੁਣਾਂ ਤੋਂ ਮਾਣ ਕਰਦੇ ਹਨ, ਉਹ ਤਾਂ ਅਸਲੀ ਖੋਤੇ ਭਾਵ ਮੁਲਤਾਨੀ ਗਧੇ ਹਨ।

ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥

(ਪੰਨਾ ੧੨੪੬)

ਅਤੇ ਜੋ ਗੁਣ ਪ੍ਰਾਪਤ ਕਰਕੇ ਮਾਣ ਕਰਦੇ ਹਨ ਉਹ ਦੇਸੀ ਖੋਤੇ ਹਨ ਯਥਾ:

ਇਹ ਵੇਦ ਕੋ ਗਯਾਨ ਸੁਜਾਨਨ ਕੋ,ਅਭਿਮਾਨ ਮਦਾਦਿ ਵਿਕਾਰ ਵਿਨਾਸੇ।
ਪੁਨ ਕੇਚਿਤ ਨੀਚਨ ਕੋ ਵਹੁ ਬੋਧ,ਮਦੈ ਅਭਿਮਾਨ ਵਿਕਾਰ ਨਿਵਾਸੇ।
ਅਚ ਅੰਮ੍ਰਿਤ ਜਾਸ ਹਲਾਹਲ ਹ੍ਵੈ ਜਹਿ, ਔਖਧ ਵੈਦ ਨਹੀਂ ਕਛੁ ਤਾਸੈ।
ਜਨ ਪਾਤ੍ਰ ਕੁਪਾਤ੍ਰ ਕੋ ਸੋਧ ਕੈ, ਬੋਧ ਕਰੈ ਬੁਧਿਵਾਨ ਜੋ ਬੋਧ ਪ੍ਰਕਾਸੇ।

(ਸਾਰਕੁਤਾਵਲੀ)

ਸੰਤਾਂ ਦੀ ਪਾਵਨ ਰਸਨਾਂ ਤੋਂ ਇਸ ਪ੍ਰਕਾਰ ਦੇ ਬਚਨ ਸੁਣਕੇ ਉਸਦੇ ਮਨ ਦਾ ਮਾਣ ਦੂਰ ਹੋ ਗਿਆ ਤੇ ਨਿੰਮ੍ਰਤਾ ਨਾਲ ਚਰਨ ਪਕੜ ਕੇ ਅਰਜ਼ ਕੀਤੀ, "ਮਹਾਰਾਜ! ਕਿਰਪਾ ਕਰੋ, ਇਹ ਪੜ੍ਹੀ ਹੋਈ ਵਿੱਦਿਆ ਧਾਰਨ ਕਰਨ ਦਾ ਵਰ ਦੇਵੋ।" ਸੰਤਾਂ ਨੇ ਕਿਹਾ, "ਠੀਕ ਹੈ-

ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥

(ਪੰਨਾ ੩੪੦)

ਪੜ੍ਹਨਾ ਬੜਾ ਚੰਗਾ ਹੈ ਜੇਕਰ ਇਸਦੇ ਨਾਲ ਬੰਦਗੀ ਕੀਤੀ ਜਾਵੇ। ਨਾਮ ਜਪਿਆ ਕਰ, ਨਿੰਮ੍ਰਤਾ ਨਾਲ ਰਿਹਾ ਕਰ। ਕਿਸੇ ਥਾਂ ਪੈਸੇ ਨਿਯਤ ਕਰਕੇ ਕਥਾ ਕਰਨ ਨਾ ਜਾਵੀਂ। ਜੋ ਪਦਾਰਥ ਤੇਰੀ ਪ੍ਰਾਰਬਧ ਵਿੱਚ ਹੈ ਅਵੱਸ਼ ਹੀ ਮਿਲ ਜਾਵੇਗਾ। ਉਸ ਨੂੰ ਤਾਂ ਬ੍ਰਹਮਾ ਵੀ ਨਹੀਂ ਰੋਕ ਸਕਦਾ। ਜੇ ਪ੍ਰਾਰਬਧ ਵਿੱਚ ਨਹੀਂ ਤਾਂ ਅਨੇਕਾਂ ਜਤਨ ਕੀਤਿਆਂ ਵੀ ਨਹੀਂ ਮਿਲਦਾ। ਇਸ ਕਰਕੇ ਜੋ ਸੁਤੇ ਸਿੱਧ ਹੀ ਪ੍ਰਾਰਬਧ ਅਨੁਸਾਰ ਮਿਲ ਜਾਵੇ ਉਸ ਵਿੱਚ ਹੀ ਨਿਰਬਾਹ ਕਰੀਂ। ਜਾਹ ਤੇਰਾ ਬੇੜਾ ਪਾਰ ਹੋ ਜਾਵੇਗਾ।" ਸੰਤਾਂ ਪਾਸੋਂ ਇਸ ਪ੍ਰਕਾਰ ਦੀ ਸਿੱਖਿਆ ਸੁਣਕੇ ਇਸਦੇ ਮਨ ਵਿੱਚ ਪੂਰਨ ਸ਼ਾਤੀ ਹੋ ਆਈ, ਫਿਰ ਤਾਂ ਇਸਨੇ ਸਾਰੀ ਜ਼ਿੰਦਗੀ ਨਿਮ੍ਰਤਾ ਨਾਲ ਗੁਰਮਤਿ ਦਾ ਪ੍ਰਚਾਰ ਕੀਤਾ।

# ਪੰਡਿਤ ਪ੍ਰਤੀ ਉਪਦੇਸ਼

ਇੱਕ ਹੋਰ ਤ੍ਰਿਲੋਕ ਸਿੰਘ ਨਾਮੀ ਵਿਦਵਾਨ ਪੰਡਿਤ ਬਾਬਾ ਜੀ ਦੀ ਮਹਿਮਾ ਸੁਣਕੇ ਦਰਸ਼ਨਾਂ ਲਈ ਹੋਤੀ ਆਇਆ। ਡੇਰੇ ਪੁੱਜਕੇ ਬਾਬਾ ਜੀ ਨੂੰ ਭਾਵਨਾ ਨਾਲ ਨਮਸਕਾਰ ਕੀਤੀ ਤੇ ਪਾਸ ਬੈਠ ਗਿਆ। ਅੰਤਰਯਾਮੀ ਸੰਤਾਂ ਨੇ ਪੁਛਿਆ, "ਪੰਡਿਤ ਜੀ ਕੀ ਤਿੰਨ ਮਣ ਦੀ ਭਾਰੀ ਪੰਡ ਲਾਹ ਦਿੱਤੀ ਕਿ ਨਹੀਂ?" ਉਸ ਨੇ ਅਰਜ਼ ਕੀਤੀ, "ਮਹਾਰਾਜ! ਮੈਂ ਆਪ ਜੀ ਦਾ ਭਾਵ ਸਮਝ ਨਹੀਂ ਸਕਿਆ।" ਹਜ਼ੂਰ ਕਹਿਣ ਲੱਗੇ, "ਤੂੰ ਆਪਣੇ ਆਪ ਨੂੰ ਪੰਡਿਤ ਅਖਵਾਉਂਦਾ ਹੈ ਪਰ ਅਸਲੀ ਪੰਡਿਤ ਤਾਂ ਉਹ ਹੈ ਜੋ ਤਿੰਨਾਂ ਗੁਣਾਂ ਦਾ ਤਿਆਗ ਕਰੇ।"

ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥

(ਪੰਨਾ ੧੨੬੧)

ਅਤੇ ਆਪਣੇ ਮਨ ਨੂੰ ਸਮਝਾਵੇ-

ਸੋ ਪੰਡਿਤੁ ਜੋ ਮਨੁ ਪਰਬੋਧੈ ॥
ਰਾਮ ਨਾਮੁ ਆਤਮ ਮਹਿ ਸੋਧੈ ॥

(ਪੰਨਾ ੨੭੪)

ਸਕਾਮ ਕਰਮਾਂ ਦਾ ਤਿਆਗ ਕਰਕੇ ਨਿਸ਼ਕਾਮ ਕਰਮ ਕਰੇ ਤੇ ਗਿਆਨ ਦੁਆਰਾ ਸੰਚਤ ਕਰਮਾਂ ਨੂੰ ਸਾੜੇ। ਉਸ ਨੂੰ ਬੁੱਧੀਵਾਨ ਪੁਰਸ਼ ਪੰਡਿਤ ਕਹਿੰਦੇ ਹਨ।

ਯਥਾ: *ਯਸਯਾ ਸ੍ਰਵੇ ਸਮਾਰੰਭਾ ਕਾਮ ਸੰਕਲਪ ਵਰਜਿਤਹ॥*
*ਗਿਆਨਾਗਨੀ ਦਗਧ ਕਰਮਣੇ ਤਮਾਹੂੰ ਪੰਡਿਤ ਬੁਧਾ:॥*

*(ਗੀਤਾ)*

ਇਸਨੇ ਹੱਥ ਜੋੜੇ ਅਰਜ਼ ਕੀਤੀ, "ਮਹਾਰਾਜ! ਇਹ ਤਾਂ ਆਪ ਜੀ ਦੀ ਕ੍ਰਿਪਾ ਨਾਲ ਹੀ ਤਿਆਗੇ ਜਾਂਦੇ ਹਨ। ਆਪ ਮੇਹਰ ਕਰੋ ਬਹੁਤ ਸਾਰੇ ਵੇਦਾਂ ਸ਼ਾਸਤਰਾਂ ਨੂੰ ਘੋਟਾ ਲਾਇਆ, ਸਿਮ੍ਰਤੀਆਂ ਤੇ ਉਪਨਿਸ਼ਦਾਂ ਦੀ ਵਿਚਾਰ ਕੀਤੀ, ਜੀਵ ਈਸ਼ ਦੀ ਏਕਤਾ ਕਰਨ ਵਾਲੇ ਵੇਦਾਂਤ ਦਾ ਅਧਿਐਨ ਕੀਤਾ ਪਰ ਮਨ ਨੂੰ ਸ਼ਾਤੀ ਨਾ ਆਈ। ਹੁਣ ਆਪ ਕ੍ਰਿਪਾ ਕਰੋ।" ਸੰਤਾਂ ਨੇ ਉੱਤਰ ਦਿੱਤਾ, "ਪੰਡਿਤ ਜੀ! ਜਿਤਨਾ ਚਿਰ ਅਮਲ ਨਾ ਕੀਤਾ ਜਾਵੇ ਕੇਵਲ ਵਿੱਦਿਆ ਪੜ੍ਹਨ ਨਾਲ ਹੀ ਗਿਆਨ ਨਹੀਂ ਮਿਲਦਾ। ਕਿਉਂਕਿ ਵਿੱਦਿਆ ਦਾ ਪੜ੍ਹਨਾ ਤਿੰਨ ਪ੍ਰਕਾਰ ਦਾ ਹੈ, ਜਿਵੇਂ ਮਨੀ ਵਾਲੇ ਸੱਪ ਤਿੰਨ ਪ੍ਰਕਾਰ ਦੇ ਹੁੰਦੇ ਹਨ। ਇੱਕ ਉਹ ਸੱਪ ਹੁੰਦਾ ਹੈ ਜਿਸਦੇ ਪਾਸ ਮਣੀ ਹੁੰਦੀ ਹੈ ਪਰ ਉਹ ਹਨੇਰੀ ਰਾਤ ਨੂੰ ਉਸ ਨੂੰ ਟਿੱਬਿਆਂ ਵਿੱਚ ਕੱਢਦਾ ਹੈ। ਉਸ ਮਣੀ ਦੇ ਉਦਾਲੇ ਉਹ ਖੇਲਦਾ ਹੈ। ਪਰ ਜੇ ਉਹ ਮਣੀ ਉਸ ਤੋਂ ਗੁੰਮ ਹੋ ਜਾਵੇ ਤਾਂ ਫਿਰ ਉਹ ਸੱਪ ਉਸ ਦੇ ਵਿਯੋਗ ਵਿੱਚ ਹੀ ਭਟਕ-ਭਟਕ ਕੇ ਮਰ ਜਾਂਦਾ ਹੈ। ਦੂਜਾ ਸੱਪ ਉਹ ਹੁੰਦਾ ਹੈ ਜੋ ਹਨੇਰੇ ਵਿੱਚ ਆਪਣੇ ਅੰਦਰੋਂ ਮਣੀ ਕੱਢਦਾ ਹੈ ਤੇ ਉਸ ਦੇ ਚਾਨਣ ਵਿੱਚ ਕੀੜੇ ਚੁਗ-ਚੁਗ ਕੇ ਖਾਂਦਾ ਹੈ। ਤੀਜੇ ਦਰਜੇ ਦਾ ਸੱਪ ਉਹ ਹੁੰਦਾ ਹੈ ਜੋ ਮਹੀਨੇ ਵਿੱਚ ਕੇਵਲ ਇੱਕੋ ਵਾਰੀ ਹੀ ਪੁੰਨਿਆ ਵਾਲੀ ਰਾਤ ਨੂੰ ਆਪਣੇ ਅੰਦਰੋਂ ਮਣੀ ਨੂੰ ਕੱਢਦਾ ਹੈ। ਉਸ ਦੇ ਉੱਪਰ ਚੰਦਰਮਾਂ ਦੀਆਂ ਕਿਰਨਾ ਪੈਂਦੀਆਂ ਹਨ ਜਿਸ ਨਾਲ ਉਸ ਦੀ ਮਨੀ ਤੇ ਅੰਮ੍ਰਿਤ ਝਰਦਾ ਹੈ। ਉਸ ਅੰਮ੍ਰਿਤ ਨੂੰ ਚੱਟ ਕੇ ਉਹ ਇੱਕ ਮਹੀਨਾ ਜ਼ਹਿਰ ਤੋਂ ਸ਼ਾਂਤ ਰਹਿੰਦਾ ਹੈ।

ਇਸ ਤਰ੍ਹਾਂ ਵਿੱਦਿਆ ਰੂਪੀ ਮਣੀ ਨੂੰ ਇੱਕ ਤਾਂ ਉਹ ਲੋਕ ਹਨ ਜੋ ਬੇਦੀ ਪੰਡਿਤ ਵਾਗੂੰ ਹਰ ਸਮੇਂ ਚਰਚਾ ਕਰਨ ਦਾ ਹੀ ਖ਼ਿਆਲ ਰਖਦੇ ਹਨ ਪਰ ਜੇਕਰ ਉਹ ਆਪ ਤੋਂ ਕਿਸੇ ਹੋਰ ਵੱਡੇ ਵਿਦਵਾਨ ਅੱਗੇ ਹਾਰ ਜਾਣ ਤਾਂ ਦੁਖੀ ਹੁੰਦੇ ਹਨ। ਕਈ ਤਾਂ ਇਸ ਦੁਖ ਵਿੱਚ ਖੁਦਕੁਸ਼ੀ ਹੀ ਕਰ ਲੈਂਦੇ ਹਨ।

ਪੰਡਿਤ ਰੋਵਹਿ ਗਿਆਨੁ ਗਵਾਇ ॥

(ਪੰਨਾ ੯੫੪)

ਦੂਜੇ ਦਰਜੇ ਦੇ ਵਿਦਵਾਨ ਵਿੱਦਿਆ ਰੂਪੀ ਮਣੀ ਨੂੰ ਪਾ ਕੇ ਉਸ ਦੇ ਆਸਰੇ ਪਦਾਰਥ ਸੰਗ੍ਰਹਿ ਕਰਦੇ ਹਨ। ਤੀਜੇ ਦਰਜੇ ਦੇ ਸ੍ਰੇਸ਼ਟ ਮਹਾ ਪੁਰਸ਼ ਵਿੱਦਿਆ ਨੂੰ ਪ੍ਰਾਪਤ ਕਰਕੇ ਬੜੀ ਨਿਮ੍ਰਤਾ ਰੱਖਦੇ ਹੋਏ ਪਰਉਪਕਾਰ ਕਰਦੇ ਹਨ। ਜਿਵੇਂ ਫ਼ਲਾਂ ਦੇ ਭਾਰ ਨਾਲ ਬ੍ਰਿਛ ਝੁਕ ਜਾਂਦੇ ਹਨ।

ਸੋਮਵਾਰਿ ਸਸਿ ਅੰਮ੍ਰਿਤੁ ਝਰੈ ॥
ਚਾਖਤ ਬੇਗਿ ਸਗਲ ਬਿਖ ਹਰੈ ॥

(ਪੰਨਾ ੩੪੪)

ਉਹ ਗੁਰੂ ਰੂਪੀ ਚੰਦਰਮਾਂ ਦੀਆਂ ਉਪਦੇਸ਼ ਰੂਪੀ ਕਿਰਨਾ ਤੋਂ ਗਿਆਨ ਰੂਪੀ ਅੰਮ੍ਰਿਤ ਪ੍ਰਾਪਤ ਕਰਕੇ ਸ਼ਾਂਤ ਹੁੰਦੇ ਹਨ ਅਤੇ ਵਿਕਾਰਾਂ ਦੀ ਵਿਹੁ ਦੂਰ ਕਰਦੇ ਹਨ। ਉਨ੍ਹਾਂ ਦੀ ਹੀ ਪੜ੍ਹੀ ਹੋਈ ਵਿੱਦਿਆ ਸਫ਼ਲੀ ਹੈ। ਸੰਤਾਂ ਦੀ ਪਾਵਨ ਰਸਨਾ ਤੋਂ ਇਸ ਪ੍ਰਕਾਰ ਦਾ ਉੱਤਮ ਉਪਦੇਸ਼ ਸੁਣਕੇ ਪੰਡਿਤ ਦਾ ਮਨ ਬੜਾ ਪ੍ਰਸੰਨ ਹੋਇਆ ਹਜ਼ੂਰ ਪਾਸੋਂ ਉਪਦੇਸ਼ ਲੈ ਕੇ ਪਾਸ ਹੀ ਰਹਿਣ ਲੱਗ ਪਿਆ। ਗੁਰ ਮੰਤਰ ਦੀ ਕਮਾਈ ਦੁਆਰਾ ਮਨ ਸ਼ਾਂਤ ਕਰਕੇ ਆਪਣੀ ਪੜ੍ਹੀ ਹੋਈ ਵਿੱਦਿਆ ਸਫ਼ਲੀ ਕੀਤੀ ਅਤੇ ਅੰਤ ਨੂੰ ਗੁਰ ਪੁਰੀ ਦਾ ਵਾਸੀ ਬਣਿਆ।

## ਮਾਇਆ ਤਿਆਗ ਦਾ ਉਪਦੇਸ਼

ਇਕ ਦਿਨ ਹਜ਼ੂਰ ਦਾ ਰੂਹਾਨੀ ਦੀਵਾਨ ਸਜਿਆ ਹੋਇਆ ਸੀ। ਉਸ ਸਮੇਂ ਬੇਅੰਤ ਪ੍ਰੇਮੀਆਂ ਦੀਆਂ ਮਨੋ ਕਾਮਨਾ ਪੂਰੀਆਂ ਹੋ ਰਹੀਆਂ ਸਨ। ਇਤਨੇ ਨੂੰ ਸੰਤਾਂ ਦੇ ਦਰਸ਼ਨਾਂ ਵਾਸਤੇ ਨੌਸ਼ਹਿਰੇ ਛਾਉਣੀ ਤੋਂ ਇੱਕ ਸੰਤਾ ਸਿੰਘ ਫੌਜੀ ਆਇਆ, ਨਮਸਕਾਰ ਕੀਤੀ ਤੇ ਪਾਸ ਬੈਠ ਗਿਆ। ਸੰਤਾਂ ਨੇ ਕਿਹਾ, "ਸੁਣਾ ਬਈ! ਕੀ ਗੱਲ ਹੈ? ਜੇ ਕੁਝ ਇੱਛਾ ਹੈ ਮੰਗ ਲੈ।"

ਉਸ ਨੇ ਕਿਹਾ, "ਦਾਤਾ! ਕ੍ਰਿਪਾ ਕਰੋ ਹੱਥ ਬੜਾ ਤੰਗ ਹੈ, ਆਈ ਚਲਾਈ ਹੀ ਚਲਦੀ ਹੈ। ਕਿਉਂਕਿ ਜਿਤਨੀ ਤਨਖਾਹ ਮਿਲਦੀ ਹੈ ਉਹ ਖਾ ਪੀ ਛੱਡੀਦੀ ਹੈ। ਬਚਦਾ ਕੁਝ ਵੀ ਨਹੀਂ।" ਸੰਤਾਂ ਨੇ ਕਿਹਾ, "ਤੇਰਾ ਪਿੱਛੇ ਪਰਿਵਾਰ ਹੈ?" ਉਸ ਨੇ ਕਿਹਾ, "ਜੀ ਨਹੀਂ, ਮੈਂ ਇਕੱਲਾ ਹੀ ਹਾਂ।" ਸੰਤਾਂ ਫਿਰ ਕਿਹਾ, "ਤਾਂ ਫਿਰ ਦੱਸ ਤੂੰ ਬੱਚਤ ਕਿਸ ਵਾਸਤੇ ਕਰਨੀ ਹੈ? ਜੋ ਨੌਕਰੀ ਦੀ ਮਾਇਆ ਮਿਲਦੀ ਹੈ ਉਸ ਨੂੰ ਖਾਈ ਪੀ ਜਾਹ। ਸੰਗ੍ਰਹਿ ਕੀਤੀ ਦੁਖ ਰੂਪ ਹੈ। ਚੰਗਾ ਖਾਣਾ ਪੀਣਾ ਛੁਡਾਅ ਦਿੰਦੀ ਹੈ।

ਜਿਵੇਂ ਕਿਸੇ ਸ਼ਾਹੂਕਾਰ ਦੇ ਗੁਆਂਢ ਮਰਾਸੀਆਂ ਦਾ ਘਰ ਸੀ। ਉਹ ਜਿਤਨਾਂ ਰੋਜ਼ ਕਮਾਇਆ ਕਰਨ ਸ਼ਾਮ ਨੂੰ ਹੀ ਤੜਕੇ ਫੜਕੇ ਲਾ ਕੇ ਖਾ ਛੱਡਿਆ ਕਰਨ। ਫਿਰ ਖਾ ਪੀ ਕੇ ਦਿਨ ਚੜ੍ਹੇ ਤੱਕ ਸੁੱਤੇ ਰਹਿਣ। ਗਵਾਂਢੀ ਸ਼ਾਹੂਕਾਰ ਮਾਇਆ ਜੋੜਨ ਵਿੱਚ ਹੀ ਰਹਿੰਦਾ। ਕੇਵਲ ਦੋ ਟਾਇਮ ਸਾਦਾ ਦਾਲ ਫੁਲਕਾ ਹੀ ਬਣੇ ਤੇ ਰਾਤ ਨੂੰ ਇਕੱਠੀ ਕੀਤੀ ਮਾਇਆ ਦੀ ਫ਼ਿਕਰ ਵਿੱਚ ਨੀਂਦ ਵੀ ਨਾ ਆਵੇ। ਇੱਕ ਦਿਨ ਸ਼ਾਹੂਕਾਰਨੀ ਬੋਲੀ, ਕਿ ਦੇਖੋ ਆਪਣੇ ਪਾਸ ਕਿਤਨਾ ਧਨ ਹੈ ਪਰ ਅਸੀਂ ਕਦੇ ਵੀ ਚੰਗੀ ਦਾਲ ਸਬਜ਼ੀ ਬਣਾ ਕੇ ਨਹੀਂ ਖਾਧੀ। ਇਨ੍ਹਾਂ ਗ਼ਰੀਬਾਂ ਦੇ ਰੋਜ਼ ਤੜਕੇ ਲਗਦੇ ਹਨ। ਸ਼ਾਹੂਕਾਰ ਨੇ ਪਹਿਲਾਂ ਤਾਂ ਉਸ ਨੂੰ ਸਮਝਾਉਣ ਦਾ ਬੜਾ ਯਤਨ ਕੀਤਾ ਪਰ ਜਦ ਉਹ ਨਾ ਸਮਝੀ ਅਤੇ ਆਪਣੇ ਹਠ ਤੇ ਤੁੱਲੀ ਰਹੀ ਕਿ ਸਾਡੇ ਵੀ ਚੰਗੇ ਪਦਾਰਥ ਬਣਨੇ ਚਾਹੀਦੇ ਹਨ ਤਾਂ ਸ਼ਾਹੂਕਾਰ ਨੇ ਕਿਹਾ ਕਿ ਜੇ ਤੂੰ ਕਹੇਂ ਤਾਂ ਅੱਜ ਤੋਂ ਇਨ੍ਹਾਂ ਦੇ ਵੀ ਤੜਕੇ ਲੱਗਣੇ ਬੰਦ ਕਰਵਾ ਦੇਵਾਂ? ਤਾਂ ਉਹ ਹੈਰਾਨ ਹੋ ਕੇ ਕਹਿੰਦੀ ਇਹ ਕਿਵੇਂ ਹੋ ਸਕਦਾ ਹੈ? ਇਹੋ ਜਿਹਾ ਤੁਹਾਡੇ ਪਾਸ ਕਿਹੜਾ ਜਾਦੂ ਹੈ? ਸ਼ਾਹੂਕਾਰ ਨੇ ਕਿਹਾ ਫਿਰ ਮੇਰੀ ਕਰਾਮਾਤ ਅੱਜ ਹੀ ਦੇਖ ਲਈ।

ਇਉਂ ਆਖ ਕੇ ਉਸ ਨੇ ਸ਼ਾਹੂਕਾਰਨੀ ਦਾ ਮਨ ਖ਼ੁਸ਼ ਕੀਤਾ ਤੇ ਇਧਰੋਂ ਉਸ ਨੇ ਪੁਰਾਣੇ ਕੱਪੜੇ ਵਿੱਚ ਲਪੇਟ ਕੇ ਸੁਵੱਖਤੇ ਹੀ ੯੫ ਰੁਪੈ ਕੰਧ ਉੱਪਰੋਂ ਮਰਾਸੀਆਂ ਦੇ ਘਰ ਸੁੱਟ ਦਿੱਤੇ। ਜਦੋਂ ਦਿਨ ਚੜ੍ਹੇ ਮਰਾਸੀ ਜਾਗਿਆ ਤਾਂ ਵਿਹੜੇ ਵਿੱਚ ਰੁਪਿਆਂ ਵਾਲੀ ਗੰਢ ਦੇਖ ਕੇ ਬੜਾ ਪ੍ਰਸੰਨ ਹੋਇਆ। ਜਦੋਂ ਗਿਣੇ ਤਾਂ ਉਸ ਵਿੱਚ ੯੫ ਰੁਪਏ ਸਨ। ਉਹ ਮਰਾਸਣ ਨੂੰ ਕਹਿਣ ਲੱਗਾ ਕਿ ਅੱਜ ਅੱਲਾ ਤਾਲਾ ਨੇ ਖ਼ੁਸ਼ ਹੋ ਕੇ ਸਾਨੂੰ ਮਾਇਆ ਦਾ ਗੱਫਾ ਘੱਲ ਦਿੱਤਾ ਹੈ। ਸੌ ਵਿਚੋਂ ਪੰਜ ਘੱਟ ਹਨ ਇਨ੍ਹਾਂ ਵਿੱਚ ਪੰਜ ਹੋਰ ਪਾ ਕੇ ਸੌ ਪੂਰਾ ਕਰਕੇ ਧਰਤੀ ਵਿੱਚ ਦੱਬ ਦੇਈਏ ਕਿਸੇ ਔਖੇ ਵੇਲੇ ਕੰਮ ਆਉਣਗੇ। ਇਸ ਲਈ ਅੱਜ ਤੋਂ ਤੜਕੇ ਲਾਉਣੇ ਬੰਦ ਕਰ ਦੇ ਲੂਣ ਮਿਰਚ ਕੁੱਟ ਲਿਆ ਕਰ ਉਸ ਨਾਲ ਰੋਟੀ ਖਾ ਲਿਆ ਕਰਾਂਗੇ।

ਉਸ ਦਿਨ ਤੋਂ ਬਾਅਦ ਉਨ੍ਹਾਂ ਦੇ ਤੜਕੇ ਲੱਗਣੇ ਬੰਦ ਹੋ ਗਏ। ਪਹਿਲਾਂ ਤਾਂ ਸੌ ਪੂਰਾ ਕੀਤਾ ਫਿਰ ਉੱਪਰਲੇ ਖਰਚ ਵਾਸਤੇ ਦਸ ਵੀਹ ਹੋਰ ਜੋੜ ਲਏ, ਕਿ ਲੋੜ ਪਈ ਤੋਂ ਕਿਤੇ ਸੌ ਵਿੱਚੋਂ ਨਾ ਕੱਢਣੇ ਪੈ ਜਾਣ। ਇਉਂ ਦੋ ਮਹੀਨੇ ਲੰਘ ਗਏ। ਇੱਕ ਦਿਨ ਸ਼ਾਹੂਕਾਰ ਨੇ ਪੁੱਛਿਆ ਮੀਰ ਸਾਹਬ ਕੀ ਗੱਲ ਹੈ ਅੱਜ ਕੱਲ੍ਹ ਕੁਝ ਘੱਟ ਹੀ ਖੜਕਾ ਹੁੰਦਾ ਹੈ? ਉਸ ਨੇ ਕਿਹਾ ਜੀ ਕੀ ਕਰੀਏ ਕੰਮ ਕਾਰ ਹੀ ਨਹੀਂ ਮਿਲਦਾ। ਗ਼ਰੀਬ ਆਦਮੀ ਦਿਨ ਕੱਟਦੇ ਹਾਂ ਮਸਾਂ ਹੀ ਦਾਲ ਫੁਲਕਾ ਚੱਲਦਾ ਹੈ। ਉਸ ਸਮੇਂ ਸ਼ਾਹੂਕਾਰ ਨੇ ਸ਼ਾਹੂਕਾਰਨੀ ਨੂੰ ਆਖਿਆ ਕਿ ਦੇਖ ਇਹ ਪਚੰਨਵਿਆਂ ਦੀ ਕ੍ਰਿਪਾ ਹੈ।" ਇਸ ਤਰ੍ਹਾਂ ਬਾਬਾ ਜੀ ਕਹਿਣ ਲੱਗੇ ਕਿ ਜੇਕਰ ਤੂੰ ਵੀ ਮਾਇਆ ਇਕੱਠੀ ਕਰਨ ਦੇ ਖ਼ਿਆਲ ਵਿੱਚ ਪੈ ਗਿਆ ਤਾਂ ਤੇਰਾ ਵੀ ਮਰਾਸੀਆਂ ਵਾਗੂੰ ਖਾਣਾ ਪੀਣਾ ਬੰਦ ਹੋ ਜਾਣਾ ਹੈ ਤੇ ਪਚੰਨਵਿਆਂ ਦੇ ਗੇੜ ਵਿੱਚ ਪੈ ਜਾਵੇਂਗਾ ਇਸੇ ਤਰ੍ਹਾਂ ਹੀ ਖ਼ੁਸ਼ ਰਹੋ। ਸੰਤਾਂ ਦੀ ਰਸਨਾਂ ਤੋਂ ਇਸ ਪ੍ਰਕਾਰ ਦੇ ਬਚਨ ਸੁਣਕੇ ਉਸ ਦੇ ਮਨ ਤੇ ਬੜਾ ਅਸਰ ਹੋਇਆ ਤੇ ਹੱਥ ਜੋੜ ਕੇ ਮੁਆਫ਼ੀ ਮੰਗੀ। ਮਹਾਰਾਜ! ਮੇਰੀ ਗ਼ਲਤੀ ਹੈ ਜੋ ਮੈਂ ਜੌਹਰੀ ਦੀ ਦੁਕਾਨ ਤੋਂ ਕੌਡੀਆਂ ਖ਼ਰੀਦਣ ਲੱਗਿਆ ਸਾਂ। ਆਪ ਨੇ ਮੇਰੇ ਤੇ ਮਹਾਨ ਕ੍ਰਿਪਾ ਕੀਤੀ ਹੈ ਜੋ ਦੁਖ ਰੂਪੀ ਮਾਇਆ ਦੇ ਝੰਜਟ ਤੋਂ ਬਚਾਅ ਲਿਆ। ਹਜ਼ੂਰ ਕਥਨ ਕਰਦੇ ਹਨ:-

ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥

(ਪੰਨਾ ੩੯੦)

ਤਥਾ: ਮਾਈ ਮਾਇਆ ਛਲੁ ॥
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ
ਗੋਬਿਦ ਭਜਨ ਬਿਨੁ ਹੜ ਕਾ ਜਲੁ ॥

(ਪੰਨਾ ੭੧੭)

ਤਥਾ: ਪੁਤ੍ਰੁ ਕਲਤ੍ਰੁ ਲਛਮੀ ਮਾਇਆ ॥
ਇਨ ਤੇ ਕਹੁ ਕਵਨੈ ਸੁਖੁ ਪਾਇਆ ॥

(ਪੰਨਾ ੬੯੨)

ਹੁਣ ਕ੍ਰਿਪਾ ਕਰਕੇ ਨਾਮ ਦਾਨ ਬਖ਼ਸ਼ੋ। ਉਸ ਦੀ ਨਿਮ੍ਰਤਾ ਤੱਕ ਕੇ ਸੰਤਾਂ ਨੇ ਕ੍ਰਿਪਾ ਕੀਤੀ ਤੇ ਨਾਮ ਦਾਨ ਦੇ ਕੇ ਨਿਹਾਲ ਕੀਤਾ। ਫਿਰ ਉਸ ਨੇ ਅੱਗੇ ਵਾਸਤੇ ਕਦੀ ਵੀ ਮਾਇਆ ਦਾ ਸੰਕਲਪ ਨਹੀਂ ਲਿਆ। ਰਾਜ਼ਕ ਦੀ ਰਜ਼ਾ ਵਿੱਚ ਰਾਜ਼ੀ ਰਹਿ ਕੇ ਸੰਤਾਂ ਦੀ ਸੰਗਤ ਕਰਦਾ ਰਿਹਾ ਤੇ ਆਪਣਾ ਪ੍ਰਲੋਕ ਸਫ਼ਲਾ ਕੀਤਾ।

# ਰਿਖੀ ਮੂਲ ਰਾਜ ਤੇ ਬਖ਼ਸ਼ਿਸ਼

ਇੱਕ ਸਮੇਂ ਬਾਬਾ ਕਰਮ ਸਿੰਘ ਜੀ ਮਹਾਰਾਜ ਦਾ ਜਸ ਸੁਣਕੇ ਇੱਕ ਚੰਗੇ ਸਵੱਛ ਖ਼ਿਆਲਾਂ ਦਾ ਪ੍ਰੇਮੀ ਮੂਲ ਰਾਜ ਹੋਤੀ ਡੇਰੇ ਬਾਬਾ ਜੀ ਦੇ ਦਰਸ਼ਨਾਂ ਨੂੰ ਆਇਆ। (ਇਹ ਪਿਸ਼ੌਰ ਦੇ ਰਹਿਣ ਵਾਲੇ ਧਨਾਢ ਖੱਤਰੀ ਦਾ ਇਕਲੌਤਾ ਹੀ ਪੁੱਤਰ ਸੀ ਪਿਤਾ ਕੱਪੜੇ ਦੀ ਦੁਕਾਨ ਕਰਦਾ ਸੀ) ਇੱਕ ਦਿਨ ਕਿਸੇ ਗ਼ਰੀਬ ਸਿੱਖ ਦਾ ਲੜਕਾ ਮ੍ਰਿਤੂ ਹੋ ਗਿਆ। ਇਨ੍ਹਾਂ ਪਾਸ ਆ ਕੇ ਕਫ਼ਨ ਵਾਸਤੇ ਕੱਪੜਾ ਮੰਗਿਆ। ਉਸ ਨੇ ਇਸਦੀ ਦਸ਼ਾ ਦੇਖ ਕੇ ਕਫ਼ਨ ਦੇ ਪੈਸੇ ਨਹੀਂ ਲਏ। ਜਦੋਂ ਇਸਦੇ ਪਿਤਾ ਜੀ ਨੂੰ ਪਤਾ ਲੱਗਾ ਤਾਂ ਉਹ ਨਰਾਜ਼ ਹੋਏ ਕਿ ਇਸ ਤਰ੍ਹਾਂ ਤਾਂ ਤੂੰ ਸਾਰੀ ਦੁਕਾਨ ਹੀ ਲੁਟਾਅ ਦੇਵੇਂਗਾ। ਫਿਰ ਇਹ ਉਪਰਾਮ ਹੋ ਕੇ ਹੋਤੀ ਡੇਰੇ ਆ ਗਿਆ। ਦੀਵਾਨ ਦੇ ਸਮੇਂ ਪਾਵਨ ਚਰਨਾਂ ਤੇ ਭਾਵਨਾ ਨਾਲ ਨਮਸਕਾਰ ਕੀਤੀ। ਫਿਰ ਹੱਥ ਜੋੜ ਕੇ ਪਾਸ ਬੈਠ ਗਿਆ। ਹਜ਼ੂਰ ਦੀ ਪਾਵਣ ਰਸਨਾ ਤੋਂ ਬਚਨ ਸੁਣ ਕੇ ਉਸ ਦੇ ਮਨ ਵਿੱਚ ਪਿਛਲੇ ਜਨਮਾਂ ਦੀ ਕੀਤੀ ਹੋਈ ਭਗਤੀ ਦੇ ਸੂਖਮ ਰੂਪ ਵਿੱਚ ਅੰਦਰ ਪਏ ਹੋਏ ਸੰਸਕਾਰ ਉਦੈ ਹੋ ਗਏ ਜਿਵੇਂ ਕਿਸੇ ਸਮੇਂ ਦਾ ਧਰਤੀ ਉੱਤੇ ਡਿਗਿਆ ਬੀਜ ਬਾਰਸ਼ ਵਿੱਚ ਅੰਕੁਰ ਦੇ ਰੂਪ ਵਿੱਚ ਬਾਹਰ ਆ ਜਾਂਦਾ ਹੈ। ਇਸੇ ਤਰ੍ਹਾਂ ਇਸ ਨੇ ਹੱਥ ਜੋੜੇ ਅਰਜ਼ ਕੀਤੀ, "ਦਾਤਾ! ਕ੍ਰਿਪਾ ਕਰੋ ਨਾਮ ਦੀ ਦਾਤ ਬਖ਼ਸ਼ੋ ਜਿਸ ਕਰਕੇ ਸੰਸਾਰ ਤੇ ਆਉਣਾ ਸਫ਼ਲਾ ਹੋਵੇ।" ਹਜ਼ੂਰ ਨੇ ਇਸ ਦੀ ਬੇਨਤੀ ਸੁਣਕੇ ਕੋਈ ਉੱਤਰ ਨਹੀਂ ਦਿੱਤਾ ਕੁਝ ਸਮੇਂ ਬਾਅਦ ਇਸ ਨੇ ਫਿਰ ਕਿਹਾ, "ਮਹਾਰਾਜ! ਸਤਿਗੁਰਾਂ ਦਾ ਫੁਰਮਾਨ ਹੈ:

ਜਿਸੁ ਵਖਰ ਕਉ ਲੈਨਿ ਤੂ ਆਇਆ ॥
ਰਾਮ ਨਾਮੁ ਸੰਤਨ ਘਰਿ ਪਾਇਆ ॥

(ਪੰਨਾ ੨੮੩)

ਆਪ ਮੇਹਰ ਕਰੋ।" ਇਸ ਦੀ ਦੁਬਾਰਾ ਬੇਨਤੀ ਸੁਣਕੇ ਸੰਤਾਂ ਨੇ ਫਿਰ ਨੇਤਰ ਬੰਦ ਕਰ ਲਏ। ਕਾਫ਼ੀ ਦੇਰ ਸਮਾਧੀ ਵਿੱਚ ਲੀਨ ਰਹੇ ਮਾਨੋ ਕਿਸੇ ਦਰਗਾਹੀ ਹੁਕਮ ਦੀ ਉਡੀਕ ਵਿੱਚ ਸਨ। ਅਨੁਭਵ ਨਾਲ ਤੱਕਿਆ ਇਹ ਤਾਂ ਮਹਾਨ ਪੁਰਖ ਬਣੇਗਾ। ਇਸ ਦੀ ਪਿਛਲੀ ਭਗਤੀ ਦੇ ਸੰਸਕਾਰ ਪ੍ਰਬਲ ਹਨ। ਪਰ ਪ੍ਰੀਖਿਆ ਕਰਕੇ ਦਾਤ ਬਖ਼ਸ਼ਣੀ ਭਲੀ ਹੈ। ਇਉਂ ਵਿਚਾਰ ਕੇ ਨੇਤਰ ਖੋਲ੍ਹੇ ਤੇ ਬਚਨ ਕੀਤਾ ਕਿ ਤੁਹਾਡੇ ਵਾਸਤੇ ਇਹੋ ਹੀ ਉਪਦੇਸ਼ ਹੈ, ਲੰਗਰ ਦੇ ਬਰਤਨ ਸਾਫ਼ ਕਰੋ। ਗੁਰੂ ਕੇ ਲੰਗਰ ਦੇ ਬਰਤਨ ਮਾਂਜਣ ਨਾਲ ਮਨ ਮਾਂਜਿਆ ਜਾਵੇਗਾ। ਮਨ ਦੀ ਸਫ਼ਾਈ ਵਿੱਚ ਹੀ ਖ਼ੁਦਾਈ ਮਿਲਾਪ ਹੈ। ਸੇਵਾ ਕਰਦਿਆਂ ਕਿਸੇ ਨਾਲ ਬਚਨ ਨਹੀਂ ਕਰਨਾ ਸ਼ਾਂਤ ਚਿੱਤ ਰਹਿਣਾ ਹੈ। ਸੰਤਾਂ ਦਾ ਬਚਨ ਸੁਣਕੇ ਉਸੇ ਸਮੇਂ ਇਸ ਨੇ ਨਮਸਕਾਰ ਕੀਤੀ ਤੇ ਲੰਗਰ ਵਿੱਚ ਆ ਗਿਆ। ਗ਼ਰਮੀ ਸਰਦੀ ਤੇ ਬਾਰਸ਼ਾਂ ਸਹਾਰ ਕੇ ਗੁਰੂ ਕੇ ਲੰਗਰ ਦੀ ਬਾਰਾਂ ਸਾਲ ਬਿਨਾਂ ਨਾਗਾ ਸੇਵਾ ਕੀਤੀ। ਨਾ ਭੁੱਖ ਦਾ ਖ਼ਿਆਲ, ਨਾ ਪਿਆਸ ਦੀ ਚਿੰਤਾ, ਨਾ ਕਿਸੇ ਦੇ ਕਹੇ ਕਠੋਰ ਬਚਨਾਂ ਦਾ ਮਨ ਤੇ ਅਸਰ, ਨਾ ਸਰੀਰ ਦੀ ਸਫ਼ਾਈ ਦਾ ਖ਼ਿਆਲ। ਅੱਠੇ ਪਹਿਰ ਸਵਾਹ ਤੇ ਚੌਂਕੜਾ ਮਾਰਕੇ ਲੰਗਰ ਦੇ ਬਰਤਨ ਸਾਫ਼ ਕਰੀ ਜਾਣਾ। ਜਿਵੇਂ ਭਾਈ ਗੁਰਦਾਸ ਜੀ ਨੇ ਸਿੱਖ ਦੀ ਅਵਸਥਾ ਬਿਆਨ ਕੀਤੀ ਹੈ,

ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ।

(ਭਾਈ ਗੁਰਦਾਸ ਜੀ)

ਜਦੋਂ ਬਰਤਨ ਮਾਂਜਦਿਆਂ-ਮਾਂਜਦਿਆਂ ਇਸ ਦਾ ਆਪਣੇ ਮਨ ਦਾ ਬਰਤਨ ਸਾਫ਼ ਹੋ ਗਿਆ ਤਾਂ ਪ੍ਰਮੇਸ਼ਰ ਇਉਂ ਅਧੀਨ ਹੋ ਗਿਆ ਜਿਵੇਂ ਭਗਤ ਜੀ ਫੁਰਮਾਉਂਦੇ ਹਨ:

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥

(ਪੰਨਾ ੧੩੬੭)

ਜਿਵੇਂ ਬਲ ਰਾਜੇ ਨੇ ਪਰਮੇਸ਼ਰ ਨੂੰ ਬੰਨ੍ਹ ਕੇ ਆਪਣੇ ਬੂਹੇ ਤੇ ਪਹਿਰੇਦਾਰ ਬਣਾ ਕੇ ਖੜ੍ਹਾ ਕਰ ਲਿਆ। ਇਸੇ ਤਰ੍ਹਾਂ ਪ੍ਰੇਮ ਦੀਆਂ ਜ਼ੰਜ਼ੀਰਾਂ ਦੇ ਖਿੱਚੇ ਅੱਜ ਬਾਬਾ ਜੀ ਆਪ ਇਸ ਦੇ ਪਾਸ ਪੁੱਜੇ। ਤੱਕਿਆ ਕਿ ਸਵਾਹ ਦੇ ਢੇਰ ਤੇ ਪਰਮ ਰਿਸ਼ੀਆਂ ਵਾਗੂੰ ਅਡੋਲ ਬੈਠਾ ਹੈ। ਸੰਤਾਂ ਦੇ ਪਾਸ ਗਿਆਂ ਇਸ ਨੇ ਨੇਤਰ ਖੋਲ੍ਹੇ, ਉੱਠ ਕੇ ਨਮਸਕਾਰ ਕੀਤੀ। ਮੇਹਰਾਂ ਦੇ ਮਾਲਕ ਨੇ ਪ੍ਰਸੰਨ ਹੋ ਕੇ ਬਖ਼ਸ਼ਿਸ਼ਾਂ ਦੇ ਬੂਹੇ ਖੋਲ੍ਹ ਦਿੱਤੇ। ਆਖਿਆ, "ਸਿੱਖਾ! ਨਿਹਾਲ ਨਿਹਾਲ! ਤੂੰ ਸਾਡੇ ਬਚਨਾਂ ਦੀ

ਪਾਲਣਾ ਕੀਤੀ ਹੈ, ਜਿਸ ਕਰਕੇ ਤੂੰ ਵਿਸ਼ਵਾ ਮਿੱਤਰ ਤੇ ਦੁਰਬਾਸ਼ਾ ਰਿਸ਼ੀ ਵਾਗੂੰ ਪੂਰਨ ਸੰਤ ਬਣ ਗਿਆ ਹੈਂ। ਪਰ ਅੱਜ ਤੋਂ ਆਪਣੀ ਜ਼ੁਬਾਨ ਚੋਂ ਸੰਭਾਲ ਕੇ ਬਚਨ ਕਰੀਂ, ਜੋ ਵੀ ਮੁੱਖੋਂ ਕਹੇਗਾ ਉਹ ਖ਼ਾਲੀ ਨਹੀਂ ਜਾਣਾ। ਹੁਣ ਤੇਰਾ ਸੰਸਾਰ ਤੇ ਆਉਣਾ ਸਫ਼ਲ ਹੋ ਗਿਆ। ਤੂੰ ਆਪ ਤਾਂ ਤਰ ਗਿਆ ਤੇਰੀ ਸੰਗਤ ਕਰਨ ਵਾਲਿਆਂ ਤੋਂ ਵੀ ਜਮਾਂ ਨੂੰ ਭੈ ਆਵੇਗਾ। ਕਿਉਂਕਿ ਗੁਰੂ ਸ਼ਬਦ ਦੀ ਕਮਾਈ ਕਰਨ ਵਾਲਿਆਂ ਦੇ ਜਮ ਨੇੜੇ ਨਹੀਂ ਢੁੱਕਦਾ।"

ਸਬਦੁ ਸੁਣੇ ਤਾ ਦੂਰਹੁ ਭਾਗੈ ਮਤੁ
ਮਾਰੇ ਹਰਿ ਜੀਉ ਬੇਪਰਵਾਹਾ ਹੇ ॥

(ਪੰਨਾ ੧੦੫੪)

ਦੀਨ ਦੁਨੀਆਂ ਦੇ ਮਾਲਕ ਨੂੰ ਇਸ ਤਰ੍ਹਾਂ ਤਰੁੱਠਿਆਂ ਜਾਣਕੇ ਇਸ ਨੇ ਹੰਝੂਆਂ ਨਾਲ ਚਰਨ ਧੋ ਦਿੱਤੇ। ਆਜਜ਼ੀ ਨਾਲ ਅਰਜ਼ ਕੀਤੀ

ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ ॥
ਕਵਨ ਮੂਲ ਤੇ ਮਾਨੁਖੁ ਕਰਿਆ ਇਹੁ ਪਰਤਾਪੁ ਤੁਹਾਰਾ ॥

(ਪੰਨਾ ੧੨੨੦)

ਉਸ ਦਿਨ ਤੋਂ ਬਾਅਦ ਫਿਰ ਉਹ ਮੂਲ ਰਾਜ[੧੬] ਰਿਸ਼ੀ ਜੀ ਨਾਮ ਨਾਲ ਸੰਗਤਾਂ ਵਿੱਚ ਪ੍ਰਸਿੱਧ ਹੋ ਗਏ ਤੇ ਪੂਰਨ ਮਹਾਂ ਪੁਰਸ਼ ਬਣੇ।

ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ ॥
ਮੁਕਤਿ ਪਦਾਰਥੁ ਪਾਈਐ ਠਾਕ ਨ ਅਵਘਟ ਘਾਟ ॥

(ਪੰਨਾ ੧੩੭੭)

ਧੰਨ ਧੰਨ ਬਾਬਾ ਕਰਮ ਸਿਘ ਜੀ ਮਹਾਰਾਜ

---

[੧੬] ਇਹ ਮਹਾਂ ਪੁਰਸ਼ ਸੰਨ ੧੯੩੨ ਦੀ ਅਰਧ ਕੁੰਭੀ ਦੇ ਸਮੇਂ ਪਹਿਲੀ ਢੱਕੀ ਰਾੜੇ ਸਾਹਿਬ ਆਏ ਸਨ ਅਤੇ ਬਹੁਤ ਦਿਨ ਠਹਿਰੇ ਸਨ। ਬੜੇ ਸ਼ਾਤ ਆਤਮਾ ਬ੍ਰਹਮ ਨੇਸ਼ਟੀ ਸਨ, ਬਾਬਾ ਆਇਆ ਸਿੰਘ ਜੀ ਮਹਾਰਾਜ ਨੇ ਅੰਤ ਸਮੇਂ ਇਨ੍ਹਾਂ ਨੂੰ ਹੋਤੀ ਡੇਰੇ ਦੀ ਮਹੰਤੀ ਦੇਣੀ ਚਾਹੀ ਸੀ। ਜਦੋਂ ਇਨ੍ਹਾਂ ਨੂੰ ਪਤਾ ਲੱਗਾ ਤਾਂ ਇਹ ਪਹਿਲਾਂ ਹੀ ਚਲੇ ਗਏ ਕਿ ਪ੍ਰਵਿਰਤੀ ਮਾਰਗ ਦੁਖ ਰੂਪ ਹੈ।

# ਫੌਜੀਆਂ ਨੂੰ ਵਰਦਾਨ

ਇੱਕ ਸਮੇਂ ਜਿਲ੍ਹੇ ਲੁਧਿਆਣੇ 'ਚੋਂ ਗੁੱਜਰਵਾਲ ਨਗਰ ਦੇ ਪ੍ਰੇਮੀ (ਜੋ ਫੌਜ ਵਿੱਚ ਨੌਕਰੀ ਕਰਦੇ ਸਨ ਤੇ ਇਨ੍ਹਾਂ ਦੀ ਪਲਟਨ ਨੌਸ਼ਹਿਰੇ ਠਹਿਰੀ ਹੋਈ ਸੀ) ਬਾਬਾ ਜੀ ਦਾ ਜਸ ਸੁਣਕੇ ਦਰਸ਼ਨਾਂ ਲਈ ਹੋਤੀ ਡੇਰੇ ਪੁੱਜੇ। ਡੇਰੇ ਜਾ ਕੇ ਭਾਵਨਾ ਨਾਲ ਮੱਥਾ ਟੇਕਿਆ ਰੂਹਾਨੀ ਚੇਹਰੇ ਦਾ ਦੀਦਾਰ ਕਰਕੇ ਮਨ ਠੰਡਾ ਹੋ ਗਿਆ। ਦਿਲ ਵਿੱਚ ਚਾਅ ਤੇ ਮਨ ਖੁਮਾਰੀ ਨਾਲ ਝੂਮਣ ਲਗਿਆ। ਉਪਦੇਸ਼ ਵਾਸਤੇ ਮੰਗ ਕੀਤੀ। ਸੰਤਾਂ ਨੇ ਉਨ੍ਹਾਂ ਨੂੰ ਦੂਜੀ ਵਾਰ ਆਉਣ ਵਾਸਤੇ ਕਿਹਾ। ਅਗਲੇ ਐਤਵਾਰ ਫਿਰ ਗਏ ਫਿਰ ਆਖਿਆ ਦੂਜੀ ਦਫ਼ਾ ਆਉਣਾ ਅਜੇ ਸਮਾਂ ਨਹੀਂ। ਜਦੋਂ ਤੀਜੀ ਵਾਰ ਗਏ ਮਨ ਵਿੱਚ ਸ਼ਰਧਾ ਤੱਕੀ ਤਾਂ ਕ੍ਰਿਪਾ ਕਰਕੇ ਗੁੱਜਰਾਵਾਲ ਦੇ ਪੰਜ ਸੱਤ ਪ੍ਰੇਮੀਆਂ ਨੂੰ ਨਾਮ ਦੇ ਜਹਾਜ਼ੇ ਚਾੜ੍ਹ ਦਿੱਤਾ। ਇਹ ਫੌਜ ਵਿੱਚ ਰਹਿੰਦਿਆਂ ਕਮਾਈ ਕਰਦੇ ਰਹੇ। ਇਨ੍ਹਾਂ ਦੀ ਪਲਟਨ ਨੇ ਵਾਪਸ ਪੰਜਾਬ ਵੱਲ ਆਉਣਾ ਸੀ ਸਾਰਿਆਂ ਨੇ ਹੋਤੀ ਡੇਰੇ ਆ ਕੇ ਬਾਬਾ ਜੀ ਦੇ ਚਰਨਾਂ ਵਿੱਚ ਨਮਸਕਾਰ ਕਰਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਹੁਣ ਆਪ ਜੀ ਦੇ ਦਰਸ਼ਨ ਕਦੋਂ ਹੋਣਗੇ?"

ਇਨ੍ਹਾਂ ਦੀ ਬੇਨਤੀ ਸੁਣਕੇ ਬਾਬਾ ਜੀ ਨੇ ਕਿਹਾ ਕਿ ਤੁਹਾਨੂੰ ਏਥੇ ਦੂਰ ਆਉਣਾ ਔਖਾ ਹੈ ਤੁਸੀਂ ਆਪਣੇ ਇਲਾਕੇ ਵਿੱਚ ਹੀ ਦਰਸ਼ਨ ਕਰ ਲਿਆ ਕਰੋ। ਉਹਨੀ ਦਿਨੀ ਫਿਲੌਰ ਦੇ ਪਾਸ ਇੱਕ ਅਲਫ਼ ਨਗਨ ਮਸਤਾਨਾ ਫ਼ਕੀਰ ਰਹਿੰਦਾ ਸੀ। ਦੁਨੀਆਦਾਰਾਂ ਦੀ ਅਕਾਬਾਜ਼ੀ ਤੋਂ ਬਚਣ ਲਈ ਹਫ਼ਤੇ ਬਾਅਦ ਕਿਰਾਏ ਤੇ ਟਾਂਗਾ ਲੈ ਕੇ ਸਫ਼ੈਦ ਬੋਤਲ ਪਾਣੀ ਨਾਲ ਭਰਕੇ ਵਿੱਚ ਲਾਲ ਰੰਗ ਪਾ ਲਿਆ ਕਰੇ। ਦੇਖਣ ਵਾਲੇ ਸ਼ਰਾਬ ਸਮਝਣ ਇੱਕ ਵੇਸਵਾ ਨੂੰ ਆਪਣੇ ਨਾਲ ਟਾਂਗੇ ਤੇ ਬਿਠਾਅ ਕੇ ਸਾਰੇ ਬਜ਼ਾਰ ਵਿੱਚ ਚੱਕਰ ਕਢਦਾ। ਲੋਕੀਂ ਉਸ ਦੀ ਨਿੰਦਿਆ ਕਰਦੇ। ਕੋਈ ਪਾਸ ਨਹੀਂ ਸੀ ਆਉਂਦਾ ਇਸ ਵਿੱਚ ਉਹ ਬਹੁਤ ਖ਼ੁਸ਼ ਹੁੰਦਾ ਪਰ ਹੈ ਸੀ ਪੂਰਨ ਬ੍ਰਹਮ ਗਿਆਨੀ ਉਸ ਦੀ ਅਵਸਥਾ ਨੂੰ ਬਾਬਾ ਜੀ ਜਾਣਦੇ ਸਨ।

ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥

(ਪੰਨਾ ੨੭੩)

ਸੰਤਾਂ ਨੇ ਕਿਹਾ ਤੁਸੀਂ ਉਸ ਦੇ ਦਰਸ਼ਨ ਕਰ ਲਿਆ ਕਰੋ ਤੁਹਾਨੂੰ ਸਾਡੇ ਦਰਸ਼ਨਾਂ ਦਾ ਹੀ ਫ਼ਲ ਮਿਲ ਜਾਇਆ ਕਰੇਗਾ। ਉਨ੍ਹਾਂ ਨੇ ਕਿਹਾ, "ਮਹਾਰਾਜ! ਉਹ ਤਾਂ ਸ਼ਰਾਬ ਦੀ ਬੋਤਲ ਲੈ ਕੇ ਵੇਸਵਾ ਦੇ ਨਾਲ ਟਾਂਗੇ ਤੇ ਬਜ਼ਾਰ ਵਿੱਚ ਹੀ ਘੁੰਮਦਾ ਰਹਿੰਦਾ ਹੈ। ਸਰੀਰ ਤੇ ਬਸਤਰ ਵੀ ਕੋਈ ਨਹੀਂ ਰੱਖਦਾ।" ਸੰਤਾਂ ਨੇ ਕਿਹਾ ਕਿ ਸਾਧੂ ਦੀ ਬਾਹਰਲੀ ਕਿਰਿਆ ਤੋਂ ਉਸ ਦੇ ਅੰਦਰ ਦੀ ਅਵਸਥਾ ਦਾ ਪਤਾ ਨਹੀਂ ਲੱਗ ਸਕਦਾ। ਇਹੋ ਜਿਹੀ ਕ੍ਰਿਆ ਤਾਂ ਉਸ ਨੇ ਆਪਣੇ ਆਪ ਜਾਣਕੇ ਬਣਾਈ ਹੈ ਕਿ ਲੋਕਾਂ ਦੀ ਭਿੰਨ ਭਿਨਾਹਟ ਤੋਂ ਬਚ ਕੇ ਆਪਣੇ ਅਨੰਦ ਵਿੱਚ ਹੀ ਲੀਨ ਰਹੇ। ਅਸੀਂ ਹੁਣ ਉਸ ਨੂੰ ਕਹਿ ਦੇਵਾਂਗੇ ਅੱਗੇ ਵਾਸਤੇ ਇਸ ਤਰ੍ਹਾਂ ਨਹੀਂ ਕਰੇਗਾ। ਤੁਸੀਂ ਸ਼ਰਧਾ ਧਾਰਕੇ ਉਸ ਦੇ ਦਰਸ਼ਨ ਕਰਨ ਜਾਇਆ ਕਰੋ। ਇਨ੍ਹਾਂ ਨੇ ਫਿਰ ਆਖਿਆ, "ਮਹਾਰਾਜ! ਆਪ ਹੀ ਸਾਡੇ ਨਗਰ ਵਿੱਚ ਫੇਰਾ ਮਾਰੋ, ਗੁਰਸਿੱਖੀ ਵਿੱਚ ਇਲਾਕਾ ਬੜਾ ਪਿੱਛੇ ਹੈ।" ਸੰਤਾਂ ਨੇ ਹੱਸ ਕੇ ਕਿਹਾ, "ਚੰਗਾ! ਸਮਾਂ ਪਾ ਕੇ ਇਸ ਸੰਪ੍ਰਦਾਇ ਵਿਚੋਂ ਕਿਸੇ ਹੋਰ ਸਰੂਪ ਵਿੱਚ ਕੋਈ ਪੂਰਨ ਮਹਾਂ ਪੁਰਸ਼ ਉਸ ਇਲਾਕੇ ਨੂੰ ਤਾਰੇਗਾ।" ਉਨ੍ਹਾਂ ਨੇ ਫਿਰ ਪ੍ਰਾਰਥਨਾਂ ਕੀਤੀ, "ਜੇਕਰ ਇਸ ਜਾਮੇ ਵਿੱਚ ਉੱਧਰ ਚਰਨ ਨਹੀਂ ਪਾਉਣੇ ਤਾਂ ਕਿਰਪਾ ਕਰਕੇ ਸਾਨੂੰ ਆਪਣੀ ਇੱਕ ਫੋਟੋ ਹੀ ਬਖ਼ਸ਼ ਦੇਵੋ, ਜਿਸ ਨੂੰ ਦੇਖਕੇ ਤੁਹਾਡੀ ਯਾਦ ਤਾਜ਼ਾ ਰਹੇ ਤੇ ਸਾਡਾ ਭਲਾ ਹੋਵੇ।" ਸੰਤਾਂ ਨੇ ਬਚਨ ਕੀਤਾ, "ਇਹ ਤੁਹਾਡੀ ਫੋਟੋਆਂ ਵਾਲੀ ਮੰਗ ਵੀ ਉਸੇ ਸਮੇਂ ਪੂਰੀ ਕਰਾਂਗੇ। ਅੰਤਰ ਆਤਮੇ ਗੁਰੂ ਨਾਨਕ ਦਾ ਧਿਆਨ ਧਰਿਆ ਕਰੋ। ਹੁਣ ਜਾਉ ਗੁਰੂ ਤੁਹਾਡੇ ਅੰਗ ਸੰਗ ਹੈ।"ਜਦੋਂ ਇਹ ਆਪਣੇ ਦੇਸ਼ ਵਾਪਸ ਆ ਕੇ ਸੰਤਾਂ ਦੇ ਹੁਕਮ ਅਨੁਸਾਰ ਉਸ ਮਸਤਾਨੇ ਫ਼ਕੀਰ ਦੇ ਦਰਸ਼ਨਾਂ ਨੂੰ ਗਏ ਤਾਂ ਦੇਖਿਆ ਕਿ ਉਹ ਸਾਈਂ ਫ਼ਕੀਰ ਬਸਤਰ ਪਹਿਨੀ ਸਮਾਧੀ ਵਿੱਚ ਜੁੜਿਆ ਬੈਠਾ ਹੈ। ਇਨ੍ਹਾਂ ਨੇ ਜਾ ਕੇ ਨਮਸਕਾਰ ਕੀਤੀ ਤੇ ਪੁੱਛਿਆ ਕਿ ਹੁਣ ਆਪ ਜੀ ਨੇ ਸਰੀਰ ਤੇ ਬਸਤਰ ਪਾ ਲਏ? ਉਨ੍ਹਾਂ ਨੇ ਉੱਤਰ ਦਿੱਤਾ, ਕੀ ਕਰੀਏ ਡਾਢੇ ਦਾ ਹੁਕਮ ਜੋ ਹੋ ਗਿਆ, ਉਹ ਤਾਂ ਮੰਨਣਾ ਹੀ ਪੈਣਾ ਸੀ। ਇਹ ਹੋਤੀ ਡੇਰੇ ਦੀ ਅਮਿਟ ਆਗਿਆ ਹੈ। ਉਨ੍ਹਾਂ ਨੇ ਹੈਰਾਨ ਹੋ ਕੇ ਪੁੱਛਿਆ ਕਿ ਕੀ ਬਾਬਾ ਕਰਮ ਸਿੰਘ ਜੀ ਮਹਾਰਾਜ ਤੁਹਾਨੂੰ ਏਥੇ ਆ ਕੇ ਮਿਲੇ ਸਨ ਜਾਂ ਤੁਸੀਂ ਉਨ੍ਹਾਂ ਦੇ ਪਾਸ ਦਰਸ਼ਨਾਂ ਨੂੰ ਗਏ ਸੀ? ਉਨ੍ਹਾਂ ਨੇ ਕਿਹਾ, "ਪ੍ਰਤੱਖ ਤਾਂ ਸਾਡਾ ਅੱਜ ਤੱਕ ਮਿਲਾਪ ਹੋਇਆ ਹੀ ਨਹੀਂ ਪਰ ਅੰਤਰ ਆਤਮੇ ਰੋਜ਼ ਹੀ ਮਿਲਦੇ ਹਾਂ।" ਇਹ ਬਚਨ ਸੁਣਕੇ ਉਹ ਬੜੇ ਹੈਰਾਨ ਹੋਏ। ਅੱਗੇ ਵਾਸਤੇ ਬਾਬਾ ਕਰਮ ਸਿੰਘ ਜੀ ਮਹਾਰਾਜ ਉੱਪਰ ਹੋਰ ਵੀ ਸ਼ਰਧਾ ਵਧ ਗਈ

ਅਤੇ ਇਸ ਮਸਤਾਨੇ ਫ਼ਕੀਰ ਦੇ ਦਰਸ਼ਨ ਕਰਦਿਆਂ ਨੇ ਆਪਣਾ ਮਨੁੱਖਾ ਜਨਮ ਸਫ਼ਲਾ ਕੀਤਾ ਤੇ ਇਨ੍ਹਾਂ ਦੇ ਰਾਹੀਂ ਉਸ ਫ਼ਕੀਰ ਦੇ ਹੋਰ ਵੀ ਲੋਕ ਸ਼ਰਧਾਲੂ ਬਣ ਗਏ।

# ਸੱਚੇ ਪ੍ਰੇਮ ਦਾ ਉਪਦੇਸ਼

ਹਜ਼ੂਰ ਬਾਬਾ ਕਰਮ ਸਿੰਘ ਜੀ ਮਹਾਰਾਜ ਸਵੇਰੇ ਇੱਕ ਵਜੇ ਸਾਵਧਾਨ ਹੋ ਕੇ ਬਾਹਰ ਹੀ 'ਕਲਪਾਣੀ' ਵਿੱਚ ਇਸ਼ਨਾਨ ਕਰਕੇ ਉਸ ਦੇ ਕੰਢੇ ਹੀ ਸਮਾਧੀ ਵਿੱਚ ਲੀਨ ਹੋ ਜਾਂਦੇ। ਫਿਰ ਪੰਜ ਵਜੇ ਗੁੱਜਰ ਗੜ੍ਹੀ ਦੇ ਪ੍ਰੇਮੀ ਪਾਲਕੀ ਲੈ ਕੇ ਪੁੱਜ ਜਾਇਆ ਕਰਦੇ। ਉਸ ਸਮੇਂ ਆਪ ਪਾਲਕੀ ਵਿੱਚ ਬੈਠ ਕੇ ਗੁਫਾ ਤੋਂ ਡੇਰੇ ਆ ਜਾਇਆ ਕਰਦੇ। ਏਥੇ ਫਿਰ ਦੁਬਾਰਾ ਇੱਕ ਸੌ ਇੱਕ ਗਾਗਰ ਨਾਲ ਇਸ਼ਨਾਨ ਕਰਦੇ। ਜਿਸ ਜਲ ਨੂੰ ਪਵਿੱਤਰ ਜਾਣਕੇ ਪ੍ਰੇਮੀ ਆਪਣੇ ਘਰਾਂ ਨੂੰ ਲੈ ਜਾਂਦੇ। ਉਸ ਦੇ ਪੀਤਿਆਂ ਭਾਵਨਾ ਵਾਲਿਆਂ ਦੇ ਰੋਗ ਦੂਰ ਹੁੰਦੇ। ਏਥੇ ਦਸ ਵਜੇ ਤੱਕ ਸੰਗਤ ਨੂੰ ਦਰਸ਼ਨ ਤੇ ਉਪਦੇਸ਼ ਦੁਆਰਾ ਨਿਹਾਲ ਕਰਦੇ। ਕਦੇ-ਕਦੇ ਪ੍ਰੇਮੀਆਂ ਦੇ ਦਿਲਾਂ ਦੀਆਂ ਜਾਣਕੇ ਸੁਤੇ ਸਿਧ ਕੋਈ ਪ੍ਰਸੰਗ ਤੋਰ ਲੈਂਦੇ। ਕਿਸੇ ਭਗਤ ਦੀ ਸਾਖੀ ਜਾਂ ਸਤਿਗੁਰਾਂ ਦੀ ਕਥਾ ਗੁਰਬਾਣੀ ਦੀ ਵਿਚਾਰ ਜਾਂ ਹੋਰ ਪ੍ਰਮਾਰਥੀ ਬਚਨ, ਫਿਰ ਗਿਆਰਾਂ ਵਜੇ ਗੁਫਾ ਨੂੰ ਵਾਪਸ ਚਲੇ ਜਾਂਦੇ। ਤੇ ਦੁਪਹਿਰ ਦਾ ਪ੍ਰਸ਼ਾਦਿ ਉੱਥੇ ਬਾਹਰ ਹੀ ਪੁੱਜਦਾ।

ਇੱਕ ਸਮੇਂ ਸੰਤਾਂ ਦੇ ਦੀਵਾਨ ਵਿੱਚ ਪ੍ਰੇਮ ਦਾ ਪ੍ਰਕਰਣ ਚੱਲ ਪਿਆ ਕਿ ਸਾਰੇ ਸਾਧਨਾਂ ਨਾਲੋਂ ਪ੍ਰੇਮ ਸ਼ਰੋਮਣੀ ਹੈ। ਪ੍ਰੇਮੀਆਂ ਦੇ ਪ੍ਰੇਮ ਅਧੀਨ ਹੋਇਆਂ ਸਤਿਗੁਰ ਕਿਸੇ ਸੁੱਚ ਸੰਜਮ ਦੀ ਵੀ ਪ੍ਰਵਾਹ ਨਹੀਂ ਕਰਦੇ। ਜਿਵੇਂ ਆਪਣੀ ਭਗਤਣੀ ਜਾਣ ਕੇ ਸ੍ਰੀ ਰਾਮ ਜੀ ਨੇ ਭੀਲਣੀ ਦੇ ਜੂਠੇ ਬੇਰ ਅੰਗੀਕਾਰ ਕੀਤੇ ਸਨ। ਦੁਆਪਰ ਯੁੱਗ ਵਿੱਚ ਸ੍ਰੀ ਕ੍ਰਿਸ਼ਨ ਜੀ ਨੇ ਬਿਦਰ ਦਾ ਅਲੂਣਾ ਸਾਗ ਤੇ ਕੇਲਿਆਂ ਦੇ ਛਿਲਕੇ ਵੀ ਪ੍ਰਵਾਨ ਕੀਤੇ ਸਨ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਭਾਈ ਲਾਲੋ ਦੇ ਕੋਧਰੇ ਤੇ ਹੀ ਪ੍ਰਸੰਨ ਹੋ ਗਏ। ਉਸ ਸਮੇਂ ਇੱਕ ਸਿਵੇ ਨਗਰ ਦਾ ਪ੍ਰੇਮੀ ਸੰਤ ਦਾਸ ਸੰਤਾਂ ਦੇ ਪਾਸ ਬੈਠਾ ਸੀ। (ਜਿਥੋਂ ਦੇ ਰਾਗੀ ਬੜੇ ਮਸ਼ਹੂਰ ਸਨ ਅਤੇ ਉਹ ਹਰੇਕ ਮਹੀਨੇ ਸੰਗਰਾਂਦ ਵਾਲੇ ਦਿਨ ਸੰਤਾਂ ਦੇ ਪਾਸ ਆ ਕੇ ਕੀਰਤਨ ਦੁਆਰਾ ਦੀਵਾਨ ਦੀ ਹਾਜ਼ਰੀ ਭਰਿਆ ਕਰਦੇ। ਬਾਬਾ ਜੀ ਦੀ ਉਨ੍ਹਾਂ ਉੱਪਰ ਬੜੀ ਪ੍ਰਸੰਨਤਾ ਸੀ) ਉਸ ਨੇ ਅਰਜ਼ ਕੀਤੀ, "ਮਹਾਰਾਜ ਜਿਵੇਂ ਧੰਨੇ ਦਾ ਪ੍ਰੇਮ ਦੇਖਕੇ ਪ੍ਰਮੇਸ਼ਰ ਨੇ ਠਾਕੁਰ ਦੇ ਰੂਪ ਵਿੱਚ ਉਸ ਦਾ ਰੁੱਖਾ ਮਿੱਸਾ ਭੋਜਨ ਅੰਗੀਕਾਰ ਕਰ ਲਿਆ ਸੀ, ਕੀ ਹੁਣ ਦੇ ਸਮੇਂ ਵੀ ਪ੍ਰਮੇਸ਼ਰ ਆਪਣੇ ਪ੍ਰੇਮੀਆਂ ਦੇ ਪ੍ਰੇਮ ਨੂੰ ਪਾਲਦਾ ਹੈ ਕਿ ਨਹੀਂ?" ਸੰਤਾਂ ਨੇ ਕਿਹਾ, "ਗੁਰਮੁਖਾ! ਕਿਉਂ ਹੁਣ ਕੀ ਗੱਲ ਹੈ? ਕੀ ਇਸ ਵੇਲੇ ਉਹੋ ਹੀ ਚੰਦਰਮਾਂ, ਧਰਤੀ, ਤਾਰੇ ਨਹੀਂ? ਕੀ ਪੌਣ ਤੇ ਪਾਣੀ ਬਦਲ ਗਏ ਹਨ?" ਉਹ ਕਹਿੰਦਾ, "ਜੀ ਨਹੀਂ।" ਸੰਤਾਂ ਨੇ ਕਿਹਾ, "ਫਿਰ ਜੇ ਇਹ ਜੜ੍ਹ ਚੀਜ਼ਾਂ ਉਸੇ ਤਰ੍ਹਾਂ ਕਿਸੇ ਅਨਡਿੱਠ ਸ਼ਕਤੀ ਦੇ ਹੁਕਮ ਵਿੱਚ ਆਪਣੇ ਨਿਯਮ ਅਨੁਸਾਰ ਖੜ੍ਹੀਆਂ ਹਨ ਤਾਂ ਫਿਰ ਉਹ ਸਰਬ ਸ਼ਕਤੀਮਾਨ ਪ੍ਰਮੇਸ਼ਰ ਆਪਣੇ ਪ੍ਰੇਮੀਆਂ ਦੇ ਪ੍ਰੇਮ ਨੂੰ ਕਿਉਂ ਨਹੀਂ ਜਾਣਦਾ? ਪਰ ਜੀਵ ਦੇ ਅੰਦਰ ਸਚਾਈ ਹੋਣੀ ਚਾਹੀਦੀ ਹੈ। ਸਚਾਈ ਤੋਂ ਬਿਨਾਂ ਕੇਵਲ ਉੱਪਰੋਂ ਉੱਪਰੋਂ ਦਿਖਾਵੇ ਦਾ ਫੋਕਾ ਪ੍ਰੇਮ ਗੁਰੂ ਪ੍ਰਮੇਸ਼ਰ ਨੂੰ ਨਹੀਂ ਭਾਉਂਦਾ। ਪ੍ਰੇਮ ਦਾ ਡੇਰਾ ਤਾਂ ਸਿਰ ਤੋਂ ਪਰੇ ਹੈ। ਜਦੋਂ ਇਹ ਅਵਸਥਾ ਆ ਜਾਵੇ ਤਾਂ ਫਿਰ ਗੁਰੂ ਜ਼ਰੂਰ ਹੀ ਉਸ ਭਗਤ ਦੀ ਭਾਵਨਾ ਪੂਰੀ ਕਰਦਾ ਹੈ।

ਜਿਵੇਂ ਪੰਚਮ ਪਾਤਸ਼ਾਹ ਮਹਾਰਾਜ ਦੀ ਪ੍ਰਸੰਨਤਾ ਵਾਸਤੇ ਸੰਮਨ ਤੇ ਮੂਸਨ ਨੇ ਪ੍ਰੇਮ ਦੀ ਸਚਾਈ ਦੱਸੀ। ਪਿਤਾ ਨੇ ਆਪਣੇ ਪੁੱਤਰ ਦਾ ਹੱਥੀਂ ਸਿਰ ਕਟਿਆ ਅਤੇ ਮਾਲਵੇ ਦੇਸ਼ ਵਿੱਚ ਛੇਵੇਂ ਪਾਤਿਸ਼ਾਹ ਮਹਾਰਾਜ ਜੀ ਜੇਠ ਦੀ ਤਪਦੀ ਤਿੱਖੀ ਦੁਪਹਿਰੇ ਦਿਨ ਦੇ ਬਾਰਾਂ ਵਜੇ ਸੀਤਲ ਜਲ ਜਾਣਕੇ, ਭਾਈ ਸਾਧੂ ਤੇ ਰੂਪ ਚੰਦ ਜਿਨ੍ਹਾਂ ਨੇ ਪ੍ਰੇਮ ਵਿੱਚ ਪ੍ਰਣ ਕੀਤਾ ਸੀ ਕਿ ਚੰਗੀ ਤੇ ਪਿਆਰੀ ਚੀਜ਼ ਸਿੱਖ ਗੁਰੂ ਨੂੰ ਅਰਪਦਾ ਹੈ। ਭਾਵੇਂ ਉਹ ਪਿਆਸ ਨਾਲ ਵਿਆਕੁਲ ਹੋਏ ਤੜਫ ਰਹੇ ਸਨ ਪਰ ਆਪ ਪਾਣੀ ਨਹੀਂ ਪੀਤਾ। ਗੁਰੂ ਜੀ ਨੇ ਵੀ ਉਸ ਸਮੇਂ ਇਨ੍ਹਾਂ ਗੁਰੂ ਪਿਆਰਿਆਂ ਦੇ ਪ੍ਰਾਣ ਬਚਾਉਣ ਵਾਸਤੇ ਭਾਈ ਕੀ ਡਰੌਲੀ ਤੋਂ ਤੀਹ ਮੀਲ ਚੱਲ ਕੇ ਆਪ ਪਿਆਸੇ ਬਣ ਕੇ ਇਨ੍ਹਾਂ ਤੋਂ ਮੰਗ ਕੇ ਜਲ ਪੀਤਾ ਤੇ ਇਸ ਤਰ੍ਹਾਂ ਉਨ੍ਹਾਂ ਨੂੰ ਮਰਦਿਆ ਬਚਾਕੇ ਅਮਰ ਜੀਵਨ ਬਖ਼ਸ਼ਿਆ। ਉਸ ਸਮੇਂ ਗੁਰੂ ਕ੍ਰਿਪਾ ਨਾਲ ਰਿੱਧੀਆਂ ਸਿੱਧੀਆਂ ਇਨ੍ਹਾਂ ਦੇ ਚਰਨ ਚੁੰਮਣ ਲੱਗੀਆਂ ਤੇ ਦੁਨੀਆਂ ਦੇ ਰਹਿਬਰ ਬਣ ਗਏ। ਸੋ ਹੁਣ ਵੀ ਇਸੇ ਤਰ੍ਹਾਂ ਹੀ ਹੋ ਸਕਦਾ ਹੈ ਪਰ ਜੇਕਰ ਪ੍ਰੇਮ ਸੱਚਾ ਹੋਵੇ।"

ਤਦੋਂ ਇਸ ਨੇ ਹੱਥ ਜੋੜੇ ਤੇ ਕਿਹਾ, "ਸੱਤ ਬਚਨ ਜੀ।" ਇਉਂ ਕੁਝ ਕੁ ਸਮਾਂ ਸੰਗਤ ਨੂੰ ਉਪਦੇਸ਼ ਕਰਕੇ ਬਾਬਾ ਜੀ ਨੇ ਦੀਵਾਨ ਦੀ ਸਮਾਪਤੀ ਕੀਤੀ। ਫਿਰ ਪਾਲਕੀ ਵਿੱਚ ਬੈਠ ਕੇ ਬਾਹਰ ਗੁਫਾ ਵੱਲ ਚਲੇ ਗਏ। ਏਧਰੋਂ ਬਾਹਰੋਂ ਆਈ ਸੰਗਤ ਵੀ ਬਾਬਾ ਜੀ ਦੇ ਦਰਸ਼ਨ ਕਰਕੇ ਆਪੋ ਆਪਣੇ ਘਰਾਂ ਨੂੰ ਚਲੀ ਗਈ। ਹਜ਼ੂਰੀਏ ਸੇਵਾਦਾਰ ਡਿਊਟੀਆਂ ਤੇ ਚਲੇ ਗਏ। ਇਹ 'ਸ਼ਿਵੇ' ਨਗਰ ਦਾ ਪ੍ਰੇਮੀ ਭਾਈ ਸੰਤ ਦਾਸ ਆਪਣੇ ਪਿੰਡ ਚਲਾ ਗਿਆ ਤੇ ਮਨ ਵਿੱਚ ਸੋਚਦਾ ਹੈ ਦੇਖਾਂ ਮੇਰਾ ਪ੍ਰੇਮ ਵੀ ਪੂਰਾ ਹੁੰਦਾ ਹੈ ਕਿ ਨਹੀਂ। ਉਸ ਨੇ ਆਪਣੇ ਮਨ ਵਿੱਚ ਇਹ ਪ੍ਰਣ ਕਰ ਲਿਆ ਕਿ ਬਾਬਾ ਜੀ ਨੂੰ ਏਥੇ

ਬੈਠਿਆਂ ਹੀ ਆਪਣੇ ਘਰ ਬੁਲਾਅ ਕੇ ਦੁੱਧ ਪਲਾਉਣਾ ਹੈ। ਇਉਂ ਪ੍ਰਣ ਕਰਕੇ ਅੰਨ ਜਲ ਛੱਡ ਬੈਠਾ ਕਿ ਜਦੋਂ ਬਾਬਾ ਜੀ ਆਪ ਘਰ ਆਉਣਗੇ ਤਾਂ ਪਹਿਲਾਂ ਉਨ੍ਹਾਂ ਨੂੰ ਦੁੱਧ ਛਕਾ ਕੇ ਫਿਰ ਆਪ ਛਕਾਂਗਾ। ਇਉਂ ਮਨ ਦੇ ਹਠ ਨਾਲ ਧਰਨਾਂ ਮਾਰਕੇ ਅੰਦਰ ਬੈਠ ਗਿਆ।

ਜਦੋਂ ਤਿੰਨ ਦਿਨ ਹੋ ਗਏ ਤਾਂ ਏਧਰੋਂ ਬਾਬਾ ਜੀ ਦੇ ਮਨ ਨੂੰ ਧੂਹ ਪਈ, ਸੋਚਿਆ ਇਹ ਕੀ ਪ੍ਰਣ ਕਰ ਬੈਠਾ। ਹੁਣ ਜੇਕਰ ਪੂਰਾ ਨਹੀਂ ਕਰਦੇ ਤਾਂ ਵੀ ਠੀਕ ਨਹੀਂ। ਇਸ ਵਿੱਚ ਉਸ ਦੀ ਵੀ ਸ਼ਰਧਾ ਦੂਰ ਹੁੰਦੀ ਹੈ। ਜੇਕਰ ਜਾਂਦੇ ਹਾਂ ਤਾਂ ਵੀ ਬੜੀ ਔਖੀ ਗੱਲ ਹੈ ਸਫ਼ਰ ਦੂਰ ਦਾ ਹੈ। ਇਉਂ ਦਿਨ ਲੰਘਦੇ ਗਏ ਉੱਧਰ ਉਸ ਦੇ ਮਨ ਵਿੱਚ ਵੀ ਯਾਦ ਵਧਦੀ ਗਈ। ਸੰਤਾਂ ਦਾ ਮਨ ਵੀ ਖੋਭ ਦੇ ਸਹਿਤ ਹੋ ਆਇਆ। ਜਿਵੇਂ ਸਮੁੰਦਰ ਦੇ ਟਿਕਾਅ ਵਾਲੇ ਪਾਣੀ ਵਿੱਚ ਉੱਚੀਆਂ-ਉੱਚੀਆਂ ਛੱਲਾਂ ਉੱਠਣ ਲਗਦੀਆਂ ਹਨ, ਇਸ ਤਰ੍ਹਾਂ ਅਫੁਰ ਹਿਰਦੇ ਵਿੱਚ ਫੁਰਨੇ ਦਾ ਬਨਣਾ ਵੀ ਖੋਭ ਰੂਪ ਹੋ ਜਾਂਦਾ ਹੈ। ਜਦੋਂ ਅੱਠਵਾਂ ਦਿਨ ਹੋਇਆ ਬਾਬਾ ਜੀ ਦੇ ਅੰਦਰ ਫੁਰਨਾ ਪ੍ਰਬਲ ਰੂਪ ਹੋ ਗਿਆ ਅਤੇ ਪ੍ਰੇਮੀ ਦੇ ਪ੍ਰੇਮ ਅੱਗੇ ਰਿਹਾ ਨਾ ਗਿਆ। ਉਸ ਸਮੇਂ ਸੇਵਾਦਾਰ ਤੋਂ ਘੋੜੀ ਮੰਗਵਾ ਕੇ ਅਸਵਾਰ ਹੋ ਗਏ। ਕਿਸੇ ਨੂੰ ਬਿਨਾਂ ਦਸਿਆਂ ਇਕੱਲੇ ਹੀ ਉਸਦੇ ਘਰ ਪੁੱਜੇ।

ਉਸ ਨੇ ਹਜ਼ੂਰ ਦਾ ਦਰਸ਼ਨ ਕੀਤਾ। ਮਨ ਗਦ-ਗਦ ਹੋ ਗਿਆ। ਭਾਵੇਂ ਸਰੀਰ ਕਿਰਸ ਹੋ ਚੁੱਕਾ ਸੀ, ਬੜੀ ਮੁਸ਼ਕਲ ਨਾਲ ਉਠਿਆ। ਸੰਤਾਂ ਨੂੰ ਰਕਾਬ ਪਕੜ ਕੇ ਘੋੜੀ ਤੋਂ ਥੱਲੇ ਉਤਾਰਿਆ। ਬੇਨਤੀ ਕਰਕੇ ਪਲੰਘ ਤੇ ਬਿਠਾਅ ਕੇ ਦੁੱਧ ਛਕਾਇਆ। ਫਿਰ ਆਪ ਸੰਤਾਂ ਦਾ ਸੀਤ ਪ੍ਰਸ਼ਾਦਿ ਛਕਿਆ। ਉਸ ਸਮੇਂ ਸੰਤਾਂ ਨੇ ਕਿਹਾ, "ਪ੍ਰੇਮੀਆ! ਇਹ ਤੇਰੇ ਵਾਸਤੇ ਕੋਈ ਚੰਗੀ ਗੱਲ ਹੈ? ਜੇ ਕਰ ਤੂੰ ਸਾਨੂੰ ਦੁੱਧ ਪਿਆਉਣਾ ਹੀ ਸੀ ਤਾਂ ਉੱਥੇ ਡੇਰੇ ਲਿਆ ਕੇ ਪਿਲਾਅ ਦਿੰਦਾ। ਤੇਰੇ ਵਾਸਤੇ ਡੇਰਾ ਕੋਈ ਏਥੋਂ ਦੂਰ ਹੈ। ਨਾਲੇ ਅੱਠ ਦਿਨ ਆਪ ਦੁਖੀ ਹੋਇਆ ਭੁੱਖਾ ਪਿਆਸਾ ਤੜਫਿਆ ਨਾਲੇ ਤੀਹ ਮੀਲ ਦੂਰ ਸਾਨੂੰ ਖੇਚਲ ਦਿੱਤੀ। ਏਹੋ ਜਿਹੀ ਪ੍ਰੀਖਿਆ ਅੱਗੇ ਵਾਸਤੇ ਨਾ ਕਰੀਂ। ਉਸ ਨੇ ਸੰਤਾਂ ਦੇ ਬਚਨ ਸੁਣਕੇ ਚਰਨ ਫੜ ਲਏ ਤੇ ਕਿਹਾ, "ਮਹਾਰਾਜ! ਮੈਂ ਭੁੱਲ ਗਿਆ। ਆਪ ਬਖ਼ਸ਼ਿੰਦ ਹੋ, ਮੇਰੇ ਤੇ ਕ੍ਰਿਪਾ ਕਰੋ।" ਸੰਤਾਂ ਨੇ ਕਿਹਾ, "ਸਤਿਗੁਰ ਸਦਾ ਹੀ ਸਿੱਖ ਦੇ ਗ਼ੁਨਾਹਾਂ ਨੂੰ ਬਖ਼ਸਣ ਵਾਲੇ ਹਨ ਪਰ ਕਿਸੇ ਸਾਧੂ ਦਾ ਅੰਤ ਲੈਣਾ ਚੰਗਾ ਨਹੀਂ ਹੁੰਦਾ। ਸ਼ਰਧਾ ਰੱਖ ਕੇ ਸੇਵਾ ਕਰੋ।" ਇਉਂ ਆਖ ਕੇ ਬਾਬਾ ਜੀ ਘੋੜੀ ਤੇ ਅਸਵਾਰ ਹੋ ਕੇ ਡੇਰੇ ਆ ਗਏ। ਉਸ ਦੇ ਮਨ ਵਿੱਚ ਪੂਰਨ ਵਿਸ਼ਵਾਸ਼ ਹੋ ਆਇਆ।

# ਧੀਰਜ ਤੇ ਨਿਸ਼ਚੇ ਨਾਲ ਭਜਨ ਕਰਨ ਦਾ ਉਪਦੇਸ਼

ਬਾਬਾ ਕਰਮ ਸਿੰਘ ਜੀ ਮਹਾਰਾਜ ਜੀ ਦੀ ਹਜ਼ੂਰੀ ਵਿੱਚ ਹਰ ਸਮੇਂ ਸੰਗਤਾਂ ਦਾ ਬੇਅੰਤ ਇਕੱਠ ਜੁੜਿਆ ਰਹਿੰਦਾ। ਐਤਵਾਰ ਵਾਲੇ ਦਿਨ ਤਾਂ ਸਰਕਾਰੀ ਦਫਤਰਾਂ ਤੇ ਫੌਜ ਵਿੱਚ ਛੁੱਟੀ ਹੋਣ ਦੇ ਕਾਰਨ ਖ਼ਾਸ ਕਰਕੇ ਮੇਲਾ ਹੀ ਲੱਗ ਜਾਂਦਾ। ਉਸ ਦਿਨ ਹਜ਼ਾਰਾਂ ਦੀ ਗਿਣਤੀ ਵਿੱਚ ਪ੍ਰੇਮੀ ਦਰਸ਼ਨਾਂ ਲਈ ਆਉਂਦੇ। ਗੁਰੂ ਦਰਬਾਰ ਵਿੱਚੋਂ ਸਭਨਾਂ ਦੀਆਂ ਮਨੋਕਾਮਨਾਵਾਂ ਪੂਰਨ ਹੁੰਦੀਆਂ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਜੋ ਵੀ ਪ੍ਰੇਮੀ ਇੱਕ ਵਾਰ ਇਸ ਦਰ ਤੇ ਆ ਜਾਵੇ ਕਦੀ ਖ਼ਾਲੀ ਨਹੀਂ ਸੀ ਮੁੜਿਆ। ਜੋ ਵੀ ਉਸ ਦੀ ਮੰਗ ਹੁੰਦੀ ਬਾਬਾ ਜੀ ਉਸ ਨੂੰ ਜ਼ਰੂਰ ਹੀ ਪੂਰੀ ਕਰਦੇ।

ਨੌਸ਼ਹਿਰਾ ਛਾਉਣੀ ਤੇ ਮਰਦਾਨ ਸ਼ਹਿਰ ਤੋਂ ਫੌਜੀ ਆਉਂਦੇ। ਫੌਜ ਦੀ ਨੌਕਰੀ ਨੂੰ ਸੱਚੀ ਸੁੱਚੀ ਜਾਣਕੇ ਅਤੇ ਫੌਜ ਦੇ ਸਿਪਾਹੀਆਂ ਨੂੰ ਦੇਸ਼ ਦੇ ਰਾਖੇ ਸਮਝਕੇ ਬੜਾ ਪਿਆਰ ਕਰਦੇ। ਹਜ਼ੂਰ ਉਨ੍ਹਾਂ ਨੂੰ ਨਾਮ ਜਪਣ ਦਾ ਉਪਦੇਸ਼ ਦਿੰਦੇ। ਮਾਲਕ ਦੇ ਵਫ਼ਾਦਾਰ ਰਹਿਣ ਦੀ ਸਿੱਖਿਆ ਸੁਣਾਉਂਦੇ ਅਤੇ ਕਹਿੰਦੇ ਮੈਦਾਨੇ ਜੰਗ ਦੀ ਧਰਤੀ ਅੰਦਰ ਵੈਰੀ ਦੇ ਮੁਕਾਬਲੇ ਤੇ ਗਿਆਂ ਕਦੇ ਆਪਣੇ ਪ੍ਰਾਣ ਪਿਆਰੇ ਨਾ ਕਰੋ। ਉਸ ਸਮੇਂ ਮੌਤ ਦਾ ਡਰ ਤਿਆਗ ਕੇ ਸਤਿਗੁਰਾਂ ਨੂੰ ਆਪਣੇ ਅੰਗ ਸੰਗ ਜਾਣਕੇ ਨਿਰਭੈਤਾ ਨਾਲ ਦੁਸ਼ਮਣ ਤੇ ਵਾਰ ਕਰੋ ਅਤੇ ਸਦਾ ਹੀ ਆਪਣੇ ਮਨ ਵਿੱਚ ਇਹ ਨਿਸਚਾ ਰੱਖੋ ਕਿ ਜਿਤਨਾ ਚਿਰ ਦੇਸ਼ ਕਾਲ ਤੇ ਵਸਤੂ ਦਾ ਮਿਲਾਪ ਨਹੀਂ ਹੁੰਦਾ, ਕਾਲ ਇਸਦਾ ਵਾਲ ਵਿੰਗਾ ਨਹੀਂ ਕਰ ਸਕਦਾ ਬਲਕਿ ਕਾਲ ਇਸਦੀ ਰੱਖਿਆ ਕਰਦਾ ਹੈ। ਅਤੇ ਜਦੋਂ ਇਹ ਤਿੰਨੇ ਚੀਜ਼ਾਂ ਮਿਲ ਜਾਵਣ ਭਾਵ ਉਹ (ਦੇਸ਼) ਜਗ੍ਹਾਂ ਆ ਜਾਵੇ ਜਿੱਥੇ ਇਸ ਨੇ ਮਰਨਾ ਹੈ ਅਤੇ ਉਹ ਕਾਲ (ਸਮਾਂ) ਆ ਜਾਵੇ ਜਿਸ ਸਮੇਂ ਇਸ ਦੇ ਪ੍ਰਾਣਾ ਦਾ ਅੰਤ ਹੋਣਾ ਹੈ, ਨਾਲ ਹੀ ਉਹ ਵਸਤੂ ਜੁੜ ਜਾਵੇ (ਬਿਮਾਰੀ, ਸ਼ਾਸਤਰ ਜਿਸ ਨਾਲ ਇਸ ਨੇ ਮਰਨਾ ਹੈ) ਫਿਰ ਉਸ ਸਮੇਂ ਇਹ ਜੀਵ ਚਾਹੇ ਜਿਤਨਾ ਵੀ ਯਤਨ ਕਰੇ ਇਸ ਨੂੰ ਦੁਨੀਆ ਦੀ ਕੋਈ ਤਾਕਤ ਨਹੀਂ ਬਚਾ ਸਕਦੀ।

ਯਥਾ: ਅਨਿਕ ਜਤਨ ਕਰਿ ਇਹੁ ਤਨੁ ਰਾਖਹੁ ਰਹੈ ਅਵਸਥਾ ਪੂਰੇ ॥

(ਪੰਨਾ ੧੧੨੪)

ਉਸ ਸਮੇਂ ਨੌਸ਼ਹਿਰੇ ਛਾਉਣੀ ਤੋਂ ਆਇਆ ਗੁੱਜਰ ਸਿੰਘ ਨਾਮ ਦਾ ਇੱਕ ਫੌਜੀ ਸੰਤਾਂ ਪਾਸ ਬੈਠਾ ਇਹ ਬਚਨ ਸੁਣ ਰਿਹਾ ਸੀ। ਉਹ ਦੀਵਾਨ ਦੇ ਵਿੱਚ ਹੀ ਬੋਲ ਪਿਆ ਕਿ ਮਹਾਰਾਜ! ਤੁਸੀਂ ਨਾਮ ਦੀ ਬੜੀ ਮਹਿਮਾ ਕਥਨ ਕਰਦੇ ਹੋ ਕਿ ਨਾਮ ਜਪਣ ਵਾਲਿਆਂ ਦੇ ਪ੍ਰਮੇਸ਼ਰ ਸਾਰੇ ਕੰਮ ਸਵਾਰਦਾ ਹੈ। ਮੈਂ ਤੁਹਾਡੇ ਪਾਸੋਂ ਉਪਦੇਸ਼ ਲੈ ਕੇ ਰੋਜ਼ ਹੀ ਪ੍ਰਮੇਸ਼ਰ ਦਾ ਭਜਨ ਕਰਦਾ ਹਾਂ, ਨਾ ਤਾਂ ਅਜੇ ਤੱਕ ਪ੍ਰਮੇਸ਼ਰ ਦਾ ਦਰਸ਼ਨ ਹੋਇਆ ਹੈ ਜੋ ਤੁਹਾਡੀ ਜਗ੍ਹਾਂ ਆਪ ਪਹਿਰੇਦਾਰ ਬਣਿਆ ਸੀ, ਨਾ ਤੁਹਾਡਾ ਹੀ ਕਦੇ ਸਮਾਧੀ ਵਿੱਚ ਦੀਦਾਰ ਕੀਤਾ ਹੈ। ਸੰਤਾਂ ਨੇ ਕਿਹਾ, "ਪ੍ਰੇਮੀਆ! ਏਹੋ ਜਿਹੇ ਸ਼ਰਧਾ ਹੀਣੇ ਬਚਨ ਨਹੀਂ ਕਰੀਦੇ। ਤੇਰੇ ਨਾਲ ਕਿਹੜਾ ਪ੍ਰਮੇਸ਼ਰ ਦੀ ਦਵੈਸ਼ ਹੈ ਤੂੰ ਚੰਗੀ ਤਰ੍ਹਾਂ ਭਜਨ ਸਿਮਰਨ ਕਰ ਫਿਰ ਉਹ ਆਪ ਹੀ ਤੇਰੀ ਪ੍ਰੇਮਾਂ ਭਗਤੀ ਦੇ ਅਧੀਨ ਹੋ ਕੇ ਤੈਨੂੰ ਦਰਸ਼ਨ ਦੇ ਦੇਵੇਗਾ। ਦੇਖ ਭਗਤ ਨਾਮ ਦੇਵ ਜੀ ਨੂੰ ੭੨ ਦਫ਼ਾ ਪ੍ਰਤੱਖ ਦਰਸ਼ਨ ਹੋਇਆ, ਉਸ ਦੇ ਅਨੇਕਾਂ ਕੰਮ ਸਵਾਰੇ। ਭਗਤ ਕਬੀਰ ਜੀ ਦਾ ਯੱਗ ਕੀਤਾ, ਧੰਨੇ ਭਗਤ ਨਾਲ ਖੇਤੀ ਕਰਵਾਈ। ਸੈਣ ਦੀ ਥਾਂ ਉਸ ਦਾ ਰੂਪ ਧਾਰ ਕੇ ਰਾਜੇ ਦੀ ਮਾਲਿਸ਼ ਕੀਤੀ।" ਉਸ ਨੇ ਕਿਹਾ, "ਮਹਾਰਾਜ! ਇਹ ਪਹਿਲੇ ਸਮੇਂ ਦੀਆਂ ਐਵੇਂ ਇਤਿਹਾਸਕ ਗੱਲਾਂ ਹਨ। ਅੱਜ ਕੱਲ੍ਹ ਪ੍ਰਮੇਸ਼ਰ ਦਾ ਪ੍ਰਤੱਖ ਦਰਸ਼ਨ ਨਹੀਂ ਹੋ ਸਕਦਾ।" ਸੰਤਾਂ ਨੇ ਕਿਹਾ, "ਗੁਰਮੁਖਾ! ਅੱਜ ਕਲ੍ਹ ਵੀ ਪ੍ਰਮੇਸ਼ਰ ਦਾ ਪ੍ਰਤੱਖ ਦਰਸ਼ਨ ਹੋ ਸਕਦਾ ਹੈ। ਜੇਕਰ ਸ਼ਰਧਾ ਨਾਲ ਉਸ ਦਾ ਜਾਪ ਕੀਤਾ ਜਾਵੇ ਤਾਂ ਹਿਰਦੇ ਦੀ ਸ਼ੁੱਧੀ ਨਾਲ ਉਹ ਅੰਦਰੋਂ ਹੀ ਪ੍ਰਗਟ ਹੋ ਸਕਦਾ ਹੈ। ਤੂੰ ਰੋਜ਼ ਰਾਤ ਨੂੰ ਇੱਕ ਵਜੇ ਉਠਿਆ ਕਰ ਇਸ਼ਨਾਨ ਕਰਕੇ, ਹੇਠਾਂ ਧਰਤੀ ਤੇ ਆਸਣ ਵਿਛਾ ਕੇ ਚੌਂਕੜਾ ਮਾਰ ਕੇ ਨੇਤਰਾਂ ਦੀ ਦ੍ਰਿਸ਼ਟੀ ਗੁਰੂ ਸਰੂਪ ਦੇ ਧਿਆਨ ਵਿੱਚ ਜੋੜ ਕੇ ਜਾਪ ਕਰ, ਫੇਰ ਦੇਖ ਕੀ ਰੰਗ ਚੜ੍ਹਦਾ ਹੈ।"

ਇਉਂ ਸੰਤ ਜੀ ਮਹਾਰਾਜ ਨੇ ਬਚਨ ਬਿਲਾਸ ਕਰਦਿਆਂ ਹੋਰ ਵੀ ਪ੍ਰੇਮੀਆਂ ਦੀਆਂ ਆਸਾਂ ਪੂਰੀਆਂ ਕੀਤੀਆਂ। ਇਤਨੇ ਨੂੰ ਦੀਵਾਨ ਦੀ ਸਮਾਪਤੀ ਦਾ ਟਾਇਮ ਹੋ ਗਿਆ। ਬਾਬਾ ਜੀ ਉੱਠ ਕੇ ਬਾਹਰ ਗੁਫਾ ਵੱਲ ਚਲੇ ਗਏ। ਬਾਹਰੋਂ ਆਈ ਸੰਗਤ ਆਪੋ ਆਪਣੇ ਨਗਰਾਂ ਵੱਲ ਤੁਰ ਗਈ। ਇਸ ਪ੍ਰੇਮੀ ਨੇ ਵੀ ਬਾਬਾ ਜੀ ਨੂੰ ਨਮਸਕਾਰ ਕੀਤੀ ਅਤੇ ਆਪਣੀ ਪਲਟਨ ਵੱਲ ਚਲਾ ਗਿਆ। ਉੱਥੇ ਜਾ ਕੇ ਸੰਤਾਂ ਦੇ ਕਹੇ ਅਨੁਸਾਰ ਇੱਕ ਮਹੀਨਾ ਉਸੇ ਤਰ੍ਹਾਂ ਹੀ ਕੀਤਾ। ਉਸ ਤੋਂ ਬਾਅਦ ਰੋਜ਼ ਸੰਤਾਂ ਦੇ ਪਾਸ ਆਇਆ ਕਰੇ। ਭਰੇ ਦੀਵਾਨ ਵਿੱਚ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਹੁਣ ਤਾਂ ਮੈਂ ਤੁਹਾਡੇ

ਕਹੇ ਅਨੁਸਾਰ ਹੀ ਭਜਨ ਕੀਤਾ ਹੈ। ਪਰ ਫੇਰ ਵੀ ਨਾ ਤੁਹਾਡਾ ਦਰਸ਼ਨ ਹੋਇਆ ਨਾ ਪ੍ਰਮੇਸ਼ਰ ਦਾ।" ਬਾਬਾ ਜੀ ਕਹਿਣ ਲੱਗੇ, "ਪ੍ਰੇਮੀਆ! ਤੇਰਾ ਮਨ ਬੜਾ ਕਾਹਲਾ ਹੈ। ਇਹ ਤਾਂ ਕਈ ਜਨਮਾਂ ਦੀ ਖੇਡ ਹੈ। ਇਸ ਪਾਸੇ ਤਾਂ ਜ਼ਿੰਦਗੀਆਂ ਲੱਗ ਜਾਂਦੀਆਂ ਹਨ ਪਰ ਫਿਰ ਵੀ ਨਿਸ਼ਚੇ ਨਾਲ ਇਹ ਗੱਲ ਨਹੀਂ ਕਹੀ ਜਾ ਸਕਦੀ ਕਿ ਇਸੇ ਜਨਮ ਹੀ ਛੁਟਕਾਰਾ ਹੋ ਜਾਵੇਗਾ ਜਾਂ ਫਿਰ ਹੋਰ ਜਨਮ ਧਾਰਨ ਕਰਨਾ ਪਵੇ। ਇਹ ਤਾਂ ਪ੍ਰਮੇਸ਼ਰ ਨੂੰ ਹੀ ਪਤਾ ਹੈ। ਇਸ ਲਈ ਧੀਰਜ ਧਾਰ ਕੇ ਲੱਗੇ ਰਹੋ। ਕਿਸੇ ਦਿਨ ਪ੍ਰਮੇਸ਼ਰ ਜ਼ਰੂਰ ਹੀ ਤੇਰੀ ਆਸਾ ਪੂਰੀ ਕਰ ਦੇਵੇਗਾ।"

ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥

(ਪੰਨਾ ੧੩੭੬)

ਬਾਬਾ ਜੀ ਦਾ ਬਚਨ ਮੰਨ ਕੇ ਇਹ ਵਾਪਸ ਚਲਾ ਗਿਆ। ਅਤੇ ਇਸੇ ਤਰ੍ਹਾਂ ਇੱਕ ਮਹੀਨਾ ਹੋਰ ਇਹ ਭਜਨ ਸਿਮਰਨ ਵਿੱਚ ਜੁੜਿਆ ਰਿਹਾ। ਪਰ ਫਿਰ ਵੀ ਜਦੋਂ ਇਸ ਦੇ ਮਨ ਦੀ ਇੱਛਾ ਪੂਰੀ ਨਾ ਹੋਈ ਤਾਂ ਫਿਰ ਸੰਤਾਂ ਪਾਸ ਆ ਕੇ ਕਿਹਾ, "ਮਹਾਰਾਜ! ਆਪ ਜੀ ਦਾ ਬਚਨ ਤਾਂ ਫਿਰ ਵੀ ਪੂਰਾ ਨਾ ਹੋਇਆ।" ਬਾਬਾ ਜੀ ਨੇ ਕਿਹਾ, "ਪ੍ਰੇਮੀਆਂ! ਫਰੀਦ ਜੀ ਨੇ ਲਗਾਤਾਰ ੩੬ ਸਾਲ ਬ੍ਰਿਛਾਂ ਦੇ ਪੱਤੇ ਖਾ ਕੇ ਬੜਾ ਕਠਿਨ ਤਪ ਕੀਤਾ। ਫਿਰ ਬਾਰਾਂ ਸਾਲ ਆਪਣੇ ਮੁਰਸ਼ਦ ਦੀ ਸੇਵਾ ਕੀਤੀ ਤਾਂ ਕਿਤੇ ਜਾ ਕੇ ਉਸ ਨੂੰ ਆਪਣੇ ਖ਼ੁਦਾ ਦਾ ਦੀਦਾਰ ਹੋਇਆ। ਤੂੰ ਚਾਹੁੰਦਾ ਹੈ ਕਿ ਮੈਂ ਛੇ ਮਹੀਨਿਆਂ ਵਿੱਚ ਹੀ ਰੱਬ ਨੂੰ ਜ਼ਫੀਆਂ ਪਾ ਲਵਾਂ।" ਉਸ ਨੇ ਕਿਹਾ, "ਫਿਰ ਕਿਵੇਂ ਕਰਾਂ?" ਤਾਂ ਸੰਤਾਂ ਨੇ ਕਿਹਾ, "ਤੂੰ ਰਾਤ ਨੂੰ ਪਾਣੀ ਦੇ ਕਿਨਾਰੇ ਚੜ੍ਹਦੇ ਵੱਲ ਮੂੰਹ ਕਰਕੇ ਬੈਠਿਆ ਕਰ। ਸਾਰੇ ਪਾਸਿਆਂ ਤੋਂ ਫੁਰਨੇ ਰੋਕ ਕੇ ਗੁਰੂ ਸਰੂਪ ਦੇ ਧਿਆਨ ਵਿੱਚ ਮਨ ਜੋੜ, ਫਿਰ ਆ ਕੇ ਦੱਸੀਂ ਕੀ ਬਣਦਾ ਹੈ?" ਇਸ ਨੇ ਕਿਹਾ, "ਮਹਾਰਾਜ! ਹੁਣ ਮੈਨੂੰ ਦੋ ਮਹੀਨਿਆਂ ਦੀ ਛੁੱਟੀ ਹੋਣ ਵਾਲੀ ਹੈ। ਉਸ ਸਮੇਂ ਮੈਂ ਆਪਣੇ ਘਰ ਜਾਵਾਂਗਾ। ਸਾਡੇ ਪਿੰਡ ਦੇ ਪਾਸ ਹੀ ਸੂਆ ਵਗਦਾ ਹੈ ਮੈਂ ਉੱਥੇ ਜਾ ਕੇ ਰਾਤ ਨੂੰ ਬੈਠਿਆ ਕਰਾਂਗਾ।"

ਇਉਂ ਦੋ ਮਹੀਨਿਆਂ ਦੀ ਛੁੱਟੀ ਕੱਟਣ ਵਾਸਤੇ ਆਪਣੇ ਪਿੰਡ ਚਲਾ ਗਿਆ ਅਤੇ ਸੰਤਾਂ ਦੇ ਕਹੇ ਅਨੁਸਾਰ ਰਾਤ ਨੂੰ ਪਾਣੀ ਦੇ ਕਿਨਾਰੇ ਬੈਠਦਾ। ਜਦੋਂ ਇਸ ਨੂੰ ਬੈਠਦਿਆਂ ਅੱਠ ਦਿਨ ਹੀ ਹੋਏ ਸਨ ਤਾਂ ਇਸ ਦੇ ਪਿੰਡ ਦੇ ਇੱਕ ਹੋਰ ਫੌਜੀ ਨੇ (ਜੋ ਇਸ ਤੋਂ ਪਹਿਲਾਂ ਆਪਣੇ ਘਰ ਛੁੱਟੀ ਤੇ ਆਇਆ ਹੋਇਆ ਸੀ ਛੁੱਟੀ ਪੂਰੀ ਹੋਈ ਤੋਂ ਬਾਅਦ ਫਿਰ ਨੌਕਰੀ ਤੇ ਜਾਣਾ ਸੀ) ਇਸ ਨੂੰ ਮਿਲ ਕੇ ਗੱਲ ਬਾਤ ਪੁੱਛੀ ਤਾਂ ਇਸਨੇ ਕਿਹਾ ਤੂੰ ਹੋਤੀ ਡੇਰੇ ਜਾ ਕੇ ਮੇਰੇ ਵੱਲੋਂ ਬਾਬਾ ਜੀ ਨੂੰ ਆਖੀਂ ਕਿ ਤੁਹਾਡੇ ਕਹੇ ਅਨੁਸਾਰ ਇਤਨੇ ਦਿਨ ਬੈਠਦਿਆਂ ਹੋ ਗਏ ਪਰ ਅਜੇ ਤੱਕ ਨਾ ਤੁਹਾਡੇ ਦਰਸ਼ਨ ਹੋਏ ਤੇ ਨਾ ਪ੍ਰਮੇਸ਼ਰ ਦੇ। ਇਸ ਦੇ ਪਾਸੋਂ ਸੁਣ ਕੇ ਉਸ ਫੌਜੀ ਨੇ ਬਾਬਾ ਜੀ ਪਾਸ ਆ ਕੇ ਉਸੇ ਤਰ੍ਹਾਂ ਹੀ ਆਖ ਦਿੱਤਾ ਤਾਂ ਸੰਤਾਂ ਨੇ ਸੋਚਿਆ ਇਹ ਬੇਸਮਝ ਬਿਨਾਂ ਕਮਾਈ ਕੀਤਿਆਂ ਅੱਜ ਹੀ ਪ੍ਰਮੇਸ਼ਰ ਦੇ ਦਰਸਨ ਮੰਗਦਾ ਹੈ ਇਸ ਨੂੰ ਕਿਸ ਜੁਗਤੀ ਨਾਲ ਸਮਝਾਈਏ। ਉੱਧਰ ਜਦੋਂ ਇਸ ਨੂੰ ਭਜਨ ਕਰਦਿਆਂ ਇੱਕ ਮਹੀਨਾ ਹੋ ਗਿਆ ਤਾਂ ਇਸ ਦੇ ਅੰਦਰ ਜੋ ਦਰਸ਼ਨਾਂ ਦੀ ਆਸ ਲੱਗੀ ਸੀ ਉਹ ਟੁੱਟ ਗਈ। ਮਨ ਕੁਤਰਕੀ ਹੋ ਗਿਆ ਕਿ ਦੇਖੋ ਹੁਣ ਤੱਕ ਸੰਤਾਂ ਨੇ ਮੈਨੂੰ ਐਵੇਂ ਹੀ ਲਾਰਾ ਲਾਈ ਰੱਖਿਆ, ਰੱਬ ਦਾ ਦਰਸ਼ਨ ਨਹੀਂ ਹੋਇਆ। ਇਉਂ ਫੁਰਨੇ ਤੇ ਤਰਕਾਂ ਕਰਦਾ ਜਦੋਂ ਇਹ ਰਾਤ ਨੂੰ ਆਪਣੀ ਨੀਯਤ ਜਗ੍ਹਾ ਤੇ ਗੜਵਾ ਤੇ ਆਸਣ ਲੈ ਕੇ ਗਿਆ।

ਅਜੇ ਇਸ ਨੂੰ ਬੈਠਿਆਂ ਥੋੜ੍ਹਾ ਹੀ ਸਮਾਂ ਹੋਇਆ ਸੀ ਕਿ ਇਸ ਦੇ ਕੰਨੀ ਬੜੇ ਫਰਾਟੇ ਮਾਰਨ ਦੀ ਆਵਾਜ਼ ਪਈ। ਜਿਵੇਂ ਉੱਚੀ ਥਾਂ ਤੋਂ ਨੀਵੇ ਵਿੱਚ ਡਿਗਿਆ ਪਾਣੀ ਸ਼ੂਕਦਾ ਹੈ। ਇਉਂ ਕੋਈ ਚੀਜ਼ ਸ਼ੂਕਦੀ ਸੁਣੀ। ਇਸਨੇ ਸੋਚਿਆ ਆਹ ਸੀਨ੍ਹੇ ਵਾਂਙੂੰ ਕਿਸ ਚੀਜ਼ ਦਾ ਅੜਡਾਟ ਪੈਂਦਾ ਹੈ। ਇਉਂ ਜਦੋਂ ਅੱਖਾਂ ਖੋਲ੍ਹੀਆਂ ਤਾਂ ਕੀ ਦੇਖਿਆ ਕਿ ਥਮਲੇ ਵਰਗਾ ਮੋਟਾ ਛੇ ਫੁੱਟ ਲੰਮਾ ਕਾਲੇ ਰੰਗ ਦਾ ਸੱਪ ਸਾਹਮਣੇ ਫੁਕਾਰੇ ਮਾਰਦਾ ਹੈ। ਬੱਸ ਫਿਰ ਕੀ ਸੀ ਗੜਵਾ ਤੇ ਆਸਣ ਛੱਡ ਕੇ ਇਉਂ ਦੌੜਿਆ ਜਿਵੇਂ ਕੁੱਤਿਆਂ ਦਾ ਡਰਾਇਆ ਹਿਰਨ ਦੌੜਦਾ ਹੈ। ਰਸਤਾ ਕੁਰਸਤਾ ਵੀ ਨਾ ਦੇਖਿਆ। ਕਹਿੰਦਾ ਚੰਗੇ ਰੱਬ ਦੇ ਦਰਸ਼ਨ ਕਰਨ ਲੱਗੇ ਸਾਂ ਸੱਪ ਨੇ ਹੀ ਖਾ ਲਏ ਸੀ। ਘਰ ਆਇਆ ਡਰਦੇ ਨੂੰ ਸਾਰੀ ਰਾਤ ਨੀਂਦ ਨਾ ਆਈ। ਫਿਰ ਕਦੀ ਵੀ ਮੁੜਕੇ ਉਸ ਥਾਂ ਤੇ ਨਹੀਂ ਗਿਆ। ਜਦੋਂ ਛੁੱਟੀ ਪੂਰੀ ਹੋਈ ਵਾਪਸ ਡਿਊਟੀ ਤੇ ਆਇਆ ਤਾਂ ਫਿਰ ਸੰਤਾਂ ਪਾਸ ਆ ਕੇ ਉਸੇ ਤਰ੍ਹਾਂ ਅਰਜ਼ ਕੀਤੀ, "ਮਹਾਰਾਜ! ਤੁਹਾਡੇ ਕਹੇ ਅਨੁਸਾਰ ਪਾਣੀ ਦੇ ਕਿਨਾਰੇ ਵੀ ਬੈਠਿਆ। ਫਿਰ ਵੀ

ਦਰਸ਼ਨ ਨਾ ਹੋਏ।" ਸੰਤ ਜੀ ਹੱਸ ਕੇ ਕਹਿਣ ਲੱਗੇ, "ਪ੍ਰੇਮੀਆਂ! ਪ੍ਰਮੇਸ਼ਰ ਤੈਨੂੰ ਦਰਸ਼ਨ ਦੇਣ ਆਇਆ ਸੀ। ਪਰ ਤੈਂ ਹੀ ਪਿੱਛਾ ਮੁੜਕੇ ਨਹੀਂ ਦੇਖਿਆ।"

ਇਹ ਗੱਲ ਸੁਣਕੇ ਉਹ ਬੜਾ ਸ਼ਰਮਿੰਦਾ ਹੋਇਆ। ਜਦੋਂ ਸਾਰੀ ਸੰਗਤ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਬੜਾ ਹਾਸਾ ਫੈਲ ਗਿਆ। ਕਈ ਤਾਂ ਇਸ ਨੂੰ ਫਿਟਕਾਰਾਂ ਪਾਉਂਦੇ ਸਨ ਕਿ ਮਹਾ ਪੁਰਸ਼ਾਂ ਨੂੰ ਇਸ ਤਰ੍ਹਾਂ ਮਜਬੂਰ ਨਹੀਂ ਕਰੀਦਾ। ਉਸ ਨੇ ਫਿਰ ਹੱਥ ਜੋੜ ਕੇ ਮੁਆਫ਼ੀ ਮੰਗੀ ਤੇ ਰੱਬ ਦੇ ਦਰਸ਼ਨ ਕਰਨ ਦਾ ਫੁਰਨਾ ਛੱਡ ਕੇ ਫਿਰ ਬੰਦਗੀ ਕਰਨ ਲੱਗਾ। ਫਿਰ ਸੰਤਾਂ ਦੀ ਕ੍ਰਿਪਾ ਕਰਕੇ ਚੰਗੀ ਅਵਸਥਾ ਹੋ ਗਈ ਸਰੀਰ ਕਰਕੇ ਵੀ ਸੁਖ ਪਾਇਆ ਤੇ ਅੰਤ ਸਮੇਂ ਗੁਰੂ ਚਰਨਾਂ ਵਿੱਚ ਜਾ ਬਿਰਾਜਿਆ।

# ਦੋ ਫੌਜੀਆਂ ਤੇ ਕਿਰਪਾ

ਬਾਬਾ ਜੀ ਦੀ ਹਜ਼ੂਰੀ ਵਿੱਚ ਆਮ ਸੰਗਤ ਦੇ ਨਾਲ ਦੋ ਫੌਜੀ ਵੀ ਹਰੇਕ ਐਤਵਾਰ ਨੂੰ ਬਾਬਾ ਜੀ ਦੇ ਦਰਸ਼ਨਾਂ ਵਾਸਤੇ ਡੇਰੇ ਆਉਂਦੇ। ਪਿਛਲੇ ਜਨਮਾਂ ਦੇ ਪਾਪਾਂ ਕਰਕੇ ਏਥੇ ਆ ਕੇ ਵੀ ਇਨ੍ਹਾਂ ਦਾ ਮਨ ਨਾ ਟਿਕਦਾ।

ਤੁਲਸੀ ਪੂਰਬਲੇ ਪਾਪ ਤੇ ਹਰਿ ਜਸ ਸੁਣਿਓ ਨਾ ਜਾਇ।
ਕੈ ਉਂਘੈ ਕੈ ਲਰ ਪਰੈ ਕੈ ਉਠਿ ਘਰਿ ਕੋ ਜਾਇ।

ਆਸੇ ਪਾਸੇ ਹੀ ਤੱਕੀ ਜਾਂਦੇ, ਦੀਵਾਨ ਸਮਾਪਤ ਹੋਏ ਤੋਂ ਬਾਅਦ ਦਹੀਂ ਚੌਲ ਖਾ ਕੇ ਵਾਪਸ ਆ ਜਾਂਦੇ। ਇਉਂ ਕਈ ਹਫ਼ਤੇ ਲੰਘ ਗਏ ਅੱਜ ਬਾਬਾ ਜੀ ਨੇ ਸੋਚਿਆ ਕਿ ਜੇ ਕਰ ਸਾਧ ਸੰਗਤ ਵਿੱਚ ਆ ਕੇ ਵੀ ਮਨੁੱਖ ਦਾ ਜੀਵਨ ਨਾ ਪਲਟੇ ਤਾਂ ਫਿਰ ਹੋਰ ਕਿਹੜੀ ਜਗ੍ਹਾ ਹੈ ਜਿੱਥੇ ਇਸ ਦੇ ਮਨ ਤੇ ਅਸਰ ਹੋ ਸਕੇ। ਇਨ੍ਹਾਂ ਦੇ ਭਲੇ ਵਾਸਤੇ ਸੰਤਾਂ ਨੇ ਬਚਨ ਕੀਤਾ, "ਸੰਗਤ ਜੀ! ਜਿਵੇਂ ਛੱਪੜ ਦੇ ਕੰਢੇ ਤੇ ਬੈਠਾ ਬਗਲਾ ਮੱਛੀ ਨੂੰ ਤੱਕਦਾ ਰਹਿੰਦਾ ਹੈ:

ਮੈ ਜੇਹਾ ਨ ਵਿਸਾਹੁ ਧ੍ਰੋਹੁ ਸਗਲ ਸਮਾਧੀ ਮੀਨ ਅਹਾਰਾ।

(ਭਾਈ ਗੁਰਦਾਸ ਜੀ)

ਸਿਆਣਾ ਪੁਰਸ਼ ਉਸ ਦੇ ਚਿੱਟੇ ਖੰਭ ਦੇਖ ਕੇ ਉਸ ਨੂੰ ਹੰਸ ਨਹੀਂ ਕਹਿੰਦਾ।

ਯਥਾ: ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ ॥

(ਪੰਨਾ ੭੨੯)

ਇਸੇ ਤਰ੍ਹਾਂ ਸਾਧ ਸੰਗਤ ਰੂਪੀ ਸਰੋਵਰ ਤੇ ਪੁੱਜ ਕੇ ਜਿਸ ਵਿੱਚ ਨਾਮ ਰੂਪੀ ਨਿਰਮਲ ਜਲ ਹੈ, ਸਤਿਗੁਰਾਂ ਦੇ ਚਰਨਾਂ ਵਿੱਚ ਵੀ ਮਨ ਨੂੰ ਨਾ ਰੋਕਣਾ, ਫਿਰ ਹੋਰ ਕਿਸ ਜਗ੍ਹਾਂ ਰੁਕੇਗਾ। ਬਾਹਰਲੇ ਪਾਪ ਕੀਤੇ ਮਨੁੱਖ ਤੀਰਥਾਂ ਤੇ ਲਾਹੁੰਦਾ ਹੈ। ਜੇਕਰ ਤੀਰਥਾਂ ਤੇ ਜਾ ਕੇ ਪਾਪ ਕਰੇ ਤਾਂ ਫਿਰ ਉਸ ਬੱਜਰ ਪਾਪੀ ਨੂੰ ਕਿਤੇ ਵੀ ਟਿਕਾਣਾ ਨਹੀਂ। ਭਾਈ ਗੁਰਦਾਸ ਜੀ ਕਥਨ ਕਰਦੇ ਹਨ-

ਬਜਰ ਪਾਪ ਨ ਉਤਰਨਿ ਜਾਇ ਕੀਚਨਿ ਗੰਗੈ।

(ਭਾਈ ਗੁਰਦਾਸ ਜੀ)

ਪਾਣੀ ਤੋਂ ਬਗ਼ੈਰ ਸੁੱਕੀ ਤੇ ਕੁਮਲਾਈ ਹੋਈ ਪਾਣੀ ਨਾਲ ਹਰੀ ਹੋ ਜਾਂਦੀ ਹੈ। ਪਰ ਪਾਣੀ ਦੀ ਮਾਰੀ ਹੋਈ ਖੇਤੀ ਪਾਣੀ ਨਾਲ ਹਰੀ ਨਹੀਂ ਹੋ ਸਕਦੀ।

ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ ॥
ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ ॥

(ਪੰਨਾ ੧੩੮੧)

ਇਸੇ ਤਰ੍ਹਾਂ ਬਾਹਰਲੇ ਗ਼ੁਨਾਹ ਕੀਤੇ ਏਥੇ ਬਖ਼ਸ਼ੀਦੇ ਹਨ। ਏਥੋਂ ਦੇ ਗ਼ੁਨਾਹੀ ਨੂੰ ਕਿਤੇ ਵੀ ਢੋਈ ਨਹੀਂ। ਸੰਗਤ ਦੁਆਰਾ ਤਾਂ ਬਿਧੀ ਚੰਦ ਵਰਗੇ ਧਾੜਵੀ ਤੇ ਸੱਜਣ ਵਰਗੇ ਠੱਗ ਵੀ ਤਰ ਗਏ।" ਇਉਂ ਹੋਰ ਵੀ ਬਹੁਤ ਸਾਰੇ ਬਚਨ ਬਾਬਾ ਜੀ ਨੇ ਕੀਤੇ ਜਿਨ੍ਹਾਂ ਨੂੰ ਸੁਣਕੇ ਇਨ੍ਹਾਂ ਦੋਵਾਂ ਫੌਜੀਆਂ ਦੇ ਮਨ ਤੇ ਬਹੁਤ ਅਸਰ ਹੋਇਆ। ਉਸ ਸਮੇਂ ਦੋਵਾਂ ਨੇ ਭਰੇ ਦੀਵਾਨ ਵਿੱਚ ਬਾਬਾ ਜੀ ਦੇ ਸਾਹਮਣੇ ਖੜ੍ਹੇ ਹੋ ਕੇ ਹੱਥ ਜੋੜੇ ਤੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਅਸੀਂ ਬੜੇ ਪਾਪੀ ਹਾਂ ਸਾਡੇ ਤੇ ਕ੍ਰਿਪਾ ਕਰੋ। ਮਹਾਰਾਜ! ਅਸੀਂ ਮਹਾਨ ਪਾਪੀ ਨਾ ਬਖ਼ਸ਼ਣ ਯੋਗ ਅਪਰਾਧ ਕਰ ਰਹੇ ਹਾਂ।" ਬਾਬਾ ਜੀ ਨੇ ਉੱਤਰ ਦਿੱਤਾ, "ਪ੍ਰੇਮੀਓ! ਇਹ ਗੁਰੂ ਨਾਨਕ ਦਾ ਦਰ ਹੈ ਏਥੇ ਹਰ ਇੱਕ ਨੂੰ ਉਸ ਦੀ ਭਾਵਨਾ ਅਨੁਸਾਰ ਫ਼ਲ ਮਿਲਦਾ ਹੈ। ਚੰਗੀ ਭਾਵਨਾ ਵਾਲੇ ਨੂੰ ਚੰਗਾ ਫ਼ਲ ਤੇ ਮੰਦ ਵਾਸ਼ਨਾ ਕਰਨ ਵਾਲੇ ਨੂੰ ਦੁਖ। ਪ੍ਰਮੇਸ਼ਰ ਸਭ ਦੇ ਦਿਲਾਂ ਦੀਆਂ ਜਾਣਦਾ ਹੈ ਉਸ ਤੋਂ ਕੋਈ ਕਿਵੇਂ ਛੁਪਾ ਸਕਦਾ ਹੈ।

ਯਥਾ: ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥

(ਪੰਨਾ ੧੫੬)

ਪ੍ਰਮਾਰਥ ਵੱਲ ਲਾਇਆਂ ਹੀ ਅੰਗਾਂ ਦੀ ਸਫ਼ਲਤਾ ਹੁੰਦੀ ਹੈ।

ਯਥਾ: ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥
ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥
ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥

(ਪੰਨਾ ੫੧੭)

ਨਹੀਂ ਤਾਂ ਸਾਰੇ ਇੰਦਰੇ ਨੇਤਰ ਹੀ ਦੋਸ਼ੀ ਹਨ ਤੇ ਨਿਸਫ਼ਲ ਹਨ।

ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ॥
ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ ॥
ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥

(ਪੰਨਾ ੧੩੬੨)

ਸੋ ਏਥੇ ਤਾਂ ਪੂਰਨ ਇਨਸਾਫ਼ ਹੁੰਦਾ ਹੈ। ਕਿਸੇ ਦਾ ਲਿਹਾਜ਼ ਨਹੀਂ ਕੀਤਾ ਜਾਂਦਾ।" ਇਨ੍ਹਾਂ ਨੇ ਅਰਜ਼ ਕੀਤੀ, "ਦਾਤਾ! ਸਾਡੇ ਤੇ ਕ੍ਰਿਪਾ ਕਰੋ। ਮਨ ਦੀਆਂ ਖੋਟੀਆਂ ਵਾਸ਼ਨਾਵਾਂ ਤੇ ਕਾਬੂ ਪਾਉਣ ਦੀ ਕੋਈ ਜੁਗਤੀ ਦੱਸੋ।" ਸੰਤਾਂ ਨੇ ਕਿਹਾ, "ਸਵੇਰੇ ਦੋ ਵਜੇ ਉੱਠ ਕੇ ਇਸ਼ਨਾਨ ਕਰਕੇ ਦਿਨ ਚੜ੍ਹਨ ਤੱਕ ੪੦ ਦਿਨ ਗੁਰੂ ਸਰੂਪ ਦੇ ਧਿਆਨ ਵਿੱਚ ਮਨ ਇਕਾਗਰ ਕਰਕੇ ਮੂਲ ਮੰਤਰ ਦਾ ਜਾਪ ਕਰੋ ਅਤੇ ਸਦਾ ਮੌਤ ਨੂੰ ਚੇਤੇ ਰਖੋ। ਫਿਰ ਆ ਕੇ ਦੱਸਣਾ ਕਿ ਮਨ ਦੀ ਕੀ ਹਾਲਤ ਹੈ।" ਇਉਂ ਬਾਬਾ ਜੀ ਤੋਂ ਉੱਤਮ ਉਪਦੇਸ਼ ਸੁਣਕੇ ਇਹ ਵਾਪਸ ਆ ਗਏ। ੪੦ ਦਿਨ ਉਸੇ ਤਰ੍ਹਾਂ ਹੀ ਬਾਬਾ ਜੀ ਦੇ ਦੱਸੇ ਅਨੁਸਾਰ ਮੂਲ ਮੰਤਰ ਦਾ ਜਾਪ ਕੀਤਾ। ਬਾਬਾ ਜੀ ਦੀ ਕਿਰਪਾ ਦੁਆਰਾ ਇਨ੍ਹਾਂ ਦਾ ਮਨ ਪੂਰਨ ਸ਼ਾਤ ਹੋ ਗਿਆ। ੪੦ ਦਿਨਾਂ ਤੋਂ ਬਾਅਦ ਬਾਬਾ ਜੀ ਦੇ ਪਾਸ ਆ ਕੇ ਬੇਨਤੀ ਕੀਤੀ, "ਦਾਤਾ! ਹੁਣ ਤੁਹਾਡੀ ਮੇਹਰ ਹੈ। ਅੱਗੇ ਵਾਸਤੇ ਵੀ ਮਨ ਇਸੇ ਤਰ੍ਹਾਂ ਸਾਰੇ ਪਾਸਿਆਂ ਤੋਂ ਮੁੜਿਆ ਰਹੇ।" ਸੰਤਾਂ ਨੇ ਕਿਹਾ, "ਗੁਰੂ ਘਰ ਤੇ ਸ਼ਰਧਾ ਰਖੋ, ਨਾਮ ਜਪੋ ਗੁਰੂ ਭਲੀ ਕਰੇਗਾ।" ਇਉਂ ਬਾਬਾ ਜੀ ਨਿਤਾਪ੍ਰਤੀ ਬੇਅੰਤ ਪ੍ਰੇਮੀਆਂ ਨੂੰ ਉਪਦੇਸ਼ ਤੇ ਦਰਸ਼ਨ ਦੇ ਕੇ ਨਿਹਾਲ ਕਰਦੇ।

# ਬਾਬੇ ਕਾਨ੍ਹੇ ਦੀ ਸਾਖੀ

ਹੋਤੀ ਮਰਦਾਨ ਡੇਰੇ ਹਰੇਕ ਐਤਵਾਰ ਨੂੰ ਫੌਜੀਆਂ ਅਤੇ ਆਮ ਸੰਗਤ ਦਾ ਬੜਾ ਹੀ ਇਕੱਠ ਹੁੰਦਾ। ਬਾਬਾ ਜੀ ਸਭਨਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ। ਫੌਜੀਆਂ ਨੂੰ ਉਪਦੇਸ਼ ਤਾਂ ਪੂਰਨਮਾਸ਼ੀ ਜਾਂ ਐਤਵਾਰ ਨੂੰ ਇਕੱਠਿਆਂ ਹੀ ਦਿੰਦੇ। ਹੋਰ ਸੰਗਤ ਨੂੰ ਉਨ੍ਹਾਂ ਦੀ ਸ਼ਰਧਾ ਅਨੁਸਾਰ ਦੋ ਚਾਰ ਫੇਰੇ ਮਰਵਾ ਕੇ ਉਪਦੇਸ਼ ਦਿੰਦੇ। ਉਨ੍ਹਾਂ ਦਿਨਾਂ ਵਿੱਚ ਬਾਬਾ ਕਾਨ੍ਹਾ ਜੀ ਨਾਮ ਕਰਕੇ ਇੱਕ ਮਸਤਾਨਾ ਫ਼ਕੀਰ ਪਿਸ਼ੌਰ ਰਿਹਾ ਕਰਦਾ। ਜੋ ਪਾਸ ਗਏ ਦੇ ਇੱਟਾਂ ਮਾਰਦਾ ਤੇ ਗਾਲਾਂ ਕੱਢਦਾ। ਕਿਸੇ ਨੂੰ ਨੇੜੇ ਨਹੀਂ ਸੀ ਢੁਕਣ ਦਿੰਦਾ।

ਇੱਕ ਵਾਰ ਦੋ ਫੌਜੀ ਸਿੰਘਾਂ ਨੇ ਹਠ ਕੀਤਾ ਕਿ ਚਾਹੇ ਸਾਨੂੰ ਕਿੰਨਾ ਵੀ ਮਾਰੇ, ਗਾਲਾਂ ਕੱਢੇ ਪਰ ਅਸੀਂ ਮੱਥਾ ਜ਼ਰੂਰ ਟੇਕਣਾ ਹੈ। ਮਾਇਆ ਵੀ ਭੇਟਾ ਕਰਨੀ ਹੈ ਭਜਨ ਵੀ ਇਨ੍ਹਾਂ ਪਾਸੋਂ ਹੀ ਪੁੱਛਣਾ ਹੈ। ਇਨ੍ਹਾਂ ਫੌਜੀਆਂ ਦਾ ਹਠ ਵੀ ਬੜਾ ਹੁੰਦਾ ਹੈ। ਇਨ੍ਹਾਂ ਨੇ ਦੋ ਚਾਰ ਫੌਜੀ ਹੋਰ ਆਪਣੇ ਨਾਲ ਮਿਲਾ ਲਏ ਤੇ ਕਿਹਾ ਕਿ ਤੁਸੀਂ ਉਸ ਬੈਠੇ ਹੋਏ ਫ਼ਕੀਰ ਨੂੰ ਚੁੱਪ ਚੁਪੀਤੇ ਜੱਫੀ ਪਾ ਲੈਣੀ, ਹੱਥ ਫੜ ਲੈਣੇ ਤੇ ਅਸੀਂ ਮਾਇਆ ਰੱਖ ਕੇ ਨਮਸਕਾਰ ਕਰ ਲਵਾਂਗੇ। ਇਉਂ ਉਹ ਸਾਰੇ ਜਣੇ ਸਲਾਹ ਕਰਕੇ ਬਾਬਾ ਕਾਨ੍ਹਾ ਜੀ ਦੇ ਪਾਸ ਆ ਗਏ। ਏਧਰੋਂ ਬਾਬਾ ਕਾਨ੍ਹਾ ਜੀ ਦੂਜੇ ਪਾਸੇ ਮੂੰਹ ਕਰਕੇ ਸਮਾਧੀ ਵਿੱਚ ਲੀਨ ਸਨ। ਇਨ੍ਹਾਂ ਨੇ ਆਪਣੇ ਮਿਥੇ ਪ੍ਰੋਗਰਾਮ ਅਨੁਸਾਰ ਉਨ੍ਹਾਂ ਨੂੰ ਜੱਫੀ ਪਾ ਲਈ ਤੇ ਬਾਹਾਂ ਵੀ ਫੜ ਲਈਆਂ ਕਿ ਸਾਡੇ ਇੱਟਾਂ ਨਾ ਮਾਰੇ। ਦੂਜਿਆਂ ਨੇ ਜਾ ਕੇ ਹਜ਼ਾਰ ਰੁਪਏ ਦੀ ਥੈਲੀ ਰੱਖ ਕੇ ਮੱਥਾ ਟੇਕਿਆ। ਜਦੋਂ ਬਾਬੇ ਕਾਨ੍ਹੇ ਨੇ ਇਨ੍ਹਾਂ ਵੱਲ ਦੇਖਿਆ ਤਾਂ ਲੱਗਿਆ ਬਹੁਤ ਬੁਰੀਆਂ ਗਾਲ੍ਹਾਂ ਕੱਢਣ। ਬੜੇ ਸਖਤ ਬਚਨ ਕਹੇ ਪਰ ਇਹ ਵੀ ਧਰਨਾ ਮਾਰਕੇ ਸਾਹਮਣੇ ਬੈਠੇ ਰਹੇ। ਉੱਠ ਕੇ ਨਹੀਂ ਗਏ ਕਿ ਜਦ ਇਹ ਸ਼ਾਂਤੀ ਵਿੱਚ ਆਉਂਣਗੇ ਤਾਂ ਭਜਨ ਪੁੱਛਾਂਗੇ। ਜਦੋਂ ਸ਼ਾਮ ਹੋ ਗਈ ਤਾਂ ਉਸ ਮਸਤਾਨੇ ਫ਼ਕੀਰ ਨੇ ਕਿਹਾ ਕਿ ਏਥੋਂ ਹੋਤੀ ਚਲੇ ਜਾਓ ਨਹੀਂ ਤਾਂ ਸਾਰਿਆਂ ਨੂੰ ਭਸਮ ਕਰ ਦੇਵਾਂਗੇ। ਚੁੱਕੋ ਇਹ ਠੀਕਰੀਆਂ ਕਿਥੋਂ ਲਿਆਏ ਹੋ, ਬੜੇ ਆਏ ਅਭਿਆਸੀ ਭਜਨ ਪੁੱਛਣ। ਤੁਹਾਨੂੰ ਪਤਾ ਨਹੀਂ ਕਿ ਐਸ ਵੇਲੇ ਭਜਨ ਦੱਸਣ ਦੀ ਡਿਊਟੀ ਪ੍ਰਮੇਸ਼ਰ ਵੱਲੋਂ ਹੋਤੀ ਵਾਲੇ ਸੰਤਾਂ ਦੀ ਲੱਗੀ ਹੈ। ਇਹ ਮਾਇਆ ਹੋਤੀ ਡੇਰੇ ਦੇ ਆਉ। ਇਹ ਬਚਨ ਸੁਣਕੇ ਉਹ ਸਾਰੇ ਹੀ ਕੰਬ ਗਏ ਤੇ ਮਾਇਆ ਚੁੱਕ ਲਈ। ਜੋ ਪ੍ਰੇਮੀ ਬਾਬੇ ਕਾਨ੍ਹੇ ਦੇ ਸੁਭਾਅ ਨੂੰ ਜਾਣਦੇ ਸਨ ਉਹ ਕਹਿਣ ਲੱਗੇ ਕਿ ਤੁਹਾਡੇ ਚੰਗੇ ਭਾਗ ਸਨ ਜੋ ਹੋਤੀ ਡੇਰੇ ਜਾਣ ਵਾਸਤੇ ਕਹਿ ਰਹੇ ਹਨ, ਨਹੀਂ ਤਾਂ ਇਹ ਹੁਣ ਤੱਕ ਕਦੋਂ ਦੇ ਸਰਾਪ ਦੇ ਦੇਂਦੇ। ਹੁਣ ਤੁਸੀਂ ਹੋਤੀ ਨੂੰ ਜਾਓ ਹੋਰ ਕਿਸੇ ਪਾਸੇ ਨਾ ਜਾਇਓ ਨਹੀਂ ਤਾਂ ਇਹ ਤੁਹਾਨੂੰ ਸਰਾਪ ਦੇ ਦੇਣਗੇ। ਇਉਂ ਸਾਰੇ ਫੌਜੀ ਬਾਬੇ ਕਾਨ੍ਹੇ ਦੇ ਭੇਜੇ ਹੋਏ ਭਜਨ ਪੁੱਛਣ ਵਾਸਤੇ ਹੋਤੀ ਡੇਰੇ ਪੁੱਜ ਗਏ। ਜਦੋਂ ਇਹ ਹੋਤੀ ਡੇਰੇ ਗਏ ਤਾਂ ਬਾਬਾ ਜੀ ਦੀਵਾਨ ਵਿੱਚ ਸਸ਼ੋਭਤ ਹੋ ਕੇ ਪ੍ਰੇਮੀਆਂ ਦੀਆਂ ਭਾਵਨਾ ਅਨੁਸਾਰ ਭੋਗ ਮੋਖ ਦੇ ਪਦਾਰਥ ਵੰਡ ਰਹੇ ਸਨ। ਅੰਤਰਯਾਮੀ ਦਾਤੇ ਨੇ ਬਾਬੇ ਕਾਨ੍ਹੇ ਦੀ ਸਿਫਾਰਸ਼ ਜਾਣਕੇ ਦੂਰੋਂ ਹੀ ਉਨ੍ਹਾਂ ਫੌਜੀਆਂ ਨੂੰ ਆਵਾਜ਼ ਮਾਰੀ ਤੇ ਕਿਹਾ, "ਪ੍ਰੇਮੀਓ! ਅੱਗੇ ਆ ਜਾਓ।" ਜਦੋਂ ਹਜ਼ੂਰੀ ਵਿੱਚ ਗਏ ਹਜ਼ਾਰ ਰੁਪਏ ਦੀ ਥੈਲੀ ਚਰਨਾਂ ਵਿੱਚ ਰੱਖ ਕੇ ਮੱਥਾ ਟੇਕਿਆ ਤਾਂ ਸੰਤਾਂ ਨੇ ਕਿਹਾ ਕਿ ਜੇ ਤੁਹਾਨੂੰ ਬਾਬੇ ਕਾਨ੍ਹੇ ਨੇ ਭੇਜਿਆ ਹੈ ਤਾਂ ਅੱਜ ਹੀ ਨਾਮ ਦੀ ਦਾਤ ਬਖ਼ਸ਼ ਦਿੰਦੇ ਹਾਂ। ਨਹੀਂ ਤਾਂ ਪੂਰਨਮਾਸ਼ੀ ਨੂੰ ਕਿਰਪਾ ਹੋਣੀ ਸੀ।

ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥

(ਪੰਨਾ ੨੭੩)

ਇਉਂ ਉਨ੍ਹਾਂ ਤੇ ਸੰਤ ਜੀ ਨੇ ਬਾਬੇ ਕਾਨ੍ਹੇ ਦੀ ਸਿਫਾਰਸ਼ ਨਾਲ ਕ੍ਰਿਪਾ[੧੭] ਕੀਤੀ ਤੇ ਬਚਨ ਕੀਤਾ ਕਿ ਅੱਗੇ ਵਾਸਤੇ ਕਿਸੇ ਵੀ ਸਾਧੂ ਨੂੰ ਉਸ ਦੀ ਮਰਜ਼ੀ ਬਗ਼ੈਰ ਕੁਝ ਨਹੀਂ ਕਹਿਣਾ। ਕਿਉਂਕਿ ਸਾਧੂ ਦੇ ਮਾਰੇ ਨੂੰ ਪ੍ਰਮੇਸ਼ਰ ਵੀ ਨਹੀਂ ਬਖ਼ਸ਼ਦਾ। ਸ਼ਰਧਾ ਰੱਖੋ, ਨਾਮ ਜਪੋ, ਸੇਵਾ ਕਰੋ, ਜਾਓ ਤੁਹਾਡਾ ਭਲਾ ਹੋ ਜਾਵੇਗਾ।

---

[੧੭] ਇਹ ਬਾਬਾ ਕਾਨ੍ਹਾ ਜੀ ਸੰਤ ਮਹਾਰਾਜ ਬਾਬਾ ਆਇਆ ਸਿੰਘ ਜੀ ਦੇ ਸਮੇਂ ਵੀ ਸਨ। ਉਹ ਵੀ ਇਨ੍ਹਾਂ ਦਾ ਪੂਰਾ ਸਤਿਕਾਰ ਕਰਿਆ ਕਰਦੇ ਸਨ।ਫੇਰ ਉਹਨਾਂ ਦੇ ਸਿਸ਼ ਬਾਬਾ ਜਵਾਲਾ ਸਿੰਘ ਜੀ ਹਰਖੋ ਵਾਲ ਤੋਂ ਚੱਲ ਕੇ ਪਿਸ਼ੌਰ ਜਾਇਆ ਕਰਦੇ ਸਨ।

## ਗੁੱਜਰ ਗੜ੍ਹੀ ਦੀਆਂ ਪਠਾਣੀਆਂ ਤੇ ਕ੍ਰਿਪਾ

ਇੱਕ ਸਮੇਂ ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਜੀ ਮਹਾਰਾਜ ਸ਼ਾਮ ਦੇ ਟਾਇਮ 'ਕਲਪਾਣੀ' ਦੇ ਕੰਢੇ ਬੈਠੇ ਸੰਗਤਾਂ ਨੂੰ ਦਰਸ਼ਨ ਦੇ ਰਹੇ ਸਨ। ਇਤਨੇ ਨੂੰ ਗੁੱਜਰ ਗੜ੍ਹੀ ਦੇ ਦੋ ਸਹਿਜਧਾਰੀ ਰਾਮਦਾਸ ਤੇ ਮੇਘ ਨਾਥ ਬਾਬਾ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਏ। ਪਾਵਨ ਚਰਨਾਂ ਤੇ ਨਮਸਕਾਰ ਕਰਕੇ ਪਾਸ ਬੈਠ ਗਏ। ਕੁਝ ਕੁ ਸਮੇਂ ਤੋਂ ਬਾਅਦ ਨਿਮ੍ਰਤਾ ਸਹਿਤ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਮਨ ਨਹੀਂ ਟਿਕਦਾ। ਭਜਨ ਸਿਮਰਨ ਦੇ ਸਮੇਂ ਬਾਹਰ ਨਿਕਲ ਜਾਂਦਾ ਹੈ ਬਾਰ-ਬਾਰ ਜੋੜਿਆ ਵੀ ਨਹੀਂ ਜੁੜਦਾ।" ਬਾਬਾ ਜੀ ਨੇ ਬਚਨ ਕੀਤਾ, "ਇੱਕ ਪ੍ਰਮੇਸ਼ਰ ਨੂੰ ਮਨ ਵਿੱਚ ਵਸਾ ਕੇ ਹੋਰ ਝੂਠੀਆਂ ਆਸਾਂ ਨੂੰ ਵਿਸਾਰ ਦਿਉ, ਮਨ ਟਿਕ ਜਾਵੇਗਾ।"

ਇਉਂ ਆਪਣੀ ਰਸਨਾ ਤੋਂ ਉੱਤਮ ਉਪਦੇਸ਼ ਬਖ਼ਸ਼ ਕੇ ਸੰਤ ਜੀ ਮਹਾਰਾਜ ਤਾਂ ਸ਼ਾਮ ਹੋਈ ਜਾਣਕੇ ਇਨ੍ਹਾਂ ਦੋਵਾਂ ਪ੍ਰੇਮੀਆਂ ਸਮੇਤ ਡੇਰੇ ਵੱਲ ਆ ਗਏ। ਜਦੋਂ ਚੱਲਦਿਆਂ-ਚੱਲਦਿਆਂ ਆਪ ਪੱਕੀ ਸੜਕ ਤੇ ਪੁੱਜੇ ਤਾਂ ਉਸ ਸਮੇਂ ਬਹੁਤ ਸਾਰੀਆਂ ਗੁੱਜਰ ਗੜ੍ਹੀ ਦੀਆਂ ਪਠਾਣੀਆਂ ਬਗ਼ਦਾਦ ਪਿੰਡ ਵੱਲ ਨੂੰ ਜਾ ਰਹੀਆਂ ਸਨ। ਨਾਲ ਹੀ ਹੱਥਾਂ ਵਿੱਚ ਲੈ ਕੇ (ਟਮਲ) ਖੰਜਰੀ ਵਜਾ ਰਹੀਆਂ ਸਨ ਅਤੇ ਆਪਣੇ ਮੁੱਖੋਂ ਪਸ਼ਤੋ ਵਿੱਚ ਇਉਂ ਗਾ ਰਹੀਆਂ ਸਨ:

ਹਿੜੇ ਕੇ ਯੇ ਲਾਲਾ ਉਧਰੇਗੀ।
ਦੁਰਮਟ ਨ ਦੀਯੇ ਗੋਜਲ ਕਮ।

ਜਿਸ ਦਾ ਅਰਥ ਹੈ, ਦਿਲ ਵਿੱਚ ਇੱਕ ਯਾਰ ਹੀ ਵਸਦਾ ਹੈ। ਹੁਣ ਗਾਹਾਂ ਦੇ ਗਾਹੁਨ ਦਾ ਮੈਦਾਨ ਨਹੀਂ ਜੋ ਐਵੇਂ ਹੁਣ ਗਾਹਾਂ ਨੂੰ ਗਾਹੀ ਜਾਈਏ। ਤਾਂ ਉਸ ਸਮੇਂ ਸੰਤਾਂ ਨੇ ਉਨ੍ਹਾਂ ਪਠਾਣੀਆਂ ਵੱਲ ਤੱਕ ਕੇ ਉਨ੍ਹਾਂ ਦੋਹਾਂ ਪ੍ਰੇਮੀਆਂ ਨੂੰ ਕਿਹਾ, "ਦੇਖੋ ਜਿਹੜੀ ਗੱਲ ਅਸਾਂ ਤੁਹਾਨੂੰ ਕਹੀ ਹੈ ਇਹੋ ਹੀ ਬਚਨ ਇਹ ਗਾ ਰਹੀਆਂ ਹਨ ਕਿ ਸਾਡੇ ਅੰਦਰ ਇੱਕ ਹੀ ਯਾਰ ਵੱਸਦਾ ਹੈ ਤੁਸੀਂ ਵੀ ਯਾਰ ਨੂੰ ਹੀ ਅੰਦਰ ਵਸਾਓ।" ਧੰਨ ਹਨ ਸੰਤ ਜੀ ਭਾਵੇਂ ਇਹ ਪਠਾਣੀਆਂ ਤਾਂ ਇਸ਼ਕ ਮਜ਼ਾਜ਼ੀ ਦੇ ਗੀਤ ਗਾ ਰਹੀਆਂ ਸਨ। ਪਰ ਹਜ਼ੂਰ ਇਸਦਾ ਅਰਥ ਇਸ਼ਕ ਹਕੀਕੀ ਵਿੱਚ ਲੈ ਗਏ। ਜੈਸੀ ਦ੍ਰਿਸ਼ਟੀ ਵੈਸੀ ਸ੍ਰਿਸ਼ਟੀ। ਅਗਿਆਨੀ ਦੀ ਦ੍ਰਿਸ਼ਟੀ ਵਿੱਚ ਸੰਸਾਰ ਸੱਤ ਹੈ। ਪਰ ਜਗਿਆਸੂ ਵਾਸਤੇ ਮਾਇਆ ਮਾਤਰ ਪ੍ਰਤੀਤ ਹੋ ਰਿਹਾ ਹੈ। ਪਰ ਗਿਆਨਵਾਨ ਹਰਿ ਕਾ ਰੂਪ ਦੇਖਦੇ ਹਨ ਤੇ ਆਖਿਆ, "ਹੁਣ ਗਾਹਾਂ ਦੇ ਗਹੁਨ ਦੀ ਅੰਦਰ ਥਾਂ ਨਹੀਂ।" ਭਾਵ ਦੁਨਿਆਵੀ ਕੰਮਾਂ ਦਾ ਸੰਕਲਪ ਹੀ ਨਹੀਂ ਫੁਰਦਾ। ਇੱਕੋ ਹੀ ਯਾਰ ਵੱਸਦਾ ਹੈ।

ਇਉਂ ਜਦੋਂ ਬਾਬਾ ਜੀ ਦਾ ਇਸ਼ਾਰਾਂ ਇਨ੍ਹਾਂ ਪਠਾਣੀਆਂ ਦੀ ਤਰਫ ਹੋਇਆ (ਜੋ ਨਾਲ ਦੇ ਪ੍ਰੇਮੀਆਂ ਨੂੰ ਦੱਸਣ ਵਾਸਤੇ ਕੀਤਾ ਸੀ) ਤਾਂ ਉਸ ਸਮੇਂ ਅੰਮ੍ਰਿਤ ਦ੍ਰਿਸ਼ਟੀ ਨਾਲ ਤੱਕਣ ਕਰਕੇ ਉਨ੍ਹਾਂ ਦੇ ਅੰਦਰ ਦੀ ਮੰਦ ਵਾਸ਼ਨਾ ਅਲੋਪ ਹੋ ਗਈ। ਉਹ ਇੱਕ ਦਮ ਬੁਰਕਾ ਲਾਹਕੇ ਬਾਬਾ ਜੀ ਦੇ ਪਾਸ ਪੁੱਜੀਆਂ। ਭਾਵਨਾ ਸਹਿਤ ਸਲਾਮ ਕੀਤੀ ਤੇ ਕਿਹਾ, 'ਤੜਾ ਮੁਸ਼ੇ ਪਕੀਰ ਸਾਂਈ' ਫ਼ਕੀਰ ਜੀ ਸਲਾਮ! ਇਉਂ ਆਖਕੇ ਸਿਰ ਨਿਵਾਇਆ ਤੇ ਪਹਿਲਾਂ ਵਾਂਗੂੰ ਹੀ ਖੰਜਰੀ ਫੜ ਕੇ ਗਾਉਣ ਲੱਗ ਪਈਆਂ। ਪਰ ਉਸ ਗਾਣੇ ਤੇ ਇਸ ਗਾਣੇ ਵਿੱਚ ਜਮੀਨ ਅਸਮਾਨ ਦਾ ਫ਼ਰਕ ਸੀ। ਹੁਣ ਤਾਂ ਇਹ ਕਹਿੰਦੀਆਂ ਸਨ, 'ਜ਼ਮਾ ਪੀਰ ਰਾਗਲੇ ਦੀ ਜ਼ਮਾ ਪਕੀਰ' ਸਾਡਾ ਪੀਰ ਆ ਗਿਆ ਸਾਡਾ ਬਜ਼ੁਰਗ ਆ ਗਿਆ ਅਤੇ, 'ਰਾਗਲੇ ਦੀ ਯਾ ਖ਼ੁਦਾ ਲੀ ਦਿਲ ਦੀ, ਜਿੰਦ ਪੀਰ ਰਾਗਲੇ ਦੀ ਅੱਲ੍ਹਾ ਹੂ ਅੱਲ੍ਹਾ ਹੂ!' ਆ ਗਿਆ ਅਸਾਂ ਦਰਸ਼ਨ ਪਾਇਆ ਵੱਡਾ ਆ ਗਿਆ। 'ਖ਼ੁਦਾ ਤੂੰ ਖ਼ੁਦਾ ਤੂੰ ਖ਼ੁਦਾ ਤੂੰ' ਇਉਂ ਕਹਿੰਦੀਆਂ ਹੋਈਆਂ ਨੂੰ ਮਸਤੀ ਚੜ੍ਹ ਗਈ ਤੇ ਬਾਬਾ ਜੀ ਦੇ ਉਦਾਲੇ ਪ੍ਰਕਰਮਾਂ ਕਰੀ ਜਾਂਦੀਆਂ ਹਨ ਤੇ ਗਾਈ ਜਾਂਦੀਆਂ ਹਨ। ਦਰਸ਼ਨ ਕਰਕੇ ਤਨ ਮਨ ਦੀ ਸੁਧ ਹੀ ਭੁੱਲ ਗਈ। ਇਹ ਹੈ ਸੱਚੇ ਫ਼ਕੀਰ ਤੇ ਪੂਰਨ ਸਾਧੂ ਦੀ ਨਿਸ਼ਾਨੀ। ਉਸ ਸਮੇਂ ਇਨ੍ਹਾਂ ਦੀ ਭਾਵਨਾ ਤੇ ਸ਼ਰਧਾ ਦੇਖਕੇ ਮੇਰੇ ਪਰਮ ਪ੍ਰਿਆ ਸੰਤ ਜੀ ਮਹਾਰਾਜ ਬੈਠ ਗਏ ਤੇ ਹੁਕਮ ਕੀਤਾ:

'ਜ਼ਮਾ ਖੋਰ ਮੋਰ ਦਿਲ ਤਾ ਕੇ ਹਨਾ'

ਸਾਡੀਆਂ ਮਤਾਓ ਤੇ ਭੈਣੋਂ! ਇਸ ਜਗ੍ਹਾ ਬੈਠ ਜਾਓ। ਇਉਂ ਸੰਤਾਂ ਦਾ ਬਚਨ ਮੰਨਕੇ ਸਾਰੀਆਂ ਬੈਠ ਗਈਆਂ। ਏਥੇ ਇੱਕ ਇਲਾਹੀ ਦੀਵਾਨ ਸਜ ਗਿਆ। ਇਹ ਪਠਾਣੀਆਂ ਇੱਕ ਖ਼ਾਨ ਖੇਲ ਦੇ ਬੇਟੇ ਦੀ ਮੰਗਣੀ ਤੇ ਬਗ਼ਦਾਦ ਪਿੰਡ ਸੱਦੇ ਤੇ ਗਾਉਣ ਵਜਾਉਣ ਵਾਸਤੇ ਕੁੜਮਚਾਰੀ ਦੀ ਤਰ੍ਹਾਂ ਜਾ ਰਹੀਆਂ ਸਨ। ਅੰਤਰਯਾਮੀ ਦਾਤੇ ਨੇ ਸਾਰੀ ਗੱਲ ਜਾਣਕੇ ਮੇਘ ਨਾਥ ਨੂੰ ਡੇਰੇ ਭੇਜਿਆ, ਮਿਠਾਈ ਦਾ ਟੋਕਰਾ ਤੇ ਇੱਕੀ ਰੁਪਏ ਮੰਗਵਾਕੇ ਆਪਣੇ ਪਾਸ ਰੱਖ ਲਏ। ਫਿਰ ਆਪ

ਸਮਾਧੀ ਵਿੱਚ ਜੁੜ ਬੈਠੇ। ਨੇਤਰਾਂ ਦੀਆਂ ਪਲਕਾਂ ਬੰਦ ਕਰ ਲਈਆਂ ਪਠਾਣੀਆਂ ਵੀ ਅੱਲ੍ਹਾ ਪਾਕ ਦੀ ਧੁਨੀ ਵਿੱਚ ਮਸਤ ਹੋ ਗਈਆਂ। ਇਹ ਸਾਧੂ ਦੀ ਸੰਗਤ ਦਾ ਫ਼ਲ ਹੈ ਜੋ ਵਡਭਾਗੀਆਂ ਨੂੰ ਪ੍ਰਾਪਤ ਹੁੰਦਾ ਹੈ:

ਸਾਧ ਸੇਵਾ ਵਡਭਾਗੀ ਪਾਈਐ ॥
ਸਾਧਸੰਗਿ ਹਰਿ ਕੀਰਤਨੁ ਗਾਈਐ ॥

(ਪੰਨਾ ੨੯੩)

ਪ੍ਰਭੂ ਦਾ ਨਾਮ ਜਿਸ ਵੀ ਬੋਲੀ ਵਿੱਚ ਬੋਲਿਆ ਜਾਵੇ ਉਹੋ ਹੀ ਪ੍ਰਵਾਨਨੀਕ ਹੈ। ਕਿਉਂਕਿ ਉਹ ਆਪ ਸਰਬੱਗ ਤੇ ਸੁਘੜ ਸੁਜਾਣ ਹੈ ਸਾਰੀਆਂ ਬੋਲੀਆਂ ਸਮਝ ਲੈਂਦਾ ਹੈ। ਸਭ ਪਠਾਣੀਆਂ ਨਾਮ ਵਿੱਚ ਮਸਤ ਹਨ। ਉੱਧਰ ਬਗ਼ਦਾਦ ਵਾਲੇ ਆਪਣੇ ਘਰ ਬੈਠੇ ਉਡੀਕ ਰਹੇ ਸਨ ਕਿਉਂਕਿ ਪੰਜ ਵਜੇ ਪੁੱਜਣ ਦਾ ਵਕਤ ਸੀ। ਹੁਣ ਸੱਤ ਵੱਜਣ ਵਾਲੇ ਸਨ ਅਜੇ ਤੱਕ ਪਹੁੰਚੀਆਂ ਨਹੀਂ। ਪੁੱਛਣ ਤੇ ਕਿਸੇ ਨੇ ਦੱਸਿਆ ਕਿ ਉਹ ਤਾਂ ਸਾਰੀਆਂ ਹਿੰਦੂ ਫ਼ਕੀਰ ਬਾਬਾ ਕਰਮ ਸਿੰਘ ਜੀ ਦੇ ਪਾਸ ਸੜਕ ਤੇ ਬੈਠੀਆਂ ਗਾ ਰਹੀਆਂ ਹਨ। ਇਹ ਗੱਲ ਸੁਣਕੇ ਉਹ ਘਰ ਵਾਲੇ ਪਠਾਣ ਬੜੇ ਗ਼ੁੱਸੇ ਵਿੱਚ ਆਏ ਤੇ ਸਾਸ਼ਤਰ ਪਕੜ ਕੇ ਬਾਬਾ ਜੀ ਵੱਲ ਦੌੜੇ ਕਿ ਉਸ ਹਿੰਦੂ ਕਾਫ਼ਰ ਨੂੰ ਮਾਰ ਕੁੱਟ ਕੇ ਭਜਾ ਦਿੰਦੇ ਹਾਂ। ਇਉਂ ਕਰੋਧ ਦੇ ਭਰੇ ਹੋਏ ਜਦੋਂ ਬਾਬਾ ਜੀ ਦੇ ਪਾਸ ਪੁੱਜੇ ਤਾਂ ਕੀ ਦੇਖਿਆ ਕਿ ਸਾਰੀਆਂ ਸੰਤਾਂ ਦੇ ਉਦਾਲੇ ਗਰਦਨਾਂ ਝੁਕਾਈ ਅੱਲਾ ਦੀ ਯਾਦ ਵਿੱਚ ਜੁੜੀਆਂ ਬੈਠੀਆਂ ਹਨ। ਨਾਮ ਰੰਗ ਦੀ ਮਸਤੀ ਵਿੱਚ ਕਿਸੇ ਨੂੰ ਵੀ ਆਪਣੇ ਸਰੀਰ ਦੀ ਕੋਈ ਸੋਝੀ ਨਹੀਂ। ਨੇਤਰ ਬੰਦ ਕਰਕੇ ਅੱਲ੍ਹਾ ਹੂ ਅੱਲ੍ਹਾ ਹੂ ਕਰ ਰਹੀਆਂ ਹਨ। ਫਿਰ ਤਾਂ ਉਹ ਤਪਦੇ ਮਨਾਂ ਵਾਲੇ ਪਠਾਣ ਵੀ ਬਾਬਾ ਜੀ ਦਾ ਦਰਸ਼ਨ ਕਰਕੇ ਇਉਂ ਸ਼ਾਂਤ ਹੋ ਗਏ ਜਿਵੇਂ ਚੰਦਨ ਦੀ ਛੋਹ ਨਾਲ ਸੱਪਾਂ ਨੂੰ ਜ਼ਹਿਰ ਤੋਂ ਸ਼ਾਤੀ ਆਉਂਦੀ ਹੈ। ਗ਼ੁੱਸਾ ਹਜ਼ਾਰਾਂ ਕੋਹ ਦੂਰ ਚਲਾ ਗਿਆ ਤੇ ਮੁੱਖੋਂ ਅੱਲ੍ਹਾ ਹੂ ਦੀ ਧੁਨੀ ਨਿਕਲ ਆਈ। ਸਾਰੇ ਹੀ ਬਾਬਾ ਜੀ ਦੇ ਦੁਆਲੇ ਪ੍ਰਕਰਮਾਂ ਕਰੀ ਜਾਂਦੇ ਇਉਂ ਆਖ ਰਹੇ ਹਨ, 'ਹੇ ਜ਼ਾਹਰਾ ਪੀਰ! ਬਾਬਾ ਕਰਮ ਸਿੰਘ ਜੀ!

'ਜ਼ੁਮਾ ਗ਼ੁਨਾਹਾ ਮੁਆਫ਼ ਕਵਾ ਗੁਨਾਹਿਗਾਰ।
ਗੁਨਾਹਿਗਾਰ ਡੇਰ ਗੁਨਹਿਗਾਰ ਪੀਰ ਸਾਈਂ।'

ਆਪ ਸਾਡੇ ਗ਼ੁਨਾਹ ਮੁਆਫ਼ ਕਰ ਦੇਵੋ। ਅਸੀਂ ਗ਼ੁਨਾਹਗਾਰ ਹਾਂ ਬਹੁਤ ਗ਼ੁਨਾਹਗਾਰ ਹਾਂ ਮੁਆਫ਼ ਕਰ ਦੇਵੋ। ਉਸ ਸਮੇਂ ਇਨ੍ਹਾਂ ਦੀ ਆਵਾਜ਼ ਸੁਣਕੇ ਸੰਤਾਂ ਨੇ ਨੇਤਰ ਖੋਲ੍ਹੇ ਅਤੇ ਪਾਸ ਪਏ ਪਾਣੀ ਦੇ ਗੜਵੇ ਵਿਚੋਂ ਬੁੱਕ ਭਰਕੇ ਇਨ੍ਹਾਂ ਪਠਾਣੀਆਂ ਤੇ ਛਿੱਟੇ ਮਾਰੇ ਤੇ ਕਿਹਾ

'ਜ਼ਰਾ ਖੋਰੋ ਟਪਲ ਬੰਦ ਕਵਾ।
ਖ਼ਬਰੇ ਰਿਸਤਿਆਂ ਪੁਕਾਰ ਦੀ'

ਸਾਡੀਓ ਭੈਣੋ! ਖੰਜਰੀ ਬੰਦ ਕਰ ਦੇਵੋ ਤੇ ਸੱਚੀਆਂ ਗੱਲਾਂ ਸੁਣੋ ਜਿਨ੍ਹਾਂ ਦੀ ਲੋੜ ਹੈ। ਇਉਂ ਬਾਬਾ ਜੀ ਨੇ ਸਭਨਾਂ ਨੂੰ ਸ਼ਾਂਤ ਕਰਕੇ ਮਿਠਾਈ ਦਾ ਟੋਕਰਾ ਤੇ ਇੱਕੀ ਰੁਪੈ ਅੱਗੇ ਕਰਕੇ ਆਖਿਆ ਕਿ ਇਹ ਸਾਡਾ ਖ਼ੁਰਦਾ (ਪ੍ਰਸ਼ਾਦਿ) ਲੈ ਲਓ ਅਤੇ ਪਕੀਰ (ਸੰਤਾਂ) ਦਾ ਪ੍ਰਸ਼ਾਦਿ ਵੰਡ ਕੇ ਛਕੋ। 'ਜ਼ਿਰ ਲਾੜਸਾ ਬਗ਼ਦਾਦ ਦੀ ਦਤਾ' ਜਲਦੀ ਜਾਓ ਬਗ਼ਦਾਦ ਦੀ ਤਰਫ ਤੁਹਾਨੂੰ ਦੇਰ ਹੋ ਗਈ ਹੈ ਤਾਂ ਉਹ ਸਾਰੇ ਹੀ ਪਠਾਣ ਤੇ ਪਠਾਣੀਆਂ ਬਾਬਾ ਜੀ ਦਾ ਹੁਕਮ ਮੰਨ ਕੇ ਉੱਠੇ ਅਤੇ ਰੋਂਦੇ-ਰੋਂਦੇ ਬਗ਼ਦਾਦ ਦੀ ਤਰਫ ਚਲੇ ਗਏ। ਏਧਰੋਂ ਸੰਤ ਜੀ ਮਹਾਰਾਜ ਉਨ੍ਹਾਂ ਨੂੰ ਨਿਹਾਲ ਕਰਕੇ ਡੇਰੇ ਦੀ ਤਰਫ ਆ ਗਏ ਜਿੱਥੇ ਸਵੇਰ ਤੋਂ ਹੀ ਸ੍ਰੀ ਅਖੰਡ ਪਾਠ ਪ੍ਰਾਰੰਭ ਸੀ। ਸਤਿਗੁਰਾਂ ਦੇ ਪਾਵਨ ਸਰੂਪ ਨੂੰ ਭਾਵਨਾ ਨਾਲ ਨਮਸਕਾਰ ਕੀਤੀ ਤੇ ਫਿਰ ਪਵਿੱਤਰ ਹਜ਼ੂਰੀ ਵਿੱਚ ਬੈਠ ਕੇ ਪਾਵਨ ਗੁਰਬਾਣੀ ਦਾ ਪਾਠ ਸਰਵਣ ਕਰਨ ਲੱਗ ਪਏ।

ਉਧਰ ਜਦੋਂ ਇਹ ਪਠਾਣ ਤੇ ਪਠਾਣੀਆਂ ਬਗ਼ਦਾਦ ਪਹੁੰਚੇ ਤੇ ਬਾਬਾ ਜੀ ਦਾ ਜਸ ਕੀਤਾ ਕਿ ਅੱਜ ਸਾਨੂੰ ਪੂਰਨ ਫ਼ਕੀਰ ਦਾ ਮਿਲਾਪ ਹੋਇਆ ਹੈ।ਜਿਨ੍ਹਾਂ ਦੇ ਦਰਸ਼ਨ ਤੇ ਬਚਨਾਂ ਨੇ ਸਾਡੇ ਮਨ ਨੂੰ ਮੋਹਿਤ ਕਰ ਲਿਆ ਹੈ। ਇਸੇ ਕਰਕੇ ਹੀ ਆਉਣ ਵਿੱਚ ਦੇਰ ਹੋ ਗਈ ਇਹ ਮਿਠਾਈ ਦਾ ਪ੍ਰਸ਼ਾਦਿ ਵੀ ਉਨ੍ਹਾਂ ਨੇ ਹੀ ਦਿੱਤਾ ਹੈ ਅਤੇ ਨਾਲ ਹੀ ਇਹ ਹੁਕਮ ਵੀ ਦਿੱਤਾ ਹੈ ਕਿ ਨਿਮਾਜ਼ਾ ਪੜ੍ਹੋ ਖ਼ੁਦਾ ਨੂੰ ਯਾਦ ਕਰੋ, ਹਿੰਦੂਆਂ ਦੀ ਰੱਖਿਆ ਕਰਨੀ ਆਪਣਾ ਧਰਮ ਸਮਝੋ। ਜਦੋਂ ਇਸ ਤਰ੍ਹਾਂ ਦੀ ਸਿਫ਼ਤ ਦੇ ਬਚਨ ਸੁਣੇ ਫੇਰ ਤਾਂ ਸਾਰੇ ਹੀ ਪਠਾਣ ਤੇ ਪਠਾਣੀਆਂ ਪੂਰਨ ਸ਼ਰਧਾਲੂ ਬਣ ਕੇ ਬਾਬਾ ਜੀ ਦੇ ਦਰਸ਼ਨਾਂ ਨੂੰ ਆਏ। ਭਾਵਨਾ ਨਾਲ ਸਿਜਦਾ ਕੀਤਾ ਬਚਨ ਸੁਣੇ। ਹਜ਼ੂਰ ਨੇ ਸਭਨਾਂ ਤੇ ਕ੍ਰਿਪਾ ਦ੍ਰਿਸਟੀ ਕਰਕੇ ਸਿਮਰਨ ਦਾ

ਉਪਦੇਸ਼ ਦਿੱਤਾ। ਪਰਉਪਕਾਰ ਦੀ ਸਿੱਖਿਆ ਦਿਤੀ ਕਿ ਹਰ ਇੱਕ ਪ੍ਰਾਣੀ ਤੇ ਖ਼ੁਦਾ ਦਾ ਰੂਪ ਜਾਣਕੇ ਤਰਸ ਕਰੋ। ਫਿਰ ਤਾਂ ਇਹ ਅੰਤ ਪ੍ਰਯੰਤ ਤੱਕ ਪੂਰਨ ਭਾਵਨਾ ਸਹਿਤ ਡੇਰੇ ਦੇ ਸ਼ਰਧਾਲੂ ਬਣੇ ਰਹੇ ਅਤੇ ਗੁਰੂ ਕੇ ਲੰਗਰ ਵਾਸਤੇ ਰਾਸ਼ਨ ਲਿਆਉਦੇ ਰਹੇ। ਬਾਬਾ ਜੀ ਨੂੰ ਆਪਣਾ ਪੀਰ ਮੰਨਕੇ ਹਿੰਦੂ ਜਨਤਾ ਦੀ ਰਖਵਾਲੀ ਕਰਦੇ ਰਹੇ। ਇਉਂ ਬਾਬਾ ਜੀ ਦੇ ਦਰਸ਼ਨ ਤੇ ਸੰਗਤ ਨੇ ਪਠਾਣਾਂ ਦੀ ਬੁੱਧੀ ਬਦਲ ਦਿੱਤੀ ਰਾਕਸ਼ਾਂ ਤੋਂ ਦੇਵਤੇ ਬਣ ਗਏ।

ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥

(ਪੰਨਾ ੮੦੨)

ਪੂਰਨ ਸਾਧੂ ਦੀ ਸੰਗਤ ਪਸ਼ੂਆਂ ਪ੍ਰੇਤਾਂ ਨੂੰ ਦੇਵਤਾ ਬਣਾ ਦਿੰਦੀ ਹੈ।

# ਮੱਛ ਦਾ ਉਧਾਰ

ਇੱਕ ਦਿਨ ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਜੀ ਮਹਾਰਾਜ ਸ਼ਾਮ ਦੇ ਸਮੇਂ ਗੁਫਾ ਤੋਂ ਬਾਹਰ 'ਕਲਪਾਣੀ' ਦੇ ਕੰਢੇ ਬਰੇਤੀ ਤੇ ਬੈਠੇ ਸਨ। ਪਾਸ ਬੈਠੇ ਸੰਤ ਆਇਆ ਸਿੰਘ ਜੀ ਸ੍ਰੀ ਰਹਿਰਾਸ ਸਾਹਿਬ ਦਾ ਪਾਠ ਕਰ ਰਹੇ ਸਨ। ਪਾਠ ਤੋਂ ਉਪਰੰਤ ਅਰਦਾਸ ਹੋਈ ਫਿਰ ਆਰਤੀ ਦੇ ਸ਼ਬਦ ਪੜ੍ਹਕੇ ਜੋਟੀਆਂ ਵਿੱਚ ਕੀਰਤਨ ਸ਼ੁਰੂ ਹੋ ਗਿਆ। ਬਾਅਦ ਵਿੱਚ ਹਮੇਸ਼ਾਂ ਦੀ ਤਰ੍ਹਾਂ ਕੁਝ ਕੁ ਸਮਾਂ ਇਤਿਹਾਸ ਦੀ ਕਥਾ ਹੋਈ ਤਾਂ ਉਸ ਸਮੇਂ ਜ਼ੋਰ ਦੀ ਬਾਰਸ਼ ਸ਼ੁਰੂ ਹੋ ਗਈ। ਸੰਤਾਂ ਨੇ ਬਚਨ ਕੀਤਾ, "ਸੰਗਤ ਛੱਪਰੀਆਂ ਤੇ ਚਲੀ ਜਾਵੇ।" ਸਾਰੇ ਪ੍ਰੇਮੀ ਬਾਬਾ ਜੀ ਦਾ ਹੁਕਮ ਸੁਣਕੇ ਛੱਪਰੀਆਂ ਵਿੱਚ ਆ ਗਏ। ਪਰ ਬਾਬਾ ਜੀ ਆਪ ਉਸੇ ਜਗ੍ਹਾ ਹੀ ਵੱਡੀ ਛੱਤਰੀ ਤਾਣ ਕੇ ਨਿਵਾਣ ਵਿੱਚ ਸਜੇ ਰਹੇ। ਕੇਵਲ ਸੰਤ ਆਇਆ ਸਿੰਘ ਜੀ ਹੀ ਪਾਸ ਬੈਠੇ ਸਨ। ਥੋੜ੍ਹੀ ਦੇਰ ਤੋਂ ਬਾਅਦ ਬਾਰਸ਼ ਦੇ ਕਾਰਨ 'ਕਲਪਾਣੀ' ਨਦੀ ਦਾ ਚੜਾਅ ਹੋ ਗਿਆ। ਸੰਤ ਜੀ ਨੀਵੀ ਜਗ੍ਹਾਂ ਤੇ ਬੈਠੇ ਸਨ ਜਿਸ ਕਰਕੇ ਉਨ੍ਹਾਂ ਦੇ ਦੁਆਲੇ ਵੀ ਪਾਣੀ ਦਾ ਕਾਫ਼ੀ ਚੜ੍ਹਾ ਹੋ ਗਿਆ। ਉਸ ਪਾਣੀ ਦੀ ਛੱਲ ਵਿੱਚ ਆਇਆ ਇੱਕ ਮੱਛ ਬਾਬਾ ਜੀ ਦੇ ਅੱਗੇ ਲੰਮਾ ਪੈ ਕੇ ਤੜਫਣ ਲੱਗ ਪਿਆ। ਉਸ ਸਮੇਂ ਸੰਤਾਂ ਨੇ ਦਇਆ ਦੇ ਘਰ ਵਿੱਚ ਆ ਕੇ ਮੱਛ ਤੇ ਬਰਛੀ ਦੀ ਨੋਕ ਰੱਖ ਦਿੱਤੀ। ਉਸ ਸਮੇਂ ਮੱਛ ਦੇ ਪ੍ਰਾਣ ਨਿਕਲ ਗਏ। ਇਤਨੇ ਨੂੰ ਲੱਭਦੇ-ਲੱਭਦੇ ਸੁੱਖਾ ਨੰਦ ਤੇ ਹੋਰ ਪ੍ਰੇਮੀ ਵੀ ਬਾਬਾ ਜੀ ਦੇ ਪਾਸ ਪੁੱਜ ਗਏ। ਉਨ੍ਹਾਂ ਤੋਂ ਹਜ਼ੂਰ ਨੇ ਇੱਕ ਟੋਆ ਪੁਟਵਾ ਕੇ ਮੱਛ ਨੂੰ ਧਰਤੀ ਦੇ ਵਿੱਚ ਦੱਬ ਦਿਤਾ। ਨਹੀਂ ਤਾਂ ਇਸ ਨੂੰ ਪਾਣੀ ਵਿੱਚੋਂ ਮਾਛੀ ਫੜਕੇ ਘਰ ਲਿਜਾਅ ਕੇ ਕੱਟ ਕੇ ਖਾ ਜਾਣਗੇ।

ਉਸ ਸਮੇਂ ਹੈਰਾਨ ਹੋ ਕੇ ਭਗਤ ਸੁੱਖਾ ਨੰਦ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਇਹ ਬੜੇ ਭਾਗਾਂ ਵਾਲਾ ਮੱਛ ਹੈ। ਜਿਸਦਾ ਆਪ ਜੀ ਦੇ ਹੱਥੋਂ ਉਧਾਰ ਹੋਇਆ ਹੈ। ਕਿਰਪਾ ਕਰਕੇ ਦੱਸੋ ਇਹ ਪਿਛਲੇ ਜਨਮ ਵਿੱਚ ਕੌਣ ਸੀ?" ਸੰਤਾਂ ਨੇ ਬਚਨ ਕੀਤਾ, "ਜਦੋਂ ਅਸੀਂ ਸਰਕਾਰੀ ਨੌਕਰੀ ਛੱਡਕੇ ਕਾਫ਼ੀ ਦਿਨ ਕਾਂਹੀ ਦੇ ਜੰਗਲ ਵਿੱਚ ਛੁਪੇ ਰਹੇ ਤਾਂ ਉਸ ਸਮੇਂ ਸਾਨੂੰ ਨੂਰ ਦੀਨ ਪਠਾਣ ਨੇ ਦੇਖ ਲਿਆ। ਇਹ ਕਈ ਦਿਨ ਆ ਕੇ ਕਹਿੰਦਾ ਰਿਹਾ ਹਿੰਦੂ ਕਾਫ਼ਰਾ! ਉੱਠ ਇੱਥੋ ਜਾਹ ਨਹੀਂ ਤਾਂ ਮੈਂ ਤੈਨੂੰ ਮਾਰ ਦੇਵਾਂਗਾ। ਅਸੀਂ ਉਸ ਨੂੰ ਕੋਈ ਉੱਤਰ ਨਾ ਦਿੱਤਾ ਪਰ ਇੱਕ ਦਿਨ ਸੋਟੀ ਲੈ ਕੇ ਮਾਰਨ ਵਾਸਤੇ ਆਇਆ ਤੇ ਕਈ ਕਬੋਲ ਬਚਨ ਬੋਲੇ। ਉਸ ਸਮੇਂ ਸਾਡੇ ਪਾਸੋਂ ਸਹਿਜ ਸੁਭਾਅ ਬਚਨ ਨਿਕਲ ਗਿਆ, ਕਿਉ ਮੱਛ ਵਾਗੂੰ ਤੜਫਦਾ ਹੈਂ ਅਸੀਂ ਤੇਰਾ ਕੀ ਵਿਗਾੜਿਆ ਹੈ। ਦੇਵ ਨੇਤ ਕਰਕੇ ਸੋਟੀ ਉਸ ਦੇ ਹੱਥ ਨਾਲ ਹੀ ਚੁੰਬੜ ਗਈ। ਉਹ ਗ਼ਸ਼ ਖਾ ਕੇ ਡਿੱਗ ਪਿਆ ਤੇ ਕਹਿਣ ਲੱਗਾ, ਹੇ ਅੱਲ੍ਹਾ ਦੇ ਫ਼ਕੀਰ ਸਾਂਈਂ! ਮੁਆਫ਼ ਕਰ ਦੇ ਮੈਂ ਬੜਾ ਗ਼ੁਨਾਹ ਕੀਤਾ ਹੈ। ਅਸੀਂ ਕਿਹਾ ਜਾਹ! ਘਰ ਚਲਾ ਜਾਹ, ਏਥੇ ਫਿਰ ਨਾ ਆਵੀਂ। ਜਦੋਂ ਉਹ ਘਰ ਪੁੱਜਾ ਤਾਂ ਜਾਂਦਿਆਂ ਹੀ ਪ੍ਰਾਣ ਨਿਕਲ ਗਏ। ਫਿਰ ਮੱਛ ਦੀ ਜੂਨ ਵਿੱਚ ਪਿਆ। ਇਸ ਨੂੰ ਸਾਡੇ ਮਿਲਾਪ ਸਦਕਾ ਪਿਛਲੇ ਜਨਮ ਦੀ ਸੋਝੀ ਸੀ। ਇਹ ਆਪਣੇ ਗ਼ੁਨਾਹ ਮੁਆਫ਼ ਕਰਵਾਉਣ ਆਇਆ ਸੀ। ਹੁਣ ਇਸਦਾ ਉਧਾਰ ਹੋ ਗਿਆ।"

# ਗੁਰਮਤਿ ਮਰਿਯਾਦਾ

'ਸ਼ਿਵੇ' ਪਿੰਡ ਦੇ ਇੱਕ ਪ੍ਰੇਮੀ ਭਾਈ ਰਾਮ ਦਾਸ ਭਗਤ ਨੇ ਬਾਬਾ ਜੀ ਪਾਸ ਬੇਨਤੀ ਕੀਤੀ, "ਗ਼ਰੀਬ ਨਿਵਾਜ਼! ਮੇਰੀ ਲੜਕੀ ਦੀ ਸ਼ਾਦੀ ਹੈ, ਆਪ ਆਗਿਆ ਕਰੋ ਕਿ ਸਨਾਤਨ ਰੀਤੀ ਵਰਤੀਏ, ਕਿ ਗੁਰਮਤਿ ਮਰਿਯਾਦਾ ਕਰੀਏ?" ਸੰਤਾਂ ਨੇ ਹੁਕਮ ਕੀਤਾ, "ਜੋ ਤੁਹਾਡੀ ਮਰਜ਼ੀ ਹੈ ਉਹ ਕਰੋ" ਕਿਉਂਕਿ ਹਜ਼ੂਰ ਬਾਬਾ ਕਰਮ ਸਿੰਘ ਜੀ ਮਹਾਰਾਜ ਐਸੀਆਂ ਰੀਤਾਂ ਰਸਮਾਂ ਦੇ ਕੰਮ ਪੁੱਛਣ ਵਾਲੇ ਦੀ ਮਰਜ਼ੀ ਤੇ ਹੀ ਛੱਡ ਦਿੰਦੇ ਸਨ। ਸੰਤਾਂ ਦਾ ਖ਼ਿਆਲ ਸੀ ਕਿ ਜੇ ਕਿਸੇ ਨੂੰ ਗੁਰਮਤਿ ਵਿੱਚ ਲਿਆਉਣਾ ਹੋਵੇ ਤਾਂ ਜ਼ਬਰਦਸਤੀ ਨਹੀਂ ਕਰੀਦੀ ਬਲਕਿ ਪਿਆਰ ਨਾਲ ਸਮਝਾਕੇ ਲਿਆਉਣਾ ਚਾਹੀਦਾ ਹੈ।

ਉਸ ਪ੍ਰੇਮੀ ਨੇ ਫਿਰ ਅਰਜ਼ ਕੀਤੀ ਕਿ ਆਪ ਕ੍ਰਿਪਾ ਕਰੋ ਤੇ ਦੱਸੋ ਕਿ ਚੰਗੀ ਮਰਿਯਾਦਾ ਕਿਹੜੀ ਹੈ? ਸੰਤਾਂ ਨੇ ਬਚਨ ਕੀਤਾ ਕਿ ਸਨਾਤਨ ਰੀਤੀ ਕਿਸ ਤਰ੍ਹਾਂ ਕਰਦੇ ਹਨ? ਪ੍ਰੇਮੀ ਨੇ ਅਰਜ਼ ਕੀਤੀ ਕਿ ਬ੍ਰਾਮਹਣ ਘਰ ਆ ਕੇ ਪੱਤਰੀ ਨਾਲ ਸਾਹਾ ਸੋਧਦਾ ਹੈ। ਫਿਰ ਸੋਧੇ ਸਾਹੇ ਵਾਲੇ ਦਿਨ ਬਰਾਤ ਧੇਤੇ ਘਰ ਜਾਂਦੀ ਹੈ। ਢੁਕਾਅ ਵੇਲੇ ਦੋਹਾਂ ਪਾਸਿਆਂ ਦੀ ਮਿਲਣੀ ਹੁੰਦੀ ਹੈ। ਫਿਰ ਰਾਤ ਦੇ ਟਾਇਮ ਬ੍ਰਾਹਮਣ ਲੋਕ ਵਿਵਾਹ ਪੜ੍ਹਦੇ ਹਨ ਤੇ ਅੱਗ ਬਾਲ ਕੇ ਬੇਦੀ ਉਦਾਲੇ ਪ੍ਰਕਰਮਾਂ ਕਰਾਉਂਦੇ ਹਨ। ਉਪਰੰਤ ਲਾਗ ਬਿਧਾਨ ਲੈ ਕੇ ਕਹਿੰਦੇ ਹਨ ਕਿ ਵਿਵਾਹ ਹੋ ਗਿਆ।

ਫਿਰ ਸੰਤਾਂ ਨੇ ਪੁੱਛਿਆ ਕਿ ਇਹ ਰੀਤ ਕਰਦਿਆਂ ਵਿਵਾਹ ਪੜ੍ਹਨ ਵਾਲਿਆਂ ਤੋਂ ਕੁਝ ਸਮਝ ਪੈ ਜਾਂਦੀ ਹੈ, ਕਿ ਉਹ ਕੀ ਪੜ੍ਹਦੇ ਹਨ ਤੇ ਕਿਹੜੀ ਸਿੱਖਿਆ ਦਿੰਦੇ ਹਨ? ਤਾਂ ਭਗਤ ਰਾਮਦਾਸ ਨੇ ਅਰਜ਼ ਕੀਤੀ ਮਹਾਰਾਜ਼ ਸਮਝ ਤਾਂ ਕੁਝ ਵੀ ਨਹੀਂ ਪੈਂਦੀ। ਬਸ ਸੰਸਕ੍ਰਿਤ ਦੇ ਸ਼ਲੋਕ ਬੋਲੀ ਜਾਂਦੇ ਹਨ। ਸੰਤਾਂ ਪੁਛਿਆ, "ਫਿਰ ਗੁਰਮਤਿ ਵਿੱਚ ਕੀ ਕਰਦੇ ਹਨ?" ਰਾਮਦਾਸ ਨੇ ਕਿਹਾ, "ਗ਼ਰੀਬ ਨਿਵਾਜ਼! ਬਰਾਤ ਸ਼ਬਦ ਬਾਣੀ ਪੜ੍ਹਦਿਆਂ ਧੇਤੇ ਘਰ ਆਉਂਦੀ ਹੈ। ਅਰਦਾਸ ਤੋਂ ਬਾਅਦ ਮਿਲਣੀ ਕਰਦੇ ਹਨ ਫਿਰ ਬਰਾਤ ਦਾ ਉਤਾਰਾ ਕਰਕੇ ਜਲ ਪਾਣੀ ਛਕਾਉਂਦੇ ਹਨ। ਰਾਤ ਨੂੰ ਪ੍ਰਸ਼ਾਦ ਛਕ ਕੇ ਬਿਰਾਜ ਜਾਂਦੇ ਹਨ ਫਿਰ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਆਸਾ ਦੀ ਵਾਰ ਦਾ ਕੀਰਤਨ ਕਰਦੇ ਹਨ। ਬਾਅਦ ਵਿੱਚ ਛੋਟੀ ਅਰਦਾਸ ਕਰਕੇ ਲੜਕੇ ਲੜਕੀ ਨੂੰ ਆਪੋ ਆਪਣੇ ਧਰਮ ਵਿੱਚ ਪੱਕਿਆਂ ਰਹਿਕੇ ਨਿਯਮਾਂ ਦੀ ਪਾਲਣਾ ਕਰਨ ਦੀ ਸਿੱਖਿਆ ਦਿੰਦੇ ਹਨ। ਲਾਵਾਂ ਦਾ ਪਾਠ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪ੍ਰਕਰਮਾਂ ਕਰਦੇ ਹਨ। ਫਿਰ ਕੁਝ ਹੋਰ ਸ਼ਬਦ ਪੜ੍ਹਕੇ ਸ੍ਰੀ ਅਨੰਦ ਸਾਹਿਬ ਦਾ ਪਾਠ ਕਰਦੇ ਹਨ। ਉਪਰੰਤ ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਦੀ ਹੈ ਤੇ ਵਧਾਈਆਂ ਦਿੱਤੀਆਂ ਜਾਂਦੀਆਂ ਹਨ।"

ਤਾਂ ਬਾਬਾ ਕਰਮ ਸਿੰਘ ਜੀ ਨੇ ਬਚਨ ਕੀਤਾ ਕਿ ਤੁਹਾਨੂੰ ਸਮਝ ਪੈ ਜਾਂਦੀ ਹੈ ਕਿ ਨਹੀਂ? ਭਗਤ ਜੀ ਨੇ ਕਿਹਾ ਜੀ ਸਭ ਕੁਝ ਸਮਝ ਪੈ ਜਾਂਦਾ ਹੈ। ਸੰਤਾਂ ਹੱਸ ਕੇ ਕਿਹਾ, "ਹੁਣ ਸਾਨੂੰ ਪੁੱਛਣ ਦੀ ਜ਼ਰੂਰਤ ਨਹੀਂ ਜਿਸ ਦੀ ਤੁਹਾਨੂੰ ਆਪ ਸਮਝ ਪੈਂਦੀ ਹੈ ਉਹ ਕੰਮ ਕਰੋ।" ਗੁਰੂ ਜੀ ਦੀ ਰਸਨਾ ਤੋਂ ਇਹ ਬਚਨ ਸੁਣਕੇ ਇਹ ਬਹੁਤ ਪ੍ਰਸੰਨ ਹੋਇਆ ਫਿਰ ਇਸ ਨੇ ਘਰ ਜਾ ਕੇ ਗੁਰਮਤਿ ਅਨੁਸਾਰ ਹੀ ਕੰਮ ਕੀਤਾ। ਪਹਿਲਾਂ ਇਸ ਪਾਸੇ ਸਨਾਤਨ ਮਰਿਯਾਦਾ ਬਹੁਤ ਪ੍ਰਚੱਲਤ ਸੀ। ਭਾਵੇਂ ਗੁਰਮਤਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਪ੍ਰਚੱਲਤ ਹੈ ਪਰ ਇਸ ਪਾਸੇ ਇਸ ਦਾ ਜ਼ਿਆਦਾ ਪ੍ਰਚਾਰ ਨਹੀਂ ਸੀ ਹੋਇਆ। ਸੰਤਾਂ ਦਾ ਖ਼ਿਆਲ ਸੀ ਕਿ ਜਦੋਂ ਇਨ੍ਹਾਂ ਨੂੰ ਆਪੇ ਸਮਝ ਪੈ ਜਾਵੇ ਕਿ ਇਹ ਰਸਤਾ ਠੀਕ ਹੈ ਅਤੇ ਇਹ ਠੀਕ ਨਹੀਂ, ਫੇਰ ਛੇਤੀ ਅਸਰ ਹੋ ਜਾਵੇਗਾ। ਤਦੇ ਹੀ ਇਹੋ ਜਿਹੇ ਕੰਮ ਇਨ੍ਹਾਂ ਲੋਕਾਂ ਦੀ ਮਰਜ਼ੀ ਤੇ ਹੀ ਛੱਡ ਦਿਆ ਕਰਦੇ।

ਸੋ 'ਸ਼ਿਵੇਂ' ਨਗਰ ਇਨ੍ਹਾਂ ਦੇ ਘਰ (ਜੋ ਮਾਇਆ ਧਾਰੀ ਤੇ ਸੰਤਾਂ ਦੇ ਪੂਰਨ ਸਰਧਾਲੂ ਸਨ) ਗੁਰਮਤਿ ਮਰਿਯਾਦਾ ਹੋਣ ਕਰਕੇ ਫਿਰ ਤਾਂ ਸਾਰੇ ਇਲਾਕੇ ਵਿੱਚ ਇਹੋ ਹੀ ਮਰਿਯਾਦਾ ਫੈਲ ਗਈ।

****************

# ਕਾਂਡ ਪੰਜਵਾਂ

## ਸੰਗਤ ਪ੍ਰਤੀ ਅੰਤਮ ਉਪਦੇਸ਼

ਪ੍ਰਮੇਸ਼ਰ ਦੀ ਨੇਤ ਹੀ ਐਸੀ ਹੈ ਕਿ ਮਨੁੱਖ ਦੀ ਚਾਹੇ ਕਿਤਨੀ ਵੀ ਲੰਬੀ ਉਮਰ ਕਿਉਂ ਨਾ ਹੋਵੇ।ਪਰ ਜਦੋਂ ਉਹ ਗਿਣਤੀ ਵਿੱਚ ਆ ਜਾਵੇ ਕਿ ਮੇਰੀ ਜ਼ਿੰਦਗੀ ਦਾ ਸਿਰਫ ਇਤਨਾਂ ਹੀ ਸਮਾਂ ਰਹਿੰਦਾ ਹੈ। ਫਿਰ ਉਸ ਨੂੰ ਕੁਝ ਵੀ ਚੰਗਾ ਨਹੀਂ ਲੱਗਦਾ। ਇਸ ਤਰ੍ਹਾਂ ਮਹਾ ਪੁਰਸ਼ਾਂ ਤੇ ਅਵਤਾਰਾਂ ਦਾ ਸਰੀਰ ਆਪਣੇ ਕਰਮਾਂ ਦਾ ਨਹੀਂ ਹੁੰਦਾ। ਜੀਵ ਦੀ ਪ੍ਰਾਰਬਧ ਅਨੁਸਾਰ ਉਨ੍ਹਾਂ ਦੇ ਹੀ ਸ਼ੁਭ ਅਸ਼ੁਭ ਮਿਸ਼ਰਤ ਕਰਮਾਂ ਦਾ ਧਾਰਨ ਕੀਤਾ ਹੁੰਦਾ ਹੈ। ਜੀਵਾਂ ਦੀ ਪ੍ਰਾਰਬਧ ਖਤਮ ਹੋਣ ਤੋਂ ਉਹ ਆਪਣਾ ਸਰੀਰ ਅਲੋਪ ਕਰ ਲੈਂਦੇ ਹਨ।

ਭਾਵੇਂ ਬਾਬਾ ਕਰਮ ਸਿੰਘ ਜੀ ਮਹਾਰਾਜ ਤਾਂ ਹੋਰ ਕੁਝ ਸਮਾਂ ਆਪਣਾ ਜੀਵਨ ਰੱਖਣਾ ਨਹੀਂ ਸਨ ਚਹੁੰਦੇ। ਪਰ ਸੰਗਤ ਦੀ ਬੇਨਤੀ ਨਿਰੰਕਾਰੀ ਦਰਗਾਹੋਂ ਮਨਜ਼ੂਰ ਹੋ ਗਈ ਤੇ ਆਪਣੀ ਜਗ੍ਹਾਂ ਸੰਤ ਲਾਲ ਸਿੰਘ ਜੀ ਭੇਜੇ ਗਏ। ਇਹ ਗੱਲ ਦਿੱਲੀ ਤੋਂ ਲੈ ਕੇ ਪਿਸ਼ੌਰ ਤੱਕ ਸਾਰੇ ਹੀ ਦੇਸ਼ ਵਿੱਚ ਫੈਲ ਗਈ। ਲੋਕ ਹੈਰਾਨ ਸਨ ਕਿ ਇਤਨੀ ਸ਼ਕਤੀ ਦੇ ਮਾਲਕ ਜਿਨ੍ਹਾਂ ਨੇ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਆਪਣੀ ਜ਼ਿੰਦਗੀ ਕੁਝ ਕੁ ਸਮੇਂ ਲਈ ਹੋਰ ਸੰਸਾਰ ਵਿੱਚ ਕਾਇਮ ਰੱਖ ਲਈ, ਤੇ ਨਾਲ ਨਾਲ ਸ਼ੋਕਾਤੁਰ ਵੀ ਸਨ ਕਿ ਦੋ ਕੁ ਸਾਲ ਹੀ ਰਹਿ ਗਏ। ਜਿਸ ਤਰ੍ਹਾਂ ਪਹਿਲਾਂ ਇਤਨਾਂ ਅਰਸਾ ਲੰਘ ਗਿਆ ਇਹ ਵੀ ਇਸੇ ਤਰ੍ਹਾਂ ਹੀ ਚਲੇ ਜਾਣਗੇ। ਫਿਰ ਅਸੀਂ ਕਿਸ ਦੇ ਦਰਸ਼ਨ ਕਰਾਂਗੇ? ਕਿਸ ਪਾਸੋਂ ਆਪਣੀਆਂ ਮੰਗਾਂ ਪੂਰੀਆਂ ਕਰਾਵਾਂਗੇ? ਜਿਉਂ-ਜਿਉਂ ਦਿਨ ਬੀਤਦੇ ਗਏ ਪ੍ਰੇਮੀਆਂ ਦੇ ਮਨਾਂ ਵਿੱਚ ਚੀਸ ਤੇ ਧੂਹ ਪੈ ਰਹੀ ਹੈ। ਦਿਨਾਂ ਦੇ ਜਾਂਦਿਆਂ ਦੇਰ ਨਹੀਂ ਲਗਦੀ ਪ੍ਰੇਮੀ ਰੋਜ਼ ਹੀ ਆਉਂਦੇ। ਦਰਸ਼ਨ ਕਰਦੇ ਭੇਟਾ ਅਰਪਦੇ ਤੇ ਭਜਨ ਸੁਣਦੇ। ਹਜ਼ੂਰ ਸਭਨਾਂ ਦੀਆਂ ਭਾਵਨਾਵਾਂ ਨੂੰ ਸਫਲਾਉਂਦੇ। ਅੱਜ ਫਿਰ ਮੁੜ ਉਹ ਦਿਨ ਫਿਰ ਆ ਗਏ ਜੋ ਅੱਜ ਤੋਂ ਦੋ ਸਾਲ ਪਹਿਲਾਂ ਆਏ ਸਨ। ਮੱਘਰ ਦਾ ਮਹੀਨਾ (ਜਿਸ ਮਹੀਨੇ ਸੰਤ ਲਾਲ ਸਿੰਘ ਜੀ ਸੱਚਖੰਡ ਨੂੰ ਗਏ ਸਨ) ਉਨ੍ਹਾਂ ਨਮਿਤ ਮਨਾਏ ਜਾ ਰਹੇ ਦੂਸਰੇ ਸਲਾਨਾ ਜੋੜ ਮੇਲੇ ਤੇ ਫੇਰ ਸੰਗਤ ਜੁੜੀ, ਬੜਾ ਭਾਰੀ ਯੱਗ ਹੋਇਆ। ਗੁਣੀ ਗਿਆਨੀ ਆਏ ਦੀਵਾਨ ਸਜੇ, ਸਭਨਾਂ ਨੇ ਸੰਤ ਲਾਲ ਸਿੰਘ ਜੀ ਦਾ ਜਸ ਕੀਤਾ।

ਗੁਰਮੁਖ ਜਨਮ ਸਵਾਰ ਦਰਗਹ ਚਲਿਆ।

(ਭਾਈ ਗੁਰਦਾਸ ਜੀ)

ਉਸ ਸਮੇਂ ਇਕੱਤਰ ਹੋਈ ਸੰਗਤ ਨੂੰ ਸੰਤਾਂ ਨੇ ਆਪਣਾ ਕੀਤਾ ਹੋਇਆ ਇਕਰਾਰ ਚੇਤੇ ਕਰਵਾਇਆ ਕਿ ਸੰਗਤ ਜੀ! ਸ਼ਾਇਦ ਅਗਲੇ ਇਸੇ ਸਾਲਾਨਾ ਯੱਗ ਸਮਾਗਮ ਤੇ ਏਸ ਸਰੀਰ ਦਾ ਦਰਸ਼ਨ ਨਾ ਹੋ ਸਕੇ। ਉਸ ਸਮੇਂ ਕਿਤਨੀ ਸੰਗਤ ਤਾਂ ਹਜ਼ੂਰੀ ਵਿੱਚ ਬੈਠੀ ਦਰਸ਼ਨ ਕਰ ਰਹੀ ਸੀ। ਕਈ ਪ੍ਰੇਮੀ ਦੂਰ-ਦੂਰ ਖੜ੍ਹੇ ਨੂਰਾਨੀ ਚੇਹਰਾ ਤੱਕ ਰਹੇ ਸਨ ਹਜ਼ੂਰ ਦੀ ਰਸਨਾ ਤੋਂ ਇਹ ਬਚਨ ਸੁਣ ਕੇ ਸਭਨਾਂ ਦੀਆਂ ਭੁੱਬਾਂ ਨਿਕਲ ਗਈਆਂ। ਰੋਂਦਿਆਂ-ਰੋਂਦਿਆਂ ਪ੍ਰੇਮੀਆਂ ਦੀਆਂ ਘਗਾਂ ਬਹਿ ਗਈਆਂ। ਜਦੋਂ ਬਾਬਾ ਜੀ ਨੇ ਸੰਗਤ ਦੀ ਵੈਰਾਗ ਮਈ ਦਸ਼ਾ ਤੱਕੀ ਤਾਂ ਆਖਿਆ, "ਸੰਗਤ ਜੀ! ਵੈਰਾਗ ਨਾ ਕਰੋ। ਸਾਡੀ ਜ਼ਿੰਦਗੀ 'ਚ ਜੋ ਉਮਰ ਤੁਸਾਂ ਸੰਤ ਲਾਲ ਸਿੰਘ ਤੋਂ ਉਧਾਰੀ ਲਈ ਸੀ, ਉਸ ਦੇ ਵਿੱਚੋਂ ਸਿਰਫ ਦੋ ਮਹੀਨੇ ਹੀ ਬਾਕੀ ਰਹਿ ਗਏ ਹਨ। ਸਿਆਣੇ ਲੋਕ ਪਰਾਈ ਇਮਾਨਤ ਵਿੱਚ ਖ਼ਿਆਨਤ ਨਹੀਂ ਕਰਦੇ। ਤੁਸੀਂ ਆਪਣੀਆਂ ਮਨੋ ਕਾਮਨਾ ਪੂਰੀਆਂ ਕਰਵਾ ਲਵੋ। ਅੱਜ ਤੋਂ ਦੋ ਮਹੀਨੇ ਤੇ ਪੰਜ ਦਿਨਾਂ ਨੂੰ ਅਸੀਂ ਗੁਰੂ ਨਾਨਕ ਦੀ ਗੋਦ ਦਾ ਮਿੱਠਾ ਸੁਖ ਮਾਨਣ ਲਈ ਇਸ ਪੰਜ ਭੌਤਕ ਸਰੀਰ ਨੂੰ ਅਲੋਪ ਕਰ ਲੈਣਾ ਹੈ। ਤੁਸੀਂ ਪ੍ਰਮੇਸ਼ਰ ਦੀ ਪ੍ਰਸੰਨਤਾ ਲਈ ਭਾਣੇ ਵਿੱਚ ਖ਼ੁਸ਼ ਰਹੋ ਅਤੇ ਮਾਘ ਸੁਦੀ ਨੌਮੀ ਨੂੰ ਅੰਤਮ ਦਰਸ਼ਨ ਆ ਕਰਨੇ। ਹੁਣ ਸਾਰੇ ਪ੍ਰੇਮੀ ਆਪਣੇ-ਆਪਣੇ ਘਰਾਂ ਨੂੰ ਚਲੇ ਜਾਓ। ਇਸੇ ਵਿੱਚ ਹੀ ਤੁਹਾਨੂੰ ਸੁਖ ਹੈ।"

ਸੰਤਾਂ ਦੇ ਇਹ ਬਚਨ ਸੰਗਤ ਦਾ ਹਿਰਦਾ ਤੀਰ ਵਾਂਗੂੰ ਵਿੰਨ੍ਹ ਗਏ। ਪਰ ਹਜ਼ੂਰ ਦਾ ਅਟੱਲ ਹੁਕਮ ਜਾਣ ਕੇ ਸਾਰੇ ਹੀ ਪ੍ਰੇਮੀ ਆਪਣੇ-ਆਪਣੇ ਨਗਰਾਂ ਨੂੰ ਚਲੇ ਗਏ। ਦੂਰੋਂ ਆਈਆਂ ਸੰਗਤਾਂ ਡੇਰੇ ਹੀ ਠਹਿਰ ਗਈਆਂ। ਚੜ੍ਹਦੇ ਪੋਹ ਸੰਗਤ ਦਾ ਇਕੱਠ ਹੋਣਾ ਫਿਰ ਸ਼ੁਰੂ ਹੋ ਗਿਆ। ਲੰਗਰ ਪਹਿਲਾਂ ਵਾਂਗ ਹੀ ਅਟੁੱਟ ਚੱਲ ਰਿਹਾ ਸੀ। ਅੱਧ ਪੋਹ ਤੱਕ ਸਾਰੀਆਂ

ਸੰਗਤਾਂ ਕੀ ਹਿੰਦੂ, ਕੀ ਮੁਸਲਮਾਨ ਸਾਰੇ ਹੀ ਡੇਰੇ ਪਹੁੰਚ ਗਏ। ਬਾਬਾ ਜੀ ਉਸੇ ਤਰ੍ਹਾਂ ਸਭਨਾਂ ਨੂੰ ਦਰਸ਼ਨ ਤੇ ਉਪਦੇਸ਼ ਦੇਂਦੇ ਹੋਏ ਸਭਨਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰ ਰਹੇ ਸਨ। ਪਰ ਪ੍ਰੇਮੀਆਂ ਦਾ ਮਨ ਬੜਾ ਉਦਾਸ ਤੇ ਮੁਰਝਾਇਆ ਹੋਇਆ ਸੀ। ਜਿਸ ਕਰਕੇ ਬਾਬਾ ਜੀ ਨੇ ਕੁਝ ਕੁ ਦਿਨ ਪਹਿਲਾਂ ਸੰਗਤ ਨੂੰ ਇਹ ਉਪਦੇਸ਼ ਕੀਤਾ ਕਿ ਸੰਗਤ ਜੀ! ਤੁਸੀਂ ਆਪਣੇ ਮਨ ਵਿੱਚ ਵੈਰਾਗ ਨਾ ਕਰੋ। ਸੰਸਾਰ ਦੀ ਰਚਨਾ ਆਉਣ ਜਾਣ ਵਾਲੀ ਹੈ। ਇਹ ਸਰੀਰ ਤਾਂ ਅਸਥਾਈ ਹਨ। ਸਰੀਰ ਦੀ ਦਸ਼ਾ ਸਦਾ ਇੱਕ ਰਸ ਨਹੀਂ ਰਹਿਦੀ ਬਦਲਦੀ ਜਾਂਦੀ ਹੈ। ਸਾਰਿਆਂ ਦੇ ਸਿਰ ਤੇ ਕਾਲ ਕੂਕਦਾ ਹੈ। ਇਹ ਗ਼ਰੀਬ, ਅਮੀਰ, ਪਾਤਸ਼ਾਹ, ਕੰਗਾਲ ਕਿਸੇ ਦਾ ਵੀ ਲਿਹਾਜ਼ ਨਹੀਂ ਕਰਦਾ-

ਧਨਵੰਤਾ ਅਰੁ ਨਿਰਧਨ ਮਨਈ
ਤਾ ਕੀ ਕਛੂ ਨ ਕਾਨੀ ਰੇ ॥
ਰਾਜਾ ਪਰਜਾ ਸਮ ਕਰਿ ਮਾਰੈ
ਐਸੋ ਕਾਲੁ ਬਡਾਨੀ ਰੇ ॥

(ਪੰਨਾ ੮੫੫)

ਦੁਖ ਸੁਖ ਵਿੱਚ ਸਮਾਨ ਬਿਰਤੀ ਵਾਲੇ ਮਹਾਂ ਪੁਰਸ਼ ਇਸ ਸਮੇਂ ਆਪਣੇ ਅੰਦਰ ਧੀਰਜ ਧਾਰਨ ਕਰੀ ਰੱਖਦੇ ਹਨ ਕਿਉਂਕਿ ਇਹ ਕੁਦਰਤ ਦਾ ਅਟੱਲ ਹੁਕਮ ਹੈ। ਸਾਰੇ ਹੀ ਸਰੀਰ ਨਾਸ਼ਵੰਤ ਹਨ। ਦੇਹ ਦਾ ਸੁਭਾਵ ਹੈ ਕਿ ਇਹ ਜੰਮਦੀ ਹੈ ਮਰਦੀ ਹੈ ਬਾਲਕ ਤੇ ਜਵਾਨ ਹੁੰਦੀ ਹੈ ਅੰਤ ਨੂੰ ਇਸ ਤੇ ਬੁਢਾਪਾ ਆ ਜਾਂਦਾ ਹੈ ਸਦਾ ਇੱਕ ਰਸ ਨਹੀਂ ਰਹਿੰਦੀ। ਨਦੀ ਦੇ ਪ੍ਰਵਾਹ ਵਾਂਗੂੰ ਸਾਰੇ ਸਰੀਰ ਤੁਰੇ ਹੀ ਤੁਰੇ ਜਾਂਦੇ ਹਨ। ਸੰਸਾਰ ਦਾ ਪਸਾਰਾ ਧੂੰਏ ਦੇ ਪਹਾੜ ਤੇ ਬੱਦਲ ਦੀ ਛਾਂ ਵਾਂਗੂੰ ਝੂਠਾ ਹੈ। ਜੋ ਵੀ ਰਚਨਾ ਦੇਖਣ ਵਿੱਚ ਆਉਂਦੀ ਹੈ ਕੁਝ ਸਮੇਂ ਤੋਂ ਬਾਅਦ ਫਿਰ ਉਹੋ ਜਿਹੀ ਨਹੀਂ ਦੇਖੀਦੀ। ਗੁਰਵਾਕ:

ਜਤ ਜਤ ਦੇਖਉ ਬਹੁਰਿ ਨ ਪੇਖਉ ਸੰਗਿ ਮਾਇਆ ਲਪਟਾਨਾ ॥

(ਪੰਨਾ ੩੩੮)

ਮਹਾਂ ਕਵਿ ਭਾਈ ਸੰਤੋਖ ਸਿੰਘ ਜੀ ਸੰਸਾਰ ਦੀ ਰਚਨਾ ਬਾਰੇ ਇਸ ਪ੍ਰਕਾਰ ਲਿਖਦੇ ਹਨ-

*ਜਿਯਤ ਮੇਲ ਕੀ ਆਸ ਚੁਕਾਈ।*
*ਇਨ ਦੇਹਿਨਿ ਕੀ ਇਹੀ ਬਡਾਈ।*
*ਜੋ ਸਮ ਬ੍ਰਿਤਿ ਰਾਖੈ ਸੋ ਧੀਰ।*
*ਅੰਤਵੰਤ ਹੈ ਸਕਲ ਸਰੀਰ ॥੨੭॥*
*ਮਿਲਨਿ ਸੁ ਬਿਛੁਰਨਿ ਜਨਮ ਰੁ ਮਰਨਾ।*
*ਬਾਲਕ ਬਿਰਧ ਹੋਇ ਕੈ ਤਰੁਨਾ।*
*ਨਹੀਂ ਅਵਸਥਾ ਥਿਰਹਿ ਕਦਾਈ।*
*ਜਲ ਸਲਿਤਾ ਜਿਮ ਨਿਤ ਬਹਿ ਜਾਈ ॥੨੮॥*
*ਬਨਿਯੋ ਜਗਤ ਸਭ ਝੂਠ ਪਸਾਰਾ।*
*ਜੋ ਬਿਦਤਹਿ ਸੋ ਨਹੀਂ ਨਿਹਾਰਾ।*

*(ਸ੍ਰੀ ਗੁਰ ਪ੍ਰਤਾਪ ਸੂਰਜ ਐਨ ੨ ਅੰਸੂ ੧੫)*

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਵੀ ਕਰਤਾਰ ਪੁਰ ਦੀ ਪਾਵਨ ਧਰਤੀ ਵਿਖੇ ਆਪਣੇ ਅੰਤ ਸਮੇਂ ਸੰਗਤ ਨੂੰ ਏਹੋ ਹੀ ਉਪਦੇਸ਼ ਬਖ਼ਸ਼ਿਆ ਸੀ। ਹਜ਼ੂਰ ਨੇ ਫੁਰਮਾਇਆਂ ਸੀ ਕਿ ਗੁਰ ਸਿੱਖੋ! ਤੁਸੀਂ ਆਪਣੇ ਮਨ ਵਿੱਚ ਕਿਉਂ ਇਤਨਾਂ ਸ਼ੋਕ ਧਾਰਨ ਕੀਤਾ ਹੈ। ਇਨ੍ਹਾਂ ਸਰੀਰਾਂ ਦਾ ਮੋਹ ਤਾਂ ਸਾਰਾ ਝੂਠਾ ਹੀ ਹੈ। ਦੇਹ ਦਾ ਸੁਭਾਵ ਹੀ ਇਸ ਪ੍ਰਕਾਰ ਦਾ ਹੈ। ਇਹ ਸਦਾ ਸਥਿਰ ਨਹੀਂ ਰਹਿੰਦੀ ਮਿਲਣ ਤੇ ਵਿਛੜਨ ਵਾਲੀ ਹੈ। ਜਿਵੇਂ ਦਿਨ ਤੋਂ ਬਾਅਦ ਅਵੱਸ਼ ਹੀ ਰਾਤ ਆਉਂਦੀ ਹੈ। ਇਸੇ ਤਰ੍ਹਾਂ ਇਹਦਾ ਜ਼ਰੂਰ ਹੀ ਅੰਤ ਹੋ ਜਾਣਾ ਹੈ। ਜੋ ਪ੍ਰੇਮੀ ਗੁਰੂ ਸ਼ਬਦ ਨਾਲ ਮਿਲਕੇ ਸਦਾ ਹੀ ਉਸ ਵਿੱਚ ਤਦਾਕਾਰ ਰਹਿੰਦੇ ਹਨ। ਫਿਰ ਉਨ੍ਹਾਂ ਦਾ ਵਿਛੜਨਾ ਨਹੀਂ ਹੁੰਦਾ। ਉਹ ਬ੍ਰਹਮ ਵਿੱਚ ਇਉਂ ਅਭੇਦ ਹੋ ਜਾਂਦੇ ਹਨ ਜਿਵੇਂ ਪਾਣੀ ਵਿੱਚ ਪਾਣੀ ਮਿਲ ਕੇ ਇੱਕ ਰੂਪ ਹੁੰਦਾ ਹੈ। ਯਥਾ:

ਤਨ ਸਨੇਹ ਸਭ ਝੂਠੋ ਜਾਨਹੁ।
ਕਿਉਂ ਬਿਖਾਦ ਏਤੋਂ ਮਨ ਠਾਨਹੁ।
ਦੇਹਿ ਮਿਲਨ ਬਿਛਰਨ ਇਸ ਭਾਤੀ।
ਹੋਤਿ ਦਿਵਸ ਪੁਨਿ ਆਵਹਿ ਰਾਤੀ ॥੭॥
ਜੋ ਨਰ ਮਿਲੇ ਸ਼ਬਦ ਕੇ ਸੰਗਾ।
ਰਹੇ ਸਦੀਵ ਰਾਚਿ ਤਿਹ ਰੰਗਾ।
ਤਿ ਨਹਿਂ ਬਿਛੁਰਹਿਂ ਬਹੁਰ ਕਦਾਈ।
ਜਿਉਂ ਨੀਰਹਿ ਮੈ ਨੀਰ ਸਮਾਈ ॥੮॥

(ਸ੍ਰੀ ਗੁਰੂ ਨਾਨਕ ਪ੍ਰਕਾਸ਼, ਉਤਰਾਰਧ ਅਧਿਆਇ ੫੬)

ਅਤੇ ਜੋ ਸੰਸਾਰ ਦੀ ਰਚਨਾ ਦ੍ਰਿਸ਼ਟੀ ਆ ਰਹੀ ਹੈ। ਇਹ ਵਿਚਾਰ ਨਾਲ ਤਕਿਆਂ ਸਾਰੀ ਨਾਸ਼ਵੰਤ ਹੈ। ਗੁਰਵਾਕ:

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥

(ਪੰਨਾ ੧੦੮੩)

ਇਹ ਦਿਨ-ਬ-ਦਿਨ ਪ੍ਰਨਿਮਿਆ ਭਾਵ ਨੂੰ ਪ੍ਰਾਪਤ ਹੋ ਰਹੀ ਹੈ। ਸਦਾ ਇੱਕ ਰਸ ਸਥਿਤ ਰਹਿਣ ਵਾਲੀ ਨਹੀਂ। ਜਿਸ ਵੀ ਪਦਾਰਥ ਨੂੰ ਸੱਚ ਤੇ ਅਟੱਲ ਮੰਨਿਆ ਜਾਂਦਾ ਹੈ। ਉਹ ਵੀ ਸਮਾਂ ਪਾ ਕੇ ਇੱਕ ਦਿਨ ਨਾਸ਼ ਹੋ ਜਾਂਦਾ ਹੈ। ਹੋਰ ਤਾਂ ਕੀ ਸਾਰੇ ਸੰਸਾਰ ਨੂੰ ਰੋਸ਼ਨੀ ਦੇਣ ਵਾਲੇ ਚੰਦਰਮਾਂ ਤੇ ਸੂਰਜ ਇਹ ਵੀ ਨਹੀਂ ਰਹਿਣਗੇ।

ਮੁਹੰਮਦ ਸਾਹਿਬ ਦੀ ਕਬਰ ਪਾਸ ਬੈਠੇ ਮਦੀਨੇ ਦੇ ਮਜੌਰਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਉਪਦੇਸ਼ ਬਖ਼ਸ਼ਿਆਂ ਸੀ-

ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥
ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥

(ਪੰਨਾ ੬੪)

ਸਾਰੇ ਦੇਵਤਿਆਂ ਦਾ ਆਸਰਾ ਜੋ ਸੁਮੇਰ ਪਰਬਤ ਹੈ। ਉਸ ਨੂੰ ਵੀ ਨਾਸ਼ ਹੁੰਦਿਆਂ ਦੇਰ ਨਹੀਂ ਲਗਦੀ। ਇਤਨੀ ਵੱਡੀ ਧਰਤੀ, ਗੰਭੀਰ ਜਲ ਵਾਲਾ ਸਾਗਰ ਇਹ ਵੀ ਕਾਲ ਦੇ ਅੱਗੇ ਧੀਰਜ ਨਹੀਂ ਧਾਰ ਸਕੇਗਾ। ਵੱਡੇ-ਵੱਡੇ ਵੇਗ ਵਾਲੀ ਹਵਾ ਤੇ ਮਹਾਂ ਤੇਜ਼ ਮਈ ਅਗਨੀ ਇਹ ਵੀ ਸਮਾਂ ਪਾ ਕੇ ਆਪਣੀ ਤਾਕਤ ਤੋਂ ਰਹਿਤ ਹੋ ਜਾਵੇਗੀ। ਮੈਦਾਨ-ਏ ਜੰਗ ਦੀ ਧਰਤੀ ਵਿੱਚ ਜਿਤਨੇ ਵੀ ਧੀਰਜਧਾਰੀ ਅਵਤਾਰ ਹੋਏ ਹਨ। ਸਮੇਂ ਅਨੁਸਾਰ ਉਹ ਵੀ ਅਲੋਪ ਹੋ ਗਏ। ਬੜੇ-ਬੜੇ ਕਰਾਮਾਤਾਂ ਦੇ ਮਾਲਕ ਸਿੱਧ ਦੇਵਤੇ ਉਨ੍ਹਾਂ ਦੇ ਕਿੰਨਰ, ਗੰਧਰਬ ਆਦਿਕ ਰਾਗੀ 'ਕੁਬੇਰ' ਦੀ ਬੰਸ ਦੇ ਜੱਖ ਸਭ ਨਾਸ਼ਵਾਨ ਹਨ। ਧਰਮ ਰਾਜਾ, ਇੰਦਰ ਦੇਵਤਾ, ਕੁਬੇਰ ਭੰਡਾਰੀ, ਤਾਰਿਕਾ ਮੰਡਲ ਇਨ੍ਹਾਂ ਸਭਨਾਂ ਦਾ ਨਾਸ਼ ਹੋਣ ਵਿੱਚ ਦੇਰ ਨਹੀਂ ਹੁੰਦੀ। ਨਿਰਦਈ ਕਾਲ ਸ੍ਰਿਸ਼ਟੀ ਦੇ ਰਚਨਹਾਰ ਬ੍ਰਹਮਾ ਦਾ ਵੀ ਅਭਾਵ ਕਰ ਦਿੰਦਾ ਹੈ। ਜਿਸ ਵਿਸ਼ਨੂੰ ਭਗਵਾਨ ਨੂੰ ਸਾਰਾ ਸੰਸਾਰ ਹਰੀ ਕਹਿਦਾ ਹੈ। ਕਾਲ ਅੱਗੇ ਉਸ ਦਾ ਵੀ ਹਰੀ ਪੁਣਾ ਹਰਿਆ ਜਾਂਦਾ ਹੈ। ਸਭਨਾਂ ਦਾ ਆਸਰਾ ਜੋ ਆਕਾਸ਼ ਹੈ ਉਹ ਵੀ ਕਾਲ ਅੱਗੇ ਨਾਸ਼ ਹੋ ਜਾਵੇਗਾ। ਭਿਆਨਕ ਰੂਪ ਧਾਰਨ ਕਰਨ ਵਾਲਾ ਸ਼ਿਵਜੀ ਵੀ ਕਾਲ ਅੱਗੇ ਟਿਕ ਨਹੀਂ ਸਕਦਾ। ਇਨ੍ਹਾਂ ਵਿਚਾਰੇ ਜੀਵਾਂ ਦੀ ਤਾਂ ਕੀ ਗਿਣਤੀ ਹੈ। ਸਾਰੀ ਰਚਨਾ ਕਾਲ ਦੀ ਚਬੀਣੀ ਹੈ। ਕੋਈ ਵੀ ਦੇਹਧਾਰੀ ਅਸਥਿਤ ਨਹੀਂ ਰਹਿ ਸਕਦਾ। ਆਪੋ ਆਪਣੀ ਵਾਰੀ ਅਨੁਸਾਰ ਸਭਨਾਂ ਨੇ ਹੀ ਚਲੇ ਜਾਣਾ ਹੈ। ਸਾਰੀ ਰਚਨਾ ਉਸ ਕਾਲ ਦਾ ਖਾਜਾ ਹੈ। ਸਭਨਾਂ ਦਾ ਆਭਾਵ ਕਰਕੇ ਉਹ ਫਿਰ ਵੀ ਤ੍ਰਿਪਤ ਨਹੀਂ ਹੁੰਦਾ, ਜਿਵੇਂ ਘਿਉਂ ਦੀ ਆਹੂਤੀ ਨਾਲ ਅੱਗ ਨਹੀਂ ਰੱਜਦੀ। ਭਾਵੇਂ ਉਸ ਕਾਲ ਦਾ ਸਰੂਪ ਪ੍ਰਗਟ ਤਰ੍ਹਾਂ ਤੇ ਨਹੀਂ ਦਿਸਦਾ ਪਰ ਪਲਾਂ, ਘੜੀਆਂ, ਮਹੀਨਿਆਂ ਤੇ ਸਾਲਾਂ ਦੀ ਗਿਣਤੀ ਕਰਕੇ ਬਤੀਤ ਹੁੰਦਾ ਜਾਣੀਦਾ ਹੈ। ਕਾਲ ਰੂਪੀ ਝੀਵਰ ਦੇ ਹੱਥ ਵਿੱਚ ਕਿਰਿਆਂ ਰੂਪੀ ਜਾਲ ਪਕੜਿਆ ਹੈ, ਜਿਸ ਵਿੱਚ ਸਾਰੇ ਜੀਵ ਫਸ ਰਹੇ ਹਨ। ਗੁਰੂ ਸ਼ਰਨ ਤੋਂ ਬਗੈਰ ਕਿਸੇ ਪ੍ਰਕਾਰ ਵੀ ਉਨ੍ਹਾਂ ਦਾ ਛੁਟਕਾਰਾ ਨਹੀਂ ਹੋ ਸਕਦਾ। ਸਾਰੇ ਜੀਵ ਧੰਦਿਆਂ ਵਿੱਚ ਖਚਿਤ ਹੋਏ ਦੁਖੀ ਹੋ ਰਹੇ ਹਨ। ਮੁਕਦੀ ਗੱਲ ਤਾਂ ਇਹ ਹੈ ਇਹ ਜਿਤਨਾਂ ਵੀ ਕਾਲ ਦਾ ਪਸਾਰਾ ਹੈ, ਇੱਕ ਵਾਰ ਨਹੀਂ ਕਈ ਵਾਰ ਕਾਲ ਦਾ ਆਹਾਰ ਬਣ ਚੁੱਕਿਆ ਹੈ। ਉਹ ਪ੍ਰਮੇਸ਼ਰ ਫੇਰ ਬ੍ਰਹਮਾ, ਵਿਸ਼ਨੂੰ,

ਸ਼ਿਵਜੀ ਤਿੰਨੇ ਦੇਵਤਿਆਂ ਦੁਆਰਾ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਫੇਰ ਸਮਾਂ ਪਾ ਕੇ ਸੰਸਾਰ ਦੇ ਕਾਰਨ ਇਨ੍ਹਾਂ ਤਿੰਨੇ ਮੁਖੀ ਦੇਵਤਿਆਂ ਦਾ ਸਰੀਰ ਅੰਤਰ ਧਿਆਨ ਹੋ ਜਾਂਦਾ ਹੈ। ਕਾਲ ਸਭਨਾਂ ਨੂੰ ਨਿਰਦਈ ਹੋ ਕੇ ਮਾਰਦਾ ਹੈ ਕਿਸੇ ਦਾ ਵੀ ਲਿਹਾਜ਼ ਨਹੀਂ ਕਰਦਾ। ਸਾਰਾ ਬ੍ਰਹਿਮੰਡ ਮਿਰਗ ਦੇ ਸਮਾਨ ਹੈ ਤੇ ਇਸ ਨੂੰ ਖਾਣ ਵਾਲਾ ਕਾਲ ਕੇਹਰੀ ਸ਼ੇਰ ਹੈ। ਇਸ ਲਈ ਗੁਰਸਿੱਖੋ ! ਸਾਰਾ ਸੰਸਾਰ ਝੂਠਾ ਜਾਣਕੇ ਸੱਤ ਅਸੱਤ ਦੀ ਵਿਚਾਰ ਦੁਆਰਾ ਰਾਤ ਦਿਨ ਪਰਮੇਸ਼ਰ ਦਾ ਸਿਮਰਨ ਕਰੋ ਕਿਉਂਕਿ ਇਹ ਮਨੁਖਾ ਦੇਹ ਉਸ ਪ੍ਰਮੇਸ਼ਰ ਦੀ ਪ੍ਰਾਪਤੀ ਵਾਸਤੇ ਪਉੜੀ ਮਿਲੀ ਹੈ।

ਇਸੁ ਪਉੜੀ ਤੇ ਜੋ ਨਰੁ ਚੂਕੈ
ਸੋ ਆਇ ਜਾਇ ਦੁਖੁ ਪਾਇਦਾ ॥

(ਪੰਨਾ ੧੦੭੫)

ਇਸ ਪ੍ਰਕਾਰ ਸੰਤਾਂ ਨੇ ਸੰਗਤ ਨੂੰ ਅੰਤਮ ਉਪਦੇਸ਼ ਸੁਣਾਇਆ ਕਿ ਪ੍ਰੇਮੀ ਗੁਰਸਿੱਖੋ! ਇਹ ਸਤਿਗੁਰਾਂ ਦਾ ਉਪਦੇਸ਼ ਸਾਨੂੰ ਤੁਹਾਨੂੰ ਮੰਨਣ ਯੋਗ ਹੈ। ਸੋ ਤੁਸੀਂ ਧੀਰਜ ਧਾਰਨ ਕਰੋ। ਸੰਤਾਂ ਦੀ ਪਾਵਨ ਰਸਨਾ ਤੋਂ ਇਹ ਉੱਤਮ ਉਪਦੇਸ਼ ਸੁਣਕੇ ਸਰੋਤਿਆਂ ਨੂੰ ਕੁਝ ਧੀਰਜ ਆਈ। ਸਾਰਿਆਂ ਨੇ ਹੱਥ ਜੋੜਕੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਸਾਡੇ ਤੇ ਕ੍ਰਿਪਾ ਕਰਕੇ ਕੁਝ ਸਮਾਂ ਹੋਰ ਦਰਸ਼ਨ ਦੇਵੋ। ਕਿਉਂਕਿ ਸੰਸਾਰ ਤੇ ਸਰੀਰ ਧਾਰ ਕੇ ਆਉਣਾ ਤੇ ਪ੍ਰਲੋਕ ਨੂੰ ਜਾਣਾ ਇਹ ਤੁਹਾਡੇ ਆਪਣੇ ਵੱਸ ਹੈ। ਜਿਵੇਂ ਸਾਡੇ ਨਿਮਾਣਿਆਂ ਤੇ ਤਰਸ ਕਰਕੇ ਸਾਨੂੰ ਦੋ ਸਾਲ ਹੋਰ ਦਰਸ਼ਨ ਦਿੱਤੇ ਹਨ। ਇਸੇ ਤਰ੍ਹਾਂ ਆਪ ਈਸ਼ਵਰੀ ਮਿਲਾਪ ਦੇ ਬਸੀਠ (ਵਿਚੋਲੇ) ਹੋ, ਜੇਕਰ ਸਾਡੀ ਪਹਿਲਾਂ ਵਾਂਗੂੰ ਦਰਗਾਹੇ ਅਰਜ਼ ਮਨਜ਼ੂਰ ਹੋ ਜਾਵੇ ਤਾਂ ਇਸ ਤੋਂ ਵੱਧ ਹਜ਼ੂਰ ਦੀ ਸਾਡੇ ਤੇ ਹੋਰ ਕੀ ਕ੍ਰਿਪਾ ਹੋ ਸਕਦੀ ਹੈ। ਅਸੀਂ ਆਪਣੇ ਆਪ ਨੂੰ ਧੰਨ ਭਾਗੀ ਸਮਝਾਂਗੇ।" ਸਮੂਹ ਸੰਗਤ ਦੀ ਬੇਨਤੀ ਸੁਣਕੇ ਸੰਤਾਂ ਨੇ ਫਿਰ ਬਚਨ ਕੀਤਾ, "ਗੁਰਸਿੱਖੋ! ਤੁਹਾਡਾ ਇੱਕ ਵਾਰ ਹੁਕਮ ਮੰਨ ਲਿਆ। ਹੁਣ ਸਾਨੂੰ ਦੁਬਾਰਾ ਮਜਬੂਰ ਨਾ ਕਰੋ ਕਿਉਂਕਿ ਪ੍ਰਮੇਸ਼ਰ ਦੀ ਰਜ਼ਾ ਤੋਂ ਉਲਟ ਚੱਲਣਾ ਠੀਕ ਨਹੀਂ। ਜੋ ਆਪਣੀ ਸ਼ਕਤੀ ਨਾਲ ਸਰੀਰ ਤੇ ਆਏ ਕਸ਼ਟ ਨੂੰ ਮੇਟਦਾ ਹੈ ਉਹ ਰੱਬੀ ਸ਼ਰੀਕ ਤੇ ਗੁਨਾਹਗਾਰ ਹੈ। ਸਾਨੂੰ ਤੁਹਾਨੂੰ ਉਸ ਦੇ ਹੁਕਮ ਮੰਨਣ ਵਿੱਚ ਹੀ ਸੁਖ ਹੈ ਅਤੇ ਨਾਲ ਹੀ ਇਸ ਵਿੱਚ ਹੀ ਤੁਹਾਡੇ ਤੇ ਸਾਡੀ ਪ੍ਰਸੰਨਤਾ ਹੈ।" ਮੁਖੀ ਸਿੱਖਾਂ ਨੇ ਫਿਰ ਆਖਿਆ, "ਹਜ਼ੂਰ! ਆਪ ਤੇ ਪ੍ਰਮੇਸ਼ਰ ਵਿੱਚ ਕੋਈ ਅੰਤਰ ਨਹੀਂ।" ਸਤਿਗੁਰਾਂ ਦਾ ਫੁਰਮਾਨ ਹੈ:-

ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥

(ਪੰਨਾ ੨੭੨)

ਤਥਾ: ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥

(ਪੰਨਾ ੨੭੩)

ਤਥਾ: ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ ॥

(ਪੰਨਾ ੭੯੩)

ਪਰ ਜਦੋਂ ਸੰਗਤਾਂ ਦੀ ਇਸ ਪਰਾਥਨਾ ਨੂੰ ਅਕਾਲੀ ਹੁਕਮ ਦੀ ਅਵੱਗਿਆ ਸਮਝ ਕੇ ਸੰਤ ਜੀ ਮਹਾਰਾਜ ਨੇ ਸਵੀਕਾਰ ਨਾ ਕੀਤਾ, ਤਦ ਪ੍ਰੇਮੀ ਜਨਾਂ ਨੇ ਫਿਰ ਬੜੇ ਵੈਰਾਗ ਵਿੱਚ ਬੇਨਤੀ ਕੀਤੀ ਕਿ ਜੇਕਰ ਆਪ ਇਸ ਤਰ੍ਹਾਂ ਨਹੀਂ ਕਰਦੇ ਤਾਂ ਸਾਡੇ ਤੇ ਇਹ ਕਿਰਪਾ ਕਰੋ ਕਿ ਆਪਣੇ ਸਮਾਨ ਸਮੂਹ ਸ਼ਕਤੀਆਂ ਦੇ ਮਾਲਕ ਕਿਸੇ ਹੋਰ ਮਹਾਨ ਵਿਅਕਤੀ ਦਾ ਸਾਨੂੰ ਪੱਲਾ ਪਕੜਾ ਜਾਓ। ਜਿਸ ਨੂੰ ਅਸੀਂ ਤੁਹਾਡਾ ਹੀ ਰੂਪ ਜਾਣਕੇ ਜੀਵਨ ਸਫ਼ਲਾ ਕਰੀਏ।

ਸੰਗਤ ਦੀ ਇਹ ਬੇਨਤੀ ਸੁਣਕੇ ਬਾਬਾ ਜੀ ਬੋਲੇ, "ਗੁਰਸਿੱਖੋ! ਤੁਹਾਡਾ ਇਹ ਬਚਨ ਅਸੀਂ ਮੰਨ ਲੈਂਦੇ ਹਾਂ ਅਤੇ ਤੁਹਾਨੂੰ ਏਹੋ ਜਿਹੇ ਮਹਾਂ ਪੁਰਸ਼ ਦਾ ਪੱਲਾ ਪਕੜਾਵਾਂਗੇ ਜਿਸਦਾ ਤੇਜ਼ ਪ੍ਰਤਾਪ ਸਾਡੇ ਨਾਲੋਂ ਡਿਊਢਾ ਹੋਵੇਗਾ, ਉਹ ਤੁਹਾਡੀ ਅਗਵਾਈ ਕਰਨਗੇ।

## ਬਾਬਾ ਆਇਆ ਸਿੰਘ ਜੀ ਨੂੰ ਬਖ਼ਸ਼ਿਸ਼

ਆਗਿਆ ਪਾਲਕ, ਸੰਤ ਸੇਵੀ ਨਿਰਛਲ, ਪੂਰਬਲੇ ਸੰਸਕਾਰ ਕਰਕੇ ਗਿਆਨਵਾਨ ਤੇ ਹਰਮਨ ਪਿਆਰੇ ਹੋਣ ਕਰਕੇ ਸੰਤ ਬਾਬਾ ਕਰਮ ਸਿੰਘ ਜੀ ਦੀ ਬਾਬਾ ਆਇਆ ਸਿੰਘ ਤੇ ਅਪਾਰ ਕ੍ਰਿਪਾ ਤੇ ਪੂਰਨ ਪ੍ਰਸੰਨਤਾ ਸੀ। ਜਿਨ੍ਹਾਂ ਨੇ ਪੰਜ ਸਾਲ ਦੀ ਉਮਰ ਵਿੱਚ ਹੀ ਚਰਨਾਂ ਵਿੱਚ ਹਾਜ਼ਰ ਹੋ ਕੇ ਚਾਲੀ ਸਾਲਾਂ ਦਾ ਸਮਾਂ ਬਾਬਾ ਜੀ ਦੀ ਆਗਿਆ ਤੇ ਅਸਥਾਨ ਦੀ ਸੇਵਾ ਤੇ ਜਪ ਤਪ ਕਰਦਿਆਂ ਬਤੀਤ ਕੀਤਾ। ਇਉਂ ਬਾਬਾ ਆਇਆ ਸਿੰਘ ਜੀ ਪੂਰਨ ਮਹਾਂ ਪੁਰਸ਼ ਕਰਾਮਾਤ ਦੇ ਮਾਲਕ ਤੇ ਬਾਬਾ ਜੀ ਦੇ ਨਿਕਟ ਵਰਤੀ ਹਜ਼ੂਰੀਏ ਸੇਵਾਦਾਰ ਤੇ ਖ਼ਾਸ ਪ੍ਰੇਮੀ ਸਨ। ਸੰਗਤਾਂ ਨੂੰ ਵੀ ਇਨ੍ਹਾਂ ਤੇ ਬੜਾ ਨਿਸਚਾ ਸੀ। ਬਾਬਾ ਜੀ ਦੇ ਪਾਸ ਆਏ ਮਾਈ ਭਾਈ ਇਨ੍ਹਾਂ ਦੇ ਦਰਸ਼ਨ ਤੇ ਨਮਸਕਾਰ ਜ਼ਰੂਰ ਕਰਕੇ ਜਾਂਦੇ। ਭਾਵੇਂ ਆਪ ਵੱਡੇ ਸੰਤਾਂ ਤੋਂ ਕਾਫ਼ੀ ਸੰਕੋਚ ਰੱਖਦੇ, ਪਰ ਫਿਰ ਵੀ ਜੋ ਬਚਨ ਸੁਤੇ ਸਿੱਧ ਹੀ ਮੁੱਖੋਂ ਨਿਕਲ ਜਾਂਦਾ ਉਹ ਕਦੇ ਖ਼ਾਲੀ ਨਹੀਂ ਸੀ ਗਿਆ। ਅੱਜ ਸਾਰੀ ਸੰਗਤ ਦੀ ਬੇਨਤੀ ਸੁਣਕੇ, ਕਿ ਮਹਾਰਾਜ! ਆਪ ਸਾਨੂੰ ਕਿਸ ਦੇ ਲੜ ਲਾ ਰਹੇ ਹੋ? ਸੰਤਾਂ ਨੇ ਉੱਤਰ ਦਿੱਤਾ, "ਤੁਹਾਨੂੰ ਏਹੋ ਜਿਹੇ ਮਹਾਂ ਪੁਰਸ਼ ਦਾ ਪੱਲਾ ਫੜਾਵਾਂਗੇ ਜੋ ਤੁਹਾਡੀ ਦੋਵੇਂ ਜਹਾਨੀ ਸਹਾਇਤਾ ਕਰੇਗਾ ਅਤੇ ਸਾਡੇ ਨਾਲੋਂ ਵੀ ਬੜਾ ਤੇਜ਼ ਪ੍ਰਤਾਪੀ ਹੋਵੇਗਾ।"

ਸੰਤਾਂ ਪਾਸੋਂ ਇਹੋ ਜਿਹੇ ਬਚਨ ਸੁਣਕੇ ਸੰਗਤ ਬੜੀ ਹੈਰਾਨ ਸੀ ਕਿ ਏਹੋ ਜਿਹਾ ਕੌਣ ਮਹਾਂ ਪੁਰਸ਼ ਹੈ ਤਾਂ ਸਭ ਦੇ ਅੰਦਰ ਦੀ ਜਾਣਕੇ ਮਹਾਂ ਪੁਰਸ਼ਾਂ ਨੇ ਕਿਹਾ, "ਤੁਹਾਨੂੰ ਭਾਈ ਆਇਆ ਸਿੰਘ ਜੀ ਮਨਜ਼ੂਰ ਹਨ? ਜੇ ਸੰਗਤ ਮਨਜ਼ੂਰ ਕਰਦੀ ਹੈ ਤਾਂ ਅਸੀਂ ਇਹ ਸੇਵਾ ਉਨ੍ਹਾਂ ਨੂੰ ਸੌਂਪ ਦਿੰਦੇ ਹਾਂ।" ਇਹ ਬਚਨ ਸੁਣਕੇ ਪ੍ਰੇਮੀਆਂ ਨੂੰ ਬੇਹੱਦ ਖ਼ੁਸ਼ੀ ਹੋਈ। ਸਭਨਾਂ ਨੇ ਉਸ ਸਮੇਂ ਜੈਕਾਰਿਆਂ ਨਾਲ ਪ੍ਰਵਾਨਗੀ ਦਿੱਤੀ। ਭਾਵੇਂ ਸੰਤਾਂ ਨੇ ਮਹਾ ਪੁਰਸ਼ਾਂ ਵਾਲੇ ਸਾਰੇ ਹੀ ਗੁਣ ਧਾਰਨ ਕਰਵਾ ਕੇ ਪਹਿਲਾਂ ਹੀ ਪ੍ਰਵਾਨ ਕਰ ਲਏ ਸਨ, ਕਿਉਂਕਿ ਇਨ੍ਹਾਂ ਨੇ ਵੀ ਆਪਣੇ ਪ੍ਰੀਤਮ ਦੀ ਪ੍ਰਸੰਨਤਾ ਲਈ ਮਰਦਾਂ ਵਾਲੀ ਘਾਲ ਘਾਲੀ ਸੀ:

ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ॥

(ਪੰਨਾ ੯੬੭)

ਦੂਜੇ ਦਿਨ ਦੂਰ ਨੇੜੇ ਦੀਆਂ ਸਾਰੀਆਂ ਸੰਗਤਾਂ ਨੂੰ ਹੁਕਮਨਾਮੇ ਭੇਜ ਦਿੱਤੇ। ਬੇਅੰਤ ਇਕੱਠ ਹੋ ਗਿਆ। ਐਤਵਾਰ ਦਾ ਦਿਨ ਸੀ। ਹਿੰਦੂ ਮੁਸਲਮਾਨਾਂ ਦੇ ਭਾਰੀ ਇੱਕਠ ਵਿੱਚ ਸੰਤਾਂ ਨੇ ਆਪਣੇ ਹੱਥੀ ਸੰਤ ਬਾਬਾ ਆਇਆ ਸਿੰਘ ਜੀ ਨੂੰ ਦਸਤਾਰ ਸਜਾ ਦਿੱਤੀ ਅਤੇ ਸਾਰੀ ਸੰਗਤ ਵਿੱਚ ਹੁਕਮ ਕੀਤਾ, "ਜਿਨ੍ਹਾਂ ਨੇ ਸਾਡਾ ਦਰਸ਼ਨ ਕਰਨਾ ਹੈ ਉਹ ਇਨ੍ਹਾਂ ਦੇ ਦਰਸ਼ਨ ਕਰਨ।"

ਉਸ ਸਮੇਂ ਬੜੀ ਨਿਮ੍ਰਤਾ ਨਾਲ ਸੰਤ ਆਇਆ ਸਿੰਘ ਜੀ ਨੇ ਸਜਲ ਨੇਤਰੀਂ ਹੱਥ ਜੋੜ ਕੇ ਅਰਜ਼ ਕੀਤੀ, "ਮਹਾਰਾਜ! ਇਹ ਅਸਥਾਨ ਦੀ ਜ਼ਿੰਮੇਵਾਰੀ ਕਿਸੇ ਹੋਰ ਨੂੰ ਸੌਂਪ ਦੇਵੋ ਮੈਨੂੰ ਤਾਂ ਗੁਰੂ ਚਰਨਾਂ ਦਾ ਪਿਆਰ ਤੇ ਸੰਗਤ ਦੀ ਸੇਵਾ ਬਖ਼ਸ਼ੋ। ਸੰਤਾਂ ਨੇ ਇਨ੍ਹਾਂ ਦੇ ਮਨ ਦਾ ਨਿਰਲੇਪਤਾ ਵਾਲਾ ਖ਼ਿਆਲ ਜਾਣਕੇ ਪੰਜ ਸੱਜਣਾਂ ਦੀ ਪ੍ਰਬੰਧਕ ਕਮੇਟੀ ਬਣਾ ਦਿੱਤੀ ਕਿ ਇਹ ਪੰਜੇ ਹੀ ਤੁਹਾਡੀ ਆਗਿਆ ਵਿੱਚ ਰਹਿਕੇ ਕੰਮ ਚਲਾਉਣਗੇ। ਤੁਸੀਂ ਜ਼ਿੰਮੇਵਾਰ ਹੋ ਕੇ ਇਨ੍ਹਾਂ ਤੋਂ ਸੇਵਾ ਲੈਂਦੇ ਰਹਿਣਾ। ਰਹੋ ਬੇਸ਼ੱਕ ਅਸੰਗ ਹੀ। ਤੁਹਾਡੀ ਮਦਦ ਵਾਸਤੇ ਸੰਤ ਰਾਮ ਸਿੰਘ ਜੀ ਨਾਲ ਕੰਮ ਕਰਾਉਣਗੇ ਤੇ ਤੁਹਾਡਾ ਹੁਕਮ ਮੰਨਣਗੇ।

ਪੰਜ ਸੱਜਣ:

੧. ਬਾਬਾ ਨਗੀਨਾ ਸਿੰਘ ਜੀ (ਉਤਮਾਨ ਜ਼ਈ ਵਾਲੇ)।
੨. ਭਗਤ ਸਾਈਂ ਦਿਤਾ ਜੀ (ਠੱਟਾ ਟਿੱਬਾ) ਜ਼ਿਲ੍ਹਾ ਕੈਮਲਪੁਰ।
੩. ਚੌਧਰੀ ਸ਼ੰਕਰ ਦਾਸ ਜੀ (ਮਰਦਾਨ ਵਾਸੀ)।
੪. ਭਾਈ ਈਸ਼ਰ ਦਾਸ ਜੀ (ਹੋਤੀ ਵਾਲੇ)।
੫. ਭਾਈ ਰਾਮਜੀ ਦਾਸ (ਮਰਦਾਨ ਛਾਉਣੀ)।

ਬਾਬਾ ਜੀ ਨੇ ਫੇਰ ਸੰਗਤ ਨੂੰ ਆਖਿਆ, "ਇਹ ਬੜੇ ਤੇਜ਼ ਪ੍ਰਤਾਪੀ ਹੋਣਗੇ। ਸਾਡਾ ਰੁਪਿਆ ਤੇ ਇਨ੍ਹਾਂ ਦਾ ਡੇਢ ਚਲੇਗਾ" ਭਾਵ ਸਾਡੇ ਨਾਲੋਂ ਡਿਓਢੇ ਪ੍ਰਤਾਪੀ ਹੋਣਗੇ:

ਜਿ ਹੋਂਦੈ ਗੁਰੂ ਬਹਿ ਟਿਕਿਆ
ਤਿਸੁ ਜਨ ਕੀ ਵਡਿਆਈ ਵਡੀ ਹੋਈ ॥

(ਪੰਨਾ ੩੦੯)

ਉਸ ਸਮੇਂ ਬਾਬਾ ਕਰਮ ਸਿੰਘ ਜੀ ਨੇ ਬੜੇ ਵਰ ਬਖ਼ਸ਼ੇ ਕਿ, "ਤੇਰੇ ਦਰ ਤੇ ਲੱਛਮੀ ਹੱਥ ਬੰਨੀ ਖੜ੍ਹੀ ਰਹੇਗੀ। ਲੰਗਰ ਅਤੁੱਟ ਚਲੇਗਾ, ਜੋ ਬਚਨ ਮੁੱਖੋਂ ਕਹੇਂਗਾ ਉਹ ਪੂਰਾ ਹੋਵੇਗਾ। ਉਸ ਸਮੇਂ ਸੰਗਤਾਂ ਨੇ ਜੈਕਾਰਿਆਂ ਦੇ ਅਵਾਜ਼ੇ ਬੋਲੇ। ਸੰਤਾਂ ਅੱਗੇ ਭੇਟਾ ਅਰਪੀ ਤੇ ਫ਼ੁੱਲ ਚੜ੍ਹਾਏ। ਇਉਂ ਬੜਾ ਜਸ ਹੋਇਆ। ਸਾਰੇ ਆਖਣ ਧੰਨ ਬਾਬਾ ਕਰਮ ਸਿਘ ਜੀ ਜਿਨ੍ਹਾਂ ਨੇ ਸਾਡੀ ਅਰਜ਼ ਮੰਨ ਕੇ ਸੰਗਤ ਨੂੰ ਮਾਣ ਬਖ਼ਸ਼ਿਆ ਅਤੇ ਬਹੁਮੁੱਲਾ ਅਮੋਲਕ ਰਤਨ ਬਖ਼ਸ਼ ਦਿੱਤਾ। ਫਿਰ ਗੁਰੂ ਕਾ ਖੁੱਲ੍ਹਾ ਲੰਗਰ ਵਰਤਿਆ।

# ਸੈਦੂ ਵੱਲ ਰਵਾਨਗੀ

ਪ੍ਰੇਮੀਆਂ ਦੀਆਂ ਅਮੋਲਕ ਮੰਗਾਂ ਪੂਰੀਆਂ ਕਰਕੇ ਬਾਬਾ ਜੀ ਰੋਜ਼ ਹੀ ਪਾਲਕੀ ਵਿੱਚ ਬੈਠ ਕੇ ਬਾਹਰ ਗੁਫਾ ਵੱਲ ਚਲੇ ਜਾਂਦੇ। ਪਰ ਅੱਜ ਦਿਨੇ ਗੁਰਦੁਆਰੇ ਭੋਗ ਤੋਂ ਬਾਅਦ ਸੰਤ ਜੀ ਪਾਲਕੀ ਵਿੱਚ ਬੈਠੇ ਤਾਂ ਇਸ਼ਾਰਾ ਕੀਤਾ ਪਾਲਕੀ ਹੋਤੀ ਵੱਲ ਲੈ ਚਲੋ। ਸਾਰੇ ਹੁਕਮੀ ਬੰਦੇ ਸਨ, ਪਾਲਕੀ ਵਾਲੇ ਤੇ ਹੋਰ ਪ੍ਰੇਮੀ ਹੋਤੀ ਵੱਲ ਮੁੜ ਪਏ। ਸੰਤ ਆਇਆ ਸਿੰਘ ਜੀ ਵੀ ਰੋਜ਼ ਹੀ ਬਾਹਰ ਤੱਕ ਨਾਲ ਆਉਂਦੇ ਸਨ। ਫਿਰ ਆਗਿਆ ਲੈ ਕੇ ਲੰਗਰ ਦੀ ਸੇਵਾ ਵਿੱਚ ਹਾਜ਼ਰ ਹੁੰਦੇ। ਦੁਪਹਿਰ ਦੇ ਸਮੇਂ ਸੰਤਾਂ ਦਾ ਪ੍ਰਸ਼ਾਦਾ ਲੈ ਕੇ ਗੁਫਾ ਵੱਲ ਜਾਂਦੇ। ਅੱਜ ਸੰਤਾਂ ਨੇ ਅਗਿਆ ਨਹੀਂ ਦਿੱਤੀ ਅਤੇ ਉੱਥੇ ਹੀ ਖੜ੍ਹੇ ਰੁਦਨ ਕਰਦੇ ਰਹੇ। ਸੰਗਤ ਬੜੀ ਹੈਰਾਨ ਹੈ ਕਿ ਸੰਤ ਜੀ ਕੀ ਭਾਣਾ ਵਰਤਾਉਣ ਲੱਗੇ ਹਨ। ਅੱਜ ਕਿਧਰ ਜਾ ਰਹੇ ਹਨ? ਪਰ ਬੋਲ ਕੋਈ ਨਹੀਂ ਰਿਹਾ। ਜਦੋਂ ਹੋਤੀ ਆਏ ਤਾਂ ਹੁਕਮ ਕੀਤਾ ਕਿ ਨੌਸ਼ਹਿਰੇ ਵੱਲ ਚਲੋ। ਰਸਤੇ ਵਿੱਚ ਸੰਗਤਾਂ ਹੋਰ ਰਲਦੀਆਂ ਗਈਆਂ। ਨੌਸ਼ਹਿਰਾਂ ਛਾਉਣੀ ਲੁੰਢੇ ਦਰਿਆ ਕਿਨਾਰੇ ਉਤਾਰਾ ਹੋਇਆ ਅਤੇ ਸੰਗਤਾਂ ਵਲੋਂ ਲੰਗਰ ਤਿਆਰ ਸੀ। ਸਾਰਿਆਂ ਨੂੰ ਛਕਾਇਆ ਗਿਆ। ਸੰਤਾਂ ਨੇ ਪੁਛਿਆ, "ਭਾਈ ਆਇਆ ਸਿੰਘ ਜੀ ਨਹੀਂ ਆਏ?" ਜਿਹੜੇ ਸੱਜਣ ਮਗਰੋਂ ਆਏ ਸਨ ਉਨ੍ਹਾਂ ਅਰਜ਼ ਕੀਤੀ, "ਮਹਾਰਾਜ! ਤੁਸੀਂ ਜਦੋਂ ਝੰਪਾਨ ਨੂੰ ਹੋਤੀ ਲੈ ਜਾਣ ਦਾ ਇਸ਼ਾਰਾ ਕੀਤਾ ਤਾਂ ਉਸ ਸਮੇਂ ਸੰਤ ਆਇਆ ਸਿੰਘ ਜੀ ਡੇਰਿਓ ਬਾਹਰ ਖੜ੍ਹੇ ਰੁਦਨ ਕਰ ਰਹੇ ਸਨ। ਅਸਾਂ ਅਰਜ਼ ਕੀਤੀ ਤੁਸੀਂ ਵੀ ਸਾਡੇ ਨਾਲ ਚੱਲੋ ਤਾਂ ਆਖਣ ਲੱਗੇ ਕਿ ਮੈਨੂੰ ਤਾਂ ਬਾਬਾ ਜੀ ਨੇ ਹੁਕਮ ਨਹੀਂ ਕੀਤਾ। ਪਰ ਗ਼ਰੀਬ ਨਿਵਾਜ਼! ਬੜੇ ਹਟਕੋਰੇ ਭਰ-ਭਰ ਕੇ ਰੋ ਰਹੇ ਸਨ।" ਉਸ ਸਮੇਂ ਪ੍ਰੇਮੀਆਂ ਦੇ ਪ੍ਰੇਮ ਪਰਖੁਏ ਦਾਤੇ ਨੇ ਭਾਈ ਸੰਤ ਸਿੰਘ ਤੇ ਭਗਤ ਸਿੰਘ ਹੋਰਾਂ ਨੂੰ ਹੁਕਮ ਕੀਤਾ। ਕਿ ਤੁਸੀਂ ਭਾਈ ਆਇਆ ਸਿੰਘ ਨੂੰ ਛੇਤੀ ਲੈ ਆਉ। ਉਸ ਸਮੇਂ ਸਰਦਾਰ ਜੀ ਆਪਣੀ ਕਾਰ ਤੇ ਸੰਤ ਆਇਆ ਸਿੰਘ ਜੀ ਨੂੰ ਲੈ ਆਏ। ਸੰਤ ਨਿਵੇਕਲੇ ਬੈਠੇ ਸਨ, ਸੰਤ ਆਇਆ ਸਿੰਘ ਜੀ ਆ ਕੇ ਚਰਨਾਂ ਤੇ ਡਿੱਗ ਪਏ ਤੇ ਬੜੇ ਰੋਏ। ਸੰਤਾਂ ਦੇ ਚਰਨ ਧੋ ਦਿੱਤੇ ਹੰਝੂ ਨਾ ਰੁਕਣ। ਸੰਤਾਂ ਨੇ ਚੁੱਕ ਕੇ ਗਲੇ ਨਾਲ ਲਾਇਆ ਤੇ ਆਖਿਆ, "ਕਿਉਂ ਸਾਧਾ! ਗਿਆਨਵਾਨ ਹੋ ਕੇ ਇਤਨਾਂ ਵੈਰਾਗ ਕਰਦਾ ਹੈਂ?" ਬਾਬਾ ਆਇਆ ਸਿੰਘ ਜੀ ਜਿਵੇਂ ਬੱਚਾ ਪਿਤਾ ਦੇ ਗਲ ਲੱਗਕੇ ਨਿਹੋਰੇ ਦਿੰਦਾ ਹੈ:

ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥
ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥

(ਪੰਨਾ ੫੧)

ਕਹਿਣ ਲੱਗੇ, "ਫਿਰ ਤੁਸਾਂ ਮੈਨੂੰ ਕਿਉਂ ਵਿਛੋੜਿਆ ਅਤੇ ਹੁਣ ਕੀ ਕਰਨ ਲੱਗੇ ਹੋ?" ਸੰਤਾਂ ਨੇ ਦਿਲਾਸਾ ਦਿੱਤਾ ਤੇ ਆਖਿਆ ਕਿ ਅਸੀਂ ਤੇਰੇ ਨਾਲ ਹਾਂ। ਸੈਦੂ ਜਾਣ ਲੱਗੇ ਹਾਂ ਹੁਣ ਤੂੰ ਸਾਡੇ ਨਾਲ ਹੀ ਰਹੀ। ਬੱਚੂ, ਰੋ ਨਾ, ਅਸੀਂ ਸਾਰਾ ਜਪ ਤਪ ਕਿਸ ਵਾਸਤੇ ਕੀਤਾ ਹੈ? ਤੇਰੇ ਲਈ ਹੀ ਤਾਂ ਕੀਤਾ ਹੈ। ਤੂੰ ਬੜਾ ਤੇਜ਼ ਪ੍ਰਤਾਪੀ ਹੋਵੇਂਗਾ ਦੁਨੀਆਂ ਤੇਰੇ ਰਾਹਾਂ ਵੱਲ ਤਕੇਗੀ। ਇਉਂ ਧੀਰਜ ਦਿੱਤਾ ਦੂਸਰੇ ਦਿਨ ਸਵੇਰੇ ਹੀ 'ਅਕੋੜੇ' ਸੰਗਤਾਂ ਨੂੰ ਦਰਸ਼ਨ ਦੇ ਕੇ ਸੈਦੂ ਪਹੁੰਚ ਗਏ। ਮਾਘ ਦੇ ਦਿਨ ਸਨ। ਜ਼ੋਰ ਦੀ ਸਰਦੀ ਪੈਂਦੀ ਸੀ। ਉਸ ਸਮੇਂ ਬਾਬਾ ਜੀ ਤਾਂ ਲੁੰਢੇ ਦਰਿਆ ਦੇ ਕਿਨਾਰੇ ਪੱਥਰ ਨਾਲ ਢੋਅ ਲਗਾਕੇ ਬੈਠ ਗਏ। ਜਿਵੇਂ ਹਜ਼ਾਰਾਂ ਚਕੋਰਾਂ ਚੰਦਰਮਾਂ ਵੱਲ ਤੱਕਦੀਆਂ ਹਨ, ਇਵੇਂ ਸੰਗਤਾਂ ਆਲੇ ਦੁਆਲੇ ਸਜ ਗਈਆਂ। ਸੈਦੂ ਵਿੱਚ ਨੌਂ ਘਰ ਹੀ ਹਿੰਦੂਆਂ ਦੇ ਸਨ ਬਾਕੀ ਸਾਰੇ ਚਾਰ ਹਜ਼ਾਰ ਪਠਾਣਾਂ ਦੇ ਸਨ। ਪਰ ਸੰਤਾਂ ਦਾ ਤੇਜ਼ ਪ੍ਰਤਾਪ ਸਾਰਿਆਂ ਤੇ ਛਾ ਗਿਆ। ਸਾਰੇ ਗ਼ਰੀਬ ਅਮੀਰ ਹਿੰਦੂ ਤੇ ਮੁਸਲਮਾਨ ਪਠਾਣਾਂ ਨੇ ਬਾਬਾ ਜੀ ਦੀ ਅਤਿਅੰਤ ਸੇਵਾ ਤੇ ਆਗਤ ਭਾਗਤ ਕੀਤੀ ਕਿਉਂਕਿ ਬਾਬਾ ਜੀ ਦੀ ਮਹਾਨ ਹਸਤੀ ਦੂਰ-ਦੂਰ ਤੱਕ ਮਸ਼ਹੂਰ ਸੀ। ਭਾਵੇਂ ਇਹ ਬੜਾ ਖ਼ਤਰਨਾਕ ਕਸਬਾ ਸੀ। ਇੱਥੋਂ ਲੰਘਣ ਵਾਲਾ ਕੋਈ ਹੀ ਕਰਮਾਂ ਨਾਲ ਇਨ੍ਹਾਂ ਦੇ ਕਹਿਰ ਤੋਂ ਬਚਿਆਂ ਹੋਣਾ ਹੈ। ਜਾਂ ਤਾਂ ਲੁੱਟ ਲੈਂਦੇ ਜਾਂ ਮਾਰ ਦਿੰਦੇ।

ਧੰਨ ਹਨ ਸੰਤ ਜੀ ਜਿਨ੍ਹਾਂ ਦਾ ਦਰਸ਼ਨ ਕਰਕੇ ਰਾਕਸ਼ ਦੇਵਤੇ ਬਣ ਗਏ। ਇਨ੍ਹਾਂ ਦੀ ਬੁੱਧੀ ਹੀ ਪਲਟ ਗਈ। ਸਭਨਾਂ ਦੇ ਮਨ ਚਾਅ ਚੜ੍ਹ ਗਿਆ ਕਿ ਅੱਜ ਸਾਡੇ ਪੀਰ ਜੀ ਆਏ ਹਨ। ਧੰਨ ਭਾਗ ਹਨ ਸਾਡੇ। ਸਭਨਾਂ ਨੇ ਆਪਣੇ ਘਰ ਖ਼ਾਲੀ ਕਰ ਦਿੱਤੇ। ਸਾਰਾ ਪਰਿਵਾਰ ਇੱਕ-ਇੱਕ ਕਮਰੇ ਵਿੱਚ ਹੋ ਗਿਆ ਤੇ ਹੋਰ ਸਾਰੇ ਕਮਰੇ ਸੰਗਤਾਂ ਦੀ ਰਿਹਾਇਸ਼ ਵਾਸਤੇ ਖ਼ਾਲੀ ਕਰ ਦਿੱਤੇ। ਸਰਦੀ ਦੂਰ ਕਰਨ ਵਾਸਤੇ ਅਗੀਠੇ ਬਾਲ ਦਿੱਤੇ। ਓਧਰ ਸਰਕਾਰ ਵੱਲੋਂ ਗਾਇਡ ਪਲਟਨ ਨੂੰ

ਵੀ ਛੁੱਟੀ ਦਿੱਤੀ ਗਈ ਕਿ ਸੰਤ ਜੀ ਸੈਦੂ ਗਏ ਹਨ, ਜਾ ਕੇ ਸੰਗਤਾਂ ਲਈ ਇੰਤਜ਼ਾਮ ਕਰੋ। ਸੰਗਤਾਂ ਵੀ ਵਹੀਰਾਂ ਘੱਤ ਕੇ ਸੈਦੂ ਵੱਲ ਆ ਰਹੀਆਂ ਸਨ। ਰਸਤੇ ਵਿੱਚ ਤੁਡੇਰ, ਅਕੋੜਾ, ਖੈਰਾਬਾਦ, ਜਹਾਂਗੀਰਾ ਸਭ ਨਗਰਾਂ ਵਲੋਂ ਜਗ੍ਹਾ-ਜਗ੍ਹਾ ਤੇ ਲੰਗਰ ਖੋਹਲੇ ਗਏ ਸਨ। ਸੈਦੂ ਦੇ ਪਠਾਣਾਂ ਨੇ ਸ਼ਰਧਾ ਨਾਲ ਆਪਣੇ ਘਰ ਖ਼ਾਲੀ ਕਰਕੇ ਸਭਨਾਂ ਨੂੰ ਨਵੇਂ ਮੰਜੇ ਬਿਸਤਰੇ ਦਿੱਤੇ। ਹੋਰ ਵੀ ਲੰਗਰ ਵਾਸਤੇ ਰਸਦ ਪਾਣੀ ਭੇਜ ਕੇ ਸੇਵਾ ਕੀਤੀ। ਸੈਦੂ ਵਿੱਚ ਇੱਕ ਮਾਈ ਚੰਨੋ ਰਹਿੰਦੀ ਸੀ (ਕਈ ਇਸ ਦਾ ਨਾਮ ਦੇਵਕੀ ਵੀ ਕਹਿੰਦੇ ਹਨ) ਸੰਤਾਂ ਨੇ ਇਸ ਨੂੰ ਪਾਸ ਬੁਲਾਇਆ। ਇਸਨੇ ਹਜ਼ੂਰੀ ਵਿੱਚ ਪੁੱਜ ਕੇ ਭਾਵਨਾ ਨਾਲ ਮੱਥਾ ਟੇਕਿਆ। ਸੰਤਾਂ ਨੇ ਇਸਨੂੰ ਆਖਿਆ, "ਮਾਈ! ਤੂੰ ਆਪਣੇ ਘਰ ਦੀ ਕੀਮਤ ਲੈ ਲੈ ਤੇ ਮਕਾਨ ਖ਼ਾਲੀ ਕਰ ਦੇ, ਸਾਡਾ ਸਰੀਰ ਇਸੇ ਮਕਾਨ ਵਿੱਚ ਛੁੱਟੇਗਾ ਕਿਉਂਕਿ ਏਥੇ ਬੜੇ ਸਿੰਘ ਸ਼ਹੀਦ ਹੋਏ ਹਨ। ਉਨ੍ਹਾਂ ਨਾਲ ਸਾਡਾ ਬਚਨ ਸੀ ਕਿ ਅੰਤ ਸਮੇਂ ਅਸੀਂ ਵੀ ਏਥੇ ਹੀ ਸਰੀਰ ਤਿਆਗਾਂਗੇ। ਇਹ ਜਗਾ ਵੀ ਸਾਡੀ ਹੈ। ਪਹਿਲੇ ਜਨਮ ਅਸਾਂ ਏਥੇ ਬੜਾ ਤਪ ਕੀਤਾ ਹੈ ਤੇ ਲੰਗਰ ਚਲਾਇਆ ਹੈ। ਇਸ ਜਗਾ ਹੇਠਾਂ ਲੋਹੇ ਦੀ ਲੋਹ ਵੀ ਗੱਡੀ ਪਈ ਹੈ। ਸਾਡੇ ਖੂੰਟੀ ਵਾਲੇ ਪਊਏ ਤੇ ਆਸਣ ਵੀ ਪਿਆ ਹੈ।" ਮਹਾ ਪੁਰਸ਼ਾਂ ਦੀ ਰਸਨਾਂ ਤੋਂ ਇਹ ਬਚਨ ਸੁਣਕੇ ਕੀ ਹਿੰਦੂ ਕੀ ਮੁਸਲਮਾਨ ਸਭ ਹੀ ਬੜੇ ਹੈਰਾਨ ਹੋਏ। ਕਈ ਅਸ਼ਰਧਕ ਕਹਿਣ ਲੱਗੇ ਇਹ ਗੱਲ ਕਿਵੇਂ ਹੋ ਸਕਦੀ ਹੈ? ਇਤਨਾਂ ਸਮਾਂ ਆਸਣ ਤੇ ਖੜਾਵਾਂ ਕਿਵੇਂ ਰਹਿ ਸਕਦੀਆਂ ਹਨ? ਸੰਤਾਂ ਨੇ ਸਭਨਾਂ ਦੇ ਅੰਦਰ ਦੀ ਜਾਣਕੇ ਤੇ ਗੁਰੂ ਘਰ ਤੇ ਸ਼ਰਧਾ ਦੇਣ ਵਾਸਤੇ ਉਹ ਜਗ੍ਹਾ ਖੁਦਵਾਈ ਤਾਂ ਸਾਰੀਆਂ ਚੀਜ਼ਾਂ ਉਸੇ ਤਰ੍ਹਾਂ ਪ੍ਰਾਪਤ ਹੋ ਆਈਆਂ। ਫਿਰ ਤਾਂ ਮਾਈ ਅਤੇ ਹੋਰ ਸੰਗਤ ਦਾ ਬਾਬਾ ਜੀ ਤੇ ਅਤਿਅੰਤ ਨਿਸ਼ਚਾ ਹੋ ਗਿਆ। ਮਾਈ ਨੇ ਹੱਥ ਜੋੜੇ ਤੇ ਕਿਹਾ, "ਦਾਤਾ! ਧੰਨ ਭਾਗ ਹਨ ਮੇਰੇ ਜੋ ਮੇਰਾ ਨਿਮਾਣੀ ਦਾ ਘਰ ਹਜ਼ੂਰ ਦੇ ਕਿਸੇ ਕੰਮ ਆਵੇ ਅਤੇ ਆਪ ਏਥੇ ਆਪਣੀ ਅੰਤਮ ਆਰਾਮਗਾਹ ਬਣਾਓ। ਇਹ ਥਾਂ ਜਗਤ ਪੂਜਯ ਬਣ ਗਈ। ਮੈਂ ਇਸਦਾ ਕੁਝ ਵੀ ਨਹੀਂ ਲੈਣਾ।

ਇਉਂ ਆਖਕੇ ਮਾਈ ਨੇ ਆਪਣਾ ਘਰ ਖ਼ਾਲੀ ਕਰ ਦਿੱਤਾ। ਸੰਤਾਂ ਨੇ ਇਸ ਵਿੱਚ ਆਪਣਾ ਆਸਣ ਲਾਇਆ। ਦਿਨ ਦਾ ਸਮਾਂ ਲੁੰਢੇ ਦਰਿਆ ਦੇ ਕਿਨਾਰੇ ਭਜਨ ਕਰਦੇ। ਰਾਤੀਂ ਸੈਦੂ ਆ ਜਾਂਦੇ। ਸੰਤ ਜੀ ਏਥੇ ੧੧ ਦਿਨ ਠਹਿਰੇ। ਅੱਠੇ ਪਹਿਰ ਖੁੱਲ੍ਹਾ ਲੰਗਰ ਚਲਦਾ। ਰਾਤ ਦਿਨ ਹਰੀ ਜਸ ਗੁਰਬਾਣੀ ਦੇ ਕੀਰਤਨ ਦਾ ਪ੍ਰਵਾਹ ਜਾਰੀ ਸੀ। ਸ਼ਿਵੇ ਨਗਰ ਤੇ ਹੋਰ ਪਿੰਡਾਂ ਦੇ ਰਾਗੀ ਜਥੇ ਵੀ ਪੁੱਜ ਗਏ। ਜਿਉਂ ਜਿਉਂ ਗੁਰਸਿੱਖਾਂ ਨੂੰ ਪਤਾ ਲੱਗਦਾ ਜਾ ਰਿਹਾ ਸੀ ਸਾਰੇ ਹੰਝੂ ਕੇਰਦੇ ਸੈਦੂ ਦੀ ਭਾਗਾਂ ਭਰੀ ਧਰਤੀ ਦੀ ਮਿੱਟੀ ਨੂੰ ਪਰਸਨ ਆ ਰਹੇ ਸਨ। ਹਿੰਦੂ, ਮੁਸਲਮਾਨ, ਪੜ੍ਹੇ, ਅਨਪੜ੍ਹੇ, ਵਿਦਵਾਨ, ਪੰਡਿਤ, ਉਦਾਸੀ ਤੇ ਨਿਰਮਲੇ ਸੰਤ, ਤਿਆਗੀ, ਵਿਰੱਕਤ, ਜਗਿਆਸੂ ਤੇ ਬੀਤਰਾਗ ਸਾਧੂ ਜਿਨ੍ਹਾਂ-ਜਿਨ੍ਹਾਂ ਨੂੰ ਵੀ ਪਤਾ ਲੱਗਾ, ਪੁੱਜੇ। ਹਜ਼ੂਰ ਖੁਲ੍ਹੇ ਪੰਡਾਲ ਵਿੱਚ ਸਜ ਕੇ ਸਭਨਾਂ ਦੀਆਂ ਮੰਗਾਂ ਪੂਰੀਆਂ ਕਰਦੇ ਸਨ। ਪੰਡਾਲ ਦੇ ਉਦਾਲੇ ਕਨਾਤਾਂ ਤਾਣ ਕੇ ਪ੍ਰੇਮੀ ਪਹਿਰੇ ਤੇ ਖੜ੍ਹੇ ਸਨ। ਇੱਕ ਅੰਦਰ ਆਉਣ ਵਾਲਾ ਤੇ ਇੱਕ ਬਾਹਰ ਜਾਣ ਵਾਲਾ ਦੋ ਦਰਵਾਜ਼ੇ ਰੱਖੇ ਸਨ। ਇਕੱਲਾ-ਇਕੱਲਾ ਪ੍ਰੇਮੀ ਅੰਦਰ ਜਾਂਦਾ ਸੀ ਤੇ ਮੱਥਾ ਟੇਕ ਕੇ ਆਪਣੇ ਜੀ ਆਈ ਇੱਕ ਮੰਗ ਮੰਗਦਾ ਸੀ। ਸੰਤ ਬਹੁਤੇ ਬਚਨ ਨਹੀਂ ਸਨ ਕਰਦੇ ਸਿਰਫ ਇਤਨਾਂ ਹੀ ਆਖਦੇ, "ਪ੍ਰੇਮੀਆਂ! ਤੇਰੀ ਇਹ ਮੰਗ ਗੁਰੂ ਨਾਨਕ ਦੇ ਘਰੋਂ ਪੂਰੀ ਹੋ ਜਾਸੀ।" ਦੂਜੇ ਦਰਵਾਜ਼ੇ ਰਾਹੀ ਕਨਾਤ ਤੋਂ ਬਾਹਰ ਕੱਢ ਦਿੰਦੇ ਸਨ। ਫਿਰ ਇਸੇ ਤਰ੍ਹਾਂ ਦੂਸਰਾ ਆਉਂਦਾ ਤੇ ਉਸਦੀ ਵੀ ਮੰਗ ਪੂਰੀ ਕਰਦੇ। ਇਉਂ ਇਕਾਂਤ ਵਿੱਚ ਰੋਜ਼ ਦੋ ਘੰਟੇ ਬੈਠ ਕੇ ਪ੍ਰੇਮੀਆਂ ਨੂੰ ਭੋਗ ਮੋਖ ਦੇ ਪਦਾਰਥਾਂ ਦੀ ਵੰਡ ਕਰ ਰਹੇ ਸਨ।

# ਵੈਰਾਗਮਈ ਉਪਦੇਸ਼

ਜਿਉਂ-ਜਿਉਂ ਬਾਬਾ ਜੀ ਦੇ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਆ ਰਿਹਾ ਸੀ ਤਿਉਂ-ਤਿਉਂ ਪ੍ਰੇਮੀਆਂ ਦੇ ਅੰਦਰ ਵੈਰਾਗ ਅਤੇ ਵਿਛੋੜੇ ਦਾ ਦੁਖ ਵਧਦਾ ਹੀ ਜਾ ਰਿਹਾ ਸੀ।

ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ ॥

(ਪੰਨਾ ੫੨੦)

ਗੁਰੂ ਪ੍ਰਮੇਸ਼ਰ ਤੇ ਸਤਿ ਪੁਰਸ਼ਾਂ ਦੇ ਵਿਛੋੜੇ ਦੇ ਦੁਖ ਲੋਹੇ ਦੇ ਜਬੂਰਾਂ ਜਾ ਕਾਲੇ ਡੇਂਬੂਆਂ ਦੇ ਸਮਾਨ ਦੁਖਦਾਈ ਹਨ, ਸਹਾਰੇ ਨਹੀਂ ਜਾਂਦੇ ਸਹਾਰਨੇ ਬੜੇ ਕਠਨ ਹਨ।

ਸਭਨਾਂ ਦੇ ਦਿਲਾਂ ਦੀਆਂ ਜਾਨਣਹਾਰ ਨੇ ਸੰਗਤ ਨੂੰ ਅੰਤਮ ਉਪਦੇਸ਼ ਕੀਤਾ, "ਗੁਰਸਿੱਖੋ! ਸੰਸਾਰ ਦੀ ਰਚਨਾ ਨਦੀ ਦੇ ਪ੍ਰਵਾਹ, ਘੁਮਿਆਰ ਦੇ ਚੱਕ ਤੇ ਬੇੜੀ ਦੇ ਪੂਰ ਵਾਗੂੰ ਸਦਾ ਚਲਦੀ ਹੀ ਰਹਿੰਦੀ ਹੈ। ਵਿਗਿਆਨ ਵਾਦੀ ਪਰਵਾਹ ਰੂਪ ਸੰਸਾਰ ਨੂੰ ਅਨਾਦੀ ਕਾਲ ਤੋਂ ਮੰਨਦੇ ਹਨ। ਇਸ ਵਿੱਚ ਜੋ ਵੀ ਆਇਆ ਉਹ ਸਮੇਂ ਅਨੁਸਾਰ ਚਲਾ ਗਿਆ। ਮੁਸਲਮਾਨੀ ਮਸਲਿਆਂ ਵਿੱਚ ਲਿਖਿਆ ਹੈ ਕਿ ਜੇ ਇੱਕ ਪੈਰ ਧਰੀਏ ਉਹ ਰਾਜੇ ਦੀ ਕਬਰ ਤੇ ਟਿਕਦਾ ਹੈ, ਦੂਜਾ ਪੈਰ ਵਜ਼ੀਰ ਦੀ ਕਬਰ ਤੇ। ਸੰਸਾਰ ਵਿੱਚ ਇਤਨੇ ਬਾਦਸ਼ਾਹ ਤੇ ਵਜ਼ੀਰ ਹੋ ਚੁੱਕੇ ਹਨ ਹੋਰ ਜੀਵਾਂ ਦੀ ਤਾਂ ਕੀ ਗਿਣਤੀ ਹੈ। ਜਦੋਂ ਗੁਰੂ ਨਾਨਕ ਦੇਵ ਭਾਈ ਬਾਲੇ ਤੇ ਮਰਦਾਨੇ ਸਮੇਤ ਸੁਮੇਰ ਪਰਬਤ ਤੇ ਪਹੁੰਚੇ ਉੱਥੇ ਸਿੱਧਾਂ ਨੂੰ ਉਪਦੇਸ਼ ਕਰਕੇ ਅੱਗੇ ਧਰੂਅ ਭਗਤ ਦੀ ਪੁਰੀ ਨੂੰ ਜਾਂਦਿਆਂ ਰਸਤੇ ਵਿੱਚ ਦੀਰਘ ਆਯੂ ਵਾਲਾ ਕਾਗ ਭਸੁੰਡ ਰਿਸ਼ੀ ਮਿਲਿਆ। ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਨਮਸਕਾਰ ਕੀਤੀ। ਬਚਨ ਬਿਲਾਸ ਸ਼ੁਰੂ ਹੋਏ। ਮਰਦਾਨੇ ਨੇ ਪੁੱਛਿਆ, "ਹੇ ਪਰਮ ਰਖੀਸ਼ਰ! ਆਪ ਇਸ ਜਗ੍ਹਾ ਕਿਤਨੇ ਕੁ ਚਿਰ ਤੋਂ ਬੈਠੇ ਹੋ?" ਉਸ ਨੇ ਕਿਹਾ, "ਮੇਰੇ ਦੇਖਦਿਆਂ-ਦੇਖਦਿਆਂ ਕਿਤਨੀ ਵਾਰ ਮਹਾਂ ਪਰਲੋ ਆ ਚੁੱਕੀ ਹੈ ਅਤੇ ਕਿਤਨੀ ਵਾਰ ਸ੍ਰਿਸਟੀ ਦੀ ਰਚਨਾ ਹੋਈ ਹੈ।

ਕਈ ਬਾਰ ਪਸਰਿਓ ਪਾਸਾਰ ॥
ਸਦਾ ਸਦਾ ਇਕੁ ਏਕੰਕਾਰ ॥

(ਪੰਨਾ ੨੭੬)

ਸਤਿਯੁਗ ਦੀ ਉਮਰ ਸਤਾਰਾਂ ਲੱਖ ਅਠਾਈ ਹਜ਼ਾਰ ਸਾਲ ਦੀ ਹੈ। ਤ੍ਰੇਤੇ ਯੁੱਗ ਦੀ ਆਯੂ ਬਾਰਾਂ ਲੱਖ ਛਿਆਨਵੇਂ ਹਜ਼ਾਰ ਸਾਲ ਦੀ ਹੈ। ਦੁਆਪਰ ਯੁੱਗ ਦੀ ਉਮਰ ਅੱਠ ਲੱਖ ਚੌਂਹਟ ਹਜ਼ਾਰ ਸਾਲਾਂ ਦੀ ਹੈ ਅਤੇ ਕਲਯੁੱਗ ਦੀ ਉਮਰ ਚਾਰ ਲੱਖ ਬੱਤੀ ਹਜ਼ਾਰ ਸਾਲ ਦੀ ਹੈ। ਇਉਂ ਚੌਹਾਂ ਯੁੱਗਾਂ ਦੀ ਉਮਰ ਤ੍ਰਿਤਾਲੀ ਲੱਖ ਵੀਹ ਹਜ਼ਾਰ ਸਾਲ ਬਣਦੀ ਹੈ। ਇਨ੍ਹਾਂ ਚੌਹਾਂ ਯੁੱਗਾਂ ਦੀ ਹਜ਼ਾਰ ਚੌਕੜੀ ਬਤੀਤ ਹੋਣ ਤੇ ਬ੍ਰਹਮਾਂ ਦਾ ਇੱਕ ਦਿਨ ਬਣਦਾ ਹੈ। ਜਿਸ ਬ੍ਰਹਮਾ ਦੇ ਇੱਕ ਦਿਨ ਵਿੱਚ ਚੌਂਦਾ ਇੰਦਰ ਆਪਣੀ ਆਯੂ ਅਤੇ ਰਾਜ ਭੋਗ ਕੇ ਮ੍ਰਿਤ ਹੋ ਜਾਂਦੇ ਹਨ। ਇਤਨੇ ਦਿਨਾਂ ਦੇ ਸਮਾਨ ਹੀ ਇਤਨੀ ਵੱਡੀ ਬ੍ਰਹਮਾਂ ਦੀ ਰਾਤ ਹੈ। ਇਤਨੇ ਵੱਡੇ ਤੀਹ ਦਿਨਾਂ ਦਾ ਇੱਕ ਮਹੀਨਾਂ ਤੇ ਬਾਰਾਂ ਮਹੀਨੇ ਦਾ ਇੱਕ ਸਾਲ ਹੁੰਦਾ ਹੈ। ਸੌ ਸਾਲ ਦੀ ਬ੍ਰਹਮਾ ਦੀ ਆਯੂ ਹੈ। ਬ੍ਰਹਮਾ ਦੀ ਉਮਰ ਪੂਰੀ ਹੋਣ ਤੋਂ ਸੰਸਾਰ ਤੇ ਮਹਾਂ ਪਰਲੋ ਆਉਂਦੀ ਹੈ। ਮੇਰੇ ਦੇਖਦਿਆਂ-ਦੇਖਦਿਆਂ ਕਈ ਬ੍ਰਹਮਾ ਮ੍ਰਿਤੂ ਹੋ ਗਏ।" ਬਾਬਾ ਕਰਮ ਸਿੰਘ ਜੀ ਫੁਰਮਾਉਂਦੇ ਰਹੇ, "ਪ੍ਰੇਮੀਓ! ਪ੍ਰਮੇਸ਼ਰ ਦੀ ਨੇਤ ਹੀ ਐਸੀ ਹੈ। ਸੰਸਾਰ ਅਨਿਤ ਰੂਪ ਹੈ ਜਿਵੇਂ ਨਦੀ ਦੇ ਕਿਨਾਰੇ ਤੇ ਖੜ੍ਹਾ ਮਨੁੱਖ ਸ਼ਾਮ ਦੇ ਸਮੇਂ ਉਸ ਦੇ ਪ੍ਰਵਾਹ ਨੂੰ ਦੇਖਦਾ ਹੈ। ਸਵੇਰ ਦੇ ਵਕਤ ਜਦੋਂ ਫਿਰ ਆ ਕੇ ਦੇਖਦਾ ਹੈ, ਉਸੇ ਤਰ੍ਹਾਂ ਨਦੀ ਦਾ ਪ੍ਰਵਾਹ ਜਾਰੀ ਹੈ ਪਰ ਰਾਤ ਵਾਲਾ ਜਲ ਸਵੇਰ ਵਾਲੇ ਜਲ ਤੋਂ ਕਈ ਕੋਹਾਂ ਦੂਰ ਚਲਾ ਗਿਆ। ਮੁੜਕੇ ਉਸ ਵਿੱਚ ਪਿੱਛੋਂ ਫਿਰ ਹੋਰ ਜਲ ਆ ਗਿਆ। ਇਸੇ ਤਰ੍ਹਾਂ ਸਾਰੇ ਜੀਵ ਆਪਣੀ ਆਯੂ ਭੋਗ ਕੇ ਰੱਬੀ ਹੁਕਮ ਅਨੁਸਾਰ ਪ੍ਰਲੋਕ ਚਲੇ ਜਾਂਦੇ ਹਨ। ਉਨ੍ਹਾਂ ਦੀ ਥਾਂ ਨਵੇ ਆਏ ਜੀਵ ਮੱਲ ਲੈਂਦੇ ਹਨ। ਸੰਸਾਰ ਦੀ ਰਚਨਾ ਪਹਿਲਾਂ ਵਾਂਗੂੰ ਹੀ ਪੂਰੀ ਦਿਸਦੀ ਹੈ ਪਰ ਹੈ ਨਾਸ਼ਵੰਤ ਸਰੀਰ ਦੇ ਜਾਣ ਦਾ ਸ਼ੋਕ ਨਹੀਂ ਕਰਨਾ ਚਾਹੀਦਾ। ਅਸੀਂ ਮਾਘ ਸੁਦੀ ਨੌਂਵੀ ਦਿਨ ਬੁੱਧਵਾਰ ਨੂੰ ਸਵੇਰੇ ਸਾਢੇ ਦਸ ਵਜੇ ਪ੍ਰਲੋਕ ਗਮਨ ਕਰਾਂਗੇ। ਸਾਡੇ ਸਰੀਰ ਦਾ ਸੰਸਕਾਰ ਨਹੀਂ ਕਰਨਾ ਸੰਦੂਕ ਵਿੱਚ ਪਾ ਕੇ ਜਲ ਪ੍ਰਵਾਹ ਕਰ ਦੇਣਾ ਅਤੇ ਨਾ ਹੀ ਸਾਡੀ ਫੋਟੋ ਲੈਣੀ। ਇਹ ਬਚਨ ਸੁਣਕੇ ਸੰਗਤ ਨੂੰ ਇਤਨਾਂ ਵੈਰਾਗ ਹੋਇਆ ਕਿ ਰੋਂਦਿਆਂ-ਰੋਂਦਿਆਂ ਦੇ ਗਲੇ ਬੈਠ ਗਏ। ਸੰਤਾਂ ਦਾ ਪ੍ਰੇਮੀ ਸ੍ਰ: ਬੁੱਧ ਸਿੰਘ ਤਹਿਸੀਲਦਾਰ ਵੀ ਵਿੱਚੇ ਹੀ ਬੈਠਾ ਸੀ। ਉਸ ਨੇ ਸੰਦੂਕ ਦੀ ਸੇਵਾ ਨੂੰ ਆਪਣੇ ਧੰਨ ਭਾਗ ਜਾਣਕੇ ਸਾਰੀ ਸੰਗਤ ਵਿੱਚ ਹੱਥ

ਜੋੜਕੇ ਬੇਨਤੀ ਕੀਤੀ ਕਿ ਮਹਾਰਾਜ! ਕ੍ਰਿਪਾ ਕਰਕੇ ਸੰਦੂਕ ਬਨਾਉਣ ਦੀ ਪਵਿੱਤਰ ਸੇਵਾ ਦਾਸ ਨੂੰ ਬਖ਼ਸ਼ੋ। ਸੰਤਾਂ ਨੇ ਉਸਦੀ ਬੇਨਤੀ ਪ੍ਰਵਾਨ ਕਰ ਲਈ ਤੇ ਆਗਿਆ ਦੇ ਦਿੱਤੀ। ਉਸ ਨੇ ਬੜੇ ਪਿਆਰ ਨਾਲ ਬਹੁਤ ਸਾਰੀ ਮਾਇਆ ਖਰਚ ਕੇ ਬੜਾ ਸੁੰਦਰ ਸੰਦੂਕ ਬਣਵਾਇਆ। ਜਿਸਦੇ ਅੰਦਰ ਕੀਮਤੀ ਮਖ਼ਮਲ ਲਗਵਾਈ ਤੇ ਹੋਰ ਸੁਗੰਧੀ ਵਾਲੀਆਂ ਚੀਜ਼ਾਂ ਅਤਰ, ਕਿਓੜਾ, ਸੈਂਟ ਵਗ਼ੈਰਾ ਛਿੜਕਿਆ। ਸਮਾਂ ਲੰਘਦਾ ਗਿਆ। ਸੰਗਤਾਂ ਜੁੜਦੀਆਂ ਗਈਆਂ।

ਅੱਜ ਮਾਘ ਸੁਦੀ ਨੌਮੀ ਤੇ ਸੰਤਾਂ ਦੇ ਸਮਾਉਣ ਦਾ ਅੰਤਲਾ ਦਿਨ ਸੀ। ਬਿਕ੍ਰਮੀ ਸੰਮਤ ੧੯੫੯ ਈਸਵੀ ੧੯੦੨ ਸੀ। ਸਵੇਰ ਦੇ ਸਮੇਂ ਸੰਤਾਂ ਨੇ ਕੇਸੀ ਇਸ਼ਨਾਨ ਕੀਤਾ। ਨਵੀਨ ਬਸਤਰ ਪਹਿਨੇ, ਦਾੜ੍ਹਾ ਖੋਲ੍ਹ ਲਿਆ ਤੇ ਇਸੇ ਕੋਠੀ ਵਿੱਚ ਆ ਗਏ। ਇੱਕ ਤਖਤਪੋਸ਼ ਤੇ ਵਿਛੌਣਾ ਕਰਕੇ ਬੈਠ ਗਏ ਰਾਗੀ ਸਿੰਘਾਂ ਨੂੰ ਹੁਕਮ ਕੀਤਾ ਕਿ ਮਾਰੂ ਰਾਗ ਦੇ ਸ਼ਬਦ ਪੜ੍ਹੋ ਅਤੇ ਸੰਗਤ ਨੂੰ ਆਖਿਆ ਕਿਸੇ ਪ੍ਰੇਮੀ ਨੇ ਵੈਰਾਗ ਨਹੀਂ ਕਰਨਾ। ਸਾਡੇ ਸਰੀਰ ਨੂੰ ਅਟਕ ਦਰਿਆ ਵਿੱਚ ਪ੍ਰਵਾਹ ਕਰ ਦੇਣਾ ਹੈ। ਕਿਸੇ ਨੇ ਫੋਟੋ ਨਹੀਂ ਲੈਣੀ। ਸੰਤਾਂ ਨੇ ਬਾਬਾ ਆਇਆ ਸਿੰਘ ਜੀ ਨੂੰ ਆਪਣੇ ਪਾਸ ਬੁਲਾਅ ਲਿਆ ਤੇ ਹੁਕਮ ਕੀਤਾ ਕਿ ਤੁਸੀਂ ਰੁਦਨ ਨਹੀਂ ਕਰਨਾ। ਇਸੇ ਤਰ੍ਹਾਂ ਸੰਗਤ ਨੂੰ ਨਾਮ ਬਾਣੀ ਨਾਲ ਜੋੜੀ ਰੱਖਣਾ। ਸੰਤ ਆਇਆ ਸਿੰਘ ਜੀ ਨੇ ਅਰਜ਼ ਕੀਤੀ, "ਮਹਾਰਾਜ! ਆਪ ਅੰਤਰਯਾਮੀ ਹੋ ਮੇਰੀ ਕਿਸੇ ਨਾਲ ਦਵੈਸ਼ ਨਹੀਂ ਮੇਰਾ ਤੁਹਾਡੇ ਬਗ਼ੈਰ ਹੋਰ ਕੋਈ ਆਸਰਾ ਵੀ ਨਹੀਂ।" ਸੰਤਾਂ ਨੇ ਕਿਹਾ, "ਤੇਰਾ ਬੜਾ ਤੇਜ਼ ਪ੍ਰਤਾਪ ਵਧੇਗਾ। ਤੇਰੇ ਨਾਲ ਦਵੈਸ਼ ਕਰਨ ਵਾਲੇ ਦਾ ਨਾਸ਼ ਹੋ ਜਾਵੇਗਾ। ਸੇਵਾ ਕਰਨ ਵਾਲੇ ਤੇ ਬਚਨ ਮੰਨਣ ਵਾਲੇ ਸ਼ਰਧਾਲੂ ਸੇਵਾਦਾਰਾਂ ਦੇ ਬੇੜੇ ਪਾਰ ਹੋਣਗੇ।" ਇਉਂ ਬੜੇ ਵਰ ਦਿੱਤੇ। ਫੇਰ ਉਨ੍ਹਾਂ ਦੇ ਪੱਟ ਤੇ ਸੀਸ ਰੱਖ ਕੇ ਲੰਮੇ ਪੈ ਗਏ। ਏਧਰੋਂ ਘੜੀ ਦੀ ਸੂਈ ੧੦ ਵੱਜ ਕੇ ਪੰਦਰਾਂ ਮਿੰਟ ਤੇ ਚਲੀ ਗਈ ਸਜਲ ਨੇਤਰੀਂ ਹਜ਼ਾਰਾਂ ਹੀ ਹਿੰਦੂ ਮੁਸਲਮਾਨ ਚਿੱਤ੍ਰੀਆਂ ਮੂਰਤੀਆਂ ਵਾਂਗ ਪਾਸ ਬੈਠੇ ਸੰਤ ਜੀ ਵੱਲ ਤੱਕ ਰਹੇ ਸਨ। ਫੌਜੀ ਬੇੜੇ ਜਰਨਲ, ਕਰਨਲ, ਕਪਤਾਨ ਆਦਿ ਅਫਸਰ ਤੇ ਅੰਗਰੇਜ਼ ਵਾਰੋ ਵਾਰੀ ਆਪਣੀਆਂ ਘੜੀਆਂ ਵੱਲ ਦੇਖ ਰਹੇ ਸਨ ਤੇ ਆਪਸ ਵਿੱਚ ਹੈਰਾਨ ਹੋ ਕੇ ਕਹਿ ਰਹੇ ਸੀ ਕਿ ਸਿਰਫ ੧੦ ਮਿੰਟ ਬਾਕੀ ਰਹਿ ਗਏ ਹਨ। ਸਰੀਰ ਨਿਰੋਗ ਹੈ, ਬਚਨ ਬਿਲਾਸ ਪਏ ਕਰਦੇ ਹਨ। ਇਹ ਗੱਲ ਕਿਵੇਂ ਹੋ ਸਕਦੀ ਹੈ। ੧੦ ਵੱਜ ਕੇ ੨੦ ਮਿੰਟਾਂ ਤੇ ਸੰਤਾਂ ਨੇ ਸਭਨਾਂ ਵੱਲ ਇੱਕ ਮੇਹਰਾਂ ਭਰੀ ਦ੍ਰਿਸ਼ਟੀ ਪਾ ਕੇ ਆਪਣੀਆਂ ਪਲਕਾਂ ਜੋੜ ਲਈਆਂ ਤੇ ਸਰੀਰ ਤੇ ਚਾਦਰਾ ਪਾ ਕੇ ਆਪਣਾ ਚੇਹਰਾ ਵੀ ਢਕ ਲਿਆ। ੧੦ ਵੱਜ ਕੇ ੨੫ ਮਿੰਟ ਤੇ ਇੱਕ ਵਾਰ ਸੱਜੇ ਚਰਨ ਦਾ ਅੰਗੂਠਾ ਹਿਲਿਆ ਤੇ ਸਹੀ ਸਾਢੇ ੧੦ ਵਜੇ ਪੰਜ ਭੌਤਿਕ ਸਰੀਰ ਨੂੰ ਤਿਆਗ ਕੇ ਆਪਣੇ ਨਿੱਜੀ ਧਾਮ ਸੱਚ ਖੰਡ ਜਾ ਬਿਰਾਜੇ।

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥

(ਪੰਨਾ ੨੭੮)

ਅਥਵਾ: ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥

(ਪੰਨਾ ੮੪੬)

ਇਸ ਵਕਤ ਦਿੱਲੀ ਤੋਂ ਲੈ ਕੇ ਪਿਸ਼ੌਰ ਤੱਕ ਦੇ ਵਿਚਕਾਰ ਦੀਆਂ ਸੰਗਤਾਂ ਹਾਜ਼ਰ ਸਨ। ਕਿਉਂਕਿ ਸੰਤਾਂ ਨੇ ਆਪਣੇ ਜੋਤੀ ਜੋਤ ਸਮਾਉਣ ਦਾ ਸਮਾਂ ਪਹਿਲਾਂ ਹੀ ਦੱਸ ਦਿੱਤਾ ਸੀ, ਜਿਸ ਕਰਕੇ ਲੱਖਾਂ ਦੀ ਗਿਣਤੀ ਵਿੱਚ ਹਿੰਦੂ, ਮੁਸਲਮਾਨ, ਮਾਈ, ਭਾਈ ਹਾਜ਼ਰ ਸਨ। ਸਭਨਾਂ ਨੇ ਰੱਜ-ਰੱਜ ਕੇ ਦਰਸ਼ਨ ਕੀਤੇ। ਅੰਮ੍ਰਿਤਮਈ ਬਚਨ ਸੁਣੇ।

ਫਿਰ ਸੰਤਾਂ ਦੇ ਬਚਨ ਅਨੁਸਾਰ ਸਰੀਰ ਨੂੰ ਅਟਕ ਦਰਿਆ ਵਿੱਚ ਲੈ ਜਾਣ ਦੀ ਤਿਆਰੀ ਕੀਤੀ ਗਈ। ਉਸ ਸਮੇਂ ਸਭਨਾਂ ਨੇ ਸੰਤਾਂ ਦੇ ਸਰੀਰ ਨੂੰ ਸੰਦੂਕ ਵਿੱਚ ਬਿਰਾਜਮਾਨ ਕਰਕੇ ਝੰਪਾਨ ਤੇ ਰੱਖ ਲਿਆ। ਫੁੱਲਾਂ ਦੇ ਹਾਰਾਂ ਨਾਲ ਝੰਪਾਨ ਨੂੰ ਸਜਾਇਆ ਗਿਆ। ਸੰਗਤਾਂ ਵਲੋਂ ਬੇਅੰਤ ਮਾਇਆ ਤੇ ਕੀਮਤੀ ਦੁਸ਼ਾਲੇ ਭੇਟ ਹੋਏ। ਬਾਬਾ ਅਜੀਤ ਸਿੰਘ ਜੀ ਬੇਦੀ (ਜੋ ਕਮੇਟੀ ਦੇ ਮੈਂਬਰ ਵੀ ਸਨ) ਇਸ ਗੁਰੂ ਅੰਸ ਨੇ ਜਲੂਸ ਦੇ ਚੱਲਣ ਦਾ ਅਰਦਾਸਾ ਸੋਧਿਆ। ਸੈਦੂ ਤੋਂ ਸ਼ਬਦੀ ਜਥੇ ਜੋੜੀਆਂ ਵਾਲੇ ਰਾਗੀ ਕੀਰਤਨ ਕਰਦੇ ਜਾ ਰਹੇ ਸਨ। ਫੌਜੀ ਬੈਂਡ ਤੇ ਦੇਸੀ ਵਾਜੇ ਵਜਦਿਆਂ ਹੋਇਆਂ ਜਲੂਸ ਰਵਾਨਾਂ ਹੋਇਆ। ਸਭ ਪਾਸੇ ਜੈ ਜੈਕਾਰ ਦੇ ਆਵਾਜ਼ੇ ਤੇ ਵਾਜੇ ਵੱਜ ਰਹੇ ਸਨ। ਹਜ਼ਰੋ ਨਿਵਾਸੀ ਭਾਈ ਬਿਸ਼ਨ ਦਾਸ ਜੀ ਵੈਰਾਗਮਈ ਕੀਰਤਨ ਕਰਦੇ ਨਾਲ ਜਾ ਰਹੇ ਸਨ। ਭਾਈ ਮੇਹਰ ਸਿੰਘ ਹਜ਼ਰੋ ਵਾਲਿਆਂ ਦਾ ਜਥਾ, ਹੋਰ ਢੋਲਕ ਛੈਣਿਆਂ

ਨਾਲ ਕੀਰਤਨ ਕਰਨ ਵਾਲੇ ਪਿੰਡਾਂ ਦੇ ਜਥੇ ਕੀਰਤਨ ਕਰਦੇ, ਨਿਸ਼ਾਨ ਝੁਲਾਉਂਦੇ ਅੱਗੇ-ਅੱਗੇ ਜਾ ਰਹੇ ਸਨ। ੩੫ ਸ਼ਬਦੀ ਜਥੇ ਹਜ਼ਾਰਾਂ ਹੀ ਪ੍ਰੇਮੀ ਸ਼ਬਦ ਪੜ੍ਹਦੇ ਸਜਲ ਨੇਤਰੀਂ ਨਾਲ ਤੁਰੇ ਜਾ ਰਹੇ ਸਨ। (ਅਟਕ ਦਰਿਆ ਸੈਦੂ ਤੋਂ ਪੰਜ ਮੀਲਾਂ ਦੇ ਫਾਸਲੇ ਤੇ ਹੈ)। ਵੀਰਵਾਰ ਨੂੰ ਸਵੇਰੇ ਚਾਰ ਵਜੇ ਜਲੂਸ ਰਵਾਨਾਂ ਹੋਇਆ।

ਸ਼ਾਮ ਨੂੰ ਚਾਰ ਵਜੇ ਪੁੱਜਿਆ ਏਥੇ ਖੈਰਾਬਾਦ ਪਹੁੰਚ ਕੇ ਸੰਦੂਕ ਨੂੰ ਬੇੜੀਆਂ ਉੱਤੇ ਰੱਖਿਆ। ਸੰਦੂਕ ਵਿੱਚ ਸੰਗਤਾਂ ਵਲੋਂ ਅਤਰ, ਮਿਸ਼ਰੀ, ਬਦਾਮ, ਕਿਓੜਾ ਤੇ ਗੁਲਾਬ ਰੱਖਿਆ ਗਿਆ। ਸੰਦੂਕ ਨਾਲ ਪੱਥਰਾਂ ਦਾ ਭਾਰ ਬੰਨ ਦਿੱਤਾ ਕਿ ਜਲ ਵਿੱਚ ਹੇਠਾਂ ਬੈਠ ਜਾਵੇ। ਭੱਲੇ ਸਾਹਿਬਜ਼ਾਦੇ ਬਾਬਾ ਨਗੀਨਾ ਸਿੰਘ ਜੀ ਨੇ ਜਲ ਪ੍ਰਵਾਹ ਦਾ ਅਰਦਾਸਾ ਸੋਧਿਆ। ਫਿਰ ਦਰਿਆ ਦੇ ਵਿਚਕਾਰੇ ਲਿਜਾਅ ਕੇ ਬੇੜੀਆਂ ਨਾਲੋਂ ਸੰਦੂਕ ਦੇ ਰੱਸੇ ਖੋਲ੍ਹ ਦਿੱਤੇ। ਕੁਝ ਚਿਰ ਤਾਂ ਸੰਦੂਕ ਪਾਣੀ ਵਿੱਚ ਤਰਦਾ ਰਿਹਾ ਫਿਰ ਅਚਾਨਕ ਹੀ ਹੇਠਾਂ ਡੁੱਬ ਗਿਆ।

ਇਤਨੇ ਨੂੰ ਕੁਝ ਪ੍ਰੇਮੀ ਹਿੰਦੂ ਮੁਸਲਮਾਨ ਪੁੱਜੇ। ਪਰ ਜਦੋਂ ਦੇਖਿਆ ਕਿ ਅਸੀਂ ਦੇਰ ਨਾਲ ਆਏ ਹਾਂ ਸਾਨੂੰ ਨਭਾਗਿਆਂ ਨੂੰ ਅੰਤ ਸਮੇਂ ਸਰੀਰ ਦੇ ਦਰਸ਼ਨ ਵੀ ਨਹੀਂ ਹੋ ਸਕੇ ਤਾਂ ਇਨ੍ਹਾਂ ਨੇ ਅਰਜ ਕੀਤੀ, "ਗ਼ਰੀਬ ਨਿਵਾਜ਼! ਆਪ ਸਭ ਦੇ ਦਿਲਾਂ ਦੀਆਂ ਜਾਣਦੇ ਹੋ ਆਪ ਸਾਡੇ ਤੇ ਕ੍ਰਿਪਾ ਕਰੋ। ਜੇਕਰ ਅਸੀਂ ਸਰੀਰ ਦਾ ਦਰਸ਼ਨ ਨਹੀਂ ਕਰ ਸਕੇ ਸੰਦੂਕ ਦਾ ਦਰਸ਼ਨ ਜ਼ਰੂਰ ਬਖ਼ਸ਼ੋ।" ਇਉਂ ਇਹ ਹੰਝੂ ਵਹਾਉਂਦੇ ਉੱਚੀ-ਉੱਚੀ ਬੇਨਤੀਆਂ ਕਰਦੇ ਦਰਿਆਂ ਦੇ ਪਾਣੀ ਵੱਲ ਤੱਕ ਰਹੇ ਸਨ ਤਾਂ ਕੀ ਦੇਖਿਆ ਕਿ ਪੌਣੇ ਘੰਟੇ ਤੋਂ ਹੇਠਾਂ ਬੈਠਿਆਂ ਸੰਦੂਕ ਇੱਕ ਵਾਰੀ ਫਿਰ ਉੱਪਰ ਆਇਆ। ਸਭਨਾਂ ਪ੍ਰੇਮੀਆਂ ਨੇ ਜੋ ਦਰਿਆ ਦੇ ਕਿਨਾਰੇ ਬੈਠੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸਨ। ਸੰਦੂਕ ਦਾ ਦਰਸ਼ਨ ਕੀਤਾ ਅਤੇ ਆਖਿਆ, "ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!" ਫਿਰ ਉਸੇ ਹੀ ਛਿਨ ਸੰਦੂਕ ਜਲ ਰੂਪ ਹੋ ਗਿਆ ਅਤੇ ਅੱਜ ਤੱਕ ਕਿਸੇ ਨੇ ਨਹੀਂ ਦੇਖਿਆ।

ਇਉਂ ਅਮੋਲਕ ਹੀਰੇ ਨੂੰ ਲੁੰਢੇ ਦਰਿਆ ਦੀ ਭੇਟ ਕਰਕੇ ਖੈਰਾਬਾਦ ਗੁਰਦੁਆਰੇ ਨੂੰ ਵਾਪਸ ਆਉਂਦੇ ਸਾਰੇ ਹੀ ਸਿੱਖ ਹੰਝੂ ਕੇਰਦੇ ਪਸ਼ਚਾਤਾਪ ਕਰ ਰਹੇ ਸਨ। ਜਿਵੇਂ ਕਲਗੀਆਂ ਵਾਲੇ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਸਮੇਂ ਨਿਕਟ ਵਰਤੀ ਖਾਲਸੇ ਪੰਥ ਦੀ ਹਾਲਤ ਨੂੰ ਮਹਾਂ ਕਵੀ ਸੰਤੋਖ ਸਿੰਘ ਜੀ ਇਸ ਪ੍ਰਕਾਰ ਕਥਨ ਕਰਦੇ ਹਨ। ਕਿ ਦੇਖੋ ਸਾਡੇ ਨਾਲੋਂ ਤਾਂ ਇਹ ਮਲੀਨ ਜੀਵ ਹੀ ਚੰਗੇ ਹਨ। ਭਾਵੇਂ ਇਨ੍ਹਾਂ ਦੀ ਇੱਕ ਅੰਗੀ ਪ੍ਰੀਤੀ ਹੈ। ਪਰ ਆਪਣੇ ਪਿਆਰੇ ਨਾਲ ਇਨ੍ਹਾਂ ਦਾ ਪਿਆਰ ਸਲਾਹੁਣ ਯੋਗ ਹੈ। ਇਹ ਆਪਣੇ ਪ੍ਰੇਮ ਨੂੰ ਜੋ ਪ੍ਰੇਮ ਦੀ ਆਖ਼ਰੀ ਸਟੇਜ ਹੈ। ਅੰਤਮ ਸਵਾਸਾਂ ਤੱਕ ਨਿਭਾਅ ਦਿੰਦੇ ਹਨ। ਜਿਵੇਂ ਪਤੰਗਾ ਰੌਸ਼ਨੀ ਦੇ ਪਿਆਰ ਵਿੱਚ ਉਸ ਦੀ ਲਾਟ ਤੱਕ ਕੇ ਛਿਨ ਵਿੱਚ ਹੀ ਪ੍ਰਾਣ ਤਿਆਗ ਦਿੰਦਾ ਹੈ। ਘੰਡੇ ਹੇੜੇ ਦੇ ਸ਼ਬਦ ਨੂੰ ਸੁਣਕੇ ਅਨੰਦ ਦੀ ਮਸਤੀ ਵਿੱਚ ਲੀਨ ਹੋਇਆ ਹਿਰਨ ਆਪਣੇ ਆਪ ਨੂੰ ਕੁਰਬਾਨ ਕਰ ਦਿੰਦਾ ਹੈ। ਕਮਲ ਫ਼ੁੱਲ ਦੀ ਸੁਗੰਧੀ ਦਾ ਪ੍ਰੇਮੀ ਭੌਰਾ ਉਸੇ ਵਿੱਚ ਲੁਭਾਇਮਾਨ ਹੋ ਕੇ ਆਪਣੇ ਪ੍ਰਾਣ ਤਿਆਗ ਦਿੰਦਾ ਹੈ। ਫਿਰ ਦੇਖੋ ਮੱਛੀ ਦਾ ਪਾਣੀ ਨਾਲ ਕਿਤਨਾ ਹਿੱਤ ਹੈ ਪਾਣੀ ਤੋਂ ਵਿਛੜ ਕੇ ਇੱਕ ਪਲ ਵੀ ਜ਼ਿੰਦਾ ਨਹੀਂ ਰਹਿ ਸਕਦੀ। ਇਉਂ ਉਦਾਸ ਹੋ ਕੇ ਸਾਰੇ ਸਿੰਘ ਕਹਿੰਦੇ ਹਨ।

ਯਥਾ:

ਲੋਚਨ ਤੇ ਜਲ ਮੋਚਤਿ ਸੋਚਤਿ, ਨਿੰਮ੍ਰਿ ਕਰੈਂ ਮੁਖਿ ਹੀ ਦੁਚਿਤਾਈ।
ਇਕ ਕੇ ਸੰਗ ਨ ਦੂਸਰ ਬੋਲਤਿ, ਦੇਖਨ ਕੋ ਨਹਿਂ ਦ੍ਰਿਸ਼ਟਿ ਚਲਾਈ।
ਜਯੋਂ ਬਹੁ ਨਾਗਨ ਕੀ ਮਣਿ ਏਕ, ਭਈ ਕਿਤ ਲੋਪ, ਨਹੀਂ ਪੁਨ ਪਾਈ।
'ਭਾਗ ਬਿਹੀਨ ਬਿਯੋਗ ਸਹ੍ਯੋ, ਗੁਰ ਸੰਗ ਗਏ ਨ ਸਰੀਰ ਬਿਹਾਈ ॥੩੧॥
ਪੇਖਹੁ ਪ੍ਰੀਤਿ ਪਤੰਗਨ ਕੀ, ਛਿਨ ਮੈਂ ਤਨ ਦੇਤਿ ਬਿਲੋਕਿ ਪ੍ਰਕਾਸ਼ਾ।
ਨਾਦ ਸੁਨੇ ਅਹਿਲਾਦ ਰਿਦੈ, ਕਰਿ ਹ੍ਵੈ ਵਿਸਮਾਦ ਤੇ ਏਣੁ* ਬਿਨਾਸਾ। (*ਮ੍ਰਿਗ)
ਏਕ ਸੁਗੰਧਿ ਤੇ ਅੰਧ ਮਧੁ, ਬ੍ਰਿਤਿ ਛੋਰਤਿ ਨਾਂਹਿ ਪ੍ਰਮੋਦ ਮਹਿਂ ਫਾਸਾ।
ਮੀਨ ਰਹੈ ਜਲ ਤੇ ਸੁਚ ਸੋਂ, ਬਿਛਰੇ ਮਰਿ ਜਾਤਿ, ਸੁ ਪ੍ਰੇਮ ਉਪਾਸਾ ॥੩੨॥

(ਸ੍ਰੀ ਗੁਰ ਪ੍ਰਤਾਪ ਸੂਰਜ ਐਨ ੨, ਅੰਸੂ ੨੪)

ਇਸ ਤਰ੍ਹਾਂ ਬਾਬਾ ਕਰਮ ਸਿੰਘ ਜੀ ਦੇ ਪਿਆਰ ਰਸ ਵਿੱਚ ਗੁੱਧੇ ਹੋਏ ਪ੍ਰੇਮੀ ਪਸ਼ਚਾਤਾਪ ਕਰਦੇ ਖੈਰਾਬਾਦ

ਗੁਰਦੁਆਰੇ ਆਏ। ਸਤਿਗੁਰਾਂ ਦੀ ਹਜ਼ੂਰੀ ਵਿੱਚ ਨਮਸਕਾਰ ਕਰਕੇ ਸਜ ਗਏ। ਵਡਹੰਸ ਰਾਗ ਵਿੱਚੋਂ ਅਲਾਹਣੀਆਂ ਤੇ ਕੀਰਤਨ ਸੋਹਲੇ ਦਾ ਪਾਠ ਕੀਤਾ। ਫਿਰ ਅਨੰਦ ਸਾਹਿਬ ਦਾ ਪਾਠ ਕਰਕੇ ਕੜਾਹ ਪ੍ਰਸ਼ਾਦਿ ਦੀ ਦੇਗ ਦਾ ਅਰਦਾਸਾ ਸੋਧਿਆ। ਉਪਰੰਤ ਅਰਸ਼ੀ ਦਾਤੇ ਦਾ ਹੁਕਮ ਆਇਆ–

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥

(ਪੰਨਾ ੬੭੯)

ਫਿਰ ਕੜਾਹ ਪ੍ਰਸ਼ਾਦਿ ਦੀ ਦੇਗ ਵਰਤੀ। ਸੰਗਤਾਂ ਨੂੰ ਗੁਰੂ ਕਾ ਲੰਗਰ ਛਕਾਇਆ। ਇਸ ਵਕਤ ਦੇਵਤਿਆਂ ਨੇ ਬੱਦਲਾਂ ਦੇ ਰੂਪ ਵਿੱਚ ਹੰਝੂਆਂ ਦੇ ਮੋਤੀ ਭੇਟ ਕੀਤੇ। ਭਾਵ ਬੜੀ ਮੋਹਲੇਧਾਰ ਵਰਖਾ ਹੋਈ। ਉਪਰੰਤ ਪ੍ਰੇਮੀਆਂ ਨੇ ਆਪੋ ਆਪਣੇ ਨਗਰਾਂ ਵਿੱਚ ਜਾ ਕੇ ਅਖੰਡ ਪਾਠ ਤੇ ਸਹਿਜ ਪਾਠ ਅਰੰਭ ਕਰ ਦਿੱਤੇ। ਡੇਰੇ ਨਿਵਾਸੀ ਸਾਧੂ ਤੇ ਇਸ ਇਲਾਕੇ ਦੀ ਸੰਗਤ ਬਾਬਾ ਆਇਆ ਸਿੰਘ ਜੀ ਨਾਲ ਹੋਤੀ ਡੇਰੇ ਆ ਗਈ।

ਕਬਿਤ: ਧੰਨ ਬਾਬਾ ਕਰਮ ਸਿੰਘ ਜੀ ਭਰੇ ਹੈਂ ਭੰਡਾਰੇ ਤੇਰੇ,
ਹੋਤੀ ਮਰਦਾਨ ਜੋਤ ਨਾਮ ਦੀ ਜਗਾਈ ਜੀ।
ਬਾਬਾ ਆਇਆ ਸਿੰਘ ਜੀ ਪ੍ਰੇਮ ਨਾਲ ਸੇਵਾ ਕੀਤੀ,
ਨਾਮ ਵਾਲੀ ਕਲਾ ਧਰ ਸ਼ਕਤੀ ਦਿਖਾਈ ਜੀ।
ਗੱਦੀ ਤੇ ਬੈਠਾਕੇ ਰੂਪ ਆਪਣਾ ਬਣਾਇਆ ਉਹਨੂੰ,
ਅੰਤਮ ਦੀ ਖੇਡ ਵਿੱਚ ਸੈਦੂ ਵਰਤਾਈ ਜੀ।
ਜੋਤ ਨਾਲ ਜੋਤ ਮਿਲ ਗਈ ਵੱਡੇ ਸੰਤਾਂ ਸੰਦੀ,
ਪੰਜ ਭੂਤ ਦੇਹੀ ਅਟਕ ਦਰਿਆ ਪ੍ਰਵਾਹੀ ਜੀ।

## ਰੂਪ ਯਾਦ ਆਉਂਦੇ ਬਖ਼ਸ਼ਣਹਾਰਿਆਂ ਦੇ

ਵਿੱਚ ਸਾਰੇ ਜੱਗ ਹਾਹਾਕਾਰ ਹੋਈ
ਤਾਰਾਂ ਪਹੁੰਚੀਆਂ ਪਾਸ ਪਿਆਰਿਆਂ ਦੇ।
ਜਦੋਂ ਸੁਣ ਲਿਆ ਸੱਚ ਦਾ ਚੰਦ ਛੁਪਿਆ
ਨੈਣ ਬਰਸਦੇ ਵਾਂਗ ਫੁਹਾਰਿਆਂ ਦੇ।
ਕਈ ਸੁਣਦਿਆਂ ਸਾਰ ਬੇਸੁੱਧ ਹੋਏ
ਡਿੱਗੇ ਧਰਤੀ ਤੇ ਵਾਂਗ ਮੁਨਾਰਿਆਂ ਦੇ।
ਜ਼ਿਲ੍ਹੇ ਸਾਰਿਆਂ ਬਾਹਰ ਦੇ ਟਾਪੂਆਂ ਨੂੰ
ਤਾਰਾਂ ਭੇਜੀਆਂ ਸੀ ਕੋਲ ਸਾਰਿਆਂ ਦੇ।
ਸ਼ਹਿਰ, ਨਗਰਾਂ, ਤੀਰਥਾਂ, ਗੁਰਧਾਮਾਂ
ਪਾਠ ਰੱਖਤੇ ਵਿੱਚ ਗੁਰਦੁਆਰਿਆਂ ਦੇ।
ਪਾਠ ਗੁਰੂ ਗ੍ਰੰਥ ਅਖੰਡ ਕਰਕੇ
ਕੀਤੇ ਯੱਗ ਅਤੁੱਟ ਭੰਡਾਰਿਆਂ ਦੇ।
ਜਦੋਂ ਭੋਗ ਪੈਂਦਾ ਵਰਖਾ ਵਰਸ ਪੈਂਦੀ
ਬੱਦਲ ਘੋਰਦੇ ਵਾਂਗ ਨਗਾਰਿਆਂ ਦੇ।
ਸ਼ਬਦ ਗਾਉਂਦਿਆਂ ਦੇ ਕੰਠ ਰੁਕ ਜਾਂਦੇ
ਰੂਪ ਯਾਦ ਆਉਂਦੇ ਬਖ਼ਸ਼ਣਹਾਰਿਆਂ ਦੇ।
ਜਪੀ ਤਪੀ ਜੋ ਸਾਧਨਾਂ ਕਰਨ ਵਾਲੇ
ਖ਼ਬਰ ਪਹੁੰਚ ਗਈ ਪਾਸ ਵਿਚਾਰਿਆਂ ਦੇ।
ਵਗੇ ਨੇਤ੍ਰੀਂ ਨੀਰ ਨਾ ਧੀਰ ਧਰਦੇ
ਚਿੱਤ ਓਦਰੇ ਗੁਰੂ ਦੁਲਾਰਿਆਂ ਦੇ।
ਰੰਗ ਬਦਲ ਗਏ ਧਰਤ ਆਕਾਸ਼ ਸੰਦੇ
ਨੀਰ ਠਹਿਰ ਗਏ ਸਾਗਰਾਂ ਖਾਰਿਆਂ ਦੇ।
ਗੁਰੂ ਪੰਥ ਦੇ ਥੰਮ ਅਲੋਪ ਹੋ ਗਏ
ਤਨ ਕੰਬ ਗਏ ਪਰਬਤਾਂ ਭਾਰਿਆਂ ਦੇ।
ਤਾਰੇ ਭਾਵੇਂ ਆਕਾਸ਼ ਦੇ ਗਿਣੇ ਜਾਂਦੇ
ਔਂਦੇ ਅੰਤ ਨਾ ਸੰਤਾਂ ਦੇ ਤਾਰਿਆਂ ਦੇ।
ਭੌਰੇ ਚਰਨਾਂ ਦੇ ਜੋਈ ਸਨ ਸਿੰਘ ਪਿਆਰੇ
ਟੁੱਟੇ ਹੌਂਸਲੇ ਗੁਰੂ ਦੁਲਾਰਿਆਂ ਦੇ।

(ਗਿਆਨੀ ਲਾਲ ਸਿੰਘ ਕੈਮਲ ਪੁਰ)

# ਝੰਡੇ ਧਰਮ ਦੇ ਗਏ ਸੀ ਝੁਲ ਬਾਬਾ

ਜਪੀ ਤਪੀ ਜਹਾਨ ਤੇ ਬਹੁਤ ਦੇਖੇ
ਕੋਈ ਦੇਖਿਆਂ ਨਾ ਤੇਰੇ ਤੁੱਲ ਬਾਬਾ।
ਜਦੋਂ ਆਣ ਜਹਾਨ ਤੇ ਚਰਨ ਪਾਏ
ਝੰਡੇ ਧਰਮ ਦੇ ਗਏ ਸੀ ਝੁੱਲ ਬਾਬਾ।
ਬੇੜੇ ਕੁੱਲ ਜਹਾਨ ਦੇ ਤਾਰ ਦਿੱਤੇ
ਕੋਲੋਂ ਆਪਣਾ ਲਾਇ ਕੇ ਟੁੱਲ ਬਾਬਾ।
ਸੋਹਣੇ ਬਾਗ਼ ਨੂੰ ਪਾਲਕੇ ਛੱਡ ਤੁਰਿਓਂ
ਮੁੜੇ ਪਏ ਨੇ ਬਾਗ਼ ਦੇ ਫੁੱਲ ਬਾਬਾ।
ਅੱਖੀਆਂ ਲੋਚ ਰਹੀਆਂ ਸੋਹਣੇ ਦਰਸ਼ਨਾਂ ਨੂੰ
ਬੰਦੇ ਰੋਣ ਜਹਾਨ ਦੇ ਕੁੱਲ ਬਾਬਾ।
ਸਿਰ ਦਿੱਤਿਆਂ ਮਿਲੇ ਦੀਦਾਰ ਸਾਨੂੰ
ਅਸੀਂ ਲੈ ਲਈਏ ਸੀਸ ਦੇ ਮੁੱਲ ਬਾਬਾ।
ਔਗਣ ਕਿਸੇ ਦੇ ਨਹੀਂ ਸੀ ਯਾਦ ਕਰਦੇ
ਛਾਤੀ ਲਾ ਲਈਆਂ ਸੀ ਕੌਮਾਂ ਕੁੱਲ ਬਾਬਾ।
ਸੋਹਣਾ ਲਾਲ ਬੇ ਕੀਮਤਾ ਮਿਲ ਗਿਆ ਸੀ
ਗਿਆ ਲੜੋਂ ਜਹਾਨ ਦਿਉਂ ਖੁੱਲ੍ਹ ਬਾਬਾ।
ਜੀਵ ਰੱਬ ਤੋਂ ਵਿਛੜੇ ਮੇਲਦੇ ਸੀ
ਟੁੱਟ ਗਿਆ ਬੈਕੁੰਠ ਦਾ ਪੁਲ ਬਾਬਾ।
ਲੱਗੀ ਜਿਨ੍ਹਾਂ ਨੂੰ ਸੱਟ ਵਿਯੋਗ ਦੀ ਹੈ
ਤੇਰੇ ਬਾਝ ਰਹੇ ਸੋਈ ਰੁਲ ਬਾਬਾ।
ਮੇਲੇ ਹੋਵਣੇ ਨਾ ਕਦੇ ਪਿਆਸਿਆਂ ਨੂੰ
ਨੈਣ ਬਰਸਦੇ ਘਟਾਂ ਦੇ ਤੁੱਲ ਬਾਬਾ।
ਓਟ ਰਹੀ ਨਾ ਹੋਰ ਨਰੈਣ ਸਿੰਘਾ
ਦੀਵਾ ਮੁਲਕ ਦਾ ਹੋ ਗਿਆ ਗੁਲ ਬਾਬਾ।

(ਸੰਤ ਬਿਲਾਸ ਵਿੱਚੋਂ)

# ਬਾਬਾ ਜੀ ਤੋਂ ਵਰੋਸਾਈਆਂ ਕੁਝ ਕੁ ਪੂਜਯ ਵਿਅਕਤੀਆਂ ਦੇ ਨਾਮ

੧. ਸ੍ਰੀ ਮਾਨ ਸੰਤ ਲਾਲ ਸਿੰਘ ਜੀ ਛੋਟੇ ਸੰਤ, ਜੋ ਬਾਬਾ ਜੀ ਦੀ ਜਗ੍ਹਾ ਦੋ ਸਾਲ ਪਹਿਲਾਂ ਗਏ ਸਨ ਇਨ੍ਹਾਂ ਦੇ ਸ਼ਿਸ਼ ਸੰਤ ਜਿਉਣ ਸਿੰਘ ਜੀ ਪੰਡਿਤ ਹੋਏ ਜਿਨ੍ਹਾਂ ਤੋਂ ਮਹੰਤ ਦਿਆਲ ਸਿੰਘ ਜੀ ਲਹੌਰ ਵਾਲੇ ਵਰੋਸਾਏ। ਜਿਨ੍ਹਾਂ ਨੇ ਨਿਰਮਲ ਸੰਪਰਦਾਇ ਦਾ ਇਤਿਹਾਸ ਛਾਪਿਆ ਹੈ।

੨. ਸ੍ਰੀ ਮਾਨ ਸੰਤ ਬਾਬਾ ਆਇਆ ਸਿੰਘ ਜੀ (ਮਹੰਤ ਹੋਤੀ ਮਰਦਾਨ ਡੇਰੇ ਦੇ) ਇਨ੍ਹਾਂ ਦੇ ਸ਼ਿਸ਼ ਬਾਬਾ ਮਾਝਾ ਸਿੰਘ ਜੀ, ਸੰਤ ਜਵਾਲਾ ਸਿੰਘ ਜੀ, ਗਿਆਨੀ ਹਰੀ ਸਿੰਘ ਜੀ ਹਰਖੋਵਾਲ, ਸੰਤ ਨੱਥਾ ਸਿੰਘ ਜੀ ਰੇਰੂ ਸਾਹਿਬ (ਕਟਾਣਾ) ਸਨ।

੩. ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਜਿਨ੍ਹਾਂ ਤੋਂ ਦੋਵੇਂ ਸੰਤ ਈਸ਼ਰ ਸਿੰਘ ਜੀ, ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ, ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ, ਸੰਤ ਬਿਸ਼ਨ ਸਿੰਘ ਜੀ ਰੌਣੀ, ਸਵਾਮੀ ਸੰਤੋਖ ਸਿੰਘ ਜੀ ਤੇ ਹੋਰ ਬੇਅੰਤ ਮਹਾਂ ਪੁਰਸ਼ ਵਰੋਸਾਏ। ਇਨ੍ਹਾਂ ਦਾ ਜੀਵਨ ਵੱਖਰਾ ਛਪ ਚੁੱਕਾ ਹੈ।

੪. ਸੰਤ ਹਰਨਾਮ ਸਿੰਘ ਜੀ ਜਿਆਣ ਵਾਲੇ ਜਿਨ੍ਹਾਂ ਦੇ ਸ਼ਿਸ਼ ਸੰਤ ਕਹਾਰਪੁਰੀ ਸੰਤ ਬਿਸ਼ਨ ਸਿੰਘ ਜੀ ਛੋਟਾ ਨੰਗਲ, ਸੰਤ ਬਸੰਤ ਜੌਹਲਾਂ ਵਾਲੇ, ਸੰਤ ਹਰੀ ਸਿੰਘ ਜੀ ਸੁਖਈ ਅਨੰਦਪੁਰ ਸਾਹਿਬ ਤੇ ਹੋਰ ਕਈ ਉੱਚੇ ਸੰਤ ਹੋਏ ਹਨ।

੫. ਸ੍ਰੀ ਮਾਨ ਸੰਤ ਰਾਮ ਸਿੰਘ ਜੀ 'ਕਾਜ਼ੀਆਂ' ਨਗਰ ਦੇ ਜੋ ਬਾਬਾ ਆਇਆ ਸਿੰਘ ਜੀ ਤੋਂ ਬਾਅਦ ਗੱਦੀ ਤੇ ਬੈਠੇ।

੬. ਸ੍ਰੀ ਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਪਿੰਡ ਭੀਖੀ (ਮਾਲਵਾ) ਦੇ ਸੰਨ ੧੯੪੫ ਨੂੰ ਰਾੜੇ ਸਾਹਿਬ ਸਮਾਏ ਸਨ।

੭. ਸ੍ਰੀ ਮਾਨ ਸੰਤ ਬਾਬਾ ਸਾਹਿਬ ਸਿੰਘ ਜੀ ਜੋ ਪਾਕਿਸਤਾਨ ਤੋਂ ਬਾਅਦ ਰੇਰੂ ਸਾਹਿਬ ਆਏ ਸਨ।

੮. ਸ੍ਰੀ ਮਾਨ ਸੰਤ ਬੇਅੰਤ ਸਿੰਘ ਜੀ ਵਿਰੱਕਤ ਅਤੇ ਉਨ੍ਹਾਂ ਦੇ ਸ਼ਿਸ਼ ਕਹਾਰਪੁਰੀ ਸੰਤ ਹਰੀ ਸਿੰਘ ਜੀ।

੯. ਸ੍ਰੀ ਮਾਨ ਸੰਤ ਨੱਥਾ ਸਿੰਘ ਜੀ ਅੰਮ੍ਰਿਤਸਰ (ਚੌਕ ਮੰਨਾ ਸਿੰਘ ਜੀ) ਗਲੀ ਗੱਡਿਆਂ ਵਾਲੀ।

੧੦. ਸ੍ਰੀ ਮਾਨ ਸੰਤ ਮੂਲ ਰਾਜ (ਰਿਖੀ ਜੀ) ਜੋ ਸੰਨ ੧੯੩੨ ਨੂੰ ਰਾੜੇ ਸਾਹਿਬ ਪਹਿਲੀ ਢੱਕੀ ਆਏ ਸਨ।

੧੧. ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ (ਪੰਡਿਤ ਪ੍ਰੇਮ ਸਿੰਘ ਜੀ ਦੇ ਗੁਰੂ) ਜਿਨ੍ਹਾਂ ਦੇ ਸ਼ਿਸ਼ ਪੰਡਿਤ ਮਨੀ ਸਿੰਘ ਤੇ ਮੁਨੀ ਅਰਜਨ ਸਿੰਘ ਜੀ ਸੰਤ ਮਧਸੂਦਨ ਸਿੰਘ ਮਾਧੋ ਜੀ ਹਰਿਦੁਆਰ ਵਾਲੇ।

੧੨. ਸ੍ਰੀ ਮਾਨ ਪੰਡਿਤ ਗੋਪਾਲ ਸਿੰਘ ਜੀ (ਸੁਕੇਤ ਮੰਡੀ)।

੧੩. ਸ੍ਰੀ ਮਾਨ ਵੈਦ ਨਿਹਾਲ ਸਿੰਘ ਜੀ (ਹੋਤੀ ਡੇਰੇ ਰਹਿੰਦੇ ਸਨ)।

੧੪. ਸ੍ਰੀ ਮਾਨ ਸੰਤ ਦਮੋਦਰ ਸਿੰਘ ਜੀ ਜੋ ਸੰਤ ਰਾਮ ਸਿੰਘ ਜੀ ਦੇ ਸਮੇਂ ਹੋਤੀ ਡੇਰੇ ਦੇ ਆਮ ਮੁਖਤਿਆਰ ਸਨ।

੧੫. ਸ੍ਰੀ ਮਾਨ ਮਹੰਤ ਭਗਤ ਸਿੰਘ ਜੀ ਇਹ ਬਾਬਾ ਸਾਹਿਬ ਸਿੰਘ ਜੀ ਦੇ ਸਕੇ ਭਰਾ ਤੇ ਲੋਹ ਦੇ ਮੁਖੀ ਸੇਵਾਦਾਰ ਸਨ।

੧੬. ਸ੍ਰੀ ਮਾਨ ਸੰਤ ਜੀਵਨ ਸਿੰਘ ਜੀ ਜਿਨ੍ਹਾਂ ਦਾ ਡੇਰਾ ਹਰੀ ਪੁਰ ਹਜ਼ਾਰੇ ਵਿੱਚ ਸੀ।

੧੭. ਸ੍ਰੀ ਮਾਨ ਸੰਤ ਬਹਾਦਰ ਸਿੰਘ ਜੀ ਹਰੀ ਪੁਰ ਹਜ਼ਾਰੇ ਰਹਿੰਦੇ ਸਨ।

੧੮. ਸ੍ਰੀ ਮਾਨ ਨੱਥਾ ਸਿੰਘ ਜੀ ਬੁਤਾਲਾ।

੧੯. ਸ੍ਰੀ ਮਾਨ ਸੰਤ ਨਰੈਣ ਸਿੰਘ ਜੀ ਭਿੱਟੇ ਵੱਢ ਵਾਲੇ।

੨੦. ਸ੍ਰੀ ਮਾਨ ਸੰਤ ਹਰਨਾਮ ਸਿੰਘ ਜੀ (ਸ਼ੇਖੂਪੁਰਾ)।

੨੧. ਸ੍ਰੀ ਮਾਨ ਸੰਤ ਦਿਆਲ ਸਿੰਘ ਜੀ ਹਰੀਪੁਰ ਹਜ਼ਾਰੇ ਵਿੱਚ ਰਹਿੰਦੇ ਸਨ।

੨੨. ਸ੍ਰੀ ਮਾਨ ਸੰਤ ਰਾਮ ਸਿੰਘ ਜੀ ਵਿਰੱਕਤ (ਅੱਡੀ ਚੱਕ) ਹਰਿਦੁਆਰ ਵਿੱਚ ਰਹਿੰਦੇ ਸਨ।

੨੩. ਸ੍ਰੀ ਮਾਨ ਸੰਤ ਭਾਈ ਕੱਕੂ ਜੀ ਸ਼ਿਵੇ ਨਗਰ ਦੇ ਸਹਿਜਧਾਰੀ, ਸੰਤਾਂ ਦੇ ਲਾਂਗਰੀ ਸਨ।

੨੪. ਸ੍ਰੀ ਮਾਨ ਸੰਤ ਬਾਬਾ ਰਾਮ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਰਹਿੰਦੇ ਸਨ। ਜਿਨ੍ਹਾਂ ਦੇ ਪਾਵਨ ਚਰਨਾਂ 'ਚੋਂ ਵਰੋਸਾਏ ਮੋਨੀ ਜੋਗਿੰਦਰ ਸਿੰਘ ਜੀ ਸੱਚਖੰਡ ਦਰਬਾਰ ਸ੍ਰੀ ਹਜ਼ੂਰ ਸਾਹਿਬ ਦੇ ਹੈੱਡ ਪੁਜਾਰੀ ਦੀ ਸੇਵਾ ਕਰਦੇ ਸਨ।

੨੫. ਸ੍ਰੀ ਮਾਨ ਸੰਤ ਬਾਬਾ ਗੁਰਦਿੱਤ ਸਿੰਘ ਜੀ ਨਾਰੰਗਵਾਲ, ਜਿਨ੍ਹਾਂ ਤੋਂ ਵਰੋਸਾਏ ਸੰਤ ਅਤਰ ਸਿੰਘ ਜੀ ਘੁਨਸਾਂ ਵਾਲੇ ਬੜੇ ਪ੍ਰਸਿੱਧ ਮਹਾਂ ਪੁਰਸ਼ ਹੋਏ ਹਨ। ਅੱਗੇ ਜਿਨ੍ਹਾਂ ਦੇ ਚਰਨ ਸੇਵਕ ਸ੍ਰੀ ਮਾਨ ਗਿ: ਵਰਿਆਮ ਸਿੰਘ ਜੀ ਧੂਰਕੋਟ ਨਗਰ ਜ਼ਿਲਾ ਸੰਗਰੂਰ, ਕਥਾ ਕਰ ਰਹੇ ਹਨ।

੨੬. ਸ੍ਰੀ ਮਾਨ ਸੰਤ ਬਸਾਵਾ ਸਿੰਘ ਜੀ ਜਿਨ੍ਹਾਂ ਨੂੰ ਆਪ ਜੀ ਨੇ ਸੰਤ ਹਰਨਾਮ ਸਿੰਘ ਜੀ ਜਿਆਣ ਵਾਲਿਆਂ ਨੂੰ ਬੁਲਾਉਣ ਲਈ ਭੇਜਿਆ ਸੀ।

੨੭. ਸ੍ਰੀ ਮਾਨ ਸੰਤ ਜੋਧ ਸਿੰਘ ਜੀ ਪਿੰਡ ਮੌਜੋ (ਜ਼ਿਲਾ ਬਠਿੰਡਾ) ਇਤਿਆਦਿਕ ਹੋਰ ਵੀ ਬਹੁਤ ਸਾਰੇ ਮਹਾਂ ਪੁਰਸ਼ ਬਾਬਾ ਜੀ ਤੋਂ ਵਰੋਸਾਏ। ਜਿਨ੍ਹਾਂ ਦੇ ਨਾਮਾਂ ਦੀ ਦਾਸ ਨੂੰ ਵਾਕਫ਼ੀ ਨਹੀਂ, ਸੋ ਖਿਮਾਂ ਦਾ ਜਾਚਕ ਹਾਂ।

ੴ ਸਤਿਗੁਰ ਪ੍ਰਸਾਦਿ ॥

# ਦੂਸਰਾ ਭਾਗ

## ਸ੍ਰੀ ਮਾਨ ਸੰਤ ਬਾਬਾ ਆਇਆ ਸਿੰਘ ਜੀ ਮਹਾਰਾਜ ਦੀਆਂ ਜੀਵਨ ਯਾਦਾਂ

## ਕਾਂਡ ਛੇਵਾਂ

ਆਪ ਜੀ ਦਾ ਜਨਮ ਇਲਾਕਾ ਪਿਸ਼ੌਰ ਤਹਿਸੀਲ ਕਾਠਲੰਗ ਦੇ ਇੱਕ ਛੋਟੇ ਜਿਹੇ ਸਰਹੱਦੀ ਨਗਰ 'ਸ਼ਾਮੋਜ਼ਈ ਮਾਮੋਜ਼ਈ' ਵਿੱਚ ਹੋਇਆ। ਭਾਵੇਂ ਇਹ ਸਾਰਾ ਹੀ ਇਲਾਕਾ ਪਠਾਣਾਂ ਦਾ ਸੀ। ਹੋਰ ਕੌਮਾਂ ਦੇ ਘਰ ਘੱਟ ਸਨ ਪਰ ਗੁਰੂ ਨਾਨਕ ਨਿਰੰਕਾਰੀ ਤੋਂ ਲੈ ਕੇ ਇਲਾਕੇ ਵਿੱਚ ਗੁਰਸਿੱਖੀ ਦਾ ਬੀਜ ਬੋਇਆ ਸੀ। ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਵੀ ਸਮੇਂ-ਸਮੇਂ ਸਿਰ ਹੋਰ ਵੀ ਬਹੁਤ ਸਾਰੇ ਮਹਾਪੁਰਸ਼ਾਂ ਨੇ ਇਸ ਸਿੱਖੀ ਬੂਟੇ ਨੂੰ ਨਾਮ ਬਾਣੀ ਦੇ ਉਪਦੇਸ਼ ਦੁਆਰਾ ਪ੍ਰਫੁਲਤ ਰੱਖਿਆ ਅਤੇ ਕੁਮਲਾਉਣ ਨਹੀਂ ਦਿੱਤਾ।

ਭਾਵੇਂ ਏਧਰ ਪੰਜਾਬ ਵਾਂਗੂੰ ਅੰਮ੍ਰਿਤਧਾਰੀ ਸਿੰਘ ਬਹੁਤੇ ਨਹੀਂ ਸਨ, ਫਿਰ ਵੀ ਏਥੋਂ ਦੇ ਸਹਿਜਧਾਰੀ ਵੀਰ ਅਰੋੜੇ ਖੱਤਰੀ ਤੇ ਮਹਾਜਨ ਲੋਕ ਗੁਰੂ ਘਰ ਦੇ ਬੜੇ ਸ਼ਰਧਾਲੂ ਅਤੇ ਪ੍ਰੇਮੀ ਸਨ। ਏਸੇ ਹੀ ਨਗਰ 'ਸ਼ਾਮੋਜ਼ਈ ਮਾਮੋਜ਼ਈ' ਵਿੱਚ ਇੱਕ ਅਰੋੜ ਵੰਸ 'ਚੋਂ ਰਾਮੂ ਸ਼ਾਹ ਨਾਮ ਦਾ ਬਜ਼ੁਰਗ ਧਰਮੱਗ ਖ਼ਿਆਲੀ ਗੁਰੂ ਘਰ ਦਾ ਅਨਿਨ ਸੇਵਕ ਸੀ। ਆਪਣੇ ਵੱਡੇ ਵਡੇਰਿਆਂ ਦੀ ਮੁਢ ਕਦੀਮੀ ਦੀ ਕਿਰਤ ਅਨੁਸਾਰ ਦੁਕਾਨਦਾਰੀ ਕਰਦਾ ਸੀ। ਸੱਚ ਬੋਲਦਾ, ਸੱਚ ਦਾ ਵਿਹਾਰ ਕਰਦਾ, ਨਿਆਸਰੇ ਗ਼ਰੀਬਾਂ ਦੀ ਮਦਦ ਕਰਦਾ। ਘਰ ਵਾਲੀ ਮਾਤਾ ਚਤਰ ਕੌਰ ਵੀ ਪਤੀ ਆਗਿਆ ਪਾਲਣ ਵਿੱਚ ਤਤਪਰ ਸੀ ਅਤੇ ਆਏ ਗਏ ਸਿੱਖ, ਸਾਧ, ਅਭਿਆਗਤਾਂ ਦੀ ਸੇਵਾ ਕਰਕੇ ਪ੍ਰਸੰਨ ਰਿਹਾ ਕਰਦੀ। ਘਰ ਵਿੱਚ ਸਾਰੇ ਪਦਾਰਥ ਹੁੰਦਿਆਂ ਸੁ ਹੁੰਦਿਆਂ ਵੀ ਇਕੋ ਇੱਕ ਘਾਟ ਸੀ ਪੁੱਤਰ ਦੀ। ਪੁੱਤਰ ਵੀ ਇਹੋ ਜਿਹਾ ਚਾਹੁੰਦੇ ਸਨ, ਜੋ ਮਾਤਾ ਪਿਤਾ ਦਾ ਨਾਮ ਰੌਸ਼ਨ ਕਰਨ ਵਾਲਾ ਹੋਵੇ।

*'ਜਨਨੀ ਜਨੈ ਤਾ ਭਗਤ ਜਨ ਕੈ ਦਾਤਾ ਕੈ ਸੂਰ'* ਭਾਵ ਧਰਮ ਦੇ ਵਿਰੋਧੀ ਵੈਰੀਆਂ ਦਾ ਮੁਕਾਬਲਾ ਕਰਨ ਵਾਲਾ ਪੂਰਨ ਸੂਰਮਾ, ਸਿਰ ਤੱਕ ਦਾਨ ਕਰਨ ਵਾਲਾ, ਜਗਦੇਵ ਅਤੇ ਕਰਨ ਰਾਜੇ ਵਾਂਗੂੰ ਦਾਨੀ ਜਾਂ ਈਸ਼ਵਰ ਦਾ ਭਗਤ, ਮਾਪਿਆਂ ਤੋਂ ਇਲਾਵਾ ਵਿਧਾਤਾ ਅਕਾਲ ਪੁਰਖ ਨੂੰ ਵੀ ਸੌਂਤਰਾ ਬਨਾਉਣ ਵਾਲਾ–

ਸਫਲੁ ਜਨਮੁ ਹਰਿ ਜਨ ਕਾ ਉਪਜਿਆ
ਜਿਨਿ ਕੀਨੋ ਸਉਤੁ ਬਿਧਾਤਾ ॥

(ਪੰਨਾ ੨੭੨)

ਇਨ੍ਹਾਂ ਤਿੰਨਾਂ ਦਾਨੀ ਭਗਤ ਤੇ ਸੂਰਮੇ ਤੋਂ ਬਗ਼ੈਰ ਹੋਰਨਾਂ ਦਾ ਸੰਸਾਰ ਤੇ ਆਉਣਾ ਹੀ ਨਿਸਫ਼ਲ ਹੈ। ਬਲਕਿ ਉਹ ਤਾਂ ਪ੍ਰਿਥਵੀ ਤੇ ਭਾਰ ਦਾ ਰੂਪ ਹਨ।

ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥

(ਪੰਨਾ ੪੮੮)

ਸਮਾਂ ਲੰਘਦਾ ਗਿਆ। ਇਸ ਸੁਭਾਗ ਜੋੜੀ ਦੇ ਅੰਦਰ ਪੁੱਤਰ ਪ੍ਰਾਪਤੀ ਦੀ ਇੱਛਾ ਵਧਦੀ ਗਈ। ਏਧਰੋਂ ਮਾਤਾ ਚਤਰ ਕੌਰ ਨੇ ਸਾਧੂ ਸੰਤਾਂ ਦੀ ਸੇਵਾ ਤੇ ਸੰਗਤ ਵਿੱਚ ਹੋਰ ਵਧੇਰੇ ਸਮਾਂ ਲਾਉਣਾ ਸ਼ੁਰੂ ਕਰ ਦਿੱਤਾ।

ਜੋ ਇਛੈ ਸੋਈ ਫਲੁ ਪਾਵੈ ॥
ਸਾਧ ਕੈ ਸੰਗਿ ਨ ਬਿਰਥਾ ਜਾਵੈ ॥

(ਪੰਨਾ ੨੭੨)

ਨਿਰੰਕਾਰ ਦੇ ਦਰ ਤੇ ਇਨ੍ਹਾਂ ਦੀ ਅਰਜ਼ੋਈ ਸੁਣੀ ਗਈ ਅਤੇ ਉਨ੍ਹਾਂ ਨੇ ਕਿਸੇ ਬਖ਼ਸ਼ੀ ਰੂਹ ਨੂੰ ਇਨ੍ਹਾਂ ਦੇ ਬੂਹੇ ਤੇ ਭੇਜਿਆ। ਨੂਰਾਨੀ ਚਿਹਰੇ ਵਾਲਾ ਬਜ਼ੁਰਗ, ਦੁੱਧ ਚਿੱਟਾ ਦਾਹੜਾ, ਲੰਬਾ ਕੱਦ ਜਿਸਦੇ ਮਸਤਕ ਦਾ ਨੂਰ ਡਲ੍ਹਕਾਂ ਮਾਰਦਾ ਹੈ, ਆ ਕੇ ਸਤਿ ਕਰਤਾਰ ਆਖਿਆ। ਸਵੇਰ ਦਾ ਟਾਇਮ ਸੀ ਅੰਦਰ ਬੈਠੇ ਮਾਤਾ ਜੀ ਦੇ ਕੰਨੀ ਆਵਾਜ਼ ਪਈ। ਦੌੜ ਕੇ ਬਾਹਰ ਆਏ ਜੋ ਪਹਿਲੇ ਹੀ ਇਸੇ ਲਗਨ ਵਿੱਚ ਲੀਨ ਰਹਿੰਦੇ ਸਨ। ਹੇ ਨਿਰੰਕਾਰ! ਸਾਡੇ ਤੇ ਤਰਸ ਕਰੋ ਤੇ ਆਪਣੇ ਦਰੋ ਬਖ਼ਸ਼ਿਆਂ ਦਾ ਦਰਸ਼ਨ ਬਖ਼ਸ਼।

*ਉਠ ਫਰੀਦਾ ਗਵਨ ਕਰ ਦੁਨੀਆਂ ਵੇਖਣ ਜਾ ॥*
*ਕੋਈ ਮਿਲਜੇ ਰੱਬ ਦਾ ਬਖਸ਼ਿਆ ਵਿਪਾ ਤੂੰ ਵੀ ਬਖਸ਼ਿਆ ਜਾ ॥*

ਉੱਠਕੇ ਅੱਲਾ ਦੇ ਪਿਆਰੇ ਰੱਬੀ ਦਰਵੇਸ਼ ਦਾ ਦਰਸ਼ਨ ਕੀਤਾ। ਭਾਵਨਾ ਨਾਲ ਚਰਨ ਚੁੰਮੇ, ਦੋਵੇਂ ਹੱਥ ਜੋੜਕੇ ਨਿਮਰਤਾਂ ਨਾਲ ਅਰਜ਼ ਕੀਤੀ, "ਮਹਾਰਾਜ! ਬੜੀ ਅਪਾਰ ਕ੍ਰਿਪਾ ਕੀਤੀ ਜੋ ਦਰਸ਼ਨ ਬਖ਼ਸ਼ਿਆ ਹੈ। ਅੱਜ ਭਾਗਾਂ ਵਾਲਾ ਦਿਨ ਚੜ੍ਹਿਆ ਹੈ। ਚਲੋ ਕਰੋ ਕ੍ਰਿਪਾ, ਪਾਓ ਅੰਦਰ ਚਰਨ ਲਾਓ ਵਿਹੜੇ ਨੂੰ ਭਾਗ ਘਰ ਪਵਿੱਤਰ ਹੋਵੇ।" ਨਾਮ ਖੁਮਾਰੀ ਤੇ ਬ੍ਰਹਮ ਗਿਆਨ ਦੀ ਮਸਤੀ ਵਿੱਚ ਝੂਮਦਾ ਰੱਬੀ ਆਸ਼ਕ ਮਾਤਾ ਦੇ ਨਾਲ ਅੰਦਰ ਚਲਾ ਗਿਆ। ਮਾਤਾ ਚਤਰ ਕੌਰ ਨੇ ਵਿਹੜੇ ਵਿੱਚ ਮੰਜਾ ਵਿਛਾਅ ਕੇ ਚਿੱਟੀ ਚਾਦਰ ਵਿਛਾਅ ਦਿੱਤੀ। ਸੰਤ ਜੀ ਮਹਾਰਾਜ ਉੱਪਰ ਬੈਠ ਗਏ। ਫਿਰ ਮਾਤਾ ਜੀ ਸੁੰਦਰ ਭੋਜਨ ਤਿਆਰ ਕਰਕੇ ਲਿਆਈ। ਜਲ ਵਰਤਾ ਕੇ ਅੱਗੇ ਥਾਲ ਰੱਖ ਦਿੱਤਾ। ਸਾਧੂ ਭੁੱਖਾ ਪ੍ਰਤੀਤ ਹੁੰਦਾ ਸੀ ਰੁਚੀ ਅਨੁਸਾਰ ਤ੍ਰਿਪਤ ਹੋ ਕੇ ਛਕਿਆ। ਹੱਥ ਧੋਤੇ, ਚੂਲ੍ਹਾ ਪੜ੍ਹਿਆ। ਮਾਤਾ ਜੀ ਨੇ ਬਸਤਰ ਤੇ ਮਾਇਆ ਨਜ਼ਰ ਭੇਟ ਰਖੀ ਪਰ ਉਹ ਸਭ ਕੁਝ ਉੱਥੇ ਹੀ ਛੱਡ ਕੇ ਜਾਣ ਲੱਗਾ ਬਚਨ ਕਰ ਗਿਆ, "ਸੁਭਾਗ ਬੱਚੀ! ਪੁੱਤਰਵਤੀ ਹੋ। ਨਿਰੰਕਾਰ ਦੀ ਦਰਗਾਹੋਂ ਤੇਰੇ ਘਰ ਕਾਰਕ ਪੁੱਤਰ ਆਵੇਗਾ ਜੋ ਦੁਨੀਆ ਨੂੰ ਤਾਰੇਗਾ। ਤੁਹਾਡਾ ਦੋਹੀਂ ਜਹਾਨੀਂ ਨਾਮ ਰੌਸ਼ਨ ਕਰੇਗਾ। ਉਸ ਦਾ ਕਦੇ ਮੁਖ ਨਾ ਫਿਟਕਾਰੀਂ। ਉਹ ਸੰਸਾਰ ਦਾ ਰਹਿਬਰ ਤੇ ਸੱਚਾ ਫ਼ਕੀਰ ਹੋਵੇਗਾ।"

ਇਤਨੇ ਬਚਨ ਕਹਿ ਕੇ ਸਾਧੂ ਦਹਿਲੀਜ਼ ਤੋਂ ਬਾਹਰ ਆ ਗਿਆ। ਫਿਰ ਉਸ ਦਾ ਕੋਈ ਪਤਾ ਨਹੀਂ ਲੱਗਾ ਕਿਸ ਪਾਸੇ ਤੁਰ ਗਿਆ। ਭਾਵ ਉਸੇ ਥਾਂ ਹੀ ਛਪਨ ਹੋ ਗਿਆ ਪਰ ਉਸ ਗੁਰੂ ਨਾਨਕ ਦੇ ਪਿਆਰੇ ਦੀ ਯਾਦ ਦਿੱਤੇ ਵਰ ਬਾਰ-ਬਾਰ ਮਾਤਾ ਜੀ ਨੂੰ ਯਾਦ ਆਉਂਦੇ ਸਨ।

ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥

(ਪੰਨਾ ੧੨੦੪)

ਅਰਸ਼ੀ ਹੁਕਮ ਅਨੁਸਾਰ ਇੱਕ ਸਾਲ ਬਾਅਦ ਮਾਤਾ ਚਤਰ ਕੌਰ ਦੀ ਭਗਤੀ ਨੂੰ ਫ਼ਲ ਲੱਗਾ। ਬਿਕ੍ਰਮੀ ਸੰਮਤ ੧੯੦੫ ਤੇ ਈਸਵੀ ੧੮੯੨ ਨੂੰ ਚਾਨਣੇ ਪੱਖ ਵਿੱਚ ਸਵੇਰ ਵੇਲੇ ਸੁੰਦਰ ਬਾਲਕ ਨੇ ਜਨਮ ਲਿਆ। ਸਾਰਾ ਘਰ ਰੋਸ਼ਨੀ ਨਾਲ ਭਰ ਗਿਆ। ਆਕਾਸ਼ ਤੇ ਚੰਦਰਮਾਂ ਪ੍ਰਕਾਸ਼ਦਾ ਹੋਇਆ ਇਹ ਜਣਾਅ ਰਿਹਾ ਹੈ ਕਿ ਮੈਂ ਅੱਜ ਪੂਰੇ ਜੋਬਨ ਤੇ ਡਲ੍ਹਕਾਂ ਮਾਰਦਾ ਹੋਇਆ ਸੰਸਾਰ ਦਾ ਅੰਧਕਾਰ ਮੇਟ ਰਿਹਾ ਹਾਂ। ਇਸੇ ਤਰ੍ਹਾਂ ਬਾਲਕ ਵੀ ਅਗਿਆਨੀ ਮਨਾਂ ਦਾ ਅੰਧੇਰਾ ਦੂਰ ਕਰੇਗਾ। ਮਾਤਾ ਪਿਤਾ ਨੂੰ ਬੜੀ ਪ੍ਰਸੰਨਤਾ ਹੋਈ ਕਿ ਸਵੇਰ ਦੇ ਵਕਤ ਕਿਸੇ ਮਹਾਂ ਪੁਰਸ਼ ਦਾ ਹੀ ਜਨਮ ਹੋਇਆ ਕਰਦਾ ਹੈ। ਦਿਨ ਚੜ੍ਹੇ ਨਗਰ ਵਿੱਚ ਖ਼ੁਸ਼ਖ਼ਬਰੀ ਫੈਲ ਗਈ। ਵਧਾਈਆਂ ਵੰਡੀਆਂ ਗਈਆਂ, ਅਸੀਸਾਂ ਦੇਣ ਆਏ ਗ਼ਰੀਬ ਗੁਰਬੇ ਖ਼ਾਲੀ ਨਹੀਂ ਮੁੜੇ।

ਦਿਨ ਲੰਘਦੇ ਗਏ ਘਰ ਵਿੱਚ ਖ਼ੁਸ਼ੀਆਂ ਵਧਦੀਆਂ ਗਈਆਂ। ਰਿਸਤੇਦਾਰ ਤੇ ਸੰਬੰਧੀ ਇਕੱਤਰ ਹੋਏ। ੪੦ ਦਿਨਾਂ ਤੋਂ ਬਾਅਦ ਘਰ ਵਿੱਚ ਬਰਾਦਰੀ ਦਾ ਇਕੱਠ ਕਰਕੇ ਅਖੰਡ ਪਾਠ ਸਾਹਿਬ ਦਾ ਭੋਗ ਪਵਾਕੇ ਚੋਲਾ ਪਵਾਇਆ ਗਿਆ। ਉਪਰੰਤ ਬੜਾ ਭਾਰੀ ਯੱਗ ਕੀਤਾ। ਇਸ ਸ਼ਬਦ ਦੇ ਪਹਿਲੇ 'ਅ' ਅੱਖਰ ਤੋਂ (ਜੋ ਅਰਦਾਸ ਤੋਂ ਬਾਅਦ ਹੁਕਮਨਾਮਾ ਆਇਆ) ਬਾਲਕ ਦਾ ਨਾਮ ਆਇਆ ਸਿੰਘ ਰੱਖਿਆ ਗਿਆ।

ਸੋਰਠਿ ਮਹਲਾ ੫ ॥
ਅਪਨਾ ਗੁਰੂ ਧਿਆਏ ॥ ਮਿਲਿ ਕੁਸਲ ਸੇਤੀ ਘਰਿ ਆਏ ॥
ਨਾਮੈ ਕੀ ਵਡਿਆਈ ॥ ਤਿਸੁ ਕੀਮਤਿ ਕਹਣੁ ਨ ਜਾਈ ॥੧॥
ਸੰਤਹੁ ਹਰਿ ਹਰਿ ਹਰਿ ਆਰਾਧਹੁ ॥
ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥ ਰਹਾਉ ॥
ਪ੍ਰੇਮ ਭਗਤਿ ਪ੍ਰਭ ਲਾਗੀ ॥ ਸੋ ਪਾਏ ਜਿਸੁ ਵਡਭਾਗੀ ॥
ਜਨ ਨਾਨਕ ਨਾਮੁ ਧਿਆਇਆ ॥ ਤਿਨਿ ਸਰਬ ਸੁਖਾ ਫਲ ਪਾਇਆ ॥੨॥

(ਪੰਨਾ ੬੨੭)

ਆਮ ਕਹਾਵਤ ਹੈ, 'ਹੋਣਹਾਰ ਬਿਰਵਾਨ ਕੇ ਚਿਕਨੇ-ਚਿਕਨੇ ਪਾਤ' ਬਚਪਨ ਦੇ ਸੁੰਦਰ ਕੌਤਕ, ਤੋਤਲੀ ਜ਼ੁਬਾਨ ਦੇ ਮਿੱਠੇ ਬੋਲ, ਬੱਚਿਆਂ ਨਾਲ ਇਕੱਠੇ ਰਲ ਕੇ ਖੇਡਣਾ, ਨਾ ਕਿਸੇ ਦੇ ਨਾਲ ਲੜਣਾ, ਨਾ ਕਿਸੇ ਨੂੰ ਗਾਲ੍ਹ ਕੱਢਣੀ। ਰੁੱਸਣਾ ਤੇ ਰੋਣਾ ਤਾਂ ਆਪ ਜਾਣਦੇ ਹੀ ਨਹੀਂ ਸਨ। ਕਦੀ-ਕਦੀ ਬੜੇ ਮਹਾਤਮਾ ਵਾਂਗੂੰ ਚੱਪ ਮਾਰਕੇ ਨੇਤਰ ਬੰਦ ਕਰਕੇ ਬੈਠ ਜਾਣਾ। ਉਦਾਲੇ ਬੱਚਿਆਂ ਨੇ ਆ ਜੁੜਨਾ, ਸਭ ਤੋਂ ਸਤਿਨਾਮ ਦਾ ਜਾਪ ਕਰਵਾਉਣਾ। ਫਿਰ ਘਰੋਂ ਲਿਆਂਦੀ ਕੋਈ ਮਿੱਠੀ ਚੀਜ਼ ਸਭਨਾਂ ਨੂੰ ਵਰਤਾਉਂਣੀ। ਇਉਂ ਸਮਾਂ ਬੀਤਦਾ ਗਿਆ ਤੇ ਆਪ ਜੀ ਦੀ ਉਮਰ ਪੰਜ ਸਾਲ ਹੋ ਗਈ। ਉਸ ਬੀਤ ਰਾਗ ਸਾਧੂ ਦਾ ਵਰ ਸੁਣਕੇ ਮਾਤਾ ਜੀ ਨੇ ਤਾਂ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਸੁੱਖਣਾਂ ਸੁੱਖ ਲਈ ਸੀ, ਕਿ ਜਦੋਂ ਬਾਲਕ ਕੁਝ ਸਾਲਾਂ ਦਾ ਹੋ ਜਾਵੇਗਾ, ਫਿਰ ਮਰਦਾਨ ਵਾਲੇ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ (ਜੋ ਉਸ ਸਮੇਂ ਸਾਰੇ ਇਲਾਕੇ ਵਿੱਚ ਮਸ਼ਹੂਰ ਵਿਆਕਤੀ ਸਨ) ਦੇ ਦਰਸ਼ਨਾਂ ਲਈ ਡੇਰੇ ਜਾ ਕੇ ਚਰਨੀ ਪਾ ਕੇ ਅਸੀਸਾਂ ਲਵਾਂਗੇ। ਹੁਣ ਉਸ ਬਚਨ ਨੂੰ ਪੂਰਾ ਕਰਨ ਲਈ ਸਾਰਾ ਪਰਿਵਾਰ ਚਾਚਾ ਜੀ ਤੇ ਕਾਕਾ ਆਇਆ ਸਿੰਘ ਜੀ ਨੂੰ ਨਾਲ ਲੈ ਕੇ ਹੋਤੀ ਵਾਲੇ ਸੰਤਾਂ ਦੇ ਡੇਰੇ ਆਇਆ। ਭਾਵਨਾ ਨਾਲ ਨਮਸਕਾਰ ਕੀਤੀ ਚਰਨ ਧੂੜੀ ਮਸਤਕ ਨੂੰ ਲਾਈ। ਜਦੋਂ ਚਾਚਾ ਜੀ ਤੇ ਹੋਰ ਪ੍ਰੇਮੀ ਮੱਥਾ ਟੇਕ ਚੁੱਕੇ ਤਾਂ ਕਾਕਾ ਆਇਆ ਸਿੰਘ ਜੀ ਦੀ ਵਾਰੀ ਆਈ। ਜਦੋਂ ਮੱਥਾ ਟੇਕਣ ਲੱਗੇ ਤਾਂ ਅਰਸ਼ੀ ਦਾਤੇ ਨੇ ਚਰਨ ਛੋਹਣ ਲੱਗੇ ਦੀ ਬਾਂਹ ਫੜਕੇ ਆਖਿਆ, "ਕਾਕਾ! ਆ ਗਿਆ?" ਕਾਕੇ ਨੇ ਨਮਸਕਾਰ ਕੀਤੀ ਪਰਸਪਰ ਇਉਂ ਮਿਲੇ ਜਿਵੇਂ ਚਿਰਾਂ ਦਾ ਵਿਛੜਿਆ ਬਾਲਕ ਆਪਣੇ ਮਾਤਾ ਪਿਤਾ ਨੂੰ ਮਿਲਦਾ ਹੈ। ਸੰਤਾਂ ਨੇ ਨਾਮ ਪੁੱਛਿਆ ਤਾਂ ਚਾਚੇ ਨੇ ਅਰਜ਼ ਕੀਤੀ, "ਮਹਾਰਾਜ! ਨਾਮ ਤਾਂ ਇਸਦਾ ਆਇਆ ਸਿੰਘ ਰੱਖਿਆ ਹੈ। ਛੋਟੀ ਉਮਰ ਤੋਂ ਹੀ ਆਇਓ ਆਇਓ ਇਸ ਤਰ੍ਹਾਂ ਬੋਲਦਾ ਰਹਿੰਦਾ ਹੈ।" ਸੰਤਾਂ ਹੁਕਮ ਕੀਤਾ, "ਚੰਗਾ ਬਈ! ਜੇ ਆਇਆ ਹੈ ਤਾਂ ਹੁਣ ਆ ਹੀ ਗਿਆ।" ਚਾਚੇ ਤੇ ਹੋਰ ਸਬੰਧੀਆਂ ਨੇ ਕਿਹਾ, "ਦਾਤਾ! ਹਜ਼ੂਰ ਦੇ ਦਰ ਆਇਆ ਹੈ ਕ੍ਰਿਪਾ ਕਰੋ, ਸਿਰ ਤੇ ਹੱਥ ਰਖੋ, ਅਸ਼ੀਰਵਾਦ ਦੇਵੋ ਤੇ ਆਪਣੀ ਸੇਵਾਂ ਵਿੱਚ ਲਾਓ।"

ਸੰਤਾਂ ਨੇ ਸਭਨਾਂ ਦੀ ਬੇਨਤੀ ਸੁਣਕੇ, ਕਾਕੇ ਦੇ ਸਿਰ ਤੇ ਹੱਥ ਰੱਖਿਆ, ਅਸ਼ੀਰਵਾਦ ਦਿੱਤਾ। ਛੋਟੇ ਸੰਤ ਲਾਲ ਸਿੰਘ ਜੀ ਨੂੰ ਆਵਾਜ਼ ਮਾਰੀ, ਉਹ ਹਜ਼ੂਰੀ ਵਿੱਚ ਆਏ। ਤ੍ਰਿਕਾਲ ਦਰਸ਼ੀ ਪ੍ਰੀਤਮ ਨੇ ਆਖਿਆ, "ਲਾਲ ਸਿੰਘ! ਇਹ ਅੱਜ ਆਇਆ ਹੈ, ਸਚ-ਮੁਚ ਹੀ ਆ ਗਿਆ ਹੈ, ਆ ਗਿਆ ਬਈ! ਡੇਰੇ ਦਾ ਮਾਲਕ ਇਸਨੂੰ ਸਾਂਭ ਲੈ, ਇਸਨੇ ਤਾਂ ਆਉਣਾ ਵੀ ਏਥੇ ਹੀ ਸੀ। ਉਹ ਪੂਰਬਲਾ ਬਚਨ ਪੂਰਾ ਹੋਇਆ ਤੇ ਆ ਗਿਆ। ਜੋ ਦਿੱਲੀ ਦੇ ਗ਼ਦਰ ਸਮੇਂ ਅਸਾਂ ਇੱਕ ਸਾਧੂ ਨੂੰ ਬਲਦੀ ਅੱਗ ਵਿਚੋਂ ਬਾਹਰ ਕੱਢਿਆ ਸੀ ਤੇ ਉਸ ਨੇ ਕਿਹਾ ਸੀ ਮਹਾਰਾਜ ਮੇਰਾ ਇੱਕ ਜਨਮ ਹੋਰ ਹੈ। ਮੈਂ ਉਸ ਵੇਲੇ ਤੁਹਾਡੇ ਪਾਸ ਆਵਾਂਗਾ।" ਸੰਤਾਂ ਦੇ ਇਹ ਬਚਨ ਸੁਣਕੇ ਸਾਰਾ ਪ੍ਰੀਵਾਰ ਬੜਾ ਪ੍ਰਸੰਨ ਹੋਇਆ। ਕਾਕੇ ਆਇਆ ਸਿੰਘ ਨੂੰ ਸੰਤਾਂ ਦੀ ਸੇਵਾ ਵਿੱਚ ਛੱਡਕੇ ਆਪ ਆਗਿਆ ਪਾ ਕੇ ਘਰਾਂ ਨੂੰ ਵਾਪਸ ਆ ਗਏ। ਸੰਤਾਂ ਨੇ ਕਾਕੇ ਆਇਆ ਸਿੰਘ ਨੂੰ ਭਾਈ ਲਾਲ ਸਿੰਘ ਜੀ ਦੇ ਪਾਸ ਛੱਡ ਦਿੱਤਾ ਕਿ ਇਸਨੂੰ ਆਪਣੇ ਨਾਲ ਸੇਵਾ ਵਿੱਚ ਲਾਓ। ਛੋਟੇ ਸੰਤਾਂ ਨੇ ਇਨ੍ਹਾਂ ਨੂੰ ਲੰਗਰ ਦੀ ਸੇਵਾ ਵਿੱਚ ਲਾ ਲਿਆ। ਇਹ ਵੀ ਤਨੋ ਮਨੋ ਹੋ ਕੇ ਸਾਰਾ-ਸਾਰਾ ਦਿਨ ਸੇਵਾ ਕਰਦੇ ਸਨ। ਬਰਤਨ ਪਹਿਲਾਂ ਹੀ ਸਾਫ਼ ਸੀ ਫਿਰ ਸੇਵਾ ਦੀ ਰੰਗਤ ਚੜ੍ਹ ਗਈ। ਵੱਡੇ ਸੰਤਾਂ ਨੇ ਛੇਤੀ ਹੀ ਕ੍ਰਿਪਾ ਕਰਕੇ ਨਾਮ ਦੀ ਦਾਤ ਬਖ਼ਸ਼ ਦਿੱਤੀ। ਸੇਵਾ ਦੇ ਨਾਲ-ਨਾਲ ਨਾਮ ਅਭਿਆਸ ਵੀ ਕਰਦੇ ਰਹਿੰਦੇ ਸਨ। ਨਿਸ਼ਕਾਮ ਹੋ ਕੇ ਸੇਵਾ ਕੀਤੀ ਹੋਈ ਛੇਤੀ ਹਿਰਦਾ ਸ਼ੁੱਧ ਕਰਦੀ ਹੈ ਅਤੇ ਸੁਆਮੀ ਮਾਲਕ ਦੀ ਪ੍ਰਾਪਤੀ ਕਰਾਉਂਦੀ ਹੈ।

ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥

(ਪੰਨਾ ੨੭੬)

ਅਥਵਾ: ਕਾਹੂ ਫਲ ਕੀ ਇਛਾ ਨਹੀ ਬਾਛੈ ॥
ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥

(ਪੰਨਾ ੨੭੪)

ਸੋ ਸੇਵਾ ਹੀ ਸਾਰੇ ਸੁਖਾਂ ਦੇ ਦੇਣ ਵਾਲੀ ਹੈ ਅਤੇ ਗੁਰੂ ਕੀ ਸੇਵਾ ਹੀ ਸੱਚਾ ਤੀਰਥ ਹੈ।

ਯਥਾ: ਸਾਚਾ ਨਾਵਣੁ ਗੁਰ ਕੀ ਸੇਵਾ ॥

(ਪੰਨਾ ੪੯੪)

ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥

(ਪੰਨਾ ੧੪੨੨)

ਸੇਵਾ ਕਰਦਿਆਂ-ਕਰਦਿਆਂ ਸੰਤ ਆਇਆ ਸਿੰਘ ਜੀ ਜਿਵੇਂ ਚੰਦਨ ਦੀ ਸੰਗਤ ਨਾਲ ਸਮੂਹ ਬਨਾਸਪਤੀ ਚੰਦਨ ਬਣ ਜਾਂਦੀ ਹੈ, ਵੱਡੇ ਸੰਤਾਂ ਦਾ ਰੂਪ ਹੀ ਬਣ ਗਏ।

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥
ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥

(ਪੰਨਾ ੬੪੭)

ਡੇਰੇ ਦੀ ਸੇਵਾ ਗੁਰੂ ਕੇ ਲੰਗਰ ਦੀ ਸੇਵਾ, ਵੱਡੇ ਸੰਤਾਂ ਦੇ ਪ੍ਰਸ਼ਾਦਿ ਤਿਆਰ ਕਰਨ ਤੇ ਬਾਹਰ ਗੁਫਾ ਤੇ ਲਿਜਾਣ ਦੀ ਸੇਵਾ, ਛੋਟੇ ਸੰਤਾਂ ਦਾ ਬਚਨ ਮੰਨਣਾ, ਫਿਰ ਸੇਵਾ ਕਰਦਿਆਂ ਸਭਨਾਂ ਦੇ ਕਹੇ ਬੋਲ ਕੁਬੋਲ ਸਹਾਰਨੇ, ਇਹ ਸਭ ਤੋਂ ਔਖਾ ਕੰਮ ਹੈ।

ਖਾਦ ਖੋਦ ਧਰਤੀ ਸਹੈ ਕਾਟ ਕੂਟ ਬਨਰਾਇ।
ਬੋਲ ਕਬੋਲ ਸਾਧੂ ਸਹੈ ਔਰ ਪੈ ਸਹਿਆ ਨ ਜਾਇ।

ਪੂਰਨ ਸਾਧੂ ਹੀ ਸਹਾਰ ਸਕਦਾ ਹੈ ਹੋਰ ਕੋਈ ਨਹੀਂ। ਅੱਠੇ ਪਹਿਰ ਸਿਮਰਨ ਵਿੱਚ ਲੀਨ ਰਹਿਣਾ। ਭਗਤੀ ਤਾਂ ਪਿਛਲੇ ਜਨਮਾਂ ਦੀ ਹੀ ਬੜੀ ਸੀ। ਕੇਵਲ ਸੰਸਾਰੀ ਮਰਿਯਾਦਾ ਨੂੰ ਕਾਇਮ ਰੱਖਦੇ ਹੋਏ ਗਿਆਨ ਦੀਪਕ ਨੂੰ ਪ੍ਰਚਲਤ ਕਰਾਉਣ ਲਈ ਹੀ ਆਏ ਸਨ। ਜਿਸਦੀ ਸਮੱਗਰੀ ਅੰਤਸ਼ਕਰਨ ਦੀ ਸ਼ੁੱਧਤਾ ਰੂਪੀ ਠੂਠੀ ਬ੍ਰਿਤੀ ਰੂਪੀ ਬੱਤੀ, ਪ੍ਰੇਮ ਰੂਪੀ ਤੇਲ ਪਹਿਲਾਂ ਹੀ ਕਾਇਮ ਸੀ। ਸਿਰਫ ਸਿੱਖਿਆ ਰੂਪ ਸੀਖ ਦੀ ਲੋੜ ਸੀ, ਉਹ ਮਹਾਂ ਪੁਰਸ਼ਾਂ ਪਾਸੋਂ ਪ੍ਰਾਪਤ ਹੋ ਗਈ। ਛੋਟੇ ਸੰਤਾਂ ਦੇ ਜੋਤੀ ਜੋਤ ਸਮਾਉਂਣ ਤੋਂ ਬਾਅਦ ਫੇਰ ਤਾਂ ਆਪ ਨੂੰ ਹੀ ਲੰਗਰ ਤੇ ਡੇਰੇ ਦਾ ਇੰਚਾਰਜ ਬਣਾ ਦਿੱਤਾ ਗਿਆ। ਕਾਕਾ ਆਇਆ ਸਿੰਘ ਜੀ ਸੰਤ ਬਾਬਾ ਆਇਆ ਸਿੰਘ ਜੀ ਬਣ ਗਏ।

ਪਾਰਸ ਮੈਂ ਅਰ ਸੰਤ ਮੈਂ ਬਡੋ ਅੰਤਰੋ ਜਾਨ।
ਵਹਿ ਲੋਹਾ ਕੰਚਨ ਕਰੈ ਵਹਿ ਕਰਹੈ ਆਪ ਸਮਾਨ।

ਦੇ ਭਾਵ ਅਨੁਸਾਰ ਆਪਣਾ ਸਰੂਪ ਬਣਾ ਕੇ ਅੰਤਮ ਸਮੇਂ ਬਾਬਾ ਜੀ ਨੇ ਇਨ੍ਹਾਂ ਨੂੰ ਹੀ ਜ਼ਿਮੇਂਵਾਰੀ ਸੌਂਪ ਦਿੱਤੀ। ਇਉਂ ਸੰਤ ਬਾਬਾ ਆਇਆ ਸਿੰਘ ਜੀ ਮਹਾਰਾਜ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਅਸਥਾਨੀ ਹੋ ਕੇ ਉਨ੍ਹਾਂ ਵਾਂਗੂੰ ਹੀ ਬੇਅੰਤ ਸੰਗਤਾਂ ਦਾ ਉਧਾਰ ਕਰਦੇ ਰਹੇ। ਐਤਕੀਂ ਵੱਡੇ ਸੰਤਾਂ ਦਾ ਸਲਾਨਾ ਜੋੜ ਮੇਲਾ ਸੈਦੂ ਮਨਾਉਣ ਵਾਸਤੇ ਅਤੇ ਉਸ ਜਗ੍ਹਾ ਸੰਤਾਂ ਦੀ ਯਾਦ ਵਿੱਚ ਗੁਰਦੁਆਰੇ ਦਾ ਨੀਂਹ ਪੱਥਰ ਰੱਖਣ ਲਈ ਆਪ ਜੀ ਨੇ ਸੰਕਲਪ ਕੀਤਾ। ਏਧਰੋਂ:

ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ ॥

(ਪੰਨਾ ੯੧੭)

ਦੇ ਮਹਾਂ ਵਾਕ ਅਨੁਸਾਰ ਅਕੋੜਾ, ਖੈਰਾਬਾਦ, ਸੈਦੂ ਤੇ ਹੋਰ ਬੇਅੰਤ ਪਿੰਡਾਂ ਦੀ ਸੰਗਤ ਇਕੱਤਰ ਹੋ ਕੇ ਸੰਤਾਂ ਪਾਸ ਪੁੱਜੀ, ਭੇਟਾ ਅਰਪੀ ਅਤੇ ਭਾਵਨਾ ਨਾਲ ਮੱਥਾ ਟੇਕਿਆ। ਫੇਰ ਸਾਰਿਆਂ ਨੇ ਹੱਥ ਜੋੜ ਕੇ ਅਰਜ ਕੀਤੀ,

"ਮਹਾਰਾਜ! ਆਪ ਕਿਰਪਾ ਕਰਕੇ ਵੱਡੇ ਸੰਤਾਂ ਦਾ ਸਾਲਾਨਾ ਜੋੜ ਮੇਲਾ ਮਨਾਉਣ ਵਾਸਤੇ ਅਤੇ ਉਨ੍ਹਾਂ ਦੀ ਯਾਦ ਵਿੱਚ ਮਾਈ ਚੰਨੋ ਦੇ ਘਰ ਜਿੱਥੇ ਸੰਤ ਜੀ ਜੋਤੀ ਜੋਤ ਸਮਾਏ ਹਨ, ਗੁਰਦੁਆਰੇ ਦੀ ਨੀਂਹ ਰੱਖਣ ਲਈ ਸੰਗਤਾਂ ਸਮੇਤ ਸੈਦੂ ਦਰਸ਼ਨ ਦੇਵੋ। ਸਾਰੇ ਇਲਾਕੇ ਦੇ ਪ੍ਰੇਮੀ ਇਕੱਤਰ ਹੋ ਕੇ ਹਜ਼ੂਰ ਦੇ ਚਰਨਾਂ ਵਿੱਚ ਅਰਜ ਕਰਨ ਆਏ ਹਾਂ।" ਸੰਤਾਂ ਨੇ ਸਭਨਾਂ ਦਾ ਸਤਿਕਾਰ ਕੀਤਾ ਅਤੇ ਬੇਨਤੀ ਮਨਜ਼ੂਰ ਕਰ ਲਈ ਤੇ ਕਿਹਾ, "ਤੁਸੀ ਜਾਓ, ਜਾ ਕੇ ਤਿਆਰੀ ਕਰੋ ਅਸੀਂ ਡੇਰੇ ਨਿਵਾਸੀ ਸਾਧੂਆਂ ਸਮੇਤ ਚਾਰ ਦਿਨ ਪਹਿਲਾਂ ਪੁੱਜ ਜਾਵਾਂਗੇ।" ਸੰਤਾਂ ਦਾ ਹੁਕਮ ਪਾ ਕੇ ਸਭਨਾਂ ਦੇ ਮਨ ਖੇੜੇ ਵਿੱਚ ਆ ਗਏ। ਸਭਨਾਂ ਨੇ ਲੰਗਰੋਂ ਪ੍ਰਸ਼ਾਦਿ ਛਕਿਆਂ ਤੇ ਆਰਾਮ ਕੀਤਾ। ਦੂਸਰੇ ਦਿਨ ਮਹਾਂ ਪੁਰਸ਼ਾਂ ਦੀ ਆਗਿਆ ਪਾ ਕੇ ਸੰਗਤ ਵਿਦਾ ਹੋਈ ਤੇ ਜਾ ਕੇ ਤਿਆਰੀ ਅਰੰਭ ਦਿੱਤੀ। ਏਧਰੋਂ ਸੰਤਾਂ ਨੇ ਵੀ ਉੱਥੇ ਜਾਣ ਦੀ ਤਿਆਰੀ ਕੀਤੀ ਤੇ ਡੇਰੇ ਦੇ ਸਾਧੂਆਂ ਸਮੇਤ ਚੱਲ ਪਏ। ਸੰਤਾਂ ਦੇ ਸਵਾਗਤ ਵਿੱਚ ਅਕੋੜੇ ਸਟੇਸ਼ਨ ਤੇ ਸੰਗਤਾਂ ਦੀ ਭੀੜ ਜੁੜੀ ਸੀ। ਜਦ ਗੱਡੀ ਰੁਕੀ ਸੰਤ ਜੀ ਮਹਾਰਾਜ ਉੱਤਰੇ ਤਾਂ ਸੰਗਤਾਂ ਨੇ ਬੇਅੰਤ ਖ਼ੁਸ਼ੀ ਮਨਾਈ। ਸਾਰਿਆਂ ਨੇ ਨਮਸਕਾਰ ਕੀਤੀ। ਭੇਟਾ ਅਰਪੀ ਫਿਰ ਪਾਲਕੀ ਵਿੱਚ ਬਿਠਾਕੇ ਬੈਂਡ ਵਾਜਿਆ ਨਾਲ ਅਕੋੜੇ ਦਰਿਆ ਦੇ ਕਿਨਾਰੇ ਬਾਗ਼ ਵਿੱਚ ਲੈ ਗਏ। (ਇਥੇ ਪਹਿਲਾਂ ਹੀ ਪ੍ਰੇਮੀਆਂ ਨੇ ਦੀਵਾਨ ਵਾਸਤੇ ਤਿਆਰੀ ਕਰ ਰੱਖੀ ਸੀ।) ਸੁੰਦਰ ਦੀਵਾਨ ਸਜ ਗਿਆ। ਕੀਰਤਨ ਸ਼ੁਰੂ ਹੋ ਗਿਆ। ਜਿਸ ਦੀ ੧੨ ਵਜੇ ਸਮਾਪਤੀ ਹੋਈ। ਫਿਰ ਗੁਰੂ ਕਾ ਅਤੁੱਟ ਲੰਗਰ ਵਰਤਿਆ ਜੋ ਸ਼ਾਮ ਦੇ ਚਾਰ ਵਜੇ ਤੱਕ ਵਰਤਦਾ ਰਿਹਾ। ਉਪਰੰਤ ਸੰਤਾਂ ਨੂੰ ਸੰਗਤ ਨੇ ਝੰਪਾਨ ਤੇ ਅਸਵਾਰ ਕਰਕੇ ਬੈਂਡ ਤੇ ਦੇਸੀ ਵਾਜਿਆ ਨਾਲ ਜਲੂਸ ਦੀ ਸ਼ਕਲ ਵਿੱਚ (ਜਿਨ੍ਹਾਂ ਵਿੱਚ ਢੋਲਕ ਛੈਣੇ, ਤੂਤੀਆਂ, ਰਣ ਸਿੰਗੇ ਅਤੇ ਹੋਰ ਸਾਜ਼ ਵੱਜ ਰਹੇ ਸਨ) ਹਿੰਦੂ ਮੁਸਲਮਾਨ ਜਸ ਕਰਦੇ ਹੋਏ ਸੈਦੂ ਲੈ ਆਏ। ਉਸ ਸਮੇਂ ਅਕੋੜੇ ਪਿੰਡ ਦੇ ਪਠਾਣ ਆਏ, ਉਨ੍ਹਾਂ ਨੇ ਵੀ ਸੰਤਾਂ ਨੂੰ ਭਾਵਨਾ ਨਾਲ ਨਮਸਕਾਰ ਕੀਤੀ। ਭੇਟਾ ਅਰਪੀ ਤੇ ਪਾਲਕੀ ਦੇ ਨਾਲ ਚੱਲ ਪਏ।

ਸੰਤ ਮਹਾਰਾਜ ਜੀ ਦੇ ਜਾਣ ਤੋਂ ਪਹਿਲਾਂ ਸੈਦੂ ਤੋਂ ਬਾਹਰ ਹੀ ਸੜਕ ਤੇ ਦੀਵਾਨ ਸਜਿਆ ਹੋਇਆ ਸੀ। ਆਪ ਜੀ ਗੁਰੂ ਮਹਾਰਾਜ ਨੂੰ ਨਮਸਕਾਰ ਕਰਕੇ ਸਿੱਧੇ ਦੀਵਾਨ ਵਿੱਚ ਹੀ ਜਾ ਬੈਠੇ। ਹੋਰ ਵੀ ਬੇਅੰਤ ਪ੍ਰੇਮੀ ਦੀਵਾਨ ਵਿੱਚ ਗੁਰਬਾਣੀ ਦੇ ਕੀਰਤਨ ਦਾ ਅਨੰਦ ਮਾਣ ਰਹੇ ਸਨ। ਕੁਝ ਸਮੇਂ ਤੋਂ ਬਾਅਦ ਸਾਰਿਆਂ ਨੇ ਅਰਜ਼ ਕੀਤੀ, "ਮਹਾਰਾਜ! ਅੱਗੇ ਚਲੋ।" ਆਪ ਜੀ ਨੇ ਹੁਕਮ ਕੀਤਾ ਪਹਿਲਾਂ ਕੜਾਹ ਪ੍ਰਸ਼ਾਦਿ ਤਿਆਰ ਹੋ ਲਵੇ ਫਿਰ ਅੰਦਰ ਗੁਰੂ ਅਸਥਾਨ ਦੇ ਦਰਸ਼ਨ ਕਰਾਂਗੇ। ਉਸ ਸਮੇਂ ਸੰਤ ਤਾਰਾ ਸਿੰਘ ਜੀ ਪੰਡਿਤ (ਜੋ ਉਸ ਸਮੇਂ ਤੁਡੇਰ ਨਗਰ ਦੀ ਸੰਗਤ ਨੂੰ ਗੁਰਬਾਣੀ ਦੀ ਕਥਾ ਦੁਆਰਾ ਨਿਹਾਲ ਕਰਿਆ ਕਰਦੇ ਸਨ) ਉਹ ਵੀ ਆਪਣੇ ਨਾਲ ਬਹੁਤ ਸਾਰੀ ਤੁਡੇਰ ਦੀ ਸੰਗਤ ਨੂੰ ਲੈ ਕੇ ਅਤੇ ਰਾਗੀ ਲਾਲ ਸਿੰਘ (ਜੋ ਤੁਡੇਰ ਦੇ ਗ੍ਰੰਥੀ ਸਨ) ਉਨ੍ਹਾਂ ਦੇ ਨਾਲ ਸੰਤਾਂ ਦੀ ਹਜ਼ੂਰੀ ਵਿੱਚ ਪੁੱਜੇ। ਸਭਨਾਂ ਨੇ ਗਲ ਪੱਲੇ ਪਾ ਕੇ ਹੱਥ ਜੋੜੇ ਤੇ ਭਾਵਨਾ ਨਾਲ ਪਾਵਨ ਚਰਨਾਂ ਤੇ ਨਮਸਕਾਰ ਕੀਤੀ। ਫਿਰ ਸਾਰਿਆਂ ਦੇ ਮੁੱਖੋਂ ਇਹੋ ਸ਼ਬਦ ਨਿਕਲੇ, "ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ" ਅਤੇ ਆਖਿਆ–

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥

(ਪੰਨਾ ੧੦੮੮)

ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਇਸ ਜਗ੍ਹਾ ਨੌਮੀ ਦੇ ਸਮਾਗਮ ਦੀ ਸਮਾਪਤੀ ਕਰਕੇ ਸਾਧੂਆਂ ਸਮੇਤ ਤੁਡੇਰ ਦਰਸ਼ਨ ਬਖ਼ਸ਼ੋ।" ਤਾਂ ਬਾਬਾ ਜੀ ਨੇ ਉੱਤਰ ਦਿੱਤਾ, "ਸਾਨੂੰ ਵੱਡੇ ਸੰਤਾਂ ਦਾ ਬਾਹਰ ਜਾਣ ਦਾ ਹੁਕਮ ਨਹੀਂ। ਉੱਥੇ ਵੀ ਤੁਹਾਡੇ ਤੇ ਸੰਗਤ ਦੇ ਹੀ ਦਰਸ਼ਨ ਕਰਨੇ ਸਨ ਸੋ ਏਥੇ ਹੋ ਗਏ। ਇਹ ਸੇਵਾ ਵੀ ਤੁਸਾਂ ਨੇ ਹੀ ਕਰਨੀ ਹੈ। ਹੁਣ ਆਪਾਂ ਸਾਰੇ ਰਲ ਮਿਲ ਕੇ ਇਸ ਕਾਰਜ ਨੂੰ ਕਰੀਏ।" ਪੰਡਿਤ ਤਾਰਾ ਸਿੰਘ ਨੇ ਫਿਰ ਹੱਥ ਜੋੜੇ ਤੇ ਅਰਜ਼ ਕੀਤੀ, "ਮਹਾਰਾਜ! ਸਾਰੀ ਸੰਗਤ ਲੰਗਰ ਦੀ ਤੇ ਆਪ ਜੀ ਦੇ ਦਰਸ਼ਨ ਕਰਨ ਦੀ ਮੁਕੰਮਲ ਤਿਆਰੀ ਕਰ ਆਈ ਹੈ। ਸਾਰੇ ਇਲਾਕੇ ਵਿੱਚ ਖ਼ਬਰਾਂ ਫੈਲ ਗਈਆਂ ਹਨ। ਆਪ ਜ਼ਰੂਰ ਹੀ ਚਰਨ ਪਾ ਕੇ ਨਗਰ ਨੂੰ ਪਵਿੱਤਰ ਕਰੋ।"

ਇਸ ਤਰ੍ਹਾਂ ਦੀ ਬੇਨਤੀ ਸੁਣਕੇ ਸੰਤ ਹੱਸ ਕੇ ਕਹਿਣ ਲੱਗੇ, "ਹੋਰ ਤਾਂ ਜਿਸ ਤਰ੍ਹਾਂ ਹੋਇਆ ਸੋ ਹੋਇਆ ਪਰ ਵੱਡੇ ਭਾਈ ਦਾ ਹੁਕਮ ਨਹੀਂ ਮੋੜਿਆ ਜਾ ਸਕਦਾ। ਸੋ ਜਿਸ ਤਰ੍ਹਾਂ ਸੰਗਤ ਦਾ ਵਿਚਾਰ ਹੈ ਉਹ ਸਾਨੂੰ ਮਨਜ਼ੂਰ ਹੈ।" ਜਿਸ ਸਮੇਂ ਸੰਤਾਂ ਨੇ ਮਨਜ਼ੂਰੀ ਦੇ ਦਿੱਤੀ ਤਾਂ ਇਸ ਖ਼ੁਸ਼ੀ ਵਿੱਚ ਸੰਗਤਾਂ ਨੇ ਪੰਜ ਜੈਕਾਰੇ ਬੋਲੇ ਅਤੇ ਗੋਲੇ ਚਲਾਏ। ਫਿਰ ਤੁਡੇਰ ਦੀ ਸੰਗਤ ਹਜ਼ੂਰ ਦੀ ਆਗਿਆ ਪਾ ਕੇ ਤਿਆਰੀ ਵਾਸਤੇ ਆਪਣੇ ਨਗਰਾਂ ਨੂੰ ਚਲੀ ਗਈ। ਉਸ ਸਮੇਂ ਬੇਅੰਤ ਸੰਗਤਾਂ

ਮਹਾਂ ਪੁਰਸ਼ਾਂ ਦਾ ਦੀਦਾਰ ਕਰਦੀਆਂ ਹੋਈਆਂ ਨਿਹਾਲ ਹੋ ਰਹੀਆਂ ਸਨ। ਪਿਸ਼ਾਵਰ ਦੇ ਪੰਡਿਤ ਨੇ ਵੀ ਬੈਂਡ ਵਾਜਿਆਂ ਨਾਲ ਸੰਤਾਂ ਦਾ ਸਵਾਗਤ ਕੀਤਾ। ਉਸ ਸਮੇਂ ਸੰਗਤਾਂ ਦਾ ਬਹੁਤਾ ਇਕੱਠ ਦੇਖਕੇ ਤੇ ਸਰਦੀ ਦਾ ਮੌਸਮ ਜਾਣਕੇ ਬਾਬਾ ਜੀ ਨੇ ਭਾਈ ਲਾਲ ਸਿੰਘ ਰਾਗੀ ਨੂੰ ਹੁਕਮ ਕੀਤਾ ਕਿ ਤੁਸੀਂ ਸਵੇਰੇ ਤੁਡੇਰ ਨਗਰ ਤੋਂ ਸੰਗਤ ਵਾਸਤੇ ਬਿਸਤਰੇ ਤੇ ਬਰਤਨ ਲੈ ਆਉਣੇ। ਕਿਉਂਕਿ ਤੁਸੀਂ ਉੱਥੋਂ ਦੇ ਵਾਕਫ਼ ਹੋ ਤੇ ਨਗਰ ਨਿਵਾਸੀ ਤੁਹਾਡੇ ਅਨੁਸਾਰੀ ਹਨ। ਉਨ੍ਹਾਂ ਨੂੰ ਵੀ ਸੇਵਾ ਵਾਸਤੇ ਨਾਲ ਲਈ ਆਉਣਾ। ਉਸ ਸਮੇਂ ਕੜਾਹ ਪ੍ਰਸ਼ਾਦਿ ਵੀ ਤਿਆਰ ਹੋ ਗਿਆ ਤੇ ਸੰਗਤ ਨੇ ਸੰਤਾਂ ਨੂੰ ਆ ਕੇ ਅਰਜ਼ ਕੀਤੀ। ਕਿ ਮਹਾਰਾਜ! ਹੁਣ ਆਪ ਜੀ ਕ੍ਰਿਪਾ ਕਰੋ ਤੇ ਅੰਦਰ ਚਲੋ। ਸਾਡੇ ਵਲੋਂ ਤਿਆਰੀ ਹੈ ਤਾਂ ਸੰਤ ਜੀ ਮਹਾਰਾਜ ਸ਼ਬਦ ਪੜ੍ਹਦੇ ਹੋਏ ਸੰਗਤਾਂ ਸਮੇਤ ਉਸ ਪਾਵਨ ਅਸਥਾਨ ਤੇ ਪੁੱਜੇ। ਜਿੱਥੇ ਵੱਡੇ ਸੰਤਾਂ ਨੇ ਅੰਤਮ ਸਮੇਂ ਆਪਣਾ ਪੰਜ ਭੌਤਿਕ ਸਰੀਰ ਤਿਆਗਿਆ ਸੀ। ਉਸ ਜਗ੍ਹਾ ਨੂੰ ਸਾਰਿਆਂ ਨੇ ਨਮਸਕਾਰ ਕੀਤੀ ਤੇ ਬੈਠ ਗਏ। ਅਨੰਦ ਸਾਹਿਬ ਦਾ ਪਾਠ ਕਰਕੇ ਫਿਰ ਅਰਦਾਸ ਕੀਤੀ, ਉਪਰੰਤ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ। ਉਸ ਸਮੇਂ ਲੰਗਰ ਵੀ ਤਿਆਰ ਸੀ। ਸੰਤਾਂ ਨੇ ਹੁਕਮ ਕੀਤਾ ਕਿ ਸਭਨਾਂ ਨੂੰ ਪੰਗਤਾਂ ਲਵਾਕੇ ਪ੍ਰਸ਼ਾਦਿ ਛਕਾ ਦਿਉ ਅਤੇ ਆਰਾਮ ਕਰਨ ਲਈ ਬਿਸਤਰੇ ਦਿਉ। ਇਉਂ ਆਖ ਕੇ ਆਪ ਤਾਂ ਬਾਬਾ ਜੀ ਦਰਿਆ ਵੱਲ ਚਲੇ ਗਏ। ਜਿਥੋਂ ਰਾਤ ਦੇ ੧੧ ਵਜੇ ਆਏ। ਫਿਰ ਸਾਧੂਆਂ ਸਮੇਤ ਭੋਜਨ ਛਕਿਆਂ ਤੇ ਪਿੰਡ ਦੇ ਪੰਚਾਇਤੀ ਗੁਰਦੁਆਰੇ ਆਰਾਮ ਕੀਤਾ। ਸਵੇਰੇ ਦੋ ਵਜੇ ਫਿਰ ਸਾਵਧਾਨ ਹੋ ਕੇ ਦਰਿਆ ਦੇ ਕਿਨਾਰੇ ਜਾ ਇਸ਼ਨਾਨ ਕੀਤਾ। ਸਵੇਰ ਤੱਕ ਉੱਥੇ ਹੀ ਸਮਾਧੀ ਵਿੱਚ ਲੀਨ ਰਹੇ। ਚਾਰ ਵਜੇ ਵਾਪਸ ਆਏ। ਪਾਵਨ ਅਸਥਾਨ ਤੇ ਦੀਵਾਨ ਸਜਾਇਆ। ਭੋਗ ਤੋਂ ਉਪਰੰਤ ਸ੍ਰੀ ਅਖੰਡ ਪਾਠ ਰੱਖਿਆ ਗਿਆ। ਸਵੇਰ ਦਾ ਕੀਰਤਨ ਗੁਰਦੁਆਰੇ ਹੁੰਦਾ ਤੇ ਸ਼ਾਮ ਦਾ ਲੁੰਢੇ ਦਰਿਆ ਦੇ ਕਿਨਾਰੇ। ਇਉਂ ਤਿੰਨ ਦਿਨ ਦੋਵੇਂ ਸਮੇਂ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਏਧਰੋਂ ਸੰਤਾਂ ਦੀ ਆਗਿਆ ਅਨੁਸਾਰ ਦੂਸਰੇ ਦਿਨ ਤੁਡੇਰ ਨਗਰ ਤੋਂ ਰਾਗੀ ਲਾਲ ਸਿੰਘ ਜੀ ਬਿਸਤਰੇ, ਬਰਤਨ, ਲੰਗਰ ਵਾਸਤੇ ਰਾਸ਼ਨ ਤੇ ਸੇਵਾਦਾਰਾਂ ਨੂੰ ਲੈ ਕੇ ਸੈਦੂ ਡੇਰੇ ਪੁੱਜ ਗਏ। ਹਜ਼ਾਰਾਂ ਦੀ ਗਿਣਤੀ ਵਿੱਚ ਪ੍ਰੇਮੀਆਂ ਦਾ ਇਕੱਠ ਹੋ ਗਿਆ। ਦੋਵੇਂ ਸਮੇਂ ਦੀਵਾਨ ਸਜਦਾ ਤੇ ਅਤੁੱਟ ਲੰਗਰ ਚੱਲਦਾ ਰਿਹਾ।

## ਗੁਰਦੁਆਰੇ ਸਾਹਿਬ ਦੀ ਨੀਂਹ ਰੱਖਣੀ

ਮਾਘ ਸੁਦੀ ਨੌਂਵੀ ਵਾਲੇ ਦਿਨ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ। ਫਿਰ ਗੁਰਦੁਆਰੇ ਦੀ ਨੀਂਹ ਰੱਖਣ ਦਾ ਅਰਦਾਸਾ ਬਾਬਾ ਅਜੀਤ ਸਿੰਘ ਜੀ ਬੇਦੀ ਹਰੀਪੁਰ ਵਾਲਿਆਂ ਨੇ ਕੀਤਾ। ਉਪਰੰਤ ਸਤਿਗੁਰਾਂ ਦਾ ਪਾਵਨ ਹੁਕਮ ਲਿਆ। ਜੋ ਹਜ਼ੂਰ ਨੇ ਇਸ ਪ੍ਰਕਾਰ ਬਖ਼ਸ਼ਿਆ:

ਬਿਲਾਵਲੁ ਮਹਲਾ ੫ ॥
ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥
ਸੁਖ ਉਪਜੇ ਬਾਜੇ ਅਨਹਦ ਤੂਰੇ ॥੧॥ ਰਹਾਉ ॥
ਤਾਪ ਪਾਪ ਸੰਤਾਪ ਬਿਨਾਸੇ ॥
ਹਰਿ ਸਿਮਰਤ ਕਿਲਵਿਖ ਸਭਿ ਨਾਸੇ ॥੧॥
ਅਨਦੁ ਕਰਹੁ ਮਿਲਿ ਸੁੰਦਰ ਨਾਰੀ ॥
ਗੁਰਿ ਨਾਨਕਿ ਮੇਰੀ ਪੈਜ ਸਵਾਰੀ ॥੨॥੩॥੨੧॥

(ਪੰਨਾ ੮੦੩)

ਫਿਰ ਜੈਕਾਰਿਆਂ ਦੀ ਆਵਾਜ਼ ਨਾਲ ਆਕਾਸ਼ ਗੂੰਜ ਉਠਿਆ। ਸਮੂਹ ਸੰਗਤਾਂ ਦੇ ਇਕੱਠ ਵਿੱਚ ਗੁਰਦੁਆਰੇ ਦੀ ਨੀਂਹ ਰੱਖੀ ਗਈ। ਉਸ ਸਮੇਂ ਪਹਿਲੀ ਇੱਟ ਸੰਤ ਬਾਬਾ ਆਇਆ ਸਿੰਘ ਜੀ ਨੇ ਰੱਖੀ। ਦੂਜੀ ਇੱਟ ਬਾਬਾ ਤਾਰਾ ਸਿੰਘ ਜੀ ਪੰਡਿਤ ਨੇ ਰੱਖੀ। ਤੀਜੀ ਇੱਟ ਬਾਬਾ ਅਜੀਤ ਸਿੰਘ ਜੀ ਬੇਦੀ ਨੇ ਰੱਖੀ। ਤੇ ਚੌਥੀ ਇੱਟ ਬਾਬਾ ਮੀਆਂ ਸਾਹਿਬ ਜੀ ਤਾਜ਼ਗੁਲ (ਜੋ ਜ਼ਿਆਰਤ ਕਾਕਾ ਸਾਹਿਬ ਦੇ ਪੀਰ ਸਨ) ਉਨ੍ਹਾਂ ਨੇ ਰੱਖੀ। ਪੰਜਵੀਂ ਇੱਟ ਭਾਈ ਬਿਸ਼ਨ ਦਾਸ ਹਜ਼ਰੋ ਵਾਲਿਆਂ ਨੇ ਰੱਖੀ। ਨੀਂਹ ਵਿੱਚ ਮਹੂਰਤ ਸਮੇਂ ਸੰਗਤਾਂ ਵਲੋਂ ਸੋਨਾ, ਚਾਦੀ, ਮਿਸ਼ਰੀ, ਗੁੜ ਆਦਿਕ ਅਨੇਕਾਂ ਪਦਾਰਥ ਪਾਏ ਗਏ। ਫਿਰ ਹਜ਼ੂਰ ਦੇ ਹੁਕਮ ਅਨੁਸਾਰ ਮਿਸਤਰੀਆਂ ਨੇ ਨੀਂਹ ਭਰਨੀ ਸ਼ੁਰੂ ਕਰ ਦਿੱਤੀ। ਬਾਬਾ ਜੀ ਤਾਂ ਸੰਗਤ ਸਮੇਤ ਸਕੂਲ ਵਿੱਚ ਆ ਗਏ। ਜਿੱਥੇ ਦੀਵਾਨ ਸਜਿਆਂ ਹੋਇਆ ਸੀ ਤੇ ਰਾਗੀਆਂ ਵਲੋਂ ਕੀਰਤਨ ਅਰੰਭ ਸੀ। ਇੱਕ ਪਾਸੇ ਗੁਰੂ ਕਾ ਲੰਗਰ ਤਿਆਰ ਹੋ ਰਿਹਾ ਸੀ। ਉਸ ਸਮੇਂ ਛੋਟੇ ਸੰਤ ਬਾਬਾ ਰਾਮ ਸਿੰਘ ਜੀ (ਜੋ ਵੱਡੇ ਸੰਤ ਮਹਾਰਾਜ ਜੀ ਦੇ 'ਕਾਜ਼ੀਆਂ' ਨਗਰ ਦੇ ਸਨ ਤੇ ਬਾਅਦ ਵਿੱਚ ਬਾਬਾ ਆਇਆ ਸਿੰਘ ਜੀ ਮਹਾਰਾਜ ਦੇ ਅਸਥਾਨੀ ਹੋਏ) ਲੰਗਰ ਦੇ ਮੁਖੀ ਪ੍ਰਬੰਧਕ ਸਨ। ਇੱਕ ਵਜੇ ਦੇ ਕਰੀਬ ਲੰਗਰ ਤਿਆਰ ਹੋ ਗਿਆ। ਉਨ੍ਹਾਂ ਨੇ ਆ ਕੇ ਅਰਜ਼ ਕੀਤੀ, "ਮਹਾਰਾਜ! ਲੰਗਰ ਤਿਆਰ ਹੋ ਗਿਆ ਹੈ।" ਤਾਂ ਸੰਤਾਂ ਨੇ ਪਾਸ ਬੈਠੇ ਅਜੀਤ ਸਿੰਘ ਜੀ ਬੇਦੀ ਨੂੰ ਭੇਜਿਆ ਕਿ ਤੁਸੀਂ ਅਰਦਾਸ ਕਰਕੇ ਲੰਗਰ ਵਰਤਾਉਣਾ ਸ਼ੁਰੂ ਕਰ ਦਿਉ। ਦੀਵਾਨ ਸ਼ਾਮ ਤੱਕ ਇਸੇ ਤਰ੍ਹਾਂ ਸਜਿਆ ਰਹੇਗਾ।

ਬਾਬਾ ਜੀ ਦੀ ਆਗਿਆ ਪਾ ਕੇ ਬੇਦੀ ਸਾਹਿਬ ਨੇ ਅਰਦਾਸ ਕਰਕੇ ਸੰਗਤਾਂ ਦੀਆਂ ਪੰਗਤਾਂ ਲਗਵਾਈਆਂ। ਸੰਤ ਮਾਝਾ ਸਿੰਘ ਜੀ ਸੰਤ ਰਾਮ ਸਿੰਘ ਜੀ ਤੇ ਹੋਰ ਮੁਖੀ ਸੱਜਣਾਂ ਨੇ ਬੜੇ ਸੋਹਣੇ ਢੰਗ ਨਾਲ ਲੰਗਰ ਵਰਤਾਇਆ। ਜਿਸ ਵਿੱਚ ਮਾਲ੍ਹ ਪੂੜੇ, ਕੜਾਹ ਪ੍ਰਸਾਦਿ, ਖੀਰ ਪੂਰੀ, ਦਾਲ, ਸਬਜੀਆਂ, ਦਹੀਂ ਭੱਲੇ, ਚਟਨੀ ਅਤੇ ਆਚਾਰ ਆਦਿ ਬਹੁਤ ਸਾਰੇ ਪਦਾਰਥ ਬਣੇ ਸਨ। ਸੰਗਤਾਂ ਨੇ ਬੜੇ ਅਦਬ ਤੇ ਸਾਂਤੀ ਨਾਲ ਪ੍ਰਸ਼ਾਦਿ ਛਕਿਆ। ਫਿਰ ਸਾਰੇ ਹੀ ਪ੍ਰੇਮੀ ਦੀਵਾਨ ਵਿੱਚ ਆ ਗਏ। ਏਧਰੋਂ ਸੰਤਾਂ ਦੇ ਅੱਗੇ ਵੀ ਲੱਗੇ ਬੇਅੰਤ ਪਦਾਰਥ ਚੜ੍ਹਨ। ਮਾਇਆ, ਫਲ, ਮਿਸ਼ਰੀ, ਬਾਦਾਮ ਤੇ ਹੋਰ ਚੀਜ਼ਾਂ ਦੇ ਢੇਰ ਲੱਗ ਗਏ। ਰਾਗੀ ਸਿੰਘਾਂ ਨੇ ਬਾਬਾ ਜੀ ਦੀ ਯਾਦ ਵਿੱਚ ਵੈਰਾਗ ਦੇ ਸ਼ਬਦ ਪੜ੍ਹੇ। ਉਨ੍ਹਾਂ ਨੂੰ ਵੀ ਸੰਗਤਾਂ ਨੇ ਮਾਇਆ ਦੇ ਖੁੱਲ੍ਹੇ ਗੱਫੇ ਅਰਦਾਸ ਕੀਤੇ। ਸ਼ਾਮ ਦੇ ਪੰਜ ਵਜੇ ਦੀਵਾਨ ਦਾ ਭੋਗ ਪਿਆ।

ਉਸ ਸਮੇਂ ਨੇੜੇ ਦੇ ਪਿੰਡਾਂ ਦੀਆਂ ਸੰਗਤਾਂ ਤਾਂ ਆਪੋ ਆਪਣੇ ਨਗਰਾਂ ਨੂੰ ਤੁਰ ਪਈਆਂ। ਦੂਰ ਦੇ ਪ੍ਰੇਮੀਆਂ ਵਾਸਤੇ ਰਾਤ ਰਹਿਣ ਦਾ ਪ੍ਰਬੰਧ ਸੀ। ਇਸ ਸਮੇਂ ਸ਼ਹਿਰ ਦੇ ਖ਼ਾਨ ਖ਼ਨੀਮਾਂ ਤੇ ਮੁਸਲਮਾਨ ਪਠਾਣਾਂ ਨੇ ਵੀ ਬੜੇ ਅਦਬ ਨਾਲ ਸੇਵਾ ਕੀਤੀ। ਤੁਰਨ ਸਮੇਂ ਸੰਤਾਂ ਨੇ ਸਭਨਾਂ ਨੂੰ ਪ੍ਰਸ਼ਾਦਿ ਦਿੱਤਾ। ਫਿਰ ਆਪ ਡੇਰੇ ਦੇ ਸਾਧੂਆਂ ਸਮੇਤ ਦਰਿਆ ਵੱਲ ਆ ਗਏ। ਉੱਥੋਂ ਰਾਤ ਦੇ ਗਿਆਰਾਂ ਵਜੇ ਆ ਕੇ ਲੰਗਰ ਛਕਿਆ ਤੇ ਬਿਰਾਜ ਗਏ। ਦੋ ਵਜੇ ਸਾਵਧਾਨ ਹੋ ਕੇ ਇਸ਼ਨਾਨ ਕੀਤਾ। ਉਪਰੰਤ ਸਮਾਧੀ ਦਾ ਅਨੰਦ ਮਾਣਿਆ। ਸਵੇਰੇ ਫਿਰ ਦੀਵਾਨ ਸਜਿਆ ਜਿਸ ਦਾ ੯ ਵਜੇ ਭੋਗ ਪਿਆ। ਇਤਨੇ ਨੂੰ ਤੁਡੇਰ ਨਗਰ ਦੀ ਸੰਗਤ ਲੈਣ ਵਾਸਤੇ ਆ ਗਈ। ਕਿਉਂਕਿ ਅੱਜ ਦਾ ਲੰਗਰ ਤੁਡੇਰ ਨਗਰ ਦੀ ਸੰਗਤ ਨੇ ਤਿਆਰ ਕੀਤਾ

ਹੋਇਆ ਸੀ। ਸੰਤਾਂ ਨੂੰ ਝੰਪਾਨ ਵਿੱਚ ਬਿਠਾਕੇ ਸੰਗਤਾਂ ਨੇ ਝੰਪਾਨ ਮੋਢਿਆਂ ਤੇ ਚੁੱਕ ਲਿਆ। ਬੈਂਡ ਵਾਜੇ ਤੇ ਹੋਰ ਸਾਜ਼ਾਂ ਨਾਲ ਜਲੂਸ ਦੀ ਸ਼ਕਲ ਵਿੱਚ ਪ੍ਰੇਮੀ ਨਾਲ ਚੱਲ ਪਏ। ਬਾਬਾ ਜੀ ਨੇ ਆਪਣੇ ਪਾਸ ਝੰਪਾਨ ਵਿੱਚ ਇੱਕ ਮਿਠਾਈ ਦਾ ਛਾਬੜਾ ਵੀ ਰਖਵਾ ਲਿਆ। ਜੋ ਵੀ ਮੱਥਾ ਟੇਕਦਾ ਇੱਕ-ਇੱਕ ਬੁੱਕ ਦੇਈ ਜਾਣ। ਜਦੋਂ ਤੁਡੇਰ ਨਗਰ ਆ ਕੇ ਬਾਬਾ ਜੀ ਝੰਪਾਨ ਚੋਂ ਉੱਤਰੇ ਤਾਂ ਦੇਖਣ ਵਾਲੇ ਹੈਰਾਨ ਸਨ। ਕਿਉਂਕਿ ਉਹ ਮਿਠਾਈ ਦਾ ਛਾਬੜਾ ਉਸੇ ਤਰ੍ਹਾਂ ਹੀ ਭਰਿਆ ਹੋਇਆ ਸੀ। ਰਸਤੇ ਵਿੱਚ ਜਾਂਦਿਆਂ ਹੋਇਆਂ ਜਹਾਂਗੀਰੇ ਪੁਲਾਂ ਤੇ ਜਦੋਂ ਸੰਗਤ ਅਤੇ ਸੰਤ ਜੀ ਆਏ ਤਾਂ ਉਸ ਜਗ੍ਹਾ ਮਲਾਹਾਂ ਨੇ ਬਾਬਾ ਜੀ ਦੇ ਗਲ ਵਿੱਚ ਹਾਰ ਪਾਏ। ਹੋਰ ਪ੍ਰੇਮੀਆਂ ਨੇ ਫੁੱਲ ਅਤੇ ਮਾਇਆ ਭੇਟ ਕੀਤੀ। ਇਸ ਪਿੰਡ ਵਿੱਚ ਹਿੰਦੂ ਅਤੇ ਮੁਸਲਮਾਨਾਂ ਨੇ ਵੀ ਬਾਬਾ ਜੀ ਦੀ ਬੈਂਡ ਵਾਜਿਆਂ ਨਾਲ ਸਲਾਮੀ ਲਈ। ਸੰਤਾਂ ਦੀ ਕਿਰਪਾ ਨਾਲ ਉਸ ਘਾਟ ਤੇ ਮਸੂਲੀਆਂ ਨੇ ਕਿਸੇ ਪਾਸੋਂ ਵੀ ਮਸੂਲ ਨਹੀਂ ਲਿਆ। ਸੰਤਾਂ ਨੇ ਸਾਰੇ ਮਲਾਹੀਆਂ ਤੇ ਹੋਰ ਸੰਗਤ ਨੂੰ ਪ੍ਰਸ਼ਾਦਿ ਦਿੱਤਾ।

ਉਸ ਸਮੇਂ ਇੱਕ ਦਿਆਲ ਸਿੰਘ ਨਾਮ ਦਾ ਨਿਹੰਗ ਜੋ ਬੜੀਆਂ ਚੜ੍ਹਦੀਆਂ ਕਲਾਂ ਵਾਲਾ ਨਾਮ ਬਾਣੀ ਦਾ ਰਸੀਆ ਤੇ ਭਜਨੀਕ ਪੁਰਸ਼ ਸੀ, ਡੇਰੇ ਵਿੱਚ ਵੀ ਸੰਤਾਂ ਦੇ ਨਾਲ ਹੀ ਰਿਹਾ ਕਰਦਾ ਸੀ। ਉਹ ਸੰਤਾਂ ਦੇ ਕਦੇ ਪਿੱਛੇ ਕਦੇ ਅੱਗੇ ਕਦੇ ਕੋਲ ਆ ਕੇ ਆਖਿਆ ਕਰੇ, "ਆਇਆ ਸਿੰਘ ਜੀ ਤੇਰੀ ਚੜ੍ਹਦੀ ਕਲਾ ਹੋਵੇ।" ਸੰਤਾਂ ਨੇ ਬੜੀ ਨਿਮ੍ਰਤਾ ਨਾਲ ਉੱਤਰ ਦੇਣਾ, "ਨਿਹੰਗ ਜੀ ਤੁਹਾਡੇ ਵਰਗੇ ਮਹਾਂ ਪੁਰਸ਼ਾਂ ਦੀ ਕਿਰਪਾ ਹੈ।" ਨਿਹੰਗ ਫਿਰ ਕਹੇ, "ਆਇਆ ਸਿੰਘ ਜੀ ਤੁਸਾਂ ਜੋ ਪਹਿਲੇ ਜਨਮ ਵਿੱਚ ਦਿੱਲੀ ਵਿੱਚ ਬੜਾ ਤਪ ਕੀਤਾ ਹੈ। ਉਸੇ ਦਾ ਹੀ ਫ਼ਲ ਪਾ ਰਹੇ ਹੋ।" ਸੰਤ ਹੱਸ ਪਏ ਤੇ ਨਿਹੰਗ ਸਿੰਘ ਨੂੰ ਆਖਿਆ, "ਫੌਜੋ! ਗੁਪਤ ਰਹੋ ਇਹੋ ਜਿਹੇ ਬਚਨ ਆਪਣੇ ਅੰਦਰ ਹੀ ਰੱਖਣੇ ਚਾਹੀਦੇ ਹਨ।"

## ਤੁਡੇਰ ਨਗਰ ਪੁੱਜਣਾ

ਏਧਰੋਂ ਤੁਡੇਰ ਨਗਰ ਦੇ ਪਠਾਣਾਂ ਨੇ ਤਿੰਨ ਮੀਲ ਲੰਬੀ ਸੜਕ ਤਿਆਰ ਕੀਤੀ। ਉਸਦੇ ਗੇਟ ਸਜਾਏ, ਝੰਡੀਆਂ ਲਾਈਆਂ ਅਤੇ ੫੦੦ ਰੁਪਏ ਨਗਦ, ਟੋਕਰਾ ਮਠਿਆਈ ਦਾ, ਹੋਰ ਫ਼ਲ ਫਰੂਟ ਤੇ ਮਿਸ਼ਰੀ ਆਦਿ ਭੇਟ ਕੀਤਾ। ਸੰਤਾਂ ਨੇ ਸਭਨਾਂ ਨੂੰ ਪ੍ਰਸ਼ਾਦਿ ਦਿੱਤਾ। ਗੁਰੂ ਕਾ ਜਸ ਕਰਨ ਵਾਲੇ ਡੂੰਮਾਂ ਨੂੰ ੫੧ ਰੁਪਏ ਤੇ ਬਸਤਰ ਬਖ਼ਸ਼ ਦਿੱਤੇ। ਇੰਤਜ਼ਾਮ ਵਾਸਤੇ ਬੁਲਾਏ ਹੋਏ ਪੁਲਸੀ ਕਪਤਾਨ, ਫੌਜੀ ਅਫਸਰ ਤੇ ਹੋਰ ਸਿਪਾਹੀਆਂ ਨੇ ਵੀ ਨਜ਼ਰਾਨੇ ਭੇਟ ਕੀਤੇ। ਸੰਤਾਂ ਨੇ ਸਭਨਾਂ ਨੂੰ ਅਸ਼ੀਰਵਾਦ ਤੇ ਪ੍ਰਸ਼ਾਦਿ ਦਿੱਤਾ। ਸ਼ਹਿਰ ਦੇ ਪਠਾਣਾਂ ਤੇ ਪੁਲਿਸ ਕਪਤਾਨ ਨੇ ਅਰਜ਼ ਕੀਤੀ, "ਆਪ ਸਾਨੂੰ ਕੋਈ ਸੇਵਾ ਦੱਸੋ।" ਸੰਤ ਹੱਸ ਕੇ ਕਹਿਣ ਲੱਗੇ ਕਿ ਅੱਜ ਅਸੀਂ ਤੁਹਾਡੇ ਮਹਿਮਾਨ ਹਾਂ। ਸਾਡੇ ਨਾਲ ਸੰਗਤ ਵਿੱਚ ਆਏ ਬੇਅੰਤ ਮਾਈ ਭਾਈ ਤੇ ਬਾਲ ਬੱਚੇ ਹਨ ਤੁਸੀਂ ਸਭਨਾਂ ਦਾ ਖ਼ਿਆਲ ਰੱਖਣਾ। ਸਾਰਿਆ ਨੇ ਹੱਥ ਜੋੜਕੇ ਅਰਜ਼ ਕੀਤੀ, "ਮਹਾਰਾਜ! ਆਪ ਦੀ ਕ੍ਰਿਪਾ ਨਾਲ ਸਭ ਠੀਕ ਰਹੇਗਾ। ਤੁਸੀਂ ਸਾਡੇ ਪੀਰ ਹੋ ਸਾਡੇ ਧੰਨ ਭਾਗ ਹਨ ਜੋ ਤੁਹਾਡੇ ਦਰਸ਼ਨ ਹੋਏ।" ਅੱਗੇ ਤੁਡੇਰ ਦੇ ਬਾਜ਼ਾਰਾਂ ਵਿੱਚ ਤੇ ਘਰਾਂ ਅੱਗੇ ਕੱਢੇ ਹੋਏ ਬਾਗ਼, ਫੁਲਕਾਰੀਆਂ ਅਤੇ ਹੋਰ ਕੀਮਤੀ ਵਸਤਰ ਲਾ ਕੇ ਸਜਾਵਟ ਕੀਤੀ ਹੋਈ ਸੀ। ਝੰਡੀਆਂ ਟੰਗੀਆਂ ਹੋਈਆਂ ਸਨ। ਸੜਕਾਂ ਤੇ ਮਖ਼ਮਲ ਵਿਛਾਇਆ ਹੋਇਆ ਸੀ। ਸੰਤਾਂ ਦੇ ਝੰਪਾਨ ਉੱਤੇ ਕੋਠਿਆਂ ਉੱਪਰੋਂ ਮਾਇਆ ਅਤੇ ਫੁੱਲਾਂ ਦੀ ਵਰਖਾ ਕੀਤੀ ਗਈ। ਹਰ ਪਾਸੇ ਜੈ ਜੈਕਾਰ ਦੀਆਂ ਆਵਾਜ਼ਾਂ ਆ ਰਹੀਆਂ ਸਨ। ਸੰਤ ਜੀ ਮਹਾਰਾਜ ਗੁਰਦੁਆਰੇ ਤੋਂ ਉਰੇ ਹੀ ਪਾਲਕੀ ਚੋਂ ਉੱਤਰੇ ਤੇ ਸੰਗਤਾਂ ਨਾਲ ਸ਼ਬਦ ਪੜ੍ਹਦੇ ਹੋਏ ਗੁਰਦੁਆਰੇ ਸਾਹਿਬ ਪੁੱਜੇ। ਅੱਗੇ ਦੀਵਾਨ ਅਰੰਭ ਸੀ। ਰਾਹ ਵਿੱਚ ਸੰਗਤਾਂ ਵੱਲੋਂ ਸੰਤਾਂ ਨੂੰ ਫੁੱਲਾਂ ਦੇ ਹਾਰ ਤੇ ਮਾਇਆ ਦੇ ਨਜ਼ਰਾਨੇ ਪੇਸ਼ ਕੀਤੇ ਗਏ। ਸੰਤਾਂ ਨੇ ਅੰਦਰ ਆ ਕੇ ਜਲ ਵਰਤਿਆ, ਹੱਥ ਮੂੰਹ ਤੇ ਚਰਨ ਧੋਤੇ ਅਤੇ ਫਿਰ ਗੁਰੂ ਗ੍ਰੰਥ ਸਾਹਿਬ ਅੱਗੇ ੨੫ ਰੁਪਏ ਦਰਸ਼ਨੀ ਭੇਟਾ ਤੇ ਹੋਰ ਫ਼ਲ ਫਰੂਟ ਅਰਪ ਕੇ ਮੱਥਾ ਟੇਕਿਆ। ਉੱਪਰ ਸੇਹਰੇ ਪਾਏ ਚੌਰ ਕੀਤਾ ਹੁਕਮ ਲਿਆ ਅਤੇ ਫਿਰ ਆਪਣੇ ਆਸਣ ਤੇ ਸਜ ਗਏ। ਗੁਰਬਾਣੀ ਦਾ ਰਸ ਭਿੰਨਾ ਕੀਰਤਨ ਹੋ ਰਿਹਾ ਸੀ। ਸੰਗਤਾਂ ਵਲੋਂ ਸੀਤਲ ਸ਼ਾਹ ਦੀ ਹਵੇਲੀ ਵਿੱਚ ਲੰਗਰ ਦਾ ਪ੍ਰਬੰਧ ਸੀ। ਸੰਤਾਂ ਨੂੰ ਸੰਗਤਾਂ ਨੇ ਭੇਟਾ ਅਰਪੀ ਤੇ ਖ਼ੁਸ਼ੀ ਵਿੱਚ ਸਭਨਾਂ ਦੇ ਹਿਰਦੇ ਪ੍ਰਫੁੱਲਤ ਹੋਏ ਕਿ ਅੱਜ ਸਾਡੇ ਧੰਨ ਭਾਗ ਹਨ ਜੋ ਸੰਤਾਂ ਦੇ ਦਰਸ਼ਨ ਕਰ ਹਰੇ ਹਾਂ। ਬਾਬਾ ਜੀ ਦੀ ਆਗਿਆ ਨਾਲ ੧ ਵਜੇ ਅਰਦਾਸ ਕਰਕੇ ਲੰਗਰ ਖੋਲ੍ਹ ਦਿੱਤਾ। ਦੀਵਾਨ ਵੀ ਸਜਿਆ ਰਿਹਾ ਚਾਰ ਵਜੇ ਦੀਵਾਨ ਦੀ ਸਮਾਪਤੀ ਹੋਈ।

ਅਰਦਾਸ ਉਪਰੰਤ ਸੰਤ ਜੀ ਤਾਂ ਬਾਹਰ ਖੂਹ ਵੱਲ ਸੈਰ ਕਰਨ ਚਲੇ ਗਏ। ਰਾਗੀ ਲਾਲ ਸਿੰਘ ਤੇ ਹੋਰ ਸੰਗਤਾਂ ਨਾਲ ਸਨ। ਬਾਹਰ ਜਾ ਕੇ ਭਾਈ ਗੁਰਦਾਸ ਸ਼ਾਹ ਦੇ ਖੂਹ ਤੇ ਬੈਠ ਗਏ। ਉਸ ਸਮੇਂ ਗੜ੍ਹੀ ਵਾਲੇ ਭਾਈ ਕਿਸ਼ਨ ਸਿੰਘ ਨੇ ਭਿੱਜੇ ਹੋਏ ਬਾਦਾਮ ਛਿੱਲ ਕੇ ਮਿਸ਼ਰੀ ਦੇ ਸਮੇਤ ਸੰਤਾਂ ਨੂੰ ਦਿੱਤੇ ਕਿਉਂਕਿ ਸੰਤਾਂ ਨੇ ਸਵੇਰ ਤੋਂ ਕੁੱਝ ਨਹੀਂ ਸੀ ਛਕਿਆ। ਬਾਬਾ ਆਇਆ ਸਿੰਘ ਜੀ ਦਾ ਲੰਗਰ ਹੋਤੀ ਡੇਰੇ ਦੇ ਸਾਧੂਆਂ ਸਮੇਤ ਭਾਈ ਦਿਆਲ ਮੱਲ ਕੁਵਾਤੜੇ ਦੇ ਘਰ ਸੀ। ਬਾਹਰੋਂ ਹੀ ਸੰਤ ਜੀ ਇਨ੍ਹਾਂ ਦੇ ਘਰ ਆ ਗਏ। ਲੰਗਰ ਵਰਤਿਆ। ਸੰਤਾਂ ਨੇ ਸਾਧੂਆਂ ਸਮੇਤ ਲੰਗਰ ਛਕਿਆ। ਫਿਰ ਪੁਲਿਸ ਕਪਤਾਨ, ਮੁਖੀ ਅਫਸਰਾਂ ਤੇ ਹੋਰ ਪਠਾਣਾਂ ਦੇ ਤਾਈਂ ਲੰਗਰ ਦਾ ਪ੍ਰਸ਼ਾਦ ਛਕਾਇਆ ਤੇ ਇਨ੍ਹਾਂ ਦੇ ਘਰੀਂ ਵੀ ਲੰਗਰ ਦਾ ਪ੍ਰਸ਼ਾਦ ਭਿਜਵਾਇਆ। ਆਪ ਸੰਤ ਜੀ ਡੇਰੇ ਦੇ ਸਾਧੂਆਂ ਸਮੇਤ ਜੀਵਨ ਸ਼ਾਹ ਦੇ ਘਰ ਬਿਰਾਜੇ, ਜਿੱਥੇ ਪਹਿਲਾਂ ਹੀ ਆਰਾਮ ਕਰਨ ਦਾ ਪ੍ਰਬੰਧ ਕੀਤਾ ਹੋਇਆ ਸੀ। ਬਾਕੀ ਦੀ ਸੰਗਤ ਕੋਈ ਤੁਡੇਰ ਨਗਰ ਦੇ ਪ੍ਰੇਮੀਆਂ ਦੇ ਘਰ ਤੇ ਕੋਈ ਗੁਰਦੁਆਰੇ ਬਿਰਾਜ ਗਈ। ਬਾਬਾ ਜੀ ਸਵੇਰੇ ਦੋ ਵਜੇ ਸਾਵਧਾਨ ਹੋਏ। ਸਾਧੂਆਂ ਸਮੇਤ ਇਸ਼ਨਾਨ ਕੀਤਾ। ਫਿਰ ੪ ਵਜੇ ਗੁਰਦੁਆਰੇ ਆ ਗਏ। ਦੀਵਾਨ ਸਜਾਇਆ ਜਿਸ ਦੀ ਸਮਾਪਤੀ ੮ ਵਜੇ ਹੋਈ। ਅਰਦਾਸ ਤੋਂ ਉਪਰੰਤ ਸਤਿਗੁਰਾਂ ਦਾ ਹੁਕਮ ਆਇਆ–

ਸੋਰਠਿ ਮਹਲਾ ੫ ॥
ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥
ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥੧॥
ਹਮ ਸੰਤਨ ਸਿਉ ਬਣਿ ਆਈ ॥
ਪੂਰਬਿ ਲਿਖਿਆ ਪਾਈ ॥ ਇਹੁ ਮਨੁ ਤੇਰਾ ਭਾਈ ॥ ਰਹਾਉ ॥

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥੨॥
ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥੩॥
ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥੪॥

(ਪੰਨਾ ੬੧੪)

ਇਸ ਪਵਿੱਤ੍ਰ ਵਾਕ ਨੂੰ ਸੁਣਕੇ ਸਾਰੀ ਸੰਗਤ ਬੜੀ ਪ੍ਰਸੰਨ ਹੋਈ ਕਿ ਸਤਿਗੁਰਾਂ ਨੇ ਸਾਡੇ ਤੇ ਬੜੀ ਮਹਾਨ ਕ੍ਰਿਪਾ ਕੀਤੀ ਹੈ, ਜਿਸ ਕਰਕੇ ਸਾਧੂ ਦਰਸ਼ਨ ਦੁਆਰਾ ਧਰਮਰਾਇ ਦੇ ਦਫਤਰ ਦਾ ਲੇਖਾ ਹੀ ਫਟ ਗਿਆ।

ਯਥਾ: ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥

(ਪੰਨਾ ੬੯੮)

ਉਪਰੰਤ ਕੜਾਹ ਪ੍ਰਸ਼ਾਦਿ ਦੀ ਦੇਗ ਵਰਤੀ ਤੇ ਗੁਰੂ ਕੇ ਲੰਗਰ ਦਾ ਸਭਨਾਂ ਨੇ ਅਨੰਦ ਲਿਆ।

ਧੰਨ ਸੰਤ ਆਇਆ ਸਿੰਘ ਜੀ ਮਹਾਰਾਜ !

# ਸੰਤਾਂ ਵਲੋਂ ਸੰਗਤ ਨੂੰ ਬਖ਼ਸ਼ਿਸ਼

ਨਗਰ ਨਿਵਾਸੀਆਂ ਦਾ ਪਿਆਰ ਤੇ ਸ਼ਰਧਾ ਦੇਖਕੇ ਸੰਤਾਂ ਨੇ ਭਰੇ ਦੀਵਾਨ ਵਿੱਚ ਸਾਰੀ ਸੰਗਤ ਨੂੰ ਬਚਨ ਕੀਤਾ, "ਤੁਸੀਂ ਅਤੇ ਸਾਡੇ ਵੱਡੇ ਗੁਰ ਭਾਈ ਪੰਡਿਤ ਤਾਰਾ ਸਿੰਘ ਨੇ ਸੰਗਤ ਦੀ ਬੜੀ ਸੇਵਾ ਕੀਤੀ ਹੈ। ਜਿਸ ਕਰਕੇ ਅਸੀਂ ਤੁਹਾਡੇ ਤੇ ਬਹੁਤ ਪ੍ਰਸੰਨ ਹਾਂ ਜੋ ਜੀਅ ਚਾਹਵੇ ਮੰਗੋ।" ਸੰਤਾਂ ਦੀ ਪਾਵਨ ਰਸਨਾਂ ਤੋਂ ਇਹੋ ਜਿਹੇ ਮੇਹਰਾਂ ਭਰੇ ਬਚਨ ਸੁਣਕੇ ਸਾਰੀ ਸੰਗਤ ਗਦ-ਗਦ ਹੋ ਗਈ। ਅਰਜ਼ ਕੀਤੀ, "ਦਾਤਾ! ਕ੍ਰਿਪਾ ਕਰਕੇ ਨਾਮ ਦਾਨ ਤੇ ਸਿੱਖੀ ਸਿਦਕ ਬਖ਼ਸ਼ੋ। ਜਨਮ ਮਰਨ ਦਾ ਦੁਖ ਕੱਟ ਦੇਵੋ। ਸੰਤਾਂ ਪਾਸੋਂ ਇਹੋ ਹੀ ਚੀਜ਼ ਮੰਗਣ ਵਾਲੀ ਹੁੰਦੀ ਹੈ। ਹੋਰ ਤਾਂ ਸਭ ਪਦਾਰਥ ਮਿਲ ਹੀ ਜਾਣੇ ਹਨ।" ਸੰਤਾਂ ਨੇ ਉੱਤਰ ਦਿੱਤਾ ਕਿ ਇਹ ਤਾਂ ਤੁਹਾਨੂੰ ਗੁਰੂਆਂ ਦੇ ਗੁਰੂ ਸਤਿਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੇ ਹੀ ਬਖ਼ਸ਼ ਦਿਤਾ ਹੈ:

ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥

(ਪੰਨਾ ੬੧੪)

ਤੁਸੀਂ ਨਿਸਕਾਮ ਹੋ ਕੇ ਸੰਗਤ ਦੀ ਸੇਵਾ ਕੀਤੀ ਹੈ। ਤੁਹਾਡਾ ਲੋਕ ਪ੍ਰਲੋਕ ਸੁਹੇਲਾ ਹੋ ਗਿਆ ਹੈ। ਜਿਸ ਕਰਕੇ ਤੁਹਾਡਾ ਲੇਖਾ ਫਟ ਗਿਆ ਹੈ। ਤੁਸੀਂ ਤਾਂ ਸੰਤ ਤਾਰਾ ਸਿੰਘ ਜੀ ਦੀ ਸੰਗਤ ਦੁਆਰਾ, ਗੁਰਬਾਣੀ ਦੀ ਵਿਚਾਰ ਸੁਣਕੇ ਆਪਣੀਆਂ ਬੁੱਧੀਆਂ ਉੱਜਲ ਕਰਕੇ ਮਨੁਖਾ ਜਨਮ ਸਫ਼ਲਾ ਕਰ ਲਿਆ ਹੈ। ਧੰਨ ਹੋ ਤੁਸੀਂ ਚੰਗੀ ਮੰਗ ਕੀਤੀ ਹੈ। ਹੁਣ ਬੇਫ਼ਿਕਰ ਰਹੋ ਤੁਸੀਂ ਤਰ ਗਏ। ਫਿਰ ਸੰਤਾਂ ਨੇ ਤੁਡੇਰ ਦੇ ਪਠਾਣ ਤੇ ਪੁਲਿਸ ਕਪਤਾਨ, ਤਹਿਸੀਲਦਾਰ, ਡਾਕਟਰ ਤੇ ਹੋਰ ਆਫੀਸਰਾਂ (ਜੋ ਸਾਹਮਣੇ ਹੱਥ ਜੋੜੀ ਖੜ੍ਹੇ ਦਰਸ਼ਨ ਕਰ ਰਹੇ ਸਨ) ਨੂੰ ਹੁਕਮ ਕੀਤਾ, "ਤੁਸੀਂ ਵੀ ਬੜੀ ਸੇਵਾ ਕੀਤੀ ਹੈ। ਆਪਣੀ ਜ਼ਿਮੇਵਾਰੀ ਪੂਰੀ ਨਿਭਾਈ ਹੈ। ਅਸੀਂ ਤੁਹਾਡੇ ਤੇ ਬੜੇ ਪ੍ਰਸੰਨ ਹਾਂ ਤੁਸੀਂ ਵੀ ਕੁਝ ਮੰਗੋ।" ਉਨ੍ਹਾਂ ਸਭਨਾਂ ਹੱਥ ਜੋੜ ਕੇ ਅਰਜ਼ ਕੀਤੀ, "ਦਾਤਾ! ਆਪ ਖ਼ੁਦਾ ਦਾ ਰੂਪ ਹੋ ਅਤੇ ਕਾਮਲ ਫ਼ਕੀਰ ਹੋ। ਅੱਲਾ ਪਾਕ ਦਾ ਨਾਮ ਦਾਨ ਦੇਵੋ ਤੇ ਇਹ ਕਿਰਪਾ ਕਰੋ ਕਿ ਅੱਲਾ ਗੁਨਾਹਾਂ ਤੋਂ ਬਚਾਵੇ। ਨੋਰ ਹਿਜ ਨਾ ਪੁਕਾਰਦੀ ਅਰਥਾਤ ਹੋਰ ਕੁਝ ਨਹੀਂ ਚਾਹੀਦਾ।" ਸੰਤਾਂ ਨੇ ਪ੍ਰਸੰਨ ਹੋ ਕੇ ਬਚਨ ਕੀਤਾ, "ਖ਼ੁਦਾ ਭਲੀ ਕਰੇਗਾ। ਅੱਗੇ ਵਾਸਤੇ ਹਰ ਇੱਕ ਗ਼ਰੀਬ ਦੀ ਰੱਖਿਆ ਕਰੋ। ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉ। ਕਿਸੇ ਤੋਂ ਰਿਸ਼ਵਤ ਨਾ ਲਉ। ਖ਼ੁਦਾ-ਖ਼ੁਦਾ ਜਪੋ ਇਉਂ ਤੁਸੀਂ ਵੀ ਤਰ ਜਾਵੋਗੇ।" ਫਿਰ ਸਭਨਾਂ ਨੂੰ ਮਿਠਿਆਈ ਦਾ ਪ੍ਰਸ਼ਾਦਿ ਦਿੱਤਾ। ੨੫ ਰੁਪਏ ਰਾਗੀ ਲਾਲ ਸਿੰਘ ਦੇ ਪਿਤਾ ਭਾਈ ਰਾਮ ਸਿੰਘ ਜੀ ਨੂੰ ਬਖ਼ਸ਼ੇ ਤੇ ਹੁਕਮ ਕੀਤਾ ਸੈਦੂ ਗੇੜਾ ਮਾਰਦੇ ਰਹਿਣਾ ਤਾਂ ਕਿ ਗੁਰੂ ਅਸਥਾਨ ਦੀ ਸੇਵਾ ਛੇਤੀ ਮੁਕੰਮਲ ਹੋ ਜਾਵੇ ਅਤੇ ਸਾਡੇ ਨਾਲ ਰਹਿ ਕੇ ਗੁਰਬਾਣੀ ਦਾ ਕੀਰਤਨ ਸੁਣਾਇਆ ਕਰੋ।

ਫੇਰ ਸੇਵਾਦਾਰਾਂ ਨੂੰ ਹੁਕਮ ਕੀਤਾ ਕਿ ਅਜੇ ਹੋਰ ਸੰਗਤ ਆ ਰਹੀ ਹੈ ਤੁਸੀਂ ਲੰਗਰ ਚਾਲੂ ਰੱਖਣਾ। ਸੰਤਾਂ ਦਾ ਅੱਜ ਦਾ ਲੰਗਰ 'ਜਹਾਂਗੀਰੇ' ਦੀ ਸੰਗਤ ਨੇ ਬਣਾਇਆ ਹੋਇਆ ਸੀ। ਜਿਸ ਕਰਕੇ ਉੱਥੋਂ ਦੇ ਪ੍ਰੇਮੀ ਲਿਜਾਣ ਵਾਸਤੇ ਹਜ਼ੂਰੀ ਵਿੱਚ ਹਾਜ਼ਰ ਖੜ੍ਹੇ ਸਨ। ਸੰਤਾਂ ਨੂੰ ਬੇਨਤੀ ਕੀਤੀ ਅਤੇ ਸੰਤ ਜੀ ਪਾਲਕੀ ਵਿੱਚ ਅਸਵਾਰ ਹੋ ਕੇ ਸੰਗਤ ਸਮੇਤ 'ਜਹਾਂਗੀਰੇ' ਵੱਲ ਚੱਲ ਪਏ। ਤੁਡੇਰ ਦੀ ਸੰਗਤ ਮਾਈ ਭਾਈ ਬੜੇ ਵੈਰਾਗ ਵਿੱਚ ਸ਼ਬਦ ਪੜ੍ਹਦੇ ਸਨ, 'ਕਦੋਂ ਹੋਣਗੇ ਦੀਦਾਰੇ ਜੀ ਮੁਖੜੇ ਸੋਹਣੇ ਦੇ'

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥

(ਪੰਨਾ ੯੬)

ਇਉਂ ਸੰਗਤ ਵੈਰਾਗ ਕਰਦੀ ਕਾਫ਼ੀ ਦੂਰ ਨਾਲ ਆਈ। ਪਰ ਤੁਡੇਰ ਨਗਰ ਤੋਂ ਬਾਹਰ ਆ ਕੇ ਸੰਤਾਂ ਨੇ ਸਭਨਾਂ ਨੂੰ ਬੜੇ ਪਿਆਰ ਨਾਲ ਵਿਦਾ ਕੀਤਾ। ਏਧਰੋਂ ਜਹਾਂਗੀਰੇ ਵਾਲਿਆਂ ਨੇ ਵੀ ਬੈਂਡ ਵਾਜੇ, ਢੋਲਕੀਆਂ, ਛੈਣੇ, ਤੂਤੀਆਂ, ਰਣ ਸਿੰਗੇ ਆਦਿ ਸਾਜ਼ਾਂ ਦਾ ਇੰਤਜ਼ਾਮ ਕੀਤਾ ਤੇ ਪਾਲਕੀ ਨੂੰ ਮੋਢਿਆਂ ਤੇ ਚੁੱਕ ਕੇ ਜਹਾਂਗੀਰੇ ਲਿਆਂਦਾ। ਇਸ ਜਗ੍ਹਾ ਵੀ ਪਠਾਣਾਂ ਨੇ ਬੜੀ ਸ਼ਰਧਾ ਨਾਲ ਗੇਟ ਬਣਾਏ। ਸੜਕਾਂ ਸਾਫ਼ ਕਰਕੇ ਉੱਪਰ ਝੰਡੀਆਂ ਲਗਾਈਆਂ ਤੇ ਸੰਤਾਂ ਅੱਗੇ ਫ਼ਲਾਂ ਦੇ ਟੋਕਰੇ, ਮਿਸ਼ਰੀ ਦੇ ਥਾਲ ਤੇ ਪੰਜ ਸੌ ਰੁਪਇਆ ਦਰਸ਼ਨੀ ਭੇਟਾ ਅਰਪ ਕੇ ਸਭਨਾਂ ਨੇ ਨਮਸਕਾਰ ਕੀਤੀ। ਸੰਤਾਂ ਨੇ ਸਭਨਾਂ ਨੂੰ ਅਸ਼ੀਰਵਾਦ ਤੇ ਪ੍ਰਸ਼ਾਦਿ ਦਿੱਤਾ। ਬਾਜ਼ਾਰਾਂ ਤੇ ਦੁਕਾਨਾਂ ਅੱਗੇ ਹਿੰਦੂ ਤੇ ਮੁਸਲਮਾਨਾਂ ਵੱਲੋਂ ਬੜੀ ਸਫ਼ਾਈ ਤੇ ਸੁਗੰਧੀ ਦਾ ਛਿੜਕਾਅ ਕੀਤਾ ਹੋਇਆ ਸੀ। ਸੁੰਦਰ ਕੱਪੜੇ ਤਾਣ ਕੇ ਸਜਾਵਟਾਂ ਕੀਤੀਆਂ ਹੋਈਆਂ ਸਨ। ਗਲੀਆਂ ਵਿੱਚ

ਵੀ ਹੇਠਾਂ ਮਲਮਲ, ਲੱਠਾ ਤੇ ਮਾਰਕੀਨ ਦੀ ਵਿਛਾਈ ਕੀਤੀ ਹੋਈ ਸੀ। ਘਰਾਂ ਅੱਗੇ ਤੇ ਮਕਾਨਾਂ ਦੀਆਂ ਛੱਤਾਂ ਤੇ ਚੜ੍ਹੇ ਮਾਈ ਭਾਈ ਪਾਲਕੀ ਉੱਤੇ ਮਾਇਆ ਤੇ ਫੁੱਲਾਂ ਦੀ ਵਰਖਾ ਕਰਦੇ। ਇਉਂ ਬੜੇ ਹੀ ਜੈਕਾਰਿਆਂ ਨਾਲ ਗਲੀਆਂ ਤੇ ਬਾਜ਼ਾਰਾਂ ਵਿੱਚ ਦੀ ਹੁੰਦਿਆਂ ਹੋਇਆਂ ਬਾਬਾ ਜੀ ਗੁਰਦੁਆਰੇ ਪਹੁੰਚੇ। ਬਾਬਾ ਜੀ ਦੂਰੋਂ ਹੀ ਪਾਲਕੀ ਚੋਂ ਉੱਤਰੇ ਤੇ ਇਸ ਤਰ੍ਹਾਂ ਸ਼ਬਦ ਪੜ੍ਹਦੇ ਹੋਏ ਪਾਵਨ ਦਰਬਾਰ ਅੱਗੇ ਆਏ:

ਠਾਕੁਰ ਤੁਮ੍ ਸਰਣਾਈ ਆਇਆ ॥
ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥

(ਪੰਨਾ ੧੨੨੮)

ਪਹਿਲਾਂ ਬਾਹਰ ਪੰਜ ਇਸਨਾਨਾ ਕੀਤਾ ਫਿਰ ਅੰਦਰ ਜਾ ਕੇ ੨੫ ਰੁਪਏ ਅਤੇ ਹੋਰ ਪ੍ਰਸ਼ਾਦ ਰੱਖ ਕੇ ਨਮਸਕਾਰ ਕੀਤੀ। ਸਤਿਗੁਰਾਂ ਦੇ ਸਰੂਪ ਉੱਪਰ ਫੁੱਲਾਂ ਦੇ ਸੇਹਰੇ ਪਾਏ। ਅਦਬ ਨਾਲ ਤਾਬਿਆ ਸਜ ਕੇ ਚੌਰ ਕੀਤਾ ਤੇ ਹੁਕਮ ਲਿਆ। ਫਿਰ ਆਪਣੇ ਆਸਣ ਤੇ ਬੈਠ ਗਏ।

ਰਾਗੀ ਸਿੰਘਾਂ ਨੇ ਗੁਰਬਾਣੀ ਦਾ ਕੀਰਤਨ ਪਹਿਲਾਂ ਹੀ ਅਰੰਭ ਕੀਤਾ ਹੋਇਆ ਸੀ। ਜਿਸ ਦਾ ਹਜ਼ੂਰੀ ਵਿੱਚ ਬੈਠੀ ਸੰਗਤ ਅਨੰਦ ਮਾਣ ਰਹੀ ਸੀ। ਸੰਤਾਂ ਅੱਗੇ ਵੀ ਬੇਅੰਤ ਮਾਇਆ ਤੇ ਪਦਾਰਥਾਂ ਦੇ ਅੰਬਾਰ ਲੱਗ ਗਏ। ਹਜ਼ੂਰ ਦੀ ਆਗਿਆ ਪਾ ਕੇ ਇੱਕ ਵਜੇ ਗੁਰੂ ਕਾ ਲੰਗਰ ਅਰੰਭ ਕਰ ਦਿੱਤਾ। ਜੋ ਸ਼ਾਮ ਚਾਰ ਵਜੇ ਤੱਕ ਚੱਲਦਾ ਰਿਹਾ। ਉਸ ਸਮੇਂ ਹੀ ਦੀਵਾਨ ਦੀ ਸਮਾਪਤੀ ਹੋਈ। ਬਾਬਾ ਜੀ ਤਾਂ ਕੁਝ ਪ੍ਰੇਮੀਆਂ ਸਮੇਤ ਦਰਿਆ ਵੱਲ ਚਲੇ ਗਏ। ਲੰਗਰ ਵਰਤਾਉਣ ਦੀ ਡਿਊਟੀ ਗੁਫਾ ਵਾਲੇ ਸੰਤਾਂ ਤੇ ਡੇਰੇ ਵਾਲੇ ਸਾਧੂਆਂ ਦੀ ਲਾ ਗਏ। ਸੰਤਾਂ ਦਾ ਪ੍ਰਸ਼ਾਦਿ ਡੇਰੇ ਦੇ ਸਾਧੂਆਂ ਸਮੇਤ ਭਾਈ ਪਿਸ਼ੌਰਾ ਸਿੰਘ ਦੇ ਘਰ ਸੀ। (ਕਿਉਂਕਿ ਇਸ ਦੇ ਘਰ ਸੰਤਾਂ ਦੇ ਬਚਨਾਂ ਨਾਲ ਲੜਕੇ ਦਾ ਜਨਮ ਹੋਇਆ ਸੀ) ਉਸਦਾ ਨਾਮ ਸੰਸਕਾਰ ਅਤੇ ਚੋਲਾ ਪਾਉਣਾ ਸੀ। ਸੰਤਾਂ ਨੇ ਬੱਚੇ ਦਾ ਨਾਮ ਵੀ ਰੱਖਿਆ ਤੇ ਆਪਣੇ ਹੱਥੀਂ ਚੋਲਾ ਵੀ ਪੁਆਇਆ। ਉਸ ਦੇ ਘਰ ਪ੍ਰਸ਼ਾਦਿ ਛਕਿਆ। ਸੇਵਾ ਤੇ ਪ੍ਰਸੰਨ ਹੋ ਕੇ ਵਰ ਦਿੱਤੇ। ਇਸ ਨੇ ਬੜੀ ਭਾਵਨਾ ਨਾਲ ਮਾਇਆ ਤੇ ਵਸਤਰ ਭੇਟਾ ਕੀਤੇ।

ਇਉਂ ਰਾਤ ਜਹਾਂਗੀਰੇ ਹੀ ਰਹੇ। ਸਵੇਰੇ ਸੈਦੂ ਆਉਣ ਦੀ ਤਿਆਰੀ ਕੀਤੀ। ਤੁਰਨ ਸਮੇਂ ਨਗਰ ਨਿਵਾਸੀ ਸੰਗਤ ਤੇ ਪਠਾਣਾਂ ਨੂੰ ਸਿਰੋਪਾਓ ਦੇ ਕੇ ਵਰ ਦਿੱਤੇ। ਬਹੁਤ ਸਾਰੀ ਸੰਗਤ ਤਾਂ ਨਾਲ ਆ ਗਈ। ਕਾਫ਼ੀ ਦੂਰੋਂ ਸੰਗਤ ਨੂੰ ਬੜੇ ਪਿਆਰ ਨਾਲ ਵਾਪਸ ਮੋੜਿਆ ਤੇ ਆਪ ਸੈਦੂ ਆ ਗਏ। ਇੱਥੋਂ ਦੀ ਸੰਗਤ ਪਹਿਲਾਂ ਹੀ ਆਪ ਜੀ ਦੀ ਉਡੀਕ ਕਰ ਰਹੀ ਸੀ। ਸਭਨਾਂ ਨੇ ਬੜਾ ਸਤਿਕਾਰ ਕੀਤਾ, ਭਾਵਨਾ ਨਾਲ ਭੇਟਾ ਅਰਪੀ ਤੇ ਮੱਥਾ ਟੇਕਿਆ। ਆਪ ਇਨ੍ਹਾਂ ਦਾ ਪ੍ਰੇਮ ਦੇਖਕੇ ਰਾਤ ਸੈਦੂ ਹੀ ਅਟਕ ਗਏ। ਸਵੇਰੇ ਗੱਡੀ ਤੇ ਅਸਵਾਰ ਹੋ ਕੇ ਡੇਰੇ ਵੱਲ ਨੂੰ ਆ ਗਏ। ਇਸ ਪ੍ਰਕਾਰ ਮਾਘ ਸੁਦੀ ਨੌਂਵੀ ਤੇ ਪਹਿਲੇ ਜੋੜ ਮੇਲੇ ਦਾ ਤੇ ਸੈਦੂ ਗੁਰਦੁਆਰੇ ਦੀ ਨੀਂਹ ਰੱਖਣ ਦਾ ਸਮਾਗਮ ਸਮਾਪਤ ਹੋਇਆ।

## ਨੁਸ਼ਹਿਰੇ ਛਾਉਣੀ ਦਾ ਸਮਾਗਮ

ਸੰਤ ਜੀ ਮਹਾਰਾਜ ਨੂੰ ਨੁਸ਼ਹਿਰੇ ਦੀ ਸੰਗਤ ਨੇ ਅਰਜ਼ ਕੀਤੀ, "ਦਾਤਾ! ਕ੍ਰਿਪਾ ਕਰਕੇ ਸਾਡੇ ਨਗਰ ਵਿੱਚ ਵੀ ਚਰਨ ਪਾਓ।" ਸੰਤਾਂ ਨੇ ਉਨ੍ਹਾਂ ਦਾ ਪਿਆਰ ਦੇਖਕੇ ਅਰਜ਼ ਮਨਜ਼ੂਰ ਕਰ ਲਈ। ਆਪ ਜੀ ਅਕੋੜੇ ਸਟੇਸ਼ਨ ਤੋਂ ਗੱਡੀ ਵਿੱਚ ਬੈਠ ਕੇ ਰਸਤੇ ਵਿੱਚ ਨੁਸ਼ਹਿਰੇ ਉੱਤਰ ਗਏ। ਅੱਗੇ ਸੰਗਤ ਵਲੋਂ ਬੜੀ ਤਿਆਰੀ ਕੀਤੀ ਹੋਈ ਸੀ। ਗੱਡੀ ਆਉਣ ਤੋਂ ਪਹਿਲਾਂ ਹੀ ਪ੍ਰੇਮੀ ਸਟੇਸ਼ਨ ਤੇ ਪੁੱਜੇ ਹੋਏ ਸਨ। ਸਟੇਸ਼ਨ ਮਾਸਟਰ, ਬਾਬੂ ਤੇ ਹੋਰ ਸਟਾਫ ਵਲੋਂ ਬੜਾ ਇੰਤਜ਼ਾਮ ਕੀਤਾ ਹੋਇਆ ਸੀ। ਜਦੋਂ ਏਥੇ ਆ ਕੇ ਗੱਡੀ ਰੁਕੀ ਤਾਂ ਰੇਲਵੇ ਦੇ ਕਰਮਚਾਰੀਆਂ ਤੇ ਸ਼ਹਿਰ ਦੀ ਸੰਗਤ ਨੇ ਆਪ ਜੀ ਦਾ ਸਵਾਗਤ ਕੀਤਾ। ਬੈਂਡ ਵਾਜਿਆਂ ਨਾਲ ਸਲਾਮੀ ਲਈ, ਗਲੇ 'ਚ ਫ਼ੁੱਲਾਂ ਦੇ ਹਾਰ ਪਾਏ। ਪੁਲ ਦੀਆਂ ਪੌੜੀਆਂ ਤੇ ਕੀਮਤੀ ਬਸਤਰ ਵਿਛਾਅ ਕੇ ਰਸਤਿਆਂ ਵਿੱਚ ਝੰਡੀਆਂ ਟੰਗੀਆਂ ਹੋਈਆਂ ਸਨ।

ਬਾਬਾ ਜੀ ਦੀ ਉਡੀਕ ਵਿੱਚ ਬੜੇ ਚਿਰ ਦੀ ਸੰਗਤ ਝੰਪਾਨ ਲੈ ਕੇ ਅੱਗੇ ਖੜ੍ਹੀ ਸੀ। ਸੰਤਾਂ ਨੂੰ ਬੇਨਤੀ ਕਰਕੇ ਝੰਪਾਨ ਵਿੱਚ ਅਸਵਾਰ ਕਰਵਾਇਆ ਗਿਆ। ਆਪ ਬੈਂਡ ਵਾਜੇ ਵਜਾਉਂਦੇ ਹੋਏ ਨਾਲ ਚੱਲ ਪਏ। ਫੌਜੀਆਂ ਦਾ ਬੈਂਡ ਇੱਕ ਪਾਸੇ ਵੱਖਰਾ ਨਾਲ ਵੱਜਦਾ ਜਾ ਰਿਹਾ ਸੀ। ਬਜ਼ਾਰਾਂ ਵਿੱਚ ਬੜੀ ਸਜਾਵਟ ਕੀਤੀ ਹੋਈ ਸੀ। ਰਾਹ ਵਿੱਚ ਪ੍ਰੇਮੀ ਬਾਬਾ ਜੀ ਤੇ ਫ਼ੁੱਲਾਂ ਦੀ ਵਰਖਾ ਕਰਦੇ ਤੇ ਮਾਇਆ ਅਰਪਦੇ ਸਨ। ਹਜ਼ੂਰ ਸਭਨਾਂ ਤਾਈਂ ਸਤਿਕਾਰਦੇ ਹੋਏ ਗੁਰਦੁਆਰੇ ਸਾਹਿਬ ਦੇ ਪਾਸ ਪੁੱਜੇ। ਪਾਲਕੀ ਚੋਂ ਹੇਠਾਂ ਉੱਤਰੇ ਤੇ ਸ਼ਬਦ ਪੜ੍ਹਦੇ ਹੋਏ ਅੱਗੇ ਗਏ। ਪੰਜ ਇਸਨਾਨਾ ਕੀਤਾ। ਫੇਰ ੨੫ ਰੁਪਏ ਦਰਸ਼ਨੀ ਭੇਟਾ ਅਰਪ ਕੇ ਸਤਿਗੁਰਾਂ ਨੂੰ ਨਮਸਕਾਰ ਕੀਤੀ। ਉੱਪਰ ਫ਼ੁੱਲਾਂ ਦੇ ਸੇਹਰੇ ਪਾਏ ਤੇ ਹੁਕਮ ਲੈ ਕੇ ਦੀਵਾਨ ਵਿੱਚ ਚਲੇ ਗਏ। ਗੁਰਬਾਣੀ ਦਾ ਕੀਰਤਨ ਪਹਿਲਾਂ ਹੀ ਅਰੰਭ ਸੀ। ੧੨ ਵਜੇ ਗੁਰੂ ਕਾ ਲੰਗਰ ਵਰਤਣਾ ਸ਼ੁਰੂ ਹੋ ਗਿਆ। ਸ਼ਾਮ ਦੇ ਤਿੰਨ ਵਜੇ ਦੀਵਾਨ ਸਮਾਪਤ ਹੋਇਆ। ਸੰਤ ਤਾਂ ਉਸ ਸਮੇਂ ਕੁਝ ਕੁ ਪ੍ਰੇਮੀਆਂ ਸਮੇਤ ਲੁੰਢੇ ਦਰਿਆ ਵੱਲ ਚਲੇ ਗਏ। ਲੰਗਰ ਨੂੰ ਵਰਤਾਉਣ ਦੀ ਡਿਊਟੀ ਨਾਲ ਦੇ ਸਾਧੂਆਂ ਦੀ ਲਗਾ ਗਏ। ਸੰਤਾਂ ਦਾ ਅੱਜ ਰਾਤ ਦਾ ਪ੍ਰਸ਼ਾਦਿ ਸਮੇਤ ਮੰਡਲੀ ਦੇ ਸਰਦਾਰਨੀ ਕਿਰਪਾਲ ਕੌਰ ਨੇ ਆਪਣੇ ਘਰ ਬਣਾਇਆ ਹੋਇਆ ਸੀ। ਆਪ ਜੀ ਨੇ ਬਾਹਰੋਂ ਦਰਿਆ ਵਲੋਂ ਆ ਕੇ ਉਸ ਦੇ ਘਰ ਚਰਨ ਪਾਏ ਅਤੇ ਸੰਗਤ ਸਮੇਤ ਪ੍ਰਸ਼ਾਦਿ ਛਕਿਆ।

ਉਸ ਸਮੇਂ ਸਰਦਾਰਨੀ ਨੇ ੧੦੧ ਰੁਪਿਆ, ਮਲ-ਮਲ ਦਾ ਥਾਨ ਤੇ ਮਿਸ਼ਰੀ ਦਾ ਥਾਲ ਸੰਤਾਂ ਦੀ ਭੇਟਾ ਕੀਤਾ। ਹੋਰ ਵੀ ਨਾਲ ਦੇ ਸਾਧੂਆਂ ਨੂੰ ਬਸਤਰ ਦਿੱਤੇ। ੫੧ ਰੁਪੈ ਨੁਸ਼ਹਿਰਾ ਸਦਰ ਦੇ ਗਰੰਥੀ ਰਾਮ ਸਿੰਘ ਨੇ ਸੰਤਾਂ ਨੂੰ ਅਰਪੇ। ੧੦੧ ਰੁਪਿਆ ਸੂ: ਨੰਦ ਸਿੰਘ ਹਜ਼ਰੋ ਵਾਸੀ ਨੇ ਮੱਥਾ ਟੇਕਿਆ। ੫੦੦ ਰੁਪੈ ਨਕਦ ਪੰਜ ਥਾਨ ਬਸਤਰਾਂ ਦੇ ਤੇ ਬੇਅੰਤ ਮਿਸ਼ਰੀ ਬਾਦਾਮ ਤੇ ਹੋਰ ਪ੍ਰਸ਼ਾਦਿ ਨੁਸ਼ਹਿਰਾ ਦੀ ਸੰਗਤ ਨੇ ਭੇਟ ਕੀਤਾ।

## ਨੁਸ਼ਹਿਰਾ ਕਲਾਂ ਆਉਣਾ

ਪ੍ਰਸ਼ਾਦਿ ਛਕਣ ਤੋਂ ਬਾਅਦ ਰਾਤ ਦੇ ਗਿਆਰਾਂ ਵਜੇ ਸੰਗਤ ਸਮੇਤ ਸੰਤ ਜੀ ਬਿਰਾਜ ਗਏ। ਸਵੇਰੇ ਨੁਸ਼ਹਿਰਾ ਕਲਾਂ ਦੀ ਸੰਗਤ ਹਾਜ਼ਰ ਹੋਈ ਅਤੇ ਸੰਤਾਂ ਨੂੰ ਬੇਨਤੀ ਕਰਕੇ ਨੁਸ਼ਹਿਰਾ ਕਲਾਂ ਲੈ ਗਈ। ਬੈਂਡ ਵਾਜਿਆਂ ਦੇ ਨਾਲ ਸੰਤਾਂ ਦੀ ਪਾਲਕੀ ਗੁਰੂ ਦਰਬਾਰ ਵੱਲ ਆਈ। ਦੂਰੋਂ ਹੀ ਹੇਠਾਂ ਉੱਤਰ ਕੇ ਗੁਰੂ ਦੇ ਪਾਵਨ ਦੀਦਾਰ ਕੀਤੇ। ਪਹਿਲਾਂ ਹੀ ਦੀਵਾਨ ਸਜਿਆ ਹੋਇਆ ਸੀ। ਅਲਾਹੀ ਬਾਣੀ ਦੇ ਕੀਰਤਨ ਦਾ ਸਰੋਤੇ ਰਸ ਮਾਣ ਰਹੇ ਸਨ। ਸੰਤ ਜੀ ਮਹਾਰਾਜ ਆਪਣੇ ਆਸਣ ਤੇ ਸਜੇ। ਸੇਵਾ ਕਰਨ ਵਾਸਤੇ ਰਿੱਧੀਆਂ ਸਿੱਧੀਆਂ ਹੱਥ ਜੋੜੀ ਆਗਿਆ ਮੰਗ ਰਹੀਆਂ ਸਨ। ਸੰਗਤਾਂ ਵਲੋਂ ਸੰਤਾਂ ਅੱਗੇ ਮਾਇਆ ਦੇ ਢੇਰ ਲੱਗ ਗਏ। ੧੨ ਵਜੇ ਲੰਗਰ ਆਰੰਭ ਹੋ ਗਿਆ ਜੋ ਸ਼ਾਮ ਤੱਕ ਵਰਤਦਾ ਰਿਹਾ। ਉਸ ਸਮੇਂ ਹੀ ਕੀਰਤਨ ਦਾ ਭੋਗ ਪਿਆ। ਸੰਤਾਂ ਨੂੰ ਸਲਾਮਾਂ ਤੇ ਸਿਜਦੇ ਕਰਕੇ ਮੁਸਲਮਾਨ ਪਠਾਣਾਂ ਨੇ ਵੀ ਭੇਟਾ ਅਰਪੀ। ਸੰਤਾਂ ਨੇ ਆਪਣੇ ਹੱਥੀਂ ਸਭਨਾਂ ਨੂੰ ਪ੍ਰਸ਼ਾਦਿ ਦਿੱਤਾ। ਇਉਂ ਸ਼ਾਮ ਨੂੰ ਦੀਵਾਨ ਦੀ ਸਮਾਪਤੀ ਕਰਕੇ ਫਿਰ ਸੰਗਤ ਤੋਂ ਆਗਿਆ ਮੰਗੀ। ਸੰਤਾਂ ਦੇ ਹੁਕਮ ਅੱਗੇ ਸਭਨਾਂ ਨੇ ਸਿਰ ਨਿਵਾਇਆ ਅਤੇ ਸਜਲ ਨੇਤਰੀਂ ਸੰਤਾਂ ਨੂੰ ਵਿਦਾਅ ਕੀਤਾ।

## ਹੋਤੀ ਆਉਣਾ

ਹੋਤੀ ਦੀ ਸੰਗਤ ਜੋ ਬਾਬਾ ਜੀ ਨੂੰ ਲੈਣ ਵਾਸਤੇ ਪਹਿਲਾਂ ਹੀ ਏਥੇ ਪਹੁੰਚੀ ਹੋਈ ਸੀ। ਰਾਤੀਂ ਹੋਤੀ ਲੈ ਆਈ। ਏਥੇ ਵੀ ਹੋਤੀ ਦੇ ਖ਼ਾਨ ਸਾਹਬ ਤੇ ਹੋਰ ਸੰਗਤ ਨੇ ਬੜਾ ਇੰਤਜ਼ਾਮ ਕੀਤਾ ਹੋਇਆ ਸੀ। ਰਾਤੀਂ ਦੀਵਾਨ ਸਜਿਆ ਜਿਸ ਦੀ ੧੧ ਵਜੇ ਸਮਾਪਤੀ ਹੋਈ। ਸੰਗਤ ਨਾਲ ਮਿਲਕੇ ਸੰਤ ਮੋਤਾ ਸਿੰਘ ਜੀ ਵਲੋਂ ਲੰਗਰ ਤਿਆਰ ਸੀ ਜੋ ਰਾਤੀਂ ੭ ਵਜੇ ਹੀ ਵਰਤਾਉਣਾ ਸ਼ੁਰੂ ਕਰ ਦਿੱਤਾ। ੧੨ ਵਜੇ ਤੱਕ ਵਰਤਦਾ ਰਿਹਾ। ਦੀਵਾਨ ਸਮਾਪਤ ਕਰਕੇ ਨਾਲ ਦੇ ਸਾਧੂਆਂ ਨੇ ਪ੍ਰਸ਼ਾਦਾ ਛਕਿਆ ਫਿਰ ਬਿਰਾਜ ਗਏ। ਸਵੇਰੇ ਦੋ ਵਜੇ ਸਾਵਧਾਨ ਹੋ ਕੇ ਇਸ਼ਨਾਨ ਕੀਤਾ। ਦਿਨ ਚੜ੍ਹੇ ਸੰਤਾਂ ਨੂੰ ਝੰਪਾਨ ਤੇ ਅਸਵਾਰ ਕਰਵਾਕੇ ਸੰਗਤ ਵਾਜਿਆਂ ਨਾਲ ਡੇਰੇ ਲੈ ਆਈ। ਸੰਤਾਂ ਨੇ ਖ਼ਾਨ ਸਾਹਬ ਤੇ ਹੋਰ ਸਭਨਾਂ ਨੂੰ ਪ੍ਰਸ਼ਾਦਿ ਦਿੱਤਾ। ਸਭਨਾਂ ਨੇ ਆਗਿਆ ਮੰਗੀ ਤੇ ਹਜ਼ੂਰ ਦੀਆਂ ਖ਼ੁਸ਼ੀਆਂ ਲੈ ਕੇ ਨਮਸਕਾਰ ਕਰਕੇ ਵਾਪਸ ਮੁੜੇ। ਇਉਂ ਮਾਘ ਸੁਦੀ ਨੌਮੀ ਬਿਕਰਮੀ ਸੰਮਤ ੧੯੬੦ ਦੇ ਪਹਿਲੇ ਜੋੜ ਮੇਲੇ ਦਾ ਤੇ ਸੰਤ ਜੀ ਦੇ ਸੈਦੂ ਜਾਣ ਵਾਲੀ ਯਾਤਰਾ ਦਾ ਪ੍ਰਸੰਗ ਖਤਮ ਹੋਇਆ।

## ਗੁਰੂ ਪ੍ਰਮੇਸ਼ਰ ਤੇ ਨਿਸ਼ਚਾ ਰੱਖ ਕੇ ਨਾਮ ਜਪਕੇ ਤਰੀਦਾ ਹੈ

ਕਾਫੀ ਦਿਨਾਂ ਬਾਅਦ ਅੱਜ ਫਿਰ ਡੇਰੇ ਤੇ ਬੜੀਆਂ ਰੌਣਕਾਂ ਸਨ ਕਿਉਂਕਿ ਜਿਤਨੇ ਦਿਨ ਬਾਬਾ ਜੀ ਬਾਹਰ ਰਹੇ ਉਤਨੇ ਦਿਨ ਡੇਰਾ ਨਿਵਾਸੀ ਸੰਗਤ ਵੀ ਨਾਲ ਰਹੀ। ਕੁਝ ਕੁ ਹੀ ਪ੍ਰੇਮੀ ਸੇਵਾਦਾਰ ਪਿੱਛੇ ਆਪੋ ਆਪਣੀਆਂ ਡਿਊਟੀਆਂ ਤੇ ਹਾਜ਼ਰ ਸਨ। ਹੋਰ ਵੀ ਪ੍ਰੇਮੀ ਬਾਹਰੋਂ ਘੱਟ ਹੀ ਆਉਂਦੇ। ਅੱਜ ਸਵੇਰ ਦੇ ਚਾਰ ਵਜੇ ਤੋਂ ਹੀ ਦੀਵਾਨ ਲੱਗਾ ਹੋਇਆ ਸੀ। ਜੋ ਸੰਗਤਾਂ ਬਾਬਾ ਜੀ ਦੇ ਦਰਸ਼ਨਾਂ ਦੀਆਂ ਪਿਆਸੀਆਂ ਸਨ ਉਹ ਅੱਜ ਡੇਰੇ ਬਾਬਾ ਜੀ ਦੇ ਦਰਸ਼ਨ ਕਰਨ ਲਈ ਪਹੁੰਚੀਆਂ ਹੋਈਆਂ ਸਨ। ਅੱਜ ਗੁਰੂ ਕਾ ਲੰਗਰ ਵੀ ਵਧੇਰੇ ਤਿਆਰ ਕੀਤਾ ਗਿਆ ਤੇ ਹੋਰਨਾਂ ਦਿਨਾਂ ਤੋਂ ਸੁਵਖਤੇ ਹੀ ਖੋਲ ਦਿੱਤਾ ਗਿਆ। ਦਸ ਵਜੇ ਦੀਵਾਨ ਦੀ ਸਮਾਪਤੀ ਹੋਈ। ਫਿਰ ਸੰਗਤਾਂ ਨੇ ਖੁਲ੍ਹੇ ਦਰਸ਼ਨ ਕਰਕੇ ਭੇਟਾ ਅਰਪੀਆਂ। ਸਭ ਦੀਆਂ ਮਨੋ ਕਾਮਨਾਵਾਂ ਪੂਰੀਆਂ ਹੋਈਆਂ।

ਉਪਰੰਤ ਬਾਬਾ ਜੀ ਬਾਹਰ ਗੁਫਾ ਤੇ ਜਾਣ ਤੋਂ ਪਹਿਲਾਂ ਮਾਲਖਾਨੇ ਵਿੱਚ ਆਏ। ਘੋੜਿਆਂ ਨੇ ਸੰਤਾਂ ਦੇ ਦਰਸ਼ਨ ਕਰਕੇ ਸਿਰ ਹਿਲਾਇਆ ਤੇ ਖੁਸ਼ੀ ਵਿੱਚ ਪੌੜ ਧਰਤੀ ਤੇ ਮਾਰੇ। ਸੰਤਾਂ ਨੇ ਸਭਨਾਂ ਨੂੰ ਪਿਆਰ ਦਿੱਤਾ ਤੇ ਸਿਰ ਤੇ ਹੱਥ ਫੇਰਿਆ। ਅੱਜ ਹਜ਼ੂਰ ਨੇ ਹੁਕਮ ਕਰਕੇ ਸਾਰੇ ਪਸ਼ੂਆਂ ਦਾ ਰਾਸ਼ਨ ਦੁੱਗਣਾ ਕਰਵਾ ਦਿੱਤਾ ਤੇ ਕਿਹਾ ਕਿ ਇਨ੍ਹਾਂ ਨੂੰ ਵੀ ਲੰਗਰ ਦਾ ਕੜਾਹ ਪ੍ਰਸ਼ਾਦਿ ਛਕਾਓ। ਫਿਰ ਛੱਪਰੀਆਂ ਤੇ ਆ ਕੇ ਦੁਪਹਿਰ ਦਾ ਪ੍ਰਸ਼ਾਦਿ ਛਕਿਆ ਤੇ ਬਿਰਾਜ ਗਏ। ਸ਼ਾਮ ਦੇ ਵਕਤ ਸੋਦਰ ਦਾ ਦੀਵਾਨ ਬਾਹਰ ਬਰੇਤੀ ਤੇ ਸਜਾਇਆ। ਭੋਗ ਪਿਆ ਤਾਂ ਸਭਨਾਂ ਦਾ ਲੰਗਰ ਵੀ ਏਥੇ ਹੀ ਆ ਗਿਆ। ਸਾਰਿਆਂ ਨੇ ਪ੍ਰਸ਼ਾਦਿ ਛਕਿਆ ਤੇ ੧੧ ਵਜੇ ਬਿਰਾਜ ਗਏ। ਸਵੇਰ ਦਾ ਇਸ਼ਨਾਨ ਦਰਿਆ ਵਿੱਚ ਕਰਕੇ ਸਮਾਧੀ ਵਿੱਚ ਲੀਨ ਹੋ ਗਏ। ਦਿਨ ਚੜ੍ਹੇ ਡੇਰੇ ਪੁੱਜੇ ਤੇ ਦੀਵਾਨ ਵਿੱਚ ਹਾਜ਼ਰੀ ਭਰੀ। ਜਿਸ ਦਾ ਨਿੱਤਨੇਮ ਅਨੁਸਾਰ ੧੦ ਵਜੇ ਭੋਗ ਪਿਆ। ਫੇਰ ਬਾਹਰ ਗੁਫਾ ਵੱਲ ਚਲੇ ਗਏ।

ਦੁਪਹਿਰ ਦਾ ਪ੍ਰਸ਼ਾਦ ਛਕ ਕੇ ਬਿਰਾਜ ਗਏ। ਸ਼ਾਮ ਦੇ ਵਕਤ ਸਾਵਧਾਨ ਹੋਏ ਅੱਜ ਆਪ ਜੀ ਦਾ ਪਲੰਘ ਗੁਫਾ ਤੋਂ ਬਾਹਰ ਬੈਂਤਾਂ ਹੇਠਾਂ ਡੱਠਾ ਸੀ। ਬੇਅੰਤ ਸੰਗਤ ਪਾਸ ਬੈਠੀ ਸੀ। ਉਸ ਸਮੇ ਨੁਸ਼ਹਿਰੇ ਤੋਂ ਸ੍ਰ: ਨੰਦ ਸਿੰਘ ਤੇ ਉਨ੍ਹਾਂ ਦੀ ਸਰਦਾਰਨੀ ਨਿਰਮਲ ਕੌਰ ਦਰਸ਼ਨਾਂ ਲਈ ਹਾਜ਼ਰ ਹੋਏ। ਭੇਟਾ ਅਰਪੀ ਮੱਥਾ ਟੇਕਿਆ ਅਤੇ ਪਾਸ ਬੈਠ ਗਏ। ਰਾਗੀ ਲਾਲ ਸਿੰਘ ਤੇ ਹੋਰ ਸੰਗਤ ਪਾਸ ਬੈਠੀ ਦਰਸ਼ਨ ਕਰ ਰਹੀ ਸੀ।

ਸਰਦਾਰਨੀ ਨੇ ਹੱਥ ਜੋੜ ਕੇ ਅਰਜ਼ ਕੀਤੀ, "ਮਹਾਰਾਜ! ਮੇਰੇ ਤੇ ਕ੍ਰਿਪਾ ਕਰੋ। ਗੁਰ ਮੰਤਰ ਬਖ਼ਸ਼ੋ।" ਅੰਤਰਜਾਮੀ ਸੰਤਾਂ ਨੇ ਪੁਛਿਆ, "ਕੀ ਤੂੰ ਕਿਸੇ ਪਾਸੋਂ ਅਜੇ ਗੁਰ ਮੰਤਰ ਨਹੀਂ ਲਿਆ?" ਇਸ ਨੇ ਅਰਜ਼ ਕੀਤੀ, "ਜੀ ਅਜੇ ਤੱਕ ਨਹੀਂ ਲਿਆ।" (ਮਾਈ ਨੇ ਗੁਰ ਮੰਤਰ ਲਿਆ ਹੋਇਆ ਸੀ ਪਰ ਸੱਚ ਨਾ ਦਸਿਆ) ਸੰਤ ਜਾਣੀ ਜਾਣ ਸਨ। ਉਨ੍ਹਾਂ ਕਿਹਾ, "ਮਾਈ ਗੁਰ ਮੰਤਰ ਚਾਹੇ ਕਿਸੇ ਪਾਸੋਂ ਵੀ ਲਿਆ ਜਾਵੇ, ਉਸਦਾ ਨਿਸ਼ਚਾ ਰੱਖ ਕੇ ਜਾਪ ਕਰੋ ਤਦੇ ਹੀ ਸਫ਼ਲਾ ਹੁੰਦਾ ਹੈ।"

ਮਾਈ ਨੇ ਫਿਰ ਕਿਹਾ, "ਮਹਾਰਾਜ! ਮੈਂ ਕਿਸੇ ਪਾਸੋਂ ਵੀ ਗੁਰ ਮੰਤਰ ਨਹੀਂ ਲਿਆ।" ਸੰਤਾਂ ਨੇ ਫਿਰ ਪੁਛਿਆ, "ਮਾਈ! ਸੰਤਾਂ ਪਾਸ ਝੂਠ ਨਹੀਂ ਬੋਲੀਦਾ।" ਹੋਰ ਪ੍ਰੇਮੀਆਂ ਨੇ ਵੀ ਕਿਹਾ, "ਮਾਤਾ! ਇਹ ਸੱਚ ਦਾ ਦਰਬਾਰ ਹੈ। ਸੰਤ ਅੰਤਰਜਾਮੀ ਹਨ। ਤੂੰ ਏਥੇ ਝੂਠ ਨਾ ਬੋਲ। ਸਾਰੀ ਗੱਲ ਸੱਚੀ ਸੱਚੀ ਦੱਸ ਦੇ। ਸੰਤ ਵਾਰ-ਵਾਰ ਪੁੱਛ ਰਹੇ ਹਨ। ਇਸ ਵਿੱਚ ਕੋਈ ਕਾਰਨ ਹੈ।" ਡਰਦੀ ਹੋਈ ਮਾਤਾ ਨੇ ਕਿਹਾ, "ਮਹਾਰਾਜ! ਮੈਂ ਭੁੱਲ ਗਈ ਸਾਡੇ ਗੁਰੂ ਬੇਦੀ ਹਨ। ਉਨ੍ਹਾਂ ਪਾਸੋਂ ਗੁਰ ਮੰਤਰ ਤਾਂ ਲਿਆ ਹੈ ਪਰ ਉਨ੍ਹਾਂ ਤੇ ਮੇਰਾ ਨਿਸ਼ਚਾ ਨਹੀਂ।"

ਸੰਤਾਂ ਨੇ ਕਿਹਾ, "ਫਿਰ ਸਾਡੇ ਪਾਸੋਂ ਗੁਰ ਮੰਤਰ ਲੈ ਕੇ ਕਿਸ ਤਰ੍ਹਾਂ ਨਿਸ਼ਚਾ ਰਹੇਗਾ?" ਹਜ਼ੂਰ ਦੀ ਰਸਨਾ ਤੋਂ ਇਸ ਤਰ੍ਹਾਂ ਦੇ ਬਚਨ ਸੁਣ ਕੇ ਮਾਤਾ ਚੁੱਪ ਹੋ ਗਈ। ਸੰਤਾਂ ਨੇ ਕਿਹਾ, "ਮਾਤਾ ਗੁਰ ਮੰਤਰ ਤਾਂ ਇੱਕੋ ਹੀ ਹੈ ਬਸ ਨਿਸ਼ਚਾ ਰੱਖ ਕੇ ਜਾਪ ਕਰੋ, ਗੁਰੂ ਭਲੀ ਕਰੇਗਾ। ਅੰਮ੍ਰਿਤ ਵੇਲੇ ਜਾਗੋ। ਗੁਰੂ ਸਰੂਪ ਦਾ ਧਿਆਨ ਧਰੋ, ਅੰਦਰੋਂ ਬਾਹਰੋਂ ਪਵਿੱਤਰਤਾ ਰੱਖ ਕੇ ਸਦਾ ਸੁੱਚ ਸੰਜਮ ਵਰਤੋਂ ਨਾਮ ਫਲੀਭੂਤ ਹੋਵੇਗਾ"। ਉਸ ਸਮੇਂ ਮਾਤਾ ਨੇ ਹੱਥ ਜੋੜੇ ਤੇ ਸੱਤ ਬਚਨ ਆਖਿਆ।

ਸਤਿ ਬਚਨ ਸਾਧੂ ਸਭਿ ਕਹਤ ॥

(ਪੰਨਾ ੨੯੪)

ਇਉਂ ਸੰਤਾਂ ਦੇ ਅਸ਼ੀਰਵਾਦ ਦੁਆਰਾ ਮਾਈ ਨੂੰ ਨਾਮ ਜਪਣ ਵਿੱਚ ਵਿਸ਼ਵਾਸ਼ ਆ ਗਿਆ। ਜਿਸ ਕਰਕੇ ਛੇਤੀ ਹੀ ਨਾਮ ਦਾ ਸੋਹਣਾ ਰੰਗ ਚੜ੍ਹ ਗਿਆ। ਗੁਰਬਾਣੀ ਪੜ੍ਹਣ ਤੇ ਨਾਮ ਜਪਣ ਵਿੱਚ ਬੜਾ ਰਸ ਆਇਆ:

ਮਨੁ ਪਰਬੋਧਹੁ ਹਰਿ ਕੈ ਨਾਇ ॥
ਦਹ ਦਿਸਿ ਧਾਵਤ ਆਵੈ ਠਾਇ ॥

(ਪੰਨਾ ੨੮੮)

ਦਿਖਾਵੇ ਤੋਂ ਰਹਿਤ ਬੰਦਗੀ ਕੀਤੀ ਤੇ ਚੰਗੀ ਧਰਮਾਤਮਾ ਬਣ ਗਈ। ਇਉਂ ਵਡਭਾਗਣ ਨੇ ਜਨਮ ਸਫ਼ਲਾ ਕੀਤਾ।

ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥

(ਪੰਨਾ ੬੧੪)

# ਗੁੱਜਰ ਗੜ੍ਹੀ ਦੇ ਕਰੀਮ ਬਖ਼ਸ਼ ਉੱਤੇ ਕ੍ਰਿਪਾ

ਇੱਕ ਦਿਨ ਬਾਬਾ ਜੀ ਸਵੇਰ ਦੇ ਵਕਤ ਪਾਲਕੀ ਤੇ ਅਸਵਾਰ ਹੋ ਕੇ ਸੰਗਤਾਂ ਸਮੇਤ ਗੁਫਾ ਤੋਂ ਡੇਰੇ ਵੱਲ ਨੂੰ ਆ ਰਹੇ ਸਨ। ਰਸਤੇ ਵਿੱਚ ਇੱਕ ਗੁੱਜਰ ਗੜ੍ਹੀ ਦੀ ਪਠਾਣੀ ਬੁਰਕਾ ਪਹਿਨ ਕੇ ਬਾਬਾ ਜੀ ਦਾ ਰਾਹ ਤੱਕ ਰਹੀ ਸੀ। ਜਦੋਂ ਸੰਤਾਂ ਦੀ ਪਾਲਕੀ ਪਾਸ ਪੁੱਜੀ ਤਾਂ ਇਸ ਨੇ ਦੋਵੇਂ ਹੱਥ ਜੋੜਕੇ ਨਮਸਕਾਰ ਕੀਤੀ। ਅੱਗੇ ਹੋ ਕੇ ਅਰਜ਼ ਕੀਤੀ, "ਹੇ ਅੱਲ੍ਹਾਂ ਦੇ ਪੀਰ! ਆਪ ਮੇਰੇ ਤੇ ਤਰਸ ਕਰੋ ਮੇਰਾ ਆਪ ਤੋਂ ਬਗ਼ੈਰ ਕੋਈ ਵੀ ਆਸਰਾ ਨਹੀਂ। ਮੈਂ ਇਸ ਗੁੱਜਰ ਗੜ੍ਹੀ ਨਗਰ ਦੀ ਰਹਿਣ ਵਾਲੀ ਹਾਂ। ਘਰ ਵਿੱਚ ਬੇਅੰਤ ਪਦਾਰਥ ਹਨ। ਸਿਰ ਦਾ ਸਾਈਂ ਮਰ ਗਿਆ ਹੈ। ਸਾਰੇ ਇਲਾਕੇ ਵਿੱਚ ਮੰਨਿਆ ਜਗੀਰਦਾਰ ਸੀ। ਇੱਕੋ ਇੱਕ ਪੁੱਤਰ ਹੈ। ਜਿਸ ਨੂੰ ਹੁਣ ਚੌਧਵਾਂ ਸਾਲ ਲੱਗਾ ਹੈ ਪਰ ਉਹ ਵੀ ਇੱਕ ਸਾਲ ਤੋਂ ਗੁੰਮ ਹੈ। ਪਤਾ ਨਹੀਂ ਕਿਧਰ ਚਲਾ ਗਿਆ ਹੈ। ਬੜੀ ਭਾਲ ਕੀਤੀ, ਚੇਲਿਆਂ ਤੋਂ ਪੁੱਛਾਂ ਪਵਾਈਆਂ, ਘਰ ਭਿਰਾਈ ਸਦਿਆ, ਦਰੂਦ ਦਿੱਤੇ ਪਰ ਉਸ ਦੀ ਕੋਈ ਉੱਘ ਸੁੱਘ ਨਹੀਂ ਨਿਕਲੀ। ਕਿਸੇ ਨੇ ਆਪ ਜੀ ਦੀ ਦੱਸ ਪਾਈ, ਜਿਸ ਕਰਕੇ ਚਰਨਾਂ ਵਿੱਚ ਪੁੱਜੀ ਹਾਂ। ਹੁਣ ਆਪ ਹੀ ਮੇਰੀ ਦੁਖਿਆਰੀ ਜ਼ਿੰਦ ਤੇ ਤਰਸ ਕਰਕੇ ਮੇਰਾ ਬੱਚਾ ਮੰਗਵਾ ਦੇਵੋ।" ਸੰਤਾਂ ਨੇ ਉੱਤਰ ਦਿੱਤਾ, "ਨਿਮਾਜ਼ਾਂ ਪੜ੍ਹੋ, ਅੱਲ੍ਹਾ ਨੂੰ ਯਾਦ ਕਰੋ, ਖ਼ੁਦਾ ਭਲੀ ਕਰੇਗਾ। ਤੇਰਾ ਪੁੱਤਰ ਘਰ ਆ ਜਾਵੇਗਾ।" ਇਸ ਤਰ੍ਹਾਂ ਦੇ ਬਚਨ ਸੁਣਕੇ ਇਸ ਨੂੰ ਧੀਰਜ ਬੱਝੀ ਤੇ ਪੁੱਤਰ ਦੀ ਸ਼ਕਲ ਸਾਹਮਣੇ ਆ ਗਈ। ਇਸ ਨੇ ਭੁੱਬ ਮਾਰਕੇ ਕਿਹਾ, "ਦੱਸੋ ਪੀਰ ਜੀ ਉਹ ਕਦੋਂ ਤੱਕ ਆ ਜਾਵੇਗਾ।" ਸੰਤਾਂ ਨੇ ਕਿਹਾ, "ਬੀਬਾ ਰੋਵੋ ਨਾ ਅੱਜ ਤੋਂ ਅੱਠਵੇ ਦਿਨ ਆ ਜਾਵੇਗਾ।" ਇਸ ਤਰ੍ਹਾਂ ਦੇ ਬਚਨ ਸੁਣ ਕੇ ਇਹ ਬੜੀ ਪ੍ਰਸੰਨ ਹੋਈ। ਘਰ ਆ ਗਈ ਬੜਾ ਦਾਨ ਪੁੰਨ ਕੀਤਾ, ਨਿਮਾਜ਼ਾਂ ਪੜ੍ਹਦੀ ਹੈ ਤੇ ਹਰ ਸਮੇਂ ਅੱਲਾ ਨੂੰ ਯਾਦ ਰੱਖਦੀ ਹੈ। ਸੰਤਾਂ ਉੱਪਰ ਹਿੰਦੂ ਮੁਸਲਮਾਨ ਸਭਨਾਂ ਦਾ ਨਿਸ਼ਚਾ ਸੀ। ਜਿਸ ਕਰਕੇ ਉਹ ਪਠਾਣ ਪੁੱਤਰ ਅੱਠਵੇਂ ਦਿਨ ਵਾਪਸ ਆ ਗਿਆ। ਮਾਂ ਦੇ ਕਲੇਜੇ ਵਿੱਚ ਠੰਡ ਪੈ ਗਈ। ਬੱਚੇ ਨੂੰ ਘੁੱਟ ਕੇ ਛਾਤੀ ਨਾਲ ਲਾਇਆ ਸਿਰੋਂ ਵਾਰ ਕੇ ਦਾਨ ਕੀਤਾ। ਪੁੱਤਰ ਨੂੰ ਨਾਲ ਲੈ ਕੇ ਸੰਤਾਂ ਦੇ ਝੰਪਾਨ ਅੱਗੇ ਖਲੋਅ ਗਈ। ਦੋਹਾਂ ਨੇ ਸਿਜਦਾ ਕੀਤਾ। ਮਾਂ ਬੋਲੀ, "ਹੇ ਪੀਰ ਜੀ! ਤੁਸਾਂ ਦੀ ਕ੍ਰਿਪਾ ਹੋਈ ਤੇ ਮੇਰਾ ਬੇਟਾ ਆ ਗਿਆ। ਮੈਂ ਵੀ ਬਚ ਗਈ ਨਹੀਂ ਤਾਂ ਪੁੱਤਰ ਵਿਯੋਗ ਵਿੱਚ ਪਾਗ਼ਲ ਹੋ ਕੇ ਮਰ ਜਾਂਦੀ।" ਉਸ ਸਮੇਂ ਪਠਾਣ ਪੁੱਤਰ ਉੱਚੀ-ਉੱਚੀ ਕਹਿਣ ਲੱਗਾ, "ਪਛਾਣ ਲਿਆ, ਪਛਾਣ ਲਿਆ ਇਨ੍ਹਾਂ ਨੇ ਤਾਂ ਮੈਨੂੰ ਕਰਾਚੀ ਦੇ ਸਟੇਸ਼ਨ ਤੇ ਟਿਕਟ ਲੈ ਕੇ ਦਿੱਤੀ ਸੀ। ਇਨ੍ਹਾਂ ਨੇ ਕਿਹਾ ਤੂੰ ਗੁੱਜਰ ਗੜ੍ਹੀ ਜਾਣਾ ਹੈ। ਮੈਂ ਕਿਹਾ ਹਾਂ ਪਰ ਮੇਰੇ ਕੋਲ ਪੈਸੇ ਨਹੀਂ ਹਨ। ਇਨ੍ਹਾਂ ਕਿਹਾ ਤੂੰ ਚਿੰਤਾ ਨਾ ਕਰ। ਮੈਨੂੰ ਪੈਸੇ ਦੇ ਕੇ ਟਿਕਟ ਲੈ ਦਿੱਤਾ। ਪਰ ਇਹ ਮੈਥੋਂ ਪਹਿਲਾਂ ਕਿਵੇਂ ਆ ਗਏ, ਨਾ ਹੀ ਗੱਡੀ ਵਿੱਚ ਮਿਲੇ ਨਾ ਹੀ ਕਿਤੇ ਸਟੇਸ਼ਨ ਤੇ ਇਕੱਠੇ ਹੋਏ।" ਉਸ ਸਮੇਂ ਭਗਤ ਸੁੱਖਾ ਨੰਦ, ਰਾਗੀ ਲਾਲ ਸਿੰਘ ਤੇ ਹੋਰ ਬੇਅੰਤ ਸੰਗਤ ਨਾਲ ਆ ਰਹੀ ਸੀ। ਜਦ ਉਸ ਬੱਚੇ ਨੇ ਇਸ ਤਰ੍ਹਾਂ ਦੇ ਬਚਨ ਕਹੇ ਤਾਂ ਸੰਤਾਂ ਨੇ ਕਿਹਾ, "ਇਸ ਨੂੰ ਘਰ ਲੈ ਜਾਉ। ਇਸ ਨੇ ਕੋਈ ਹੋਰ ਫ਼ਕੀਰ ਦੇਖਿਆ ਹੋਸੀ? ਅਨੇਕਾਂ ਦੀਆਂ ਸ਼ਕਲਾਂ ਇੱਕ ਦੂਜੇ ਨਾਲ ਮਿਲ ਜਾਂਦੀਆਂ ਹਨ।" ਬੱਚੇ ਨੇ ਕਿਹਾ, "ਮੈਂ ਪਛਾਣਦਾ ਹਾਂ ਤੁਸੀਂ ਹੀ ਸੀ।" ਸਾਰੀ ਸੰਗਤ ਤੇ ਬੱਚੇ ਦੀ ਮਾਂ ਤਾਂ ਇਸ ਗੱਲ ਨੂੰ ਜਾਣਦੇ ਸਨ ਕਿ ਵੱਡੇ ਸਾਹਿਬਾਂ ਵਾਂਗੂੰ ਇਨ੍ਹਾਂ ਦਾ ਹੀ ਕੋਈ ਕੌਤਕ ਹੈ। ਪਰ ਸੰਤਾਂ ਦਾ ਬਚਨ ਮੰਨਕੇ ਉਹ ਬੱਚੇ ਨੂੰ ਘਰ ਲੈ ਆਈ। ਸੰਤਾਂ ਨੇ ਡੇਰੇ ਆ ਕੇ ਦੀਵਾਨ ਦੀ ਹਾਜ਼ਰੀ ਭਰੀ ਤੇ ਸੰਗਤ ਨੂੰ ਦਰਸ਼ਨ ਦਿੱਤੇ। ਏਧਰੋਂ ਇਹ ਗੱਲ ਸਾਰੇ ਇਲਾਕੇ ਵਿੱਚ ਫੈਲ ਗਈ। ਜਿਸ ਕਰਕੇ ਹੋਰ ਵੀ ਹਿੰਦੂ ਤੇ ਮੁਸਲਮਾਨ ਸ਼ਰਧਾਲੂ ਬਣ ਗਏ।

ਜੋ ਇਛੈ ਸੋਈ ਫਲੁ ਪਾਵੈ ॥
ਸਾਧ ਕੈ ਸੰਗਿ ਨ ਬਿਰਥਾ ਜਾਵੈ ॥

(ਪੰਨਾ ੨੭੨)

# ਤੁਡੇਰ ਪਿੰਡ ਦੇ ਪ੍ਰੇਮੀਆਂ ਨੂੰ ਉਪਦੇਸ਼

ਇੱਕ ਦਿਨ ਤਡੇਰ ਪਿੰਡ ਦੇ ਕੁਝ ਕੁ ਪ੍ਰੇਮੀ ਬਾਬਾ ਜੀ ਦੀ ਹਜ਼ੂਰੀ ਵਿੱਚ ਪੁੱਜੇ। ਪਾਵਨ ਚਰਨਾਂ ਤੇ ਸੀਸ ਰੱਖ ਕੇ ਮੱਥਾ ਟੇਕਿਆ। ਫੇਰ ਅਰਜ਼ ਕੀਤੀ, "ਮਹਾਰਾਜ! ਆਪ ਸਾਡੇ ਤੇ ਕ੍ਰਿਪਾ ਕਰਕੇ ਨਾਮ ਦਾਨ ਬਖ਼ਸ਼ੋ।" ਸੰਤਾਂ ਨੇ ਆਪਣੇ ਕ੍ਰਿਪਾਲੂ ਸੁਭਾਅ ਅਨੁਸਾਰ ਬਖ਼ਸ਼ਿਸ਼ ਕੀਤੀ ਅਤੇ ਨਾਲ ਇਹ ਵੀ ਆਖਿਆ, "ਪ੍ਰੇਮੀਓ! ਡਾਕਟਰ ਦੀ ਖਾਧੀ ਹੋਈ ਦਵਾਈ ਤਾਂ ਹੀ ਅਸਰ ਕਰਦੀ ਹੈ ਜੇ ਉਸ ਦੇ ਨਾਲ ਪੂਰਾ ਪ੍ਰਹੇਜ਼ ਰੱਖਿਆ ਜਾਵੇ। ਜੇ ਬਿਨਾਂ ਪ੍ਰਹੇਜ਼ ਦਵਾਈ ਖਾਧੀ ਜਾਵੇ ਤਾਂ ਰੋਗੀ ਠੀਕ ਨਹੀਂ ਹੁੰਦਾ ਅਤੇ ਅੰਤ ਨੂੰ ਉਹ ਦੋਸ਼ ਡਾਕਟਰ ਨੂੰ ਹੀ ਦਿੰਦਾ ਹੈ। ਇਸੇ ਤਰ੍ਹਾਂ ਨਾਮ ਦਾਰੂ ਹੈ, ਸੰਤ ਜਨ ਡਾਕਟਰ ਹਨ, ਸਾਰੇ ਜੀਵ ਹਉਮੈ ਰੋਗ ਨਾਲ ਮਰੀਜ਼ ਹਨ।

ਹਉਮੈ ਰੋਗੁ ਮਾਨੁਖ ਕਉ ਦੀਨਾ ॥

(ਪੰਨਾ ੧੧੦੪)

ਇਸ ਦੇ ਵਰਤਿਆਂ ਮਨ ਦੀ ਸ਼ੁੱਧੀ ਜ਼ਰੂਰ ਹੁੰਦੀ ਹੈ ਪਰ ਜੇਕਰ ਬੁਰੇ ਕੰਮਾਂ ਤੋਂ ਪ੍ਰਹੇਜ਼ ਕੀਤਾ ਜਾਵੇ। ਸੋ ਤੁਸੀਂ ਵੀ ਮਾਸ, ਸ਼ਰਾਬ ਤੇ ਹੋਰ ਚੋਰੀ ਯਾਰੀ ਆਦਿ ਬੁਰੇ ਕੰਮਾਂ ਦੇ ਨੇੜੇ ਨਹੀਂ ਜਾਣਾ।" ਇਨ੍ਹਾਂ ਵਿੱਚੋਂ ਜੋ ਆਗੂ ਸਨ ਭਾਈ ਗੁਲਾਬ ਸਿੰਘ ਜੀ, ਸੁਖਦਿਆਲ ਮੱਲ ਗੰਗਾ ਰਾਮ, ਭਾਈ ਰਾਮ ਸ਼ਰਨ, ਇਨ੍ਹਾਂ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਅਸੀਂ ਤਾਂ ਸਾਰੇ ਹੀ ਬਾਹਰ ਬੰਗਾਲ ਵਿੱਚ ਰਹਿੰਦੇ ਹਾਂ। ਕਲਕੱਤੇ ਵਿੱਚ ਠੇਕੇਦਾਰੀ ਦਾ ਕੰਮ ਕਰਦੇ ਹਾਂ। ਬੰਗਾਲ ਦਾ ਪਾਣੀ ਚੰਗਾ ਨਹੀਂ। ਖ਼ਾਸ ਕਰਕੇ ਕਲਕੱਤੇ ਦਾ ਬਹੁਤ ਹੀ ਖ਼ਰਾਬ ਹੈ। ਜੇਕਰ ਅਸੀਂ ਮਾਸ ਮੱਛੀ ਨਾ ਖਾਈਏ ਤਾਂ ਸਾਰਿਆਂ ਦਾ ਸਰੀਰ ਬਿਮਾਰ ਹੋ ਜਾਵੇਗਾ।" ਸੰਤਾਂ ਨੇ ਕਿਹਾ, "ਇਹੋ ਤਾਂ ਗੱਲ ਹੈ ਕਿ ਮਨੁੱਖ ਦੀ ਬੁੱਧੀ ਭਖ ਅਭਖ ਤੋਂ ਵਿਚਾਰੀ ਜਾਂਦੀ ਹੈ ਕਿ ਇਹਨੇ ਕਿਸੇ ਗੁਰੂ ਪੀਰ ਦਾ ਪੱਲਾ ਫੜਿਆ ਹੈ ਕਿ ਕਿਸੇ ਦਾ ਬਣਿਆ ਹੀ ਨਹੀਂ। ਹੁਣ ਤੁਸੀਂ ਪੂਰੇ ਗੁਰੂ ਨਾਨਕ ਦਾ ਪੱਲਾ ਫੜਿਆ ਹੈ। ਕੋਈ ਚਿੰਤਾ ਨਾ ਕਰੋ। ਨਾਮ ਜਪੋ ਤੁਸੀਂ ਕਦੇ ਵੀ ਬਿਮਾਰ ਨਹੀਂ ਹੋਵੋਗੇ। ਹਾਂ ਪਾਣੀ ਬਦਲ ਵਾਸਤੇ ਇਸ ਤਰ੍ਹਾਂ ਕਰਿਆ ਕਰੋ। ਕਾਲੇ ਛੋਲੇ ਉਬਾਲ ਕੇ ਉਸ ਵਿੱਚ ਘਿਉ ਪਾ ਕੇ ਸਬਜ਼ੀ ਬਣਾਉ ਦੇਖੋ ਫੇਰ ਕੈਸੀ ਬਣਦੀ ਹੈ। ਜੇ ਤੁਹਾਨੂੰ ਮੱਛੀ ਦਾ ਮਾਸ ਭੁੱਲ ਹੀ ਨਾ ਜਾਵੇ। ਉਸ ਦੇ ਰਸ ਦੀ ਇਹ ਰਾਕਸ਼ੀ ਖਾਣੇ ਕੀ ਰੀਸ ਕਰ ਸਕਦੇ ਹਨ? ਜੇਕਰ ਪਾਣੀ ਬਹੁਤ ਹੀ ਅਸਰ ਕਰੇ ਤਾਂ ਪੰਜ ਸੱਤ ਨਿੰਮ ਦੇ ਪੱਤੇ, ਬਾਦਾਮ ਤੇ ਨਿੱਕੀਆਂ ਮਿਰਚਾਂ ਪਾ ਕੇ ਰਗੜੋ, ਉਸ ਦਾ ਜਲ ਛਕੋ, ਸਰੀਰ ਨਿਰੋਗ ਰਹੇਗਾ ਅਤੇ ਅੰਤ ਨੂੰ ਵੀ ਗੁਰੂ ਰਾਖਾ ਹੋਸੀ।" ਸੰਤਾਂ ਦੀ ਪਾਵਨ ਰਸਨਾਂ ਤੋਂ ਇਸ ਪ੍ਰਕਾਰ ਦੇ ਬਚਨ ਸੁਣਕੇ ਇਨ੍ਹਾਂ ਸਭਨਾਂ ਨੇ ਨਮਸਕਾਰ ਕੀਤੀ। ਕੁਝ ਚਿਰ ਤੋਂ ਬਾਅਦ ਕਲਕੱਤੇ ਕੰਮ ਤੇ ਚਲੇ ਗਏ। ਜਿਵੇਂ ਮਹਾਂ ਪੁਰਸ਼ਾਂ ਦੀ ਆਗਿਆ ਸੀ ਇਨ੍ਹਾਂ ਨੇ ਇਵੇਂ ਹੀ ਕੀਤਾ। ਇਨ੍ਹਾਂ ਦਾ ਸਰੀਰ ਅਰੋਗ ਰਿਹਾ। ਇਨ੍ਹਾਂ ਨੂੰ ਦੇਖਕੇ ਹੋਰ ਵੀ ਪੰਜਾਬੀ ਜੋ ਕਲਕੱਤੇ ਵਿੱਚ ਸਨ, ਮਾਸ ਛੱਡ ਬੈਠੇ। ਉਹ ਸਾਰੇ ਸੰਤਾਂ ਦੀ ਸ਼ਰਨ ਵਿੱਚ ਆ ਕੇ ਸੱਚੇ ਮਾਰਗ ਦੇ ਪੰਧਾਊ ਬਣੇ। ਉਪਦੇਸ਼ ਲਿਆ ਤੇ ਗੁਰ ਸ਼ਬਦ ਦੀ ਕਮਾਈ ਕਰਕੇ ਪ੍ਰਲੋਕ ਸੁਹੇਲਾ ਕੀਤਾ।

# ਏਕੁ ਜੋਤਿ ਦੁਇ ਮੂਰਤਿ

ਮਰਦਾਨ ਦੇ ਇਲਾਕੇ 'ਲਹੌਰ' ਪਿੰਡ ਤੇ 'ਜਿਲਸੀ' ਆਦਿ ਪਿੰਡਾਂ ਦੇ ਵਿਚਕਾਰ ਇੱਕ ਪਹਾੜੀ ਤੇ ਬਾਬਾ ਜੀ ਤੋਂ ਵਰੋਸਾਇਆ ਮੁਸਲਮਾਨ ਫ਼ਕੀਰ ਰਹਿੰਦਾ ਸੀ। ਇਨ੍ਹਾਂ ਪਿੰਡਾਂ ਵਿੱਚ ਰਾਗੀ ਲਾਲ ਸਿੰਘ ਗ੍ਰੰਥੀ ਦੀ ਸੇਵਾ ਕਰਿਆ ਕਰਦਾ ਸੀ। ਉਹ ਇੱਕ ਸਮੇਂ ਇਸ ਪਿੰਡ ਵਿੱਚ ਅਨੰਦ ਕਾਰਜ ਕਰਵਾਉਣ ਆਇਆ ਤਾਂ ਗੋਕਲ ਚੰਦ ਤੇ ਹੋਰ ਪ੍ਰੇਮੀਆਂ ਦੇ ਸਮੇਤ ਇਸ ਫ਼ਕੀਰ ਦੇ ਦਰਸ਼ਨਾਂ ਨੂੰ ਗਿਆ। ਜਦੋਂ ਪਹਾੜੀ ਤੇ ਪਹੁੰਚੇ ਤਾਂ ਇੱਕ ਲੰਮੇ ਕੱਦ ਵਾਲਾ ਫ਼ਕੀਰ ਜਿਸਦਾ ਸ਼ਿੰਗਰਫ ਵਰਗਾ ਲਾਲ ਚਿਹਰਾ ਤੇ ਦੁੱਧ ਚਿੱਟਾ ਦਾਹੜਾ ਸੀ। ਸਿਰ ਦੇ ਵਾਲ ਪਿਛੇ ਲਟਕਾਏ ਹੋਏ ਸਨ। ਬੜੇ ਅਨੰਦ ਦੀ ਮਸਤੀ ਵਿੱਚ ਝੂਮ ਰਿਹਾ ਸੀ। ਇਸਨੇ ਸਭਨਾਂ ਦਾ ਆਦਰ ਕੀਤਾ। ਫ਼ਕੀਰ ਨੇ ਸਭ ਨੂੰ ਅਸ਼ੀਰਵਾਦ ਦਿੱਤਾ ਤੇ ਰਾਗੀ ਲਾਲ ਸਿੰਘ ਨੂੰ ਆਖਿਆ ਕਿ ਤੁਸੀਂ ਲਹੌਰ ਰਹਿੰਦੇ ਹੋ? ਮੈਨੂੰ ਭਾਈ ਜਵਾਹਰ ਸਿੰਘ ਨੇ ਦੱਸਿਆ ਸੀ ਕਿ ਕੀਰਤਨ ਕਰਦੇ ਹੋ। ਮੇਰੇ ਵਲੀ ਸਾਈਂ ਸਰਬ ਕਲਾ ਭਰਪੂਰ ਦੀ ਸਾਖੀ ਤੇ ਗੁਰੂ ਨਾਨਕ ਪੀਰ ਦਾ ਕੀਰਤਨ ਸੁਣਾਉ। ਉਸ ਸਮੇਂ ਇੱਕ ਸੇਵਾਦਾਰ ਨੂੰ ਪਿੰਡ ਭੇਜ ਕੇ ਸਾਜ਼ ਮੰਗਵਾਏ ਜਦੋਂ ਵਾਜਾ ਆਇਆ ਤਾਂ ਉਸ ਸਾਈਂ ਲੋਕ ਨੇ ਕਿਹਾ ਕਿ ਇਸ ਸ਼ਬਦ ਦਾ ਕੀਰਤਨ ਸੁਣਾਉ-

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥ (ਪੰਨਾ ੭੪੯)

ਜਦੋਂ ਇਸ ਸ਼ਬਦ ਦਾ ਕੀਰਤਨ ਕੀਤਾ ਤਾਂ ਫ਼ਕੀਰ ਮਸਤੀ ਵਿੱਚ ਝੂਮਦਾ ਹੋਇਆ ਸ਼ਬਦ ਦੇ ਨਾਲ ਬੋਲਣ ਲੱਗ ਪਿਆ। ਹੋਰ ਸੰਗਤ ਵੀ ਸ਼ਬਦ ਦੇ ਨਾਲ ਬੋਲਦੀ ਸੀ। ਜਦੋਂ ਇਸ ਦਾ ਭੋਗ ਪਿਆ ਤਾਂ ਫ਼ਕੀਰ ਨੇ ਕਿਹਾ-

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ (ਪੰਨਾ ੧੩੪੯)

ਏਸ ਸ਼ਬਦ ਦਾ ਕੀਰਤਨ ਸੁਣਾਓ। ਉਸ ਫ਼ਕੀਰ ਨੇ ਇਹ ਸ਼ਬਦ ਵੀ ਸੰਗਤ ਦੇ ਨਾਲ ਮਿਲਕੇ ਪੜ੍ਹਿਆ। ਫਿਰ ਅਰਜ਼ ਕੀਤੀ ਮੇਰੇ ਮੁਰਸ਼ਦ ਬਾਬਾ ਕਰਮ ਸਿੰਘ ਜੀ ਨੇ ਨੌਕਰੀ ਕਰਦਿਆਂ ਹਾੜੰਬਾ ਧਰਤੀ ਤੇ ਬੰਦਗੀ ਕੀਤੀ। ਖ਼ੁਦਾ ਇਨ੍ਹਾਂ ਦੀ ਥਾਂ ਤੇ ਪਹਿਰੇਦਾਰ ਬਣਿਆ। ਉਹ ਹੁਣ ਵੀ ਮੌਜੂਦ ਹਨ, ਅਮਰ ਜੋਤ ਹਨ ਕਿਉਂਕਿ ਖ਼ੁਦਾ ਨਾਲ ਮਿਲੇ ਹਨ। ਖ਼ੁਦਾ ਦੀਦ ਦੇ ਤਾਂ ਚਾਹਵਾਨ ਵੀ ਹਮੇਸ਼ਾਂ ਜਿਉਂਦੇ ਹਨ 'ਤਾਲਵੇ ਮੌਲਾ ਹਮੇਸ਼ਾ ਜ਼ਿੰਦਾ ਅਸਤ' ਜਿਵੇਂ ਆਕਾਸ਼ ਦੇ ਬੱਦਲ ਜਨਮ ਮਰਨ ਵਿੱਚ ਨਹੀਂ ਆਉਂਦੇ। ਵਰਖਾਂ ਦੇ ਜਲ ਦਾ ਦਾਨ ਦੇ ਕੇ ਸਮੁੰਦਰ ਵਿੱਚ ਸਮਾ ਜਾਂਦੇ ਹਨ। ਇਸੇ ਤਰ੍ਹਾਂ ਬਾਬਾ ਕਰਮ ਸਿੰਘ ਜੀ ਵਲੀ ਪੀਰ ਪਰਉਪਕਾਰੀ ਆਏ ਜੋ ਇਸ ਵਕਤ ਦੂਸਰੀ ਜੋਤ ਵਿੱਚ ਦਰਸ਼ਨ ਦੇ ਰਹੇ ਹਨ। ਫੇਰ ਫ਼ਕੀਰ ਸਾਈਂ ਨੇ ਪ੍ਰਸੰਨ ਹੋ ਕੇ ਕਿਹਾ, "ਅੱਲਾ ਪਿਆਰਿਓ! ਤੁਸਾਂ ਅੱਜ ਮੁਰਸ਼ਦ ਦੇ ਪ੍ਰਤੱਖ ਦਰਸ਼ਨ ਕਰਵਾ ਦਿੱਤੇ, ਧੰਨ ਹੋ ਤੁਸੀਂ।" ਫਿਰ ਉਸ ਨੇ ਆਪਣੀ ਵਾਰਤਾ ਸੁਣਾਈ ਕਿ ਮੇਰਾ ਜਨਮ ਪਿਸ਼ੌਰ ਤੋਂ ਪਰੇ ਦਾ ਹੈ। ਮੈਂ ਇਨ੍ਹਾਂ ਦਾ ਹੋਤੀ ਮਰਦਾਨ 'ਕਲਪਾਣੀ' ਦੇ ਕੰਢੇ ਦੀਦਾਰ ਕੀਤਾ ਹੈ। ਉਸ ਸਮੇਂ ਪੀਰ ਜੀ ਨਿਵੇਕਲੀ ਜਗ੍ਹਾ ਬੈਠੇ ਸਨ। ਮੈਂ ਗੋਡਿਆਂ ਨੂੰ ਹੱਥ ਲਾ ਕੇ ਪਾਸ ਬੈਠ ਗਿਆ ਤਾਂ ਮੁਰਸ਼ਦ ਨੇ ਪੁੱਛਿਆ ਕੀ ਨਾਮ ਹੈ। ਮੈਂ ਅਰਜ਼ ਕੀਤੀ ਜਾਤ ਤਾਂ ਪਠਾਣ ਹੈ, ਦੇਹ ਦਾ ਨਾਮ ਅਯੂਬ ਖਾਂਨ ਕਹਿੰਦੇ ਹਨ। ਹੇ ਅੱਲ੍ਹਾ ਦੇ ਨੂਰ ਮਿੱਟੀ ਦਾ ਕੀ ਨਾਮ ਹੋਣਾ ਹੈ? ਸੰਤਾਂ ਨੇ ਬਚਨ ਕੀਤਾ। ਕੁਝ ਚਾਹੀਦਾ ਹੈ? ਤਾਂ ਮੈਂ ਝੋਲੀ ਅੱਡ ਕੇ ਗੋਡਿਆਂ ਭਾਰ ਹੋ ਬੈਠਾ। ਉਨ੍ਹਾਂ ਬਖ਼ਸ਼ਿਸ਼ ਕੀਤੀ ਤੇ ਪੂਰਨ ਮੁਰਸ਼ਦ ਨੇ ਹੁਕਮ ਕੀਤਾ, ਅਸਲੀ ਚੀਜ਼ ਝੋਲੀ ਵਿੱਚ ਪਾ ਦਿੱਤੀ ਹੈ। ਇਹ ਚੀਜ਼ ਹੈ ਖ਼ੁਦਾ ਦਾ ਨਾਮ। ਸੰਭਾਲ ਕੇ ਰਖੋ ਅਤੇ ਇਕਾਂਤ ਜਗ੍ਹਾਂ ਬੈਠ ਕੇ ਕਮਾਈ ਕਰੋ। ਉਨ੍ਹਾਂ ਦਾ ਹੁਕਮ ਮੰਨਕੇ ਇਸ ਪਹਾੜ ਤੇ ਰਹਿੰਦਾ ਹਾਂ। ਅੰਦਰ ਮੁਰਸ਼ਦ ਦਾ ਧਿਆਨ ਵਸਾ ਕੇ ਨਾਮ ਦੀ ਕਮਾਈ ਕਰ ਰਿਹਾ ਹਾਂ। ਜਦੋਂ ਅੰਤ ਸਮੇਂ ਪੀਰ ਜੀ ਸੈਦੂ ਆਏ ਪੱਥਰ ਨਾਲ ਪਿੱਠ ਜੋੜ ਕੇ ਬੈਠੇ ਉਸ ਸਮੇਂ ਮੈਂ ਗਿਆ, ਬੜਾ ਰੁਦਨ ਕੀਤਾ। ਰਾਤ ਦਾ ਵਕਤ ਸੀ ਤੇ ਮੈਂ ਅਰਜ਼ ਕੀਤੀ, ਤੁਸੀਂ ਇਹ ਸਰੀਰ ਛੁਪਾਉਣ ਲੱਗੇ ਹੋ ਮੈਨੂੰ ਦੀਦਾਰ ਕਿਵੇਂ ਹੋਵੇਗਾ? ਤਾਂ ਮੁਰਸ਼ਦ ਨੇ ਸੰਤ ਆਇਆ ਸਿੰਘ ਜੀ ਨੂੰ ਬੁਲਾਇਆ ਤੇ ਕਿਹਾ ਕਰੋ ਦਰਸ਼ਨ। ਜਦੋਂ ਮੈਂ ਨੀਝ ਲਾ ਕੇ ਤੱਕਿਆ ਤਾਂ ਸੱਚ-ਮੁਚ ਉਹੋ ਹੀ ਸਰੂਪ ਦਿੱਸੇ। ਮੈਂ ਭਾਵਨਾ ਨਾਲ ਮੱਥਾ ਟੇਕਿਆ। ਉਸ ਸਮੇਂ ਉਸ ਫ਼ਕੀਰ ਦੀ ੧੦੪ ਸਾਲਾਂ ਦੀ ਉਮਰ ਸੀ। ਫਿਰ ਇਸ ਦੇ ਮੁਰੀਦ ਬੱਕਰੀਆਂ ਦਾ ਦੁੱਧ ਲਿਆਏ। ਮਿੱਠਾ ਪਾ ਕੇ ਸਭਨਾਂ ਨੂੰ ਛਕਾਇਆ। ਮਿਠਾਈ ਦਿੱਤੀ ਤੇ ਭਾਵਨਾ ਨਾਲ ਕਾਫ਼ੀ ਦੂਰ ਤੱਕ ਵਿਦਾਅ ਕਰਨ ਆਏ।

"ਉਪਦੇਸੁ ਚਹੁ ਵਰਨਾ ਕਉ ਸਾਝਾ"

## ਸੰਤ ਸਿੰਘ ਪੰਡਿਤ ਉੱਤੇ ਬਖ਼ਸ਼ਿਸ਼

ਸੰਤ ਜੀ ਮਹਾਰਾਜ ਆਪਣੀ ਮੌਜ ਵਿੱਚ ਕਦੇ ਪਾਲਕੀ ਤੇ ਅਸਵਾਰ ਹੁੰਦੇ ਕਦੇ ਘੋੜੀ ਤੇ ਚੜ੍ਹਕੇ ਸੈਰ ਨੂੰ ਜਾਂਦੇ ਕਦੇ ਪੈਦਲ ਹੀ ਬਚਨ ਕਰਦੇ ਗੁਫਾ ਵੱਲ ਚੱਲ ਪੈਂਦੇ। ਸਵੇਰੇ ੫ ਵਜੇ ਡੇਰੇ ਆਉਂਦੇ ਤੇ ਵਾਪਸ ਦਸ ਵਜੇ ਗੁਫਾ ਵੱਲ ਚਲੇ ਜਾਂਦੇ। ਸਾਰਾ ਦਿਨ ਤੇ ਰਾਤ ਦਾ ਸਮਾਂ ਬਾਹਰ ਹੀ ਬਤੀਤ ਕਰਦੇ। ਇੱਕ ਦਿਨ ਜਦੋਂ ਡੇਰੇ ਦੀਵਾਨ ਦੀ ਸਮਾਪਤੀ ਹੋਈ ਤਾਂ ਆਪ ਘੋੜੀ ਤੇ ਅਸਵਾਰ ਹੋ ਕੇ ਬਾਹਰ ਗੁਫਾ ਵੱਲ ਨੂੰ ਚਲੇ ਗਏ। ਘੋੜੀ ਤੇ ਚੜ੍ਹਨ ਲਗਿਆਂ ਇਹ ਤੁੱਕ ਪੜ੍ਹੀ 'ਅੰਤਰਿ ਸੁੰਨੰ' ਫਿਰ ਨਾਲ ਦੇ ਪ੍ਰੇਮੀਆਂ ਨਾਲ ਬਚਨ ਕਰਦੇ ਗਏ। ਛੱਪਰੀਆਂ ਦੇ ਪਾਸ ਅੱਗੇ ਜਾ ਕੇ ਬੈਠ ਗਏ। ਉੱਥੇ ਫਿਰ ਕਿਹਾ, 'ਬਾਹਰਿ ਸੁੰਨੰ' ਫੇਰ ਚੱਲ ਪਏ ਤੇ ਛੱਪਰੀਆਂ ਦੇ ਪਾਸ ਜਾ ਕੇ ਇੱਕ ਉੱਚਾ ਟਿੱਬਾ ਸੀ। ਘੋੜੀ ਤੋਂ ਉੱਤਰ ਕੇ ਏਥੇ ਕੁਝ ਸਮਾਂ ਬੈਠ ਗਏ। ਉੱਥੇ ਫੇਰ ਕਿਹਾ 'ਤ੍ਰਿਭਵਣ ਸੁੰਨ ਮਸੁੰਨੰ' ਫਿਰ ਨਾਲ ਦੀ ਸੰਗਤ ਨਾਲ ਹੋਰ ਬਚਨ ਕਰਨ ਲੱਗ ਪਏ। ਉਸ ਦਿਨ ਕਾਂਸ਼ੀ ਤੋਂ ਆਇਆ ਇੱਕ ਸਫ਼ੈਦ ਵਸਤਰਾਂ ਵਾਲਾ ਨਿਰਮਲਾ ਸਾਧੂ ਵੀ ਨਾਲ ਸੀ, ਜੋ ਬੜਾ ਵਿਦਵਾਨ ਸੀ। ਉਸ ਨੇ ਵੀ ਇਹ ਤੁਕਾਂ ਸੁਣੀਆਂ। ਇਸ ਥਾਂ ਤੇ ਘੋੜੀ ਸੇਵਾਦਾਰ ਨੂੰ ਫੜਾਕੇ ਆਪ ਪੈਦਲ ਹੀ ਗੁਫਾ ਵੱਲ ਤੁਰ ਪਏ। ਗੁਫਾ ਤੋਂ ਬਾਹਰ ਜਦੋਂ ਥੜ੍ਹੇ ਦੇ ਕੋਲ ਆਏ ਉਸ ਸਮੇਂ ਸੇਵਾਦਾਰ ਨੇ ਥੜ੍ਹੇ ਤੇ ਆਸਣ ਵਿਛਾ ਦਿੱਤਾ ਤੇ ਆਪ ਸਜ ਗਏ ਫਿਰ ਇਹ ਤੁਕਾਂ ਪੜ੍ਹੀਆਂ:

ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥

(ਪੰਨਾ ੯੪੩)

ਹੁਣ ਅੱਗੇ ਹੋ ਕੇ ਇਸ ਕਾਂਸ਼ੀ ਤੋਂ ਆਏ ਸੰਤਾਂ ਨੇ ਮੱਥਾ ਟੇਕਿਆ ਤੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਅੰਤਰਯਾਮੀ ਹੋ ਆਪ ਨੇ ਮੇਰੇ ਦਿਲ ਦੀ ਜਾਣ ਲਈ ਕਿ ਮੈਂ ਏਥੇ ਇਸ ਤੁੱਕ ਦੇ ਅਰਥ ਪੁੱਛਣ ਲਈ ਆਇਆ ਹਾਂ। ਬਹੁਤ ਜਗ੍ਹਾ ਭਾਉਂਦਾ ਆ ਰਿਹਾ ਹਾਂ। ਪਰ ਕਿਸੇ ਵੀ ਜਗਾ ਮੇਰੀ ਤਸੱਲੀ ਨਾ ਹੋਈ। ਹੁਣ ਤਾਂ, 'ਅਨਬੋਲਤ ਮੇਰੀ ਬਿਰਥਾ ਜਾਨੀ' ਦੀਨ ਦਿਆਲ ਜੀ ਪ੍ਰਤੱਖ ਦਰਸ਼ਨ ਕਰਵਾਉ।" ਬਾਬਾ ਜੀ ਕਹਿਣ ਲੱਗੇ, "ਚੰਗਾ ਇਹ ਸ਼ਬਦ ਪੜ੍ਹ ਕੇ ਗੁਰੂ ਨਾਨਕ ਦੇ ਚਰਨਾਂ ਦਾ ਧਿਆਨ ਕਰੋ ਤੇ ਅੱਧਾ ਘੰਟਾ ਮਨ ਟਿਕਾ ਕੇ ਬਿਰਤੀ ਇਕਾਗਰ ਕਰਕੇ ਬੈਠੋ। ਤੁਹਾਡੇ ਮਨ ਦੀ ਆਸਾ ਪੂਰਨ ਹੋਵੇਗੀ।"

ਜਦੋਂ ਬਾਬਾ ਜੀ ਦੀ ਰਸਨਾਂ ਤੋਂ ਇਸ ਪ੍ਰਕਾਰ ਦੇ ਬਚਨ ਸੁਣੇ ਤਾਂ ਕਾਂਸ਼ੀ ਵਾਲੇ ਸੰਤ ਨੇ ਉਵੇਂ ਹੀ ਕੀਤਾ। ਸੁੰਨ ਸਮਾਧ ਵਿੱਚ ਜੁੜ ਗਿਆ।

ਸੁੰਨ ਸਮਾਧਿ ਅਨਹਤ ਤਹ ਨਾਦ ॥
ਕਹਨੁ ਨ ਜਾਈ ਅਚਰਜ ਬਿਸਮਾਦ ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥
ਨਾਨਕ ਤਿਸੁ ਜਨ ਸੋਝੀ ਪਾਏ ॥੧॥

(ਪੰਨਾ ੨੯੩)

ਜਦੋਂ ਕਾਂਸ਼ੀ ਦੇ ਨਿਰਮਲੇ ਪੰਡਿਤ ਨੇ ਅੰਤਰ ਆਤਮੇ ਅਫੁਰ ਸਮਾਧੀ ਦਾ ਅਨੰਦ ਮਾਣਿਆ ਬਸ:

ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥

(ਪੰਨਾ ੩੩੪)

ਅਥਵਾ: ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥

(ਪੰਨਾ ੬੫੭)

ਕੁਝ ਸਮੇਂ ਤੋਂ ਬਾਅਦ ਸੰਤਾਂ ਨੇ ਉਸ ਨੂੰ ਸਮਾਧੀ ਤੋਂ ਜਗਾਇਆ ਤਾਂ ਮਸਤੀ ਵਿੱਚ ਆ ਕੇ ਬੋਲ ਉਠਿਆ–

ਸੋ ਅੰਤਰਿ ਸੋ ਬਾਹਰਿ ਅਨੰਤ ॥
ਘਟਿ ਘਟਿ ਬਿਆਪਿ ਰਹਿਆ ਭਗਵੰਤ ॥

(ਪੰਨਾ ੨੯੩)

ਸੰਤਾਂ ਦੇ ਚਰਨ ਪਰਸੇ ਮੱਥੇ ਧੂੜ ਲਾਈ, ਇਸ ਅਵਸਥਾ ਦੀ ਫਿਰ ਖ਼ੁਮਾਰੀ ਚੜ੍ਹ ਗਈ:

"ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ ॥"
ਚਿਹਰੇ ਦਾ ਰੰਗ ਲਾਲ ਹੋ ਗਿਆ, ਕੋਈ ਅਗੰਮੀ ਨਸ਼ਾ ਚੜ੍ਹ ਆਇਆ:
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥

(ਪੰਨਾ ੩੯੯)

ਝੂਮ ਝੂਮ ਕੇ ਪੜ੍ਹਦਾ ਹੈ-

ਸਫਲ ਸਫਲ ਭਈ ਸਫਲ ਜਾਤ੍ਰਾ ॥
ਆਵਣ ਜਾਣ ਰਹੇ ਮਿਲੇ ਸਾਧਾ ॥੧॥

(ਪੰਨਾ ੬੮੭)

ਇਸ ਭਾਵ ਤੇ ਪੰਡਿਤ ਨੇ ਬਹੁਤ ਸਾਰੇ ਹੋਰ ਵੀ ਸ਼ਬਦ ਪੜ੍ਹੇ। ਕਈ ਦਿਨ ਡੇਰੇ ਰਹਿਕੇ ਰੋਜ਼ ਹੀ ਹਜ਼ੂਰ ਦੀ ਸੰਗਤ ਦਾ ਰਸ ਮਾਣਦਾ ਰਿਹਾ। ਫਿਰ ਆਗਿਆ ਪਾ ਕੇ ਕਾਂਸ਼ੀ ਨੂੰ ਵਿਦਾਅ ਹੋਇਆ। ਉੱਥੇ ਜਾ ਕੇ ਹੋਰ ਵੀ ਸਾਧੂਆਂ ਨੂੰ ਬਚਨ ਸੁਣਾਏ ਜਿਨ੍ਹਾਂ ਨੂੰ ਸੁਣਕੇ ਉਹ ਵੀ ਡੇਰੇ ਆਏ, ਤੇ ਬਾਬਾ ਜੀ ਨੇ ਉਨ੍ਹਾਂ ਤੇ ਵੀ ਕ੍ਰਿਪਾ ਕੀਤੀ।

## ਸੈਦੂ ਸਾਹਿਬ ਗੁਰਦੁਆਰੇ ਦਾ ਮਹੂਰਤ

ਇਉਂ ਬਾਬਾ ਜੀ ਨਿਤਾਪ੍ਰਤੀ ਸੰਗਤਾਂ ਨੂੰ ਦਰਸ਼ਨ ਤੇ ਉਪਦੇਸ਼ ਦੁਆਰਾ ਨਿਹਾਲ ਕਰ ਰਹੇ ਸਨ। ਓਧਰੋਂ ਸੈਦੂ ਦਾ ਡੇਰਾ ਵੀ ਤਿਆਰ ਹੋ ਗਿਆ ਤੇ ਦੂਜੇ ਸਾਲ ਮਾਘ ਸੁਦੀ ਨੌਵੀ ਦਾ ਮੇਲਾ ਵੀ ਆ ਗਿਆ। ਸੈਦੂ ਦੀ ਸੰਗਤ ਨੇ ਬਾਬਾ ਜੀ ਪਾਸ ਆ ਕੇ ਅਰਜ਼ ਕੀਤੀ, "ਬਾਬਾ ਜੀ! ਹੁਣ ਨੌਮੀ ਦਾ ਸਲਾਨਾ ਜੋੜ ਮੇਲਾ ਵੀ ਆ ਗਿਆ। ਗੁਰਦੁਆਰਾ ਤਿਆਰ ਹੈ ਆਪ ਚੱਲ ਕੇ ਚਰਨ ਪਾਓ।" ਆਪ ਤਿਆਰੀ ਕਰਕੇ ਸਾਧੂਆਂ ਸਮੇਤ ਸੈਦੂ ਪੁੱਜੇ। ਆਪ ਨੂੰ ਬੈਂਡ ਵਾਜਿਆਂ ਨਾਲ ਜਲੂਸ ਦੀ ਸ਼ਕਲ ਵਿੱਚ ਸਤਕਾਰ ਨਾਲ ਗੁਰਦੁਆਰੇ ਲਿਆਂਦਾ ਗਿਆ। ਪਾਲਕੀ ਵਿੱਚੋਂ ਉੱਤਰੇ। ਸਤਿਗੁਰਾਂ ਨੂੰ ਨਮਸਕਾਰ ਕੀਤੀ। ਦਰਸ਼ਨੀ ਭੇਟਾ ਅਰਪੀ ਕੁਝ ਸਮਾਂ ਹਜ਼ੂਰੀ ਵਿੱਚ ਬੈਠ ਕੇ ਰਹਾਇਸ਼ੀ ਜਗ੍ਹਾ ਤੇ ਚਲੇ ਗਏ।

ਮਾਘ ਸੁਦੀ ਨੌਮੀ ਵਾਲੇ ਦਿਨ ਸਵੇਰੇ ਅਖੰਡ ਪਾਠ ਦਾ ਭੋਗ ਪਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਸੁੰਦਰ ਪੌਸ਼ਾਕਾ ਭਾਵ ਰੇਸ਼ਮੀ ਰੁਮਾਲਾ ਪਾ ਕੇ ਭੇਟਾ ਅਰਪੀ। ਆਰਤੀ ਸ਼ਬਦ ਕੀਰਤਨ ਤੇ ਮਹੂਰਤ ਦੀ ਅਰਦਾਸ ਕੀਤੀ ਗਈ। ਉਪਰੰਤ ਦੇਗ ਵਰਤੀ। ੧੨ ਵਜੇ ਗੁਰੂ ਕਾ ਲੰਗਰ ਅਰੰਭ ਕਰ ਦਿੱਤਾ। ਫਿਰ ਸਕੂਲ ਵਿੱਚ ਦੀਵਾਨ ਸਜਿਆ। ਸ਼ਾਮ ਦੇ ਚਾਰ ਵਜੇ ਭੋਗ ਪਿਆ ਸੰਤ ਤਾਂ ਉਸ ਸਮੇਂ ਲੁੰਢੇ ਦਰਿਆ ਵੱਲ ਚਲੇ ਗਏ। ਜਿਥੋਂ ਰਾਤੀਂ ਵਾਪਸ ਆ ਕੇ ਸੰਤ ਮੰਡਲੀ ਸਮੇਤ ਪ੍ਰਸ਼ਾਦਿ ਛਕਿਆ ਤੇ ਬਿਰਾਜ ਗਏ। ਸੰਗਤਾਂ ਦੇ ਪਿਛਲੇ ਪਿਆਰ ਨੂੰ ਤੱਕ ਕੇ ਅਗਲੇ ਦਿਨ ਸੈਦੂ ਦੀ ਸੰਗਤ ਤੋਂ ਵਿਦਾ ਹੋ ਕੇ ਡੇਰੇ ਨਿਵਾਸੀ ਸਾਧੂਆਂ ਸਮੇਤ ਹੋਤੀ ਵਾਪਸ ਆਉਣ ਦੀ ਤਿਆਰੀ ਕੀਤੀ। ਸੰਗਤਾਂ ਨੇ ਸਜਲ ਨੇਤਰੀਂ ਬੇਅੰਤ ਭੇਟਾ ਰੱਖ ਕੇ ਨਮਸਕਾਰਾਂ ਕੀਤੀਆਂ। ਉਸ ਸਮੇਂ ਸੈਦੂ ਗੁਰਦੁਆਰੇ ਦਾ ਪ੍ਰਬੰਧ ਸੰਗਤ ਨੂੰ ਸੌਂਪ ਆਏ ਤੇ ਬੜੇ ਵਰ ਦਿੱਤੇ। ਹਰ ਐਤਵਾਰ ਪ੍ਰੇਮੀ ਦੂਰੋਂ-ਦੂਰੋਂ ਆਉਂਦੇ ਤੇ ਦੀਵਾਨ ਸਜਦਾ। ਆਉਣ ਸਮੇਂ ਦੇਖ ਭਾਲ ਦੀ ਡਿਊਟੀ ਰਾਗੀ ਲਾਲ ਸਿੰਘ ਦੀ ਲਾ ਆਏ ਅਤੇ ਆਪ ਹੋਤੀ ਡੇਰੇ ਪੁੱਜ ਗਏ।

# ਭਵਿੱਖਤ ਵਾਕ

ਰਾਗੀ ਲਾਲ ਸਿੰਘ ਤੇ ਉਨ੍ਹਾਂ ਦੇ ਪਿਤਾ ਕਾਫ਼ੀ ਸਮੇਂ ਤੋਂ ਤੁਡੇਰ ਨਗਰ ਗ੍ਰੰਥੀ ਦੀ ਡਿਊਟੀ ਤੇ ਗੁਰਦੁਆਰੇ ਦੀ ਸੇਵਾ ਕਰ ਰਹੇ ਸਨ। ਚੰਗੇ ਪਿਆਰ ਨਾਲ ਵੀਹ ਪੰਝੀ ਸਾਲ ਲੰਘ ਗਏ। ਪਿਤਾ ਚੜ੍ਹਾਈ ਕਰ ਗਿਆ ਇਹ ਉਸੇ ਤਰ੍ਹਾਂ ਹੀ ਸੇਵਾ ਕਰਦੇ ਰਹੇ। ਪਿੰਡ ਦੀਆਂ ਦੋ ਪਾਰਟੀਆਂ ਹੋ ਗਈਆਂ ਜਿਨ੍ਹਾਂ ਵਿੱਚੋਂ ਕੁਝ ਮਨਮੱਤ ਕਰਨ ਲੱਗੇ। ਰਾਗੀ ਲਾਲ ਸਿੰਘ ਦਾ ਮਨ ਉਦਾਸ ਹੋ ਗਿਆ। ਹੋਤੀ ਡੇਰੇ ਆ ਕੇ ਸੰਤਾਂ ਪਾਸ ਅਰਜ਼ ਕੀਤੀ, "ਦਾਤਾ! ਕੀ ਹੁਕਮ ਹੈ ਸੇਵਾ ਛੱਡ ਦੇਵਾਂ। ਪਿੰਡ ਦੀਆਂ ਦੋ ਪਾਰਟੀਆਂ ਹੋ ਗਈਆਂ ਹਨ ਇੱਕ ਪਾਸੇ ਵਾਲਿਆਂ ਨਾਲ ਬੋਲਦਾ ਹਾਂ ਤਾਂ ਦੂਜੇ ਨਾਰਾਜ਼ ਹੋ ਜਾਂਦੇ ਹਨ। ਇਹ ਲੋਕ ਸਾਂਝੇ ਆਦਮੀ ਵਿੱਚੋਂ ਦੀ ਆਪਣਾ ਵੈਰ ਕਢਦੇ ਹਨ।" ਸੰਤਾਂ ਨੇ ਕਿਹਾ, "ਅਜੇ ਠਹਿਰੋ ਕਾਫ਼ੀ ਸਮੇਂ ਤੋਂ ਸੇਵਾ ਕਰ ਰਹੇ ਹੋ। ਬੜੀ ਇੱਜ਼ਤ ਹੈ ਅਤੇ ਬਾਲ ਬੱਚੇ ਦਾ ਗੁਜ਼ਾਰਾ ਬਣਿਆ ਹੋਇਆ ਹੈ।" ਇਸ ਨੇ ਕਿਹਾ, "ਹਜ਼ੂਰ! ਹੁਣ ਤਾਂ ਸਿਰਫ ਆਗਿਆ ਲੈਣ ਹੀ ਆਇਆ ਹਾਂ ਰਹਿਣ ਨੂੰ ਮਨ ਨਹੀਂ ਕਰਦਾ।" ਸੰਤਾਂ ਨੇ ਕਿਹਾ, "ਚੰਗਾ ਪੰਦਰਾਂ ਦਿਨ ਹੋਰ ਠਹਿਰੋ ਜੇ ਨਾ ਠੀਕ ਹੋਏ ਤਾਂ ਆ ਕੇ ਦੱਸਣਾ, ਕਿਵੇਂ ਵਰਤਦੇ ਹਨ? ਇਸ ਗੱਲ ਦਾ ਅਸੀਂ ਫੇਰ ਉੱਤਰ ਦੇਵਾਂਗੇ।" ਸੰਤਾਂ ਨੂੰ ਮੱਥਾ ਟੇਕਿਆ ਆਗਿਆ ਪਾ ਕੇ ਤੁਡੇਰ ਨਗਰ ਚਲੇ ਗਏ। ਪੰਦਰਾਂ ਦਿਨ ਹੋਰ ਠਹਿਰੇ ਪਰ ਫ਼ਰਕ ਕੋਈ ਵੀ ਨਾ ਪਿਆ ਪਾਰਟੀ ਬਾਜੀ ਵਧਦੀ ਹੀ ਗਈ। ਸੰਤਾਂ ਪਾਸ ਫਿਰ ਅਰਜ਼ ਕੀਤੀ, "ਮਹਾਰਾਜ! ਹੁਣ ਕੀ ਹੁਕਮ ਹੈ? ਦੋਵੇਂ ਪਾਰਟੀਆਂ ਜ਼ਬਰਦਸਤ ਹੋ ਗਈਆਂ ਹਨ। ਮਨ ਬੜਾ ਉਦਾਸ ਹੈ।"

ਸੰਤਾਂ ਨੇ ਕਿਹਾ, "ਜੇ ਮਨ ਨਹੀਂ ਮੰਨਦਾ ਤਾਂ ਸਾਰਾ ਸਾਮਾਨ ਸੰਗਤ ਨੂੰ ਸੰਭਾਲ ਕੇ ਮਾਣ ਇੱਜ਼ਤ ਨਾਲ ਛੁੱਟੀ ਲੈ ਆਉਣਾ। ਚੰਗੇ ਰਹੋਗੇ ਵੇਲੇ ਸਿਰ ਨਿਕਲ ਜਾਉਗੇ।" ਸੰਤਾਂ ਦੀ ਆਗਿਆ ਪਾ ਕੇ ਵਾਪਸ ਆ ਗਿਆ। ਪੁੰਨਿਆ ਦਾ ਦਿਨ ਨੇੜੇ ਸੀ। ਉੱਥੇ ਹਰੇਕ ਪੁੰਨਿਆ ਨੂੰ ਚੰਦਾ ਇਕੱਠਾ ਹੋਇਆ ਕਰਦਾ। ਸਾਰੇ ਪ੍ਰੇਮੀ ਪੂਰਨਮਾਸ਼ੀ ਨੂੰ ਵਰਤ ਰੱਖਦੇ ਸਨ। ਸ਼ਾਮੀਂ ਸੰਗਤ ਜੁੜਦੀ। ਪੁੰਨਿਆ ਦੀ ਕਥਾ ਹੁੰਦੀ ਫਿਰ ਕਥਾ ਸੁਣਕੇ ਵਰਤ ਖੋਲ੍ਹਦੇ। ਅੱਜ ਇਸ ਨੇ ਗੁਰਦੁਆਰੇ ਦਾ ਸਾਰਾ ਸਾਮਾਨ ਗਿਣਕੇ ਬਾਹਰ ਮੈਦਾਨ ਵਿੱਚ ਰੱਖ ਦਿੱਤਾ। ਸ਼ਾਮੀਂ ਸੰਗਤ ਆਈ ਮੁਖੀਆਂ ਨੂੰ ਅਰਜ਼ ਕੀਤੀ, "ਸੰਗਤ ਜੀ! ਜਿਤਨਾ ਚਿਰ ਸਤਿਗੁਰਾਂ ਨੇ ਗੁਰ ਅਸਥਾਨ ਦੀ ਸੇਵਾ ਕਰਵਾਈ, ਸੋ ਕੀਤੀ। ਹੁਣ ਮਨ ਉਪਰਾਮ ਹੈ। ਸੰਗਤ ਸਾਮਾਨ ਸੰਭਾਲ ਕੇ ਖ਼ੁਸ਼ੀ ਨਾਲ ਛੁੱਟੀ ਦੇਵੇ। ਚਿਰ ਕਾਲ ਦੇ ਰਹਿਣ ਵਾਲੇ ਹਾਂ। ਹੁਣ ਆਗਿਆ ਲੈਣ ਦੀ ਦਲੀਲ ਹੈ। ਖ਼ੁਸ਼ੀ ਨਾਲ ਬਖ਼ਸ਼ ਦੇਵੋ।" ਅਚਾਨਕ ਹੀ ਇਹ ਬਚਨ ਸੁਣਕੇ ਸਾਰੀ ਸੰਗਤ ਹੈਰਾਨ ਤੇ ਉਦਾਸ ਹੋ ਗਈ। ਪ੍ਰੇਮੀ ਪੁੱਛਣ ਲੱਗੇ ਕਿਉਂ ਕੀ ਗੱਲ ਹੈ? ਜੇ ਕੋਈ ਤਕਲੀਫ਼ ਹੈ ਤਾਂ ਦੱਸੋ, ਦੂਰ ਕਰ ਦੇਈਏ। ਜੇ ਕਿਸੇ ਚੀਜ਼ ਦੀ ਲੋੜ ਹੈ ਤਾਂ ਦੱਸੋ, ਲਿਆ ਦੇਈਏ ਜਾਂ ਕਿਸੇ ਗੱਲੋਂ ਨਾਰਾਜ਼ ਹੋ। ਇਨ੍ਹਾਂ ਨੇ ਕਿਹਾ, "ਨਾ ਕਿਸੇ ਚੀਜ਼ ਦੀ ਲੋੜ ਹੈ ਨਾ ਕਿਸੇ ਨਾਲ ਨਾਰਾਜ਼ਗੀ ਹੈ। ਅਸੀਂ ਤਾਂ ਸੁਤੇ ਹੀ ਆਗਿਆ ਮੰਗ ਰਹੇ ਹਾਂ।" ਬਹੁਤ ਸਾਰਾ ਸਮਾਂ ਸੰਗਤ ਪੁੱਛਦੀ ਰਹੀ ਅਖ਼ੀਰ ਨੂੰ ਸਾਰਿਆ ਨੇ ਉਦਾਸ ਚਿੱਤ ਹੋ ਕੇ ਸਾਮਾਨ ਸੰਭਾਲ ਲਿਆ। ਮਾਇਆ ਵਸਤਰ ਤੇ ਹੋਰ ਚੀਜਾਂ ਦੇ ਕੇ ਬੜੇ ਸਤਿਕਾਰ ਨਾਲ ਵਿਦਾਅ ਕੀਤਾ। ਬਹੁਤ ਸਾਰੇ ਪ੍ਰੇਮੀ ਸਟੇਸ਼ਨ ਤੱਕ ਨਾਲ ਆਏ।

ਏਧਰੋਂ ਰਾਗੀ ਲਾਲ ਸਿੰਘ ਜੀ ਕੈਮਲ ਤੋਂ ਹੁੰਦੇ ਹੋਏ ਆਪਣੇ ਨਗਰ ਅਕੋੜੀ ਆ ਗਏ। ਇਨ੍ਹਾਂ ਦੇ ਆਉਣ ਪਿਛੋਂ ਪਿੰਡ ਵਿੱਚ ਬਹੁਤ ਲੜਾਈ ਹੋਈ ਜਿਸਦਾ ਕਾਰਨ ਸੀ ਕਿ ਇੱਕ ਪਾਰਟੀ ਨੇ ਬ੍ਰਾਹਮਣਾਂ ਨੂੰ ਬੁਲਾਅ ਕੇ ਗੁਰਦੁਆਰੇ ਵਿੱਚ ਹਵਨ ਕਰਾਉਣਾ ਸ਼ੁਰੂ ਕਰ ਦਿੱਤਾ। ਦੂਜੇ ਕਹਿੰਦੇ ਅਸੀਂ ਏਥੇ ਨਹੀਂ ਹੋਣ ਦੇਣਾ। ਉਹ ਕਹਿਣ ਲੱਗੇ ਇਹ ਗੁਰਦੁਆਰਾ ਵੀ ਰੱਬ ਦਾ ਹੀ ਘਰ ਹੈ। ਝਗੜਾ ਵਧ ਗਿਆ ਉਨ੍ਹਾਂ ਨੇ ਰਿਪੋਰਟ ਕਰ ਦਿੱਤੀ। ਗੌਰਮਿੰਟ ਨੇ ਗੁਰਦੁਆਰੇ ਨੂੰ ਜ਼ਿੰਦਾ ਲਗਵਾ ਦਿੱਤਾ। ਫੇਰ ਸਾਰੇ ਕਹਿਣ ਲੱਗੇ ਗ੍ਰੰਥੀ ਬੜਾ ਸਿਆਣਾ ਨਿਕਲਿਆ ਜੋ ਰੌਲੇ ਤੋਂ ਪਹਿਲਾਂ ਹੀ ਚਲਾ ਗਿਆ। ਇਉਂ ਕਾਫ਼ੀ ਸਮਾਂ ਗੁਰਦੁਆਰਾ ਬੰਦ ਰਿਹਾ ਇਤਨੇ ਨੂੰ ਲਾਹੌਰ ਪਿੰਡ ਕਿਸੇ ਦੇ ਘਰ ਅਨੰਦ ਕਾਰਜ ਦਾ ਪ੍ਰੋਗਰਾਮ ਸੀ। ਉਨ੍ਹਾਂ ਨੇ ਰਾਗੀ ਲਾਲ ਸਿੰਘ ਨੂੰ ਬੁਲਾਇਆ ਹੋਇਆ ਸੀ। ਰਸਤਾ ਤੁਡੇਰ ਪਿੰਡ ਵਿੱਚ ਦੀ ਹੀ ਜਾਂਦਾ ਸੀ। ਜਦੋਂ ਟਾਂਗਾ ਇਸ ਪਿੰਡ ਵਿੱਚ ਦੀ ਲੰਘਿਆ ਤਾਂ ਪ੍ਰੇਮੀਆਂ ਤੋਂ ਸਾਰੀ ਗੱਲ ਦਾ ਪਤਾ ਲੱਗ ਗਿਆ ਕਿ ਤੁਹਾਡੇ ਪਿਛੋਂ ਬੜਾ ਰੌਲਾ ਪਿਆ ਤੇ ਹੁਣ ਗੁਰਦੁਆਰੇ ਨੂੰ ਸਰਕਾਰ ਦਾ ਜ਼ਿੰਦਰਾ ਲੱਗਿਆ ਹੈ। ਤੁਸੀਂ ਵਾਪਸ ਮੁੜਦੇ ਪਿੰਡ ਵਾਲਿਆਂ ਦੀ ਏਕਤਾ ਕਰਵਾ ਜਾਓ ਤਾਂ ਕਿ ਗੁਰੂ ਘਰ ਦਾ ਬੂਹਾ ਖੁਲ੍ਹਾ ਰਹੇ। ਤੁਸੀਂ ਚੰਗੇ ਸਮੇਂ ਝਗੜੇ ਤੋਂ ਪਹਿਲਾਂ ਹੀ ਚਲੇ ਗਏ। ਲਾਹੌਰ ਪਿੰਡ ਜਦੋਂ ਅਨੰਦ ਕਾਰਜ ਪੜ੍ਹ ਕੇ ਵਾਪਸ ਆਏ ਤਾਂ ਤੁਡੇਰ ਨਗਰ ਠਹਿਰ ਗਏ। ਪੰਚਾਇਤ ਇਕੱਠੀ ਕੀਤੀ ਦੋਹਾਂ ਧਿਰਾਂ ਦਾ ਫੈਸਲਾ

ਕਰਵਾ ਦਿੱਤਾ ਕਿ ਹਵਨ ਵਾਲਾ ਮੰਦਿਰ ਗੁਰਦੁਆਰੇ ਤੋਂ ਅਲਹਿਦਾ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਗੁਰਦੁਆਰੇ ਤੋਂ ਵੱਖਰਾ ਮੰਦਿਰ ਤਿਆਰ ਕਰ ਲਿਆ। ਰਾਗੀ ਲਾਲ ਸਿੰਘ ਤਾਂ ਵਾਪਸ ਆ ਗਿਆ ਪਰ ਉਨ੍ਹਾਂ ਦਾ ਮੇਲ ਮਿਲਾਪ ਪਹਿਲਾ ਵਾਗੂੰ ਹੀ ਬਣ ਗਿਆ। ਇਹ ਸਾਰੀ ਕ੍ਰਿਪਾ ਬਾਬਾ ਆਇਆ ਸਿੰਘ ਦੀ ਹੀ ਸੀ।

# ਅਰਧ ਕੁੰਭੀ ਦੇ ਮੇਲੇ ਤੇ ਹਰਿਦੁਆਰ ਜਾਣਾ

ਚੰਦਨ ਦੀ ਖ਼ੁਸ਼ਬੂ ਵਾਂਗੂੰ ਹੋਤੀ ਡੇਰੇ ਦੀ ਮਹਿਮਾ ਸਾਰੇ ਹਿੰਦੁਸਤਾਨ ਵਿੱਚ ਫੈਲ ਗਈ। ਬਾਹਰਲੇ ਟਾਪੂਆਂ ਵਾਲੇ ਵੀ ਬਾਬਾ ਕਰਮ ਸਿੰਘ ਜੀ ਦਾ ਜਸ ਕਰਦੇ। ਨਾਮ ਬਾਣੀ ਦਾ ਪ੍ਰਤਾਪ ਤੇ ਬਾਹਰੋਂ ਆਏ ਹਰ ਇੱਕ ਅਤਿੱਥੀ ਅਭਿਆਗਤ, ਸਿੱਖ ਸਾਧੂ ਦੀ ਸੇਵਾ ਅਤੇ ਅੱਠੇ ਪਹਿਰ ਅੰਨ ਦਾ ਅਤੁਟ ਛੇਤਰ, ਨਾਮ ਦਾ ਲੰਗਰ ਚੱਲਣ ਨਾਲ ਬੜੀ ਦੂਰ ਤੱਕ ਮਹਿਮਾ ਹੋਣ ਲੱਗੀ। ਸਾਰੇ ਥਾਵਾਂ ਤੇ ਜੈ-ਜੈਕਾਰ ਹੁੰਦੀ ਸੀ। ਬਿਕ੍ਰਮੀ ਸੰਮਤ ੧੯੬੬ ਦੀ ਅਰਧ ਕੁੰਭੀ ਦੇ ਮੇਲੇ ਨੂੰ ਜਾਣਕੇ, ਇੱਕ ਮਹੀਨਾ ਪਹਿਲਾਂ ਹੀ ਹਰਿਦੁਆਰ ਸਾਰੇ ਸਾਧੂਆਂ ਦਾ ਇਕੱਠ ਹੋਇਆ। ਏਥੇ 'ਨਿਰਮਲ ਵਿਰੱਕਤ ਕੁਟੀਆ ਕਨਖਲ' ਦੇ ਅਧਿਅਕਸ਼ ਪੰਡਿਤ ਈਸ਼ਰ ਸਿੰਘ ਜੀ ਦੌਧਰ ਵਾਲੇ (ਜੋ ਸਾਰੇ ਨਿਰਮਲ ਭੇਖ ਵਿੱਚ ਮੰਨੀ ਪਰਮੰਨੀ ਹਸਤੀ ਸਨ ਜਿੱਥੇ ਆਪ ਤਪ ਤਿਆਗ ਦੀ ਮੂਰਤੀ, ਬੀਤ ਰਾਗ, ਸ਼ਾਂਤ ਚਿੱਤ, ਆਤਮ ਰਸੀਏ ਸਨ। ਉੱਥੇ ਆਪ ਸ਼ਾਸਤਰ ਵਿੱਦਿਆ ਦੇ ਵੀ ਮਹਾਨ ਪੰਡਿਤ ਸਨ) ਜਿਨ੍ਹਾਂ ਨੇ ਬਾਬਾ ਕਰਮ ਸਿੰਘ ਜੀ ਦਾ ਜਸ ਵੀ ਸੁਣਿਆ ਹੋਇਆ ਸੀ ਅਤੇ ਦਰਸ਼ਨ ਵੀ ਕੀਤੇ ਹੋਏ ਸਨ। ਹੁਣ ਉਨ੍ਹਾਂ ਦੀ ਜਗ੍ਹਾ ਤੇ ਬਾਬਾ ਆਇਆ ਸਿੰਘ ਜੀ ਨੂੰ ਬਿਰਾਜਮਾਨ ਸੁਣ ਕੇ ਸਾਰੀ ਸੰਤ ਮੰਡਲੀ ਨਾਲ ਵਿਚਾਰ ਕੀਤੀ ਕਿ ਐਤਕੀਂ ਬਾਬਾ ਆਇਆ ਸਿੰਘ ਜੀ ਨੂੰ ਅਰਜ਼ ਕਰੀਏ ਕਿ ਜੋ ਅਰਧ ਕੁੰਭੀ ਦੇ ਜੋੜ ਮੇਲੇ ਤੇ ਹਰਦੁਆਰ ਦਰਸ਼ਨ ਦੇਣ। ਇਹ ਸੁਣ ਕੇ ਸਾਰੇ ਹੀ ਸਾਧੂ ਪ੍ਰਸੰਨ ਹੋਏ ਕਿ ਇਸ ਤੋਂ ਚੰਗੀ ਹੋਰ ਕਿਹੜੀ ਗੱਲ ਹੋ ਸਕਦੀ ਹੈ।

ਇਉਂ ਸਾਰਿਆਂ ਦੀ ਸਹਿਮਤੀ ਨਾਲ ਸੰਤ ਤਾਰਾ ਸਿੰਘ ਜੀ ਵਿਰੱਕਤ ਅਤੇ ਇੱਕ ਹੋਰ ਸੰਤ, ਦੋ ਸਾਧੂ ਸੰਤ ਮੰਡਲੀ ਵੱਲੋਂ ਪੰਡਿਤ ਈਸ਼ਰ ਸਿੰਘ ਜੀ ਨੇ ਹੋਤੀ ਡੇਰੇ ਵੱਲ ਭੇਜ ਦਿੱਤੇ ਕਿ ਸੰਤਾਂ ਨੂੰ ਕਹਿਣਾ ਕਿ ਮਹਾਰਾਜ ਸਾਰੇ ਸੰਤਾਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਆਪ ਇਸ ਅਰਧ ਕੁੰਭੀ ਦੇ ਸੁਭਾਗ ਸਮੇਂ ਹਰਦੁਆਰ ਦਰਸ਼ਨ ਬਖ਼ਸ਼ੋ। ਇਨ੍ਹਾਂ ਦੋਹਾਂ ਮਹਾਤਮਾ ਨੇ ਹੋਤੀ ਪੁੱਜ ਕੇ ਸੰਤਾਂ ਦੇ ਚਰਨ ਪਰਸੇ, ਸੰਤ ਮੰਡਲੀ ਵੱਲੋਂ ਨਮਸਕਾਰ ਕਰੀ। ਫੇਰ ਹੱਥ ਜੋੜ ਕੇ ਹਰਦੁਆਰ ਦੇ ਸਾਰੇ ਸਾਧੂਆਂ ਵੱਲੋਂ ਪ੍ਰਾਥਨਾਂ ਕੀਤੀ ਕਿ ਗ਼ਰੀਬ ਨਿਵਾਜ! ਆਪ ਜੀ ਦੇ ਚਰਨਾਂ ਵਿੱਚ ਸਭਨਾਂ ਨੇ ਬਿਨੈ ਕਰ ਭੇਜੀ ਹੈ ਕਿ ਆਪ ਕਿਰਪਾ ਕਰਕੇ ਅਰਧ ਕੁੰਭੀ ਦੇ ਸਮੇਂ ਹਰਦੁਆਰ ਚੱਲੋ। ਸੰਤਾਂ ਨੇ ਮੁਸਕਰਾ ਕੇ ਕਿਹਾ ਕਿ ਤੁਹਾਨੂੰ ਇਸ ਗੱਲ ਦਾ ਕੱਲ੍ਹ ਉੱਤਰ ਦੇਵਾਂਗੇ।

ਇਉਂ ਆਪ ਨੇ ਉਨ੍ਹਾਂ ਦੀ ਰਿਹਾਇਸ਼ ਕਰਵਾਈ ਤੇ ਸੇਵਾ ਵਾਸਤੇ ਸੇਵਾਦਾਰਾਂ ਦੀ ਡਿਊਟੀ ਲਗਵਾ ਦਿੱਤੀ। ਆਪ ਜੀ ਨੇ ਸ਼ਾਮ ਨੂੰ ਬਰੇਤੀ ਤੇ ਸਜਿਆਂ ਡੇਰੇ ਦੇ ਸਾਧੂਆਂ ਨਾਲ ਵਿਚਾਰ ਕੀਤੀ ਕਿ ਸਾਨੂੰ ਹਰਿਦੁਆਰ ਤੋਂ ਸੱਦਾ ਆਇਆ ਹੈ। ਤੁਹਾਡਾ ਕੀ ਖ਼ਿਆਲ ਹੈ ਜਾਈਏ ਕਿ ਨਾ ਜਾਈਏ? ਉਸ ਸਮੇਂ ਸਾਰੇ ਸਾਧੂਆਂ ਨੇ ਪ੍ਰਸੰਨ ਹੋ ਕੇ ਅਰਜ਼ ਕੀਤੀ ਕਿ ਮਹਾਰਾਜ! ਫਿਰ ਤਾਂ ਆਪ ਸਾਨੂੰ ਵੀ ਭਗੀਰਥੀ ਗੰਗਾ ਤੇ ਸੰਤ ਸਮਾਗਮ ਦਾ ਦੀਦਾਰ ਕਰਵਾਓ। ਸਾਰਿਆਂ ਦੀ ਸਲਾਹ ਜਾਣਕੇ ਸਵੇਰੇ ਉਨ੍ਹਾਂ ਸਾਧੂਆਂ ਨੂੰ ਪਾਸ ਬੁਲਾ ਕੇ ਉੱਤਰ ਦਿੱਤਾ ਕਿ ਚੰਗਾ ਸੰਤੋਂ ਸਾਧੂਆਂ ਨੂੰ ਨਮਸਕਾਰ ਕਰ ਦੇਣੀ ਅਸੀਂ ਜ਼ਰੂਰ ਉਨ੍ਹਾਂ ਦੇ ਦਰਸ਼ਨ ਕਰਾਂਗੇ। ਧੰਨ ਭਾਗ ਜੋ ਸੰਤਾਂ ਨੇ ਦਾਸ ਨੂੰ ਨਿਵਾਜਨਾ ਹੈ। ਇਉਂ ਨਿੰਮ੍ਰਤਾ ਜਣਾਉਂਦਿਆਂ ਉਨ੍ਹਾਂ ਨੂੰ ਸਿਰੋਪਾਓ ਤੇ ਕਿਰਾਏ ਲਈ ਮਾਇਆ ਦੇ ਕੇ ਵਿਦਾਅ ਕੀਤਾ। ਬਾਅਦ ਵਿੱਚ ਹਰਦੁਆਰ ਜਾਣ ਦੀ ਤਿਆਰੀ ਕਰ ਲਈ। ਜਦੋਂ ਇਸ ਗੱਲ ਦਾ ਇਲਾਕੇ ਦੀ ਸੰਗਤ ਨੂੰ ਪਤਾ ਲੱਗਾ ਕਿ ਸੰਤ ਜੀ ਹਰਿਦੁਆਰ ਜਾ ਰਹੇ ਹਨ ਤਾਂ ਹੋਰ ਵੀ ਸੰਗਤ ਨਾਲ ਤਿਆਰ ਹੋ ਗਈ। ਕਾਫ਼ੀ ਸੰਗਤ ਤੇ ਡੇਰੇ ਦੇ ਸਾਧੂਆਂ ਸਮੇਤ ਆਪ ਮਰਦਾਨ ਸਟੇਸ਼ਨ ਤੋਂ ਗੱਡੀ ਵਿੱਚ ਅਸਵਾਰ ਹੋ ਕੇ ਪੰਜਾਬ ਵੱਲ ਚੱਲ ਪਏ। ਜਿੱਥੇ ਵੀ ਗੱਡੀ ਰੁਕਦੀ ਬਹੁਤ ਸਾਰੀ ਸੰਗਤ ਆਪ ਜੀ ਦਾ ਸਤਿਕਾਰ ਕਰਦੀ ਤੇ ਮਾਇਆ ਭੇਟ ਕਰਦੀ। ਰਸਤੇ ਵਿੱਚ ਹੋਰ ਵੀ ਬੇਅੰਤ ਪ੍ਰੇਮੀ ਨਾਲ ਰਲਦੇ ਗਏ। ਹਰਿਦੁਆਰ ਤੱਕ ਬੇਅੰਤ ਸੰਗਤ ਦਾ ਇਕੱਠ ਹੋ ਗਿਆ।

## ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦਾ ਮਿਲਾਪ

ਜਦੋਂ ਗੱਡੀ ਲੁਧਿਆਣੇ ਸਟੇਸ਼ਨ ਤੋਂ ਚੱਲ ਕੇ ਦੋਰਾਹੇ ਰੁਕੀ ਤਾਂ ਏਥੇ ਸੰਗਤਾਂ ਦਾ ਬਹੁਤ ਸਾਰਾ ਇਕੱਠ ਹੋ ਗਿਆ। ਕਿਉਂਕਿ ਜਿਸ ਸਮੇਂ ਬਾਬਾ ਆਇਆ ਸਿੰਘ ਜੀ ਹੋਤੀ ਤੋਂ ਗੱਡੀ ਬੈਠ ਕੇ ਹਰਦੁਆਰ ਨੂੰ ਜਾ ਰਹੇ ਸਨ ਤਾਂ ਉਸ ਸਮੇਂ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨੂੰ ਵੀ ਪਤਾ ਲੱਗ ਗਿਆ। (ਆਪ ਬਾਬਾ ਕਰਮ ਸਿੰਘ ਜੀ ਤੋਂ ਵਰੋਸਾਏ ਹੋਏ ਨਾਮ ਬਾਣੀ ਦੇ ਰਸੀਏ ਤੇ ਪੂਰਨ ਬ੍ਰਹਮ ਗਿਆਨੀ, ਬੀਤਰਾਗ ਤੇ ਸ਼ਾਤ ਚਿਤ ਦੋਰਾਹਾ ਮੰਡੀ ਦੇ ਪਾਸ ਗੁਰਦੁਆਰਾ ਰੇਰੂ ਸਾਹਿਬ ਦੀ ਸੇਵਾ ਕਰਵਾ ਰਹੇ ਸਨ) ਆਪ ਗੱਡੀ ਆਉਣ ਤੋਂ ਪਹਿਲਾਂ ਹੀ ਇਲਾਕੇ ਦੀ ਸੰਗਤ ਸਮੇਤ ਦੋਰਾਹੇ ਸਟੇਸ਼ਨ ਤੇ ਪੁੱਜ ਗਏ। ਜਦੋਂ ਗੱਡੀ ਰੁਕੀ ਤਾਂ ਮਰਿਯਾਦਾ ਪ੍ਰਸ਼ੋਤਮ ਬਾਬਾ ਜੀ ਨੇ ਸੰਤਾਂ ਨੂੰ ਦਰਸ਼ਨੀ ਭੇਟਾ ਅਰਪ ਕੇ ਨਮਸਕਾਰ ਕੀਤੀ। ਫਿਰ ਸਾਰੀ ਸੰਗਤ ਨੇ ਮਾਇਆ ਅੱਗੇ ਰੱਖ ਕੇ ਮੱਥਾ ਟੇਕਿਆ। ਉਸ ਸਮੇਂ ਬਾਬਾ ਜੀ ਨੇ ਸੰਤਾਂ ਪਾਸ ਅਰਜ਼ ਕੀਤੀ ਕਿ ਆਪ ਕਿਰਪਾ ਕਰੋ ਇਹ ਵੀ ਅਸਥਾਨ ਆਪ ਜੀ ਦਾ ਹੀ ਹੈ, ਜਿਥੋਂ ਦੀ ਪਾਵਨ ਸੇਵਾ ਵੱਡੇ ਸਾਹਿਬਾਂ ਨੇ ਦਾਸ ਨੂੰ ਬਖ਼ਸ਼ੀ ਹੈ। ਹੁਣ ਆਪ ਵੀ ਏਥੇ ਚਰਨ ਪਾਓ। ਸੰਗਤਾਂ ਨੂੰ ਦਰਸ਼ਨ ਦਿਉ ਤੇ ਆਪਣੇ ਸੇਵਕਾਂ ਨੂੰ ਨਿਵਾਜ਼ੋ। ਸੰਤਾਂ ਨੇ ਉੱਤਰ ਦਿਤਾ ਕਿ ਵੱਡੇ ਗੁਰਭਾਈ! ਹੁਣ ਤਾਂ ਅਸੀਂ ਅੱਗੇ ਜਾ ਰਹੇ ਹਾਂ ਕਿਉਂਕਿ ਪ੍ਰੋਗਰਾਮ ਬਣ ਚੁੱਕਿਆ ਹੈ। ਇਸ ਗੱਡੀ ਦੇ ਅੱਗੇ ਹਰਦੁਆਰ ਸਟੇਸ਼ਨ ਤੇ ਸੰਤ ਮੰਡਲੀ ਅਤੇ ਹੋਰ ਭਗਤ ਲੋਕ ਖੜ੍ਹੇ ਹੋਵਣਗੇ। ਤੁਹਾਡਾ ਹੁਕਮ ਮੰਨਕੇ ਵਾਪਸ ਆਉਂਦਿਆਂ ਜ਼ਰੂਰ ਦਰਸ਼ਨ ਕਰਾਂਗੇ। ਉਸ ਸਮੇਂ ਸੰਤ ਅਤਰ ਸਿੰਘ ਜੀ ਨੇ ਸਿਰ ਝੁਕਾਇਆ। ਇਤਨੇ ਨੂੰ ਗੱਡੀ ਚੱਲ ਪਈ। ਬਾਬਾ ਜੀ ਤਾਂ ਸੰਤਾਂ ਦੀ ਆਗਿਆ ਪਾ ਕੇ ਰੇਰੂ ਸਾਹਿਬ ਆ ਗਏ ਅਤੇ ਤਿਆਰੀ ਅਰੰਭ ਦਿੱਤੀ। ਸੰਤ ਬਾਬਾ ਆਇਆ ਸਿੰਘ ਜੀ ਅੱਗੇ ਚੱਲ ਪਏ। ਹਰਿਦੁਆਰ ਸਟੇਸ਼ਨ ਤੇ ਗੱਡੀ ਆਉਣ ਤੋਂ ਪਹਿਲਾਂ ਹੀ ਸਾਧੂ ਸਮਾਜ ਤੇ ਗ੍ਰਹਿਸਥੀ ਸੰਗਤਾਂ ਦੀ ਭੀੜ ਜੁੜੀ ਹੋਈ ਸੀ। ਸੰਤ ਮੰਡਲੀ ਤੇ ਹੋਰ ਸੰਗਤਾਂ ਦਰਸ਼ਨਾਂ ਵਾਸਤੇ ਬੜੀਆਂ ਉਤਾਵਲੀਆਂ ਹੋ ਰਹੀਆਂ ਸਨ। ਜਦੋਂ ਗੱਡੀ ਰੁਕੀ ਤਾਂ ਸੰਗਤਾਂ ਨੇ ਡੱਬੇ ਨੂੰ ਘੇਰ ਲਿਆ ਤੇ ਸਾਧੂਆਂ ਨੇ ਸੰਤਾਂ ਦੇ ਗਲ ਵਿੱਚ ਫੁੱਲਾਂ ਦੇ ਹਾਰ ਪਾਏ। ਵਜਦ ਵਿੱਚ ਆ ਕੇ ਸ਼ਬਦ ਬਾਣੀ ਪੜ੍ਹਦੇ ਹਨ:

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥

(ਪੰਨਾ ੯੭)

ਬਾਹਰ ਆ ਕੇ ਸੰਤਾਂ ਨੂੰ ਪਾਲਕੀ ਵਿੱਚ ਬਿਠਾਕੇ ਜਲੂਸ ਦੀ ਸ਼ਕਲ ਵਿੱਚ ਵਿਰੱਕਤ ਕੁਟੀਆਂ ਦੇ ਗੁਰਦੁਆਰੇ ਲੈ ਗਏ। ਅੱਗੇ ਦੀਵਾਨ ਸਜਿਆ ਹੋਇਆ ਸੀ। ਸੰਤ ਬਾਬਾ ਆਇਆ ਸਿੰਘ ਜੀ ਨੇ ਅਦਬ ਸਹਿਤ ਮੱਥਾ ਟੇਕਿਆ ਤੇ ਚੌਰ ਕੀਤਾ। ਫਿਰ ਦੀਵਾਨ ਵਿੱਚ ਨੀਯਤ ਜਗ੍ਹਾ ਤੇ ਸੰਤ ਈਸ਼ਰ ਸਿੰਘ ਜੀ ਵਿਰੱਕਤ ਨੇ ਸੰਤਾਂ ਨੂੰ ਬੈਠਾਇਆ। ਸੰਤ ਬਾਬਾ ਆਇਆ ਸਿੰਘ ਜੀ ਵੱਲੋਂ ਕੜਾਹ ਪ੍ਰਸਾਦਿ ਦੀ ਦੇਗ ਆਈ। ਜਦੋਂ ਦੀਵਾਨ ਦਾ ਭੋਗ ਪਿਆ ਤਾਂ ਉਸ ਸਮੇਂ ਸੰਤ ਈਸ਼ਰ ਸਿੰਘ ਜੀ ਨੇ ਬਾਬਾ ਜੀ ਨਾਲ ਸਾਧੂਆਂ ਨੂੰ ਜਾਣ ਪਹਿਚਾਣ ਕਰਵਾਈ। ਕਿ ਇਹ ਮਹਾਪੁਰਸ਼ ਸੰਤ ਬਾਬਾ ਆਇਆ ਸਿੰਘ ਜੀ ਬਾਬਾ ਕਰਮ ਸਿੰਘ ਜੀ ਦੀ ਜਗ੍ਹਾ ਹੋਤੀ ਡੇਰੇ ਦੇ ਮਾਲਕ ਹਨ। ਇਨ੍ਹਾਂ ਨੇ ਸਮੂਹ ਸੰਤਾਂ ਦੀ ਅਰਜ਼ ਨੂੰ ਮੰਨਦਿਆਂ ਹੋਇਆਂ ਕੁੱਲ ਮਨੁੱਖਤਾ ਦੀ ਭਲਾਈ ਵਾਸਤੇ ਏਥੇ ਦਰਸ਼ਨ ਬਖ਼ਸ਼ੇ ਹਨ। ਅਸੀਂ ਇਨ੍ਹਾਂ ਦਾ ਧੰਨਵਾਦ ਕਰਦਿਆਂ ਸਾਰੇ ਸੰਤਾਂ ਵਲੋਂ ਜੀਉ ਆਇਆ ਆਖਦੇ ਹਾਂ। ਆਪ ਜੈਸੇ ਮਹਾਂ ਪੁਰਸ਼ਾਂ ਦਾ ਦਰਸ਼ਨ ਜੋ ਕਿ ਤੀਰਥਾਂ ਨੂੰ ਪਵਿੱਤਰ ਕਰਨ ਵਾਲੇ ਹਨ ਭਾਗਾਂ ਨਾਲ ਹੁੰਦਾ ਹੈ। ਯਥਾ:

ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥

(ਪੰਨਾ ੧੨੬੩)

ਅਥਵਾ: ਸਾਧ ਸੇਵਾ ਵਡਭਾਗੀ ਪਾਈਐ ॥
ਸਾਧਸੰਗਿ ਹਰਿ ਕੀਰਤਨੁ ਗਾਈਐ ॥

(ਪੰਨਾ ੨੯੩)

ਆਪ ਜੀ ਨੇ ਬੇਅੰਤ ਜੀਵਾਂ ਦਾ ਨਾਮ ਬਾਣੀ ਦੇ ਲੜ ਲਾਕੇ ਤੇ ਖੰਡੇ ਦਾ ਅੰਮ੍ਰਿਤ ਪਿਲਾਕੇ ਉਧਾਰ ਕੀਤਾ ਹੈ। ਇਹ ਉਸ ਰਾਕਸ਼ਾਂ ਵਾਲੀ ਹੜੰਬਾ ਧਰਤੀ ਤੇ ਨਿਵਾਸ ਰੱਖਦੇ ਹਨ ਜਿਥੋਂ ਦੇ ਰਾਖਸ਼ਾਂ ਨੂੰ ਮਹਾਰਾਜਾ ਰਣਜੀਤ ਸਿੰਘ ਤੇ ਹਰੀ ਸਿੰਘ ਨਲੂਏ ਨੇ ਤਲਵਾਰ ਨਾਲ ਨਿਵਾਇਆ ਸੀ। ਪਰ ਇਨ੍ਹਾਂ ਨੇ ਨਾਮ ਬਾਣੀ ਨਾਲ ਨਿਵਾਕੇ ਦੇਵਤੇ ਬਣਾ ਦਿੱਤਾ

ਹੈ। ਹਿੰਦੂਆਂ ਦੇ ਜਾਨੀ ਦੁਸ਼ਮਣ ਜੋ ਪਠਾਣ ਸਨ ਅੱਜ ਉਹ ਇਨ੍ਹਾਂ ਦੀ ਕ੍ਰਿਪਾ ਸਦਕਾ ਉਨ੍ਹਾਂ ਦੀ ਰੱਖਿਆ ਕਰਦੇ ਹਨ। ਸਾਡੇ ਧੰਨ ਭਾਗ ਹਨ ਜੋ ਇਨ੍ਹਾਂ ਨੇ ਬੇਨਤੀ ਪ੍ਰਵਾਨ ਕਰਕੇ ਦਰਸ਼ਨ ਦਿੱਤੇ।

ਇਤਨੇ ਪਿਆਰ ਤੇ ਸ਼ਰਧਾ ਭਰੇ ਬਚਨਾਂ ਨੂੰ ਆਖ ਕੇ ਸੰਤ ਈਸ਼ਰ ਸਿੰਘ ਜੀ ਵਿਰੱਕਤ ਤਾਂ ਬੈਠ ਗਏ। ਉਸ ਸਮੇਂ ਹੋਰ ਵੀ ਬਹੁਤ ਸਾਰੇ ਸਾਧੂਆਂ ਨੇ ਸਿਫ਼ਤ ਕਰਦੇ ਹੋਇਆਂ ਬਚਨ ਕਹੇ। ਉਨ੍ਹਾਂ ਵਿੱਚੋਂ ਕਈ ਸਾਧੂਆਂ ਨੇ ਹੋਤੀ ਡੇਰੇ ਤੇ ਬਾਬਾ ਕਰਮ ਸਿੰਘ ਜੀ ਦੇ ਦਰਸ਼ਨ ਕੀਤੇ ਹੋਏ ਸਨ। ਪਰ ਬਾਬਾ ਆਇਆ ਸਿੰਘ ਜੀ ਨੂੰ ਨਹੀਂ ਜਾਣਦੇ ਸਨ। ਉਹ ਵੀ ਦਰਸ਼ਨ ਕਰਕੇ ਬੜੇ ਪ੍ਰਸੰਨ ਹੋਏ ਤੇ ਜਸ ਕਰਨ ਲੱਗੇ। ਫਿਰ ਅਨੰਦ ਸਾਹਿਬ ਦਾ ਪਾਠ ਕਰਕੇ ਕੜਾਹ ਪ੍ਰਸ਼ਾਦਿ ਦੀ ਅਰਦਾਸ ਹੋਈ ਤੇ ਸਭਨਾਂ ਵਿੱਚ ਵਰਤਿਆ। ਇਉਂ ਦੀਵਾਨ ਦੀ ਸਮਾਪਤੀ ਤੋਂ ਬਾਅਦ ਸਾਰੇ ਸੰਤਾਂ ਨੂੰ ਬਚਨ ਕੀਤਾ ਕਿ ਲੰਗਰ ਵੀ ਤਿਆਰ ਹੈ। ਬਾਬਾ ਆਇਆ ਸਿੰਘ ਜੀ ਸੰਗਤ ਸਮੇਤ ਲੰਗਰ ਵਿੱਚ ਆਏ ਤੇ ਸੰਤ ਈਸ਼ਰ ਸਿੰਘ ਜੀ ਜੋ ਉੱਚੀ ਜਗਾ ਆਸਣ ਤੇ ਬੈਠੇ ਸਨ ਉਨ੍ਹਾਂ ਨੇ ਬਾਬਾ ਜੀ ਨੂੰ ਉੱਥੇ ਬਿਠਾਅ ਦਿੱਤਾ। ਪ੍ਰਸ਼ਾਦਿ ਛਕਿਆ ਫਿਰ ਥੋੜ੍ਹਾ ਸਮਾਂ ਬਿਰਾਜ ਗਏ। ਸ਼ਾਮੀਂ ਫਿਰ ਦੀਵਾਨ ਵਿੱਚ ਹਾਜ਼ਰੀ ਭਰੀ ਹੋਤੀ ਡੇਰੇ ਦੇ ਰਾਗੀਆਂ ਵਲੋਂ ਕੀਰਤਨ ਹੋਇਆ। ਫਿਰ ਗੜ੍ਹੀ ਵਾਲੇ ਰਾਗੀ ਈਸ਼ਰ ਸਿੰਘ ਜੀ ਨੇ ਵੀ ਕੀਰਤਨ ਕੀਤਾ। ਉਸ ਸਮੇਂ ਵੱਡੇ ਸੰਤਾਂ ਬਾਬਾ ਕਰਮ ਸਿੰਘ ਜੀ ਦੀ ਸਾਖੀ ਵੀ ਸੁਣਾਈ ਜਿਸਦਾ ਸਮੂਹ ਸੰਤ ਮੰਡਲੀ ਤੇ ਬੜਾ ਅਸਰ ਪਿਆ।

ਜਦੋਂ ਦੀਵਾਨ ਸਮਾਪਤ ਹੋਇਆ ਉਸ ਸਮੇਂ ਬਾਬਾ ਜੀ ਤਾਂ ਗੰਗਾ ਕਿਨਾਰੇ ਇਕਾਂਤ ਵਿੱਚ ਚਲੇ ਗਏ। ਜਿਥੋਂ ਰਾਤ ਦੇ ਗਿਆਰਾਂ ਵਜੇ ਵਾਪਸ ਆਏ। ਫਿਰ ਪ੍ਰਸ਼ਾਦਿ ਛਕ ਕੇ ਬਿਰਾਜ ਗਏ। ਫਿਰ ਸਵੇਰੇ ਦੋ ਵਜੇ ਉੱਠ ਕੇ ਇਸ਼ਨਾਨ ਕਰਕੇ ਚਾਰ ਵਜੇ ਗੁਰੂ ਕੀ ਹਜ਼ੂਰੀ ਵਿੱਚ ਹਾਜ਼ਰ ਹੋਏ। ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਹੋਇਆ ਜਿਸ ਵਿੱਚ ਡੇਰੇ ਦੇ ਰਾਗੀਆਂ ਨੇ ਵੀ ਨਾਮ ਬਾਣੀ ਦੀ ਵਰਖਾ ਕੀਤੀ। ਬੇਅੰਤ ਗੁਣੀ ਗਿਆਨੀਆਂ ਨੇ ਵੀ ਆਪੋ ਆਪਣੀਆਂ ਹਾਜ਼ਰੀਆਂ ਲਗਵਾਈਆਂ।

ਸੰਤ ਬਾਬਾ ਆਇਆ ਸਿੰਘ ਜੀ ਦਾ ਦਰਸ਼ਨ ਮਨਮੋਹਣਾ ਦਰਸ਼ਨ ਸੀ। ਆਪ ਜੀ ਦੇ ਹਰਿਦੁਆਰ ਆਉਣ ਦੀਆਂ ਸਾਰੇ ਧੁੰਮਾਂ ਪੈ ਗਈਆਂ ਕਿ ਹੋਤੀ ਡੇਰੇ ਤੋਂ ਬਾਬਾ ਕਰਮ ਸਿੰਘ ਜੀ ਦੀ ਗੱਦੀ ਦੇ ਸੰਤ ਆਏ ਹਨ। ਦਰਸ਼ਨਾਂ ਵਾਸਤੇ ਜੁਆਲਾ ਪੁਰ ਤੇ ਰਿਖੀਕੇਸ਼ ਤੱਕ ਦੇ ਸਾਧੂ ਆਏ ਤੇ ਦੇਹਰਾ ਦੂਨ ਤੋਂ ਲੈ ਕੇ ਸਹਾਰਨ ਪੁਰ ਤੱਕ ਦੇ ਗ੍ਰਹਿਸਥੀ ਪ੍ਰੇਮੀ ਆਏ। ਸਾਰੇ ਹੀ ਦਰਸ਼ਨ ਕਰਕੇ ਜੈ ਜੈਕਾਰੇ ਬੋਲਦੇ ਸਨ। ਅੱਜ ਭੰਡਾਰਾ ਵੀ ਸੰਤ ਆਇਆ ਸਿੰਘ ਜੀ ਵਲੋਂ ਹੀ ਤਿਆਰ ਕਰਵਾਇਆ ਗਿਆ ਜਿਸ ਵਿੱਚ ਲੱਡੂ, ਜਲੇਬੀਆਂ, ਮਾਲ੍ਹ ਪੂੜੇ, ਖੀਰ, ਦਾਲ, ਸਬਜੀਆਂ, ਮੱਠਾ, ਚਟਨੀ, ਆਚਾਰ ਅਤੇ ਹੋਰ ਪਦਾਰਥ ਬਣਾਏ ਗਏ। ਮਾਈ ਭਾਈ ਇਸ਼ਨਾਨ ਕਰਕੇ ਸਵੱਛ ਬਸਤਰ ਪਾ ਕੇ ਬਾਣੀ ਪੜ੍ਹਦੇ ਹੋਏ ਬੜੇ ਚਾਅ ਨਾਲ ਲੰਗਰ ਦੀ ਸੇਵਾ ਕਰ ਰਹੇ ਸਨ। ਇੱਕ ਪਾਸੇ ਗੁਰੂ ਦਰਬਾਰ ਵਿੱਚ ਕੀਰਤਨ ਹੋ ਰਿਹਾ ਸੀ। ਵੱਡੇ ਸੰਤਾਂ ਦੀ ਕ੍ਰਿਪਾ ਸਦਕਾ ਡੇਰੇ ਦੇ ਰਾਗੀ ਸੁੰਦਰ ਕੀਰਤਨ ਕਰਦੇ ਸਨ। ਸਭਨਾਂ ਨੇ ਸ਼ਬਦ ਪੜ੍ਹੇ। ਬਾਬਾ ਜੀ ਨੇ ਸਭਨਾਂ ਨੂੰ ਸ਼ਬਦ ਭੇਟ ਮਾਇਆ ਦੇ ਖੁਲ੍ਹੇ ਗੱਫੇ ਦਿੱਤੇ। ਬਾਰਾਂ ਵਜੇ ਕੀਰਤਨ ਸਮਾਪਤ ਹੋਇਆ, ਅਰਦਾਸ ਤੋਂ ਬਾਅਦ ਕੜਾਹ ਪ੍ਰਸ਼ਾਦਿ ਵਰਤਿਆ ਫਿਰ ਹੋਤੀ ਡੇਰੇ ਦੇ ਸਾਧੂਆਂ ਸਮੇਤ ਆਪ ਸੰਤ ਜੀ ਮਹਾਰਾਜ ਭੰਡਾਰੇ ਵਿੱਚ ਚਲੇ ਗਏ। ਲੰਗਰ ਦੀ ਅਰਦਾਸ ਕੀਤੀ। ਹਰੇਕ ਭੇਖ ਦਾ ਸਾਧੂ ਪੁੱਜਿਆ ਹੋਇਆ ਸੀ। ਗ੍ਰਹਿਸਥੀ ਪ੍ਰੇਮੀ ਅਤੇ ਸਾਧੂਆਂ ਦੀਆਂ ਅਲੱਗ-ਅਲੱਗ ਪੰਗਤਾਂ ਲਗਵਾ ਕੇ ਸਭਨਾਂ ਦੇ ਅੱਗੇ ਪੱਤਲਾਂ ਕਸੋਰੇ ਰੱਖ ਕੇ ਸਮਸ਼ਟੀ ਭੰਡਾਰਾ ਵਰਤਾਉਣਾ ਸ਼ੁਰੂ ਕਰ ਦਿੱਤਾ। ਹਰੇਕ ਮਾਈ ਭਾਈ ਨੂੰ ਜਿੱਥੇ ਵੀ ਕੋਈ ਬੈਠਾ ਹੈ ਚੰਗਾ ਸਵਾਦਿਸ਼ਟ ਭੋਜਨ ਪਹੁੰਚ ਰਿਹਾ ਹੈ। ਵਰਤਾਵੇ ਬੜੇ ਸੂਝ ਵਾਲੇ ਸਨ ਬਿਨਾਂ ਮੰਗੇ ਲੋੜ ਵਾਲੀ ਜਗ੍ਹਾ ਤੇ ਪੁੱਜ ਜਾਂਦੇ। ਫਿਰ ਸੰਤਾਂ ਨੇ ਸਾਧੂਆਂ ਨੂੰ ਯਥਾ ਯੋਗ ਪੰਗਤ ਪੂਜਾ ਦਖਸ਼ਣਾ ਵੀ ਦਿੱਤੀ ਅਤੇ ਹੋਰ ਸਾਰੀ ਮਰਿਯਾਦਾ ਪੂਰੀ ਕੀਤੀ। ਇਉਂ ਸੰਤਾਂ ਨੇ ਕਈ ਦਿਨ ਹਰਿਦੁਆਰ ਟਿਕ ਕੇ ਰਿਖੀਕੇਸ਼ ਤੇ ਹੋਰ ਸੰਤ ਆਸ਼ਰਮਾਂ ਤੇ ਗੁਰਦੁਆਰਿਆਂ ਦੀ ਯਾਤਰਾ ਕਰਕੇ ਸਭ ਜਗ੍ਹਾ ਮਾਇਆ ਤੇ ਪ੍ਰਸ਼ਾਦਿ ਭੇਟ ਕੀਤਾ। ਕਨਖਲ ਦੀਵਾਨ ਸਜਿਆ ਸਾਰੇ ਭੇਖ ਦੇ ਸਾਧੂਆਂ ਨੇ ਆਪ ਜੀ ਨੂੰ ਸਿਰੋਪਾਓ ਦਿੱਤੇ ਅਤੇ ਰਾਮ ਨੌਮੀ ਵਾਲੀਆਂ ਛਾਪੀਆਂ ਚਾਦਰਾਂ ਵੀ ਦਿੱਤੀਆਂ। ਫਿਰ ਆਪ ਜੀ ਨੇ ਬੜੀ ਨਿੰਮ੍ਰਤਾ ਨਾਲ ਸਭਨਾਂ ਪਾਸੋਂ ਆਗਿਆ ਮੰਗੀ ਜੋ ਬੜੀ ਮੁਸ਼ਕਲ ਨਾਲ ਮਿਲੀ। ਫਿਰ ਉਸੇ ਤਰ੍ਹਾਂ ਆਪ ਜੀ ਦੇ ਨਾਲ ਸਟੇਸ਼ਨ ਤੱਕ ਆਏ। ਫਿਰ ਆਪ ਜੀ ਨੇ ਸਭਨਾਂ ਨੂੰ ਸਤਿਕਾਰ ਨਾਲ ਮੱਥਾ ਟੇਕਿਆ। ਫਿਰ ਏਥੋਂ ਗੱਡੀ ਬੈਠ ਕੇ ਵਾਪਸ ਆ ਗਏ।

# ਅਨੰਦਪੁਰ ਸਾਹਿਬ ਜਾਣਾ

ਸ੍ਰੀ ਅਨੰਦਪੁਰ ਸਾਹਿਬ ਦੇ ਸੋਢੀ ਸਾਹਿਬ ਟਿੱਕਾ ਜੀ ਅਤੇ ਸੰਤ ਸੰਪੂਰਨ ਸਿੰਘ ਜੀ ਜੋ ਬੜੇ ਨਾਮ ਬਾਣੀ ਦੇ ਪਿਆਰੇ ਪੂਰਨ ਮਹਾਂ ਪੁਰਸ਼ ਸਨ। (ਹੋਲੇ ਦੇ ਸਮੇਂ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਇਨ੍ਹਾਂ ਦੇ ਪਾਸ ਹੀ ਠਹਿਰਿਆ ਕਰਦੇ) ਜਦੋਂ ਇਨ੍ਹਾਂ ਨੂੰ ਪਤਾ ਲੱਗਾ ਕਿ ਆਪ ਅਰਧ ਕੁੰਭੀ ਦੇ ਮੇਲੇ ਤੇ ਹਰਦੁਆਰ ਪੁੱਜੇ ਹੋਏ ਹਨ ਤਾਂ ਇਨ੍ਹਾਂ ਵੱਲੋਂ ਬਿਨੈ ਪੱਤਰ ਲੈ ਕੇ ਸੰਗਤ ਆਪ ਜੀ ਦੇ ਪਾਸ ਆਈ। ਆਪ ਜੀ ਇਨ੍ਹਾਂ ਦੀ ਬੇਨਤੀ ਪ੍ਰਵਾਨ ਕਰਕੇ ਸਮੂਹ ਸੰਤ ਮੰਡਲੀ ਤੋਂ ਆਗਿਆ ਲੈ ਕੇ ਅਨੰਦਪੁਰ ਸਾਹਿਬ ਨੂੰ ਚੱਲ ਪਏ। ਇੱਥੋਂ ਗੱਡੀ ਵਿੱਚ ਬੈਠ ਕੇ ਆਪ ਰਸਤੇ ਦੇ ਗੁਰਦੁਆਰੇ ਸਰਹੰਦ ਫਤਿਹਗੜ੍ਹ ਸਾਹਿਬ ਆਦਿ ਦਰਸ਼ਨ ਕਰਦੇ ਹੋਏ ਰੋਪੜ ਪੁੱਜੇ। ਅੱਗੇ ਰਥਾਂ ਦਾ ਇੰਤਜ਼ਾਮ ਕੀਤਾ ਹੋਇਆ ਸੀ। ਉਨ੍ਹਾਂ ਵਿੱਚ ਸਵਾਰ ਹੋ ਕੇ ਸੰਗਤ ਸਮੇਤ ਅਨੰਦਪੁਰ ਸਾਹਿਬ ਆਏ। ਸੋਢੀ ਸਾਹਿਬ ਤੇ ਸੰਤ ਸੰਪੂਰਨ ਸਿੰਘ ਜੀ ਸੰਗਤਾਂ ਸਮੇਤ ਰਸਤੇ ਵਿੱਚ ਹੀ ਅੱਗੇ ਆਕੇ ਮਿਲੇ ਤੇ ਬੜਾ ਸਤਿਕਾਰ ਕੀਤਾ। ਏਥੋਂ ਸੰਤ ਪੈਦਲ ਹੋ ਗਏ। ਸਾਰਿਆਂ ਨੇ ਸੰਤਾਂ ਨੂੰ ਨਮਸਕਾਰ ਕੀਤੀ। ਫਿਰ ਸ਼ਬਦ ਪੜ੍ਹਦੇ ਹੋਏ ਆਪ ਜੀ ਨੂੰ ਨਾਲ ਲੈ ਗਏ। ਸੰਤ ਸੰਪੂਰਨ ਸਿੰਘ ਜੀ ਦੇ ਡੇਰੇ ਸੰਤਾਂ ਨੇ ਰਿਹਾਇਸ਼ ਰੱਖੀ। ਪਹਿਲਾਂ ਜਾਕੇ ਇਸ਼ਨਾਨ ਕੀਤਾ, ਫਿਰ ਕੜਾਹ ਪ੍ਰਸਾਦਿ ਦੀ ਦੇਗ ਲੈ ਕੇ ਸਾਰੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕੀਤੇ। ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਗੜ੍ਹ ਸਾਹਿਬ ਤੇ ਹੋਰ ਸਭ ਗੁਰਦੁਆਰਿਆਂ ਦੀ ਦਰਸ਼ਨੀ ਭੇਟਾ, ਕੜਾਹ ਪ੍ਰਸਾਦਿ ਅਤੇ ਹੋਰ ਫ਼ਲ ਫਰੂਟ ਅਰਪ ਕੇ ਯਾਤਰਾ ਕੀਤੀ। ਗੁਰੂ ਘਰ ਵੱਲੋਂ ਸੰਤਾਂ ਨੂੰ ਸਿਰੋਪਾਓ ਪੇਸ਼ ਹੋਏ। ਸਵੇਰ ਦਾ ਪ੍ਰਸ਼ਾਦਿ ਸੰਤ ਸੰਪੂਰਨ ਸਿੰਘ ਜੀ ਦੇ ਡੇਰੇ ਛਕਿਆ। ਫਿਰ ਸੋਢੀ ਰਾਮ ਨਰਾਇਣ ਨੇ ਇਨ੍ਹਾਂ ਦੇ ਚਰਨ ਆਪਣੇ ਘਰ ਪੁਆਏ। ਬਾਬਾ ਕਰਮ ਸਿੰਘ ਜੀ ਦੀ ਕ੍ਰਿਪਾ ਨਾਲ ਇਨ੍ਹਾਂ ਦੇ ਘਰ ਦੋ ਭੁਝੰਗੀਆਂ ਦਾ ਜਨਮ ਹੋਇਆ ਸੀ। ਇਨ੍ਹਾਂ ਦੀ ਪਤਨੀ ਬੀਬੀ ਚੰਦ ਕੌਰ ਬਾਬਾ ਖੇਮ ਸਿੰਘ ਜੀ ਬੇਦੀ 'ਰਾਵਲਪਿੰਡੀ' ਵਾਲਿਆਂ ਦੀ ਲੜਕੀ ਸੀ। ਸੰਤਾਂ ਪਾਸੋਂ ਬੱਚਿਆਂ ਦੇ ਨਾਮ ਰਖਵਾਉਣੇ ਤੇ ਚੋਲੇ ਪਵਾਉਣੇ ਸਨ। ਪਹਿਲਾਂ ਇੱਕ ਬੱਚੇ ਨੂੰ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਪਾਸ ਨਾਮ ਸੰਸਕਾਰ ਦੇ ਵਾਸਤੇ ਹੋਤੀ ਡੇਰੇ ਲੈਕੇ ਗਏ ਸਨ। ਸੰਤਾਂ ਨੇ ਕਿਹਾ ਸੀ ਅਜੇ ਠਹਿਰੋ, ਦੂਜਾ ਕਾਕਾ ਆਏ ਤੇ ਦੋਹਾਂ ਭਰਾਵਾਂ ਦੇ ਅਨੰਦ ਪੁਰ ਸਾਹਿਬ ਆਕੇ ਇਕੱਠੇ ਹੀ ਨਾਮ ਰੱਖਾਂਗੇ ਅਤੇ ਚੋਲੇ ਪਾਵਾਂਗੇ (ਇਹ ਬਾਬਾ ਜੀ ਦੇ ਵਰਦਾਨ ਵਾਲਾ ਸਾਰਾ ਪ੍ਰਸੰਗ ਉਨ੍ਹਾਂ ਦੇ ਜੀਵਨ ਵਿੱਚ ਪਿੱਛੇ ਆ ਚੁੱਕਿਆ ਹੈ) ਸੋ ਇਨ੍ਹਾਂ ਨੇ ਬਾਬਾ ਜੀ ਪਾਸ ਅਰਜ਼ ਕੀਤੀ, ਸੰਤਾਂ ਨੇ ਆਪਣੇ ਹੱਥੀਂ ਕੀਮਤੀ ਬਸਤਰ ਦਿੱਤਾ। ਚੋਲੇ ਪਾਏ ਤੇ ਦੋਵਾਂ ਦੇ ਨਾਮ ਰੱਖੇ। ਵੱਡੇ ਦਾ ਨਾਮ ਵੱਡੀ ਸਰਕਾਰ ਟਿੱਕਾ ਜਗਤਾਰ ਸਿੰਘ ਜੀ ਤੇ ਛੋਟੇ ਦਾ ਨਾਮ ਸੋਢੀ ਕਰਤਾਰ ਸਿੰਘ ਜੀ ਰੱਖਿਆ। ਸੋਢੀ ਸਾਹਿਬ ਨੇ ਬੜੀ ਸੇਵਾ ਕੀਤੀ। ਬੜੇ ਪਿਆਰ ਤੇ ਸਤਿਕਾਰ ਨਾਲ ਪ੍ਰਸ਼ਾਦਿ ਛਕਾ ਕੇ ਮਾਇਆ, ਬਸਤਰ ਤੇ ਹੋਰ ਮਿਸ਼ਰੀ ਬਾਦਾਮ ਆਦਿ ਭੇਟ ਕੀਤੇ। ਸੰਤਾਂ ਨੇ ਕਿਹਾ, "ਸੋਢੀ ਸਾਹਿਬ! ਆਪ ਗੁਰੂ ਅੰਸ ਹੋ ਬਖ਼ਸ਼ਿਸ਼ ਜਾਣ ਕੇ ਆਪ ਦਾ ਪ੍ਰਸ਼ਾਦਿ ਤੇ ਸਿਰੋਪਾਓ ਪ੍ਰਵਾਨ ਕਰ ਲੈਂਦੇ ਹਾਂ ਪਰ ਮਾਇਆ ਨਹੀਂ ਲੈਣੀ।" ਇਨ੍ਹਾਂ ਨੇ ਅਰਜ਼ ਕੀਤੀ, "ਮਹਾਰਾਜ ਇਹ ਸਾਰਾ ਪਦਾਰਥ ਆਪ ਜੀ ਦਾ ਹੀ ਬਖ਼ਸ਼ਿਆ ਹੋਇਆ ਹੈ। ਇਹ ਮਾਇਆ ਮੈਂ ਬਾਬਾ ਕਰਮ ਸਿੰਘ ਜੀ ਦੇ ਲੰਗਰ ਨੂੰ ਦਿੰਦਾ ਹਾਂ।" ਇਉਂ ਆਖ ਕੇ ਬਦੋ-ਬਦੀ ਮਾਇਆ ਵੀ ਦੇ ਦਿੱਤੀ। ਫਿਰ ਸੰਤਾਂ ਨੇ ਆਗਿਆ ਲਈ।

# ਰੇਰੂ ਸਾਹਿਬ ਦੀ ਯਾਤਰਾ

ਆਪ ਜੀ ਨੇ ਰੇਰੂ ਸਾਹਿਬ ਪਤਾ ਕਰਨ ਵਾਸਤੇ ਕਿ ਅਸੀਂ ਇਸ ਦਿਨ ਨੂੰ ਸ੍ਰੀ ਅਨੰਦਪੁਰ ਸਾਹਿਬ ਆ ਰਹੇ ਹਾਂ, ਇੱਕ ਸਾਧੂ ਤੁਰਨ ਸਮੇਂ ਤੋਂ ਪਹਿਲਾਂ ਹੀ ਬਾਬਾ ਜੀ ਦੇ ਚਰਨਾਂ ਵਿੱਚ ਭੇਜ ਦਿੱਤਾ। ਜਿਸ ਕਰਕੇ ਬਾਬਾ ਅਤਰ ਸਿੰਘ ਜੀ ਨੇ ਪਹਿਲਾਂ ਹੀ ਡੇਰੇ ਵਿੱਚ ਬੜੀ ਸੁੰਦਰ ਤਿਆਰੀ ਕਰ ਲਈ। ਜਦੋਂ ਬਾਬਾ ਜੀ ਨੂੰ ਸੰਤਾਂ ਦੇ ਅਨੰਦਪੁਰ ਸਾਹਿਬ ਪੁੱਜਣ ਦਾ ਪਤਾ ਲੱਗਾ ਤਾਂ ਉਸ ਸਮੇਂ ਬੜੇ ਸਤਿਕਾਰ ਨਾਲ ਦੋ ਪ੍ਰੇਮੀ, ਕਟਾਹਰੀ ਪਿੰਡ ਦਾ ਭਾਈ ਤਾਰਾ ਸਿੰਘ ਅਤੇ ਕਲੌੜ ਦਾ ਭਾਈ ਰਾਮ ਸਿੰਘ ਸੰਤਾਂ ਦੇ ਪਾਸ ਅਨੰਦਪੁਰ ਸਾਹਿਬ ਭੇਜ ਦਿੱਤੇ। ਉਨ੍ਹਾਂ ਨੇ ਸੰਤਾਂ ਵਲੋਂ ਨਮਸਕਾਰ ਕਰਕੇ ਬੇਨਤੀ ਕੀਤੀ, "ਮਹਾਰਾਜ! ਆਪ ਜੀ ਨੂੰ ਸੰਤ ਜੀ ਮਹਾਰਾਜ ਰੇਰੂ ਸਾਹਿਬ ਯਾਦ ਕਰ ਰਹੇ ਹਨ।" ਬਾਬਾ ਆਇਆ ਸਿੰਘ ਜੀ ਨੇ ਬਾਬਾ ਅਤਰ ਸਿੰਘ ਜੀ ਦਾ ਪਿਆਰ ਤੱਕ ਕੇ ਅਤੇ ਕੀਤੇ ਇਕਰਾਰ ਨੂੰ ਪੂਰਾ ਕਰਨ ਲਈ ਇਨ੍ਹਾਂ ਦੇ ਨਾਲ ਆਉਣ ਦੀ ਤਿਆਰੀ ਕਰ ਲਈ।

ਸੋਢੀ ਸਾਹਿਬ ਅਤੇ ਸੰਤ ਸੰਪੂਰਨ ਸਿੰਘ ਜੀ ਤੋਂ ਆਗਿਆ ਲੈ ਕੇ ਸੰਗਤ ਸਮੇਤ ਰਥਾਂ ਵਿੱਚ ਅਸਵਾਰ ਹੋਏ। ਇਹ ਬਾਬਾ ਜੀ ਦਾ ਸਤਿਕਾਰ ਕਰਨ ਵਾਸਤੇ ਕਾਫ਼ੀ ਦੂਰ ਤੱਕ ਨਾਲ ਆਏ। ਫਿਰ ਸੰਤਾਂ ਨੇ ਸਾਰਿਆਂ ਨੂੰ ਵਾਪਿਸ ਮੋੜਿਆ। ਇਨ੍ਹਾਂ ਨੇ ਬੜੇ ਪਿਆਰ ਨਾਲ ਬਾਬਾ ਜੀ ਨੂੰ ਨਮਸਕਾਰ ਕਰਕੇ ਖ਼ੁਸ਼ੀਆਂ ਲਈਆਂ ਤੇ ਵਾਪਸ ਆ ਗਏ। ਸੰਤ ਜੀ ਮਹਾਰਾਜ ਕੀਰਤਪੁਰ ਸਾਹਿਬ ਦੀ ਯਾਤਰਾ ਕਰਦੇ ਹੋਏ ਰੋਪੜ ਆ ਗਏ। ਭੱਠੇ ਸਾਹਿਬ ਗੁਰਦੁਆਰੇ ਦੀ ਯਾਤਰਾ ਕਰਦੇ ਹੋਏ ਇੱਥੋਂ ਬੇੜੀਆਂ ਵਿੱਚ ਅਸਵਾਰ ਹੋ ਕੇ ਨਹਿਰ ਸਰਹੰਦ ਵਿਖੇ ਚੱਲ ਪਏ। ਰਸਤੇ ਵਿੱਚ ਚਮਕੌਰ ਸਾਹਿਬ ਤੇ ਮਾਛੀਵਾੜੇ ਦੇ ਦਰਸ਼ਨ ਕਰਦੇ ਭੇਟਾ ਅਰਪਦੇ ਹੋਏ ਰੇਰੂ ਸਾਹਿਬ ਵੱਲ ਆ ਗਏ।

ਅੱਗੇ ਰਾਮਪੁਰ ਦੇ ਪੁਲ ਤੇ ਬੇਅੰਤ ਸੰਗਤ ਸਮੇਤ ਬਾਬਾ ਜੀ ਆਪ ਦੀ ਉਡੀਕ ਕਰ ਰਹੇ ਸਨ। ਬੇੜੀ ਦੇ ਆਉਣ ਤੋਂ ਪਹਿਲਾਂ ਹੀ ਪ੍ਰੇਮੀ ਉਤਾਵਲੇ ਹੋ ਰਹੇ ਸਨ। ਸ਼ਬਦੀ ਜਥੇ, ਢੋਲਕ ਤੇ ਆਤਿਸ਼ਬਾਜ਼ੀ ਦਾ ਵੀ ਪ੍ਰਬੰਧ ਸੀ। ਜਦੋਂ ਬੇੜੀ ਰਾਮਪੁਰ ਆ ਕੇ ਰੁਕੀ ਤਾਂ ਸੰਤਾਂ ਨੂੰ ਬੜੇ ਸਤਿਕਾਰ ਨਾਲ ਉਤਾਰਿਆ ਗਿਆ। ਬਾਬਾ ਅਤਰ ਸਿੰਘ ਜੀ ਮਹਾਰਾਜ ਤੇ ਹੋਰ ਸਭਨਾਂ ਨੇ ਨਮਸਕਾਰ ਕੀਤੀ। ਫਿਰ ਰਥਾਂ ਤੇ ਸਮਾਨ ਰੱਖ ਕੇ ਹੋਰ ਸਾਧੂਆਂ ਨੂੰ ਵਿੱਚ ਬਿਠਾਇਆ। ਜਿਸ ਰਥ ਤੇ ਬਾਬਾ ਆਇਆ ਸਿੰਘ ਜੀ ਅਸਵਾਰ ਸਨ ਉਸ ਰਥ ਨੂੰ ਖਿੱਚਣ ਵਾਸਤੇ ਬਾਬਾ ਜੀ ਦੀ ਆਗਿਆ ਪਾ ਕੇ ਸ਼ਰਧਾਲੂ ਪ੍ਰੇਮੀ ਆਪ ਅੱਗੇ ਲੱਗੇ। ਰਸਤੇ ਵਿੱਚ ਸੰਗਤਾਂ ਨੇ ਬਦਲ-ਬਦਲ ਕੇ ਬੜੇ ਪਿਆਰ ਨਾਲ ਇਸ ਸੇਵਾ ਨੂੰ ਕੀਤਾ। ਕਈ ਸਜਨ ਕਹਿਣ ਲੱਗੇ, "ਮਹਾਰਾਜ ਗੁਰਦੁਆਰੇ ਤੋਂ ਬੈਲ ਲੈ ਆਉਂਦੇ ਹਾਂ।" ਪਰ ਸੰਤਾਂ ਨੇ ਇਹੋ ਹੀ ਉੱਤਰ ਦਿਤਾ ਕਿ ਨਾ ਬਈ ਇਹ ਤਾਂ ਸਾਡਾ ਫ਼ਰਜ਼ ਹੈ। ਅਸੀਂ ਇਸ ਘਰ ਦੇ ਗੋਲੇ ਹਾਂ। ਧੰਨ ਪਿਆਰੇ ਦੇ ਪਿਆਰ ਦਾ ਨਮੂਨਾ।

'ਰਾਮਪੁਰ' ਪਿੰਡ ਦੇ ਵਿੱਚ ਦੀ ਹੁੰਦੇ ਹੋਏ ਰੇਰੂ ਸਾਹਿਬ ਗੁਰਦੁਆਰੇ ਪਹੁੰਚੇ। ਉਸ ਸਮੇ ਬਾਬਾ ਜੀ ਨੇ ਦਰਬਾਰ ਵਿੱਚ ਆ ਕੇ ਹਜ਼ੂਰ ਨੂੰ ਨਮਸਕਾਰ ਕੀਤੀ ਤੇ ਭੇਟਾ ਅਰਪੀ। ਦੀਵਾਨ ਵਿੱਚ ਨੀਯਤ ਕੀਤੀ ਜਗ੍ਹਾ ਤੇ ਸਜ ਗਏ। ਕੀਰਤਨ ਅਰੰਭ ਹੋ ਗਿਆ। ਸਰੋਤਿਆਂ ਨੇ ਰੱਬੀ ਬਾਣੀ ਦਾ ਰਸ ਮਾਣਿਆ। ਇਤਨੇ ਨੂੰ ਕੜਾਹ ਪ੍ਰਸ਼ਾਦਿ ਦੀ ਦੇਗ ਆ ਗਈ। ਅਰਦਾਸ ਤੋਂ ਬਾਅਦ ਹੁਕਮ ਲਿਆ ਤੇ ਗੁਰੂ ਕੀ ਹਜ਼ੂਰੀ ਵਿੱਚ ਬੈਠੀ ਸੰਗਤ ਨੂੰ ਦੇਗ ਵਰਤਾਈ ਗਈ। ਉਸ ਸਮੇ ਗੁਰੂ ਕਾ ਲੰਗਰ ਵੀ ਤਿਆਰ ਸੀ। ਜਿਸ ਵਿੱਚ ਬੜੇ ਸੁੰਦਰ ਪਦਾਰਥ ਬਣੇ ਹੋਏ ਸਨ। ਸੰਤਾਂ ਸਮੇਤ ਸਾਰੀ ਸੰਗਤ ਲੰਗਰ ਵਿੱਚ ਪੁੱਜੀ। ਸੁੰਦਰ ਆਸਣ ਵਿਛਾਕੇ ਸੰਤਾਂ ਨੂੰ ਉਸ ਉੱਪਰ ਬਿਠਾਇਆ। ਫੇਰ ਜਲ ਵਰਤਾ ਕੇ ਪ੍ਰਸ਼ਾਦ ਵਾਲਾ ਵੱਡਾ ਥਾਲ ਅੱਗੇ ਲਿਆ ਰੱਖਿਆ। ਸੰਗਤ ਵਿੱਚ ਵੀ ਸਭਨਾਂ ਨੂੰ ਇੱਕੋ ਜਿਹਾ ਲੰਗਰ ਵਰਤਿਆ। ਸੰਤਾਂ ਨੇ ਪ੍ਰਸ਼ਾਦਿ ਛਕ ਕੇ ਕੁਝ ਸਮਾਂ ਆਰਾਮ ਕੀਤਾ। ਸ਼ਾਮ ਨੂੰ ਫਿਰ ਦੀਵਾਨ ਸਜਿਆ। ਜਿਨ੍ਹਾਂ-ਜਿਨ੍ਹਾਂ ਨੂੰ ਸੰਤਾਂ ਦੇ ਆਉਣ ਦਾ ਪਤਾ ਲੱਗਿਆ ਉਹ ਆਸ ਪਾਸ ਦੇ ਪਿੰਡਾਂ 'ਚੋ ਬਹੁਤ ਸਾਰੇ ਪ੍ਰੇਮੀ ਸੰਤਾਂ ਦੇ ਦਰਸ਼ਨਾਂ ਨੂੰ ਆਏ। ਦੋਰਾਹਾ, ਸਾਹਨੇਵਾਲ, ਲੁਧਿਆਣਾ, ਤੇ ਖੰਨਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੀ ਸੰਗਤ ਪੁੱਜੀ।

ਭੈਣੀ ਸਾਹਿਬ ਤੋਂ ਸੰਤ ਬਾਬਾ ਪ੍ਰਤਾਪ ਸਿੰਘ ਜੀ, ਦੋਨੋਂ ਬਿਰਧ ਮਾਤਾਵਾਂ ਅਤੇ ਹੋਰ ਵੀ ਬਹੁਤ ਸਾਰੇ ਨਾਮਧਾਰੀ ਮਹਾਪੁਰਸ਼ ਸ਼ਬਦ ਬਾਣੀ ਦੀ ਵਰਖਾ ਕਰਦੇ ਦਰਸ਼ਨਾਂ ਨੂੰ ਆਏ। ਸੰਤਾਂ ਨੇ ਸ਼ਬਦ ਦਾ ਆਦਰ ਸਭਨਾਂ ਦਾ ਮਾਣ ਕੀਤਾ ਅਤੇ ਮਹਾਪੁਰਸ਼ਾਂ ਦੇ ਸਤਿਕਾਰ ਕਰਨ ਦੀ ਸਿੱਖਿਆ ਦੇਣ ਵਾਸਤੇ ਬਾਬਾ ਪ੍ਰਤਾਪ ਸਿੰਘ ਜੀ ਮਹਾਰਾਜ ਨੂੰ ਆਪਣੇ ਪਾਸ ਹੀ ਬਿਠਾਇਆ। ਦੋਹਾਂ ਤਰਫਾਂ ਤੋਂ ਨਮਸਕਾਰ ਹੋਈ। ਸਾਰਿਆਂ ਨੂੰ ਆਪਣੇ ਹੱਥੀਂ ਪ੍ਰਸ਼ਾਦਿ ਦਿੱਤਾ। ਉਸ ਸਮੇਂ ਸਭ ਪਾਸਿਓਂ

ਜੈ ਜੈਕਾਰ ਦੇ ਅਵਾਜੇ ਆਉਣ ਲੱਗੇ। ਦੀਵਾਨ ਦੀ ਸਮਾਪਤੀ ਤੋਂ ਬਾਅਦ ਅਰਦਾਸ ਹੋਈ ਉਸ ਸਮੇਂ ਬਾਬਾ ਪ੍ਰਤਾਪ ਸਿੰਘ ਜੀ ਨੇ ਸੰਤਾਂ ਨੂੰ ਭੈਣੀ ਸਾਹਿਬ ਚਰਨ ਪਾਉਣ ਦੀ ਅਰਜ਼ ਕੀਤੀ। ਸੰਤਾਂ ਨੇ ਨਿੰਮ੍ਰਤਾ ਨਾਲ ਹੱਥ ਜੋੜੇ ਤੇ ਆਖਿਆ, "ਮਹਾਂ ਪੁਰਸ਼ੋ ਤੁਹਾਡੇ ਹੀ ਦਰਸ਼ਨ ਕਰਨੇ ਸਨ। ਸੋ ਤੁਸਾਂ ਕਿਰਪਾ ਕਰਕੇ ਏਥੇ ਹੀ ਆ ਦਿੱਤੇ ਹਨ। ਸਾਨੂੰ ਡੇਰੇ ਤੋਂ ਆਇਆਂ ਬਹੁਤ ਦਿਨ ਹੋ ਗਏ। ਹੁਣ ਛੇਤੀ ਵਾਪਸ ਜਾਣ ਦਾ ਖ਼ਿਆਲ ਹੈ।" ਉਸ ਸਮੇਂ ਬਾਬਾ ਪ੍ਰਤਾਪ ਸਿੰਘ ਜੀ ਤਾਂ ਸੰਤਾਂ ਦਾ ਦਰਸ਼ਨ ਮੇਲਾ ਤੇ ਬਚਨ ਬਿਲਾਸ ਕਰਕੇ ਅਤੇ ਆਗਿਆ ਪਾ ਕੇ ਨਾਲ ਦੀ ਸੰਗਤ ਸਮੇਤ ਭੈਣੀ ਸਾਹਿਬ ਵਾਪਸ ਆ ਗਏ। ਬਾਬਾ ਜੀ ਬਾਹਰ ਸੈਰ ਕਰਨ ਚਲੇ ਗਏ।

ਰੇਰੂ ਸਾਹਿਬ ਗੁਰਦੁਆਰੇ ਅਤੇ ਬਾਹਰ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਦੇ ਤਪ ਅਸਥਾਨ ਗੋਖੇ ਦੀ ਛੱਪੜੀ (ਜਿਥੇ ਆਪ ਬੇਰੀ ਹੇਠਾਂ ਟੋਏ ਵਿੱਚ ਬੈਠ ਕੇ ਤਪ ਕਰਦੇ ਹੁੰਦੇ ਸਨ) ਅਤੇ ਬਗ਼ੀਚੀ ਵਿੱਚ ਤੇ ਭੋਰੇ ਵਾਲੀ ਥਾਂ ਸਭ ਜਗ੍ਹਾ ਵੇਖੀਆਂ। ਬਾਬਾ ਅਤਰ ਸਿੰਘ ਜੀ ਮਹਾਰਾਜ ਅਤੇ ਹੋਰ ਬਹੁਤ ਸਾਰੀ ਸੰਗਤ ਸੰਤਾਂ ਦੇ ਨਾਲ ਸੀ। ਉਸ ਸਮੇਂ ਸੰਤ ਆਇਆ ਸਿੰਘ ਜੀ ਬੜੇ ਪ੍ਰਸੰਨ ਹੋਏ ਤੇ ਕਿਹਾ, "ਵੱਡੇ ਗੁਰਭਾਈ! ਤੁਸੀਂ ਇਸ ਮਾਲਵੇ ਦੀ ਧਰਤੀ ਵਿੱਚ ਵੱਡੇ ਸਾਹਿਬਾਂ ਦਾ ਨਾਮ ਚਮਕਾ ਦਿੱਤਾ। ਏਥੇ ਹੋਤੀ ਮਰਦਾਨ ਵਾਲੀ ਸਾਰੀ ਮਰਿਯਾਦਾ ਕਾਇਮ ਕਰ ਰੱਖੀ ਹੈ। ਚੰਗਾ ਅੱਜ ਤੋਂ ਹੋਤੀ ਵੀ ਏਥੇ ਹੀ ਆ ਜਾਵੇਗੀ। ਇੱਥੋਂ ਦੇ ਪ੍ਰੇਮੀਆਂ ਨੂੰ ਹੋਤੀ ਜਾਣ ਦੀ ਲੋੜ ਨਹੀਂ ਪੈਣੀ। ਇੱਥੋਂ ਦਾ ਦਰਸ਼ਨ ਹੀ ਹੋਤੀ ਦਾ ਦਰਸ਼ਨ ਹੋਵੇਗਾ। ਤੁਹਾਡਾ ਦਰਸ਼ਨ ਵੱਡੇ ਸਾਹਿਬਾਂ ਦਾ ਦਰਸ਼ਨ ਹੈ। ਅਸੀਂ ਬੜੇ ਪ੍ਰਸੰਨ ਹਾਂ। ਜਿਵੇਂ ਹੋਰ ਸੰਗਤ ਨੇ ਬੜੇ ਵਰ ਮੰਗੇ ਉਸੇ ਤਰ੍ਹਾਂ ਤੁਸੀਂ ਵੀ ਸਾਡੇ ਪਾਸੋਂ ਕੁਝ ਮੰਗ ਲਓ।"

ਉਸ ਸਮੇਂ ਬਾਬਾ ਜੀ ਨੇ ਬੜੀ ਨਿਮ੍ਰਤਾ ਨਾਲ ਬੇਨਤੀ ਕੀਤੀ, "ਦਾਤਾ! ਵਰ ਤਾਂ ਕਿਸੇ ਦੂਜੇ ਪਾਸੋਂ ਮੰਗੀਦਾ ਹੈ। ਇਹ ਤਾਂ ਸਭ ਕੁਝ ਆਪ ਜੀ ਦਾ ਹੈ। ਆਪ ਜੀ ਨੇ ਐਸੀਂ ਕ੍ਰਿਪਾ ਕੀਤੀ ਹੈ ਕਿ ਕਿਸੇ ਪਦਾਰਥ ਦੇ ਮੰਗਣ ਦਾ ਅੰਦਰ ਫੁਰਨਾ ਹੀ ਨਹੀਂ ਰਹਿਣ ਦਿੱਤਾ।" ਸੰਤਾਂ ਨੇ ਫੇਰ ਕਿਹਾ, "ਨਹੀਂ ਕੁਝ ਜ਼ਰੂਰ ਮੰਗੋ" ਤਾਂ ਬਾਬਾ ਜੀ ਬੋਲੇ, "ਜੇ ਤਰੁੱਠੇ ਹੋ ਤਾਂ ਨਾਮ ਦਾਨ ਤੇ ਸਿੱਖੀ ਸਿਦਕ ਦੇਵੋ ਅਤੇ ਇਹ ਬਖ਼ਸ਼ ਜਾਵੋ ਕਿ ਮੇਰੀ ਅੰਤ ਪ੍ਰਯੰਤ ਇਸ ਛਪੜੀ ਦੇ ਟੋਏ ਤੇ ਬੇਰੀ ਨਾਲ ਨਿਭ ਜਾਵੇ।" ਭਾਵ ਭਜਨ ਸਿਮਰਨ ਵਲੋਂ ਕਦੇ ਮਨ ਉਚਾਟ ਨਾ ਹੋਵੇ ਤੇ ਨਾ ਕਦੇ ਨਾਗਾ ਪਵੇ।

ਇਸ ਤਰ੍ਹਾ ਦੀ ਅਲੌਕਿਕ ਮੰਗ ਸੁਣਕੇ ਜੋ ਦੁਨੀਆਂਦਾਰਾਂ ਦੀ ਮੰਗ ਤੋਂ ਬਹੁਤ ਉੱਚੀ ਸੀ। ਸੰਤਾਂ ਦੇ ਨੇਤਰਾਂ ਚੋਂ ਵੈਰਾਗ ਦਾ ਜਲ ਆ ਗਿਆ। ਪਿਆਰੇ ਦੀ ਨਿਸ਼ਾਨੀ ਬਾਬਾ ਜੀ ਨੂੰ ਘੁੱਟ ਕੇ ਜੱਫੀ ਪਾ ਲਈ। ਸੁਤੇ ਮੂੰਹੋ ਨਿਕਲਿਆ, "ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ! ਜਿਨ੍ਹਾਂ ਨੇ ਆਪਣੀ ਖ਼ੁਸ਼ਬੂ ਨਾਲ ਇਹੋ ਜਿਹੇ ਚੰਦਨ ਦੇ ਬ੍ਰਿਛ ਬਣਾਏ ਅਤੇ ਐਸੇ ਤਿਆਗੀ ਅਮੋਲਕ ਰਤਨ ਪੈਦਾ ਕੀਤੇ।" ਦੁਨੀਆਂ ਆਪਣੇ ਪਰਿਵਾਰਾਂ ਵਾਸਤੇ ਮੰਗਦੀ ਹੈ, ਸੇਵਕਾਂ ਵਾਸਤੇ ਮੰਗਦੀ ਹੈ। ਲੋਕ ਆਪਣੀ ਮਾਣ ਵਡਿਆਈ ਪ੍ਰਭਤਾ ਤੇ ਇੱਜ਼ਤ ਮੰਗਦੇ ਹਨ। ਪਰ ਧੰਨ ਹਨ ਨਿਰਇੱਛਤ, ਨਿਰਚਾਹ ਬਾਬਾ ਅਤਰ ਸਿੰਘ ਜੀ ਮਹਾਰਾਜ। ਪ੍ਰਸੰਨ ਹੋ ਕੇ ਕਿਹਾ, "ਗੁਰਭਾਈ ਸਾਹਿਬ! ਤੁਹਾਡੀ ਬੇਰੀ ਨਾਲ ਹੀ ਨਿਭ ਜਾਸੀ। ਪਾਰਸ ਤਾਂ ਸਿਰਫ ਲੋਹੇ ਨੂੰ ਸੋਨਾ ਹੀ ਕਰਦਾ ਹੈ ਪਰ ਤੁਹਾਨੂੰ ਵੱਡੇ ਸੰਤਾਂ ਨੇ ਪਾਰਸ ਰੂਪ ਹੀ ਬਣਾ ਦਿੱਤਾ ਹੈ। ਤੁਹਾਡੇ ਜੈਸੇ ਨਿਰਬਾਂਛਤ ਕੀਮਤੀ ਲਾਲ ਮਹਾਂ ਪੁਰਸ਼ ਦਾ ਦਰਸ਼ਨ ਦੁਰਲੱਭ ਹੈ।

ਲੋੜਾ ਵਾਲੇ ਹੈਨ ਘਨੇਰੇ, ਲੱਭ ਕੋਈ ਬੇ-ਲੋੜੇ।
ਬੇਲੋੜੇ ਮਿਲ ਜਾਵਣ ਜੇਕਰ, ਚੁੰਮ ਉਨ੍ਹਾਂ ਦੇ ਜੋੜੇ।

ਧੰਨ ਸੰਤ ਜੀ! ਧੰਨ ਬਾਬਾ ਕਰਮ ਸਿੰਘ ਜੀ" ਇਉਂ ਬਚਨ ਬਿਲਾਸ ਕਰਦੇ ਹੋਏ ਸੰਗਤ ਸਮੇਤ ਵਾਪਸ ਗੁਰਦੁਆਰੇ ਆ ਗਏ। ਪ੍ਰਸ਼ਾਦਿ ਛਕਿਆ ਫਿਰ ਬਿਰਾਜ ਗਏ। ਦੋਵੇਂ ਟਾਇਮ ਦੀਵਾਨ ਸਜਦਾ ਜਿਸ ਵਿੱਚ ਸੰਗਤਾਂ ਦੀਆਂ ਮੰਗਾਂ ਪੂਰੀਆਂ ਕਰਦੇ। ਦੂਰੋਂ-ਦੂਰੋਂ ਪ੍ਰੇਮੀ ਪੁੱਜਦੇ। ਗੁਰੂ ਕਾ ਅਤੁਟ ਲੰਗਰ ਚਲਦਾ, ਸੰਗਤਾਂ ਵੱਲੋਂ ਆਈ ਭੇਟਾ ਦੇ ਸੰਤਾਂ ਅੱਗੇ ਢੇਰ ਲੱਗ ਜਾਂਦੇ। ਇਤਨਾਂ ਇਕੱਠ ਹੁੰਦਾ ਕਿ ਦੋ ਸੇਵਾਦਾਰ ਪ੍ਰਸ਼ਾਦਿ ਵਰਤਾਉਂਦੇ ਹੀ ਰਹਿੰਦੇ। ਦੋ ਟੋਕਰੇ ਪਤਾਸਿਆਂ ਦੇ ਕੋਲ ਰੱਖੇ ਹੁੰਦੇ। ਬਾਬਾ ਆਇਆ ਸਿੰਘ ਜੀ ਇੱਕ ਵਾਰ ਉਨ੍ਹਾਂ ਨੂੰ ਹੱਥ ਲਾ ਦੇਂਦੇ ਫਿਰ ਆਈ ਸੰਗਤ ਨੂੰ ਸੇਵਾਦਾਰ ਪ੍ਰਸ਼ਾਦਿ ਦੇਈ ਜਾਂਦੇ। ਇੱਕ ਵਾਰੀਂ ਇਤਨਾਂ ਇਕੱਠ ਹੋ ਗਿਆ ਕਿ ਟੋਕਰਿਆਂ ਵਾਲੇ ਪਤਾਸੇ ਸਮਾਪਤ ਹੋ ਚੱਲੇ ਤੇ ਸੰਗਤ ਉਸੇ ਤਰ੍ਹਾਂ ਆਈ ਜਾਵੇ ਉਸ ਸਮੇਂ ਸੇਵਾਦਾਰਾਂ ਨੇ ਸੰਤਾਂ ਅੱਗੇ ਅਰਜ ਕੀਤੀ, "ਦਾਤਾ! ਆਪ ਇਸ ਪਾਸੇ ਨਿਗਾਹ ਮਾਰੋ, ਪ੍ਰਸ਼ਾਦਿ ਸਮਾਪਤ ਹੋ ਰਿਹਾ ਹੈ।"

ਉਸ ਸਮੇਂ ਬਾਬਾ ਆਇਆ ਸਿੰਘ ਜੀ ਨੇ ਇੱਕ ਪਤਾਸਾ ਆਪਣੇ ਹੱਥ ਵਿੱਚ ਲੈ ਕੇ ਮੂਲ ਮੰਤਰ ਦਾ ਪਾਠ ਕਰਕੇ ਟੋਕਰੇ ਵਿੱਚ ਪਏ ਪਤਾਸਿਆਂ ਤੇ ਭੋਰ ਦਿੱਤਾ। ਫਿਰ ਪਤਾ ਨਹੀਂ ਕਿਧਰੋਂ ਕੁਬੇਰ ਦਾ ਭੰਡਾਰਾ ਖੁੱਲ੍ਹ ਗਿਆ। ਦੋ ਦਿਨ ਉਹ ਹੀ ਪਤਾਸੇ ਨਹੀਂ ਮੁਕੇ। ਹਜ਼ਾਰਾਂ ਦੀ ਗਿਣਤੀ 'ਚ ਪ੍ਰੇਮੀ ਬੁੱਕ ਭਰ-ਭਰ ਕੇ ਲਈ ਜਾਂਦੇ ਸਨ। ਇਸ ਤਰ੍ਹਾਂ ਦੋਵੇਂ ਸਮੇਂ ਦੀਵਾਨ ਵਿੱਚ ਸੰਗਤ ਨੂੰ ਦਰਸ਼ਨ ਅਤੇ ਉਪਦੇਸ਼ ਦੁਆਰਾ ਨਿਹਾਲ ਕਰਦੇ। ਏਥੇ ਆਪ ਤਿੰਨ ਦਿਨ ਠਹਿਰੇ। ਫਿਰ ਪੰਜਾਬ ਤੋਂ ਹੋਤੀ ਵੱਲ ਜਾਣ ਦੀ ਤਿਆਰੀ ਕਰ ਲਈ। ਉਸ ਸਮੇਂ ਬਾਬਾ ਜੀ ਨੇ ਅਰਜ਼ ਕੀਤੀ, "ਕਿਰਪਾ ਕਰਕੇ ਕੁਝ ਕੁ ਦਿਨ ਹੋਰ ਦਰਸ਼ਨ ਦਿਉ" ਤਾਂ ਸੰਤਾਂ ਨੇ ਕਿਹਾ, "ਡੇਰਿਓਂ ਆਇਆਂ ਕਾਫ਼ੀ ਦਿਨ ਹੋ ਗਏ ਹਨ। ਸੰਗਤ ਉਡੀਕ ਕਰਦੀ ਹੋਵੇਗੀ। ਉਹ ਵੀ ਤੁਹਾਡਾ ਹੀ ਅਸਥਾਨ ਹੈ ਤੁਸੀਂ ਜੋ ਦਾਸ ਨੂੰ ਉਸ ਜਗ੍ਹਾ ਦੀ ਸੇਵਾ ਬਖ਼ਸ਼ੀ ਹੈ ਅਤੇ ਤੁਸੀਂ ਸਦਾ ਹੀ ਸਾਡੇ ਨਾਲ ਹੋ।"

ਫਿਰ ਸੰਤਾਂ ਨੇ ਆਪਣੇ ਹੱਥੀਂ ਬਾਬਾ ਜੀ ਨੂੰ ਸਿਰੋਪਾਓ ਦਿੱਤਾ। ਡੇਰੇ ਵਲੋਂ ਸੰਤਾਂ ਦੀ ਅਤੇ ਨਾਲ ਦੇ ਸਾਧੂਆਂ ਦੀ ਨਾਪ ਲੈ ਕੇ ਸਾਰੀ ਵਰਦੀ ਤਿਆਰ ਕਰਵਾਈ ਗਈ। ਸੰਤਾਂ ਨੂੰ ਬੇਅੰਤ ਭੇਟਾ ਅਰਪੀਆਂ ਤੇ ਰਾਗੀਆਂ ਨੂੰ ਸਿਰੋਪਾਓ ਤੇ ਮਾਇਆ ਦੇ ਕੇ ਸਭਨਾਂ ਦਾ ਸਤਿਕਾਰ ਕੀਤਾ। ਫਿਰ ਸਾਰਿਆਂ ਨੂੰ ਰਥਾਂ ਤੇ ਬਿਠਾਕੇ ਸਾਹਨੇਵਾਲ ਸਟੇਸ਼ਨ ਤੱਕ ਲਿਆਂਦਾ। ਸੰਤਾਂ ਵਾਲਾ ਰਥ ਪ੍ਰੇਮੀ ਆਪ ਖਿੱਚ ਕੇ ਲਿਆਏ। ਗੱਡੀ ਬੈਠਣ ਲੱਗਿਆਂ ਸੇਵਾ ਵਿੱਚ ਹੋਈਆਂ ਭੁੱਲਾਂ ਦੀ ਮੁਆਫ਼ੀ ਮੰਗੀ। ਜਦੋਂ ਗੱਡੀ ਚੱਲ ਪਈ ਤਾਂ ਫਿਰ ਆਪ ਹੰਝੂ ਕੇਰਦੇ ਵਾਪਸ ਸੰਗਤ ਸਮੇਤ ਗੁਰਦੁਆਰੇ ਆਏ।

ਧੰਨ ਬਾਬਾ ਆਇਆ ਸਿੰਘ ਜੀ ਮਹਾਰਾਜ!

# ਹੋਤੀ ਡੇਰੇ ਵਾਪਸ ਆਉਣਾ

ਇਉਂ ਸੰਤ ਜੀ ਮਹਾਰਾਜ ਸਾਹਨੇਵਾਲ ਤੋਂ ਗੱਡੀ ਬੈਠਕੇ ਸ੍ਰੀ ਅੰਮ੍ਰਿਤਸਰ ਆ ਗਏ। ਏਥੇ ਸ੍ਰੀ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਕਰਨ ਤੋਂ ਬਾਅਦ ਕੜਾਹ ਪ੍ਰਸ਼ਾਦਿ ਦੀ ਦੇਗ ਤੇ ਭੇਟਾ ਲੈ ਕੇ ਸ੍ਰੀ ਹਰਮੰਦਿਰ ਸਾਹਿਬ ਦੇ ਦਰਸ਼ਨ ਕੀਤੇ। ਕੁਝ ਕੁ ਸਮਾਂ ਹਜ਼ੂਰੀ ਵਿੱਚ ਬੈਠ ਕੇ ਕੀਰਤਨ ਸਰਵਣ ਕੀਤਾ। ਫਿਰ ਸੰਗਤ ਸਮੇਤ ਬਾਹਰ ਆ ਗਏ। ਇਸੇ ਤਰ੍ਹਾਂ ਹੋਰ ਗੁਰਧਾਮਾਂ ਦੇ ਦਰਸ਼ਨ ਦੀਦਾਰ ਕੀਤੇ। ਭੇਟਾ ਅਰਪੀਆਂ, ਪ੍ਰਸ਼ਾਦਿ ਕਰਵਾਇਆ। ਸ਼ਹਿਰ ਤੋਂ ਬਾਹਰ ਬਾਬਾ ਬੁੱਢਾ ਜੀ ਦੀ ਬਗ਼ੀਚੀ ਵਿੱਚ ਰਿਹਾਇਸ਼ ਕੀਤੀ। ਚਾਟੀ ਵਿੰਡ ਗੇਟ ਤੋਂ ਬਾਹਰ ਤਰਨ ਤਾਰਨ ਰੋਡ ਤੇ ਨਹਿਰ ਦੇ ਪੁਲ ਤੇ ਉਰਾਰਲੇ ਕੰਢੇ ਸੂਏ ਦੇ ਖੱਬੇ ਪਾਸੇ ਕੁਝ ਕੁ ਕਦਮਾਂ ਤੇ ਬਾਗ਼ ਵਿੱਚ ਇਹ ਜਗ੍ਹਾ ਹੈ। ਜਿਥੇ ਪਹਿਲਾਂ ਇੱਕ ਹਵੇਲੀ ਸੀ ਜਿਸ ਦੇ ਖੰਡਰਾਤ ਹੁਣ ਤੱਕ ਮੌਜੂਦ ਹਨ। ਉਸ ਜਗ੍ਹਾ ਬਾਬਾ ਕਰਮ ਸਿੰਘ ਜੀ ਮਹਾਰਾਜ ਹਰਦੁਆਰ ਤੋਂ ਵਾਪਸ ਆਉਂਦੇ ਤੇ ਜਾਣ ਸਮੇ ਠਹਿਰੇ ਸਨ।

ਉਸ ਸਮੇ ਆਪ ਜੀ ਮਹੰਤ ਸਾਹਿਬ ਸੰਤ ਹਰਨਾਮ ਸਿੰਘ ਜੀ ਦੇ ਡੇਰੇ ਗਲੀ ਬਾਗ਼ ਵਾਲੀ (ਚੌਕ ਬਾਬਾ ਅਟੱਲ ਸਾਹਿਬ) ਆਏ ਤੇ ਏਥੇ ਮਹੰਤ ਸਾਹਿਬ ਜੀ ਨੇ ਸੰਤ ਮੰਡਲੀ ਸਮੇਤ ਆਪ ਜੀ ਨੂੰ ਪ੍ਰਸਾਦ ਛਕਾਇਆ ਅਤੇ ਪੰਗਤ ਪੂਜਾ ਕੀਤੀ। ਉਹਨਾਂ ਦੇ ਸ਼ਿਸ਼ ਸ੍ਰੀ ਮਾਨ ਸੰਤ ਹਰੀ ਸਿੰਘ ਜੀ ਐਡੀਟਰ, "ਨਿਰਮਲ ਉਪਦੇਸ਼" ਵੀ ਉਸੇ ਤਰ੍ਹਾਂ ਹੋਤੀ ਸੰਪਰਦਾਏ ਨਾਲ ਪ੍ਰੇਮ ਕਰਦੇ ਹਨ ਅਤੇ ਚੌਂਕ ਮੰਨਾ ਸਿੰਘ, ਗਲੀ ਗੱਡਿਆਂ ਵਾਲੀ, ਸੰਤ ਨੱਥਾ ਸਿੰਘ ਜੀ ਦੇ ਪਾਸ ਵੀ ਗਏ। ਜੋ ਬਾਬਾ ਕਰਮ ਸਿੰਘ ਜੀ ਤੋਂ ਵਰੋਸਾਏ ਪੂਰਨ ਮਹਾਪੁਰਸ਼ ਸਨ। ਜਿਉਂ-ਜਿਉਂ ਪ੍ਰੇਮੀਆਂ ਨੂੰ ਪਤਾ ਲੱਗਦਾ ਸੀ ਤਿਉਂ-ਤਿਉਂ ਸੰਗਤ ਦਾ ਇਕੱਠ ਜੁੜਦਾ ਗਿਆ। ਸਾਰਿਆਂ ਨੇ ਸੰਤਾਂ ਨੂੰ ਬਸਤਰ ਮਾਇਆ ਤੇ ਹੋਰ ਤਿਲ ਫੁਲ ਰੱਖ ਕੇ ਮੱਥੇ ਟੇਕੇ। ਬਚਨ ਸੁਣੇ ਤੇ ਰੱਜ-ਰੱਜ ਕੇ ਖੁਲ੍ਹੇ ਦਰਸ਼ਨ ਦੀਦਾਰੇ ਕੀਤੇ।

ਇਸ ਜਗ੍ਹਾਂ ਦੋ ਚਾਰ ਦਿਨ ਠਹਿਰੇ ਫਿਰ ਸੰਗਤ ਦਾ ਪਿਛਲਾ ਪ੍ਰੇਮ ਯਾਦ ਕਰਕੇ ਗੱਡੀ ਵਿੱਚ ਅਸਵਾਰ ਹੋ ਕੇ ਚੱਲ ਪਏ। ਰਸਤੇ ਵਿੱਚ ਵਿੱਚ ਪ੍ਰੇਮੀਆਂ ਦਾ ਪ੍ਰੇਮ ਤੱਕ ਕੇ ਅਤੇ ਗੁਰੂ ਦਰਬਾਰ ਦੇ ਦਰਸ਼ਨ ਕਰਨ ਵਾਸਤੇ ਸ੍ਰੀ ਪੰਜਾ ਸਾਹਿਬ ਉੱਤਰ ਪਏ। ਗੁਰੂ ਨਾਨਕ ਦੇਵ ਜੀ ਦੇ ਪਾਵਨ ਪੰਜੇ ਵਾਲੀ ਜਗ੍ਹਾਂ ਤੇ ਇਸ਼ਨਾਨ ਕਰਨ ਤੋਂ ਬਾਅਦ ਦਰਸ਼ਨ ਦੀਦਾਰ ਕੀਤੇ। ਦਰਸ਼ਨੀ ਭੇਟਾ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਚੜ੍ਹਾਈ। ਏਥੇ ਵੀ ਸੰਗਤ ਨੇ ਬੜੇ ਪਿਆਰ ਦਾ ਸਬੂਤ ਦਿੱਤਾ। ਆਪ ਜੀ ਇਸ ਜਗ੍ਹਾ ਦੋ ਦਿਨ ਠਹਿਰੇ। ਦੀਵਾਨ ਸਜਾਇਆ ਸੰਗਤਾਂ ਨੂੰ ਉਪਦੇਸ਼ ਕੀਤਾ ਵਰ ਦਿੱਤੇ। ਫਿਰ ਅੱਗੇ 'ਹਜ਼ਰੋ' ਦੀ ਸੰਗਤ ਬੇਨਤੀ ਕਰਕੇ ਆਪਣੇ ਨਾਲ ਹਜ਼ਰੋ ਲੈ ਆਈ। ਏਥੇ ਬਾਹਰ ਇਕਾਂਤ ਜਗਾ ਸਰਦਾਰਾਂ ਦੇ ਬਾਗ਼ ਵਿੱਚ ਡੇਰਾ ਕੀਤਾ। ਦੀਵਾਨ ਸਜਿਆ ਜਿਸ ਵਿੱਚ ਸਭਨਾਂ ਨੇ ਦਰਸ਼ਨ ਕੀਤੇ। ਭੇਟਾ ਅਰਪੀਆਂ ਤੇ ਅਰਜ਼ਾਂ ਕਰਕੇ ਮੰਗਾਂ ਪੂਰੀਆਂ ਕਰਵਾਈਆਂ। ਬਾਰ੍ਹਾ ਵਜੇ ਦੀਵਾਨ ਦੀ ਸਮਾਪਤੀ ਹੋਈ। ਉਸ ਸਮੇਂ ਗੁਰੂ ਕਾ ਲੰਗਰ ਤਿਆਰ ਸੀ। ਫਿਰ ਸਭਨਾਂ ਨੇ ਪ੍ਰਸ਼ਾਦਿ ਛਕਿਆ। ਸੰਤਾਂ ਨੇ ਕੁਝ ਸਮਾਂ ਆਰਾਮ ਕੀਤਾ ਤੇ ਫਿਰ ਸ਼ਾਮ ਨੂੰ 'ਹਜ਼ਰੋ' ਦਰਿਆ ਵੱਲ ਸੈਰ ਕਰਨ ਨੂੰ ਚਲੇ ਗਏ। ਜਿਥੋਂ ਵਾਪਸ ਆ ਕੇ ਰਾਤੀਂ ਆਰਾਮ ਕੀਤਾ।

ਦੂਜੇ ਦਿਨ ਵਾਪਸ ਆਉਣ ਵਾਸਤੇ 'ਲਾਨਸਪੁਰ' ਸਟੇਸ਼ਨ ਤੋਂ ਗੱਡੀ ਬੈਠ ਗਏ। ਰਸਤੇ ਵਿੱਚ ਬੇਅੰਤ ਥਾਵਾਂ ਤੇ ਸੰਗਤਾਂ ਦਰਸ਼ਨਾਂ ਲਈ ਸਟੇਸ਼ਨ ਤੇ ਖੜ੍ਹੀਆਂ ਸਨ। ਸਭਨਾਂ ਦੀਆਂ ਭਾਵਨਾਵਾਂ ਪੂਰੀਆਂ ਕਰਕੇ ਅੱਗੇ ਜਹਾਂਗੀਰੇ ਸਟੇਸ਼ਨ ਤੇ ਰੇਲ ਚੋਂ ਉੱਤਰੇ। ਫਿਰ ਸੈਦੂ ਪੁੱਜੇ। ਗੁਰੂ ਘਰ ਦੇ ਦਰਸ਼ਨ ਕਰਕੇ ਭੇਟਾ ਅਰਪੀ ਤੇ ਭਾਵਨਾ ਨਾਲ ਨਮਸਕਾਰ ਕੀਤੀ। ਸੰਗਤਾਂ ਨੇ ਬੜਾ ਪ੍ਰੇਮ ਕੀਤਾ ਮਾਇਆ ਤੇ ਮਿਸ਼ਰੀ ਦਾ ਪ੍ਰਸ਼ਾਦਿ ਸੰਤਾਂ ਨੂੰ ਅਰਪਿਆ। ਏਥੇ ਆਪ ਇੱਕੋ ਰਾਤ ਹੀ ਠਹਿਰੇ ਦੀਵਾਨ ਸਜਾਇਆ, ਗੁਰੂ ਕਾ ਲੰਗਰ ਅਤੁੱਟ ਵਰਤਿਆ। ਦੂਸਰੇ ਦਿਨ ਸੰਗਤਾਂ ਤੋਂ ਵਿਦਾ ਹੋ ਕੇ ਮਰਦਾਨ ਆ ਪਹੁੰਚੇ। ਇਸ ਇਲਾਕੇ ਦੇ ਪ੍ਰੇਮੀਆਂ ਨੂੰ ਸੰਤਾਂ ਦੇ ਆਉਣ ਦਾ ਪਹਿਲਾਂ ਹੀ ਪਤਾ ਲੱਗ ਗਿਆ ਸੀ। ਜਿਸ ਕਰਕੇ ਸਾਰੇ ਹੀ ਸੰਤਾਂ ਦੇ ਆਉਣ ਦੀ ਉਡੀਕ ਕਰ ਰਹੇ ਸਨ। ਬੈਂਡ ਵਾਜ਼ਿਆਂ ਤੇ ਦੇਸੀ ਵਾਜਿਆਂ ਨਾਲ ਸਲਾਮੀ ਲਈ। ਪ੍ਰਸ਼ਾਦਿ ਤੇ ਮਾਇਆ ਰੱਖ ਕੇ ਮੱਥਾ ਟੇਕਿਆ। ਫਿਰ ਪਾਲਕੀ ਵਿੱਚ ਅਸਵਾਰ ਹੋ ਕੇ ਡੇਰੇ ਆ ਗਏ। ਵਿਛੋੜੇ ਨਾਲ ਤਰਸਦੀਆਂ ਸੰਗਤਾਂ ਨੇ ਦਰਸ਼ਨ ਕਰਕੇ ਮਨ ਸ਼ਾਂਤ ਕੀਤਾ। ਗੁਰੂ ਕੇ ਲੰਗਰ ਦਾ ਸਭਨਾਂ ਨੂੰ ਪ੍ਰਸ਼ਾਦਿ ਛਕਾਇਆ। ਡੇਰੇ ਨਿਵਾਸੀਆਂ ਦੀ ਸੁੱਖ ਅਨੰਦ ਪੁੱਛੀ ਤੇ ਫਿਰ ਸੰਤ ਜੀ ਮਹਾਰਾਜ ਛੱਪਰੀਆਂ ਵਿੱਚ ਜਾ ਕੇ ਬਿਰਾਜ ਗਏ।

ਧੰਨ ਬਾਬਾ ਆਇਆ ਸਿੰਘ ਜੀ ਮਹਾਰਾਜ!

# ਕਾਂਡ ਸੱਤਵਾਂ

## ਸੂ: ਸਾਹਿਬ ਸਿੰਘ ਨੂੰ ਪੁੱਤਰਾਂ ਦਾ ਵਰ

ਲੁਧਿਆਣੇ ਜ਼ਿਲ੍ਹੇ ਦੇ ਵਿੱਚ ਜਰਗ ਪਾਇਲ ਦੇ ਪਾਸ ਇੱਕ 'ਜਲਾਜਨ' ਪਿੰਡ ਹੈ। ਉੱਥੋਂ ਦੇ ਰਹਿਣ ਵਾਲਾ ਜੀਵਾ ਸਿੰਘ ਨਾਮ ਦਾ ਫੌਜੀ ਬਾਬਾ ਕਰਮ ਸਿੰਘ ਜੀ ਮਹਾਰਾਜ ਦਾ ਪ੍ਰੇਮੀ ਸੀ। ਉਸ ਦਾ ਛੋਟਾ ਭਰਾ ਸਾਹਿਬ ਸਿੰਘ ਵੀ ਫੌਜ ਵਿੱਚ ਭਰਤੀ ਸੀ। ਸਮਾਂ ਪਾ ਕੇ ਦੋਵਾਂ ਦੀ ਪੈਨਸ਼ਨ ਹੋ ਗਈ। ਸਾਹਿਬ ਸਿੰਘ ਜਮਾਂਦਾਰ ਸੀ। ਇਸ ਨੇ ਦੋ ਵਿਆਹ ਵੀ ਕਰਵਾਏ ਪਰ ਲੜਕਾ ਫਿਰ ਵੀ ਨਾ ਹੋਇਆ। ਹੋਤੀ ਮਰਦਾਨ ਡੇਰੇ ਦੀ ਮਹਿਮਾ ਨੂੰ ਜਾਣਦਾ ਹੋਇਆ ਇਸ ਦਾ ਵੱਡਾ ਭਰਾ ਜੀਵਾ ਸਿੰਘ ਕਿਹਾ ਕਰੇ ਤੂੰ ਹੋਤੀ ਜਾਹ। ਐਸ ਵੇਲੇ ਉਸ ਗੱਦੀ ਤੇ ਬਾਬਾ ਆਇਆ ਸਿੰਘ ਜੀ ਬਿਰਾਜਮਾਨ ਹਨ। ਉਨ੍ਹਾਂ ਦੇ ਪਾਸ ਜਾ ਕੇ ਅਰਜ਼ ਕਰ। ਉੱਥੋਂ ਤਾਂ ਕੋਈ ਕਦੇ ਵੀ ਖ਼ਾਲੀ ਨਹੀਂ ਮੁੜਿਆ। ਪਰ ਇਸ ਦਾ ਮਨ ਸਾਰੇ ਪਾਸਿਆਂ ਤੋਂ ਫਿਰਕੇ ਨਿਰਾਸ਼ ਹੋ ਚੁੱਕਿਆ ਸੀ। ਉਹ ਕਹਿੰਦਾ ਹੁਣ ਮੈਂ ਨਿਸਚਾ ਕਰ ਲਿਆ ਹੈ ਕਿ ਮੇਰੇ ਭਾਗਾਂ ਵਿੱਚ ਪੁੱਤਰ ਹੀ ਨਹੀਂ। ਮੈਂ ਬੜੇ ਯਤਨ ਉਪਾਅ ਕਰ ਚੁੱਕਾ ਹਾਂ। ਜੇਕਰ ਹੋਣਾ ਹੁੰਦਾ ਤਾਂ ਪਹਿਲਾਂ ਹੀ ਹੋ ਜਾਂਦਾ ਹੁਣ ਤਾਂ ਬੁਢਾਪਾ ਆ ਗਿਆ ਹੈ। ਸੁਕੇ ਦਰਖਤ ਨੂੰ ਫ਼ਲ ਨਹੀਂ ਲੱਗ ਸਕਦਾ ਅਤੇ ਨਾ ਕੋਈ ਐਸ ਸਮੇਂ ਮੈਨੂੰ ਇਹੋ ਜਿਹਾ ਕਹਿਣੀ ਕਰਨੀ ਦਾ ਪੂਰਨ ਮਹਾਪੁਰਸ਼ ਹੀ ਦਿਸਦਾ ਹੈ। ਬਥੇਰੇ ਸਾਧਾਂ ਦੀਆਂ ਰੋਟੀਆਂ ਢੋਈਆਂ ਜੂਠੇ ਭਾਂਡੇ ਮਾਂਜੇ ਪਰ ਕਿਸੇ ਨੇ ਮੇਰੇ ਤੇ ਕ੍ਰਿਪਾ ਨਹੀਂ ਕੀਤੀ। ਭਾਈ ਜੀਵਾ ਸਿੰਘ ਕਹਿਣ ਲੱਗਿਆ ਕਿ ਤੂੰ ਉਨ੍ਹਾਂ ਆਮ ਪਿੰਡਾਂ ਦੇ ਸਾਧਾਂ ਵਰਗਾ ਨਾ ਜਾਣ। ਉਹ ਤਾਂ, "ਰੀਤੇ ਭਰੇ ਭਰੇ ਸਖਨਾਵੈ" ਖਾਲੀਆਂ ਨੂੰ ਭਰਦੇ ਹਨ ਅਤੇ ਜੇ ਕੋਈ ਕਿਸੇ ਪ੍ਰਕਾਰ ਦੀ ਬੇਅਦਬੀ ਕਰੇ ਤਾਂ ਭਰੇ ਖ਼ਾਲੀ ਹੋ ਜਾਂਦੇ ਹਨ। ਪਰ ਭਾਈ ਸਾਹਿਬ ਸਿੰਘ ਜੀ ਦਾ ਮਨ ਫਿਰ ਵੀ ਨਾ ਮੰਨਿਆ। ਬਾਬਾ ਜੀ ਦੇ ਸ਼ਰਧਾਲੂ ਭਾਈ ਜੀਵਾ ਸਿੰਘ ਨੇ ਅਖ਼ੀਰ ਨੂੰ ਇਹ ਵੀ ਆਖਿਆ, "ਜੇ ਤੂੰ ਆਪ ਨਹੀਂ ਜਾ ਸਕਦਾ ਤਾਂ ਦੋ ਅੱਖਰ ਲਿਖਕੇ ਚਿੱਠੀ ਹੀ ਪਾ ਦੇ। ਤੇਰੇ ਤੇ ਫੇਰ ਵੀ ਉਨ੍ਹਾਂ ਦੀ ਰਹਿਮਤ ਹੋ ਜਾਵੇਗੀ"। ਇਹ ਗੱਲ ਸੁਣਕੇ ਬੜਾ ਹੱਸਿਆ ਤੇ ਕਹਿਣ ਲੱਗਾ, "ਤਦੇ ਹੀ ਤਾਂ ਫੌਜੀਆਂ ਨੂੰ ਲੋਕ ਬੇਸਮਝ ਕਹਿਦੇ ਹਨ। ਭਲਾ ਕਦੇ ਚਿੱਠੀਆਂ ਤੇ ਵੀ ਕਿਸੇ ਨੂੰ ਮੁੰਡੇ ਮਿਲੇ ਹਨ"। ਉਹ ਕਹਿੰਦਾ, "ਤੇਰਾ ਇਸ ਵਿੱਚ ਹਰਜ਼ ਵੀ ਕੀ ਹੈ, ਦੋ ਪੈਸਿਆਂ ਦਾ ਕਾਰਡ ਹੀ ਹੈ, ਉਹ ਮੈਥੋਂ ਲੈ ਜਾਵੀਂ"। ਇਉਂ ਰੋਜ਼ ਦੀ ਖਿਚਾ-ਖਿਚੀ ਨੇ ਸਾਹਿਬ ਸਿੰਘ ਜਮਾਂਦਾਰ ਦਾ ਮਨ ਤੰਗ ਕਰ ਲਿਆ। ਅਖ਼ੀਰ ਨੂੰ ਇਸ ਨੇ ਇੱਕ ਦਿਨ ਜੀਵਾ ਸਿੰਘ ਨੂੰ ਜਵਾਬੀ ਕਾਰਡ ਲਿਆ ਦਿੱਤਾ ਤੇ ਕਿਹਾ, "ਲੈ ਤੂੰ ਆਪ ਹੀ ਲਿਖ ਦੇ ਰੋਜ਼ ਹੀ ਕਹੀ ਜਾਂਦਾ ਹੈ। ਪਰ ਕਦੇ ਇਉਂ ਹੋ ਸਕਦਾ ਹੈ ਕਿ ਚਿੱਠੀਆਂ ਤੇ ਪੁੱਤਰਾਂ ਦੇ ਵਰ ਮਿਲ ਜਾਣ?"

ਭਾਈ ਜੀਵਾ ਸਿੰਘ ਨੇ ਭਰਾ ਕੋਲੋਂ ਕਾਰਡ ਫੜ ਕੇ ਬੜੀ ਸ਼ਰਧਾ ਨਾਲ ਹੋਤੀ ਡੇਰੇ ਨੂੰ ਇੱਕ ਚਿੱਠੀ ਲਿਖ ਦਿੱਤੀ ਤੇ ਅਰਜ਼ ਕੀਤੀ ਮਹਾਰਾਜ! ਮੇਰੇ ਛੋਟੇ ਭਰਾ ਦੇ ਕੋਈ ਪੁੱਤਰ ਨਹੀਂ। ਉਸ ਨੇ ਦੋ ਸ਼ਾਦੀਆਂ ਵੀ ਕਰਵਾ ਲਈਆਂ ਹਨ। ਬੇਅੰਤ ਥਾਈਂ ਭਟਕ ਚੁੱਕਿਆ ਹੈ। ਹੁਣ ਜਮਾਂਦਾਰੀ ਪੈਨਸ਼ਨ ਆਇਆ ਹੋਇਆ ਹੈ। ਸਰੀਰ ਬਿਰਧ ਹੋ ਚੁੱਕਿਆ ਹੈ, ਜਾਇਦਾਦ ਬਹੁਤ ਹੈ। ਆਪ ਜੀ ਨੇ ਨਾਲ ਵਾਲੇ ਜਵਾਬੀ ਲਿਫ਼ਾਫੇ ਤੇ ਇੱਕ ਪੁੱਤਰ ਲਿਖ ਭੇਜਣਾ। ਇਉਂ ਲਿਖ ਕੇ ਚਿਠੀ ਡਾਕ ਵਿੱਚ ਪਾ ਦਿੱਤੀ। ਪਰ ਲੋਕ ਇਸ ਨੂੰ ਮਖ਼ੌਲ ਕਰਦੇ ਹਨ ਕਿ ਦੇਖੋ ਕਿਤਨਾ ਮੋਟੇ ਦਿਮਾਗ ਵਾਲਾ ਬੰਦਾ ਹੈ। ਕਦੇ ਚਿੱਠੀਆਂ ਤੇ ਵੀ ਪੁੱਤਰ ਲਿਖ ਕੇ ਆਏ ਹਨ।

ਏਧਰੋਂ ਤੀਜੇ ਦਿਨ ਹੀ ਚਿੱਠੀ ਡੇਰੇ ਪੁੱਜ ਗਈ। ਬਾਬਾ ਆਇਆ ਸਿੰਘ ਜੀ ਮਹਾਰਾਜ ਰੋਜ਼ ਹੀ ਸ਼ਾਮ ਦੇ ਟਾਇਮ ਗੁਫਾ ਤੋਂ ਬਾਹਰ ਬਰੇਤੀ ਤੇ ਬੈਠ ਕੇ ਸੰਗਤਾਂ ਨੂੰ ਖੁਲ੍ਹੇ ਦਰਸ਼ਨ ਬਖ਼ਸ਼ਦੇ ਹੋਏ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਦੇ। ਉਸ ਸਮੇਂ ਹੀ ਸੇਵਾਦਾਰ ਬਾਹਰੋਂ ਆਈ ਡਾਕ ਸੰਤਾਂ ਨੂੰ ਸੁਣਾਉਂਦਾ। (ਜੋ ਬਹੁਤ ਸਾਰੀ ਹੁੰਦੀ ਸੀ) ਅੱਜ ਵੀ ਜਦੋਂ ਸੰਤਾਂ ਨੂੰ ਡਾਕ ਖੋਲ੍ਹ ਕੇ ਸੁਣਾਈ ਅਤੇ ਇਸ ਚਿੱਠੀ ਨੂੰ ਪੜ੍ਹਨ ਲੱਗਾ। ਕਿ ਮਹਾਰਾਜ! ਪਟਿਆਲੇ ਰਿਆਸਤ (ਅੱਜ ਕੱਲ ਜ਼ਿਲਾ ਲੁਧਿਆਣਾ ਹੋ ਗਿਆ) ਵਿੱਚੋਂ 'ਜਲਾਜਨ' ਪਿੰਡ ਦਾ ਪ੍ਰੇਮੀ ਜਵਾਬੀ ਚਿੱਠੀ ਭੇਜਦਾ ਹੈ ਕਿ ਮੇਰੇ ਭਾਈ ਦੇ ਪੁੱਤਰ ਨਹੀਂ। ਆਪ ਕਿਰਪਾ ਕਰਕੇ ਸਾਥ ਵਾਲੇ ਲਿਫ਼ਾਫੇ ਤੇ ਇੱਕ ਪੁੱਤਰ ਲਿਖ ਭੇਜੋ। ਪਹਿਲਾਂ ਤਾਂ ਸੰਤ ਜੀ ਬੜੇ ਹੱਸੇ ਕਿ ਇਹ ਤਾਂ ਬੜੀ ਅਸਚਰਜ ਮੰਗ ਆਈ ਹੈ। ਸੰਤਾਂ ਨੂੰ ਦੇਖ ਕੇ ਸਾਰੀ ਸੰਗਤ ਵੀ ਹੱਸ ਪਈ। ਫਿਰ ਬਾਬਾ ਜੀ ਨੇ ਆਪਣਾ ਗ਼ਰੀਬ

ਨਿਵਾਜ਼ ਬਿਰਦ ਸੰਭਾਲਿਆ ਕਿ ਜੇ ਕਰ ਹੁਣ ਇਸ ਦੀ ਮੰਗ ਪੂਰੀ ਨਹੀਂ ਕਰਦੇ ਤਾਂ ਇੱਕ ਤਾਂ ਇਸ ਦੀ ਸ਼ਰਧਾ ਤੇ ਸੱਟ ਵੱਜਦੀ ਹੈ। ਦੂਜੀ ਗੱਲ ਬਾਬਾ ਕਰਮ ਸਿੰਘ ਜੀ ਦਾ ਉੱਜਲਾ ਜਸ ਨਿਊਣ ਹੁੰਦਾ ਹੈ ਅਤੇ ਨਾਲ ਹੀ ਇਸ ਵਿੱਚ ਗੁਰੂ ਘਰ ਦੀ ਵੀ ਤੌਹੀਨ ਹੈ। ਸਿੱਖ ਨੂੰ ਵੀ ਜੋ ਪੂਰਨ ਨਿਸ਼ਚਾ ਹੈ ਕਿ ਮੇਰੇ ਤੇ ਮਹਾਪੁਰਸ਼ਾਂ ਦੀ ਜ਼ਰੂਰ ਹੀ ਅਨਗ੍ਰਹੁ ਹੋਵੇਗੀ। ਤਦੇ ਹੀ ਉਸ ਨੇ ਫ਼ਖ਼ਰ ਨਾਲ ਚਿੱਠੀ ਪਾਈ ਹੈ ਉਹ ਦੂਰ ਹੋ ਜਾਵੇਗਾ। ਇਉਂ ਨੇਤਰ ਬੰਦ ਕਰਕੇ ਕਾਫ਼ੀ ਸਮਾਂ ਸੋਚਦੇ ਰਹੇ। ਫਿਰ ਸਿੱਖ ਨੂੰ ਹੁਕਮ ਦਿੱਤਾ ਕਿ ਚੰਗਾ ਬਈ! ਲਿਖ ਦੇ ਜਵਾਬੀ ਲਿਫ਼ਾਫੇ ਉੱਪਰ ਇੱਕ ਪੁੱਤਰ।

ਇਹ ਬਚਨ ਸੁਣਕੇ ਸੰਗਤ ਹੈਰਾਨ ਹੋ ਗਈ। ਕਈਆਂ ਦੇ ਮਨ ਭਰ ਆਏ ਤੇ ਨੇਤਰਾਂ ਵਿੱਚੋਂ ਵੈਰਾਗ ਦਾ ਜਲ ਵਹਿ ਤੁਰਿਆ ਕਿ ਧੰਨ ਹਨ ਬਾਬਾ ਕਰਮ ਸਿੰਘ ਜੀ ਮਹਾਰਾਜ ਜਿਨ੍ਹਾਂ ਦੀ ਰਹਿਮਤ ਅੱਜ ਪ੍ਰਦੇਸਾਂ ਵਿੱਚ ਬੈਠੇ ਸ਼ਰਧਾਲੂਆਂ ਨੂੰ ਵੀ ਤਾਰ ਰਹੀ ਹੈ ਅਤੇ ਧੰਨ ਹਨ ਬਾਬਾ ਆਇਆ ਸਿੰਘ ਜੀ ਮਹਾਪੁਰਸ਼ ਜਿਨ੍ਹਾਂ ਦੇ ਅੰਦਰ ਏਨੀ ਉਦਾਰਤਾ ਹੈ। ਸਿੱਖ ਨੇ ਹਜ਼ੂਰ ਦਾ ਬਚਨ ਮੰਨਿਆ, ਚਿੱਠੀ ਦਾ ਉੱਤਰ ਲਿਖ ਦਿੱਤਾ ਤੇ ਸਿੱਖ ਦੀ ਭਾਵਨਾ ਅਨੁਸਾਰ ਹਫ਼ਤੇ ਦੇ ਅੰਦਰ-ਅੰਦਰ ਹੀ ਵਾਪਿਸ ਚਿੱਠੀ ਮਿਲ ਗਈ। ਉਸ ਨੂੰ ਪੜ੍ਹਕੇ ਬਹੁਤ ਖ਼ੁਸ਼ੀ ਹੋਈ ਮਾਨੋ ਰੱਬੀ ਦਰਗਾਹ ਦਾ ਅਟੱਲ ਹੁਕਮ ਹੀ ਆਇਆ ਹੈ। ਆਪਣੇ ਭਰਾ ਨੂੰ ਸਾਰੀ ਵਾਰਤਾ ਦੱਸੀ। ਆਰਜ਼ੀ ਤੌਰ ਤੇ ਉਸ ਦਾ ਮਨ ਵੀ ਪ੍ਰਸੰਨ ਹੋਇਆ ਪਰ ਕਹਿੰਦਾ ਹੈ ਕਿ ਸੰਤਾਂ ਦਾ ਬਚਨ ਪੂਰਾ ਹੋਏ ਤੋਂ ਹੀ ਇਸ ਗੱਲ ਦਾ ਪਤਾ ਲੱਗੇਗਾ। ਸਮਾਂ ਲੰਘਦਾ ਗਿਆ ਇੱਕ ਸਾਲ ਤੋਂ ਬਾਅਦ ਛੋਟੀ ਸਰਦਾਰਨੀ ਦੇ ਪੁੱਤਰ ਦਾ ਜਨਮ ਹੋਇਆ। ਸਾਰੇ ਪਰਿਵਾਰ ਨੂੰ ਚਾਅ ਚੜ੍ਹ ਗਿਆ। ਬੜਾ ਦਾਨ ਪੁੰਨ ਕੀਤਾ ਗ਼ਰੀਬਾਂ ਦੀਆਂ ਅਸੀਸਾਂ ਲਈਆਂ। ਫਿਰ ਤਾਂ ਸਾਹਿਬ ਸਿੰਘ ਦੇ ਸਾਰੇ ਪਰਿਵਾਰ ਦੀ ਡੇਰੇ ਤੇ ਬੇਅੰਤ ਸ਼ਰਧਾ ਵਧ ਗਈ। ਨਗਰ ਨਿਵਾਸੀ ਬਾਬਾ ਜੀ ਦੇ ਸ਼ਰਧਾਲੂ ਬਣ ਗਏ। ਆਪਣੇ ਵੱਡੇ ਭਰਾ ਜੀਵਾ ਸਿੰਘ ਨੂੰ ਕਿਹਾ ਕਿ ਮੈਨੂੰ ਬਾਬਾ ਜੀ ਦੇ ਪਾਸ ਲੈ ਚੱਲੋ ਉਨ੍ਹਾਂ ਤੋਂ ਹੀ ਬੱਚੇ ਦਾ ਨਾਮ ਰਖਾਵਾਂਗਾ।

ਜਦੋਂ ਕਾਕਾ ਸਵਾ ਮਹੀਨੇ ਦਾ ਹੋ ਗਿਆ। ਬੜੀਆਂ ਖ਼ੁਸ਼ੀਆਂ ਨਾਲ ਤਿਆਰੀ ਕਰਕੇ ਸਮੇਤ ਪਰਿਵਾਰ ਦੇ ਹੋਰ ਨਗਰ ਨਿਵਾਸੀਆਂ ਨੂੰ ਨਾਲ ਲੈ ਕੇ ਸੰਤਾਂ ਦੇ ਪਾਸ ਡੇਰੇ ਆਇਆ। ਪਾਵਨ ਚਰਨਾਂ ਤੇ ਸੀਸ ਰੱਖ ਕੇ ਮੱਥਾ ਟੇਕਿਆ। ਚਰਨ ਧੂੜ ਮਸਤਕ ਨੂੰ ਲਾਈ ਭੇਟਾ ਅਰਪੀ। ਜਾਣੀ-ਜਾਣ ਦਾਤੇ ਨੇ ਸੁਖ ਅਨੰਦ ਪੁੱਛੀ। ਰਿਹਾਇਸ਼ ਕਰਵਾਈ ਦੂਸਰੇ ਦਿਨ ਅਖੰਡ ਪਾਠ ਰਖਵਾਇਆ ਅਤੇ ਭੋਗ ਪਏ ਤੋਂ ਭੰਡਾਰਾ ਕਰਵਾਇਆ। ਬੱਚੇ ਦਾ ਨਾਮ ਰਖਵਾਉਣ ਵਾਸਤੇ ਸੰਤਾਂ ਪਾਸ ਹਾਜ਼ਰ ਹੋਇਆ। ਹਜ਼ੂਰ ਨੇ ਆਪਣੇ ਹੱਥੀ ਚੋਲਾ ਪਾ ਕੇ ਬੱਚੇ ਦਾ ਨਾਮ ਰੱਖਿਆ। ਇਹ ਜਿਤਨੇ ਦਿਨ ਡੇਰੇ ਰਹੇ ਬੜੀ ਭਾਵਨਾ ਨਾਲ ਸੇਵਾ ਕਰਦੇ। ਸੰਤਾਂ ਦੇ ਬਚਨ ਸੁਣਦੇ ਤੇ ਦੀਵਾਨ ਦੀ ਹਾਜ਼ਰੀ ਭਰਦੇ ਰਹੇ। ਜਦੋਂ ਇਨ੍ਹਾਂ ਨੇ ਬਾਬਾ ਜੀ ਦੇ ਪਾਸ ਆਉਣਾ ਤਾਂ ਬਾਬਾ ਜੀ ਨੇ ਵੱਡੀ ਸਰਦਾਰਨੀ ਦਾ ਚਿਹਰਾ ਉਦਾਸ ਵੇਖਣਾ। ਮੇਹਰਾਂ ਦੇ ਘਰ ਵਿੱਚ ਆਏ ਤੇ ਸੋਚਿਆ ਕਿ ਇੱਕ ਦੀ ਗੋਦ ਹਰੀ ਹੈ ਤੇ ਦੂਜੀ ਉਦਾਸ ਹੈ। ਉਸ ਸਮੇਂ ਪ੍ਰਸੰਨ ਹੋ ਕੇ ਵੱਡੀ ਸਰਦਾਰਨੀ ਨੂੰ ਵੀ ਵਰ ਦੇ ਦਿੱਤਾ, "ਜਾਹ! ਤੇਰੇ ਘਰ ਵਿੱਚ ਵੀ ਇੱਕ ਪੁੱਤਰ ਹੋ ਜਾਵੇਗਾ।" ਫਿਰ ਕੀ ਸੀ ਮੇਹਰਾਂ ਦੀ ਵਰਖਾ ਹੋ ਗਈ ਜਿਸ ਨੇ ਸੁੱਕਾ ਮਨ ਹਰਾ ਕਰ ਦਿੱਤਾ ਅਤੇ ਅੰਦਰ ਸ਼ਰਧਾ ਦਾ ਅੰਕੁਰ ਫੁੱਟ ਆਇਆ। ਇਉਂ ਕੁਝ ਦਿਨਾਂ ਤੋਂ ਬਾਅਦ ਇਹ ਬਾਬਾ ਜੀ ਦੀ ਆਗਿਆ ਪਾ ਕੇ ਵਾਪਸ ਆ ਗਏ। ਸਾਲ ਤੋਂ ਬਾਅਦ ਦੂਸਰੇ ਬਾਲਕ ਨੇ ਜਨਮ ਲਿਆ। ਸਾਰੇ ਪ੍ਰੀਵਾਰ ਨੂੰ ਬਹੁਤ ਵਧਾਈਆਂ ਮਿਲੀਆਂ। ਬੜਾ ਦਾਨ ਪੁੰਨ ਕੀਤਾ ਅਤੇ ਅਖੰਡ ਪਾਠ ਦਾ ਭੋਗ ਪੁਆਕੇ ਯੱਗ ਕੀਤਾ।

ਧੰਨ ਬਾਬਾ ਆਇਆ ਸਿੰਘ ਜੀ ਮਹਾਰਾਜ!

# ਰਾਗੀ ਈਸ਼ਰ ਸਿੰਘ ਤੇ ਕ੍ਰਿਪਾ ਦ੍ਰਿਸ਼ਟੀ

ਜਦੋਂ ਬਾਬਾ ਜੀ ਅਰਧ ਕੁੰਭੀ ਤੋਂ ਵਾਪਸ ਆਏ ਤਾਂ ਰਾਗੀ ਈਸ਼ਰ ਸਿੰਘ ਨੂੰ (ਜਿਨ੍ਹਾਂ ਦੇ ਕੀਰਤਨ ਤੇ ਪ੍ਰਸੰਨ ਹੋ ਕੇ ਸੰਗਤ ਨੇ ਬੇਅੰਤ ਹੀ ਸ਼ਬਦ ਭੇਟ ਮਾਇਆ ਅਰਪੀ) ਡੇਰੇ ਆ ਕੇ ਆਪ ਨੇ ਪੁੱਛਿਆ ਕਿ ਤੁਹਾਨੂੰ ਇਤਨੀ ਸ਼ਬਦ ਭੇਟ ਮਾਇਆ ਆਈ ਹੈ ਇਸ ਨੂੰ ਕਿਸ ਤਰ੍ਹਾਂ ਵਰਤਦੇ ਹੋ? ਤਾਂ ਰਾਗੀ ਈਸ਼ਰ ਸਿੰਘ ਨੇ ਅਰਜ਼ ਕੀਤੀ, "ਮਹਾਰਾਜ ਅੱਜ ਤੱਕ ਮਾਇਆ ਸੰਗ੍ਰਹਿ ਨਹੀਂ ਕੀਤੀ। ਜਿਤਨੀ ਆਉਂਦੀ ਹੈ ਉਤਨੀ ਹੀ ਨਾਲ ਦੀ ਨਾਲ ਖਾ ਪੀ ਛਡਦੇ ਹਾਂ।" ਸੰਤਾਂ ਕਿਹਾ, "ਹੁਣ ਇਉਂ ਕਰੋ ਇਹ ਯਾਤਰਾ ਵਾਲੀ ਮਾਇਆ ਸਾਰੀ ਭਾਈ ਗੋਪਾਲ ਸਿੰਘ ਗੜ੍ਹੀ ਵਾਲਿਆਂ ਨੂੰ ਦੇ ਦਿਉਂ। ਉਹ ਤੁਹਾਨੂੰ ਜ਼ਮੀਨ ਖ਼ਰੀਦ ਦੇਣਗੇ। ਜਦੋਂ ਤੁਸੀਂ ਨਾ ਵੀ ਹੋਏ ਤਾਂ ਇਸ ਜ਼ਮੀਨ ਦਾ ਦਾਣਾ ਫੱਕਾ ਤੁਹਾਡੇ ਬੱਚਿਆ ਦੇ ਖਾਣ ਵਾਸਤੇ ਆ ਜਾਇਆ ਕਰੇਗਾ।" ਸੰਤਾਂ ਦਾ ਬਚਨ ਮੰਨ ਕੇ ਉਸ ਨੇ ਉਹ ਮਾਇਆ ਗੜ੍ਹੀ ਵਾਲੇ ਗੋਪਾਲ ਸਿੰਘ ਨੂੰ ਦੇ ਦਿੱਤੀ ਅਤੇ ਉਸ ਨੇ ਰਾਗੀ ਈਸ਼ਰ ਸਿੰਘ ਨੂੰ ਜ਼ਮੀਨ ਲੈ ਦਿੱਤੀ। ਏਧਰੋਂ ਈਸ਼ਵਰ ਦੀ ਨੇਤ ਨਾਲ ਰਾਗੀ ਈਸ਼ਰ ਸਿੰਘ ਥੋੜ੍ਹੇ ਦਿਨਾਂ ਬਾਅਦ ਗੁਜ਼ਰ ਗਿਆ। ਪਿੱਛੇ ਛੋਟੇ-ਛੋਟੇ ਬੱਚੇ ਸਨ ਜਿਨ੍ਹਾਂ ਦੀ ਕਮਾਈ ਕਰਕੇ ਕੋਈ ਪਾਲਣਾ ਕਰਨ ਵਾਲਾ ਹੈ ਨਹੀਂ ਸੀ। ਉਹ ਜ਼ਮੀਨ ਦੇ ਦਾਣਿਆਂ ਨਾਲ ਆਪਣਾ ਨਿਰਬਾਹ ਕਰਦੇ ਰਹੇ। ਉਸ ਸਮੇਂ ਸਭਨਾਂ ਨੂੰ ਸੰਤਾਂ ਦੇ ਬਚਨ ਯਾਦ ਆਏ। ਕਿ ਦੇਖੋ ਭੂਤ ਭਵਿੱਖਤ ਦੇ ਗਿਆਤਾ ਸੰਤਾਂ ਨੇ ਪਹਿਲਾਂ ਹੀ ਇਨ੍ਹਾਂ ਦੇ ਪਾਲਣ ਪੋਸ਼ਣ ਦਾ ਪ੍ਰਬੰਧ ਕਰ ਦਿੱਤਾ। ਧੰਨ ਹੈ ਨਿਰੰਕਾਰ, ਧੰਨ ਹਨ ਉਨ੍ਹਾਂ ਦੇ ਪਿਆਰੇ ਸੰਤ ਜਨ! ਜੇਕਰ ਸੰਤ ਜੀ ਪਰਉਪਕਾਰ ਨਾ ਕਰਦੇ ਤਾਂ ਇਹ ਸਾਰੀ ਹੀ ਮਾਇਆ ਵਿਅਰਥ ਚਲੀ ਜਾਣੀ ਸੀ ਅਤੇ ਬਾਅਦ ਵਿੱਚ ਬੱਚੇ ਤੇ ਪਰਿਵਾਰ ਦੁਖੀ ਹੁੰਦਾ। ਹੁਣ ਸੰਤਾਂ ਦੇ ਉਪਕਾਰ ਨਾਲ ਬੱਚੇ ਪਲ ਰਹੇ ਹਨ।

## ਫਿਰੋਜ਼ਪੁਰ ਵਾਲੇ ਮਹੰਤ ਤਖ਼ਤ ਸਿੰਘ ਜੀ ਤੇ ਸੰਤ ਜਵੰਦਾ ਸਿੰਘ ਜੀ

ਸੰਤ ਜਵੰਦਾ ਸਿੰਘ ਜੀ ਫਿਰੋਜ਼ਪੁਰ ਮਹਾਂ ਵਿਦਿਆਲਾ ਵਿੱਚ ਕੀਰਤਨ ਕਰਿਆ ਕਰਦੇ ਸਨ। ਇਨ੍ਹਾਂ ਨੂੰ ਬਾਬਾ ਆਇਆ ਸਿੰਘ ਜੀ ਦੀ ਸੰਗਤ ਦੁਆਰਾ ਭਜਨ ਸਿਮਰਨ ਦੀ ਚੰਗੀ ਲਾਗ ਲੱਗੀ ਹੋਈ ਸੀ, ਜਿਸ ਕਰਕੇ ਬਾਬਾ ਜੀ ਤੇ ਪੂਰਨ ਸ਼ਰਧਾ ਰੱਖਦੇ ਸਨ। ਹੋਤੀ ਡੇਰੇ ਵੀ ਕੀਰਤਨ ਕਰਕੇ ਸੰਗਤਾਂ ਦੀਆਂ ਖ਼ੁਸ਼ੀਆਂ ਤੇ ਬਾਬਾ ਜੀ ਦੀਆਂ ਅਸੀਸਾਂ ਲਿਆ ਕਰਦੇ ਸਨ। ਜਦੋਂ ਵੈਰਾਗ ਦੇ ਨਾਲ ਕੀਰਤਨ ਕਰਦੇ ਤਾਂ ਘੰਡਾ ਹੇੜੇ ਦੇ ਸ਼ਬਦ ਵਾਂਗੂੰ ਸੰਗਤਾਂ ਦੇ ਮਨ ਬੱਝ ਜਾਂਦੇ। ਇਹ ਕੀਰਤਨ ਸਮੇਂ ਮਹੰਤ ਤਖਤ ਸਿੰਘ ਜੀ ਹੋਰਨਾਂ ਪਾਸੋਂ ਵੀ (ਜੋ ਫਿਰੋਜ਼ਪੁਰ ਮਹਾ ਵਿਦਿਆਲੇ ਦੇ ਪ੍ਰਬੰਧਕ ਸਨ) ਬਾਬਾ ਕਰਮ ਸਿੰਘ ਜੀ ਅਤੇ ਬਾਬਾ ਆਇਆ ਸਿੰਘ ਜੀ ਦੀਆਂ ਸਾਖੀਆਂ ਸੁਣਿਆ ਕਰਦਾ ਪਰ ਇਨ੍ਹਾਂ ਬਚਨਾਂ ਦਾ ਮਹੰਤ ਤਖ਼ਤ ਸਿੰਘ ਜੀ ਦੇ ਮਨ ਤੇ ਘੱਟ ਹੀ ਅਸਰ ਹੁੰਦਾ ਕਿਉਂਕਿ ਹੋਤੀ ਡੇਰੇ ਉੱਪਰ ਸ਼ਰਧਾ ਨਹੀਂ ਸੀ ਅਤੇ ਨਾ ਹੀ ਬਾਬਾ ਜੀ ਨੂੰ ਜਾਣਦੇ ਸਨ।

ਇੱਕ ਵਾਰੀ ਦਸਮੀ ਦੇ ਸਾਲਾਨਾ ਜੋੜ ਮੇਲੇ ਤੇ ਸੰਤ ਜਵੰਦਾ ਸਿੰਘ ਜੀ ਨੇ ਮਹੰਤ ਜੀ ਨੂੰ ਵੀ ਹੋਤੀ ਡੇਰੇ ਜਾਣ ਲਈ ਰਾਜ਼ੀ ਕਰ ਲਿਆ ਕਿ ਤੁਸੀਂ ਇੱਕ ਵਾਰੀਂ ਜਾ ਕੇ ਦਰਸ਼ਨ ਤਾਂ ਕਰੋ। ਮਹੰਤ ਜੀ ਨੇ ਕਿਹਾ ਮੈਂ ਚਲਿਆ ਤਾਂ ਜਾਂਦਾ ਹਾਂ ਪਰ ਡੇਰੇ ਜਾ ਕੇ ਸੰਤਾਂ ਨੂੰ ਮੱਥਾ ਨਹੀਂ ਟੇਕਣਾ। ਸੰਤ ਜਵੰਦਾ ਸਿੰਘ ਜੀ ਕਹਿਣ ਲੱਗੇ ਕਿ ਇਹ ਤੁਹਾਡੀ ਮਰਜ਼ੀ ਹੈ। ਉਹ ਬਦੋ-ਬਦੀ ਕਿਸੇ ਤੋਂ ਮੱਥਾ ਨਹੀਂ ਟਿਕਾਉਂਦੇ ਪਰੰਤੂ ਤੇਰੇ ਪਾਸੋਂ ਆਪ ਹੀ ਨਹੀਂ ਰਿਹਾ ਜਾਣਾ। ਇਉਂ ਵਿਚਾਰਾਂ ਕਰਦੇ ਹੋਤੀ ਡੇਰੇ ਆ ਗਏ। ਦਸਮੀ ਦਾ ਸਾਲਾਨਾ ਦੀਵਾਨ ਡੇਰੇ ਤੋਂ ਬਾਹਰ 'ਕਲਪਾਣੀ' ਦੇ ਕੰਢੇ ਖੁਲ੍ਹੀ ਥਾਂ ਤੇ ਸਜਿਆ ਹੋਇਆ ਸੀ। ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੂ ਮੁਸਲਮਾਨ ਸਜੇ ਹੋਏ ਸਨ। ਅਰਸ਼ੀ ਬਾਣੀ ਦਾ ਹਜ਼ੂਰੀ ਵਿੱਚ ਰਸ ਭਿੰਨਾ ਕੀਰਤਨ ਹੋ ਰਿਹਾ ਸੀ। ਹੋਤੀ ਦਾ ਖ਼ਾਨ ਸਾਹਬ ਤੇ ਉਸ ਦਾ ਵਜ਼ੀਰ (ਹਿਸਟੋਰੀਅਨ) ਬਾਬਾ ਪ੍ਰੇਮ ਸਿੰਘ ਹੋਤੀ, ਹੋਰ ਕਰਨਲ, ਜਰਨਲ, ਫੌਜੀ ਅਫਸਰ, ਚੌਧਰੀ, ਰਾਓ ਉਮਰਾਓ ਚਰਨਾਂ ਵਿੱਚ ਸਜੇ ਬਾਬਾ ਜੀ ਦਾ ਦਰਸ਼ਨ ਕਰ ਰਹੇ ਸਨ। ਸੰਗਤ ਵੱਲੋਂ ਮਾਇਆ, ਬਰਤਨ, ਬਸਤਰ, ਮਿਸ਼ਰੀ, ਪਤਾਸੇ ਤੇ ਫ਼ਲ ਫਰੂਟ ਭੇਟਾ ਹੋ ਰਹੇ ਸਨ। ਸਾਰੇ ਹੀ ਪ੍ਰੇਮੀ ਸਤਿਗੁਰਾਂ ਨੂੰ ਤੇ ਬਾਬਾ ਜੀ ਨੂੰ ਨਮਸਕਾਰ ਕਰਕੇ ਇੱਕ ਪਾਸੇ ਬੈਠੀ ਜਾਂਦੇ ਸਨ। ਦੀਵਾਨ ਦੀ ਸੋਭਾ ਤੱਕ ਕੇ ਅਤੇ ਸੰਤਾਂ ਦਾ ਦਰਸ਼ਨ ਕਰਕੇ ਮਹੰਤ ਜੀ ਹੈਰਾਨ ਹੋ ਗਏ। ਸੰਤਾਂ ਨੂੰ ਮੱਥਾ ਤਾਂ ਨਾ ਟੇਕਿਆ ਪਰ ਜਾਣੀ ਜਾਣ ਦਾਤੇ ਨੇ ਸਤਿਕਾਰ ਨਾਲ ਆਪ ਹੀ ਉਸ ਨੂੰ ਪਾਸ ਬਿਠਾਅ ਲਿਆ। ਸੰਤ ਜਵੰਦ ਸਿੰਘ ਜੀ ਨੇ ਭਾਵਨਾ ਨਾਲ ਭੇਟਾ ਰੱਖ ਕੇ ਨਮਸਕਾਰ ਕੀਤੀ। ਸੰਤਾਂ ਨੇ ਇਨ੍ਹਾਂ ਦਾ ਵੀ ਆਦਰ ਕੀਤਾ ਤੇ ਪਾਸ ਬਿਠਾਇਆ।

ਉਸ ਸਮੇਂ ਨਜ਼ਦੀਕ ਬੈਠੇ ਮਹੰਤ ਜੀ ਨੇ ਆਪਣੇ ਮਨ ਵਿੱਚ ਸੰਕਲਪ ਕੀਤਾ ਕਿ ਜੇਕਰ ਸੰਤ ਜਾਣੀ ਜਾਣ ਹਨ ਤਾਂ ਮੈਨੂੰ ਮਖਾਣਿਆਂ ਦਾ ਪ੍ਰਸ਼ਾਦਿ, ਸਿਉ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਮੇਰਾ ਨਾਮ ਲੈ ਕੇ ਦੇਵਣ ਤਾਂ ਮੈਂ ਸਮਝਾਂਗਾ ਕਿ ਇਹ ਪੂਰਨ ਪੁਰਸ਼ ਹਨ। ਇਸ ਦੇ ਮਨ ਦੀ ਜਾਣ ਕੇ ਸੰਤਾਂ ਨੇ ਮਖਾਣਿਆਂ ਦਾ ਬੁੱਕ ਭਰ ਕੇ ਆਖਿਆ, "ਲਉ ਮਹੰਤ ਤਖ਼ਤ ਸਿੰਘ ਜੀ! ਪ੍ਰਸ਼ਾਦਿ।" ਉਸ ਸਮੇਂ ਕਿਸੇ ਪ੍ਰੇਮੀ ਨੇ ਲਿਆ ਕੇ ਸਿਉ ਭੇਟਾ ਕੀਤਾ ਸੰਤਾਂ ਕਿਹਾ, "ਮਹੰਤਾਂ ਨੂੰ ਦੇ ਦਿਉ।" ਲੰਗਰ ਵਿੱਚੋਂ ਕੜਾਹ ਪ੍ਰਸ਼ਾਦਿ ਮੰਗਵਾ ਕੇ ਦਿੱਤਾ। ਫਿਰ ਕੀ ਸੀ ਮਹੰਤ ਦੇ ਨੇਤਰਾਂ ਚੋਂ ਵੈਰਾਗ ਦਾ ਜਲ ਆ ਗਿਆ ਅਤੇ ਮਨ ਵਿੱਚ ਇਤਨੀ ਖ਼ੁਸ਼ੀ ਹੋਈ ਜੋ ਅੱਗੇ ਸਾਰੀ ਜ਼ਿੰਦਗੀ ਨਹੀਂ ਸੀ ਹੋਈ। ਉਸ ਸਮੇਂ ਚਰਨ ਫੜ ਲਏ ਤੇ ਅਰਜ ਕੀਤੀ, "ਮਹਾਰਾਜ! ਮੇਰੀ ਗ਼ਲਤੀ ਮੁਆਫ਼ ਕਰ ਦਿਉ।" ਸੰਤਾਂ ਨੇ ਸਿਰ ਤੇ ਹੱਥ ਰੱਖਿਆ ਧੀਰਜ ਦਿੱਤਾ ਤੇ ਕਿਹਾ, "ਗੁਰੂ ਰਾਖਾ ਹੈ ਲੋਕ ਪ੍ਰਲੋਕ ਸਵਰ ਗਿਆ। ਉੱਠੋ ਕੀਰਤਨ ਸੁਣੋ।" ਮਹੰਤ ਨੇ ਅਰਜ ਕੀਤੀ, "ਸਤਿਗੁਰਾਂ ਨੇ ਅੱਜ ਪੂਰਨ ਮਹਾਪੁਰਸ਼ਾਂ ਦਾ ਦੀਦਾਰ ਕਰਵਾਇਆ ਹੈ। ਇਹ ਸਾਰਾ ਉਪਕਾਰ ਜਵੰਦਾ ਸਿੰਘ ਜੀ ਦਾ ਹੈ।" ਉਸ ਸਮੇਂ ਬਾਬਾ ਪ੍ਰੇਮ ਸਿੰਘ, ਹਿਸਟੋਰੀਅਨ ਤੇ ਰਾਗੀ ਲਾਲ ਸਿੰਘ ਵੀ ਪਾਸ ਬੈਠੇ ਸਨ। ਸੇਵਾਦਾਰਾਂ ਨੂੰ ਹੁਕਮ ਕੀਤਾ ਕਿ ਸੰਤ ਜੀ ਤੇ ਮਹੰਤ ਜੀ ਨੂੰ ਕੋਠੀ ਲੈ ਜਾਉ ਤੇ ਦੁੱਧ ਛਕਾਓ।

ਸੰਤਾਂ ਦੀ ਆਗਿਆ ਪਾ ਕੇ ਸਾਰੇ ਕੋਠੀ ਵਿੱਚ ਆ ਗਏ ਤੇ ਦੁੱਧ ਛਕਿਆ। ਉਸ ਸਮੇਂ ਮਹੰਤ ਨੇ ਸਭਨਾਂ ਪਾਸ ਆਖਿਆ ਕਿ ਅੱਜ ਮੈਨੂੰ ਪੂਰਨ ਪੁਰਸ਼ ਤੇਜ਼ ਪ੍ਰਤਾਪੀ, ਬ੍ਰਹਮ ਗਿਆਨੀ ਸੰਤਾਂ ਦੇ ਦੀਦਾਰ ਹੋਏ ਹਨ। ਜਿਨ੍ਹਾਂ ਦੀ ਮਹਿਮਾ ਗੁਰਬਾਣੀ ਕਥਨ ਕਰਦੀ ਹੈ। ਮਨ ਪਸੀਜ ਗਿਆ ਹੈ। ਉਸ ਸਮੇਂ ਬਾਬਾ ਪਰੇਮ ਸਿੰਘ ਜੀ ਕਹਿਣ ਲੱਗੇ, "ਮਹਾਪੁਰਸ਼ੋ! ਜੇਕਰ ਇਹੋ ਜਿਹੇ ਪੂਰਨ ਪੁਰਖ ਸੰਤ ਨਾ ਹੁੰਦੇ ਤਾਂ ਇਸ ਧਰਤੀ ਦੇ ਰਾਕਸ਼ (ਜੋ ਹਿੰਦੂਆਂ ਦੇ ਜਾਨੀ ਦੁਸ਼ਮਣ ਹਨ)

ਕਿਵੇਂ ਝੁਕਦੇ ਤੇ ਸਲਾਮਾਂ ਕਰਦੇ? ਇਹ ਸਭ ਨਾਮ ਦਾ ਹੀ ਪ੍ਰਤਾਪ ਹੈ"। ਮਹੰਤ ਜੀ ਕਹਿਣ ਲੱਗੇ ਕਿ, "ਸੰਤ ਅੰਤਰਯਾਮੀ ਹਨ ਮੇਰੇ ਦਿਲ ਦੀ ਜਾਣ ਕੇ ਸਾਰੀਆਂ ਭਾਵਨਾਵਾਂ ਪੂਰਨ ਕਰ ਦਿੱਤੀਆਂ। ਸੇਬ ਛਕਾਕੇ, ਕੜਾਹ ਪ੍ਰਸ਼ਾਦਿ ਦਿੱਤਾ ਅਤੇ ਨਾਮ ਲੈ ਕੇ ਬੁਲਾਇਆ। ਧੰਨ ਹਨ ਬਾਬਾ ਆਇਆ ਸਿੰਘ ਜੀ।" ਬਾਬਾ ਪ੍ਰੇਮ ਸਿੰਘ ਜੀ ਨੇ ਫਿਰ ਆਖਿਆ, "ਇਸ ਧਰਤੀ ਨੂੰ ਸ਼ੇਰੇ ਪੰਜਾਬ ਨੇ ਤਾਂ ਤਲਵਾਰ ਦੇ ਜ਼ੋਰ ਨਾਲ ਝੁਕਾਇਆ ਸੀ ਪਰ ਇਨ੍ਹਾਂ ਨੇ ਬੰਦਗੀ ਕਰਕੇ ਸਾਰੇ ਪਠਾਣ ਝੁਕਾਅ ਲਏ ਹਨ। ਇਹ ਹਨ ਪੂਰਨ ਸਾਧੂ ਦੇ ਲੱਛਣ ਜਿਨ੍ਹਾਂ ਦਾ ਦਰਸ਼ਨ ਹੀ ਜੀਵ ਨੂੰ ਨਿਹਾਲ ਕਰ ਦਿੰਦਾ ਹੈ"।

ਦਰਸਨੁ ਭੇਟਤ ਹੋਤ ਨਿਹਾਲਾ ਹਰਿ ਕਾ ਨਾਮੁ ਬੀਚਾਰੈ ॥

(ਪੰਨਾ ੬੧੮)

ਅੰਦਰੋਂ ਬਾਹਰੋਂ ਇੱਕੋ ਜਿਹੇ ਹਨ ਪੂਰਨ ਬ੍ਰਹਮ ਗਿਆਨੀ ਦੀ ਪਹਿਚਾਨ ਵੀ ਇਹੋ ਜਿਹੀ ਹੈ ਕਿ ਪਰਉਪਕਾਰ ਕਰਨਾ ਤੇ ਹਰ ਇੱਕ ਦਾ ਭਲਾ ਲੋਚਨਾ।

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥

(ਪੰਨਾ ੨੭੩)

ਇਉਂ ਬਚਨ ਬਿਲਾਸ ਕਰਕੇ ਤੇ ਦੁੱਧ ਛਕਕੇ ਫਿਰ ਵਾਪਸ ਦੀਵਾਨ ਵਿੱਚ ਆ ਗਏ। ਉਸ ਸਮੇਂ ਲੰਗਰ ਵੀ ਖੁਲ੍ਹ ਚੁੱਕਾ ਸੀ। ਸੰਤਾਂ ਨੇ ਹੁਕਮ ਕੀਤਾ ਪਹਿਲਾਂ ਲੰਗਰ ਵਿੱਚ ਜਾ ਕੇ ਪ੍ਰਸ਼ਾਦਿ ਛਕ ਆਉ। ਸੰਤਾਂ ਦਾ ਹੁਕਮ ਮੰਨ ਕੇ ਸਾਰਿਆਂ ਨੇ ਪ੍ਰਸ਼ਾਦਿ ਛਕਿਆ। ਸ਼ਾਮ ਦੇ ਪੰਜ ਵਜੇ ਦੀਵਾਨ ਸਮਾਪਤ ਹੋਇਆ। ਅਰਦਾਸ ਹੋ ਕੇ ਕੜਾਹ ਪ੍ਰਸ਼ਾਦਿ ਵਰਤਿਆ। ਸੰਤ ਤਾਂ ਉਸ ਸਮੇਂ ਬਾਹਰ ਛੱਪਰੀਆਂ ਪਾਸ ਬਰੇਤੀ ਤੇ ਆ ਗਏ। ਏਥੇ ਆ ਕੇ ਇਸ਼ਨਾਨ ਕੀਤਾ। ਫਿਰ ਸ੍ਰੀ ਰਹਿਰਾਸ ਜੀ ਦਾ ਪਾਠ ਸੁਣਿਆ। ਆਰਤੀ ਆਰਤੇ ਦੇ ਸ਼ਬਦਾਂ ਤੋਂ ਬਾਅਦ ਹੋਰ ਖੁਲ੍ਹੇ ਸ਼ਬਦ ਪੜ੍ਹੇ। ਕਾਫ਼ੀ ਰਾਤ ਗਈ ਤੋਂ ਸੰਗਤ ਨੂੰ ਹੁਕਮ ਕੀਤਾ ਕਿ ਤੁਸੀਂ ਸਾਰੇ ਡੇਰੇ ਜਾ ਕੇ ਆਰਾਮ ਕਰੋ। ਸੰਤ ਜਵੰਦ ਸਿੰਘ ਤੇ ਮਹੰਤ ਤਖਤ ਸਿੰਘ ਜੀ ਨੂੰ ਵੀ ਡੇਰੇ ਆਉਣ ਦੀ ਆਗਿਆ ਦੇ ਦਿੱਤੀ। ਫਿਰ ਬਾਬਾ ਜੀ ਨੇ ਸਾਧੂਆਂ ਸਮੇਤ ਪ੍ਰਸ਼ਾਦਿ ਛਕਿਆ ਅਤੇ ਆਰਾਮ ਕੀਤਾ। ਬਾਬਾ ਪ੍ਰੇਮ ਸਿੰਘ ਜੀ ਤਾਂ ਸੰਤਾਂ ਤੋਂ ਆਗਿਆ ਪਾ ਕੇ ਮਰਦਾਨ ਆ ਗਏ ਜਿੱਥੇ ਇਨ੍ਹਾਂ ਦੀ ਰਿਹਾਇਸ਼ ਸੀ। ਆਉਣ ਸਮੇਂ ਮਹੰਤ ਜੀ ਨੂੰ ਕਹਿ ਆਏ ਕਿ ਅਸੀਂ ਤੁਹਾਨੂੰ ਲੈਣ ਆਵਾਂਗੇ ਤੁਸਾਂ ਹੋਤੀ ਸੰਗਤ ਨੂੰ ਦਰਸ਼ਨ ਦੇਣੇ। ਮਹੰਤ ਜੀ ਦੋ ਦਿਨ ਡੇਰੇ ਠਹਿਰੇ ਅਤੇ ਗੁਫਾ ਦੇ ਦਰਸ਼ਨ ਕੀਤੇ, ਸ਼ੁਭ ਬਚਨ ਬਲਾਸ ਸੁਣੇ। ਸਵੇਰੇ ਸ਼ਾਮ ਸੰਤ ਜਵੰਦ ਸਿੰਘ ਜੀ ਨਾਲ ਬਾਬਾ ਜੀ ਦੇ ਦਰਸ਼ਨਾਂ ਨੂੰ ਜਾਂਦੇ। ਇਉਂ ਅਸਥਾਨ ਦੀ ਸਾਰੀ ਮਰਿਯਾਦਾ ਤੱਕੀ।

ਅੱਜ ਸ਼ਾਮੀ ਸੰਤ ਜੀ ਮਹਾਰਾਜ 'ਕਲਪਾਣੀ' ਨਦੀ ਦੇ ਕਿਨਾਰੇ ਬੈਠੇ ਸਨ। ਉਸ ਸਮੇਂ ਹੋਰ ਵੀ ਬਹੁਤ ਸਾਰੀ ਸੰਗਤ ਜੁੜੀ ਹੋਈ ਦਰਸ਼ਨ ਕਰ ਰਹੀ ਸੀ। ਹਜ਼ੂਰੀ ਵਿੱਚ ਹਾਜ਼ਰੀ ਭਰਨ ਵਾਸਤੇ ਸੰਤ ਜਵੰਦ ਸਿੰਘ ਜੀ ਨੇ ਕੀਰਤਨ ਕੀਤਾ ਤੇ ਇਹ ਸ਼ਬਦ ਪੜ੍ਹਿਆ:

ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥

(ਪੰਨਾ ੧੪੦੬)

ਫੇਰ ਦੂਜਾ ਸ਼ਬਦ ਪੜ੍ਹਿਆ-

ਹਉ ਵਾਰੀ ਵੰਞਾ ਘੰਨੀਐ ਵੰਞਾ ਤਉ ਸਾਹਿਬ ਕੇ ਨਾਵੈ ॥

(ਪੰਨਾ ੫੫੭)

ਬੜੇ ਸੁੰਦਰ ਪ੍ਰਮਾਣ ਦੇ ਕੇ ਕੀਰਤਨ ਸੁਣਾਇਆ। ਸੁਣਨ ਵਾਲੇ ਸਰੋਤੇ ਵਜਦ ਵਿੱਚ ਆ ਕੇ ਝੂਮਣ ਲੱਗ ਪਏ। ਉਸ ਸਮੇਂ ਸੰਤਾਂ ਨੇ ਪ੍ਰਸੰਨ ਹੋ ਕੇ ਬੜੇ ਵਰ ਦਿੱਤੇ। ਦੂਸਰੇ ਦਿਨ ਮਹੰਤ ਨੇ ਬਾਬਾ ਜੀ ਪਾਸ ਮਨ ਦੀ ਇਕਾਗਰਤਾ ਲਈ ਅਰਜ਼ ਕੀਤੀ ਤਾਂ ਸੰਤਾਂ ਨੇ ਹੁਕਮ ਕੀਤਾ ਕਿ ਮਨ ਦੀ ਇਕਾਗਰਤਾ ਅੰਮ੍ਰਿਤ ਵੇਲੇ ਹੁੰਦੀ ਹੈ। ਗੁਰਬਾਣੀ ਵਿੱਚ ਸਤਿਗੁਰਾਂ ਦਾ ਪਾਵਨ ਬਚਨ ਹੈ:

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

(ਪੰਨਾ ੨)

ਸੋ ਮਹੰਤ ਜੀ! ਤੁਸੀਂ ਅੰਮ੍ਰਿਤ ਵੇਲਾ ਸੰਭਾਲੋ ਮਨ ਇਕਾਗਰ ਰਹੇਗਾ। ਜਿਸ ਨੇ ਅੰਮ੍ਰਿਤ ਵੇਲਾ ਹੀ ਆਪਣੇ ਹੱਥੋਂ ਗੁਆ ਲਿਆ ਫਿਰ ਉਸ ਦੇ ਪੱਲੇ ਕੁਝ ਵੀ ਨਹੀਂ ਰਹਿ ਜਾਂਦਾ ਅਤੇ ਜਿਸਨੇ ਅੰਮ੍ਰਿਤ ਵੇਲਾ ਸੰਭਾਲ ਲਿਆ ਉਸ ਪਾਸ ਸਭ ਕੁਝ ਹੈ। ਫਿਰ ਇਨ੍ਹਾਂ ਨੇ ਜਾਣ ਲਈ ਬਾਬਾ ਜੀ ਤੋਂ ਆਗਿਆ ਮੰਗੀ। ਬਾਬਾ ਜੀ ਨੇ ਦੋਹਾਂ ਨੂੰ ਸਿਰੋਪਾਓ ਤੇ ਪ੍ਰਸ਼ਾਦਿ ਦਿੱਤਾ।

ਇਥੋਂ ਬਾਬਾ ਪ੍ਰੇਮ ਸਿੰਘ ਜੀ ਹੋਤੀ ਲੈ ਆਏ। ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਸੰਤ ਜਵੰਦ ਸਿੰਘ ਜੀ ਦਾ ਕੀਰਤਨ ਤੇ ਲੈਕਚਰ ਹੋਇਆ। ਹੋਤੀ ਦੇ ਖ਼ਾਨ ਸਾਹਬ ਵੀ ਕੀਰਤਨ ਵਿੱਚ ਆਏ ਹੋਏ ਸਨ ਡਾਕਟਰ ਦੀਵਾਨ ਸਿੰਘ ਤੇ ਹੋਰ ਪਤਵੰਤੇ ਸੱਜਣ ਵੀ ਬੈਠੇ ਸਨ। ਉਸ ਸਮੇਂ ਬਾਬਾ ਪ੍ਰੇਮ ਸਿੰਘ ਜੀ ਨੇ ਮਹੰਤ ਜੀ ਦੀ ਬੜੀ ਸ਼ਲਾਘਾ ਕੀਤੀ ਕਿ ਇਹ ਫਿਰੋਜ਼ਪੁਰ ਮਹਾਂ-ਵਿਦਿਆਲੇ ਦੀ ਨਿਰਮਾਨਤਾ ਨਾਲ ਸੇਵਾ ਕਰ ਰਹੇ ਹਨ। ਏਥੋਂ ਦੀ ਸੰਗਤ ਵੱਲੋਂ ਸੰਤ ਜਵੰਦ ਸਿੰਘ ਜੀ ਤੇ ਮਹੰਤ ਤਖਤ ਸਿੰਘ ਜੀ ਨੂੰ ਸਿਰੋਪਾਓ ਦਿੱਤੇ, ਫ਼ੁੱਲਾਂ ਦੇ ਹਾਰ ਪਾਏ। ਸਟੇਸ਼ਨ ਤੱਕ ਨਾਲ ਆਏ ਗੱਡੀ ਵਿੱਚ ਬਿਠਾਕੇ ਸਾਰਿਆਂ ਨੇ ਸਤਿਕਾਰ ਨਾਲ ਵਿਦਾਅ ਕੀਤਾ। ਏਥੋਂ ਰਾਗੀ ਲਾਲ ਸਿੰਘ ਜੀ ਵੀ ਨਾਲ ਹੀ ਗੱਡੀ ਵਿੱਚ ਬੈਠੇ ਤੇ ਰਸਤੇ ਵਿੱਚ ਜਹਾਂਗੀਰੇ ਸਟੇਸ਼ਨ ਤੇ ਉੱਤਰ ਕੇ ਤੁਡੇਰ ਨਗਰ ਚਲੇ ਗਏ। ਜਿੱਥੇ ਇਹ ਗੁਰਦੁਆਰੇ ਗ੍ਰੰਥੀ ਦੀ ਸੇਵਾ ਕਰਦੇ ਹੁੰਦੇ ਸਨ।

ਮਹੰਤ ਸਾਹਿਬ ਤੇ ਸੰਤ ਜਵੰਦ ਸਿੰਘ ਜੀ ਬਾਬਾ ਕਰਮ ਸਿੰਘ ਜੀ ਮਹਾਰਾਜ ਅਤੇ ਬਾਬਾ ਆਇਆ ਸਿੰਘ ਜੀ ਦਾ ਜਸ ਕਰਦੇ ਹੋਏ ਫਿਰੋਜ਼ਪੁਰ ਆ ਗਏ। ਅੱਗੋਂ ਵਾਸਤੇ ਹਰੇਕ ਦਸਮੀ ਦੇ ਸਾਲਾਨਾ ਜੋੜ ਮੇਲੇ ਤੇ ਮਹੰਤ ਸਾਹਿਬ ਜੀ ਹੋਰ ਆਪਣੇ ਨਾਲ ਬਹੁਤ ਸਾਰੀ ਸੰਗਤ ਨੂੰ ਲੈ ਕੇ ਹੋਤੀ ਡੇਰੇ ਪੁੱਜਦੇ। ਆਪਣੇ ਉੱਪਰ ਸੰਤ ਜਵੰਦ ਸਿੰਘ ਜੀ ਦਾ ਹੀ ਉਪਕਾਰ ਸਮਝਦੇ। ਇਉਂ ਇਨ੍ਹਾਂ ਦੋਵਾਂ ਪ੍ਰੇਮੀਆਂ ਦੇ ਉਦਮ ਨਾਲ ਹੋਰ ਵੀ ਬਹੁਤ ਸਾਰੇ ਮਾਲਵੇ ਦੇਸ਼ ਦਾ ਭਲਾ ਹੋਇਆ ਤੇ ਸਿੱਖੀ ਦੀ ਰੰਗਤ ਚੜ੍ਹੀ।

# ਸ਼ਿਵੇ ਨਗਰ ਦੇ ਭਾਈ ਕੱਕੂ ਜੀ

ਹੋਤੀ ਮਰਦਾਨ ਤੋਂ ਕੁਝ ਕੁ ਮੀਲਾਂ ਦੇ ਫਾਸਲੇ ਤੇ ਇੱਕ 'ਸ਼ਿਵੇ' ਨਾਮ ਦਾ ਨਗਰ ਹੈ, ਜਿਥੋਂ ਦੇ ਗੋਪੀ ਸਿੰਘ ਤੇ ਪਰਮਾ ਨੰਦ ਨਾਮ ਦੇ ਮਸ਼ਹੂਰ ਰਾਗੀ ਸਨ ਅਤੇ ਹਰੇਕ ਦਸਮੀ ਦੇ ਦਿਨ ਡੇਰੇ ਆ ਕੇ ਵੱਡੇ ਸਾਹਿਬਾਂ ਦੇ ਸਮੇਂ ਕੀਰਤਨ ਦੁਆਰਾ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰਦੇ। ਉਸੇ ਹੀ ਨਗਰ ਦਾ ਇੱਕ ਸਹਿਜ ਧਾਰੀ ਗ੍ਰਹਿਸਥੀ ਭਗਤ ਭਾਈ ਕੱਕੂ ਨਾਮ ਕਰਕੇ ਬੜਾ ਹੀ ਸ਼ਰਧਾਲੂ ਤੇ ਸੰਤਾਂ ਦਾ ਅਨਿਨ ਸੇਵਕ ਸੀ। ਇਸਨੇ ਬਾਬਾ ਕਰਮ ਜੀ ਪਾਸੋਂ ਉਪਦੇਸ਼ ਲੈ ਕੇ ਗੁਰ ਸ਼ਬਦ ਦੀ ਚੰਗੀ ਸੋਹਣੀ ਕਮਾਈ ਕੀਤੀ ਅਤੇ ਸੇਵਾ ਵਿੱਚ ਹੀ ਲੱਗਾ ਰਿਹਾ। ਬਾਬਾ ਜੀ ਵਾਸਤੇ ਬਾਹਰ ਗੁਫਾ ਵਿੱਚ ਪ੍ਰਸ਼ਾਦਿ ਦਾ ਥਾਲ ਲੈ ਜਾਂਦਾ। ਪ੍ਰਸ਼ਾਦਿ ਛਕਾ ਕੇ ਫਿਰ ਬਰਤਨ ਲੈ ਕੇ ਡੇਰੇ ਆਉਂਦਾ ਅਤੇ ਰਾਤ ਦੇ ਲੰਗਰ ਦੀ ਤਿਆਰੀ ਕਰਕੇ ਬਾਹਰ ਬਰੇਤੀ ਤੇ ਹੀ ਪ੍ਰਸ਼ਾਦਿ ਲੈ ਜਾਂਦਾ। ਚਰਨ ਘੁਟਦਾ ਤੇ ਮੁਠੀ ਚਾਪੀ ਕਰਦਾ। ਇਉਂ ਬੜੀ ਸੇਵਾ ਕਰਦਾ ਹੋਇਆ ਅੱਠੇ ਪਹਿਰ ਸਿਮਰਨ ਵਿੱਚ ਜੁੜਿਆ ਰਹਿੰਦਾ। ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਕਮਲ ਸਰੀਖੇ ਚਰਨਾਂ ਦਾ ਭੌਰਾ ਸੀ।

ਉਨ੍ਹਾਂ ਤੋਂ ਬਾਅਦ ਉਸੇ ਤਰ੍ਹਾਂ ਹੀ ਬਾਬਾ ਆਇਆ ਸਿੰਘ ਜੀ ਦੀ ਸੇਵਾ ਕਰਦਾ ਰਿਹਾ, ਨਾ ਖਾਣ ਦਾ ਲਾਲਚ ਨਾ ਪਹਿਨਣ ਦਾ ਸ਼ੌਕ। ਜਿੱਥੇ ਵੀ ਬੈਠਾ ਹੈ ਬੈਠਾ ਹੀ ਰਹਿੰਦਾ, ਜਿੱਥੇ ਪਿਆ ਹੈ ਪਿਆ ਹੀ ਰਹਿੰਦਾ। ਇਉਂ ਮਸਤਾਨੀ ਬਿਰਤੀ ਵਾਲਾ ਕਾਮਲ ਫ਼ਕੀਰ ਸੀ। ਸਮਾਂ ਲੰਘਦਾ ਗਿਆ। ਇੱਕ ਦਿਨ ਸ਼ਾਮ ਦੇ ਟਾਇਮ ਬਰੇਤੀ ਤੇ ਬੈਠਿਆਂ ਸੰਤਾਂ ਨੂੰ ਇੱਕ ਦੁਰਗਾ ਦਾਸ ਪੰਡਿਤ ਗਰੁੜ ਪ੍ਰਾਣ ਦੀ ਕਥਾ ਸੁਣਾ ਰਿਹਾ ਸੀ। ਉਸ ਵੇਲੇ ਜ਼ਿਕਰ ਆਇਆ ਕਿ ਜੋ ਵੀ ਪ੍ਰਾਣੀ ਮਰਦਾ ਹੈ। ਉਹ ਸਾਲ ਭਰ ਦੇ ਸਮੇਂ ਵਿੱਚ ਧਰਮਰਾਜ ਦੇ ਪਾਸ ਪੁੱਜਦਾ ਹੈ। ਫਿਰ ਉੱਥੇ ਉਸ ਦੇ ਕਰਮਾਂ ਦਾ ਹਿਸਾਬ ਕਿਤਾਬ ਹੁੰਦਾ ਹੈ। ਭਾਈ ਕੱਕੂ ਉਸ ਸਮੇਂ ਸੰਤਾਂ ਵਾਸਤੇ ਬਾਟੀ ਵਿੱਚ ਦੁੱਧ ਪਾਕੇ ਹੱਥ ਵਿੱਚ ਦਵਾਈ ਦੀ ਪੁੜੀ ਲੈ ਕੇ ਛਕਾਉਣ ਲਈ ਪਾਸ ਖੜ੍ਹਾ ਸੀ। ਸੰਤ ਕੁਝ ਦਿਨਾਂ ਤੋਂ ਦੁੱਧ ਨਾਲ ਦਵਾਈ ਲੈਂਦੇ ਹੁੰਦੇ ਸਨ। ਸਰੀਰ ਢਿੱਲਾ ਸੀ। ਭਾਈ ਕੱਕੂ ਨੇ ਅਰਜ਼ ਕੀਤੀ, "ਮਹਾਰਾਜ! ਦੁੱਧ ਠੰਡਾ ਹੋ ਜਾਵੇਗਾ ਆਪ ਦਵਾਈ ਛਕ ਲਉ।" ਸੰਤਾਂ ਨੇ ਕਿਹਾ, "ਲੈਂਦੇ ਹਾਂ ਕਥਾ ਸੁਣ ਲਈਏ।" ਕੁਝ ਸਮੇਂ ਤੋਂ ਬਾਅਦ ਭਾਈ ਕੱਕੂ ਬੋਲਿਆ, "ਗ਼ਰੀਬ ਨਿਵਾਜ! ਦੁੱਧ ਠੰਢਾ ਹੋ ਜਾਸੀ ਆਪ ਦਵਾਈ ਲੈ ਲਉ"। ਸੰਤਾਂ ਕਿਹਾ, "ਠਹਿਰ ਜਾਹ ਭਾਈ! ਆਹ ਬਚਨ ਸੁਣ ਲਈਏ" ਤਾਂ ਮਸਤਾਨੇ ਫ਼ਕੀਰ ਭਾਈ ਕੱਕੂ ਨੇ ਕਿਹਾ ਕਿ ਦੁੱਧ ਪੁੜੀ ਲੈਂਦੇ ਨਹੀਂ ਗਰੁੜ-ਗਰੁੜ ਕਰੀ ਜਾਂਦੇ ਹੋ। ਕੀ ਲਿਖਿਆ ਹੈ ਇਸ ਵਿੱਚ? ਕਹਿੰਦੇ ਹੋ ਕਥਾ ਸੁਣ ਲਈਏ ਜੋ ਪ੍ਰਲੋਕ ਦਾ ਰਸਤਾ ਪੰਡਿਤ ਇੱਕ ਸਾਲ ਦਾ ਕਹਿੰਦਾ ਹੈ ਮੈਨੂੰ ਹੁਕਮ ਕਰੋ ਮੈਂ ਪੰਡਿਤ ਨੂੰ ਪੰਜਾਂ ਮਿੰਟਾਂ ਵਿੱਚ ਲੈ ਜਾਂਦਾ ਹਾਂ।

ਪੰਡਿਤ ਸੁਣ ਕੇ ਬੜਾ ਹੈਰਾਨ ਹੋ ਗਿਆ। ਕਥਾ ਬੰਦ ਕਰ ਦਿੱਤੀ। ਸੋਚਦਾ ਹੈ ਕਿ ਇਸ ਸਿੱਖ ਦੇ ਮੈਲੇ ਤੇ ਫਟੇ ਕੱਪੜੇ ਹਨ। ਪਗੜੀ ਚੋਂ ਕੇਸ ਵੀ ਏਧਰ ਓਧਰ ਖਿਲਰੇ ਹਨ। ਸਿੱਧਾ ਸਾਦਾ ਮਾਲੂਮ ਹੁੰਦਾ ਹੈ ਇਹ ਕੀ ਆਖਦਾ ਹੈ? ਫਿਰ ਕੁਝ ਗ਼ੁੱਸੇ ਵਿੱਚ ਆ ਕੇ ਉਸ ਨੇ ਬਾਬਾ ਜੀ ਦੇ ਪਾਸ ਅਰਜ਼ ਕੀਤੀ ਕਿ ਮਹਾਰਾਜ ਇਸ ਸਿੱਖ ਨੇ ਕਥਾ ਨੂੰ ਮਖ਼ੌਲ ਕੀਤਾ ਹੈ। ਉਸ ਸਮੇਂ ਬੜੇ ਤੇਜ਼ ਪ੍ਰਤਾਪੀ, ਪੂਰਨ ਬ੍ਰਹਮ ਗਿਆਨੀ, ਮਹਾ ਸ਼ਾਂਤ ਬਾਬਾ ਆਇਆ ਸਿੰਘ ਜੀ ਨੇ ਆਖਿਆ, "ਪੰਡਿਤ ਜੀ! ਤੁਸੀਂ ਘਾਬਰੋ ਨਾ ਇਹ ਵਾਹਿਗੁਰੂ ਦੇ ਦਾਨੇ ਮਸਤਾਨੇ ਸਿੱਖ ਹਨ। ਇਨ੍ਹਾਂ ਦੀ ਬੜੀ ਪਹੁੰਚ ਹੁੰਦੀ ਹੈ।

ਜਿਵੇਂ ਇੱਕ ਵਾਰ ਛੇਵੇਂ ਪਾਤਸ਼ਾਹ ਜੀ ਦੇ ਸਮੇਂ ਹਰਿਗੋਬਿਦ ਪੁਰੇ ਦੀ ਪਾਵਨ ਧਰਤੀ ਤੇ ਬਟਾਲੇ ਦੇ ਨਿੱਤਾ ਨੰਦ ਪੰਡਿਤ ਨੇ ਵੀ ਗਰੜ ਪ੍ਰਾਣ ਦੀ ਕਥਾ ਸੁਣਾਈ ਸੀ। ਉਸ ਸਮੇਂ ਵੀ ਉਸ ਨੇ ਪ੍ਰਲੋਕ ਦਾ ਰਸਤਾ ਸਾਲ ਭਰ ਦਾ ਦੱਸਿਆ ਤਾਂ ਆਪਸ ਵਿੱਚ ਚਹੁੰ ਸਿੱਖਾਂ ਭਾਈ ਲਾਲਾ, ਭਾਈ ਸੁੰਦਰ, ਭਾਈ ਨਿਹਾਲਾ, ਭਾਈ ਮਈਆ ਦਾ ਸੰਵਾਦ ਹੋਇਆ ਸੀ। ਇੱਕ ਕਹਿੰਦਾ ਮੈਂ ਚਾਰ ਪਹਿਰ ਵਿੱਚ ਪੁੱਜ ਸਕਦਾ ਹਾਂ। ਦੂਜਾ ਕਹਿੰਦਾ ਮੇਂ ਦੋ ਪਹਿਰਾਂ ਵਿੱਚ ਜਾ ਸਕਦਾ ਹਾਂ। ਤੀਜੇ ਨੇ ਇੱਕ ਪਹਿਰ ਤੇ ਚੌਥੇ ਸਿੱਖ ਨੇ ਇੱਕ ਘੜੀ ਦਾ ਪੈਂਡਾ ਦੱਸਿਆ। ਫਿਰ ਸਤਿਗੁਰਾਂ ਨੇ ਪੰਡਿਤ ਜੀ ਨੂੰ ਨਿਸ਼ਚਾ ਕਰਵਾਇਆ ਕਿ ਇਸ ਕਥਾ ਵਿੱਚ ਇਸ ਦੇ ਕਰਤਾ ਨੇ ਪਾਪੀਆਂ ਤੇ ਪੁੰਨੀਆਂ ਦਾ ਹੀ ਜ਼ਿਕਰ ਕੀਤਾ ਹੈ। ਨਾਮ ਦੇ ਰਸੀਏ ਗੁਰਸਿੱਖਾਂ ਦਾ ਨਹੀਂ। ਪਾਪੀ ਤੇ ਪੁੰਨੀ ਸਾਲ ਭਰ ਵਿੱਚ ਹੀ ਪੁੱਜਦੇ ਹਨ ਤੇ ਉੱਥੇ ਉਨ੍ਹਾਂ ਦਾ ਹਿਸਾਬ ਕਿਤਾਬ ਕੀਤਾ ਜਾਂਦਾ ਹੈ।

ਯਥਾ: ਪੁੰਨੁ ਦਾਨੁ ਜੋ ਬੀਜਦੇ ਸਭ ਧਰਮਰਾਇ ਕੈ ਜਾਈ ॥ (ਪੰਨਾ ੧੪੧੪)

ਪਾਪੀਆਂ ਨੂੰ ਅਨੇਕ ਪ੍ਰਕਾਰ ਦੀ ਸਜ਼ਾ ਤੇ ਪੁੰਨੀਆਂ ਨੂੰ ਰਸਤੇ ਵਿੱਚ ਅਸਵਾਰੀ ਮਿਲਦੀ ਹੈ ਜਾਂਦੇ ਦੋਵੇਂ ਹੀ ਸਾਲ ਭਰ ਵਿੱਚ ਹਨ। ਗੁਰ ਸਿੱਖਾਂ ਤੇ ਨਾਮ ਦੇ ਰਸੀਆਂ ਦਾ ਏਥੇ ਜਿਕਰ ਨਹੀਂ ਕੀਤਾ-

ਜਹ ਲਾਲਚ ਜਾਗਾਤੀ ਘਾਟ ॥
ਦੂਰਿ ਰਹੀ ਉਹ ਜਨ ਤੇ ਬਾਟ ॥
ਜਹ ਆਵਟੇ ਬਹੁਤ ਘਨ ਸਾਥ ॥
ਪਾਰਬ੍ਰਹਮ ਕੇ ਸੰਗੀ ਸਾਧ ॥

(ਪੰਨਾ ੩੯੬)

ਅਤੇ:

ਸੋ ਮਾਰਗੁ ਸੰਤਨ ਦੂਰਾਰੀ ॥

(ਪੰਨਾ ੩੯੩)

ਇਹ ਇਸ ਤਰ੍ਹਾਂ ਹੀ ਜਾ ਸਕਦੇ ਹਨ ਜਿਵੇਂ ਕਹਿੰਦੇ ਹਨ। ਉਸ ਸਮੇਂ ਨਿੱਤਾ ਨੰਦ ਆਪਣੀ ਉਚ ਜਾਤੀ ਤੇ ਵਿੱਦਿਆ ਦਾ ਮਾਣ ਛੱਡਕੇ ਗੁਰੂ ਕਾ ਸਿੱਖ ਬਣ ਗਿਆ ਤੇ ਫਿਰ ਇਸ ਅਵਸਥਾ ਦਾ ਉਹ ਵੀ ਜਾਣੂ ਹੋ ਗਿਆ। ਇਸੇ ਤਰ੍ਹਾਂ ਇਹ ਮਸਤਾਨੇ ਦੀਵਾਨੇ ਸਿੱਖ ਠੀਕ ਹੀ ਕਹਿੰਦੇ ਹਨ। ਇਨ੍ਹਾਂ ਦੀ ਬੜੀ ਪਹੁੰਚ ਹੁੰਦੀ ਹੈ।" ਤਾਂ ਪੰਡਿਤ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਮੈਨੂੰ ਅੱਖੀ ਦਿਖਾ ਦੇਵੋ ਤਾਂ ਨਿਸਚਾ ਆ ਜਾਵੇਗਾ।" ਉਸ ਸਮੇ ਸੰਤਾਂ ਨੇ ਭਾਈ ਕੱਕੂ ਨੂੰ ਕਿਹਾ ਕਿ ਤੁਸੀਂ ਪੰਡਿਤ ਨੂੰ ਨਾਲ ਲੈ ਜਾਵੋ। ਜਿਵੇਂ ਇਹ ਚਾਹੁੰਦੇ ਹਨ ਦਿਖਾ ਦਿਉ। ਸੰਤਾਂ ਦਾ ਬਚਨ ਮੰਨਕੇ ਭਾਈ ਕੱਕੂ ਨੇ ਪੰਡਿਤ ਦਾ ਹੱਥ ਫੜਕੇ ਨੇਤਰ ਬੰਦ ਕੀਤੇ ਤੇ ਉਸ ਨੂੰ ਨਾਲ ਲੈ ਕੇ ਇੱਕ ਪਲ ਵਿੱਚ ਧਰਮਰਾਜ ਦੇ ਪਾਸ ਪਹੁੰਚ ਗਏ। ਧਰਮਰਾਜ ਉੱਠਕੇ ਖੜ੍ਹਾ ਹੋ ਗਿਆ ਅਤੇ ਕਿਹਾ ਕਿ ਤੁਸਾਂ ਨੇ ਅੱਜ ਮੇਰਾ ਘਰ ਪਵਿਤ੍ਰ ਕਰ ਦਿੱਤਾ।

ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥
ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥

(ਪੰਨਾ ੧੪੨੫)

ਦੋ ਫੁੱਲਾਂ ਦੀਆਂ ਮਾਲਾ ਲੈ ਕੇ ਭਾਈ ਕੱਕੂ ਤੇ ਪੰਡਿਤ ਦੇ ਗਲ ਵਿੱਚ ਪਾ ਦਿੱਤੀਆਂ ਤੇ ਬੋਲਿਆ, "ਧੰਨ ਹੋ ਗੁਰੂ ਕੇ ਪਿਆਰੇ ਸਿੱਖੋ! ਅੱਜ ਤੁਸਾਂ ਦਰਸ਼ਨ ਦਿੱਤੇ।" ਪੰਡਿਤ ਨੂੰ ਵੀ ਆਖਿਆ ਕਿ ਤੂੰ ਪੂਰੇ ਸੰਤਾਂ ਦਾ ਦਰਸ਼ਨ ਕਰਕੇ ਗੁਰੂ ਕੇ ਅਨਿਨ ਸਿੱਖ ਦੇ ਨਾਲ ਆਇਆ ਹੈਂ ਤੂੰ ਵੀ ਧੰਨਤਾ ਯੋਗ ਹੈਂ। ਹੁਣ ਜੇ ਆਪਣਾ ਜਨਮ ਸਵਾਰਨਾ ਹੈ ਤਾਂ ਜਾਉ ਸੰਤਾਂ ਦੇ ਚਰਨੀ ਲੱਗੋ ਤੇ ਨਾਮ ਜਪੋ। ਨਾਮ ਤੋਂ ਉੱਪਰ ਕੋਈ ਕਥਾ ਵਾਰਤਾ ਤੇ ਜੰਤਰ ਮੰਤਰ ਨਹੀਂ ਹੈ। ਮੇਰੇ ਵਲੋਂ ਵੀ ਬਾਬਾ ਆਇਆ ਸਿੰਘ ਜੀ ਮਹਾਰਾਜ ਨੂੰ ਮੱਥਾ ਟੇਕਣਾ। ਇਉਂ ਦੋਵਾਂ ਦਾ ਧਰਮਰਾਜ ਨੇ ਬੜਾ ਆਦਰ ਕੀਤਾ।

ਸਾਧਸੰਗਿ ਧਰਮ ਰਾਇ ਕਰੇ ਸੇਵਾ ॥

(ਪੰਨਾ ੨੭੧)

ਜਦੋਂ ਦੋਵਾਂ ਨੇ ਨੇਤਰ ਖੋਲ੍ਹੇ ਤਾਂ ਬਾਬਾ ਜੀ ਨੇ ਪੁੱਛਿਆ ਕਿ ਪੰਡਿਤ ਜੀ ਕੁਝ ਦੇਖਿਆ। ਉਸ ਸਮੇਂ ਪੰਡਿਤ ਨੇ ਗਲ ਵਿੱਚ ਪੱਲਾ ਪਾਇਆ, ਹੱਥ ਜੋੜੇ ਤੇ ਚਰਨਾਂ ਤੇ ਡਿੱਗਕੇ ਅਰਜ਼ ਕੀਤੀ, "ਧੰਨ ਹੋ ਤੁਸੀਂ! ਧੰਨ ਹਨ ਤੁਹਾਡੇ ਸਿੱਖ ਜੋ ਭਜਨ ਕਰਕੇ ਇਤਨੀ ਪਹੁੰਚ ਵਾਲੇ ਹੋਏ ਹਨ। ਕ੍ਰਿਪਾ ਕਰਕੇ ਮੈਨੂੰ ਵੀ ਇਹ ਲਗਨ ਲਾਉ। ਮੈਂ ਧਰਮ ਰਾਜ ਪਾਸ ਸਭ ਕੁਝ ਦੇਖ ਆਇਆ ਹਾਂ।" ਸੰਤਾਂ ਨੇ ਪੰਡਿਤ ਨੂੰ ਨਾਮ ਦਾਨ ਬਖ਼ਸ਼ਿਆ ਤੇ ਰਹਿਤਾਂ ਦੱਸੀਆਂ। ਪੰਡਿਤ ਉਸ ਸਮੇਂ ਸੰਤਾਂ ਦੀ ਆਗਿਆ ਪਾ ਕੇ ਉਸਤਤ ਕਰਦਾ ਵਾਪਸ ਬਾਨਾਰਸ ਚਲਾ ਗਿਆ ਅਤੇ ਹੋਰ ਪੰਡਿਤ ਵੀ ਉਸ ਦੀ ਕਥਾ ਸੁਣਕੇ ਗੁਰੂ ਘਰ ਦੇ ਸ਼ਰਧਾਲੂ ਬਣੇ ਅਤੇ ਬਾਬਾ ਜੀ ਦੇ ਦਰਸ਼ਨਾਂ ਨੂੰ ਹੋਤੀ ਡੇਰੇ ਆਏ। ਇਹ ਨਾਮ ਦੀ ਵਡਿਆਈ ਹੈ:

ਨਾਮੁ ਸਿਰੋਮਣਿ ਸਰਬ ਮੈ ਭਗਤ ਰਹੇ ਲਿਵ ਧਾਰਿ ॥

(ਪੰਨਾ ੧੩੯੩)

ਭਾਈ ਕੱਕੂ ਪੂਰਨ ਬ੍ਰਹਮ ਗਿਆਨੀ ਮਹਾਂ ਪੁਰਸ਼ ਹੋਇਆ ਹੈ। ਸਦਾ ਸਾਦੀ ਕ੍ਰਿਆ ਰੱਖਣੀ, ਨਾਮ ਜਪਣਾ, ਅੱਠੇ ਪਹਿਰ ਸੇਵਾ ਵਿੱਚ ਹੀ ਮਸਤ ਰਹਿਣਾ। ਜੇ ਕਦੇ ਸੰਤਾਂ ਨੇ ਚੰਗੇ ਬਸਤਰ ਤੇ ਮਾਇਆ ਦੇਣੀ ਤਾਂ ਇਸ ਨੇ ਅਰਜ਼ ਕਰਨੀ,

"ਗ਼ਰੀਬ ਨਿਵਾਜ਼! ਅਜੇ ਗਲ ਵਾਲੇ ਬਸਤਰ ਚੰਗੇ ਹਨ। ਪਹਿਲੇ ਫਟ ਜਾਣ ਫੇਰ ਲਵਾਂਗਾ। ਮਾਇਆ ਦੀ ਲੋੜ ਨਹੀਂ ਨਾਮ ਰੂਪੀ ਧਨ ਬਖ਼ਸ਼ੋ ਤੇ ਰੱਖੋ ਆਪਣੇ ਨਾਲ ਹੀ।" ਇਹ ਅਵਸਥਾ ਸੀ

ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥

(ਪੰਨਾ ੪੬੭)

ਇਉਂ ਭਾਈ ਕੱਕੂ ਨਾਮ ਜਪਦਿਆਂ ਸੇਵਾ ਕਰਦਿਆਂ ਚੜ੍ਹਾਈ ਕਰ ਗਿਆ। ਸੰਤਾਂ ਨੇ ਉਸਦਾ ਸਰੀਰ ਸੰਦੂਕ ਵਿੱਚ ਬੰਦ ਕਰਕੇ ਜਲ ਪ੍ਰਵਾਹ ਕਰ ਦਿੱਤਾ। ਉਸ ਨਮਿੱਤ ਅਖੰਡ ਪਾਠ ਰਖਵਾਇਆ। ਭੋਗ ਪਏ ਤੇ ਪੱਕਾ ਭੰਡਾਰਾਂ ਕੀਤਾ। ਧੰਨ ਸੰਤ ਜੀ ਮਹਾਰਾਜ!

ਪੂਰੇ ਗੁਰ ਕੀ ਪੂਰੀ ਦੀਖਿਆ ॥
ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥

(ਪੰਨਾ ੨੯੩)

ਗੁਰਸਿੱਖ ਦਾ ਤਾਂ ਸਦਾ ਏਥੇ ਨਿਵਾਸ ਹੈ।

ਗਉੜੀ ਮਹਲਾ ੫

ਅਗਮ ਰੂਪ ਕਾ ਮਨ ਮਹਿ ਥਾਨਾ ॥
ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ ॥੧॥
ਸਹਜ ਕਥਾ ਕੇ ਅੰਮ੍ਰਿਤ ਕੁੰਟਾ ॥
ਜਿਸਹਿ ਪਰਾਪਤਿ ਤਿਸੁ ਲੈ ਭੁੰਚਾ ॥੧॥ ਰਹਾਉ ॥
ਅਨਹਤ ਬਾਣੀ ਥਾਨੁ ਨਿਰਾਲਾ ॥
ਤਾ ਕੀ ਧੁਨਿ ਮੋਹੇ ਗੋਪਾਲਾ ॥੨॥
ਤਹ ਸਹਜ ਅਖਾਰੇ ਅਨੇਕ ਅਨੰਤਾ ॥
ਪਾਰਬ੍ਰਹਮ ਕੇ ਸੰਗੀ ਸੰਤਾ ॥੩॥
ਹਰਖ ਅਨੰਤ ਸੋਗ ਨਹੀ ਬੀਆ ॥
ਸੋ ਘਰੁ ਗੁਰਿ ਨਾਨਕ ਕਉ ਦੀਆ ॥੪॥

(ਪੰਨਾ ੧੯੩)

# ਗੁਫ਼ਾ ਤੋਂ ਪੈਦਲ ਚੱਲੇ ਕਲਪਾਣੀ ਵਿਚਲੇ ਰਸਤੇ ਦੀ ਸਾਖੀ

ਇੱਕ ਦਿਨ ਬਾਬਾ ਆਇਆ ਸਿੰਘ ਜੀ ਗੁਫਾ ਤੋਂ ਬਾਹਰ ਡੇਰੇ ਵੱਲ ਪੈਦਲ ਆ ਰਹੇ ਸਨ। ਅੱਗੇ ਤਾਂ ਹਰ ਰੋਜ਼ ਉੱਪਰਲੇ ਸਾਫ਼ ਰਸਤੇ ਹੀ ਆਇਆ ਕਰਦੇ ਸਨ ਪਰ ਅੱਜ ਹਜ਼ੂਰ ਨੇ ਕਿਸੇ ਜੀਵ ਤੇ ਤਰਸ ਕਰਕੇ ਨਾਲ ਦੇ ਪ੍ਰੇਮੀਆਂ ਨੂੰ ਹੁਕਮ ਕੀਤਾ ਕਿ ਅੱਜ ਵਿਚਲੇ ਰਸਤੇ ਜਾਣਾ ਹੈ। ਇਹ ਰਸਤਾ ਗੁਫਾ ਤੋਂ ਹੇਠਾਂ ਦੀ ਜਾਂਦਾ ਸੀ। ਰਸਤੇ ਵਿੱਚ ਕਿਤੇ-ਕਿਤੇ ਪਾਣੀ ਵੀ ਆਉਂਦਾ ਸੀ। ਕੰਡੇ ਕਾਠ ਝਾੜ ਛਿਛੜੇ ਵੀ ਕਾਫ਼ੀ ਲੰਘਣੇ ਪੈਂਦੇ। ਜਿਸ ਕਰਕੇ ਇਸ ਰਸਤੇ ਜਾਣਾ ਬੜਾ ਕਠਨ ਹੁੰਦਾ ਸੀ ਪਰ ਸੰਤਾਂ ਦਾ ਹੁਕਮ ਕੌਣ ਮੋੜੇ।

ਉਸ ਸਮੇਂ ਬਹੁਤ ਸਾਰੀ ਸੰਗਤ ਸਮੇਤ ਇਹ ਮੁਖੀ ਪ੍ਰੇਮੀ ਨਾਲ ਜਾ ਰਹੇ ਸਨ। ਸੰਤ ਦਮੋਦਰ ਸਿੰਘ ਜੀ, ਭਗਤ ਸੁੱਖਾ ਨੰਦ, ਸੰਤ ਰਾਮ ਸਿੰਘ ਜੀ, ਗੜ੍ਹੀ ਪਿੰਡ ਦਾ ਭਾਈ ਰਾਮ ਕ੍ਰਿਸ਼ਨ ਇਹ ਸਾਰੇ ਹੀ ਸੰਤਾਂ ਦਾ ਬਚਨ ਮੰਨ ਕੇ ਰੇਤ-ਰੇਤ ਤੇ ਤੁਰੇ ਆਏ। ਅੱਗੇ ਜਾ ਕੇ ਦੋ ਰਸਤੇ ਹੁੰਦੇ ਸਨ। ਉਸ ਸਮੇ ਛੋਟੇ ਸੰਤ ਬਾਬਾ ਰਾਮ ਸਿੰਘ ਜੀ ਨੇ ਬਚਨ ਕੀਤਾ, "ਮਹਾਰਾਜ ਜੀ ਇਸ ਰਸਤੇ ਆਉ।" ਪਰ ਸੰਤ ਆਇਆ ਸਿੰਘ ਜੀ ਨੇ ਉੱਤਰ ਦਿੱਤਾ, 'ਦਿੰਦੇ ਲਾਰਕੇ ਮਾਰਦੀ ਅਜ ਗਈ ਦੀ ਲਾਰਨਾ ਜੁੰਮ'

ਇਹ ਬਚਨ ਪਸ਼ਤੋ ਵਿੱਚ ਆਖਿਆ ਜਿਸਦਾ ਅਰਥ ਹੈ ਕਿ ਇਸ ਰਸਤੇ ਵਿੱਚ ਸਰਪ ਹੈ। ਕੰਡੇ ਹਨ ਇਸ ਰਸਤੇ ਨਹੀਂ ਜਾਂਦੇ। ਪਰ ਛੋਟੇ ਸੰਤ ਰਾਮ ਸਿੰਘ ਜੀ ਉਸ ਰਸਤੇ ਹੀ ਤੁਰੇ ਗਏ। ਅੱਗੇ ਜਾ ਕੇ ਦੇਖਦੇ ਹਨ ਕਿ ਬਹੁਤ ਹੀ ਕੰਡਿਆਂ ਵਾਲੇ ਝਾੜ ਹਨ ਅਤੇ ਕੁਝ ਕੁ ਝਾੜੀਆਂ ਹੇਠੋਂ ਇੱਕ ਬੜੇ ਵੱਡੇ ਫਨ ਵਾਲਾ ਸੱਪ ਨਿਕਲਿਆ ਤੇ ਫੁਕਾਰੇ ਮਾਰਦਾ ਹੋਇਆ ਇਨ੍ਹਾਂ ਦੇ ਸਾਹਮਣੇ ਖਲੋ ਗਿਆ। ਉਸ ਸਮੇਂ ਸੰਤ ਰਾਮ ਸਿੰਘ ਜੀ ਨੇ ਵੱਡੇ ਸੰਤਾਂ ਨੂੰ ਆਵਾਜ਼ ਮਾਰੀ। ਕਿ ਗ਼ਰੀਬ ਨਿਵਾਜ਼ ਬੜਾ ਵੱਡਾ ਸੱਪ ਹੈ ਜੋ ਕਿ ਸਾਡੇ ਪਿੱਛੇ ਦੌੜਿਆ ਆ ਰਿਹਾ ਹੈ ਆਪ ਏਧਰ ਆਓ। ਸੰਤ ਆਇਆ ਸਿੰਘ ਜੀ ਵੀ ਓਧਰ ਨੂੰ ਗਏ। ਉਸ ਸਮੇਂ ਸੰਤ ਰਾਮ ਸਿੰਘ ਜੀ ਬਰਛੀ ਮਾਰਕੇ ਸੱਪ ਨੂੰ ਮਾਰਨ ਲੱਗੇ ਤਾਂ ਬਾਬਾ ਜੀ ਨੇ ਕਿਹਾ ਕਿ ਇਸ ਨੂੰ ਨਾ ਮਾਰੋ। ਇਹ ਕੱਲ੍ਹ ਨੂੰ ਆਪਣੇ ਆਪ ਮਰ ਜਾਵੇਗਾ। ਇਸ ਨੇ ਸੰਗਤ ਦਾ ਦਰਸ਼ਨ ਕਰ ਲਿਆ। ਹੁਣ ਇਹ ਮੁਕਤ ਤਾਂ ਹੋ ਹੀ ਜਾਵੇਗਾ। ਇਹ ਸ਼ਾਬਾਸ ਗੜ੍ਹੇ ਦਾ ਸ਼ਾਹੂਕਾਰ ਰੁਲਦੂ ਮੱਲ ਹੈ। ਅੰਤ ਸਮੇਂ ਮਾਇਆ ਵਿੱਚ ਸੁਰਤ ਚਲੀ ਗਈ ਜਿਸ ਕਰਕੇ ਸੱਪ ਬਣ ਗਿਆ। ਇਉਂ ਆਖ ਕੇ ਸੰਤਾਂ ਨੇ ਮਾਰਨ ਤੋਂ ਰੋਕ ਦਿੱਤਾ ਤੇ ਉਹ ਸੰਤਾਂ ਦੇ ਦਰਸ਼ਨ ਕਰਦਾ ਹੋਇਆ ਪਾਣੀ ਵਿੱਚ ਵੜ ਗਿਆ। ਉਸ ਸਮੇਂ ਸੰਤ ਜੀ ਮਹਾਰਾਜ ਤੇ ਹੋਰ ਪ੍ਰੇਮੀ ਬਰੇਤੀ ਤੇ ਆ ਬੈਠੇ। ਜਦੋਂ ਦੂਜੇ ਦਿਨ ਸੰਤ ਜੀ ਮਹਾਰਾਜ ਡੇਰਿਓਂ ਉਸੇ ਰਸਤੇ ਗਏ ਤਾਂ ਸਾਰਿਆ ਨੇ ਕੀ ਦੇਖਿਆ ਕਿ ਉਸੇ ਜਗ੍ਹਾ ਹੀ ਰਸਤੇ ਵਿੱਚ ਉਹ ਸੱਪ ਮਰਿਆ ਪਿਆ ਹੈ। ਉਸ ਸਮੇਂ ਸੰਤਾਂ ਨੇ ਕ੍ਰਿਪਾ ਕੀਤੀ ਤੇ ਉਸਦੀ ਚੌਰਾਸੀ ਕੱਟਕੇ ਕਲਿਆਣ ਕਰ ਦਿੱਤੀ। ਫੇਰ ਉਸ ਨੂੰ ਰੇਤ ਪੁਟਾ ਕੇ ਦਬਾ ਦਿੱਤਾ। ਸੰਗਤ ਨੂੰ ਕਿਹਾ ਕਿ ਭਾਈ! ਇਹ ਪ੍ਰੇਮ ਵਾਲਾ ਸਿੱਖ ਸੀ। ਵੱਡੇ ਸਾਹਿਬਾਂ ਸਮੇਂ ਕਾਫ਼ੀ ਚਿਰ ਡੇਰੇ ਦੀ ਸੇਵਾ ਕਰਦਾ ਰਿਹਾ। ਪਰ ਅੰਤ ਸਮੇਂ ਮਾਇਆ ਵਿੱਚ ਵਾਸ਼ਨਾ ਚਲੀ ਗਈ ਜਿਸ ਕਰਕੇ ਸੱਪ ਬਣਨਾ ਪਿਆ। ਕਿਉਂਕਿ ਹਰ ਇੱਕ ਜੀਵ ਨੂੰ ਉਸਦੀ ਵਾਸ਼ਨਾ ਅਨੁਸਾਰ ਜਨਮ ਮਿਲਦਾ ਹੈ।

ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ ॥

(ਪੰਨਾ ੨੪੨)

ਅਰਸ਼ੀ ਦਾਤਾਰ ਦਾ ਹੁਕਮ ਹੈ:

ਅੰਤਿ ਕਾਲਿ ਜੋ ਲਛਮੀ ਸਿਮਰੈ<br>ਐਸੀ ਚਿੰਤਾ ਮਹਿ ਜੇ ਮਰੈ ॥<br>ਸਰਪ ਜੋਨਿ ਵਲਿ ਵਲਿ ਅਉਤਰੈ ॥੧॥

(ਪੰਨਾ ੫੨੬)

ਪਰ ਸੰਗਤ ਜੀ! ਸਤਿਪੁਰਖਾਂ ਦੀ ਕੀਤੀ ਹੋਈ ਸੇਵਾ ਬਿਰਥੀ ਨਹੀਂ ਜਾਂਦੀ। ਹੁਣ ਇਹ ਤਰ ਗਿਆ। ਸੰਤ ਜੀ ਮਹਾਰਾਜ ਏਧਰ ਦੀ ਗਏ ਵੀ ਇਸੇ ਕਰਕੇ ਹੀ ਸਨ ਕਿ ਜੋ ਇਹ ਡੇਰੇ ਦੇ ਮੰਨਣ ਵਾਲਾ ਪ੍ਰੇਮੀ ਸ਼ਾਹੂਕਾਰ ਸੀ ਇਸ ਦੀ ਕਲਿਆਣ ਕਰਨੀ ਹੈ ਨਹੀਂ ਤਾਂ ਹਰ ਰੋਜ਼ ਦੂਸਰੇ ਸਾਫ਼ ਰਸਤੇ ਹੀ ਜਾਇਆ ਕਰਦੇ ਸਨ।

# ਹਿੰਦੂ ਧਰਮ ਦੀ ਰੱਖਿਆ

ਹੋਤੀ ਮਰਦਾਨ ਦੇ ਪਾਸ 'ਸ਼ਿਵਾ' ਤੇ 'ਰਾਮਜਾਨਾ' ਨਾਮ ਦੇ ਦੋ ਪਿੰਡ ਹਨ। ਜਿਥੋਂ ਦੇ ਪ੍ਰੇਮੀ ਗੁਰਬਾਣੀ ਦਾ ਨਿਰਬਾਣ ਕੀਰਤਨ ਬਾਬਾ ਕਰਮ ਸਿੰਘ ਜੀ ਮਹਾਰਾਜ ਨੂੰ ਸੁਣਾਇਆ ਕਰਦੇ ਸਨ। ਇਨ੍ਹਾਂ ਦੇ ਮਨੋਹਰ ਕੀਰਤਨ ਨੂੰ ਸੁਣਦਿਆਂ ਕਈ ਵਾਰ ਸੰਤਾਂ ਦੀ ਸਮਾਧੀ ਵਿੱਚ ਬੈਠਿਆਂ ਸਾਰੀ ਰਾਤ ਬਤੀਤ ਹੋ ਜਾਂਦੀ ਤੇ ਸਵੇਰੇ ਤਿੰਨ ਵਜੇ ਹੀ ਭੋਗ ਪਵਾਉਂਦੇ ਸਨ। 'ਰਾਮਜਾਨੇ' ਪਿੰਡ ਵਿੱਚ ਬੀਬੀ ਮਾਇਆ ਦੇਵੀ ਦੇ ਪੁੱਤਰ ਨਿਰਮਲ ਸਿੰਘ ਤੇ ਤਾਰਾ ਸਿੰਘ ਬੜੇ ਖ਼ੂਬਸੂਰਤ ਤੇ ਛੋਟੀ ਉਮਰ ਦੇ ਪਿਆਰੇ ਬੱਚੇ ਸਨ। ਬਚਪਨ ਵਿੱਚ ਹੀ ਇਨ੍ਹਾਂ ਦਾ ਪਿਤਾ ਗ਼ੁਜਰ ਗਿਆ ਸੀ। ਕੇਵਲ ਇੱਕੋ ਇੱਕ ਚਾਚਾ ਹਰਿ ਜੀ ਮੱਲ ਹੀ ਇਨ੍ਹਾਂ ਦੀ ਪਾਲਣਾ ਕਰਦਾ ਸੀ। ਇਸ ਪਿੰਡ ਵਿੱਚ ਪਠਾਣਾਂ ਦਾ ਬਹੁਤ ਜ਼ੋਰ ਸੀ। ਹਿੰਦੂਆਂ ਦੇ ਘਰ ਘੱਟ ਸਨ। ਇਸੇ ਕਰਕੇ ਹਿੰਦੂ ਕਮਜ਼ੋਰ ਸਨ। ਇਹ ਦੋਵੇਂ ਬੱਚੇ ਪਠਾਣਾਂ ਦੇ ਬੱਚਿਆਂ ਨਾਲ ਖੇਡਿਆ ਕਰਦੇ ਸਨ। ਘਰ ਵਿੱਚ ਬੜੀ ਗ਼ਰੀਬੀ ਸੀ। ਇਨ੍ਹਾਂ ਨੂੰ ਗ਼ਰੀਬ ਤੇ ਛੋਟੀ ਉਮਰ ਦੇ ਬੱਚੇ ਜਾਣ ਕੇ ਇੱਕ ਦਿਨ ਪਠਾਣ ਚੁੱਕ ਕੇ ਮਸੀਤ ਵਿੱਚ ਲੈ ਗਏ ਤੇ ਕਹਿਣ ਲੱਗੇ ਕਿ ਤੁਸੀਂ ਸਾਡੇ ਦੀਨ ਵਿੱਚ ਆ ਜਾਵੋ। ਵੱਡੇ ਖ਼ਾਨ ਖੇਲਾਂ ਦੇ ਘਰ ਤੁਹਾਡੀਆਂ ਸ਼ਾਦੀਆਂ ਕਰਵਾ ਦੇਵਾਂਗੇ। ਭਾਵੇਂ ਇਨ੍ਹਾਂ ਦੀ ਉਮਰ ਦਸ ਤੇ ਬਾਰਾਂ ਸਾਲ ਦੀ ਸੀ। ਪਰ ਮਾਤਾ ਪਿਤਾ ਦੇ ਸੰਸਕਾਰਾਂ ਦੇ ਕਾਰਨ ਇਨ੍ਹਾਂ ਦੇ ਅੰਦਰ ਸਿੱਖੀ ਪਿਆਰ ਨੇ ਘਰ ਕੀਤਾ ਹੋਇਆ ਸੀ। ਜਿਸ ਕਰਕੇ ਇਹ ਨਾ ਮੰਨੇ ਤੇ ਬੜੀ ਉੱਚੀ-ਉੱਚੀ ਰੋਣ ਲੱਗ ਪਏ। ਪਠਾਣਾਂ ਨੇ ਡਰਾਇਆ ਤੇ ਮਾਰਨ ਦੀਆਂ ਧਮਕੀਆਂ ਦਿੱਤੀਆਂ ਕਿ ਜੇ ਨਹੀਂ ਮੰਨੋਗੇ ਤਾਂ ਅਸੀਂ ਤੁਹਾਨੂੰ ਕਤਲ ਕਰ ਦੇਵਾਂਗੇ। ਰੋਣ ਤੋਂ ਬਿਨਾਂ ਇਨ੍ਹਾਂ ਦੇ ਕੋਲ ਕੋਈ ਚਾਰਾ ਵੀ ਨਹੀਂ ਸੀ।

ਇਨ੍ਹਾਂ ਦੀ ਮਾਤਾ ਬੀਬੀ ਮਾਇਆ ਦੇਵੀ ਨੂੰ ਪਤਾ ਲੱਗਾ ਤਾਂ ਮਸੀਤ ਦੇ ਬੂਹੇ ਅੱਗੇ ਆ ਕੇ ਉਸਨੇ ਵੀ ਬਥੇਰੇ ਵਾਸਤੇ ਪਾਏ, ਤਰਲੇ ਕੱਢੇ ਕਿ ਮੇਰੇ ਮਸੂਮ ਬੱਚਿਆਂ ਨੂੰ ਕੁਝ ਨਾ ਕਹੋ। ਛੱਡ ਦੇਵੋ ਪਰ ਕੌਣ ਸੁਣਦਾ ਸੀ। ਇਨ੍ਹਾਂ ਜ਼ਾਲਮਾਂ ਨੇ ਉਸਦੀ ਇੱਕ ਨਾ ਮੰਨੀ ਉਲਟਾ ਉਸਨੂੰ ਝਿੜਕਾਂ ਦੇ ਕੇ ਅਤੇ ਡਰਾ ਕੇ ਵਾਪਸ ਮੋੜ ਦਿੱਤਾ। ਪਤਾ ਲੱਗਣ ਤੇ ਇਨ੍ਹਾਂ ਦਾ ਚਾਚਾ ਹਰਿ ਜੀ ਮੱਲ ਟਾਂਗਾ ਲੈ ਕੇ ਇੱਕ ਦਮ ਡੇਰੇ ਸ੍ਰੀ ਹਜ਼ੂਰ ਬਾਬਾ ਆਇਆ ਸਿੰਘ ਜੀ ਦੇ ਪਾਸ ਪੁੱਜਾ ਤੇ ਪੁਕਾਰ ਕੀਤੀ, ਕਿ ਮਹਾਰਾਜ! ਸਾਡੇ ਬੱਚਿਆਂ ਨੂੰ ਡਰ ਦਿਖਾਕੇ ਪਠਾਣ ਜ਼ਬਰਦਸਤੀ ਮੁਸਲਮਾਨ ਬਣਾ ਰਹੇ ਹਨ। ਆਪ ਕਿਰਪਾ ਕਰਕੇ ਸਾਡੇ ਧਰਮ ਦੀ ਰੱਖਿਆ ਕਰੋ। ਉਸ ਸਮੇਂ ਬਾਬਾ ਜੀ ਨੇ ਡੀ. ਸੀ. ਨੂੰ ਕਹਿ ਕੇ ਭੇਜਿਆ ਕਿ 'ਰਾਮਜਾਨੇ' ਪਿੰਡ ਵਿੱਚ ਸਿੱਖ ਬੱਚਿਆਂ ਨਾਲ ਪਠਾਣ ਧੱਕਾ ਤੇ ਜ਼ੁਲਮ ਕਰ ਰਹੇ ਹਨ। ਜੇਕਰ ਤੁਸੀਂ ਆਪ ਜਾ ਕੇ ਸੰਭਾਲ ਨਾ ਕੀਤੀ ਤਾਂ ਮੁਸਲਮਾਨ ਸਾਰੇ ਪਿੰਡ ਨੂੰ ਬਰਬਾਦ ਕਰ ਦੇਣਗੇ। ਹੁਣ ਤੁਸੀਂ ਬਹੁਤ ਛੇਤੀ ਗਾਰਦ ਲੈ ਕੇ ਜਾਉ। ਸਾਰੇ ਪਿੰਡ ਨੂੰ ਘੇਰਾ ਪਾ ਕੇ ਹਿੰਦੂ ਤੇ ਸਿੱਖ ਬੱਚਿਆਂ ਨੂੰ ਜ਼ਾਲਮਾਂ ਤੋਂ ਬਚਾਉ ਨਾਲ ਹੀ ਹਰਿ ਜੀ ਮੱਲ ਨੂੰ ਆਖਿਆ ਕਿ ਜਦੋਂ ਗੌਰਮਿੰਟ ਬੱਚਿਆਂ ਨੂੰ ਛੁਡਾਅ ਲਵੇ ਤਾਂ ਸਿੱਧਾ ਡੇਰੇ ਸਾਡੇ ਪਾਸ ਲੈ ਆਉਣਾ। ਇਨ੍ਹਾਂ ਦਿਨਾਂ ਵਿੱਚ ਸ੍ਰ: ਦੀਵਾਨ ਸਿੰਘ ਸਿਵਲ ਸਰਜਨ ਜੋ ਕਿ ਗੁਰੂ ਘਰ ਦਾ ਅਤਿ ਪ੍ਰੇਮੀ ਸੀ। ਹੋਤੀ ਦਾ ਵੱਡਾ ਖ਼ਾਨ ਸਾਹਿਬ ਤੇ ਅੰਗਰੇਜ਼ ਅਫਸਰ ਸੰਤਾਂ ਦਾ ਬੜਾ ਅਦਬ ਤੇ ਭੈ ਕਰਦੇ ਸਨ। ਹੋਤੀ ਡੇਰੇ ਵੱਲੋਂ ਬਾਬਾ ਜੀ ਦਾ ਹੁਕਮ ਪਹੁੰਚਦਿਆਂ ਸਾਰ ਹੀ ਡੀ. ਸੀ. ਨੇ ਗਾਰਦ ਲੈ ਕੇ 'ਰਾਮਜਾਨੇ' ਪਿੰਡ ਨੂੰ ਘੇਰਾ ਪਾ ਲਿਆ। ਸਾਰੇ ਪਿੰਡ ਦੇ ਚੁਫੇਰੇ ਮਸ਼ੀਨ ਗੰਨਾਂ ਬੀੜ ਦਿੱਤੀਆਂ। ਪਹਿਲਾਂ ਹੋਤੀ ਦੇ ਵੱਡੇ ਖ਼ਾਨ ਸਾਹਬ, ਸ੍ਰ: ਦੀਵਾਨ ਸਿੰਘ ਤੇ ਬਾਬਾ ਪ੍ਰੇਮ ਸਿੰਘ ਨੂੰ ਮਸੀਤ ਵਿੱਚ ਭੇਜਿਆ। ਉਨ੍ਹਾਂ ਨੇ ਕਿਹਾ ਕਿ ਜੇ ਪਿੰਡ ਨੂੰ ਬਚਾਉਣਾ ਹੈ ਤਾਂ ਬੱਚਿਆਂ ਨੂੰ ਡੀ. ਸੀ. ਪਾਸ ਲੈ ਚੱਲੋ ਤੇ ਮੁਆਫ਼ੀ ਮੰਗੋ, ਨਹੀਂ ਤਾਂ ਸਾਰਾ ਪਿੰਡ ਬਰਬਾਦ ਹੋ ਜਾਵੇਗਾ। ਹੋਤੀ ਡੇਰੇ ਦੇ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਅਸਥਾਨੀ ਬਾਬਾ ਆਇਆ ਸਿੰਘ ਜੀ ਦਾ ਡੀ. ਸੀ. ਨੂੰ ਹੁਕਮ ਹੋਇਆ ਹੈ। ਛੇਤੀ ਚੱਲ ਕੇ ਮੁਆਫ਼ੀ ਮੰਗ ਲਉ।

ਉਥੋਂ ਦਾ ਮੌਲਵੀ ਤੇ ਸਾਰੇ ਪਠਾਣ ਬਾਬਾ ਜੀ ਦੇ ਹੁਕਮ ਨੂੰ ਇਲਾਹੀ ਹੁਕਮ ਜਾਣਦੇ ਸਨ। ਕਿਉਂਕਿ ਇਹ ਸਾਰਾ ਇਲਾਕਾ ਬਾਬਾ ਜੀ ਦਾ ਤੇਜ਼ ਪ੍ਰਤਾਪ ਦੇਖ ਕੇ ਬਹੁਤ ਅਦਬ ਤੇ ਭੈ ਕਰਦਾ ਸੀ। ਇਹ ਗੱਲ ਸੁਣਕੇ ਤੇ ਨਾਲ ਹੀ ਡੀ. ਸੀ. ਦੇ ਹੁਕਮ ਨਾਲ ਗਾਰਦ ਵੱਲੋਂ ਮਸ਼ੀਨ ਗੰਨਾ ਤਣੀਆਂ ਜਾਣ ਕੇ ਸਾਰੇ ਦੋਸ਼ੀ ਬੱਚਿਆਂ ਨੂੰ ਲੈ ਕੇ ਡੀ. ਸੀ. ਦੇ ਪਾਸ ਪੁੱਜ ਗਏ। ਉਸ ਸਮੇਂ 'ਰਾਮਜਾਨੇ' ਪਿੰਡ ਦੇ ਸਾਰੇ ਨੰਬਰਦਾਰ, ਜ਼ੈਲਦਾਰ, ਤੇ ਪਠਾਣ ਸਭ ਥਰ-ਥਰ ਕੰਬਣ ਲੱਗ ਪਏ ਅਤੇ ਆਖਿਆ, 'ਗ਼ੁਨਾਹ ਮੁਆਫ਼ ਕਵਾ' ਅਰਥਾਤ ਸਾਡਾ ਗ਼ੁਨਾਹ ਮੁਆਫ਼ ਕਰ ਦੇਵੋ। ਅੱਗੇ ਵਾਸਤੇ ਅਸੀਂ ਇਸ ਤਰ੍ਹਾਂ ਨਹੀਂ ਕਰਾਂਗੇ।" ਉਸ ਸਮੇ ਡੀ. ਸੀ. ਨੇ ਫੇਰ ਹਿੰਦੂਆਂ ਨੂੰ ਪੁੱਛਿਆ ਕਿ ਜੇਕਰ ਤੁਹਾਡੀ ਕੋਈ ਸ਼ਕਾਇਤ ਹੈ ਤਾਂ ਉਹ ਵੀ

ਦੱਸੋ। ਅਤੇ ਉੱਧਰੋਂ ਮੁਸਲਮਾਨਾਂ ਨੂੰ ਕਿਹਾ ਕਿ ਜੇਕਰ ਹਿੰਦੂਆਂ ਵੱਲੋਂ ਤੁਹਾਨੂੰ ਕੋਈ ਤਕਲੀਫ ਹੈ ਤਾਂ ਦੱਸੋ। ਅਸੀਂ ਇਨ੍ਹਾਂ ਨੂੰ ਹੁਣੇ ਹੀ ਸਜ਼ਾ ਦੇ ਦਿੰਦੇ ਹਾਂ। ਇਹ ਅੰਗਰੇਜ਼ ਦਾ ਰਾਜ ਹੈ ਅਤੇ ਬਾਬਾ ਕਰਮ ਸਿੰਘ ਜੀ ਦੀ ਭਗਤੀ ਦਾ ਪ੍ਰਤਾਪ ਹੈ। (ਉਹ ਹਮਾਰੀ ਫੌਜ ਕੇ ਸੀਖ ਸਰਦਾਰ ਬੰਦਗੀ ਵਾਲੇ ਗਾਡ ਪ੍ਰਸਤ ਥੇ। ਹਮ ਉਨ ਕੋ ਪੀਰ ਮਾਨਤੇ ਹੈਂ।) ਫਿਰ ਹਿੰਦੂਆਂ ਨੇ ਹੱਥ ਜੋੜੇ ਤੇ ਕਿਹਾ ਕਿ ਹਜ਼ੂਰ ਜੇਕਰ ਗੌਰਮਿੰਟ ਇਸ ਤਰ੍ਹਾਂ ਇਨਸਾਫ਼ ਕਰੇ ਤਾਂ ਹੀ ਸਾਡੇ ਧਰਮ ਦੀ ਰੱਖਿਆ ਹੋ ਸਕਦੀ ਹੈ, ਨਹੀਂ ਤਾਂ ਹਰ ਸਮੇਂ ਸਾਡੀਆਂ ਜਾਨਾਂ ਨੂੰ ਖ਼ਤਰਾ ਹੀ ਬਣਿਆ ਰਹਿੰਦਾ ਹੈ। ਜਿਵੇਂ ਪਠਾਣ ਇਨ੍ਹਾਂ ਬੱਚਿਆਂ ਨੂੰ ਚੁੱਕ ਕੇ ਲੈ ਗਏ ਸਨ। ਉਸ ਸਮੇਂ ਹੋਤੀ ਦੇ ਖਾਨ ਸਾਹਬ ਤੇ ਡਾਕਟਰ ਦੀਵਾਨ ਸਾਹਬ ਤੇ ਬਾਬਾ ਪ੍ਰੇਮ ਸਿੰਘ ਜੀ ਨੇ ਸਾਰਿਆਂ ਨੂੰ ਮਸਜਿਦ ਵਿੱਚ ਲਿਜਾ ਕੇ ਪਸ਼ਤੋ ਵਿੱਚ ਵਾਰੀ-ਵਾਰੀ ਪ੍ਰਚਾਰ ਕੀਤਾ ਕਿ ਖ਼ੁਦਾ ਨੂੰ ਮੰਨਣਾ ਨਿਮਾਜ਼ਾ ਪੜ੍ਹਨੀਆਂ, ਇਹ ਤੁਹਾਡੀ ਸ਼ਰ੍ਹਾ ਦਾ ਮੁੱਖ ਅਸੂਲ ਹੈ। ਫਿਰ ਕੁਰਾਨ ਮਜ਼ੀਦ ਦੀਆਂ ਮਿਸਾਲਾਂ ਦਿੱਤੀਆਂ ਕਿ ਇਹੋ ਜਿਹੇ ਜ਼ੁਲਮੀ ਖ਼ੁਦਾ ਪਾਸ ਤੇ ਹਜ਼ਰਤ ਮੁਹੰਮਦ ਦੇ ਪਾਸ ਕੀ ਮੂੰਹ ਲੈ ਕੇ ਜਾਣਗੇ? ਪੈਗੰਬਰ ਤੁਹਾਡੀ ਕਿਵੇਂ ਸਿਫ਼ਾਰਿਸ਼ ਕਰੇਗਾ? ਉਸ ਤੋਂ ਬਾਅਦ ਬਾਬਾ ਨਾਗਾ ਜੀ (ਜੋ ਇਸ ਇਲਾਕੇ ਵਿੱਚ ਵਿਚਰ ਕੇ ਪ੍ਰਚਾਰ ਕਰਦੇ ਸਨ) ਨੇ ਵੀ ਪਠਾਣਾਂ ਨੂੰ ਪਸ਼ਤੋ ਵਿੱਚ ਬਹੁਤ ਸਾਰੀ ਨਸੀਹਤ ਦਿੱਤੀ। ਡੀ. ਸੀ. ਨੇ ਕਿਹਾ ਕਿ ਜੇਕਰ ਅੱਗੇ ਵਾਸਤੇ ਇਹੋ ਜਿਹਾ ਕੋਈ ਵੀ ਜ਼ੁਲਮ ਹੋਇਆ ਤਾਂ ਅਸੀਂ ਤੁਹਾਨੂੰ ਨਹੀਂ ਛੱਡਾਂਗੇ। ਹੁਣ ਮਸਜਿਦ ਸਾਹਮਣੇ ਕਸਮਾਂ ਚੁੱਕੋ ਤਾਂ ਸਭਨਾਂ ਨੇ ਕਸਮਾਂ ਉਠਾਈਆਂ।

ਉਸ ਸਮੇਂ ਹਰਿ ਜੀ ਮੱਲ ਨੇ ਡੀ. ਸੀ. ਨੂੰ ਅਰਜ਼ ਕੀਤੀ ਕਿ ਸ੍ਰੀ ਹਜ਼ੂਰ ਬਾਬਾ ਆਇਆ ਸਿੰਘ ਜੀ ਨੇ ਹੁਕਮ ਕੀਤਾ ਸੀ ਕਿ ਇੱਕ ਵਾਰ ਇਨ੍ਹਾਂ ਬੱਚਿਆਂ ਨੂੰ ਸਾਡੇ ਪਾਸ ਜ਼ਰੂਰ ਲੈ ਆਉਣਾ ਸੋ ਆਪ ਆਗਿਆ ਕਰੋ, ਤਾਂ ਡੀ. ਸੀ. ਨੇ ਉਨ੍ਹਾਂ ਦੋਹਾਂ ਬੱਚਿਆਂ ਨੂੰ ਆਪਣੀ ਕਾਰ ਵਿੱਚ ਬਿਠਾਅ ਲਿਆ। ਸ੍ਰ: ਦੀਵਾਨ ਸਿੰਘ, ਬਾਬਾ ਪ੍ਰੇਮ ਸਿੰਘ ਤੇ ਹੋਤੀ ਦੇ ਖ਼ਾਨ ਸਾਹਬ ਵੀ ਨਾਲ ਹੀ ਕਾਰ 'ਚ ਬੈਠ ਗਏ। ਸਾਰਿਆਂ ਨੇ ਡੇਰੇ ਆ ਕੇ ਬਾਬਾ ਆਇਆ ਸਿੰਘ ਜੀ ਦੇ ਦਰਸ਼ਨ ਕੀਤੇ। ਸੰਤਾਂ ਨੇ ਸਭਨਾਂ ਨੂੰ ਦਹੀਂ ਪਾਕੇ ਮਿੱਠੇ ਚੌਲ ਤੇ ਮਾਹਲ ਪੂੜਿਆਂ ਦਾ ਪ੍ਰਸ਼ਾਦਿ ਛਕਾਇਆ। ਸਾਰੇ ਮੁਖੀਆਂ ਨੂੰ ਸਿਰੋਪਾਓ ਦਿੱਤੇ। ਫੇਰ ਆਖਿਆ ਜਿਨ੍ਹਾਂ ਪਠਾਨਾਂ ਨੇ ਬੱਚੇ ਚੁੱਕੇ ਸਨ ਮੌਲਵੀ ਸਮੇਤ ਉਨ੍ਹਾਂ ਨੂੰ ਵੀ ਨਾਲ ਲੈ ਆਉਣਾ ਸੀ ਤਾਂ ਸੰਤਾਂ ਦੇ ਹੁਕਮ ਨਾਲ ਉਸੇ ਸਮੇਂ ਕਾਰ ਤੇ ਜਾ ਕੇ ਉਹ ਵੀ ਸੰਤਾਂ ਦੀ ਹਜ਼ੂਰੀ ਵਿੱਚ ਡੇਰੇ ਲਿਆ ਹਾਜ਼ਰ ਕੀਤੇ। ਸੰਤਾਂ ਨੇ ਉਨ੍ਹਾਂ ਨੂੰ ਵੀ ਪ੍ਰਸ਼ਾਦਿ ਛਕਾਇਆ ਤੇ ਸਿੱਖਿਆ ਦਿੱਤੀ। ਜੇ ਕਰ ਤੁਸੀਂ ਆਪਣੇ ਦੀਨ ਨੂੰ ਵਧਾਉਣਾ ਹੈ ਤਾਂ ਨਿਮਾਜ਼ਾਂ ਪੜ੍ਹੋ, ਰੋਜ਼ੇ ਰੱਖੋ, ਸੱਚ ਬੋਲੋ, ਹਰ ਸਮੇਂ ਖ਼ੁਦਾ ਤੋਂ ਡਰੋ। ਇਉਂ ਦੋਹੀਂ ਜਹਾਨੀ ਪੈਗੰਬਰ ਤੁਹਾਡੀ ਸਿਫ਼ਾਰਸ਼ ਕਰੇਗਾ। ਜ਼ਬਰਦਸਤੀ ਨਾਲ ਕਿਸੇ ਨੂੰ ਆਪਣੇ ਧਰਮ ਤੋਂ ਡੇਗਣਾ ਬੜਾ ਪਾਪ ਹੈ। ਉਸ ਸਮੇਂ ਉਨ੍ਹਾਂ ਨੇ ਨੱਕ ਨਾਲ ਲਕੀਰਾਂ ਕੱਢੀਆਂ ਤੇ ਮੁਆਫ਼ੀ ਮੰਗੀ। ਅੱਗੇ ਵਾਸਤੇ ਉਹ ਪਿੰਡ ਦੇ ਰਾਖੇ ਬਣ ਗਏ। ਫਿਰ ਸਾਰੇ ਸੰਤਾਂ ਦੀ ਖ਼ੁਸ਼ੀ ਤੇ ਆਗਿਆ ਪਾ ਕੇ ਆਪਣੇ ਘਰਾਂ ਨੂੰ ਚਲੇ ਗਏ।

ਸੰਤਾਂ ਨੇ ਉਨ੍ਹਾਂ ਦੋਵਾਂ ਬੱਚਿਆਂ ਨੂੰ ਆਪਣੀ ਗੋਦ ਵਿੱਚ ਬਿਠਾ ਕੇ ਪਿਆਰ ਕੀਤਾ। ਉਪਰੰਤ ਪ੍ਰਸ਼ਾਦਿ ਛਕਾ ਕੇ ਬੜੇ ਵਰ ਦਿੱਤੇ ਕਿ ਤੁਸੀਂ ਤਾਂ ਬੜੇ ਗੁਣੀ ਬਣਨਾ ਹੈ। ਸੰਗਤਾਂ ਨੂੰ ਗੁਰਬਾਣੀ ਤੇ ਕੀਰਤਨ ਸੁਣਾਇਆ ਕਰੋਗੇ। ਫਿਰ ਇਨ੍ਹਾਂ ਦੇ ਚਾਚਾ ਤੇ ਮਾਤਾ ਨੂੰ ਆਖਿਆ ਕਿ ਇਨ੍ਹਾਂ ਨੂੰ ਪੰਜਾਬ ਭੈਣੀ ਸਾਹਿਬ ਭੇਜ ਦੇਵੋ। ਉੱਥੇ ਵੱਡੇ ਮਾਤਾ ਜੀਵਨ ਕੌਰ ਜੀ ਆਪਣੇ ਪੁੱਤਰਾਂ ਵਾਗੂੰ ਇਨ੍ਹਾਂ ਦੀ ਪਾਲਣਾ ਕਰਨਗੇ ਅਤੇ ਗੁਰਬਾਣੀ ਪੜ੍ਹਾ ਕੇ ਵਿਦਵਾਨ ਬਣਾ ਦੇਣਗੇ। ਸੰਤਾਂ ਦੀ ਆਗਿਆ ਪਾ ਕੇ ਇਨ੍ਹਾਂ ਦਾ ਚਾਚਾ ਇਨ੍ਹਾਂ ਨੂੰ ਭੈਣੀ ਸਾਹਿਬ ਛੱਡ ਆਇਆ। ਸਮਾਂ ਪਾ ਕੇ ਇਹ ਬੜੇ ਚੰਗੇ ਸਿਆਣੇ ਰਾਗੀ ਤੇ ਵਿਦਵਾਨ ਬਣ ਗਏ।

ਧੰਨ ਬਾਬਾ ਆਇਆ ਸਿੰਘ ਜੀ ਮਹਾਰਾਜ!

## ਆਪਣਿਆਂ ਦੀ ਸੰਭਾਲ ਕਰਨ ਵਾਲਾ ਬਿਰਦ

ਅੰਮ੍ਰਿਤਸਰ ਜ਼ਿਲ੍ਹੇ ਵਿੱਚ 'ਰਾਜਾਸਾਂਸੀ' ਨਾਮ ਕਰਕੇ ਇੱਕ ਬੜਾ ਮਸ਼ਹੂਰ ਕਸਬਾ ਹੈ। ਇਸੇ ਹੀ ਨਗਰ ਦਾ ਭਾਈ ਜਵੰਦ ਸਿੰਘ ਸੰਤ ਮਹਾਰਾਜ ਬਾਬਾ ਆਇਆ ਸਿੰਘ ਜੀ ਦਾ ਪੂਰਨ ਸ਼ਰਧਾਲੂ ਤੇ ਪਰਮ ਪ੍ਰੀਤਵਾਨ ਸੇਵਕ ਸੀ। ਆਪਣੇ ਖੇਤ ਵਿੱਚ ਹੀ ਇਸਨੇ ਗੁਰਦੁਆਰਾ ਬਣਾਇਆ ਹੋਇਆ ਸੀ। ਇਸਦਾ ਸ਼ਿਸ਼ ਭਾਈ ਜੀਵਨ ਸਿੰਘ ਇਸੇ ਹੀ ਪਿੰਡ ਦਾ ਇਨ੍ਹਾਂ ਤੋਂ ਬਾਅਦ ਅਸਥਾਨ ਦਾ ਸੇਵਾਦਾਰ ਸੰਗਤ ਵੱਲੋਂ ਨੀਯਤ ਕੀਤਾ ਹੋਇਆ ਸੀ। ਜਿਸਦੇ ਪਾਸ ਚਾਰ ਪੰਜ ਸਾਧੂ ਹਰ ਸਮੇਂ ਰਿਹਾਇਸ਼ ਰੱਖਦੇ ਸਨ ਤੇ ਹੋਰ ਵੀ ਆਏ ਗਏ ਨੂੰ ਪ੍ਰਸ਼ਾਦਿ ਪਾਣੀ ਮਿਲਦਾ ਸੀ। ਇਸੇ ਪਿੰਡ ਦਾ ਭਾਈ ਇੰਦਰ ਸਿੰਘ ਵੀ ਡੇਰੇ ਦਾ ਪੱਕਾ ਸੇਵਾਦਾਰ ਸੀ ਜੋ ਬਾਹਰੋਂ ਆਏ ਯਾਤਰੂਆਂ ਦੀ ਸੇਵਾ ਸੰਭਾਲ ਕਰਦਾ ਸੀ।

ਫੁੱਲਾਂ ਦੇ ਕੋਲ ਕੰਡੇ, ਤੇ ਚੰਦਨ ਦੇ ਪਾਸ ਬਾਂਸ ਦਾ ਪੈਦਾ ਹੋਣਾ ਸ਼ੁਰੂ ਤੋਂ ਪ੍ਰਮਾਤਮਾ ਦੀ ਨੇਤ ਹੈ। ਇਸੇ ਪਿੰਡ ਦਾ ਇੱਕ ਮਨਮੁਖ ਰੋਜ਼ ਹੀ ਡੇਰੇ ਦੇ ਸਾਧੂਆਂ ਨੂੰ ਗਾਲ੍ਹਾਂ ਕੱਢਿਆ ਕਰੇ ਕਿ ਸਵੇਰੇ-ਸਵੇਰੇ ਹੀ ਸਾਜ਼ ਵਜਾ ਕੇ ਕੀਰਤਨ ਕਰਦੇ ਹਨ ਸੌਣ ਨਹੀਂ ਦਿੰਦੇ। ਸਤਿਗੁਰਾਂ ਦੀ ਨਿੰਦਿਆ ਕਰੇ, ਬਜ਼ੁਰਗਾਂ ਦੀ ਸ਼ਾਨ ਦੇ ਖਿਲਾਫ ਬੋਲੇ ਪਰ ਅੱਗੋਂ ਡੇਰੇ ਦੇ ਸਾਧੂ ਸ਼ਾਂਤ ਚਿੱਤ ਰਹਿਣ। ਜਦੋਂ ਕਾਫ਼ੀ ਸਮਾਂ ਲੰਘ ਗਿਆ ਅਤੇ ਇਹ ਆਪਣੀ ਆਦਤ ਤੋਂ ਮਜਬੂਰ ਹਰ ਰੋਜ਼ ਬਿਨਾਂ ਨਾਂਗਾ (ਸ਼ਿਵ ਮੰਦਰ ਵਿੱਚ ਇੱਟਾਂ ਮਾਰਨ ਵਾਲੇ ਵਾਂਗੂੰ) ਡੇਰੇ ਆ ਕੇ ਬਕਵਾਸ ਕਰਦਾ ਰਿਹਾ। ਭਾਵੇਂ ਗੰਗਾ ਦਾ ਜਲ ਸੀਤਲ ਹੈ ਪਰ ਅਗਨੀ ਤੇ ਰੱਖਿਆਂ ਉਹ ਵੀ ਖੌਲਣ ਲੱਗ ਜਾਂਦਾ ਹੈ। ਚੰਦਨ ਨੂੰ ਘਸਾਇਆਂ ਉਸ ਵਿੱਚੋਂ ਵੀ ਅਗਨੀ ਪ੍ਰਗਟ ਹੁੰਦੀ ਹੈ। ਇਸੇ ਤਰ੍ਹਾਂ ਭਾਈ ਇੰਦਰ ਸਿੰਘ ਕਈ ਦਿਨ ਤਾਂ ਇਸਨੂੰ ਬੜੇ ਪਿਆਰ ਨਾਲ ਰੋਕਦਾ ਰਿਹਾ ਪਰ ਜਦੋਂ ਇਸ ਨੇ ਅੱਤ ਹੀ ਚੁੱਕ ਲਈ ਤੇ ਖੁੱਲ੍ਹਾ ਬਕਵਾਸ ਕਰਨ ਲੱਗਿਆ ਤਦ ਆਪਣੇ ਬਜ਼ੁਰਗਾਂ ਦੀ ਨਿੰਦਿਆ ਕੌਣ ਸੁਣ ਸਕਦਾ ਹੈ। ਪੰਚਮ ਪਾਤਸ਼ਾਹ ਨੇ ਭੂੰਮਾਂ ਨੂੰ ਆਖਿਆ ਸੀ। ਗੁਰ ਨਿਦਕਾਂ ਦੀ ਦੇਹ ਫਿੱਟ ਜਾਵੇਗੀ ਤਾਂ ਇਸੇ ਤਰ੍ਹਾਂ ਹੀ ਹੋਇਆ। ਬਾਅਦ ਵਿੱਚ ਭਾਈ ਲੱਧੇ ਉਪਕਾਰੀ ਰਾਹੀਂ ਹਜ਼ੂਰ ਦੀ ਕਿਰਪਾ ਦੇ ਪਾਤਰ ਬਣਕੇ ਸਾਰੀ ਜ਼ਿੰਦਗੀ ਗੁਰੂ ਜਸ ਵਿੱਚ ਬਤੀਤ ਕੀਤੀ। ਇਹ ਵੀ ਇੱਕ ਦਿਨ ਕਾਲ ਦਾ ਪ੍ਰੇਰਿਆ ਸਵੇਰੇ ਹੀ ਡੇਰੇ ਆ ਕੇ ਲੱਗਾ ਅਯੋਗ ਸ਼ਬਦ ਬੋਲਣ। ਸੰਤਾਂ ਨੇ ਬਥੇਰਾ ਸਮਝਾਇਆ ਪਰ ਜਦੋਂ ਇਹ ਅੱਗੇ ਹੀ ਵਧਦਾ ਗਿਆ ਤਾਂ ਇਸ ਨੂੰ ਰੋਕਣ ਵਾਸਤੇ ਭਾਈ ਇੰਦਰ ਸਿੰਘ ਜੀ ਇਸਦੇ ਨੇੜੇ ਆਏ। ਇਸ ਨੇ ਮਾਰਨ ਵਾਸਤੇ ਸੋਟੀ ਚੁੱਕ ਲਈ। ਇਨ੍ਹਾਂ ਨੇ ਇਸ ਦੇ ਹੱਥੋਂ ਸੋਟੀ ਫੜ੍ਹਕੇ ਪਿੱਛੇ ਨੂੰ ਹਟਾਉਣ ਵਾਸਤੇ ਪੋਲਾ ਜਿਹਾ ਧੱਕਾ ਲਾ ਦਿੱਤਾ। ਇਹ ਉਸੇ ਸਮੇਂ ਧਰਤੀ ਤੇ ਡਿੱਗ ਪਿਆ। ਖ਼ਬਰੇ ਇਸਦੀ ਮੌਤ ਇਸੇ ਕਾਰਨ ਹੀ ਹੋਣੀ ਸੀ ਡਿੱਗਦੇ ਸਾਰ ਹੀ ਪ੍ਰਾਣ ਨਿਕਲ ਗਏ। ਨਗਰ ਨਿਵਾਸੀ ਇਕੱਠੇ ਹੋ ਗਏ। ਪੁਲਿਸ ਨੂੰ ਪਤਾ ਲੱਗਾ ਤਾਂ ਇੰਦਰ ਸਿੰਘ ਨੂੰ ਫੜ੍ਹਕੇ ਜ਼ੇਲ੍ਹ ਵਿੱਚ ਡੱਕ ਦਿੱਤਾ। ਨਗਰ ਵਾਲੇ ਇਸਦੇ ਹੱਕ ਵਿੱਚ ਸਨ ਪਰ ਇਹ ਆਪਣਾ ਕਸੂਰ ਖੁਦ ਹੀ ਮੰਨ ਚੁੱਕਿਆ ਸੀ। ਮੇਰਾ ਧੱਕਾ ਲੱਗਣ ਤੇ ਇਹ ਡਿੱਗਿਆ ਹੈ। ਪਿੰਡ ਵਾਲੇ ਕਹਿੰਦੇ ਅਸੀਂ ਬਰੀ ਕਰਵਾ ਦਿੰਦੇ ਹਾਂ ਪਰ ਤੂੰ ਆਪਣਾ ਬਿਆਨ ਬਦਲ ਦੇਹ ਅਤੇ ਆਖ ਕਿ ਮੈਂ ਕੁਝ ਨਹੀਂ ਕੀਤਾ, ਖ਼ਬਰੇ ਕਿਵੇਂ ਡਿੱਗਾ ਹੈ। ਜੱਜ ਦੇ ਪਾਸ ਜਾ ਕੇ ਮੁੱਕਰ ਜਾਵੀਂ। ਪਰ ਇਸ ਨੇ ਕਿਹਾ ਕਿ ਮੈਂ ਝੂਠ ਨਹੀਂ ਬੋਲਣਾ।

ਕਈ ਮਹੀਨੇ ਮੁਕੱਦਮਾ ਚਲਦਾ ਰਿਹਾ ਪਰ ਅਖ਼ੀਰ ਨੂੰ ਇਸ ਦੇ ਬਿਆਨਾਂ ਅਨੁਸਾਰ ਜੱਜ ਨੇ ਫਾਸੀ ਦੀ ਸਜ਼ਾ ਸੁਣਾ ਦਿੱਤੀ। ਫੇਰ ਤਾਂ ਕੋਠੀ ਲੱਗ ਗਈ। ਉਸ ਸਮੇਂ ਹੋਰ ਸਾਰੇ ਆਸਰੇ ਛੱਡ ਕੇ ਇਹ ਗੁਰਮੁਖ ਪਿਆਰਾ ਗੁਰੂ ਪਰਾਇਣ ਹੋ ਗਿਆ। ਗੁਰਬਾਣੀ ਦਾ ਪਾਠ ਗੁਰੂ ਸਰੂਪ ਦਾ ਧਿਆਨ ਤੇ ਬਾਬਾ ਆਇਆ ਸਿੰਘ ਦੇ ਚਰਨਾਂ ਵਿੱਚ ਬੇਨਤੀਆਂ। ਇਸੇ ਪਾਸੇ ਅੱਠੇ ਪਹਿਰ ਲੱਗਾ ਰਹੇ ਅਤੇ ਆਖੇ, "ਮਹਾਰਾਜ! ਆਪ ਘਟ-ਘਟ ਕੇ ਅੰਤਰਯਾਮੀ ਹੋ ਭਾਵੇਂ ਮੈਂ ਦੋਸੀ ਹਾਂ, ਕਸੂਰਵੰਦ ਹਾਂ ਪਰ ਸਜਾਇ ਮੌਤ ਵਾਲਾ ਮੇਰਾ ਕਸੂਰ ਨਹੀਂ। ਮੈਂ ਜਾਣ ਬੁਝ ਕੇ ਕੁਝ ਨਹੀਂ ਕੀਤਾ। ਸਿਰਫ ਤੁਹਾਡੀ ਨਿੰਦਿਆ ਬਰਦਾਸ਼ਤ ਨਹੀਂ ਕਰ ਸਕਿਆ। ਪਿੱਛੇ ਹਟਾਉਣ ਲੱਗੇ ਤੋਂ ਧੱਕੇ ਨਾਲ ਡਿੱਗ ਕੇ ਮਰ ਗਿਆ। ਹੁਣ ਤੁਸੀਂ ਹੀ ਔਖੇ ਸਮੇਂ ਸਹਾਇਤਾ ਕਰ ਸਕਦੇ ਹੋ। ਜਿਵੇਂ ਕੌਰਵਾਂ ਦੀ ਸਭਾ ਵਿੱਚ ਦਰੋਪਤੀ ਦੀ ਲਾਜ ਰੱਖੀ ਅਤੇ ਸਧਨੇ ਨੂੰ ਸੱਚਾ ਜਾਣਕੇ ਕਿਲ੍ਹੇ ਦੀ ਕੰਧ ਤੋਂ ਬਚਾਇਆ। ਸੋ ਹੁਣ ਵੀ ਆਪਣੇ ਬਿਰਦ ਬਾਣੇ ਦੀ ਲਾਜ ਸੰਭਾਲਦੇ ਹੋਏ ਇਸ ਬਿਪਤਾ ਦੇ ਸਮੇਂ ਬਹੁੜੋ। ਇਉਂ ਰਾਤ ਦਿਨ ਬਾਬਾ ਜੀ ਨੂੰ ਯਾਦ ਕਰਦਾ।" ਫਾਸੀ ਲੱਗਣ ਵਿੱਚ ਥੋੜਾ ਹੀ ਸਮਾਂ ਬਾਕੀ ਰਹਿ ਗਿਆ ਸੀ। ਕਿ ਅੱਜ ਸਵੇਰ ਦੇ ਟਾਇਮ ਬਾਬਾ ਈਸ਼ਰ ਸਿੰਘ ਜੀ (ਵਿਰੱਕਤ) ਨੇ ਇਸ ਨੂੰ ਜ਼ੇਲ੍ਹ ਵਿੱਚ ਦਰਸ਼ਨ ਦੇ ਕੇ ਆਖਿਆ ਕਿ ਤੂੰ ਅੰਦਰੋਂ ਹੀ ਰਹਿਮ ਦੀ ਅਪੀਲ ਕਰ ਦੇ ਬਰੀ ਹੋ ਜਾਵੇਂਗਾ।

ਉਸ ਨੇ ਦਿਨ ਚੜ੍ਹੇ ਰਹਿਮ ਦੀ ਅਪੀਲ ਕੀਤੀ ਪਰ ਜਦੋਂ ਇਸਦੇ ਕਾਗ਼ਜ਼ ਉੱਪਰ ਗਏ ਤਾਂ ਇਸ ਦੀ ਅਪੀਲ ਰੱਦ ਕਰ ਦਿੱਤੀ ਗਈ। ਕਿ ਇਹ ਛੱਡਿਆ ਨਹੀਂ ਜਾ ਸਕਦਾ। ਪਰ ਜਦੋਂ ਕਾਗ਼ਜ਼ ਦੇ ਉੱਪਰ ਜੱਜ ਆਪਣੀ ਕਲਮ ਚਲਾਉਣ ਲੱਗਾ ਤਾਂ ਉਹ ਵੀ ਰੁਕ-ਰੁਕ ਕੇ ਚੱਲਦੀ ਸੀ। ਇਸ ਨੇ ਵੀ ਆਪਣੇ ਅੰਦਰ ਬਾਬਾ ਆਇਆ ਸਿੰਘ ਜੀ ਦਾ ਧਿਆਨ ਵਸਾ ਕੇ ਅਰਦਾਸ ਸ਼ੁਰੂ ਕਰ ਦਿੱਤੀ। ਜਦੋਂ ਜੱਜ ਨੇ ਕਾਗ਼ਜ਼ ਦੀ ਹਿੱਕ ਤੋਂ ਨਿਰਦਈ ਕਲਮ ਦੀ ਨੋਕ ਚੁੱਕੀ ਤਾਂ ਕੀ ਦੇਖਿਆ 'ਫਾਸੀ' ਵਾਲੇ ਦੋ ਅੱਖਰਾਂ ਦੀ ਥਾਂ 'ਬਰੀ' ਇਹ ਦੋ ਅੱਖਰ ਲਿਖੇ ਸਨ। ਇਹ ਬੜਾ ਸਿਆਣਾ ਅੰਗਰੇਜ਼ ਅਫਸਰ ਸੀ। ਪੁੱਛਣ ਲੱਗਾ, "ਸੱਚ ਦੱਸ ਤੂੰ ਇਸ ਵੇਲੇ ਕਿਸ ਨੂੰ ਯਾਦ ਕੀਤਾ ਹੈ? ਤੇਰਾ ਮੁਰਸ਼ਦ ਕਾਮਲ ਤੇ ਪੂਰਨ ਹੈ। ਮੇਰੀ ਕਲਮ ਪਹਿਲਾਂ ਹੀ ਰੁਕ ਕੇ ਚਲਦੀ ਸੀ" ਤਾਂ ਭਾਈ ਇੰਦਰ ਸਿੰਘ ਬੋਲਿਆ, "ਸਾਹਬ! ਮੈਂ ਹੋਤੀ ਮਰਦਾਨ ਵਾਲੇ ਸੰਤ ਬਾਬਾ ਆਇਆ ਸਿੰਘ ਜੀ ਦਾ ਸੇਵਕ ਹਾਂ ਉਨ੍ਹਾਂ ਨੇ ਹੀ ਮੇਰੇ ਤੇ ਕਿਰਪਾ ਕੀਤੀ ਹੈ। ਪਰ ਮੇਰਾ ਕਸੂਰ ਵੀ ਸਜਾਇ ਮੌਤ ਵਾਲਾ ਨਹੀਂ ਸੀ" ਉਸ ਸਮੇਂ ਅੰਗਰੇਜ਼ ਅਫਸਰ ਸ਼ੈਸ਼ਨ ਜੱਜ ਵੀ ਬਾਬਾ ਜੀ ਦਾ ਸ਼ਰਧਾਲੂ ਹੋ ਗਿਆ ਤੇ ਇਸ ਨੂੰ ਛੱਡ ਦਿੱਤਾ।

## ਸੰਤ ਜਵੰਦਾ ਸਿੰਘ ਜੀ ਨੂੰ ਅੰਤਮ ਦਰਸ਼ਨ

ਜਦੋਂ ਦੂਸਰੀ ਵੇਰ ਦਸਮੀ ਦੇ ਸਲਾਨਾ ਜੋੜ ਮੇਲੇ ਤੇ 'ਫਿਰੋਜ਼ਪੁਰ' ਤੋਂ ਹੋਤੀ ਮਰਦਾਨ ਡੇਰੇ ਆਇਆਂ ਸੰਤ ਜਵੰਦ ਸਿੰਘ ਜੀ ਨੇ ਜਾਣ ਦੇ ਸਮੇਂ ਸੰਤਾਂ ਤੋਂ ਆਗਿਆ ਮੰਗੀ। ਉਸ ਸਮੇਂ ਸੰਤਾਂ ਨੇ ਆਪਣੇ ਹੱਥੀ ਸਿਰੋਪਾਓ ਤੇ ਪ੍ਰਸਾਦਿ ਦਿੱਤਾ। ਇਸ ਨੇ ਅਰਜ਼ ਕੀਤੀ, "ਦਾਤਾ! ਹੁਣ ਕਦੋਂ ਦਰਸ਼ਨ ਹੋਣਗੇ? ਅੰਤਰਯਾਮੀ ਬਾਬਾ ਜੀ ਕਹਿਣ ਲੱਗੇ ਸੰਤ ਜੀ ਹੁਣ ਇਹ ਆਖ਼ਰੀ ਦਰਸ਼ਨ ਹੀ ਸਮਝੋ। ਕਿਉਂਕਿ ਸਰੀਰਾਂ ਦਾ ਮਿਲਾਪ ਸਦਾ ਨਹੀਂ ਰਹਿੰਦਾ ਸ਼ਬਦ ਦੇ ਮਿਲਾਪ ਹਮੇਸ਼ਾ ਮਿਲੇ ਰਹਿੰਦੇ ਹਨ। 'ਸ਼ਬਦ ਮਿਲਾਵਾ ਹੋਤ ਹੈ ਦੇਹ ਮਿਲਾਵਾ ਨਾਹਿ' ਸੰਤ ਜਵੰਦ ਸਿੰਘ ਜੀ ਸਿਦਕਵਾਨ, ਨਾਮ ਰਸੀਏ ਤੇ ਸੂਝ ਵਾਲੇ ਮਹਾਂ ਪੁਰਸ਼ ਸਨ। ਸੰਤਾਂ ਦੇ ਬਚਨਾਂ ਨੂੰ ਸਮਝ ਗਏ ਭਾਵੇਂ ਚਲੇ ਤਾਂ ਗਏ ਪਰ ਧਿਆਨ ਉਨ੍ਹਾਂ ਦਾ ਸੰਤਾਂ ਵੱਲ ਹੀ ਰਿਹਾ ਅਤੇ ਵਾਰ-ਵਾਰ ਇਸ ਬਚਨ ਨੂੰ ਹੀ ਵਿਚਾਰਦੇ ਰਹੇ ਕਿ ਸੰਤਾਂ ਨੇ ਵੈਰਾਗ ਦਾ ਬਚਨ ਕੀਤਾ ਹੈ ਜ਼ਰੂਰ ਹੀ ਸੱਤ ਹੋਵੇਗਾ।

# ਸੰਤਾਂ ਨੇ ਜੋਤੀ ਜੋਤ ਸਮਾਉਣਾ

ਸੰਤ ਜੀ ਮਹਾਰਾਜ ਨੂੰ ਪਰਉਪਕਾਰ ਤੇ ਗੁਰਮਤਿ ਦਾ ਪ੍ਰਚਾਰ ਕਰਦਿਆਂ ਪੌਣੇ ਸੋਲਾਂ ਸਾਲ ਹੋ ਗਏ। ਅੱਸੂ ਦਾ ਮਹੀਨਾ ਚੜ੍ਹ ਆਇਆ। ਮਿੱਠੀ ਰੁੱਤ ਸੁਹਾਵਣਾ ਮੌਸਮ ਨਾ ਬਹੁਤੀ ਸਰਦੀ ਨਾ ਗ਼ਰਮੀ।

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥

(ਪੰਨਾ ੧੩੪)

ਆਪਣੇ ਪ੍ਰੀਤਮ ਦੇ ਮਿਲਣ ਦਾ ਉਤਸ਼ਾਹ ਸਰੀਰ ਦੀ ਉਪਾਧੀ ਦਾ ਤਿਆਗ ਕਰਕੇ ਅਸਲੀ ਮਿਲਾਪ ਦਾ ਚਾਅ ਚੜ੍ਹਿਆ। ਜਿਵੇਂ ਨਦੀ ਦੇ ਪਾਣੀ ਵਿੱਚ ਭਰੇ ਪਏ ਘੜੇ ਦੇ ਅੰਦਰ ਬਾਹਰ ਪਾਣੀ ਹੁੰਦਾ ਹੈ। ਪਰ ਘੜੇ ਦੇ ਅੰਦਰਲੇ ਪਾਣੀ ਤੇ ਨਦੀ ਦੇ ਪਾਣੀ ਨੂੰ ਘੜੇ ਦੇ ਖੱਪਰਾਂ ਨੇ ਵੱਖਰਾ ਕੀਤਾ ਹੁੰਦਾ ਹੈ। ਜਦੋਂ ਘੜੇ ਦੇ ਖੱਪਰ ਫੁੱਟ ਜਾਣ ਫਿਰ ਘੜੇ ਦਾ ਪਾਣੀ ਨਦੀ ਦੇ ਪਾਣੀ ਵਿੱਚ ਮਿਲਕੇ ਉਸ ਦਾ ਰੂਪ ਹੀ ਹੋ ਜਾਂਦਾ ਹੈ। ਇਸੇ ਤਰ੍ਹਾਂ ਮਹਾਂ ਪੁਰਸ਼ਾਂ ਦਾ ਸਰੀਰ ਦੇ ਹੁੰਦਿਆਂ ਪ੍ਰਮੇਸ਼ਰ ਨਾਲ ਮਿਲਾਪ ਤਾਂ ਹੁੰਦਾ ਹੈ ਕਿਉਂਕਿ ਉਨ੍ਹਾਂ ਵਿੱਚ ਤੇ ਰੱਬ ਵਿੱਚ ਕੋਈ ਫ਼ਰਕ ਨਹੀਂ ਹੁੰਦਾ।

ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥

(ਪੰਨਾ ੨੭੨)

ਪਰ ਸਰੀਰ ਦਾ ਤਿਆਗ ਕੀਤਿਆਂ ਹੀ ਵਿਦੇਹ ਮੁਕਤੀ ਦਾ ਪੂਰਨ ਅਨੰਦ ਮਿਲਦਾ ਹੈ। ਏਧਰੋਂ ਬਾਬਾ ਆਇਆ ਸਿੰਘ ਜੀ ਮਹਾਰਾਜ ਨੇ ਦੋ ਕੁ ਮਹੀਨਿਆਂ ਤੋਂ ਆਪਣਾ ਸਰੀਰ ਢਿੱਲਾ ਕਰ ਲਿਆ। ਸਰੀਰਕ ਦੁਖ ਗਿਆਨੀ ਤੇ ਅਗਿਆਨੀ ਦੋਵਾਂ ਨੂੰ ਇੱਕੋ ਜਿਹਾ ਭੋਗਣਾ ਪੈਂਦਾ ਹੈ। ਅਵਤਾਰਾਂ ਤੇ ਪੈਗੰਬਰਾਂ ਨੇ ਵੀ ਸਰੀਰ ਪਾ ਕੇ ਕਸ਼ਟ ਝੱਲੇ। ਪਰ ਗਿਆਨਵਾਨ ਸ਼ਾਤ ਰਹਿੰਦੇ ਹਨ। ਉਨ੍ਹਾਂ ਦਾ ਇਹ ਨਿਸ਼ਚਾ ਹੁੰਦਾ ਹੈ ਕਿ ਇਹ ਸਰੀਰ ਦਾ ਭੋਗ ਹੈ ਜ਼ਰੂਰ ਹੀ ਭੋਗਣਾ ਪਵੇਗਾ। ਅਵਤਾਰ ਤੇ ਕਾਰਕ ਸਮਝਦੇ ਹਨ ਕਿ ਇਹ ਸਰੀਰ ਜੀਵਾਂ ਦੇ ਮਿਸ਼ਰਤ ਕਰਮਾਂ ਕਰਕੇ ਧਾਰਨ ਕੀਤਾ ਹੈ ਅਤੇ ਜੀਵਾਂ ਦੀ ਪ੍ਰਾਰੱਬਧ ਅਨੁਸਾਰ ਹੀ ਇਸ ਨੂੰ ਦੁਖ ਸੁਖ ਮਿਲਣਾ ਹੈ। ਇਸ ਕਰਕੇ ਉਹ ਸੁਖੀ ਰਹਿੰਦੇ ਹਨ ਅਤੇ ਅਗਿਆਨੀ ਦੁਖੀ ਹੁੰਦੇ ਹਨ। ਆਪ ਜੀ ਨੇ ਅੰਮ੍ਰਿਤ ਵੇਲੇ ਉੱਠਣ ਦੇ ਨਿੱਤਨੇਮ ਤੇ ਸਰੀਰਕ ਕਿਰਿਆ ਵਿੱਚ ਰੰਚਕ ਮਾਤਰ ਫ਼ਰਕ ਨਹੀਂ ਸੀ ਆਉਣ ਦਿੱਤਾ। ਬਿਮਾਰੀ ਦੀ ਹਾਲਤ ਵਿੱਚ ਵੀ ਸੰਗਤਾਂ ਦੇ ਕਹਿਣ ਦੇ ਬਾਵਜੂਦ ਪਹਿਲਾਂ ਵਾਂਗੂੰ ਹੀ ਆਪਣਾ ਨਿਯਮ ਨਿਭਾਉਂਦੇ ਰਹੇ। ਅੱਜ ਇੱਕ ਬੀਬੀ ਕਰਤਾਰ ਕੌਰ ਵਲੋਂ ਡੇਰੇ ਵਿੱਚ ਅਖੰਡ ਪਾਠ ਰੱਖਿਆ ਹੋਇਆ ਸੀ। ਜਿਸ ਦੇ ਘਰ ਕਾਫ਼ੀ ਸਮੇਂ ਤੋਂ ਬਾਅਦ ਸੰਤਾਂ ਦੇ ਬਚਨਾਂ ਨਾਲ ਪਹਿਲਾਂ ਹੀ ਕਾਕਾ ਹੋਇਆ ਸੀ। ਉਸ ਦਾ ਵਿਚਾਰ ਸੀ ਕਿ ਬੱਚੇ ਦਾ ਨਾਮ ਵੀ ਸੰਤਾਂ ਪਾਸੋਂ ਹੀ ਰਖਾਵਾ ਤੇ ਚੋਲਾ ਵੀ ਉਹ ਆਪਣੇ ਹੱਥੀਂ ਹੀ ਪਾਵਣ। ਐਤਵਾਰ ਦਾ ਦਿਨ ਸੀ। ਅਖੰਡ ਪਾਠ ਦਾ ਭੋਗ ਵੀ ਪੈਣਾ ਸੀ। ਜਿਸ ਕਰਕੇ ਡੇਰੇ ਵਿੱਚ ਕਾਫ਼ੀ ਇਕੱਠ ਸੀ। ਸਵੇਰੇ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋਇਆ। ਫਿਰ ਅਖੰਡ ਪਾਠ ਦਾ ਭੋਗ ਪਿਆ। ਅਰਦਾਸ ਤੋਂ ਬਾਅਦ ਹੁਕਮ ਲਿਆ। ਸੰਤ ਜੀ ਵੀ ਉਸ ਸਮੇਂ ਸਤਿਗੁਰਾਂ ਦੀ ਹਜ਼ੂਰੀ ਵਿੱਚ ਹਾਜ਼ਰ ਸਨ। ਸ਼ਬਦ ਦੇ ਪਹਿਲੇ ਅੱਖਰ ਤੋਂ ਬੱਚੇ ਦਾ ਨਾਮ ਰੱਖਿਆ ਅਤੇ ਉਸ ਦੇ ਗਲੇ ਚੋਲਾ ਪਾਇਆ। ਉਸ ਸਮੇ ਸੰਤਾਂ ਨੇ ਕਿਹਾ ਕਿ ਬੀਬੀ ਅਸੀਂ ਤੇਰੇ ਨਾਲ ਬਚਨ ਕੀਤਾ ਸੀ ਕਿ ਬੱਚੇ ਦਾ ਨਾਮ ਵੀ ਰਖਾਂਗੇ ਤੇ ਚੋਲਾ ਵੀ ਪਾਵਾਂਗੇ ਸੋ ਇਸੇ ਸਮੇਂ ਨੂੰ ਹੀ ਉਡੀਕ ਰਹੇ ਸਾਂ। ਬੱਚੇ ਦਾ ਨਾਮ ਵੀ ਰੱਖਿਆ ਗਿਆ ਤੇ ਚੋਲਾ ਵੀ ਪਾ ਦਿੱਤਾ। ਹੁਣ ਨਿਰਸੰਕਲਪ ਹੋ ਗਏ ਹਾਂ। ਇਸ ਤਰ੍ਹਾਂ ਦੇ ਵੈਰਾਗ ਮਈ ਬਚਨ ਸੁਣਕੇ ਬੀਬੀ ਦੀ ਧਾਹ ਨਿਕਲ ਗਈ ਤੇ ਸਾਰੀ ਸੰਗਤ ਦੇ ਨੇਤਰ ਵੀ ਤਰ ਹੋ ਗਏ। ਉਸ ਸਮੇਂ ਸੰਤਾਂ ਨੇ ਕਿਹਾ, "ਸੰਗਤ ਜੀ! ਵੈਰਾਗ ਨਾ ਕਰੋ ਸਰੀਰ ਤਾਂ ਹੈ ਹੀ ਆਉਣ ਜਾਣ ਵਾਲੀ ਚੀਜ਼। ਜੋ ਵੀ ਦੇਹ ਧਾਰ ਕੇ ਸੰਸਾਰ ਤੇ ਆਇਆ ਕੋਈ ਵੀ ਸਰੀਰ ਕਰਕੇ ਥਿਰ ਨਹੀਂ ਰਿਹਾ। ਤੁਸੀਂ ਪ੍ਰਮੇਸ਼ਰ ਦੀ ਰਜ਼ਾ ਵਿੱਚ ਹੀ ਰਾਜ਼ੀ ਰਹੋ। ਹੁਣ ਸਾਨੂੰ ਸਾਡੇ ਮਾਲਕ ਦਾ ਇਹੋ ਹੀ ਹੁਕਮ ਹੋਇਆ ਹੈ। ਜਿਸ ਕਰਕੇ ਉਸ ਦੇ ਭਾਣੇ ਅਨੁਸਾਰ ਹੀ ਚੱਲਣਾ ਬਣਦਾ ਹੈ।"

ਉਸ ਸਮੇਂ ਸੰਗਤ ਤਾਂ ਪ੍ਰਸ਼ਾਦਿ ਲੈ ਕੇ ਲੰਗਰ ਵੱਲ ਚਲੀ ਗਈ। ਸੰਤਾਂ ਨੇ ਦੂਸਰੇ ਕਮਰੇ ਵਿੱਚ ਜਾ ਕੇ ਬਾਬਾ ਕਰਮ ਸਿੰਘ ਜੀ ਦੇ ਮੰਜੇ ਸਾਹਿਬ ਦੇ ਅੰਤਮ ਦਰਸ਼ਨ ਕੀਤੇ। ਜਿਸ ਦੇ ਉੱਪਰ ਬਿਰਾਜਮਾਨ ਹੋ ਕੇ ਵੱਡੇ ਸਾਹਿਬ ਸੰਗਤ ਨੂੰ ਉਪਦੇਸ਼ ਦਿਆ ਕਰਦੇ ਸਨ। ਉਸ ਮੰਜੇ ਸਾਹਿਬ ਨਾਲ ਆਪਣਾ ਸਿਰ ਲਗਾ ਕੇ ਬੜਾ ਵੈਰਾਗ ਕੀਤਾ। ਨੇਤਰਾਂ ਦੇ ਹੰਝੂਆਂ ਨਾਲ ਮੰਜੇ ਦੇ ਪਾਵੇ ਭਿਗੋ ਦਿੱਤੇ ਤੇ ਬਾਬਾ ਕਰਮ ਸਿੰਘ ਜੀ ਨੂੰ ਮੰਜੇ ਸਾਹਿਬ ਤੇ ਹਾਜ਼ਰ ਨਾਜ਼ਰ ਸਜੇ ਜਾਣਕੇ

ਅਰਜ਼ ਕੀਤੀ, "ਮਹਾਰਾਜ! ਹੁਣ ਆਗਿਆ ਬਖ਼ਸ਼ੋ। ਆਪ ਜੀ ਨੇ ਕ੍ਰਿਪਾ ਕਰਕੇ ਜਿਤਨੀ ਸੇਵਾ ਕਰਵਾਈ ਹਜ਼ੂਰ ਦਾ ਹੁਕਮ ਮੰਨਕੇ ਆਪ ਜੀ ਦੇ ਡੇਰੇ ਦੀ ਉਤਨੀ ਹੀ ਸੇਵਾ ਕੀਤੀ। ਭੁੱਲਾਂ ਦੀ ਮੁਆਫ਼ੀ ਦਿਉ ਚਰਨਾਂ ਵਿੱਚ ਨਿਵਾਸ ਬਖ਼ਸ਼ੋ। ਜਨਮ ਮਰਨ ਦਾ ਚੱਕਰ ਕੱਟੋ। ਬਿਰਦ ਬਾਣੇ ਦੀ ਲਾਜ ਰੱਖੋ।" ਇਉਂ ਆਖ ਕੇ ਫਿਰ ਬੜਾ ਵੈਰਾਗ ਕੀਤਾ ਤੇ ਭੁੱਬਾਂ ਮਾਰ ਕੇ ਰੋਏ। ਉਸ ਸਮੇਂ ਛੋਟੇ ਸੰਤ ਰਾਮ ਸਿੰਘ ਜੀ, ਸੰਤ ਮਾਝਾ ਸਿੰਘ ਜੀ ਤੇ ਹੋਰ ਮੁਖੀ ਪ੍ਰੇਮੀ ਜੋ ਬਾਬਾ ਜੀ ਦੇ ਪਾਸ ਖੜ੍ਹੇ ਸਨ ਇਨ੍ਹਾਂ ਸਭਨਾਂ ਦੀਆਂ ਰੋਦਿਆਂ-ਰੋਦਿਆਂ ਘੱਘਾਂ ਬਹਿ ਗਈਆਂ।

ਫਿਰ ਛੋਟੇ ਸੰਤਾਂ ਨੇ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਹਜ਼ੂਰ ਦੇ ਦਰਸ਼ਨਾਂ ਲਈ ਬਹੁਤ ਸਾਰੀ ਸੰਗਤ ਖੜ੍ਹੀ ਹੈ। ਆਪ ਪਾਲਕੀ ਵਿੱਚ ਬੈਠ ਕੇ ਛੱਪਰੀਆਂ ਵੱਲ ਚਲੋ ਤੇ ਬਾਅਦ ਵਿੱਚ ਤਿਆਰ ਹੋਇਆ ਲੰਗਰ ਵਰਤੇ।" ਉਸ ਸਮੇਂ ਸੰਤ ਜੀ ਪਾਲਕੀ ਵਿੱਚ ਬੈਠ ਗਏ। ਜਾਣ ਸਮੇਂ ਭਗਵਾਨ ਦਾਸ, ਸੰਤ ਰਾਮ ਸਿੰਘ, ਸੰਤ ਮਾਝਾ ਸਿੰਘ ਜੀ ਹੋਰਾਂ ਨੂੰ ਬਚਨ ਕੀਤਾ ਕਿ ਆਪ ਤਿਆਰ ਹੋਇਆ ਲੰਗਰ ਛੇਤੀ ਵਰਤਾ ਦਿਉ। ਇਉਂ ਆਖਕੇ ਆਪ ਛੱਪਰੀਆਂ ਵੱਲ ਚਲੇ ਗਏ ਅਤੇ ਏਥੇ ਆ ਕੇ ਥੋੜ੍ਹਾ ਜਿਹਾ ਸਮਾਂ ਮੰਜੇ ਤੇ ਬਿਰਾਜ ਗਏ। ਸੰਤਾਂ ਦਾ ਸਰੀਰ ਢਿੱਲਾ ਜਾਣਕੇ ਅਤੇ ਵੈਰਾਗ ਮਈ ਬਚਨ ਸੁਣ ਕੇ ਇਸ ਤੋਂ ਪਹਿਲਾਂ ਵੀ ਗ੍ਰਿਹਿਸਥੀ ਭਗਤਾਂ ਤੇ ਡੇਰੇ ਦੇ ਸਾਧੂਆਂ ਨੇ ਕਈ ਵਾਰ ਅਰਜ਼ ਕੀਤੀ ਸੀ ਕਿ ਮਹਾਰਾਜ! ਆਪ ਜੀ ਦਾ ਸਰੀਰ ਢਿੱਲਾ ਰਹਿੰਦਾ ਹੈ ਤੇ ਆਪ ਵੀ ਹੁਣ ਸਾਨੂੰ ਛੱਡ ਕੇ ਜਾਣ ਦੇ ਬਚਨ ਕਰਦੇ ਰਹਿੰਦੇ ਹੋ। ਪਰ ਸਾਡੀ ਬਾਂਹ ਵੀ ਕਿਸੇ ਨੂੰ ਫੜਾ ਜਾਉ। ਜਿਵੇਂ ਪਹਿਲਾਂ ਵੀ ਸੰਗਤਾਂ ਦੀ ਬੇਨਤੀ ਸੁਣ ਕੇ ਵੱਡੇ ਸੰਤਾਂ ਨੇ ਸੰਗਤ ਨੂੰ ਹਜ਼ੂਰ ਦੇ ਲੜ ਲਾ ਕੇ ਆਪਣੀ ਜਗ੍ਹਾ ਤੇ ਅਸਥਾਪਨ ਕੀਤਾ ਸੀ। ਉਸ ਸਮੇਂ ਸੰਤਾਂ ਨੇ ਉੱਤਰ ਦਿਤਾ ਕਿ ਗੁਰੂ ਰੂਪ ਸੰਗਤ ਮੌਜੂਦ ਹੈ ਜੋ ਹਰ ਪ੍ਰਕਾਰ ਸਮਰੱਥ ਹੈ। ਜਿਸ ਨੂੰ ਵੀ ਯੋਗ ਸਮਝੇਗੀ ਆਪ ਹੀ ਅਸਥਾਪਨ ਕਰ ਲਵੇਗੀ। ਇਹ ਬਿਹੰਗਮਾ ਦਾ ਡੇਰਾ ਹੈ ਸਦਾ ਚੱਲਦਾ ਹੀ ਰਹੇਗਾ।

ਫਿਰ ਸੰਤ ਬਿਰਾਜ ਗਏ ਅਤੇ ਇੱਕ ਪੁੜੀ ਦਵਾਈ ਦੀ ਮੰਗੀ। ਸੇਵਾਦਾਰ ਨੇ ਦੁੱਧ ਨਾਲ ਪੁੜੀ ਦਿੱਤੀ, ਸੰਤਾਂ ਨੇ ਪੁੜੀ ਛਕ ਕੇ ਫਿਰ ਪੁੱਛਿਆ ਕਿ ਸੰਗਤ ਪ੍ਰਸ਼ਾਦਿ ਛਕ ਚੁੱਕੀ ਹੈ? ਅਰਜ਼ ਹੋਈ, "ਮਹਾਰਾਜ! ਅਜੇ ਕੁਝ ਬਾਕੀ ਹੈ।" ਸੰਤਾਂ ਹੁਕਮ ਕੀਤਾ, "ਜਲਦੀ ਕਰੋ ਸਾਰਿਆਂ ਨੂੰ ਛਕਾ ਦਿਉ।" ਉਸ ਸਮੇਂ ਤਕਰੀਬਨ ਦਿਨ ਦੇ ੧੧ ਵੱਜੇ ਸਨ। ੨੮ ਅੱਸੂ ੧੯੭੫ ਬਿਕ੍ਰਮੀ ਸੰਮਤ ਤੇ ਐਤਵਾਰ ਦਾ ਦਿਨ ਸੀ। ਉਸ ਸਮੇਂ ਸੰਤਾਂ ਨੇ ਸਭਨਾਂ ਨੂੰ ਦਰਸ਼ਨ ਦੇਂਦੇ ਹੋਇਆਂ ਆਪਣੇ ਚਿਹਰੇ ਉੱਪਰ ਚਾਦਰ ਪਾ ਲਈ ਤੇ ਮੁਖ ਢੱਕ ਕੇ ਬਿਰਾਜ ਗਏ। ਫਿਰ ਤਿੰਨ ਵਾਰੀ ਆਵਾਜ਼ ਆਈ, ਵਾਹਿਗੁਰੂ! ਵਾਹਿਗੁਰੂ! ਵਾਹਿਗੁਰੂ! ਜੋ ਸਭਨਾਂ ਨੇ ਸੁਣੀ। ਇਹ ਅੰਤਮ ਸ਼ਬਦ ਆਖ ਕੇ ਫਿਰ ਜੋਤੀ ਜੋਤ ਸਮਾ ਗਏ।

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥

(ਪੰਨਾ ੨੭੮)

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥

(ਪੰਨਾ ੮੪੬)

੧੫ ਸਾਲ ੮ ਮਹੀਨੇ ਸੰਤ ਭਗਤ ਸਿੰਘਾਸਨ ਨੂੰ ਭਾਗ ਲਾ ਕੇ ਬੇਅੰਤ ਜੀਵਾਂ ਦਾ ਉਧਾਰ ਕੀਤਾ ਤੇ ਭਗਤੀ ਮਾਰਗ ਵਿੱਚ ਜੋੜ ਕੇ ਲੱਖਾਂ ਨੂੰ ਜੀਅ ਦਾਨ ਦਿੱਤਾ। ਉਸ ਸਮੇਂ ਸਾਰੇ ਡੇਰੇ ਵਿੱਚ ਜੰਗਲ ਦੀ ਅੱਗ ਵਾਗੂੰ ਇਹ ਖ਼ਬਰ ਫੈਲ ਗਈ। ਜਿਸ ਥਾਂ ਤੇ ਕੋਈ ਪ੍ਰੇਮੀ ਖੜ੍ਹਾ ਸੀ ਉਹ ਉੱਥੇ ਹੀ ਖੜ੍ਹਾ ਸੁੰਨ ਹੋ ਗਿਆ। ਜਿਸ ਕੰਮ ਨੂੰ ਕੋਈ ਕਰ ਰਿਹਾ ਸੀ ਉਸ ਨੂੰ ਵਿੱਚੇ ਛੱਡ ਕੇ ਛੱਪਰੀਆਂ ਵੱਲ ਦੌੜਿਆ। ਸੰਤ ਬਾਬਾ ਰਾਮ ਸਿੰਘ ਜੀ, ਸੰਤ ਮਾਝਾ ਸਿੰਘ ਜੀ ਤੇ ਹੋਰ ਸੰਗਤਾਂ ਵਿੱਚ ਵਿਛੋੜੇ ਦਾ ਕੁਰਲਾਹਟ ਪੈ ਗਿਆ। ਪ੍ਰੇਮੀਆਂ ਦਾ ਵੈਰਾਗ ਥੰਮਿਆ ਨਾ ਜਾਵੇ। ਸਭ ਸੰਗਤ ਇਕੱਤਰ ਹੋਈ ਤੇ ਸੰਤਾਂ ਦੇ ਹੁਕਮ ਅਨੁਸਾਰ ਸਰੀਰ ਨੂੰ ਅਟਕ ਦਰਿਆ ਵਿੱਚ ਜਲ ਪ੍ਰਵਾਹ ਕਰਨ ਦੀ ਤਿਆਰੀ ਕੀਤੀ ਗਈ। ਗੁਰਬਾਣੀ ਦਾ ਕੀਰਤਨ ਅਰੰਭ ਹੋ ਗਿਆ। ਦੂਰ ਬੈਠਿਆਂ ਨੂੰ ਖ਼ਬਰਾਂ ਕਰਨ ਵਾਸਤੇ ਸਭ ਪਾਸੇ ਤਾਰਾਂ ਭੇਜ ਦਿੱਤੀਆਂ ਗਈਆਂ। ਨੇੜੇ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਆਦਮੀ ਭੇਜੇ ਗਏ। ਇਲਾਕੇ ਦੇ ਹਿੰਦੂ ਮੁਸਲਮਾਨ ਇਕੱਠੇ ਹੋ ਗਏ। ਪਠਾਣ ਲੋਕ ਅਤੇ ਹੋਤੀ ਦਾ ਖ਼ਾਨ ਸਾਹਬ ਆਪਣੇ ਦੇਸੀ ਤੇ ਬੈਂਡ ਵਾਜੇ ਲੈ ਕੇ ਹਾਜ਼ਰ ਹੋਇਆ। ਸਰੀਰ ਦੇ ਉੱਪਰ ਪਾਉਣ ਵਾਸਤੇ ਫ਼ੁੱਲਾਂ ਦੇ ਹਾਰ

ਤਿਆਰ ਕੀਤੇ ਗਏ। ਪਲਟਨਾਂ ਵਿੱਚ ਛੁੱਟੀਆਂ ਹੋ ਗਈਆਂ। ਸਾਰੇ ਫੌਜੀ ਪੁੱਜ ਗਏ। ਬਹੁਤ ਸਾਰੇ ਸ਼ਬਦੀ ਜਥੇ ਆ ਗਏ ਜੋ ਆਪੋ ਆਪਣੀ ਵਾਰੀ ਅਨੁਸਾਰ ਕੀਰਤਨ ਕਰਨ ਲੱਗੇ। ਸਾਰਿਆਂ ਨੇ ਜਲੂਸ ਦੀ ਸ਼ਕਲ ਵਿੱਚ ਤਿਆਰੀ ਕਰਕੇ ਅੰਤਮ ਅਰਦਾਸ ਕੀਤੀ ਤੇ ਆਪਣੇ ਮੋਢਿਆਂ ਤੇ ਸੰਤਾਂ ਦਾ ਬਿਬਾਨ ਚੁੱਕ ਲਿਆ। ਅੱਗੇ-ਅੱਗੇ ਰਾਗੀ ਕੀਰਤਨ ਕਰਦੇ ਜਾ ਰਹੇ ਸਨ ਤੇ ਨਾਲ ਹੀ ਨਿਸ਼ਾਨ ਸਾਹਿਬ ਵੀ ਝੂਲਦੇ ਜਾ ਰਹੇ ਸਨ। ਉਸ ਸਮੇਂ ਡੇਰੇ ਤੋਂ ਹੁੰਦੇ ਹੋਏ ਗੁਰੂ ਦਰਬਾਰ ਵਿੱਚ ਅਰਦਾਸ ਕਰਕੇ ਹੋਤੀ ਮਰਦਾਨ ਤੋਂ ਸਾਰਾ ਪੈਂਡਾ ਪੈਦਲ ਹੀ ਨੁਸ਼ਹਿਰੇ ਵੱਲ ਚੱਲੇ। ਰਸਤੇ ਵਿੱਚ ਹੋਰ ਸੰਗਤਾਂ ਨਾਲ ਰਲਦੀਆਂ ਗਈਆਂ। ਸੈਦੂ ਸਾਹਿਬ ਗੁਰਦੁਆਰੇ ਆ ਕੇ ਬਾਹਰੋਂ ਹੀ ਸੰਤਾਂ ਦੇ ਸਰੀਰ ਨੂੰ ਰੱਖ ਕੇ ਮੱਥਾ ਟਕਾਇਆ ਤੇ ਅਰਦਾਸ ਕਰਕੇ ਫਿਰ ਤੁਰ ਪਏ।

'ਖੈਰਾਬਾਦ' ਆ ਕੇ ਇੱਕ ਤਖ਼ਤ ਪੋਸ਼ ਤੇ ਬਿਬਾਨ ਉਤਾਰ ਕੇ ਸੰਤਾਂ ਨੂੰ ਇਸ਼ਨਾਨ ਕਰਵਾਇਆ। ਉਸ ਸਮੇਂ ਦੇ ਇਸ਼ਨਾਨ ਦਾ ਜਲ ਸੰਗਤਾਂ ਨੇ ਬਰਤਨਾਂ ਵਿੱਚ ਪਾ ਕੇ ਆਪਣੇ ਘਰੀਂ ਲੈ ਆਂਦਾ। ਹੋਰ ਤਾਂ ਕੀ ਉਸ ਇਸ਼ਨਾਨ ਵਾਲੇ ਅਸਥਾਨ ਦੀ ਗਿੱਲੀ ਮਿੱਟੀ ਵੀ ਸੰਗਤ ਨੇ ਆਪਣੇ ਕੱਪੜਿਆਂ ਵਿੱਚ ਬੰਨ੍ਹ ਲਈ। ਫਿਰ ਸੰਤਾਂ ਨੂੰ ਨਵੀਨ ਬਸਤਰ ਪਵਾਕੇ ਬੜੇ ਸੁੰਦਰ ਸੰਦੂਕ ਵਿੱਚ (ਜੋ ਸ਼ਰਧਾਲੂਆਂ ਨੇ ਬੜੀ ਭਾਵਨਾ ਨਾਲ ਤਿਆਰ ਕੀਤਾ ਹੋਇਆ ਸੀ) ਸੰਤਾਂ ਦਾ ਸਰੀਰ ਬਿਰਾਜਮਾਨ ਕਰ ਦਿੱਤਾ। ਉੱਪਰ ਰੇਸ਼ਮੀ ਦੁਸ਼ਾਲੇ ਫੁੱਲਾਂ ਦੇ ਹਾਰ, ਗੁਲਾਬ, ਕਿਓੜਾ, ਸੈਂਟ ਤੇ ਅਤਰ ਆਦਿਕ ਛਿੜਕਿਆ। ਅਰਦਾਸ ਕਰਕੇ ਸ਼ਬਦ ਬਾਣੀ ਪੜ੍ਹਦੇ ਹੋਏ ਪ੍ਰੇਮੀ ਸੰਦੂਕ ਨੂੰ ਲੈ ਕੇ ਅਟਕ ਦਰਿਆ ਤੇ ਪੁੱਜੇ। ਬੇੜੀਆਂ ਵਿੱਚ ਸੰਦੂਕ ਰੱਖ ਕੇ ਨਾਲ ਰੱਸੇ ਬੰਨ੍ਹ ਲਏ। ਸੰਦੂਕ ਵਿੱਚ ਪੱਥਰਾਂ ਦਾ ਭਾਰ ਪਾਇਆ ਹੋਇਆ ਸੀ ਤਾਂ ਕਿ ਜਲ ਵਿੱਚ ਬੈਠ ਜਾਵੇ। ਦਰਿਆਂ ਦੇ ਅੱਧ ਵਿਚਕਾਰ ਜਾ ਕੇ ਉੱਪਰੋਂ ਰੱਸੇ ਖੋਲ੍ਹ ਦਿੱਤੇ ਤੇ ਸਰੀਰ ਦਾ ਜਲ ਪ੍ਰਵਾਹ ਕਰ ਦਿੱਤਾ। ਉਸ ਵਕਤ ਅਟਕ ਦਰਿਆ ਦੇ ਦੋਵੇਂ ਪਾਸੇ ਇੰਨਾਂ ਇਕੱਠ ਸੀ ਕਿ ਸੰਗਤ ਹੀ ਸੰਗਤ ਨਜ਼ਰ ਆਉਂਦੀ ਸੀ। ਦਰਿਆ ਦਾ ਕਿਨਾਰਾ ਨਹੀਂ ਸੀ ਦਿੱਸਦਾ।

ਇਉਂ ਸਰੀਰ ਨੂੰ ਜਲ ਪ੍ਰਵਾਹ ਕਰਕੇ ਸੰਗਤਾਂ 'ਖੈਰਾਬਾਦ' ਦੇ ਗੁਰਦੁਆਰੇ ਆ ਗਈਆਂ। ਜਿੱਥੇ ਪਹਿਲਾਂ ਹੀ ਬੜਾ ਇਕੱਠ ਜੁੜਿਆ ਹੋਇਆ ਸੀ। ਕੜਾਹ ਪ੍ਰਸ਼ਾਦਿ ਦੀ ਦੇਗ ਆ ਗਈ। ਅਲਾਹਣੀਆਂ ਤੇ ਕੀਰਤਨ ਸੋਹਿਲੇ ਦੇ ਪਾਠ ਮਗਰੋਂ ਅਨੰਦ ਸਾਹਿਬ ਦਾ ਪਾਠ ਕਰਕੇ ਅਰਦਾਸ ਕੀਤੀ ਉਪਰੰਤ ਸਤਿਗੁਰਾਂ ਦਾ ਹੁਕਮ ਆਇਆ-

ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥
ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥੧॥

ਅਖ਼ੀਰ ਵਿੱਚ ਹਜ਼ੂਰ ਨੇ ਫੁਰਮਾਇਆ-

ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰ ਉਪਕਾਰੀ ਆਏ ॥ (ਪੰਨਾ ੭੪੮)

ਉਸ ਸਮੇਂ ਗੁਰਦੁਆਰੇ ਸਾਹਿਬ ਦੇ ਗ੍ਰੰਥੀ ਭਾਈ ਟੇਕ ਸਿੰਘ ਜੀ ਨੇ (ਜੋ ਬੜੀ ਸੂਝ ਵਾਲੇ ਗੁਰਮੁਖ ਸਨ) ਸੰਗਤ ਨੂੰ ਉਪਦੇਸ਼ ਕੀਤਾ ਕਿ ਖਾਲਸਾ ਜੀ! ਭਾਈ ਨੰਦ ਲਾਲ ਜੀ ਕਥਨ ਕਰਦੇ ਹਨ:

'ਈਂ ਵਜੂਦੇ ਖਾਕ ਪਾਕ ਅਜ਼ ਯਾਦ ਅਸਤ।
ਜਾਂ ਕੇ ਇਨਸਾਂ ਮਜ਼ਹਰੇ ਬਨਿਯਾਦ ਅਸਤ।'

ਅਰਥ: ਭਾਵੇਂ ਇਹ ਸਰੀਰ ਮਿੱਟੀ ਹੈ ਅਤੇ ਇਸ ਵਿੱਚ ਅਨੇਕ ਪ੍ਰਕਾਰ ਦੇ ਮਲ ਮੂਤ੍ਰ ਹੋਣ ਕਰਕੇ ਅਪਵਿੱਤਰ ਹੈ ਪਰ ਸੰਤਾਂ ਦਾ ਸਰੀਰ ਨਾਮ ਜਪਣ ਕਰਕੇ ਪਵਿੱਤ੍ਰ ਹੋ ਜਾਂਦਾ ਹੈ। ਜਿਵੇਂ ਸੰਤਾਂ ਦੇ ਇਸ਼ਨਾਨ ਦਾ ਜਲ ਵੀ ਸੰਗਤਾਂ ਨੇ ਹੇਠਾਂ ਨਹੀਂ ਸੀ ਡਿੱਗਣ ਦਿੱਤਾ। ਉਸ ਸਮੇਂ ਦੀ ਗਿੱਲੀ ਮਿੱਟੀ ਵੀ ਸ਼ਰਧਾਲੂਆਂ ਨੇ ਅੱਜ ਤੱਕ ਸੰਭਾਲ ਕੇ ਰੱਖੀ ਹੋਈ ਹੈ। ਜਿਸਦਾ ਹਰ ਰੋਜ਼ ਦਰਸ਼ਨ ਕਰਦੇ ਅਤੇ ਮਸਤਕ ਨੂੰ ਲਾਉਂਦੇ ਹਨ ਪਰ ਨਾਮ ਤੋਂ ਹੀਣੇ ਸੰਸਾਰੀ ਬੰਦੇ ਮਰ ਜਾਵਣ ਤਾਂ ਉਨ੍ਹਾਂ ਦੀ ਦੇਹ ਨੂੰ ਵੀ ਕੋਈ ਨਹੀਂ ਛੂਹਦਾ। ਜੇ ਕਿਤੇ ਛੂਹ ਜਾਣ ਤਾਂ ਇਸ਼ਨਾਨ ਕੀਤੇ ਤੋਂ ਬਿਨਾਂ ਖਾਣਾ ਨਹੀਂ ਖਾਂਦੇ।

ਯਥਾ: ਚੰਦਨ ਕਾ ਫਲੁ ਚੰਦਨ ਵਾਸੁ ॥ ਮਾਣਸ ਕਾ ਫਲੁ ਘਟ ਮਹਿ ਸਾਸੁ ॥
ਸਾਸਿ ਗਇਐ ਕਾਇਆ ਢਲਿ ਪਾਇ ॥ ਤਾ ਕੈ ਪਾਛੈ ਕੋਇ ਨ ਖਾਇ ॥

(ਪੰਨਾ ੧੨੫੬)

ਤੇ ਇਸਤਰੀ ਤਾਂ:

ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥

(ਪੰਨਾ ੬੨੪)

ਦੂਰ ਭੱਜ ਜਾਂਦੀ ਹੈ। ਪਰ ਧੰਨ ਹਨ ਬਾਬਾ ਕਰਮ ਸਿੰਘ ਜੀ ਤੇ ਬਾਬਾ ਆਇਆ ਸਿੰਘ ਜੀ ਜਿਨ੍ਹਾਂ ਦੀ ਦੇਹ ਸਦਾ ਪਵਿੱਤ੍ਰ ਹੈ। ਉਪਰੰਤ ਕੜਾਹ ਪ੍ਰਸ਼ਾਦਿ ਵਰਤਿਆ। ਗੁਰੂ ਕਾ ਲੰਗਰ ਤਿਆਰ ਸੀ। ਸਵੇਰ ਤੋਂ ਸੰਗਤ ਨੇ ਕੁਝ ਨਹੀਂ ਸੀ ਛਕਿਆ। ਸਭਨਾਂ ਨੇ ਲੰਗਰ ਛਕਿਆ ਤੇ ਘਰਾਂ ਨੂੰ ਆ ਗਏ।

ਸਾਧ ਮੰਡਲੀ ਨੂੰ ਨਾਲ ਲੈਕੇ ਸੰਤ ਬਾਬਾ ਰਾਮ ਸਿੰਘ ਜੀ ਤੇ ਬਾਬਾ ਮਾਝਾ ਸਿੰਘ ਜੀ ਹੋਤੀ ਡੇਰੇ ਆ ਗਏ। ਏਥੇ ਆ ਕੇ ਸੰਤਾਂ ਦੇ ਨਮਿਤ ਸ੍ਰੀ ਅਖੰਡ ਪਾਠ ਪ੍ਰਾਰੰਭ ਕਰ ਦਿੱਤੇ। ਸਤਾਰੀਏ ਵਾਲੇ ਦਿਨ ਸੰਤ ਰਾਮ ਸਿੰਘ ਜੀ ਤੇ ਬਾਬਾ ਮਾਝਾ ਸਿੰਘ ਜੀ ਨੇ ਸਾਰੇ ਸੰਤਾਂ, ਮਹੰਤਾਂ, ਤੇ ਪ੍ਰੇਮੀਆਂ ਨੂੰ ਸੱਦੇ ਪੱਤਰ ਭੇਜੇ। ਬੜੀ ਭੀੜ ਜੁੜ ਗਈ। ਹਰਿਦੁਆਰ ਕਨਖਲ ਤੋਂ ਨਿਰਮਲੇ ਸੰਪ੍ਰਦਾਇ ਦੇ ਮਹਾਂ ਪੁਰਸ਼ ਆਏ। ਭੋਗ ਵਾਲੇ ਦਿਨ ਅਖੰਡ ਪਾਠਾਂ ਦੀ ਸਮਾਪਤੀ ਉਪਰੰਤ ਸਾਰੇ ਸੰਤਾਂ, ਮਹੰਤਾਂ ਨੇ ਵਿਚਾਰ ਕਰਕੇ ਡੇਰੇ ਦਾ ਪ੍ਰਬੰਧ ਚਲਾਉਣ ਵਾਸਤੇ ਬਾਬਾ ਰਾਮ ਸਿੰਘ ਜੀ ਨੂੰ ਵੱਡੀ ਗੱਦੀ ਤੇ ਬਾਬਾ ਮਾਝਾ ਸਿੰਘ ਜੀ ਨੂੰ ਛੋਟੀ ਗੱਦੀ ਦੇ ਦਿੱਤੀ। ਸਾਰੇ ਭੇਖਾਂ ਦੇ ਸਾਧੂਆਂ ਵਲੋਂ ਦੋਵਾਂ ਨੂੰ ਦਸਤਾਰ ਦਿੱਤੇ ਗਏ ਤੇ ਮੱਥੇ ਤਿਲਕ ਲਗਾਏ ਗਏ। ਗ੍ਰਿਹਿਸਥੀ ਭਗਤਾਂ ਤੇ ਡੇਰੇਦਾਰਾਂ ਨੇ ਦਸਤਾਰੇ ਤੇ ਮਾਇਆ ਭੇਟਾ ਕੀਤੀ। ਉਸ ਸਮੇਂ ਚਾਰੇ ਪਾਸੇ ਜੈ ਜੈਕਾਰ ਹੋਣ ਲੱਗੀ। ਇਸ ਸਮਾਗਮ ਵਿੱਚ ਪੁੱਜੇ ਹੋਏ ਸੰਤ ਜਵੰਦ ਸਿੰਘ ਜੀ ਨੇ ਬੜੇ ਵੈਰਾਗ ਵਿੱਚ ਇਹ ਸ਼ਬਦ ਪੜ੍ਹਿਆ:

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥

(ਪੰਨਾ ੮੪੬)

ਤੇ ਉਸ ਸਮੇਂ ਭਰੇ ਦੀਵਾਨ ਵਿੱਚ ਸਾਖੀ ਸੁਣਾਉਂਦਿਆਂ ਇਹ ਵੀ ਅਰਜ਼ ਕੀਤੀ ਕਿ ਤੁਰਨ ਸਮੇਂ ਸੰਤਾਂ ਨੇ ਮੈਨੂੰ ਇਹ ਇਸ਼ਾਰਾ ਤਾਂ ਕੀਤਾ ਸੀ, 'ਸ਼ਬਦ ਮਿਲਾਵਾ ਹੋਤ ਹੈ ਦੇਹ ਮਿਲਾਵਾ ਨਾਹਿ' ਉਹ ਪੂਰਨ ਮਹਾਂ ਪੁਰਖ ਸਨ। ਸੰਸਾਰ ਦਾ ਉਧਾਰ ਕਰਨ ਵਾਸਤੇ ਆਏ ਸਨ। ਆਪਣੇ ਪ੍ਰਲੋਕ ਜਾਣ ਦੇ ਸਮੇਂ ਨੂੰ ਵੀ ਜਾਣਦੇ ਸਨ ਜੋ ਪਹਿਲਾਂ ਹੀ ਦੱਸ ਦਿੱਤਾ ਤੇ ਹੁਣ ਜੋਤ ਨਾਲ ਜੋਤ ਮਿਲ ਗਈ।

ਫਿਰ ਦੀਵਾਨ ਦੀ ਸਮਾਪਤੀ ਕਰਕੇ ਸਾਰਿਆਂ ਨੂੰ ਪੱਕਾ ਭੰਡਾਰਾ ਵਰਤਿਆ। ਡੇਰੇ ਵਲੋਂ ਵੀ ਤੁਰਨ ਸਮੇਂ ਸਭ ਦਾ ਆਦਰ ਸਤਿਕਾਰ ਕੀਤਾ ਗਿਆ। ਦਸਤਾਰੇ ਮਾਇਆ ਤੇ ਮਠਿਆਈ ਦੇ ਕੇ ਸਾਰੇ ਸੰਤ ਮਹਾਤਮਾ ਵਿਦਾਅ ਕੀਤੇ। ਉਸ ਸਮੇਂ ਬਾਹਰੋਂ ਆਏ ਸਾਰੇ ਹੀ ਪ੍ਰੇਮੀ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਤੇ ਸੰਤ ਬਾਬਾ ਆਇਆ ਸਿੰਘ ਜੀ ਮਹਾਰਾਜ ਦਾ ਜਸ ਕਰਦੇ ਆਪੋ ਆਪਣੇ ਦੇਸ਼ਾਂ ਤੇ ਘਰਾਂ ਨੂੰ ਚਲੇ ਗਏ। ਅੱਗੇ ਲਈ ਸੰਤ ਰਾਮ ਸਿੰਘ ਜੀ ਤੇ ਬਾਬਾ ਮਾਝਾ ਸਿੰਘ ਜੀ ਬੜੀ ਸ਼ਕਤੀ ਤੇ ਸਿਆਣਪ ਨਾਲ ਡੇਰੇ ਦਾ ਪ੍ਰਬੰਧ ਚਲਾਉਂਦੇ ਰਹੇ ਤੇ ਬੜਾ ਜਸ ਫੈਲਿਆ।

ਧੰਨ ਬਾਬਾ ਆਇਆ ਸਿੰਘ ਜੀ ਮਹਾਰਾਜ!

# ਸ੍ਰੀ ਹਜ਼ੂਰ ਬਾਬਾ ਆਇਆ ਸਿੰਘ ਜੀ ਮਹਾਰਾਜ ਦੀ ਚਰਨ ਛੋਹ ਪ੍ਰਾਪਤ ਕੁਝ ਕੁ ਪੂਜਯ ਵਿਅਕਤੀਆਂ ਦੇ ਨਾਮ

੧. ਸ੍ਰੀ ਮਾਨ ਸੰਤ ਬਾਬਾ ਮਾਝਾ ਸਿੰਘ ਜੀ ਗੱਦੀ ਹੋਤੀ ਮਰਦਾਨ (ਅੱਜ ਕੱਲ੍ਹ ਮਕਸੂਦ ਪੁਰ, ਕਪੂਰਥਲਾ)
੨. ਸ੍ਰੀ ਮਾਨ ਸੰਤ ਬਾਬਾ ਜਵਾਲਾ ਸਿੰਘ ਜੀ ਡੇਰਾ ਸੰਤ ਗੜ੍ਹ (ਹਰਖੋਵਾਲ)
੩. ਸ੍ਰੀ ਮਾਨ ਗਿਆਨੀ ਹਰੀ ਸਿੰਘ ਜੀ ਜੋ ਤਬਦੀਲੀ ਤੋਂ ਬਾਅਦ ਹਰਖੋਵਾਲ ਰਹੇ।
੪. ਸ੍ਰੀ ਮਾਨ ਸੰਤ ਭਗਵਾਨ ਸਿੰਘ ਜੀ (ਪੂਰ ਕੋਟੀਏ) ਇਹ ਮਹਾਂ ਪੁਰਸ਼ ਬੜੇ ਬੀਤ ਰਾਗ ਤੇ ਤਤੱਖਸ਼ੀ ਸਨ, ਬਹੁਤਾ ਸਮਾਂ ਰਾੜਾ ਸਾਹਿਬ ਤੇ ਰੇਰੂ ਸਾਹਿਬ ਠਹਿਰਦੇ।
੫. ਸ੍ਰੀ ਮਾਨ ਸੰਤ ਨੱਥਾ ਸਿੰਘ ਜੀ ਜਿਨ੍ਹਾਂ ਨੇ ਵੱਡੇ ਸੰਤਾਂ ਦੇ ਸਮੇਂ ਤੋਂ ਸਾਰੀ ਜ਼ਿੰਦਗੀ ਰੇਰੂ ਸਾਹਿਬ ਤੇ ਕਟਾਣੇ ਸਾਹਿਬ ਦੀ ਸੇਵਾ ਕਰਦਿਆਂ ਗੁਜ਼ਾਰੀ।
੬. ਸ੍ਰੀ ਮਾਨ ਸੰਤ ਬੰਕਾ ਸਿੰਘ ਜੀ ਜੋ ਕਾਫ਼ੀ ਸਮਾਂ ਰੇਰੂ ਸਾਹਿਬ ਗ੍ਰੰਥੀ ਦੀ ਸੇਵਾ ਕਰਦੇ ਰਹੇ।
੭. ਸ੍ਰੀ ਮਾਨ ਸੰਤ ਰੰਕਾ ਸਿੰਘ ਜੀ ਇਹ ਗ੍ਰੰਥੀ ਬੰਕਾ ਸਿੰਘ ਜੀ ਦੇ ਸਕੇ ਭਰਾ ਸਨ।
੮. ਸ੍ਰੀ ਮਾਨ ਸੰਤ ਜਵੰਦਾ ਸਿੰਘ ਜੀ ਰਾਜਾਸਾਂਸੀ ਵਾਲੇ।
੯. ਸ੍ਰੀ ਮਾਨ ਸੰਤ ਚੰਬਾ ਸਿੰਘ ਜੀ।
੧੦. ਸ੍ਰੀ ਮਾਨ ਬਾਬੂ ਆਗਿਆ ਰਾਮ ਜੀ ਇਹ ਸਹਿਜਧਾਰੀ ਮਹਾਂ ਪੁਰਸ਼ ਪਠਾਣਕੋਟ ਰਹਿੰਦੇ ਸਨ।
੧੧. ਸ੍ਰੀ ਮਾਨ ਸੰਤ ਗੰਗਾ ਸਿੰਘ ਜੀ ਅਟਾਰੀ ਵਾਲੇ।
੧੨. ਸ੍ਰੀ ਮਾਨ ਸੰਤ ਕਾਲਾ ਸਿੰਘ ਜੀ ਭਦੌੜ ਵਾਲੇ, ਜਿਨ੍ਹਾਂ ਦੇ ਸ਼ਿਸ਼ ਸੰਤ ਭਾਨ ਸਿੰਘ ਜੀ ਭਦੌੜ ਵਾਲੇ ਹੋਏ ਹਨ।
੧੩. ਸ੍ਰੀ ਮਾਨ ਸੰਤ ਹੀਰਾ ਸਿੰਘ ਜੀ ਅਰਕਾ ਪਿੰਡ ਵਾਲੇ।
੧੪. ਸ੍ਰੀ ਮਾਨ ਸੰਤ ਕੇਹਰ ਸਿੰਘ ਜੀ ਜਿਉਂਦ ਵਾਲੇ।
੧੫. ਸ੍ਰੀ ਮਾਨ ਸੰਤ ਲਾਲ ਸਿੰਘ ਜੀ (ਇਹ ਮਹਾਂ ਪੁਰਸ਼ ਮੂਲ ਸਿੰਘ ਮਾਲੀ ਦੇ ਸਪੁੱਤਰ ਸਨ। ਤਬਦੀਲੀ ਤੋਂ ਬਾਅਦ ਯੂ. ਪੀ. ਵਿੱਚ ਅਸਥਾਨ ਬਣਾਇਆ।)
੧੬. ਸ੍ਰੀ ਮਾਨ ਸੰਤ ਮੂਲ ਸਿੰਘ ਜੀ ਇਹ ਹੋਤੀ ਡੇਰੇ ਦੇ ਗ੍ਰੰਥੀ ਸਨ।
੧੭. ਸ੍ਰੀ ਮਾਨ ਭਾਈ ਕਾਕਾ ਸਿੰਘ ਜੀ।
੧੮. ਸ੍ਰੀ ਮਾਨ ਸੰਤ ਦਲੀਪ ਸਿੰਘ ਜੀ।
੧੯. ਸ੍ਰੀ ਮਾਨ ਸੰਤ ਆਸਾ ਸਿੰਘ ਜੀ।
੨੦. ਸ੍ਰੀ ਮਾਨ ਸੰਤ ਦਿਆਲ ਸਿੰਘ ਜੀ ਬੁਤਾਲਾ ਵਾਲੇ। ਇਤਿਆਦਿਕ ਹੋਰ ਵੀ ਬੇਅੰਤ ਪ੍ਰੇਮੀ ਸਨ ਜਿਨ੍ਹਾਂ ਦਾ ਦਾਸ ਨੂੰ ਪਤਾ ਨਹੀਂ। ਖਿਮਾਂ ਦਾ ਜਾਚਕ ਹਾਂ।

# ਸੰਤ ਬਾਬਾ ਰਾਮ ਸਿੰਘ ਜੀ ਦਾ ਜੀਵਨ ਮਾਰਗ

ਸੰਤ ਬਾਬਾ ਰਾਮ ਸਿੰਘ ਜੀ ਦਾ ਜਨਮ ਖੱਤਰੀ ਘਰਾਨਿਆਂ ਚੋਂ ਖ਼ਾਸ 'ਕਾਜ਼ੀਆਂ' ਨਗਰ ਦਾ ਸੀ। ਆਪ ਜੀ ਦੇ ਪਿਤਾ ਸ੍ਰ: ਮੋਤਾ ਸਿੰਘ ਜੀ ਤੇ ਮਾਤਾ ਕਰਤਾਰ ਕੌਰ ਸਨ। ਇਹ ਸੁਭਾਗ ਜੋੜੀ ਰਹਿਣੀ ਬਹਿਣੀ ਤੇ ਪੂਰਨ ਗੁਰਸਿੱਖੀ ਜੀਵਨ ਵਾਲੀ ਸੀ। ਮਾਤਾ ਪਿਤਾ ਦੀ ਸੰਗਤ ਕਰਕੇ ਬਾਲਕ ਅਵਸਥਾ ਵਿੱਚ ਹੀ ਆਪ ਜੀ ਦੇ ਖ਼ਿਆਲ ਸੰਤ ਸੇਵੀ ਤੇ ਆਏ ਗਏ ਦੀ ਸੇਵਾ ਕਰਨ ਵਾਲੇ ਸਨ। ਨਿਯਮ ਅਨੁਸਾਰ ਹਰ ਰੋਜ਼ ਗੁਰਦੁਆਰੇ ਸਾਹਿਬ ਜਾਣਾ ਕਥਾ ਕੀਰਤਨ ਤੇ ਗੁਰਬਾਣੀ ਦਾ ਪਾਠ ਸੁਣਨਾ। ਆਪ ਜੀ ਕੋਮਲ ਸੁਭਾਉ ਸ਼ਾਤ ਚਿੱਤ ਤੇ ਬੜੇ ਮਿੱਠ ਬੋਲੜੇ ਸਨ। ਹੋਤੀ ਮਰਦਾਨ ਵਾਲੇ ਸੰਤਾਂ ਦੀ ਸੋਭਾ ਸੁਣੀ (ਜੋ ਕਿ ਇਸੇ ਹੀ 'ਕਾਜ਼ੀਆਂ' ਨਗਰ ਦੇ ਸਨ) ਤੇ ਮਨ ਵਿੱਚ ਦਰਸ਼ਨਾਂ ਦਾ ਚਾਅ ਚੜ੍ਹਿਆ। ਇਸੇ ਨਗਰ ਦੇ ਹੋਰ ਵੀ ਪ੍ਰੇਮੀ ਬਾਬਾ ਜੀ ਦੇ ਦਰਸ਼ਨਾਂ ਨੂੰ ਜਾਇਆ ਕਰਦੇ ਸਨ। ਇਹ ਵੀ ਇੱਕ ਵਾਰੀਂ ਮਾਤਾ ਪਿਤਾ ਦੀ ਆਗਿਆ ਪਾਕੇ ਸੰਗਤ ਨਾਲ ਦਸਮੀ ਦੇ ਮੇਲੇ ਤੇ ਹੋਤੀ ਮਰਦਾਨ ਆਏ। ਗੁਰੂ ਦਰਬਾਰ ਤੇ ਸੰਤ ਮਹਾਰਾਜ ਜੀ ਨੂੰ ਨਮਸਕਾਰ ਕੀਤੀ। ਨਦੀ ਕਿਨਾਰੇ ਰਮਣੀਕ ਥਾਂ ਦੇਖ ਕੇ ਮਨ ਖੇੜੇ ਵਿੱਚ ਆ ਗਿਆ। ਭਜਨ ਸਿਮਰਨ ਵਾਲੀ ਧਰਤੀ ਨੇ ਆਪਣਾ ਅਸਰ ਕੀਤਾ। ਮਨ ਵਿੱਚ ਖਿੱਚ ਪਈ ਕਿ ਏਥੇ ਰਹਿ ਕੇ ਹੀ ਗੁਰੂ ਘਰ ਦੀ ਸੇਵਾ ਵਿੱਚ ਸਮਾਂ ਬਤੀਤ ਕਰੀਏ।

ਉਸ ਸਮੇਂ ਤਾਂ ਜੋੜ ਮੇਲੇ ਦੀ ਸਮਾਪਤੀ ਤੋਂ ਬਾਅਦ ਸੰਗਤ ਨਾਲ ਵਾਪਸ ਹੀ ਆ ਗਏ। ਕੁਝ ਦਿਨਾਂ ਤੋਂ ਬਾਅਦ ਸੰਤ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਭਰਾ ਰਾਮ ਸਿਘ ਜੀ ਹੋਤੀ ਮਰਦਾਨ ਆਏ ਤਾਂ ਮਾਤਾ ਪਿਤਾ ਤੋਂ ਹੁਕਮ ਲੈ ਕੇ ਉਨ੍ਹਾਂ ਨਾਲ ਡੇਰੇ ਆ ਗਏ। ਹਜ਼ੂਰ ਦਾ ਦਰਸ਼ਨ ਕੀਤਾ ਪਾਵਨ ਚਰਨਾਂ ਤੇ ਸਿਰ ਝੁਕਾਇਆ। ਪਾਸ ਬੈਠਕੇ ਬਚਨ ਸੁਣੇ। ਕੁਝ ਕੁ ਸਮੇਂ ਤੋਂ ਬਾਅਦ ਅਰਜ਼ ਕੀਤੀ, "ਮਹਾਰਾਜ! ਮੇਰਾ ਏਥੇ ਰਹਿਕੇ ਸੇਵਾ ਕਰਨ ਦਾ ਖ਼ਿਆਲ ਹੈ।" ਸੰਤ ਪਹਿਲਾਂ ਹੀ ਜਾਣੀ ਜਾਣ ਸਨ ਕਿ ਗੁਰੂ ਦਾ ਭੇਜਿਆ ਡੇਰੇ ਦਾ ਪੱਕਾ ਸੇਵਾਦਾਰ ਆ ਗਿਆ ਹੈ। ਜੋ ਕਰਮਾਂ ਦਾ ਬਲੀ ਹੋਵੇਗਾ। ਸੰਤਾਂ ਨੇ ਉੱਤਰ ਦਿੱਤਾ, "ਜਿਵੇਂ ਤੁਹਾਡੀ ਮਰਜ਼ੀ। ਏਥੇ ਤਾਂ ਹਰ ਇੱਕ ਵਾਸਤੇ ਖੁੱਲ੍ਹਾ ਦਰਵਾਜ਼ਾ ਹੈ। ਪਰ ਸੰਗਤ ਦੇ ਨਿਯਮਾਂ ਅਨੁਸਾਰ ਰਹਿਣਾ ਪੈਂਦਾ ਹੈ।" ਉਸ ਸਮੇਂ ਲੰਗਰ ਦੀ ਸੇਵਾ ਸੌਂਪ ਦਿੱਤੀ। ਫਿਰ ਕੁਝ ਕੁ ਦਿਨਾਂ ਬਾਅਦ ਨਾਮ ਦੀ ਦਾਤ ਵੀ ਬਖ਼ਸ਼ ਦਿੱਤੀ। ਫੇਰ ਕੀ ਸੀ ਦਿਨੇ ਲੰਗਰ ਦੀ ਸੇਵਾ ਅਤੇ ਰਾਤ ਨੂੰ ਸਿਮਰਨ। ਥੋੜ੍ਹੇ ਦਿਨਾਂ ਵਿੱਚ ਹੀ ਚੰਗਾ ਰੰਗ ਚੜ੍ਹ ਗਿਆ। ਜੇ ਡੇਰੇ ਵਿੱਚ ਹੋਵਣਾ ਤਾਂ ਨਿਰ ਆਲਸ ਲੰਗਰ ਵਿੱਚ ਜਲ ਭਰਨ, ਪ੍ਰਸ਼ਾਦੇ ਪਕਾਉਣ ਤੇ ਵਰਤਾਉਣ ਦੀ ਸੇਵਾ ਕਰਨੀ। ਜੇ ਬਾਹਰ ਗੁਫਾ ਵਿੱਚ ਜਾਣਾ ਤਾਂ ਸੰਤਾਂ ਦਾ ਪ੍ਰਸ਼ਾਦਿ ਆਪਣੇ ਹੱਥੀਂ ਤਿਆਰ ਕਰਕੇ ਲੈ ਜਾਣਾ। ਸੰਤਾਂ ਨੂੰ ਛਕਾਉਣਾ। ਜਦੋਂ ਸੰਤ ਜੀ ਮਹਾਰਾਜ ਪ੍ਰਸ਼ਾਦਿ ਛਕ ਕੇ ਬਿਰਾਜ ਜਾਂਦੇ ਤਾਂ ਆਪ ਨੇ ਗੁਰੂ ਕੇ ਲੰਗਰ ਵਾਸਤੇ ਲੱਕੜਾਂ ਕੱਟਣ ਲੱਗ ਜਾਣਾ। ਇਉਂ ਜਦੋਂ ਕਾਫ਼ੀ ਬਾਲਣ ਹੋ ਜਾਂਦਾ ਫਿਰ ਹੋਰ ਸੇਵਾਦਾਰਾਂ ਨੂੰ ਨਾਲ ਲੈ ਕੇ ਗੱਡੇ ਵਿੱਚ ਪਾ ਕੇ ਡੇਰੇ ਲੈ ਆਉਣਾ। ਸ਼ਾਮੀ ਫਿਰ ਲੰਗਰ ਦੀ ਸੇਵਾ ਵਿੱਚ ਜੁਟ ਜਾਣਾ। ਸੇਵਾ ਕਰਦਿਆਂ ਨਾਲ-ਨਾਲ ਗੁਰਬਾਣੀ ਦਾ ਪਾਠ ਤੇ ਗੁਰ ਸ਼ਬਦ ਦਾ ਅਭਿਆਸ ਵੀ ਕਰਦੇ ਰਹਿਣਾ।

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥

(ਪੰਨਾ ੧੩੭੬)

ਵਾਲੀ ਰਹਿਣੀ ਧਾਰਨ ਕੀਤੀ ਹੋਈ ਸੀ। ਇਨ੍ਹਾਂ ਦੇ ਬਲੀ ਸਰੀਰ ਤੋਂ ਇਲਾਕੇ ਦੇ ਪਠਾਣ ਵੀ ਡਰਦੇ ਸਨ। ਜੇਕਰ ਕਿਸੇ ਪਠਾਣ ਨੂੰ ਡੇਰੇ ਦਾ ਦਰੱਖਤ ਕੱਟਦੇ ਦੇਖਣਾ ਜਾਂ ਹੋਰ ਕੋਈ ਚੀਜ਼ ਚੋਰੀ ਕਰਦੇ ਦੇਖਣਾ ਤਾਂ ਉਸੇ ਸਮੇਂ ਹੀ ਉਨ੍ਹਾਂ ਨੂੰ ਸੋਧਣਾ। ਜਦੋਂ ਸ਼ਾਮ ਦੇ ਟਾਇਮ ਰਹਿਰਾਸ ਸਾਹਿਬ ਦੇ ਪਾਠ ਦਾ ਭੋਗ ਪੈ ਕੇ ਬਾਅਦ ਵਿੱਚ ਕਥਾ ਕੀਰਤਨ ਦੀ ਸਮਾਪਤੀ ਹੋਣੀ ਤਾਂ ਬਾਬਾ ਕਰਮ ਸਿੰਘ ਜੀ ਮਹਾਰਾਜ ਇਕਾਂਤ ਵਿੱਚ ਜਾ ਕੇ ਬੈਠ ਜਾਂਦੇ। ਫਿਰ ਆਪਣੇ ਪਾਸ ਬੁਲਾ ਕੇ ਡੇਰੇ ਦੇ ਨਿਕਟ ਵਰਤੀ ਸਾਧੂਆਂ ਨੂੰ ਪੁੱਛਦੇ ਕਿ ਮਨ ਦੀ ਕੀ ਦਸ਼ਾ ਹੈ? ਭਜਨ ਸਿਮਰਨ ਵਿੱਚ ਜੁੜਦਾ ਹੈ ਕਿ ਨਹੀਂ? ਉਸ ਸਮੇਂ ਸਾਰੇ ਹੀ ਆਪੋ ਆਪਣੀ ਅਵਸਥਾ ਅਨੁਸਾਰ ਬੇਨਤੀ ਕਰਦੇ। ਅੱਗੇ ਵਾਸਤੇ ਬਾਬਾ ਜੀ ਜੁਗਤੀ ਦੱਸਦੇ। ਸੇਵਾ, ਨਿੰਮ੍ਰਤਾ, ਜਿੱਤ ਇੰਦਰੇ ਰਹਿਣ ਦਾ ਪੂਰਨ ਉਪਦੇਸ਼ ਕਰਦੇ। ਅੰਮ੍ਰਿਤ ਵੇਲੇ ਜਾਗਣਾ ਥੋੜ੍ਹਾ ਸੌਣਾ, ਅਲਪ ਅਹਾਰ, ਘੱਟ ਬੋਲਣਾ, ਇਕਾਂਤ ਵਾਸ ਇਹ ਮਨ ਤੇ ਕਾਬੂ ਪਾਉਣ ਦੇ ਸਾਧਨ ਹਨ ਅਤੇ ਆਖਦੇ ਤੁਸਾਂ ਸਾਰਿਆਂ ਨੇ ਘਰਬਾਰ ਛੱਡ ਕੇ ਫ਼ਕੀਰੀ ਬਾਣਾ ਧਾਰਨ ਕੀਤਾ ਹੈ। ਇਸ ਨੂੰ ਲਾਜ ਨਹੀਂ ਲਗਵਾਉਣੀ। ਸੰਸਾਰ ਨੂੰ ਨਾਸ਼ਵੰਤ ਜਾਨਣਾ, ਅਮੋਲਕ ਮਨੁੱਖਾ ਜਨਮ ਸਫ਼ਲਾ ਕਰਨ ਵਾਸਤੇ ਸੇਵਾ ਸਿਮਰਨ ਦਾ ਲਾਹਾ ਖੱਟੋ।

ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥

(ਪੰਨਾ ੧੩)

ਭਾਵੇਂ ਹੋਰ ਵੀ ਬਹੁਤ ਸਾਰੇ ਅਧਿਕਾਰੀਆਂ ਨੇ ਇਹ ਉੱਤਮ ਉਪਦੇਸ਼ ਸੁਣਿਆ। ਪਰ ਬਾਬਾ ਰਾਮ ਸਿੰਘ ਜੀ ਦੇ ਮਨ ਵਿੱਚ ਤਾਂ ਇਹ ਘਰ ਹੀ ਕਰ ਗਿਆ। ਇਸ ਉਪਦੇਸ਼ ਨੂੰ ਤਾਂ ਪਹਿਲਾਂ ਹੀ ਧਾਰਨ ਕੀਤਾ ਹੋਇਆ ਸੀ। ਸਵੇਰੇ ਸੁਵਖਤੇ ਜਾਗਣਾ, ਸੰਤਾਂ ਦਾ ਇਸ਼ਨਾਨ ਕਰਵਾਉਣਾ ਤੇ ਆਪ ਇਸ਼ਨਾਨ ਕਰਨਾ। ਫਿਰ ਇਕਾਂਤ ਅਸਥਾਨ ਵਿਖੇ ਭਜਨ ਸਿਮਰਨ ਵਿੱਚ ਜੁੜ ਜਾਣਾ। ਆਪ ਸੁਭਾਉ ਦੇ ਸਾਫ਼, ਨਿਰਛਲ ਤੇ ਨਿਰਵੈਰ ਸਨ। ਇਉਂ ਜਦੋਂ ਸੰਤ ਮਹਾਰਾਜ ਜੀ ਦੇ ਪਾਸ ਰਹਿਕੇ ਸੇਵਾ ਕਰਦਿਆਂ ਨੂੰ ਕੁਝ ਕੁ ਸਮਾਂ ਲੰਘ ਗਿਆ ਤਾਂ ਇੱਕ ਦਿਨ ਇਨ੍ਹਾਂ ਦੇ ਘਰੋਂ ਮਾਤਾ ਪਿਤਾ ਦੀ ਭੇਜੀ ਇੱਕ ਚਿੱਠੀ ਆਈ, ਕਿ ਤੁਸੀਂ ਹੁਣ ਪਿੰਡ ਆ ਜਾਉ। ਤੁਹਾਡੀ ਸ਼ਾਦੀ ਕਰ ਦੇਈਏ ਤੇ ਤੁਸੀਂ ਆਪਣੇ ਭਰਾਵਾਂ ਨਾਲੋਂ ਆਪਣੀ ਜ਼ਮੀਨ ਵੀ ਵੰਡਾ ਲਉ। ਉਸ ਸਮੇਂ ਆਪ ਜੀ ਨੇ ਇਹ ਪੱਤਰਕਾ ਵੱਡੇ ਸੰਤਾਂ ਨੂੰ ਦਿਖਾਈ ਤੇ ਅਰਜ਼ ਕੀਤੀ ਕਿ ਮਹਾਰਾਜ! ਆਪ ਜੀ ਦਾ ਕੀ ਹੁਕਮ ਹੈ? ਸੰਤ ਜੀ ਕਹਿਣ ਲੱਗੇ, "ਦੇਖ ਲੈ. ਇਹ ਤਾਂ ਤੇਰੀ ਆਪਣੀ ਮਰਜ਼ੀ ਹੈ ਕਿ ਘਰ ਦੀ ਜਾਇਦਾਦ ਵਿੱਚੋਂ ਹਿੱਸਾ ਲੈਣਾ ਹੈ ਜਾਂ ਡੇਰੇ ਦੀ ਸੇਵਾ ਦਾ ਹਿੱਸਾ ਲੈਣਾ ਹੈ?" ਤਾਂ ਆਪ ਜੀ ਨੇ ਬੇਨਤੀ ਕੀਤੀ, "ਮਹਾਰਾਜ ਖਿੜੇ ਫੁੱਲਾਂ ਦੀ ਮਹਿਕ ਨੂੰ ਛੱਡਕੇ ਭੌਰਾ ਕਿਵੇਂ ਦੂਰ ਜਾ ਸਕਦਾ ਹੈ। ਕਿਰਪਾ ਕਰਕੇ ਆਪਣੇ ਚਰਨਾਂ ਵਿੱਚ ਹੀ ਰੱਖੋ।

ਪ੍ਰਭ ਜਨਮ ਮਰਨ ਨਿਵਾਰਿ ॥ ਹਾਰਿ ਪਰਿਓ ਦੁਆਰਿ ॥

(ਪੰਨਾ ੯੩੭)

ਹੁਣ ਆਪ ਹੀ-

ਸਰਣਿ ਪਰੇ ਕੀ ਰਾਖਹੁ ਸਰਮਾ ॥

(ਪੰਨਾ ੧੨)

ਮੇਰਾ ਤਾਂ ਹਜ਼ੂਰ ਦੇ ਚਰਨਾਂ ਵਿੱਚ ਰਹਿਕੇ ਸਮਾਂ ਬਤੀਤ ਕਰਨ ਦਾ ਵਿਚਾਰ ਹੈ।" ਸੰਤ ਕਹਿਣ ਲੱਗੇ, "ਚੰਗਾ ਫਿਰ ਜਿਵੇਂ ਮਨ ਦਾ ਖ਼ਿਆਲ ਹੈ ਘਰ ਵਿੱਚ ਉੱਤਰ ਭੇਜੋ।" ਉਸ ਸਮੇਂ ਸੰਤ ਰਾਮ ਸਿੰਘ ਜੀ ਨੇ ਘਰ ਵਿੱਚ ਉੱਤਰ ਭੇਜ ਦਿੱਤਾ ਕਿ ਮੈਨੂੰ ਸੰਗਤ ਨਾਲੋਂ ਨਾ ਵਿਛੋੜੋ ਹੁਣ ਤਾਂ ਮੇਰੀ ਸੰਤਾਂ ਦੇ ਚਰਨਾਂ ਵਿੱਚ ਰਹਿਕੇ ਹੀ ਸੇਵਾ ਕਰਨ ਦੀ ਇੱਛਾ ਹੈ। ਤੁਸੀਂ ਅਸੀਸ ਦੇਵੋ ਕਿ ਇਸੇ ਤਰ੍ਹਾਂ ਹੀ ਗੁਰ ਚਰਨਾਂ ਨਾਲ ਨਿਭ ਜਾਵੇ।

ਜਦੋਂ ਬਾਬਾ ਕਰਮ ਸਿੰਘ ਜੀ ਮਹਾਰਾਜ ਨੇ ਸੱਚਖੰਡ ਜਾਣ ਦੀ ਤਿਆਰੀ ਕੀਤੀ ਤਾਂ ਆਪ ਬਾਬਾ ਆਇਆ ਸਿੰਘ ਜੀ ਨੂੰ ਵੱਡੀ ਗੱਦੀ ਤੇ ਸੰਤ ਰਾਮ ਸਿੰਘ ਜੀ ਨੂੰ ਛੋਟੀ ਗੱਦੀ ਸੌਂਪ ਗਏ। ਫਿਰ ਸੰਤ ਮਹਾਰਾਜ ਬਾਬਾ ਆਇਆ ਸਿੰਘ ਜੀ ਆਪਣੀ ਪ੍ਰਲੋਕ ਗਮਨ ਦੀ ਤਿਆਰੀ ਸਮੇਂ ਆਪਣੀ ਜਗ੍ਹਾ ਤੇ ਅਸਥਾਪਨ ਕਰਨ ਵਾਸਤੇ ਸੰਗਤ ਨੂੰ ਆਖ ਗਏ। ਸੰਗਤ ਨੇ ਵੱਡੀ ਗੱਦੀ ਉੱਤੇ ਸੰਤ ਰਾਮ ਸਿੰਘ ਜੀ ਅਤੇ ਛੋਟੀ ਗੱਦੀ ਉੱਤੇ ਬਾਬਾ ਮਾਝਾ ਸਿੰਘ ਜੀ ਨੂੰ ਬਿਰਾਜਮਾਨ ਕੀਤਾ। ਸੰਤ ਰਾਮ ਸਿੰਘ ਜੀ ਨੇ ਇਸ ਡਿਊਟੀ ਨੂੰ ਬੜੀ ਵੱਡੀ ਜ਼ਿੰਮੇਵਾਰੀ ਸਮਝ ਕੇ ਬੜੇ ਪਿਆਰ ਨਾਲ ਨਿਭਾਇਆ।

# ਆਪ ਜੀ ਦੀ ਨਿੱਤ ਕ੍ਰਿਆ

ਸੰਤ ਜੀ ਨੇ ਸਵੇਰੇ ਅੰਮ੍ਰਿਤ ਵੇਲੇ ਜਾਗਣਾ ਸੀਤਲ ਜਲ ਨਾਲ ਇਸ਼ਨਾਨ ਕਰਨਾ। ਦਿਨ ਚੜ੍ਹੇ ਤੱਕ ਸ਼ਬਦ ਸੁਰਤ ਦਾ ਮੇਲ ਕਰਕੇ ਅਭਿਆਸ ਕਰਨਾ। ਫਿਰ ਪਾਲਕੀ ਵਿੱਚ ਅਸਵਾਰ ਹੋ ਕੇ ਡੇਰੇ ਆ ਜਾਣਾ। ਏਥੇ ਪਾਲਕੀ ਚੋਂ ਉੱਤਰ ਕੇ ਸੰਗਤ ਨਾਲ ਮਿਲਕੇ ਸ਼ਬਦ ਪੜ੍ਹਦਿਆਂ ਗੁਰੂ ਦਰਬਾਰ ਆ ਕੇ ਨਮਸਕਾਰ ਕਰਨੀ। ਦੀਵਾਨ ਵਿੱਚ ਸਜਕੇ ਮਨ ਇਕਾਗਰ ਕਰਕੇ ਗੁਰਬਾਣੀ ਦਾ ਕੀਰਤਨ ਸਰਵਣ ਕਰਨਾ। ਦੀਵਾਨ ਦੀ ਸਮਾਪਤੀ ਉਪਰੰਤ ਸੰਗਤਾਂ ਦੀਆਂ ਬੇਨਤੀਆਂ ਸੁਣਕੇ ਉਨ੍ਹਾਂ ਦੇ ਮਨੋਰਥ ਪੂਰੇ ਕਰਨੇ। ਬਾਅਦ ਵਿੱਚ ਬਾਹਰ ਛੱਪਰੀਆਂ ਤੇ ਆ ਜਾਣਾ। ਦੁਪਹਿਰ ਦਾ ਪ੍ਰਸ਼ਾਦ ਏਥੇ ਹੀ ਮੰਗਵਾ ਕੇ ਛਕਣਾ ਫਿਰ ਕੁਝ ਕੁ ਸਮਾਂ ਬਿਰਾਜ ਜਾਣਾ। ਸ਼ਾਮ ਨੂੰ ਸੋਦਰ ਦਾ ਦੀਵਾਨ ਲੱਗਣਾ ਕਥਾ ਕੀਰਤਨ ਹੋਣਾ। ਸਮਾਪਤੀ ਤੋਂ ਬਾਅਦ ਇਕਾਂਤ ਹੋ ਜਾਣਾ। ਗਿਆਰਾਂ ਵਜੇ ਪ੍ਰਸ਼ਾਦਿ ਛਕ ਕੇ ਬਿਰਾਜਣਾ ਅਤੇ ਦੋ ਵਜੇ ਸਾਵਧਾਨ ਹੋ ਜਾਣਾ। ਇਸ ਪ੍ਰਕਾਰ ਆਪ ਜੀ ਨੇ ਅੱਠੇ ਪਹਿਰ ਦਾ ਸਮਾਂ ਵੰਡਿਆ ਹੋਇਆ ਸੀ ਅਤੇ ਸਾਰਾ ਨਿਯਮ ਵੱਡੇ ਸੰਤਾਂ ਵਾਂਗ ਨਿਭਾਇਆ। ਦਸਮੀ ਦਾ ਗੁਰਪੁਰਬ, ਵੈਸਾਖੀ ਦਾ ਜੋੜ ਮੇਲਾ, ਸੈਦੂ ਸਾਹਿਬ ਮਾਘ ਸੁਦੀ ਨੌਮੀ ਦਾ ਯੱਗ ਸਮਾਗਮ, ਅਠਾਈ ਅੱਸੂ ਨੂੰ ਬਾਬਾ ਆਇਆ ਸਿੰਘ ਜੀ ਦਾ ਪੁਰਬ ਬੜੀ ਧੂਮ-ਧਾਮ ਨਾਲ ਮਨਾਉਂਦੇ। ਡੇਰੇ ਦੇ ਮਕਾਨ ਪੱਕੇ ਤਿਆਰ ਕਰਵਾਏ। ਲੰਗਰ ਦਾ ਪ੍ਰਬੰਧ ਬਹੁਤ ਚੰਗਾ ਚਲਾਇਆ। ਸੰਗਤਾਂ ਵਲੋਂ ਆਈ ਮਾਇਆ ਨੂੰ ਲੰਗਰ ਅਤੇ ਇਮਾਰਤਾਂ ਤੇ ਲਾ ਕੇ ਸਫ਼ਲਾ ਕੀਤਾ। ਇਸ ਸਾਰੀ ਸੇਵਾ ਵਿੱਚ ਸੰਤ ਬਾਬਾ ਮਾਝਾ ਸਿੰਘ ਜੀ ਵੀ ਬੜੀ ਦਿਲਚਸਪੀ ਨਾਲ ਪੂਰਾ ਹਿੱਸਾ ਲੈਂਦੇ ਸਨ।

# ਸੰਤਾਂ ਦਾ ਪ੍ਰਲੋਕ ਗਮਨ

ਇਸ ਪ੍ਰਕਾਰ ਡੇਰੇ ਦਾ ਪ੍ਰਬੰਧ ਕਰਦਿਆਂ, ਸੰਗਤਾਂ ਨੂੰ ਉਪਦੇਸ਼ ਦਿੰਦਿਆ, ਇਮਾਰਤਾਂ ਤੇ ਲੰਗਰ ਦੀ ਦੇਖ ਭਾਲ ਕਰਦਿਆਂ ਨਿਰੰਕਾਰੀ ਹੁਕਮ ਅਨੁਸਾਰ ਆਪ ਜੀ ਨੇ ਪ੍ਰਲੋਕ ਗਮਨ ਦੀ ਤਿਆਰੀ ਕਰ ਦਿੱਤੀ। ਆਪ ਜੀ ਦਾ ਸਰੀਰ ਕੁਝ ਕੁ ਦਿਨਾਂ ਤੋਂ ਢਿੱਲਾ ਸੀ। ਅੱਜ ਵੀ ਨਿੱਤਨੇਮ ਅਨੁਸਾਰ ਇਸ਼ਨਾਨ ਕਰਕੇ ਸਵੱਛ ਬਸਤਰ ਪਹਿਨੇ ਤੇ ਅਰਦਾਸਾ ਸੋਧ ਕੇ ੨੭ ਪੋਹ ਬਿਕ੍ਰਮੀ ਸੰਮਤ ੧੯੯੯ ਪੋਹ ਵਦੀ ਏਕਮ ਦਿਨ ਮੰਗਲਵਾਰ ਸਵੇਰੇ ੧੦ ਵੱਜ ਕੇ ੨੫ ਮਿੰਟ ਤੇ ਆਪਣਾ ਪੰਜ ਭੌਤਿਕ ਸਰੀਰ ਤਿਆਗ ਕੇ ਪ੍ਰਭੂ ਜੋਤ ਨਾਲ ਜੋਤ ਮਿਲਾ ਪ੍ਰਲੋਕ ਸਿਧਾਰ ਗਏ।

ਸੰਤ ਬਾਬਾ ਮਾਝਾ ਸਿੰਘ ਜੀ ਤੇ ਹੋਰ ਸੰਗਤ ਨੇ ਮਿਲਕੇ ਅਟਕ ਦਰਿਆ ਵਿੱਚ ਜਲ ਪ੍ਰਵਾਹ ਕਰਨ ਦੀ ਤਿਆਰੀ ਕੀਤੀ। ਸਰੀਰ ਦਾ ਇਸ਼ਨਾਨ ਕਰਵਾਕੇ ਸੰਦੂਕ ਵਿੱਚ ਰੱਖ ਕੇ ਪ੍ਰੇਮੀਆਂ ਨੇ ਆਪਣੇ ਮੋਢਿਆਂ ਤੇ ਚੁੱਕ ਲਿਆ। ਰਸਤੇ ਵਿੱਚ ਹੋਰ ਸੰਗਤਾਂ ਮਿਲਦੀਆਂ ਗਈਆਂ। ਬੈਂਡ ਵਾਜੇ ਤੇ ਦੇਸੀ ਵਾਜੇ ਵੱਜਦੇ ਜਾ ਰਹੇ ਸਨ। ਇਉਂ ਆਪ ਸੈਦੂ ਸਾਹਿਬ ਪੁੱਜੇ। ਗੁਰੂ ਦਰਬਾਰ ਨਮਸਕਾਰ ਕਰਵਾ ਕੇ ਅਰਦਾਸ ਕੀਤੀ। ਫਿਰ ਅਟਕ ਦਰਿਆ ਦੇ ਕੰਢੇ ਪਹੁੰਚ ਕੇ ਸੰਦੂਕ ਨੂੰ ਬੇੜੀ ਤੇ ਰੱਖ ਲਿਆ ਅਤੇ ਅਰਦਾਸਾ ਸੋਧਕੇ ਜਲ ਪ੍ਰਵਾਹ ਕਰ ਦਿੱਤਾ। ਸੰਗਤ ਇਸ਼ਨਾਨ ਕਰਕੇ 'ਖੈਰਾਬਾਦ' ਗੁਰਦੁਆਰੇ ਆ ਗਈ। ਕੜਾਹ ਪ੍ਰਸ਼ਾਦਿ ਦੀ ਅਰਦਾਸ ਹੋਈ ਤੇ ਵਰਤਿਆ। ਗੁਰੂ ਕਾ ਲੰਗਰ ਵੀ ਤਿਆਰ ਸੀ ਸੰਗਤ ਨੇ ਛਕਿਆ। ਪਿੰਡਾਂ ਦੀਆਂ ਸੰਗਤਾਂ ਉਸੇ ਸਮੇਂ ਆਪੋ ਆਪਣੇ ਘਰਾਂ ਨੂੰ ਚਲੀਆਂ ਗਈਆਂ। ਹੋਤੀ ਡੇਰੇ ਦੇ ਸਾਧੂ ਡੇਰੇ ਨੂੰ ਆ ਗਏ ਅਤੇ ਏਥੇ ਆ ਕੇ ਸੰਤਾਂ ਨਮਿੱਤ ਅਖੰਡ ਪਾਠ ਅਰੰਭ ਕਰ ਦਿੱਤੇ। ਜਿਨ੍ਹਾਂ ਦੀ ਸਤਾਰੀਏ ਵਾਲੇ ਦਿਨ ਸਮਾਪਤੀ ਹੋਈ। ਉਸ ਦਿਨ ਤੇ ਬਹੁਤ ਸਾਰੇ ਸੰਤਾਂ ਨੂੰ ਪੱਤਰਕਾ ਭੇਜ ਕੇ ਬੁਲਾਇਆ ਗਿਆ। 'ਰੇਰੂ ਸਾਹਿਬ' ਤੋਂ ਸੰਤ ਭਗਵਾਨ ਸਿੰਘ ਜੀ, 'ਹਰਖੋਵਾਲ' ਤੋਂ ਬਾਬਾ ਜਵਾਲਾ ਸਿੰਘ ਜੀ ਆਏ। 'ਰਾੜਾ ਸਾਹਿਬ' ਤੋਂ ਸੰਤਾਂ ਵਲੋਂ ਮਾਇਆ ਤੇ ਦੁਸ਼ਾਲਾ ਪੁੱਜਿਆ। 'ਕਹਾਰਪੁਰ' 'ਭਿਟੇਵੰਡ' ਸਾਰੀਆਂ ਥਾਵਾਂ ਤੋਂ ਸਾਧੂ ਪਹੁੰਚੇ। ਸਾਰਿਆਂ ਦੀ ਸਹਿਮਤੀ ਨਾਲ ਸੰਤ ਬਾਬਾ ਮਾਝਾ ਸਿੰਘ ਜੀ[੧੮] ਨੂੰ ਵੱਡੀ ਗੱਦੀ ਤੇ ਸੰਤ ਸਾਹਿਬ ਸਿੰਘ ਜੀ ਨੂੰ ਛੋਟੀ ਗੱਦੀ ਤੇ ਅਸਥਾਪਨ ਕੀਤਾ ਗਿਆ। ਬਾਅਦ ਵਿੱਚ ਸਾਰਾ ਦਿਨ ਖੁੱਲ੍ਹਾ ਭੰਡਾਰਾ ਵਰਤਿਆ। ਆਪ ਜੀ ਦੇ ਸੇਵਕਾਂ ਵਿੱਚੋਂ-

੧. ਗਿਅਨੀ ਉੱਤਮ ਸਿੰਘ ਜੀ ਬੜੇ ਪੁਰਸ਼ਾਰਥੀ ਪਰਉਪਕਾਰੀ, ਨਾਮ ਬਾਣੀ ਦੇ ਰਸੀਏ ਮਿਲਣ ਸਾਰ ਗੁਰਮੁਖ ਹਨ। ਜੋ ਅੱਜ ਕੱਲ੍ਹ ਮਕਸੂਦ ਪੁਰ ਡੇਰੇ ਬਾਬਾ ਰੋਸ਼ਨ ਸਿੰਘ ਜੀ ਦੇ ਪਾਸ ਰਹਿੰਦੇ ਹਨ। ਮਕਸੂਦ ਪੁਰ ਦੇ ਡੇਰੇ ਵਾਲੀ ਜ਼ਮੀਨ ਵੀ ਇਨ੍ਹਾਂ ਦੇ ਉਦਮ ਨਾਲ ਹੀ ਅਲਾਟ ਹੋਈ।

੨. ਸੰਤ ਮਾਘੀ ਸਿੰਘ ਜੀ।

੩. ਸੰਤ ਬਲਵੰਤ ਸਿੰਘ ਜੀ।

੪. ਗੜ੍ਹੀ ਵਾਲੇ ਸੰਤ ਰਾਮ ਸਿੰਘ ਜੀ ਜੋ ਪਾਕਿਸਤਾਨ ਬਨਣ ਤੋਂ ਬਾਅਦ ਕਾਫ਼ੀ ਸਮਾਂ ਰੇਰੂ ਸਾਹਿਬ ਲੰਗਰ ਦੀ ਸੇਵਾ ਕਰਦੇ ਰਹੇ।

੫. ਸੰਤ ਸੁੰਦਰ ਸਿੰਘ ਜੀ ਜੋ ਕਾਫ਼ੀ ਸਮਾਂ ਚਮਕੌਰ ਸਾਹਿਬ ਰਹਿੰਦੇ ਰਹੇ।

੬. ਸੰਤ ਮੋਹਰ ਸਿੰਘ ਜੀ।

੭. ਇੱਕ ਹੋਰ ਸੰਤ ਸੁੰਦਰ ਸਿੰਘ ਜੀ ਇਹ ਤਬਦੀਲੀ ਤੋਂ ਬਾਅਦ ਬਹੁਤ ਸਾਰਾ ਸਮਾਂ ਰੇਰੂ ਸਾਹਿਬ ਗੁਰਦੁਆਰੇ ਗ੍ਰੰਥੀ ਰਹੇ। ਫੇਰ ਦੋਰਾਹੇ ਮੰਡੀ ਦੇ ਪਾਸ ਬੇਗੋਵਾਲ ਗੁਰਦੁਆਰੇ ਦੀ ਸੇਵਾ ਕਰਦੇ ਰਹੇ।

ਹੋਰ ਵੀ ਬਹੁਤ ਸਾਰੇ ਤਿਆਗੀ ਮਹਾਤਮਾ ਤੇ ਗ੍ਰਹਿਸਥੀ ਭਗਤ ਆਪ ਜੀ ਤੋਂ ਵਰੋਸਾਏ।

---

[੧੮] ਸੰਤ ਬਾਬਾ ਮਾਝਾ ਸਿੰਘ ਜੀ ਨੇ ਗੱਦੀ ਤੇ ਬਿਰਾਜ਼ਮਾਨ ਹੋ ਕੇ ਉਸੇ ਤਰ੍ਹਾਂ ਨਾਮ ਬਾਣੀ ਦਾ ਪ੍ਰਵਾਹ ਤੇ ਗੁਰੂ ਕਾ ਅਤੁੱਟ ਲੰਗਰ ਚਲਾਇਆ। ਭਾਰਤ ਦੀ ਵੰਡ ਤੋਂ ਬਾਅਦ ਡੇਰੇ ਦੇ ਸਾਧੂਆਂ ਸਮੇਤ ਹਵਾਈ ਜ਼ਹਾਜ਼ ਦੇ ਰਸਤੇ ਪੰਜਾਬ ਆਏ ਤਿੰਨ ਸਾਲਾਂ ਦਾ ਸਮਾਂ 'ਰੇਰੂ ਸਾਹਿਬ' ਠਹਿਰ ਕੇ ਬਾਅਦ ਵਿੱਚ 'ਮਕਸੂਦ ਪੁਰ' (ਜ਼ਿਲ੍ਹਾ ਕਪੂਰਥਲਾ) ਵਿਖੇ ਆ ਰਹੇ। ਏਥੇ ਵੀ ਉਹੋ ਮਰਿਯਾਦਾ ਸੰਗਤ ਪੰਗਤ ਵਾਲੀ ਕਾਇਮ ਰੱਖੀ। ਉਹਨਾਂ ਤੋਂ ਬਾਅਦ ਸੰਤ ਰੋਸ਼ਨ ਸਿੰਘ ਜੀ ਗੱਦੀ ਤੇ ਬਿਰਾਜ਼ਮਾਨ ਹੋਏ ਅਤੇ ਉਹ ਹੀ ਬਜ਼ੁਰਗਾਂ ਵਾਲੀ ਚਾਲੀ ਤੇ ਚਲਦੇ ਹੋਏ ਨਾਮ ਬਾਣੀ ਦਾ ਉਪਦੇਸ਼ ਬਖਸ਼ਕੇ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਅੱਠੇ ਪਹਿਰ ਗੁਰੂ ਕਾ ਅਤੁੱਟ ਲੰਗਰ ਚਲਦਾ ਹੈ। ਹਰੇਕ ਭੇਖ ਦੇ ਸਾਧੂ ਦਾ ਪੂਰਾ ਸਤਿਕਾਰ ਕਰਦੇ ਹਨ।

# ਸੰਤ ਬਾਬਾ ਮਾਝਾ ਸਿੰਘ ਜੀ ਦਾ ਜੀਵਨ ਚਮਤਕਾਰ

ਸੰਤ ਬਾਬਾ ਮਾਝਾ ਸਿੰਘ ਜੀ ਦਾ ਜਨਮ ਕਪੂਰਥਲੇ ਜ਼ਿਲ੍ਹੇ ਵਿੱਚ ਖ਼ਾਸ 'ਮਕਸੂਦ ਪੁਰ' ਨਗਰ ਮਾਤਾ ਮਾਲਨ ਕੌਰ ਤੇ ਪਿਤਾ ਅਰਜਨ ਸਿੰਘ ਜੀ ਦੇ ਘਰ ਹੋਇਆ। ਛੋਟੀ ਉਮਰ ਵਿੱਚ ਹੀ ਥੋੜ੍ਹੇ-ਥੋੜ੍ਹੇ ਚਿਰ ਬਾਅਦ ਮਾਤਾ ਤੇ ਪਿਤਾ ਦੋਵੇਂ ਹੀ ਚੜ੍ਹਾਈ ਕਰ ਗਏ। ਇਨ੍ਹਾਂ ਦੇ ਚਾਚਾ ਸ੍ਰ: ਫੂਲਾ ਸਿੰਘ ਜੀ ਪਿਸ਼ੌਰ ਰਹਿੰਦੇ ਸਨ। ਨਗਰ ਨਿਵਾਸੀਆਂ ਨੇ ਇਨ੍ਹਾਂ ਤੇ ਤਰਸ ਕਰਕੇ ਕਿਸੇ ਆਦਮੀ ਦੇ ਨਾਲ ਪਿਸ਼ੌਰ ਭੇਜ ਦਿੱਤਾ ਕਿ ਅਨਾਥ ਬੱਚਾ ਬਜ਼ੁਰਗਾਂ ਦੀ ਛਤਰ ਛਾਇਆ ਹੇਠ ਪਲ ਜਾਵੇਗਾ। ਉਸ ਸਮੇਂ ਸਰਦਾਰ ਫੂਲਾ ਸਿੰਘ ਜੀ ਇਸਨੂੰ ਆਪਣੇ ਖਾਨਦਾਨ ਦੀ ਨਿਸ਼ਾਨੀ ਜਾਣਕੇ ਬੜੇ ਪ੍ਰਸੰਨ ਹੋਏ ਕਿ ਕਿਸੇ ਦਿਨ ਇਹ ਖਾਨਦਾਨ ਦਾ ਨਾਮ ਰੌਸ਼ਨ ਕਰੇਗਾ। ਪਰ ਧਰੂਅ ਦੀ ਮਤਰੇਈ ਮਾਂ ਵਾਗੂੰ ਚਾਚੀ ਕੁਝ ਖਿਝੀ ਤੇ ਹਰ ਸਮੇਂ ਇਨ੍ਹਾਂ ਨੂੰ ਬੋਲੀਆਂ ਮਾਰਦੀ ਰਹਿੰਦੀ ਕਿ ਆ ਗਿਆ ਏਥੇ ਸਾਡੇ ਘਰ ਨੂੰ ਯਤੀਮਖ਼ਾਨਾ ਸਮਝ ਕੇ। ਪਰ ਕਾਦਰ ਦੀ ਕੁਦਰਤ ਨੂੰ ਕੌਣ ਜਾਣ ਸਕਦਾ ਹੈ। ਜਿਸ ਨੂੰ ਕੀ ਆਪਣੇ ਕੀ ਪਰਾਏ ਅੱਜ ਯਤੀਮ ਆਖਦੇ ਹਨ, ਉਹ ਯਤੀਮ ਕਦੀ ਬਾਬਾ ਕਰਮ ਸਿੰਘ ਜੀ ਦੀ ਸ਼ਰਨ ਆ ਕੇ ਆਪ ਯਤੀਮਾਂ ਦਾ ਮਾਲਕ ਬਣੇਗਾ। ਜਿਵੇਂ ਮਹਿਕ ਬਣਨ ਵਾਸਤੇ ਫ਼ੁੱਲ ਨੂੰ ਅਗਨੀ ਦਾ ਤਾਓ ਸਹਾਰਨਾ ਪੈਂਦਾ ਹੈ, ਕੰਘਾ ਆਪਣੇ ਆਪ ਨੂੰ ਚਿਰਵਾ ਕੇ ਸੀਸ ਦੇ ਉੱਪਰ ਸਜਦਾ ਹੈ। ਇਸ ਤਰ੍ਹਾਂ ਜਿੱਥੇ ਮਾਤਾ ਪਿਤਾ ਦੀ ਨਿੱਘੀ ਗੋਦ ਦਾ ਸੁਖ ਦੂਰ ਹੋਇਆ, ਉੱਥੇ ਨਾਲ ਹੀ ਚਾਚੀ ਦੀਆਂ ਝਿੜਕਾਂ ਦਾ ਸ਼ਿਕਾਰ ਵੀ ਹੋਣਾ ਪਿਆ। ਉਸ ਸਮੇਂ ਸਰਦਾਰ ਫੂਲਾ ਸਿੰਘ ਜੀ ਨੇ (ਜੋ ਹੋਤੀ ਮਰਦਾਨ ਵਾਲੇ ਵੱਡੇ ਸਾਹਿਬਾਂ ਦਾ ਪੂਰਨ ਸ਼ਰਧਾਲੂ ਤੇ ਡੇਰੇ ਦਾ ਪੱਕਾ ਸੇਵਕ ਸੀ) ਇਹ ਜਾਣ ਕੇ ਕਿ ਅੱਠ ਸਾਲ ਦੇ ਬੱਚੇ ਨੂੰ ਸੰਤਾਂ ਪਾਸ ਛੱਡ ਆਵਾਂ ਜੋ ਕਿ ਇਹ ਸੇਵਾ ਦੁਆਰਾ ਸੰਤਾਂ ਦੀ ਖ਼ੁਸ਼ੀ ਪ੍ਰਾਪਤ ਕਰੇਗਾ ਅਤੇ ਨਾਲ ਹੀ ਚਾਰ ਅੱਖਰ ਪੜ੍ਹ ਜਾਵੇਗਾ। ਇਉਂ ਸੰਕਲਪ ਕਰਕੇ ਸੰਤ ਬਾਲਕ ਬਾਬਾ ਮਾਝਾ ਸਿੰਘ ਜੀ ਨੂੰ ਹੋਤੀ ਲੈ ਆਏ। ਵੱਡੇ ਸੰਤਾਂ ਨੂੰ ਮਿਲੇ, ਚਰਨ ਬੰਦਨਾ ਕੀਤੀ। ਬਾਲਕ ਸੰਤ ਨੇ ਵੀ ਹਜ਼ੂਰ ਦੇ ਚਰਨ ਪਰਸੇ। ਸੰਤ ਜੀ ਨੇ ਸਿਰ ਤੇ ਹੱਥ ਰੱਖਿਆ। ਕੁਝ ਸਮੇਂ ਤੋਂ ਬਾਅਦ ਇਨ੍ਹਾਂ ਨੇ ਅਰਜ਼ ਕੀਤੀ, "ਦਾਤਾ! ਇਸ ਬਾਲਕ ਨੂੰ (ਜਿਸ ਦੇ ਮਾਤਾ ਪਿਤਾ ਛੋਟੀ ਉਮਰ ਹੀ ਗੁਜਰ ਚੁੱਕੇ ਹਨ) ਹਜ਼ੂਰ ਦੀ ਸ਼ਰਨ ਵਿਖੇ ਲਿਆਇਆ ਹਾਂ, ਇਸਦੀ ਆਪਣਾ ਜਾਣਕੇ ਪਾਲਣਾ ਕਰੋ ਤੇ ਸੇਵਾ ਵਿੱਚ ਲਗਾਉ।" ਇਸ ਪ੍ਰਕਾਰ ਦੀ ਬੇਨਤੀ ਸੁਣ ਕੇ ਬਾਬਾ ਜੀ ਪ੍ਰਸੰਨ ਹੋਏ ਅਤੇ ਬਚਨ ਕੀਤਾ, "ਕੋਈ ਫ਼ਿਕਰ ਨਾ ਕਰੋ ਹੁਣ ਇਹ ਸਾਧ ਸੰਗਤ ਵਿੱਚ ਆ ਗਿਆ ਹੈ। ਗੁਰੂ ਭਲੀ ਕਰੇਗਾ"। ਉਸ ਸਮੇਂ ਬਾਬਾ ਜੀ ਨੇ ਛੋਟੇ ਸੰਤ ਭਾਈ ਲਾਲ ਸਿੰਘ ਜੀ ਨੂੰ ਹੁਕਮ ਕੀਤਾ ਕਿ ਤੁਸੀਂ ਇਸ ਨੂੰ ਆਪਣੇ ਪਾਸ ਰੱਖੋ। ਸੇਵਾ ਵੀ ਲਵੋ ਤੇ ਨਾਲ-ਨਾਲ ਪੜ੍ਹਾਈ ਵੀ ਜਾਵੋ। ਸੰਤ ਲਾਲ ਸਿੰਘ ਜੀ ਨੇ ਇਨ੍ਹਾਂ ਦੀ ਚੰਗੀ ਸੰਭਾਲ ਕੀਤੀ। ਪੜ੍ਹਾਈ ਤੇ ਸੇਵਾ ਦੋਵੇਂ ਹੀ ਕਰਵਾਈਆਂ। ਕਦੇ-ਕਦੇ ਵੱਡੇ ਸੰਤ ਆਪਣੀ ਮੌਜ ਵਿੱਚ ਆ ਕੇ ਪੁੱਛਿਆ ਕਰਦੇ, "ਕਾਕਾ ਤੁਸੀਂ ਕਿਤਨੇ ਕੁ ਅੱਖਰ ਸਿੱਖ ਲਏ ਹਨ? ਕਿਹੜੀ ਸੇਵਾ ਕਰਦੇ ਹੋ?" ਤਾਂ ਆਪ ਜੀ ਨੇ ਪੈਂਤੀ ਜਾਂ ਮੁਹਾਰਨੀ ਸੁਨਾਉਣੀ। ਇਉਂ ਸੇਵਾ ਤੇ ਪੜ੍ਹਾਈ ਕਰਦਿਆਂ ਸਰੀਰ ਕੁਝ ਤਕੜਾ ਹੋ ਗਿਆ। ਸੰਤ ਲਾਲ ਸਿੰਘ ਜੀ ਨੇ ਵੱਡੇ ਸੰਤਾਂ ਦਾ ਪ੍ਰਸ਼ਾਦਾ ਤਿਆਰ ਕਰਕੇ ਇਨ੍ਹਾਂ ਦੇ ਹੱਥੀਂ ਬਾਹਰ ਗੁਫਾ ਤੇ ਭੇਜ ਦੇਣਾ। ਇਨ੍ਹਾਂ ਨੇ ਬਾਬਾ ਜੀ ਨੂੰ ਪ੍ਰਸ਼ਾਦਿ ਛਕਾ ਕੇ ਬਰਤਨ ਵਾਪਸ ਡੇਰੇ ਲੈ ਆਉਣੇ। ਜਦੋਂ ਅਠਾਰਾਂ ਸਾਲਾਂ ਦੀ ਉਮਰ ਹੋ ਗਈ ਤਾਂ ਫਿਰ ਆਪ ਹੀ ਖਾਣਾ ਤਿਆਰ ਕਰਕੇ ਗੁਫਾ ਵੱਲ ਲੈ ਜਾਣਾ। ਇਸੇ ਤਰ੍ਹਾਂ ਹੋਰ ਵੀ ਡੇਰੇ ਦੀ ਸੇਵਾ, ਆਏ ਗਏ ਦਾ ਆਦਰ ਸਤਿਕਾਰ; ਇਉਂ ਹੌਲੀ-ਹੌਲੀ ਆਪ ਜੀ ਨੂੰ ਡੇਰੇ ਦਾ ਖ਼ਾਸ ਪ੍ਰਬੰਧਕ ਸਥਾਪਤ ਕੀਤਾ ਗਿਆ। ਆਏ ਸਾਧੂ ਬਿਹਗਮਾਂ ਨੂੰ ਕਮਰੇ ਤੇ ਬਿਸਤਰੇ ਦੇਣੇ, ਜਲ ਪਾਣੀ ਛਕਾਉਣਾ ਇਨ੍ਹਾਂ ਦੇ ਜ਼ੁੰਮੇ ਸੀ। ਹਰੇਕ ਨਾਲ ਪਿਆਰ ਕਰਨਾ ਤੇ ਮਿੱਠਾ ਬੋਲਣ ਵਾਲਾ ਸੁਭਾਉ ਸ਼ੁਰੂ ਤੋਂ ਹੀ ਧਾਰਨ ਕੀਤਾ ਹੋਇਆ ਸੀ। ਵੱਡੇ ਸੰਤਾਂ ਦੇ ਹੁਕਮ ਨਾਲ ਆਪ ਜੀ ਨੂੰ ਸੰਤ ਬਾਬਾ ਆਇਆ ਸਿੰਘ ਜੀ ਮਹਾਰਾਜ ਨੇ ਭਜਨ ਸਿਮਰਨ ਦਾ ਉਪਦੇਸ਼ ਬਖ਼ਸ਼ਿਆ। ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੋਂ ਮਗਰੋਂ ਸੰਗਤ ਨੇ ਆਪ ਜੀ ਨੂੰ ਸੰਤ ਰਾਮ ਸਿੰਘ ਜੀ ਨਾਲ ਛੋਟੀ ਗੱਦੀ ਤੇ ਅਸਥਾਪਤ ਕਰ ਦਿੱਤਾ। ਫਿਰ ਆਪ ਸੰਤ ਰਾਮ ਸਿੰਘ ਜੀ ਤੋਂ ਬਾਅਦ ਵੱਡੀ ਗੱਦੀ ਦੇ ਮਾਲਕ ਬਣੇ। ਛੋਟੀ ਗੱਦੀ ਤੇ ਬਾਬਾ ਸਾਹਿਬ ਸਿੰਘ ਜੀ ਨੂੰ ਸੰਗਤ ਵੱਲੋਂ ਨੀਯਤ ਕੀਤਾ ਗਿਆ। ਜਦੋਂ ਆਪ ਗੱਦੀ ਤੇ ਬੈਠੇ ਤਾਂ ਵੱਡੇ ਸੰਤਾਂ ਵਾਂਗ ਹੀ ਡੇਰੇ ਦਾ ਸੋਹਣਾ ਪ੍ਰਬੰਧ ਚਲਾਇਆ। ਜਿਸ ਕਰਕੇ ਬਾਹਰੋਂ ਆਏ ਸਾਧੂ, ਬਿਹੰਗਮ ਤੇ ਆਮ ਪ੍ਰੇਮੀ ਗੁਰਸਿੱਖ ਵਰ ਤੇ ਅਸੀਸਾਂ ਲੈ ਕੇ ਜਾਂਦੇ ਸਨ। ਡੇਰੇ ਨਿਵਾਸੀ ਸੇਵਾਦਾਰ ਵੀ ਸਾਰੇ ਪ੍ਰਸੰਨ ਰਹਿੰਦੇ ਸਨ। ਆਪ ਯਥਾ ਯੋਗ ਸਭ ਦੀ ਖ਼ੁਸ਼ੀ ਲੈਂਦੇ ਤੇ ਸੰਭਾਲ ਕਰਦੇ। ਲੇਖਕ ਨੇ ਵੀ ਇਨ੍ਹਾਂ ਦੇ ਦਰਸ਼ਨ ਕੀਤੇ ਹਨ।

ਆਪ ਜੀ ਦੇ ਦਰੋਂ ਵਰੋਸਾਏ ਹੋਏ ਪ੍ਰੇਮੀਆਂ ਦੀਆਂ ਅਨੇਕਾਂ ਹੀ ਸਾਖੀਆਂ ਜਗਤ ਪ੍ਰਸਿੱਧ ਹਨ। ਜਿਵੇਂ-ਜਿਵੇਂ ਉਨ੍ਹਾਂ ਦੇ ਗੁਪਤ ਕੰਮਾਂ ਵਿੱਚ ਆਪ ਨੇ ਸਹਾਇਤਾ ਕੀਤੀ। (ਇਥੇ ਪੁਸਤਕ ਦੇ ਆਕਾਰ ਵਧਣ ਤੋਂ ਸੰਕੋਚ ਕੀਤਾ ਹੈ) ਪਾਕਿਸਤਾਨ ਦੀ ਵੰਡ ਸਮੇਂ ਵੀ ਆਪ ਨੇ ਸ਼ਰਨ ਆਇਆਂ ਦੀ ਸਹਾਇਤਾ ਕੀਤੀ। ਅਖ਼ੀਰ ਨੂੰ ਨਾਲ ਦੇ ਸਾਧੂਆਂ ਸਮੇਤ ਹਵਾਈ ਜਹਾਜ਼ ਤੇ ਪੰਜਾਬ ਆ ਗਏ। ਕੁਝ ਕੁ ਸਮਾਂ ਰੇਰੂ ਸਾਹਿਬ ਠਹਿਰੇ। ਫਿਰ ਜਦੋਂ ਗਿਆਨੀ ਉੱਤਮ ਸਿੰਘ ਜੀ ਤੇ ਹੋਰ ਸੱਜਣਾਂ ਦੇ ਉਦਮ ਨਾਲ ਹੋਤੀ ਡੇਰੇ ਦੀ ਜ਼ਮੀਨ ਅਲਾਟ ਹੋ ਗਈ ਤਾਂ ਆਪ ਮਕਸੂਦ ਪੁਰ ਆ ਗਏ। ਏਥੇ ਵੀ ਹੋਤੀ ਮਰਦਾਨ ਵਾਂਗੂੰ ਡੇਰੇ ਦਾ ਪ੍ਰਬੰਧ ਬੜਾ ਸੋਹਣਾ ਚਲਾਇਆ। ਉਸੇ ਤਰ੍ਹਾਂ ਕਥਾ ਵਾਰਤਾ, ਸਾਧੂ ਬਿਹੰਗਮ ਦਾ ਸਤਿਕਾਰ ਅਤੇ ਅੱਠੇ ਪਹਿਰ ਗੁਰੂ ਕਾ ਲੰਗਰ ਅਤੁਟ ਚੱਲਦਾ ਹੈ। ਸੰਤ ਮਾਝਾ ਸਿੰਘ ਜੀ ਨੇ ਸੰਤ ਪ੍ਰੇਮ ਸਿੰਘ ਜੀ 'ਮੁਰਾਲਾ ਬੇਗੋਵਾਲ' ਵਾਲਿਆਂ ਨਾਲ ਮਿਲਕੇ ਇੱਕ 'ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ' ਨਡਾਲਾ ਵਿਖੇ ਬਣਵਾਇਆ। ਇੱਕ ਕਾਲਜ 'ਸੰਤ ਪ੍ਰੇਮ ਸਰ ਖਾਲਸਾ ਕਾਲਜ' ਬੇਗੋਵਾਲ ਬਣਾਇਆ। ਸਰੀਰ ਦੀ ਅਵਸਥਾ ਭਾਵੇਂ ਬਿਰਧ ਹੋ ਗਈ ਸੀ ਪਰ ਫਿਰ ਵੀ ਮਨ ਚੜ੍ਹਦੀ ਕਲਾ ਵਿੱਚ ਹੀ ਰਿਹਾ। ਉਸੇ ਤਰ੍ਹਾਂ ਸੇਵਾ ਤੇ ਸਿਮਰਨ ਕਰਦੇ ਰਹੇ। ਅਖ਼ੀਰ ਨੂੰ ਇਹ ਸੇਵਾ ਸੰਤ ਰੋਸ਼ਨ ਸਿੰਘ ਜੀ ਨੂੰ ਸੌਂਪ ਕੇ ਆਪ ੪ ਮਾਘ ੧੯੭੦ ਈ: ਨੂੰ ਸੱਚਖੰਡ ਜਾ ਬਿਰਾਜੇ। ਆਪ ਜੀ ਦਾ ਸਰੀਰ ਲੱਖਾਂ ਸੰਗਤਾਂ ਦੇ ਇਕੱਠ ਵਿੱਚ ਬਿਆਸਾ ਦਰਿਆ ਵਿਖੇ ਜਲ ਪ੍ਰਵਾਹ ਕਰ ਦਿੱਤਾ ਗਿਆ। ਹੁਣ ਡੇਰੇ ਦਾ ਪ੍ਰਬੰਧ ਆਪ ਜੀ ਵਲੋਂ ਵਰੋਸਾਏ ਸੰਤ ਰੋਸ਼ਨ ਸਿੰਘ ਜੀ ਬੜਾ ਚੰਗਾ ਚਲਾ ਰਹੇ ਹਨ। ਧੰਨ ਬਾਬਾ ਮਾਝਾ ਸਿੰਘ ਜੀ ਮਹਾਰਾਜ!

# ਸੰਤ ਰੋਸ਼ਨ ਸਿੰਘ ਜੀ 'ਮਸਕੀਨ'

ਸੰਤ ਹਰੀ ਸਿੰਘ ਜੀ ਆਹੂਜਾ, ਇਹ ਮਰਦਾਨ ਦੇ ਇਲਾਕੇ ਦੇ ਬੜੇ ਮੰਨੇ ਪ੍ਰਮੰਨੇ ਰਾਈਸ ਸਨ। ਇਨ੍ਹਾਂ ਦੀ ਬਾਬਾ ਕਰਮ ਸਿੰਘ ਜੀ ਮਹਾਰਾਜ ਅਤੇ ਡੇਰੇ ਉੱਪਰ ਅਤਿਅੰਤ ਸ਼ਰਧਾ ਸੀ। ਕਿਉਂਕਿ ਬਾਬਾ ਜੀ ਨੇ ਇਨ੍ਹਾਂ ਦੀ ਕਈ ਗੁਪਤ ਕੰਮਾਂ ਵਿੱਚ ਪ੍ਰਤੱਖ ਰੂਪ ਵਿੱਚ ਸਹਾਇਤਾ ਕੀਤੀ ਸੀ। ਇਨ੍ਹਾਂ ਦੇ ਮਨ ਦੀ ਇਹ ਸੱਧਰ ਸੀ ਕਿ ਮੈਂ ਆਪਣੇ ਵਲੋਂ ਪੈਸੇ ਖਰਚ ਕੇ ਡੇਰੇ ਵਿੱਚ ਇੱਕ ਕੋਠੀ ਪਵਾਵਾਂ। ਮਨ ਦੀ ਭਾਵਨਾ ਅਨੁਸਾਰ ਉਸ ਸਮੇਂ ਦੇ ਗੱਦੀ ਨਸ਼ੀਨ ਬਾਬਾ ਮਾਝਾ ਸਿੰਘ ਜੀ ਮਹਾਰਾਜ ਪਾਸੋਂ ਆਗਿਆ ਲੈ ਕੇ ਬੜੀ ਸੁੰਦਰ ਕੋਠੀ ਤਿਆਰ ਕਰਵਾਈ। ਉਸ ਵਿੱਚ ਸ੍ਰੀ ਅਖੰਡ ਪਾਠ ਰਖਵਾ ਕੇ ਭੋਗ ਤੋਂ ਉਪਰੰਤ ਲੱਡੂ ਜਲੇਬੀਆਂ ਦਾ ਪੱਕਾ ਭੰਡਾਰਾ ਕੀਤਾ। ਬਾਅਦ ਵਿੱਚ ਬੇਨਤੀ ਕਰਕੇ ਬਾਬਾ ਮਾਝਾ ਸਿੰਘ ਜੀ ਦੀ ਇਸੇ ਵਿੱਚ ਹੀ ਰਿਹਾਇਸ਼ ਕਰਵਾ ਦਿੱਤੀ। ਇਨ੍ਹਾਂ ਦਿਨਾਂ ਵਿੱਚ ਹੀ ਕਸ਼ਮੀਰ ਇਲਾਕੇ ਚੋਂ 'ਮੁਜ਼ੱਫ਼ਰਾਬਾਦ' ਦੇ 'ਸਨੀਜੀ' ਪਿੰਡ ਦਾ ਭਾਈ ਗਿਆਨ ਸਿੰਘ ਜੀ (ਜੋ ਬ੍ਰਾਹਮਣ ਬਰਾਦਰੀ 'ਚੋਂ ਸਨ) ਆਪਣੇ ਦੋਹਾਂ ਲੜਕਿਆਂ ਸਮੇਤ ਹੋਤੀ ਡੇਰੇ ਆਏ। ਵੱਡੇ ਕਾਕੇ ਦਾ ਨਾਮ ਭਾਈ ਚਤਰ ਸਿੰਘ ਤੇ ਛੋਟੇ ਦਾ ਨਾਮ ਭਾਈ ਰੋਸ਼ਨ ਸਿੰਘ ਸੀ। ਰੋਸ਼ਨ ਸਿੰਘ ਜੀ ਅਜੇ ਛੇ ਕੁ ਮਹੀਨਿਆਂ ਦੇ ਹੀ ਸਨ ਕਿ ਮਾਂ ਦੀ ਮਿੱਠੀ ਗੋਦ ਦਾ ਸੁਖ ਦੂਰ ਹੋ ਗਿਆ। ਪਿਤਾ ਜੀ ਨੇ ਖੇਤੀ ਦਾ ਕੰਮ ਵੀ ਕਰਨਾ ਸੀ ਤੇ ਬੱਚਿਆਂ ਦੀ ਪਾਲਣਾ ਵੀ, ਜੋ ਇਕੱਲੇ ਆਦਮੀ ਤੋਂ ਦੋਵੇਂ ਗੱਲਾਂ ਹੋਣੀਆਂ ਬੜੀਆਂ ਕਠਨ ਸਨ। ਜਿਸ ਕਰਕੇ ਸੋਚਿਆ ਕਿ ਕਿਸੇ ਸੱਤ ਪੁਰਸ਼ ਦੀ ਸ਼ਰਨ ਵਿੱਚ ਜਾ ਕੇ ਸੇਵਾ ਕਰੀਏ। ਜਿੱਥੇ ਬੱਚਿਆਂ ਦੀ ਪਾਲਣਾ ਤੇ ਪੜ੍ਹਾਈ ਵੀ ਹੋ ਜਾਵੇਗੀ। ਚੰਗੇ ਭਾਗਾਂ ਕਰਕੇ ਹੀ ਸਾਧੂ ਦਾ ਦਰਸ਼ਨ ਤੇ ਉਪਦੇਸ਼ ਹੁੰਦਾ ਹੈ।

ਜਿਨ੍ ਕੇ ਭਾਗ ਬਡੇ ਹੈ ਭਾਈ ਤਿਨ੍ ਸਾਧੂ ਸੰਗਿ ਮੁਖ ਜੁਰੇ ॥

(ਪੰਨਾ ੧੨੦੯)

ਜਦੋਂ ਇਹ ਹੋਤੀ ਡੇਰੇ ਆਏ ਤਾਂ ਬਾਬਾ ਮਾਝਾ ਸਿੰਘ ਜੀ ਨੂੰ ਮਿਲਕੇ ਸਾਰੀ ਵਿਥਿਆ ਦੱਸੀ। ਬਾਬਾ ਮਾਝਾ ਸਿੰਘ ਜੀ ਨੇ ਇਨ੍ਹਾਂ ਨੂੰ ਧੀਰਜ ਦਿੱਤਾ। ਬੱਚਿਆਂ ਦੇ ਸਿਰ ਤੇ ਹੱਥ ਫੇਰਿਆ। ਫਿਰ ਤਿੰਨਾਂ ਦਾ ਇੱਕ ਕਮਰੇ ਵਿੱਚ ਡੇਰਾ ਕਰਵਾ ਦਿੱਤਾ। ਹੋਤੀ ਡੇਰੇ ਆਉਣ ਤੋਂ ਪਹਿਲਾਂ ਇੱਕ ਸਾਲ ਸੰਤ ਸੁੰਦਰ ਸਿੰਘ ਜੀ ਦੇ ਪਾਸ 'ਅਲੀ ਬੇਗ' ਰਹੇ। ਏਥੇ ਸੰਤ ਰਾਮ ਸਿੰਘ ਜੀ ਦੇ ਸੇਵਕ ਸੰਤ ਬਲਵੰਤ ਸਿੰਘ ਜੀ ਦੀ ਪ੍ਰੇਰਣਾ ਅਨੁਸਾਰ ਉਨ੍ਹਾਂ ਤੋਂ ਹੋਤੀ ਡੇਰੇ ਦੀ ਮਹਿਮਾ ਸੁਣਕੇ ਹੋਤੀ ਡੇਰੇ ਆ ਗਏ। ਪਹਿਲਾਂ ਦਸ ਮਹੀਨੇ ਡੇਰੇ ਦੀ ਬਣ ਰਹੀ ਇਮਾਰਤ ਵਿੱਚ ਮਜ਼ਦੂਰੀ ਕੀਤੀ ਫਿਰ ਕਿਸੇ ਗੱਲੋਂ ਨਰਾਜ਼ ਹੋ ਕੇ ਸੰਤ ਰਾਮ ਸਿੰਘ ਜੀ ਨੇ ਇਨ੍ਹਾਂ ਨੂੰ ਡੇਰੇ ਤੋਂ ਚੱਲਣ ਦੀ ਆਗਿਆ ਦੇ ਦਿੱਤੀ। ਜਦੋਂ ਇਹ ਆਪਣਾ ਸਾਮਾਨ ਲੈ ਕੇ ਜਾਣ ਲੱਗੇ ਤਾਂ ਦੋਵੇਂ ਬੱਚੇ ਰੁਦਨ ਕਰਨ ਲੱਗੇ, ਕਿ ਅਸੀਂ ਨਹੀਂ ਜਾਣਾ। ਕਿਉਂਕਿ ਏਥੇ ਇਨ੍ਹਾਂ ਦਾ ਚੰਗਾ ਦਿਲ ਲੱਗਿਆ ਹੋਇਆ ਸੀ। ਵੱਡੇ ਦੀ ਉਮਰ ੮ ਸਾਲ ਅਤੇ ਛੋਟੇ ਦੀ ੪ ਸਾਲਾਂ ਦੀ ਸੀ। ਬਾਬਾ ਮਾਝਾ ਸਿੰਘ ਜੀ ਨੂੰ ਪਤਾ ਲਗਿਆ। ਬੱਚਿਆਂ ਦੇ ਹੰਝੂ ਤੱਕ ਕੇ ਮਨ ਦ੍ਰਵ ਆਇਆ। ਬੱਚਿਆਂ ਨੂੰ ਦਿਲਾਸਾ ਦੇ ਕੇ ਪਿਆਰ ਕੀਤਾ ਤੇ ਭਾਈ ਗਿਆਨ ਸਿੰਘ ਜੀ ਦੀ ਬਾਂਹ ਫੜ ਲਈ ਕਿ ਤੁਸੀਂ ਨਹੀਂ ਜਾਣਾ। ਮੈਂ ਆਪੇ ਸੰਤਾਂ ਨੂੰ ਕਹਿਕੇ ਤੁਹਾਡੇ ਵਲੋਂ ਮੁਆਫ਼ੀ ਮੰਗ ਲਵਾਂਗਾ। ਫਿਰ ਇਨ੍ਹਾਂ ਦੀ ਉਦਾਰਤਾ ਵੇਖਕੇ ਭਾਈ ਸਾਹਿਬ ਜੀ ਨੇ ਅਸਥਾਨ ਤੇ ਰਹਿਕੇ ਮਜ਼ਦੂਰੀ ਕਰਨੀ ਛੱਡ ਦਿੱਤੀ ਕੇਵਲ ਨਿਰੋਲ ਸੇਵਾ ਤੇ ਹੀ ਰਹੇ ਅਤੇ ਆਖ਼ਰੀ ਸਾਹਾਂ ਤੱਕ ਗੁਰੂ ਚਰਨਾਂ ਨਾਲ ਨਿਭਾਅ ਕੇ ਬਾਂਹ ਫੜਿਆਂ ਦੀ ਲਾਜ ਰੱਖ ਵਿਖਾਈ।

ਏਧਰ ਜਦੋਂ ਬੱਚੇ ਕੁਝ ਕੁ ਹੁਸ਼ਿਆਰ ਹੋਏ ਤਾਂ ਬੱਚਿਆਂ ਨੂੰ ਸ੍ਰੀ ਮਾਨ ਗਿਆਨੀ ਹਰੀ ਸਿੰਘ ਜੀ ਦੇ ਪਾਸ ਪੜ੍ਹਨੇ ਪਾ ਦਿੱਤਾ। (ਜੋ ਗੁਰਮੁਖ, ਮਹਾ ਵਿਦਿਵਾਨ ਸੰਤ ਮਹਾਰਾਜ ਬਾਬਾ ਆਇਆ ਸਿੰਘ ਜੀ ਦੇ ਸੇਵਕ ਸਨ। ਪਾਕਿਸਤਾਨ ਤੋਂ ਆਕੇ ਕਾਫ਼ੀ ਸਮਾਂ ਹਰਖੋਵਾਲ ਡੇਰੇ ਵੀ ਕਥਾ ਕਰਦੇ ਰਹੇ ਅਤੇ ਏਥੇ ਹੀ ਸਮਾਏ) ਕਾਕਾ ਰੋਸ਼ਨ ਸਿੰਘ ਜੀ ਤਾਂ ਮਹਾਰਾਜ ਦੇ ਪਾਠੀ ਤੇ ਹੋਰ ਕਈ ਗ੍ਰੰਥਾਂ ਦੇ ਵਾਕਫ਼ ਹੋ ਗਏ। ਭਾਈ ਗਿਆਨ ਸਿੰਘ ਜੀ ਨੂੰ ਸੰਤਾਂ ਨੇ ਇਮਾਰਤਾਂ ਦੀ ਦੇਖ-ਭਾਲ, ਮਜ਼ਦੂਰਾਂ ਨੂੰ ਮਜ਼ਦੂਰੀ ਦੇਣੀ ਤੇ ਹਾਜ਼ਰੀਆਂ ਲਗਾਉਣੀਆਂ ਇਹ ਸੇਵਾ ਸੌਂਪ ਦਿੱਤੀ। ਆਪ ਜੀ ਨੇ ਬਾਹਰੋਂ ਚੀਜ਼ਾਂ ਲਿਆਉਣੀਆਂ, ਡੇਰੇ ਵਿੱਚ ਹੋਰ ਸੇਵਾ ਦੀ ਨਿਗਰਾਨੀ ਕਰਨੀ ਅਤੇ ਆਏ ਗਏ ਦਾ ਆਸਣ ਲਗਾਉਣਾ ਇਹ ਸੇਵਾ ਕਰਦੇ ਰਹੇ। ਇਉਂ ਸੇਵਾ ਵਿੱਚ ਇਨ੍ਹਾਂ ਦਾ ਮਨ ਸੋਹਣਾ ਪਰਚ ਗਿਆ। ਸਰੀਰਕ ਲੋੜਾਂ ਗੁਰੂ ਘਰ ਵਲੋਂ ਪੂਰੀਆਂ ਹੁੰਦੀਆਂ ਰਹੀਆਂ। ਬੱਚੇ ਪੜ੍ਹਦੇ ਰਹੇ ਤੇ ਚੰਗਾ ਝੱਟ ਲੰਘਦਾ ਗਿਆ। ਜਿਸ ਵਕਤ ਇਹ ਸ਼ਾਮ ਨੂੰ ਕੋਠੀ 'ਚੋਂ ਮਾਇਆ ਕੱਢਕੇ ਪਠਾਣਾਂ ਨੂੰ ਮਜ਼ਦੂਰੀ ਦਿੰਦੇ ਤਾਂ ਪਠਾਣਾਂ ਨੇ ਨਿਗਾਹ ਰੱਖਣੀ ਕਿ ਇਹ ਕਿਥੋਂ ਲੈ ਕੇ ਆਉਂਦੇ ਹਨ। ਸਾਨੂੰ ਮਜ਼ਦੂਰੀ ਦੇ ਕੇ

ਬਾਕੀ ਦੀ ਬਚਦੀ ਕਿਥੇ ਲਿਜਾ ਕੇ ਰੱਖਦੇ ਹਨ। ਨੀਚ ਖ਼ਿਆਲਾਂ ਵਾਲੇ ਇਹ ਜਾਣਕੇ ਕਿ ਕੋਠੀ ਦੇ ਅੰਦਰ ਮਾਇਆ ਬਹੁਤ ਹੈ ਇੱਕ ਦਿਨ ਰਾਤ ਨੂੰ ੧ ਵਜੇ ਦੇ ਸਮੇਂ ਇਕੱਠੇ ਹੋ ਕੇ ਲੁਟਣ ਆ ਪਏ। ਭਾਈ ਗਿਆਨ ਸਿੰਘ ਜੀ ਵੀ ਬੱਚਿਆਂ ਸਮੇਤ ਰਾਤ ਨੂੰ ਉਸੇ ਕੋਠੀ ਵਿੱਚ ਹੀ ਬਿਰਾਜਿਆ ਕਰਦੇ ਸਨ। ਜਦੋਂ ਇਨ੍ਹਾਂ ਨੂੰ ਇਨ੍ਹਾਂ ਪਾਪੀਆਂ ਦੇ ਮੰਦੇ ਕਰਮਾਂ ਦਾ ਪਤਾ ਲੱਗਾ ਤਾਂ ਸੰਤਾਂ ਨੂੰ ਬੇਨਤੀ ਕਰਕੇ ਦੋਹਾਂ ਬੱਚਿਆਂ ਸਮੇਤ ਪਿਛਲੇ ਦਰਵਾਜ਼ੇ ਕੋਠੀ ਤੋਂ ਬਾਹਰ ਭੇਜ ਦਿੱਤਾ। ਆਪ ਦਰਵਾਜ਼ਾ ਬੰਦ ਕਰਕੇ ਪਠਾਣ ਡਾਕੂਆਂ ਦਾ ਮੁਕਾਬਲਾ ਕਰਨ ਲੱਗੇ। ਡਾਕੂ ਕਾਫ਼ੀ ਸਮਾਂ ਦਰਵਾਜ਼ੇ ਭੰਨਦੇ ਤੇ ਗੋਲੀਆਂ ਦੇ ਫਾਇਰ ਕਰਦੇ ਰਹੇ। ਆਖਰਕਾਰ ਭਾਈ ਸਾਹਿਬ ਇਕੱਲੇ ਸਨ ਪਠਾਣ ਬਹੁਤੇ ਸੀ ਦਰਵਾਜ਼ਾ ਤੋੜ ਕੇ ਅੰਦਰ ਆ ਵੜੇ ਤੇ ਭਾਈ ਸਾਹਿਬ ਨੂੰ ਸ਼ਹੀਦ ਕਰ ਦਿੱਤਾ। ਫੇਰ ਜੋ ਕੁਝ ਹੱਥ ਲੱਗਾ ਲੁੱਟ ਕੇ ਲੈ ਗਏ। ਬਾਹਰੋਂ ਰੌਲਾ ਪਾਉਣ ਵਾਲੇ (ਕਿ ਡਾਕੂ ਆ ਗਏ ਡਾਕੂ ਆ ਗਏ) ਇੱਕ ਮਾਲੀ ਤੇ ਚੌਕੀਦਾਰ ਨੂੰ ਵੀ ਜਾਂਦੇ ਹੋਏ ਮਾਰ ਗਏ। ਸਵੇਰੇ ਰਿਪੋਰਟ ਦਰਜ ਕਰਵਾਈ ਪਰ ਡਾਕੂਆਂ ਦਾ ਕੋਈ ਪਤਾ ਨਾ ਲੱਗਾ। ਭਾਈ ਗਿਆਨ ਸਿੰਘ ਜੀ ਦਾ ਸਰੀਰ ਅਟਕ ਦਰਿਆ ਵਿੱਚ ਜਲ ਪ੍ਰਵਾਹ ਕਰ ਦਿੱਤਾ। ਡੇਰੇ ਵਲੋਂ ਦੋਵਾਂ ਬੱਚਿਆਂ ਨੂੰ ਸੰਤ ਬਾਬਾ ਮਾਝਾ ਸਿੰਘ ਜੀ ਨੇ ਵਿਦਵਾਨ ਬਣਾ ਦਿੱਤਾ। ਕੁਝ ਕੁ ਮਾਇਆ ਇਨ੍ਹਾਂ ਦੇ ਨਾਮ ਕਰਵਾ ਦਿੱਤੀ। ਵੱਡਾ ਭਾਈ ਤਾਂ ਗੱਡੀ ਸਿੱਖ ਕੇ ਸ਼ਾਦੀ ਸ਼ੁਦਾ ਹੋ ਕੇ ਹੁਣ ਆਪਣਾ ਕਾਰੋਬਾਰ ਕਰਕੇ ਆਪਣੇ ਪਰਿਵਾਰ ਦੀ ਪਾਲਣਾ ਕਰਨ ਲੱਗ ਪਿਆ। ਛੋਟਾ ਬੱਚਾ ਸੰਤ ਰੋਸ਼ਨ ਸਿੰਘ ਜੀ 'ਮਸਕੀਨ' ਅੰਮ੍ਰਿਤਸਰ ਵਿੱਦਿਆ ਤੇ ਰਾਗ ਸਿੱਖ ਕੇ ਕਾਫ਼ੀ ਸਿਆਣੇ ਤੇ ਵਿਦਵਾਨ ਰਾਗੀ ਬਣਕੇ ਗੁਰਦੁਆਰੇ ਦੀ ਸੇਵਾ ਕਰਦੇ ਰਹੇ। ਪਹਿਲਾਂ ਤੋਂ ਹੀ ਸੰਤ ਬਾਬਾ ਮਾਝਾ ਸਿੰਘ ਜੀ ਦੇ ਹਜ਼ੂਰੀਏ ਸੇਵਕ ਬਣਕੇ ਬੜੀ ਸੇਵਾ ਕੀਤੀ। ਨਾਲ ਹੀ ਪਾਕਿਸਤਾਨੋ ਹਿੰਦੁਸਤਾਨ ਆਏ। ਫਿਰ 'ਮਕਸੂਦ ਪੁਰ' ਗੁਰਦੁਆਰੇ ਦੀ ਸਾਰੀ ਜ਼ਿੰਮੇਵਾਰੀ ਦਾ ਭਾਰ ਇਨ੍ਹਾਂ ਦੇ ਮੋਢਿਆਂ ਤੇ ਪਾਇਆ ਗਿਆ। ਇਹ ਮਿਠ ਬੋਲੜੇ ਬਾਣੀ ਦੇ ਰਸੀਏ, ਤੇ ਗੁਰ ਅਸਥਾਨ ਦੀ ਸੇਵਾ ਵੱਲ ਖ਼ਾਸ ਧਿਆਨ ਦੇਣ ਵਾਲੇ ਮਹਾਂ ਪੁਰਸ਼ ਹਨ। ਆਏ ਗਏ ਸਾਧੂ ਬਿਹੰਗਮ ਦਾ ਬੜਾ ਆਦਰ ਕਰਦੇ ਹਨ। ਇਨ੍ਹਾਂ ਗੁਣਾਂ ਦੇ ਸਦਕਾ ਹੀ ਆਪ ਜੀ ਨੂੰ ਇਲਾਕੇ ਦੀ ਸੰਗਤ, ਬਾਹਰੋਂ ਆਏ ਪੂਜਯ ਵਿਆਕਤੀਆਂ, ਸਾਧੂ ਮਹਾਤਮਾਂ ਅਤੇ ਬਾਬਾ ਮਾਝਾ ਸਿੰਘ ਜੀ ਵੱਲੋਂ (੧੯੬੮ ਈਸਵੀ ਅੱਸੂ ਵਦੀ ਦਸਵੀਂ ਨੂੰ) ਹੋਤੀ ਡੇਰੇ ਦੀ ਗੱਦੀ ਤੇ ਸਥਾਪਤ ਕਰ ਦਿੱਤਾ ਗਿਆ।

ਆਪ ਜੀ ਨੇ ਗੱਦੀ ਸੰਭਾਲਣ ਤੋਂ ਬਾਅਦ ਅਤੇ ਬਾਬਾ ਮਾਝਾ ਜੀ ਦੇ ਸਰੀਰ ਤੋਂ ਉਪਰੰਤ ਇਹ ਸਮਾਜ ਭਲਾਈ ਦੇ ਕੰਮ ਕੀਤੇ:

੧. ੧੯੭੩ ਈਸਵੀ ਵਿੱਚ 'ਸੰਤ ਬਾਬਾ ਮਾਝਾ ਸਿੰਘ ਜੀ ਕਰਮ ਜੋਤ' ਸਰਕਾਰੀ ਹਸਪਤਾਲ ਚਾਲੂ ਕਰਵਾਇਆ। ਜਿਸ ਵਿੱਚ ਪੂਰਨ ਸਹਿਯੋਗ ਦਿੱਤਾ।

੨. ੧੯੭੫ ਈਸਵੀ ਵਿੱਚ 'ਸੰਤ ਬਾਬਾ ਮਾਝਾ ਸਿੰਘ ਜੀ ਨਰਸਰੀ ਮਾਡਲ ਸਕੂਲ' ਚਾਲੂ ਕਰਵਾਇਆ ਜਿਸ ਵਿੱਚ ਇਲਾਕੇ ਨਿਵਾਸੀ ਤਿੰਨ ਚਾਰ ਸੌ ਬੱਚੇ ਪੜ੍ਹਦੇ ਹਨ। ਉਨ੍ਹਾਂ ਨੂੰ ਘਰੋਂ ਲਿਆਉਣ ਤੇ ਛੱਡਣ ਦਾ ਪ੍ਰਬੰਧ ਵੀ ਆਪ ਜੀ ਵਲੋਂ ਹੀ ਕੀਤਾ ਗਿਆ।

੩. ੧੯੭੬ ਈਸਵੀ ਨੂੰ 'ਸੰਤ ਮਾਝਾ ਸਿੰਘ ਜੀ' ਪਸ਼ੂਆਂ ਦਾ ਹਸਪਤਾਲ 'ਮਕਸੂਦ ਪੁਰ' ਦੇ ਮੋੜ ਤੇ ਬਣਾਇਆ। ਡੇਰੇ ਵਿੱਚ ਸੰਤ ਬਾਬਾ ਮਾਝਾ ਸਿੰਘ ਜੀ ਦੀ ਯਾਦ ਵਿੱਚ ਮੰਜੀ ਸਾਹਿਬ ਤਿਆਰ ਕੀਤਾ। ਅਸਥਾਨ ਤੇ ਤੀਹ ਚਾਲੀ ਕਮਰੇ ਬਣੇ ਹਨ। ਹਰ ਸਮੇ ਤੀਹ ਚਾਲੀ ਸਰੀਰ ਰਿਹਾਇਸ਼ ਰੱਖਦੇ ਹਨ। ਸੁਬ੍ਹਾ ਸ਼ਾਮ ਕਥਾ ਕੀਰਤਨ ਤੇ ਗੁਰੂ ਕਾ ਲੰਗਰ ਉਸੇ ਤਰ੍ਹਾਂ ਹੀ ਚੱਲ ਰਿਹਾ ਹੈ।

ਵਾਹਿਗੁਰੂ ਆਪ ਜੀ ਨੂੰ ਦੀਰਘ ਆਯੂ ਤੇ ਹੋਰ ਸ਼ੁਭ ਗੁਣ ਬਖ਼ਸ਼ੇ ਤਾਂ ਕਿ ਬਾਬਾ ਕਰਮ ਸਿੰਘ ਜੀ ਦੇ ਨਾਮ ਨੂੰ ਰੌਸ਼ਨ ਕਰਨ। ਹੋਤੀ ਮਰਦਾਨ ਵਿੱਚੋਂ ਇੱਕ ਡੇਰਾ ਝੀਲ 'ਚਰੂੰਜਾ' 'ਪਟਪੜ' ਰੋਡ ਦਿੱਲੀ ਸ਼ਾਹਦਰਾ ਵਿਖੇ ਹੈ। ਜਿਸ ਦੀ ਸੇਵਾ ਗਿਆਨੀ ਕੁਲਤਾਰ ਸਿੰਘ ਜੀ ਕਰ ਰਹੇ ਹਨ। ਇਨ੍ਹਾਂ ਦੀ ਬੇਨਤੀ ਪ੍ਰਵਾਨ ਕਰਕੇ ਸੰਤ ਈਸ਼ਰ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਵਾਲੇ) ਜਦੋਂ ਕਿ ਲੇਖਕ ਨਾਲ ਹੁੰਦਾ ਸੀ, ਦੋ ਵਾਰ ਦੀਵਾਨ ਲਾ ਕੇ ਚਾਰ-ਚਾਰ ਦਿਨ ਕੀਰਤਨ ਕਰ ਆਏ ਹਨ। ਇੱਕ ਡੇਰਾ 'ਗੱਡਿਆਂ ਵਾਲੀ ਗਲੀ' ਚੌਕ ਮੰਨਾ ਸਿੰਘ ਅੰਮ੍ਰਿਤਸਰ ਵਿਖੇ ਹੈ। ਜਿਸ ਦੀ ਸੇਵਾ ਭਾਈ ਕਰਮ ਸਿੰਘ ਜੀ ਕਰਦੇ ਸਨ।

# ਕਾਂਡ ਅੱਠਵਾਂ

## ਸੰਤ ਬਾਬਾ ਹਰਨਾਮ ਸਿੰਘ ਜੀ 'ਜਿਆਣ' ਵਾਲੇ

(ਜ਼ਿਲ੍ਹਾ ਹੁਸ਼ਿਆਰ ਪੁਰ)

ਸੰਤ ਬਾਬਾ ਹਰਨਾਮ ਸਿੰਘ ਜੀ 'ਜਿਆਣ' ਵਾਲਿਆਂ ਦਾ ਜਨਮ ਕੱਤਕ ਦੀ ਪੂਰਨਮਾਸ਼ੀ ੧੯੭੭ ਈ: ਨੂੰ ਪਿੰਡ ਛੋਟਾ ਨੰਗਲ ਜ਼ਿਲ੍ਹਾ ਹੁਸ਼ਿਆਰ ਪੁਰ (ਜਿਹੜਾ ਕਿ ਮਾਹਲ ਪੁਰ ਦੇ ਨੇੜੇ ਹੈ) ਇੱਕ ਸਹਿਜਧਾਰੀ ਸਿੱਖ ਚੌਧਰੀ ਮਾਈ ਦਾਸ ਜੀ (ਜਿਹੜਾ ਕਿ ਗੁਰੂ ਘਰ ਦਾ ਪ੍ਰੀਤਵਾਨ ਤੇ ਸੰਤ ਸੇਵੀ ਸੀ) ਦੇ ਘਰ ਮਾਤਾ ਰਾਮ ਦੇਈ ਦੇ ਕੁੱਖੋਂ ਹੋਇਆ। ਮਾਤਾ ਜੀ ਤਾਂ ਨਾਮ ਦੇ ਇਤਨੇ ਪ੍ਰੇਮੀ ਸਨ ਕਿ ਆਪ ਜੀ ਹਰ ਰੋਜ਼ ੮੪-੮੪ ਮਾਲਾ ਤੱਕ ਫੇਰਦੇ ਸਨ। ਆਪ ਜੀ ਦਾ ਭਗਤੀ ਭਾਵ ਬੇਅੰਤ ਸੀ। ਆਪ ਜੀ ਨੇ ਚਾਰ ਪੰਜ ਵਾਰ ਤਾਂ ਹਰਿਦੁਆਰ ਤੇ ਬਦਰੀਨਾਥ ਦੀ ਯਾਤਰਾ ਕੀਤੀ। ਉਹਨੀਂ ਦਿਨੀਂ ਨਾ ਹੀ ਕੋਈ ਸੜਕ ਅਤੇ ਨਾ ਹੀ ਕੋਈ ਪੁਲ ਹੁੰਦੇ ਸਨ। ਕੇਵਲ ਕੱਚੇ ਤੇ ਪਥਰੀਲੇ ਰਸਤੇ ਹੀ ਹੁੰਦੇ ਸਨ। ਵਾਹਿਗੁਰੂ ਤੇ ਭਰੋਸਾ ਰੱਖ ਕੇ ਘਣੇ ਜੰਗਲਾਂ ਵਿੱਚੋਂ ਯਾਤਰਾ ਕਰਦਿਆਂ ਹੋਇਆਂ ਆਪ ਨੇ ਯਾਤਰਾਵਾਂ ਕੀਤੀਆਂ। ਸਿਰ ਤੇ ਪਿੰਨੀਆਂ ਅਤੇ ਰਾਸ਼ਨ ਦੀ ਪੰਡ ਰੱਖ ਕੇ ਰੱਸੀ ਨਾਲ ਗੜਵੀ ਲਟਕਾਈ ਤੁਰਦੇ ਜਾਂਦੇ।

ਸੰਤ ਮਹਾਰਾਜ ਕੁਝ ਸਮੇਂ ਲਈ ਘਰ ਵਿਖੇ ਵੱਡੇ ਭਰਾ ਸਰਦਾਰ ਵਰਿਆਮ ਸਿੰਘ ਜੀ ਨਾਲ ਖੇਤੀ ਕਰਵਾਉਂਦੇ ਅਤੇ ਗੁਰਮੁਖੀ ਪੜ੍ਹਦੇ ਰਹੇ। ਆਪ ੧੯੯੩ ਵਿਖੇ ਸੋਲਾਂ ਸਾਲ ਦੀ ਉਮਰ ਵਿੱਚ ਫੌਜ ਵਿੱਚ ਭਰਤੀ ਹੋ ਗਏ। ਜਦੋਂ ਆਪ ਜੀ ਦੀ ਪਲਟਨ ਨੁਸ਼ਹਿਰੇ ਪੁੱਜੀ ਤਾਂ ਪਿਛਲੇ ਜਨਮਾਂ ਦੇ ਮਿਲਾਪੀ ਤੇ ਪਰਮ ਸੇਵਕ ਜਾਣਕੇ ਬਾਬਾ ਵਿਸਾਵਾ ਸਿੰਘ ਜੀ ਰਾਹੀਂ (ਜੋ ਕਿ ਨੁਸ਼ਹਿਰੇ ਪਲਟਨ ਵਿੱਚ ਸੰਤ ਬਾਬਾ ਕਰਮ ਸਿੰਘ ਜੀ ਦੇ ਪਰਮ ਸੇਵਕ ਸਨ) ਆਪਣੇ ਕੋਲ ਬੁਲਾਇਆ। ਰਾਤ ਦੇ ਦੋ ਵਜੇ ਜਦੋਂ ਕਿ ਸੰਤ ਬਾਬਾ ਕਰਮ ਸਿੰਘ ਜੀ ਇਸ਼ਨਾਨ ਕਰ ਰਹੇ ਸਨ ਕੋਲ ਪੁੱਜੇ। ਜਿੱਥੇ ਸੰਤ ਜੀ ਦੇ ਇਸ਼ਨਾਨ ਵਾਲਾ ਪਵਿੱਤਰ ਜਲ ਡਿੱਗ ਰਿਹਾ ਸੀ ਉੱਥੇ ਹੀ ਡਿੱਗ ਕੇ ਡੰਡਾਉਤ ਕਰੀ ਤੇ ਲੰਮੇ ਪੈ ਗਏ। ਇਸ਼ਨਾਨ ਉਪਰੰਤ ਜਦੋਂ ਬਾਬਾ ਕਰਮ ਸਿੰਘ ਜੀ ਨੇ ਨੇਤਰ ਖੋਲ੍ਹੇ ਤਾਂ ਵੇਖਦਿਆਂ ਸਾਰ ਹੀ ਘੁੱਟ ਕੇ ਗਲਵੱਕੜੀ ਪਾ ਲਈ। ਬਿਜਲੀ ਦੇ ਕਰੰਟ ਵਾਗੂੰ ਰੋਮ-ਰੋਮ ਵਿੱਚ ਵਾਹਿਗੁਰੂ ਦੀ ਰੌਂ ਚੱਲ ਪਈ। ਬਾਬਾ ਜੀ ਨੇ ਬਚਨ ਕੀਤਾ ਕਿ ਪਿਛਲੇ ਜਨਮਾਂ ਵਿੱਚ ਅਸੀਂ ਇਕੱਠੇ ਹੀ ਸਾਂ ਪਰੰਤੂ ਕਿਸੇ ਕਾਰਨ ਅਲੱਗ ਹੋ ਗਏ ਅਤੇ ਨਾਲ ਹੀ ਕਿਹਾ ਕਿ ਹੁਣ ਅਸੀਂ ਤੁਹਾਨੂੰ ਵੱਖ ਨਹੀਂ ਹੋਣ ਦਿੰਦੇ। ਉਸ ਸਮੇਂ ਮਹਾਨ ਬਖ਼ਸ਼ਿਸ਼ਾਂ ਦੇ ਭੰਡਾਰੇ ਖੋਲ ਦਿੱਤੇ। ਰਿੱਧੀਆਂ ਸਿੱਧੀਆਂ ਆ ਹਾਜ਼ਰ ਹੋਈਆਂ। ਅੰਦਰ ਸੂਰਜ ਵਾਂਗ ਪ੍ਰਕਾਸ਼ ਹੋ ਗਿਆ ਤੇ ਨਾਮ ਦਾ ਦਾਨ ਬਖ਼ਸ਼ਿਆ। ਬਾਬਾ ਕਰਮ ਸਿੰਘ ਜੀ ਨੇ ਉਪਦੇਸ਼ ਦਿੱਤਾ ਕਿ ਡਟ ਕੇ ਬੰਦਗੀ ਕਰੋ। ਕਿਸੇ ਮੱਤ ਮਤਾਂਤਰ ਤੇ ਭੇਖ ਤੇ ਤਰਕ ਨਹੀਂ ਕਰਨੀ। ਪ੍ਰੰਤੂ ਆਪਣੇ ਗੁਰੂ ਤੇ ਭੇਖ ਤੇ ਪੂਰਨ ਵਿਸਵਾਸ਼ ਰੱਖਣਾ ਹੈ। ਕਿਸੇ ਨੂੰ ਕੌੜਾ ਨਹੀਂ ਬੋਲਣਾ ਪਰੰਤੂ ਦੂਜੇ ਦਾ ਕਿਹਾ ਸਹਿ ਲੈਣਾ। ਕਿਸੇ ਵੀ ਔਰਤ ਨੂੰ ਕੋਲ ਨਹੀਂ ਆਉਣ ਦੇਣਾ ਅਤੇ ਨੌਕਰੀ ਸੱਚੀ ਸੁੱਚੀ ਜਾਣ ਕੇ ਕਰਦੇ ਰਹੋ।

ਨੌਕਰੀ ਦੌਰਾਨ ਡਿਊਟੀ ਉਪਰੰਤ ਆਪ ਜੰਗਲ ਵਿੱਚ ਚੁੱਪ ਕਰਕੇ ਚਲੇ ਜਾਂਦੇ। ਆਪ ਜੀ ਦੇ ਆਲੇ ਦੁਆਲੇ ਜੰਗਲੀ ਜਾਨਵਰ ਜਿਵੇਂ ਚੀਤੇ ਸੱਪ ਆਦਿ ਬੈਠ ਜਾਂਦੇ। ਸਮਾਧੀ ਉਪਰੰਤ ਉਹ ਚਲੇ ਜਾਂਦੇ। ਇੱਕ ਰਾਤ ਆਪ ਸਮਾਧੀ ਵਿੱਚ ਹੀ ਲੀਨ ਰਹੇ ਤੇ ਡਿਊਟੀ ਤੇ ਨਾ ਪੁੱਜੇ। ਪਰੰਤੂ ਜਦੋਂ ਸਵੇਰੇ ਗਏ ਤਾਂ ਇਨ੍ਹਾਂ ਦੀ ਡਿਊਟੀ ਦੀ ਹਾਜ਼ਰੀ ਲੱਗੀ ਹੋਈ ਸੀ। ਫਿਰ ਉਸੀ ਸਮੇਂ ਅਸਤੀਫਾ ਦੇ ਕੇ ਨੌਕਰੀ ਛੱਡ ਆਏ ਤੇ ਦੁਨੀਆਂ ਤਿਆਗ ਕੇ ਸੰਤ ਬਣਕੇ ਬੜੀ ਕਠਨ ਤਪੱਸਿਆ ਕੀਤੀ।

ਬਾਬਾ ਜੀ ਦੀ ਮਾਤਾ ਦਾ ਜਦੋਂ ਅੰਤ ਸਮਾਂ ਆਇਆ ਤਾਂ ਆਪ ਜੀ ਨੇ ਗਊ ਦਾ ਗੋਬਰ ਲਿਆ ਕੇ ਘਰ ਵਿੱਚ ਪੋਚਾ ਦਿੱਤਾ। ਆਪਣੇ ਵੱਡੇ ਪੁੱਤਰ ਸ੍ਰ: ਵਰਿਆਮ ਸਿੰਘ ਨੂੰ ਕਿਹਾ ਕਿ ਮੇਰੇ ਪਿੱਛੇ ਗੋਡੇ ਦਾ ਸਹਾਰਾ ਦੇ ਕੇ ਰੱਖ। ਫਿਰ ਉਨ੍ਹਾਂ ਨੇ ਆਸਣ ਲਾ ਕੇ ਮਾਲਾ ਫੜ ਲਈ ਉਸ ਉਪਰੰਤ ਉਨ੍ਹਾਂ ਨੇ ਪ੍ਰਾਣ ਤਿਆਗ ਦਿੱਤੇ।

ਨੌਕਰੀ ਛੱਡਕੇ ਆਪ ਥੋੜ੍ਹੇ ਦਿਨਾਂ ਲਈ ਆਪਣੀ ਮਾਤਾ ਜੀ ਦੇ ਪਾਸ ਠਹਿਰੇ। ਉਸ ਸਮੇਂ ਆਪ ਪਿੰਡ 'ਜਿਆਣ' ਵਿਖੇ ਜਿੱਥੇ ਕਿ ਆਪ ਜੀ ਦੀ ਭੂਆ ਰਹਿੰਦੀ ਸੀ ਆ ਗਏ। ਇਸ ਪਿੰਡ ਦੇ ਦੋਵੇਂ ਪਾਸੇ ਚੋਅ ਸਨ। ਉਹਨੀਂ

ਦਿਨੀਂ ਇਨ੍ਹਾਂ ਵਿੱਚ ਪਾਣੀ ਵੀ ੧੨ ਮਹੀਨੇ ਚੱਲਦਾ ਸੀ ਅਤੇ ਉੱਤੇ ਜੰਗਲ ਵੀ ਸੀ ਜਿੱਥੇ ਕੁਟੀਆ ਲਈ ਜਗ੍ਹਾ ਚੁਣੀ। ਉਸਦੇ ਆਸੇ ਪਾਸੇ ਚੋਅ ਦੇ ਨੇੜੇ ਹੋਰ ਕੋਈ ਪਿੰਡ ਨਹੀਂ ਸੀ। ਉਹ ਜਗ੍ਹਾ ਬਿਲਕੁਲ ਇਕਾਂਤ ਤੇ ਸੁਹਾਵਣੀ ਸੀ। ਸਧਾਰਨ ਭਿੱਤਾਂ ਦੀ ਕੁਟੀਆ, ਉੱਪਰ ਛੱਪਰ ਤੇ ਛੋਟੀ ਜਿਹੀ ਖੂਹੀ ਵੀ ਉਨ੍ਹਾਂ ਦੇ ਸੰਬੰਧੀਆਂ ਨੇ ਲਗਾ ਦਿੱਤੀ। ਕੁਝ ਸਮੇਂ ਤੱਕ ਤਾਂ ਭੋਜਨ ਇਨ੍ਹਾਂ ਦੀ ਭੂਆ ਦੇ ਘਰੋਂ ਆਉਦਾ ਰਿਹਾ। ਪ੍ਰੰਤੂ ਫਿਰ ਬੰਦ ਕਰ ਦਿੱਤਾ। ਕੋਈ ਆ ਜਾਵੇ ਤਾਂ ਛਕ ਲੈਣਾ ਨਹੀਂ ਤਾਂ ਕਈ-ਕਈ ਦਿਨ ਭੁੱਖੇ ਹੀ ਰਹਿਣਾ। ਕਦੀ-ਕਦੀ ਦਰੱਖਤਾਂ ਦੇ ਪੱਤੇ ਰਗੜ ਕੇ ਥੋੜ੍ਹਾ ਨਮਕ ਪਾ ਕੇ ਹੀ ਪੀ ਲੈਣੇ ਅਤੇ ਹਰ ਸਮੇਂ ਭਗਤੀ ਵਿੱਚ ਲੱਗੇ ਰਹਿਣਾ। ਇੱਕ ਵਾਰ ਸੰਤ ਜਵਾਲਾ ਸਿੰਘ ਜੀ ਇਨ੍ਹਾਂ ਪਾਸ ਅੱਠ ਦਿਨ ਠਹਿਰੇ। ਕੁਝ ਖਾਣ ਨੂੰ ਨਾ ਆਇਆ ਇੱਕ ਆਦਮੀ ਕੁਝ ਕੱਚੀਆਂ ਛੱਲੀਆਂ ਲਿਆਇਆ। ਸੰਤ ਜਵਾਲਾ ਸਿੰਘ ਜੀ ਨੂੰ ਕਿਹਾ ਕਿ ਇਨ੍ਹਾਂ ਛੱਲੀਆਂ ਨੂੰ ਭੁੰਨ ਲਿਆਉ। ਉਨ੍ਹਾਂ ਨੇ ਕਿਹਾ ਕਿ ਜੇ ਆਗਿਆ ਹੋਵੇ ਤਾਂ ਮੈਂ ਇੱਕ ਕੱਚੀ ਹੀ ਚਰੁੰਡ ਲਵਾਂ। ਬਾਬਾ ਜੀ ਨੇ ਕਿਹਾ ਕਿ ਹੁਣ ਤੂੰ ਫ਼ਕੀਰੀ ਕਰਨ ਲਈ ਪਾਸ ਹੋ ਗਿਆ ਖ਼ੂਬ ਕਰ ਲਵੇਂਗਾ। ਫਿਰ ਉਹ ਬਹੁਤ ਵੱਡੇ ਸੰਤ ਹੋਏ।

ਇੱਕ ਵਾਰ ਭਾਈ ਪਿਆਰਾ ਸਿੰਘ ਲੰਗੇਰੀ 'ਬੱਬਰ' ਦੇ ਪਿੱਛੇ ਪੁਲਿਸ ਲੱਗੀ ਹੋਈ ਸੀ। ਉਸ ਨੇ ਬਾਬਾ ਜੀ ਦੇ ਪਾਸ ਆ ਕੇ ਚਰਨ ਛੂਹ ਕੇ ਬੇਨਤੀ ਕੀਤੀ ਕਿ ਮੈਨੂੰ ਪੁਲਿਸ ਤੋਂ ਬਚਾਉ। ਆਪ ਜੀ ਨੇ ਉਸ ਨੂੰ ਮਾਲਾ ਦੇ ਕੇ ਕਿਹਾ ਕਿ ਤੂੰ ਜਾਪ ਕਰੀ ਜਾਹ ਤੂੰ ਸਭ ਨੂੰ ਦੇਖ ਲਵੇਂਗਾ ਪਰ ਤੈਨੂੰ ਕੋਈ ਨਹੀਂ ਦੇਖ ਸਕੇਗਾ। ਜਦੋਂ ਪੁਲਿਸ ਆਈ ਤਾਂ ਇਨ੍ਹਾਂ ਨੇ ਕਿਹਾ, "ਜਿਥੇ ਤੁਹਾਡਾ ਚੋਰ ਹੈ ਉਸ ਨੂੰ ਫੜ ਲਵੋ।" ਪਰੰਤੂ ਉਨ੍ਹਾਂ ਨੂੰ ਉਹ ਨਹੀਂ ਦਿਸਿਆ ਤੇ ਉਹ ਵਾਪਿਸ ਚਲੇ ਗਏ। ਬਾਬਾ ਜੀ ਨੇ ਕਿਹਾ, "ਤੂੰ ਸਾਡੇ ਪਾਸ ਦਸ ਦਿਨ ਠਹਿਰ ਜਾ ਫਿਰ ਤੈਨੂੰ ਕੋਈ ਨਹੀਂ ਫੜ ਸਕੇਗਾ।" ਪਰ ਉਹ ਚਲਾ ਗਿਆ ਅਤੇ ਪੁਲਿਸ ਨੇ ਉਸ ਨੂੰ ਫੜ ਲਿਆ। ਆਪ ਫੜੇ ਜਾਂਦੇ ਨੂੰ ਮਿਲੇ ਅਤੇ ਕਿਹਾ, "ਤੈਨੂੰ ਕਾਲੇ ਪਾਣੀ ਦੀ ਸਜ਼ਾ ਹੋ ਜਾਣੀ ਹੈ। ਪਰ ਤੈਨੂੰ ਅਸੀਂ ਛੁਡਾ ਲਵਾਂਗੇ।" ਉਸ ਦੇ ੧੩ ਸਾਥੀਆਂ ਨੂੰ ਫਾਸੀ ਹੋ ਗਈ। ਪਰ ੧੯੧੪ ਵਾਲੀ ਵੱਡੀ ਜੰਗ ਮਗਰੋਂ ਜਦੋਂ ਸਾਰੇ ਰਾਜਸੀ ਕੈਦੀ ਛੱਡੇ ਗਏ ਤਾਂ ਉਨ੍ਹਾਂ ਵਿੱਚ ਇਹ ਵੀ ਬਰੀ ਹੋ ਗਿਆ। ਫਿਰ ਇਹ ਚੰਗੇ ਰਾਜਸੀ ਲੀਡਰ ਬਣੇ।

ਇਸ ਤਰ੍ਹਾਂ ਇੱਕ ਲੜਕਾ ਜਿਸਦਾ ਨਾਮ ਦੌਲਤ ਸਿੰਘ ਸੀ ਉਹ ਸੱਤਵੀਂ ਜਮਾਤ ਵਿੱਚ ਪੜ੍ਹਦਾ ਸੀ ਅਤੇ ਆਪ ਜੀ ਪਾਸ ਬਹੁਤ ਆਉਦਾ ਸੀ। ਉਹ ਸੰਤ ਬਣਨਾ ਚਾਹੁੰਦਾ ਸੀ ਪਰ ਮਾਂ ਬਾਪ ਨੇ ਕਿਹਾ ਕਿ ਤੂੰ ਗ੍ਰਹਿਸਥ ਵਿੱਚ ਹੀ ਰਹਿ। ਉਹ ਬਹੁਤ ਪ੍ਰੇਮੀ ਸ਼ਰਧਾਲੂ ਤੇ ਪਵਿੱਤਰ ਆਤਮਾ ਸੀ। ਉਸ ਨੂੰ ਬਾਬਾ ਜੀ ਨੇ ਕਿਹਾ ਕਿ ਜਦੋਂ ਕਦੇ ਤੇਰੇ ਤੇ ਕੋਈ ਭੀੜ ਪਵੇ ਤਾਂ ਤਿੰਨ ਤਾਲੀਆਂ ਮਾਰੀਂ ਅਸੀਂ ਉਸੇ ਵੇਲੇ ਹਾਜ਼ਰ ਹੋ ਜਾਵਾਂਗੇ। ਉਸ ਨੂੰ ਇੱਕ ਦੋ ਵਾਰ ਜ਼ਰੂਰਤ ਪਈ ਤਾਂ ਆਪ ਪ੍ਰਤੱਖ ਪਹੁੰਚ ਗਏ। ਜਦੋਂ ਉਸ ਨੇ ਚਲਾਣਾ ਕੀਤਾ ਤਾਂ ਉਸ ਵਕਤ ਰਾਤ ਦੇ ਤਿੰਨ ਵਜੇ ਦਾ ਸਮਾਂ ਸੀ ਉਸਦਾ ਇੱਕ ਲੜਕਾ, ਸੰਤ ਹਰੀ ਸਿੰਘ ਜੀ ਕਹਾਰਪੁਰੀਆਂ ਨੂੰ ਦੱਸਣ ਆਇਆ। ਉਹ ਪੰਜ ਵਜੇ ਸਵੇਰੇ ਪਹੁੰਚਿਆ ਤਾਂ ਬਾਬਾ ਹਰੀ ਸਿੰਘ ਜੀ ਕਹਿਣ ਲੱਗੇ ਕਿ ਮੈਂ ਤਾਂ ਹੁਣੇ ਹੀ ਅਜੀਤ ਸਿੰਘ ਨੂੰ ਬਾਬਾ ਜੀ ਪਾਸ ਸੱਚ ਖੰਡ ਪਹੁੰਚਾ ਕੇ ਆਇਆ ਹਾਂ, ਅਜੇ ਤਾਂ ਮੈ ਇਸ਼ਨਾਨ ਵੀ ਨਹੀਂ ਕੀਤਾ ਜਿਹੜਾ ਕਿ ਮੈਂ ਤਿੰਨ ਵਜੇ ਕਰ ਲੈਦਾ ਹਾਂ।

ਇੱਕ ਸਮੇਂ ਆਪ ਇੱਕ ਉੱਚੇ ਰੇਤ ਦੇ ਟਿੱਬੇ ਤੇ ਬੈਠ ਕੇ ਭਜਨ ਕਰ ਰਹੇ ਸਨ। ਉਸੇ ਸਮੇਂ ਇੱਕ ਆਦਮੀ ਪਾਸ ਦੇ ਦਰੱਖਤ ਤੋਂ ਉੱਤਰ ਆਇਆ। ਇਨ੍ਹਾਂ ਦਾ ਮੋਢਾ ਹਿਲਾਅ ਕੇ ਕਿਹਾ ਕਿ ਸਾਵਧਾਨ ਹੋ। ਆਪ ਨੇ ਕਿਹਾ ਕਿ ਮੈਂ ਸਾਵਧਾਨ ਹਾਂ। ਉਸਨੇ ਕਿਹਾ ਕਿ ਅਕਾਲ ਪੁਰਖ ਦਾ ਹੁਕਮ ਹੈ ਕਿ ਜਿਹੜੇ ਤਿੰਨ ਗੁਰਦੁਆਰੇ ਛੇਵੀ ਅਤੇ ਸੱਤਵੀ ਪਾਤਸ਼ਾਹੀ ਨਾਲ ਸੰਬੰਧਿਤ ਸਨ ਅਤੇ ਜੰਗਲ ਬਣੇ ਹੋਏ ਸਨ, ਬਨਾਉਣੇ ਹਨ। ਆਪ ਜੀ ਨੇ ਕਿਹਾ ਕਿ ਮੈਂ ਤਾਂ ਪੈਸੇ ਨੂੰ ਹੱਥ ਨਹੀਂ ਲਗਾਉਦਾ ਤੇ ਕਿਸੇ ਪਿੰਡ ਵੀ ਨਹੀਂ ਜਾਂਦਾ। ਉਸ ਨੇ ਕਿਹਾ ਕਿ ਸਿਰਫ ਉਨ੍ਹਾਂ ਦੀਆਂ ਨੀਹਾਂ ਰੱਖ ਦਿਉ ਫਿਰ ਸੰਗਤ ਆਪ ਹੀ ਬਣਾ ਲਵੇਗੀ। ਦੋ ਜਗ੍ਹਾਂ ਤਾਂ ਬਿਲਕੁਲ ਝਾੜ ਅਤੇ ਜੰਗਲ ਸਨ। ਆਪ ਨੇ ਸਾਫ਼ ਕਰਵਾਕੇ ਨੀਹਾਂ ਰੱਖਵਾ ਦਿੱਤੀਆਂ। ਗੁਰਦੁਆਰੇ 'ਹਰੀਆਂ ਵੇਲਾਂ' ਵਿਖੇ ਇੱਕ ਕਬਰ ਸੀ ਜਿਹੜੀ ਮੁਸਲਮਾਨ ਸਮਝਦੇ ਸਨ ਕਿ ਉਨ੍ਹਾਂ ਦੀ ਹੈ। (ਪ੍ਰੰਤੂ ਇਹ ਅਸਥਾਨ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਦੇ ਨਾਲ ਦਸਵੇਂ ਪਾਤਸ਼ਾਹ ਨੇ ਇੱਕ ਬ੍ਰਾਹਮਣ ਲੜਕੀ ਨੂੰ ਨਜ਼ਦੀਕ ਦੇ ਪਿੰਡ ਇੱਕ ਪਠਾਣ ਤੋਂ ਛੁਡਾਉਣ ਵਾਸਤੇ ਸਿੰਘ ਭੇਜੇ ਸਨ, ਜਿਹੜੇ ਲੜਾਈ ਵਿੱਚ ਸ਼ਹੀਦ ਹੋ ਗਏ) ਉਨ੍ਹਾਂ ਸਿੰਘਾਂ ਦੀ ਜਗ੍ਹਾਂ ਸੀ। ਉਨ੍ਹਾਂ ਵਿੱਚੋਂ ਪੰਜ ਸਿੰਘ ਰਾਤ ਨੂੰ ਆਪ ਜੀ ਅੱਗੇ ਖੜੋ ਗਏ ਤੇ ਕਿਹਾ ਕਿ ਗੁਰਦੁਆਰਾ ਤਾਂ ਸ਼ੁਰੂ ਕਰ ਦਿੱਤਾ ਹੈ, ਪ੍ਰੰਤੂ ਸਾਡੀ ਜਗ੍ਹਾਂ ਦਾ ਕੀ ਹੋਵੇਗਾ? ਫਿਰ ਆਪ ਨੇ ਆਪਣੇ ਸੇਵਕਾਂ ਪਾਸੋਂ ਤੁੜਵਾ ਕੇ ਉਹ ਚੰਗੀ ਤਰ੍ਹਾਂ

ਬਣਾ ਦਿੱਤੀ। ਉਨ੍ਹੀਂ ਦਿਨੀਂ ਮੁਸਲਮਾਨਾਂ ਦਾ ਬੜਾ ਜ਼ੋਰ ਸੀ। ਜਿਹੜੇ ਸਿੱਖ ਗੁਰਦੁਆਰਾ ਬਨਾਉਣ ਦੇ ਮੁਖੀ ਸਨ ਉਨ੍ਹਾਂ ਨੂੰ ਵੀ ਉਹ ਡਰਾਉਂਦੇ ਸਨ। ਉਨ੍ਹਾਂ ਨੇ ਝੂਠਾ ਮੁਕੱਦਮਾ ਵੀ ਕਰ ਦਿੱਤਾ। ਮੁਖੀ ਸੱਜਣ ਬਾਬਾ ਜੀ ਪਾਸ ਫ਼ਰਿਆਦ ਲੈ ਕੇ ਆਏ ਕਿ ਸਾਨੂੰ ਮੁਸਲਮਾਨ ਬਹੁਤ ਡਰਾਉਂਦੇ ਧਮਕਾਉਂਦੇ ਹਨ। ਬਾਬਾ ਜੀ ਨੇ ਕਿਹਾ, "ਘਬਰਾਉ ਨਾ ਉਹ ਝੂਠਾ ਮੁਕੱਦਮਾ ਕਰਨ ਵਾਲਾ ਅਤੇ ਨਾ ਹੀ ਝੂਠੇ ਗਵਾਹ ਰਹਿਣਗੇ"। ਪਹਿਲਾਂ ਤਾਂ ਮੁਕੱਦਮਾ ਕਰਨ ਵਾਲਾ ਮਰਿਆ ਫਿਰ ਥੋੜ੍ਹੇ ਅਰਸੇ ਬਾਅਦ ਗਵਾਹ ਵੀ ਮਰ ਗਏ। ਮੁਕੱਦਮਾ ਖਾਰਜ ਹੋ ਗਿਆ।

ਇੱਕ ਵਾਰ ਇੱਕ ਸੱਜਣ ਜਿਸਦਾ ਨਾਮ ਸ੍ਰ: ਕਰਮ ਸਿੰਘ ਸੀ, ਉਹ ਅਮਰੀਕਾ ਜਾ ਰਿਹਾ ਸੀ। ਉਸਦੇ ਸਹੁਰੇ ਵੀ 'ਜਿਆਣ' ਪਿੰਡ ਸਨ। ਉਸ ਨੂੰ ਇਲਾਚੀਆਂ ਦਿੱਤੀਆਂ ਤੇ ਕਿਹਾ, "ਜਦੋਂ ਭੀੜ ਪਵੇ ਤਾਂ ਇੱਕ ਇਲਾਇਚੀ ਮੂੰਹ ਵਿੱਚ ਪਾ ਲਈ।" ਜਦੋਂ ਉਹ ਹਾਂਗ ਕਾਂਗ ਪਹੁੰਚਿਆ ਤਾਂ ਜਹਾਜ਼ ਚੱਲਣ ਲਈ ਬਿਲਕੁਲ ਤਿਆਰ ਸੀ ਪਰ ਉਸ ਕੋਲ ਟਿਕਟ ਨਹੀਂ ਸੀ। ਉਹ ਬਹੁਤ ਘਬਰਾਇਆ ਕਿ ਮੈਨੂੰ ਤਾਂ ਖਾਹ-ਮ-ਖਾਹ ਇੱਕ ਮਹੀਨਾਂ ਏਥੇ ਬੈਠਣਾ ਪੈਣਾ ਹੈ। ਉਸ ਨੇ ਇੱਕ ਇਲਾਇਚੀ ਮੂੰਹ ਵਿੱਚ ਪਾਈ ਤਾਂ ਆਪ ਨੇ ਕਿਸੀ ਰੂਪ ਵਿੱਚ ਪਹੁੰਚ ਕੇ ਉਸ ਤੋਂ ਪੈਸੇ ਲੈ ਕੇ ਜਹਾਜ਼ ਤੇ ਚੜ੍ਹਾ ਦਿੱਤਾ। ਜਦੋਂ ਕਿ ਜਹਾਜ਼ ਚੱਲਣ ਵਾਲਾ ਸੀ ਅਤੇ ਦੋ ਵਿਸਲਾਂ ਹੋ ਗਈਆਂ ਸਨ ਤੀਸਰੀ ਤੇ ਚੱਲ ਪੈਣਾ ਸੀ।

ਸ੍ਰ: ਦਲੀਪ ਸਿੰਘ ਪਿੰਡ ਭੱਲੜੀ, ਭਾਖੜਾ ਨੰਗਲ ਪਾਸ ਦਾ ਸੀ। ਜੋ ਕਿ ਆਪ ਜੀ ਦੀ ਪਲਟਨ ਦਾ ਹੀ ਸੀ ਅਤੇ ਪੈਨਸ਼ਨ ਲੈ ਕੇ ਆਇਆ ਹੋਇਆ ਸੀ। ਇਸ ਨੇ ਦੋ ਵਿਆਹ ਕਰਵਾਏ ਪਰ ਬੱਚਾ ਨਾ ਹੋਇਆ। ਇਸ ਨੇ ਆਪ ਜੀ ਪਾਸ ਬੇਨਤੀ ਕੀਤੀ ਤਾਂ ਆਪ ਚੁੱਪ ਰਹੇ। ਉਸ ਨੇ ਇੱਕ ਵਾਰ ਫੇਰ ਬੇਨਤੀ ਕੀਤੀ ਕਿ ਪਿੰਡ ਅਖੰਡ ਪਾਠ ਕਰਵਾਉਣਾ ਹੈ ਆਪ ਜੀ ਦਰਸ਼ਨ ਦੇਣ ਦੀ ਕਿਰਪਾਲਤਾ ਕਰੋ। ਇਸ ਤੇ ਆਪ ਜੀ ਨੇ ਪ੍ਰਵਾਨਗੀ ਦੇ ਦਿੱਤੀ। ਜਦੋਂ ਬਾਬਾ ਜੀ ਭੱਲੜੀ ਪਹੁੰਚੇ ਤਾਂ ਇੱਕ ਬਾਗ਼ ਵਿੱਚ ਠਹਿਰ ਗਏ। ਦਲੀਪ ਸਿੰਘ ਦੂਸਰੇ ਦਿਨ ਪਤਨੀ ਨਾਲ ਤੇ ਹੋਰ ਸੰਗਤ ਨਾਲ ਪ੍ਰਸ਼ਾਦੇ ਲੈ ਕੇ ਦਰਸ਼ਨਾਂ ਲਈ ਆਇਆ। ਆਪ ਨੇ ਕਿਹਾ ਕਿ ਕਿਸ ਪਤਨੀ ਤੋਂ ਬੱਚੇ ਲੈਣੇ ਹਨ ਤਾਂ ਵੱਡੀ ਨੇ ਕਿਹਾ ਕਿ ਮਹਾਰਾਜ ਛੋਟੀ ਤੇ ਬਖ਼ਸ਼ਿਸ਼ ਕਰੋ। ਫਿਰ ਜਦੋਂ ਉਸਦੇ ਪਹਿਲਾ ਲੜਕਾ ਹੋਇਆ ਤਾਂ ਉਸਨੂੰ ਬਾਬਾ ਜੀ ਦੇ ਚਰਨਾਂ ਵਿੱਚ ਲਿਟਾਇਆ ਤੇ ਬੇਨਤੀ ਕੀਤੀ ਕਿ ਮਹਾਰਾਜ ਇਸਦਾ ਨਾਮ ਰੱਖੋ। ਬਾਬਾ ਜੀ ਨੇ ਉਸ ਦਾ ਨਾਮ ਸਾਹਿਬ ਸਿੰਘ ਰੱਖਿਆ। ਫਿਰ ਉਸਦੇ ਪੰਜ ਲੜਕੇ ਹੋਏ। ਇਸ ਤਰ੍ਹਾਂ ਆਪ ਜੀ ਨੇ ਅਨੇਕਾਂ ਹੋਰ ਕੌਤਕ ਕੀਤੇ। ਆਪ ਅਨੰਦਪੁਰ ਸਾਹਿਬ ਤੇ ਕੀਰਤਪੁਰ ਦੇ ਗੁਰਦੁਆਰਿਆਂ ਨੂੰ ਪੁਜਾਰੀਆਂ ਤੋਂ ਛੁਡਾਉਣ ਸਮੇਂ ਵੀ ਅੱਗੇ ਸਨ। ਜਿਸ ਵਕਤ ਅਕਾਲੀ ਜੋ ਰਾਤ ਨੂੰ ੧ ਵਜੇ ਪਹੁੰਚੇ ਤਾਂ ਆਪ ਨੇ ਪਹਿਲਾਂ ਤਖਤ ਕੇਸਗੜ੍ਹ ਸਾਹਿਬ ਦਾ ਦਰਵਾਜ਼ਾ ਖੜਕਾਇਆ। ਗ੍ਰੰਥੀ ਅਮਰ ਸਿੰਘ ਨੇ ਕੁੰਡਾ ਖੋਲ੍ਹਿਆ ਤੇ ਬੱਤੀ ਜਗਾਈ। ਉਸ ਨੇ ਬਾਬਾ ਜੀ ਨੂੰ ਵੇਖ ਕੇ ਮੱਥਾ ਟੇਕਿਆ। ਆਪ ਨੇ ਕਿਹਾ ਕਿ ਗੁਰਦੁਆਰੇ ਤੇ ਪੰਥ ਦਾ ਕਬਜਾ ਹੋ ਗਿਆ ਹੈ। ਚਾਬੀਆਂ ਜਥੇਦਾਰ ਪ੍ਰਤਾਪ ਸਿੰਘ ਜੀ 'ਮੋਇਲਾ' ਵਾਲੇ ਜੋ ਆਪ ਦੇ ਨਾਲ ਸਨ ਨੂੰ ਦੁਆ ਦਿੱਤੀਆਂ। ਹੋਲਾ ਮਹੱਲਾ ਜੋ ਕਿ ਬਹੁਤ ਹੀ ਨਜ਼ਦੀਕ ਸੀ। ਆਪ ਉੱਥੇ ਠਹਿਰੇ। ਦਿਨ ਨੂੰ ਆਪ ਨਦੀ ਕਿਨਾਰੇ ਜਾਂ ਸ਼ਹੀਦੀ ਬਾਗ਼ ਚਲੇ ਜਾਂਦੇ। ਪਰੰਤੂ ਰਿਹਾਇਸ਼ ਕੇਸ ਗੜ੍ਹ ਸਾਹਿਬ ਦੇ ਨਾਲ ਬਾਬਾ ਸੰਪੂਰਨ ਸਿੰਘ ਜੀ ਦੇ ਅਸਥਾਨ ਤੇ ਰੱਖੀ। ਅਕਾਲੀ ਜਥੇ ਵਿੱਚ ਵੀ ਆਪ ਦੇ ਬਹੁਤ ਸਾਰੇ ਸੇਵਕ ਸ਼ਾਮਲ ਸਨ।

ਇੱਕ ਦਿਨ ਆਪ ਸ਼ਹੀਦੀ ਬਾਗ਼ ਬੈਠੇ ਸੀ ਤਾਂ ਪਿੰਡ 'ਠੱਠਾ ਟਿੱਬਾ' ਜ਼ਿਲ੍ਹਾ ਕਪੂਰਥਲਾ ਦੀ ਸੰਗਤ ਜਿਹੜੀ ਹੋਲੇ ਮਹੱਲੇ ਤੇ ਆਈ ਹੋਈ ਸੀ, ਉਸ ਵਿੱਚ ਇੱਕ ਮੁਸਲਮਾਨ ਤੇਲੀਆਂ ਦਾ ਲੜਕਾ ਵੀ ਆਇਆ ਹੋਇਆ ਸੀ। ਸਾਰਿਆਂ ਨੇ ਗੁਟਕੇ ਖ਼ਰੀਦੇ ਇਸ ਨੇ ਵੀ ਖ਼ਰੀਦ ਲਿਆ। ਉਹ ਬਾਬਾ ਜੀ ਦੇ ਦਰਸ਼ਨਾਂ ਨੂੰ ਵੀ ਆਏ ਆਪ ਜੀ ਨੇ ਉਸ ਮੁਸਲਮਾਨ ਲੜਕੇ ਤੋਂ ਪੁੱਛਿਆ ਕਿ ਤੇਰੇ ਹੱਥ ਵਿੱਚ ਕੀ ਹੈ? ਤਾਂ ਉਸ ਨੇ ਕਿਹਾ ਕਿ ਗੁਟਕਾ ਹੈ। ਆਪ ਜੀ ਨੇ ਕਿਹਾ ਕਿ ਸਾਨੂੰ ਜਪੁਜੀ ਸਾਹਿਬ ਸੁਣਾ। ਉਸ ਨੇ ਕਿਹਾ ਕਿ ਮੈਂ ਤਾਂ ਬਿਲਕੁਲ ਅਨਪੜ੍ਹ ਹਾਂ। ਆਪ ਜੀ ਨੇ ਕਿਹਾ ਕਿ ਘਬਰਾ ਨਾ ਅਤੇ ਤੂੰ ਬੋਲਣਾ ਸ਼ੁਰੂ ਕਰ। ਉਸ ਨੇ ਠੀਕ-ਠੀਕ ਸੁਣਾ ਦਿੱਤਾ ਤਾਂ ਆਪ ਨੇ ਕਿਹਾ ਕਿ ਕੱਲ੍ਹ ਨੂੰ ਸਾਨੂੰ ਜਾਪ ਸਾਹਿਬ ਸੁਣਾਈ। ਦੂਜੇ ਦਿਨ ਉਹ ਲੜਕਾ ਕਹਿਣ ਲੱਗਾ ਕਿ ਇਹ ਤਾਂ ਬਹੁਤ ਮੁਸ਼ਕਲ ਹੈ। ਆਪ ਨੇ ਕਿਹਾ ਕਿ ਘਬਰਾ ਨਾ ਤੂੰ ਉਚਾਰਨਾ ਸ਼ੁਰੂ ਕਰ। ਇਹ ਆਖਣ ਦੀ ਹੀ ਦੇਰ ਸੀ ਕਿ ਉਸ ਨੇ ਜਾਪ ਸਾਹਿਬ ਸੁਣਾ ਦਿੱਤਾ। ਫਿਰ ਤੀਸਰੇ ਦਿਨ ਉਸਨੇ ਸੁਖਮਨੀ ਸਾਹਿਬ ਸੁਣਾ ਦਿੱਤਾ। ਤਾਂ ਆਪ ਨੇ ਕਿਹਾ, "ਤੂੰ ਪਹਿਲਾਂ ਗੁਰਮੁਖੀ ਸਿੱਖ ਅਤੇ ਫਿਰ ਅੰਮ੍ਰਿਤ ਛਕੀਂ। ਉਸ ਉਪਰੰਤ ਤੂੰ ਬੜਾ ਅੱਛਾ ਰਾਗੀ ਬਣੇਗਾ।" ਇਸ ਤਰ੍ਹਾਂ ਉਹ ਕੇਸਗੜ੍ਹ ਸਾਹਿਬ ਦਾ ਬੜਾ ਅੱਛਾ ਰਾਗੀ ਬਣਿਆ।

ਇੱਕ ਸਾਨ੍ਹ ਜਿਹੜਾ ਪਸ਼ੂਆਂ ਤੇ ਲੋਕਾਂ ਨੂੰ ਬਹੁਤ ਮਾਰਦਾ ਸੀ, ਉਸ ਨੂੰ ਵੀ ਸਮਝਾਇਆ। ਬਾਬਾ ਜੀ ਦੇ ਬਚਨ ਸੁਣਨ ਉਪਰੰਤ ਉਸਨੇ ਸਾਧੂ ਸੁਭਾਅ ਅਪਣਾ ਲਿਆ ਅਤੇ ਲੋਕਾਂ ਨੂੰ ਮਾਰਨਾ ਤਿਆਗ ਦਿੱਤਾ। ਬਾਬਾ ਜੀ ੧੯੨੪ ਵਿੱਚ ਚੌਥੇ ਅਕਾਲੀ ਜਥੇ ਨਾਲ ਕੁਝ ਆਪਣੇ ਸੇਵਕਾਂ ਸਮੇਤ ਜੈਤੋਂ ਦੇ ਮੋਰਚੇ ਤੇ ਗਏ। ਓਥੇ ਕਰੀਬ ਡੇਢ ਸਾਲ ਮਗਰੋਂ ਜਦੋਂ ਉਹ ਮੋਰਚਾ ਫਤਹਿ ਹੋ ਗਿਆ ਤਾਂ ਵਾਪਸ ਆ ਗਏ। ਓਥੇ ਜਾ ਕੇ ਕੋਈ ਅੰਨ ਨਹੀਂ ਛਕਿਆ। ਜਦੋਂ ਵੱਡੇ ਅਧਿਕਾਰੀਆਂ ਨੂੰ ਪਤਾ ਲੱਗਾ ਤਾਂ ਇਨ੍ਹਾਂ ਵਾਸਤੇ ਦੁੱਧ ਲਗਾ ਦਿੱਤਾ ਅਤੇ ਇੱਕ ਸਿਪਾਹੀ ਵੀ ਨਾਲ ਲਗਾ ਦਿੱਤਾ ਤਾਂ ਕਿ ਆਪ ਸੈਰ ਨੂੰ ਜਾ ਸਕਣ।

ਆਪ ਅਕਤੂਬਰ ੧੯੨੫ ਵਿੱਚ ਪਿੰਡਾਂ ਵਿੱਚ ਦੀ ਹੁੰਦੇ ਹੋਏ ਅੰਮ੍ਰਿਤਸਰ ਦੀਵਾਲੀ ਤੇ ਗਏ ਅਤੇ ਕੁਝ ਸਮਾਂ ਠਹਿਰ ਕੇ ਆਪ ਨਨਕਾਣਾ ਸਾਹਿਬ ਦਰਸ਼ਨਾਂ ਨੂੰ ਗਏ। ਉੱਥੇ ਇੱਕ ਦਿਨ ਰਾਏ ਬੁਲਾਰ ਦੀ ਕਬਰ ਦੇ ਪਾਸ ਭਾਈ ਬਾਲੇ ਦੇ ਖੂਹ ਉੱਤੇ ਬੈਠੇ ਸਨ। ਸੰਤ ਜੀਵਾ ਸਿੰਘ, ਸੰਤ ਗੁਰਮੁਖ ਸਿੰਘ ਅਤੇ ਹੋਰ ਪਤਵੰਤੇ ਨਾਮ ਰਸੀਏ ਸੱਜਣਾਂ ਨੇ ਬਾਬਾ ਜੀ ਤੋਂ ਅਗਲੇ ਆਉਣ ਵਾਲੇ ਸਮੇਂ ਬਾਬਤ ਪੁਛਿਆ, ਤਾਂ ਆਪ ਜੀ ਨੇ ਕਿਹਾ ਕਿ ਇਹ ਸਾਰਾ ਇਲਾਕਾ ਕੁਝ ਸਾਲਾ ਮਗਰੋਂ ਖ਼ਾਲੀ ਹੋ ਜਾਵੇਗਾ। ਗੁਰਦੁਅਰਿਆਂ ਦੇ ਦਰਸ਼ਨ ਦੀਦਾਰ ਵੀ ਸੰਗਤ ਕਦੇ-ਕਦੇ ਹੀ ਕਰਿਆ ਕਰੇਗੀ। (ਫਿਰ ਆਪ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਐਸਾ ਭਾਣਾ ਵਰਤਿਆ ਕਿ ਕੁਝ ਸਾਲਾਂ ਮਗਰੋਂ ਪੰਜਾਬ ਦੀ ਵੰਡ ਹੋ ਗਈ)। ਫਿਰ ਆਪ ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਲਾਇਲਪੁਰ ਅਤੇ ਸਰਗੋਧੇ ਹੁੰਦੇ ਹੋਏ ਆਪਣੇ ਗੁਰ ਅਸਥਾਨ ਹੋਤੀ ਮਰਦਾਨ ਡੇਰੇ ਆਏ। ਉੱਥੇ ਕੁਟੀਆ ਖੂਹ ਅਤੇ ਹੋਰ ਭਜਨ ਅਸਥਾਨ ਬਣਾਏ। ਸੰਤ ਬਾਬਾ ਰਾਮ ਸਿੰਘ ਜੀ ਹੋਤੀ ਮਰਦਾਨ ਵਾਲੇ ਆਪ ਨੂੰ ਕੁੰਭ ਤੇ ੧੯੨੬ ਵਿੱਚ ਨਾਲ ਲੈ ਗਏ।

ਇਸ ਤਰ੍ਹਾਂ ਕਈ ਮਹੀਨੇ ਠਹਿਰ ਕੇ ਆਪ ਨੇ ੧੯੨੬ ਨੂੰ ਪਿੰਡਾਂ ਵਿੱਚ ਦੀ ਹੁੰਦੇ ਹੋਏ 'ਆਦਮ ਪੁਰ' ਦੁਪਹਿਰਾ ਹਜ਼ਾਰਾ ਸਿੰਘ ਦੇ ਖੂਹ ਤੇ ਕੱਟਿਆ। ਉਹ ਬਾਬਾ ਜੀ ਦੇ ਬਹੁਤ ਪ੍ਰੇਮੀ ਸੇਵਕ ਸਨ। ਜਿਆਣ ਵੀ ਉਹ ਹਰ ਮਹੀਨੇ ਦੋ ਵਾਰ ਨੰਗੇ ਪੈਰੀਂ ਯਾਤਰਾ ਕਰਦੇ ਸੀ। ਉਸ ਨੂੰ ਕਿਹਾ ਕਿ ਮੰਗ ਜੋ ਮੰਗਣਾ ਹੈ। ਅਖ਼ੀਰਲੇ ਦੋ ਸਾਲ ਇਸ ਤਰ੍ਹਾਂ ਬਹੁਤੇ ਸੇਵਕਾਂ ਨੂੰ ਕਹਿੰਦੇ ਰਹੇ। ਉਸ ਨੇ ਕਿਹਾ ਕਿ ਆਪ ਨਾਮ ਦਾਨ ਆਪਣੇ ਚਰਨਾਂ ਦੀ ਪ੍ਰੀਤੀ ਤੇ ਅਖ਼ੀਰ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣਾ। ਆਪ ਜੀ ਨੇ ਕਿਹਾ ਕਿ ਅਸੀਂ ਤਾਂ ਜਲਦੀ ਚਲੇ ਜਾਣਾ ਹੈ ਤੈਨੂੰ ਤਾਂ ਬਹੁਤ ਦੇਰ ਹੈ। ਫਿਰ ਸੋਚ ਕੇ ਕਹਿਣ ਲੱਗੇ ਕਿ ਅੱਛਾ! ਤੈਨੂੰ ਅਸੀਂ ਸਵਾ ਮਹੀਨਾ ਪਹਿਲਾਂ ਦੱਸ ਦੇਵਾਂਗੇ ਤੂੰ ਤਿਆਰ ਰਹੀਂ। ਏਵੇਂ ਹੀ ਉਸ ਨੂੰ ਸਵਾ ਮਹੀਨਾ ਪਹਿਲਾਂ ਦੱਸ ਦਿੱਤਾ ਤੇ ਉਹ ਸਧਾਰਨ ਪਾਠ ਰਖਵਾਕੇ ਪ੍ਰੇਮ ਨਾਲ ਸੁਣਦਾ ਰਿਹਾ ਤੇ ਉਸੇ ਦਿਨ ਬਾਬਾ ਜੀ ਨਾਲ ਲੈ ਗਏ।

ਹੋਰ ਅਸਥਾਨਾਂ ਦੇ ਦਰਸ਼ਨ ਕਰਕੇ ਜਦੋਂ ਜਿਆਣ ਵਾਪਸ ਆਏ ਤਾਂ ਕੁਟੀਆ ਮਗਰੋਂ ਪੱਕੀ ਬਣੀ ਦੇਖ ਕੇ ਬਹੁਤ ਦੁਖੀ ਹੋਏ ਅਤੇ ਆਪਣੇ ਇੱਕ ਸੇਵਕ ਦੇ ਆਉਣ ਤੇ ਕਹਿਣ ਲੱਗੇ ਕਿ ਅਸੀਂ ਤਾਂ ਬਹੁਤ ਦੇਰ ਨਹੀਂ ਰਹਿਣਾ। ਇਹ ਗੱਲ ੧੯੨੬ ਨਵੰਬਰ ਦੀ ਹੈ। ਆਪ ੧੯੨੮ ਦਸੰਬਰ ਵਿੱਚ ਜੋਤੀ ਜੋਤ ਸਮਾ ਗਏ।

੧੯੨੮ ਨੂੰ ਆਖ਼ਰੀ ਵਾਰ ਆਪ ਅਨੰਦਪੁਰ ਸਾਹਿਬ ਪੁੱਜੇ। ਉੱਥੇ ਸ੍ਰ: ਗੁਰਦਿਆਲ ਸਿੰਘ (ਜਿਹੜੇ ਕਿ ਜਥੇਦਾਰ ਪ੍ਰਤਾਪ ਸਿੰਘ ਜੀ ਮੌਲੇ ਵਾਲੇ ਦੇ ਸਪੁੱਤਰ ਸਨ) ਨੇ ਅਨੰਦਪੁਰ ਸਾਹਿਬ ਦੇ ਗੁਰਦਵਾਰਿਆਂ ਦੀ ਬਹੁਤ ਖ਼ਰਾਬ ਹਾਲਤ ਤੇ ਇੱਕ ਛੋਟੀ ਜਿਹੀ ਪੁਸਤਕ ਲਿਖੀ। ਜਿਹੜੀ ਉਸ ਨੇ ਅਖ਼ਬਾਰਾਂ ਵਿੱਚ ਵੀ ਛਪਾਈ ਅਤੇ ਆਪਣੇ ਬਹੁਤ ਮੁਖੀ ਸੱਜਣਾਂ ਨੂੰ ਵੀ ਭੇਜੀ। ਇਸ ਦੀ ਡਿਊਟੀ ਬਾਬਾ ਜੀ ਨੂੰ ਖਾਣਾ ਪਹੁੰਚਾਉਣ ਦੀ ਲੱਗ ਗਈ। ਬਾਬਾ ਜੀ ਇੱਕ ਵਕਤ ਦੁਪਿਹਰ ਨੂੰ ਹੀ ਖਾਣਾ ਖਾਂਦੇ ਸਨ। ਇੱਕ ਦਿਨ ਇਸ ਨੇ ੧੦ ਪੁਸਤਕਾਂ ਬਾਬਾ ਜੀ ਨੂੰ ਭੇਟ ਕੀਤੀਆਂ। ਜਿਹੜੀਆਂ ਇਨ੍ਹਾਂ ਨੇ ਪ੍ਰਵਾਨ ਕਰ ਲਈਆਂ ਪਰੰਤੂ ਬੋਲੇ ਕੁਝ ਨਹੀਂ। ਗੁਰਦਿਆਲ ਸਿੰਘ ਲਿਖਦਾ ਹੈ ਕਿ ਪੁਸਤਕ ਦੇਣ ਵੇਲੇ ਮੇਰੇ ਸਰੀਰ ਵਿੱਚ ਇਸ ਤਰ੍ਹਾਂ ਝਨਝਨਾਹਟ ਹੋਈ ਕਿ ਮੈਨੂੰ ਉਸ ਵੇਲੇ ਯਕੀਨ ਹੋ ਗਿਆ ਕਿ ਬਾਬਾ ਜੀ ਇਸ ਕੰਮ ਨੂੰ ਜ਼ਰੂਰ ਸਿਰੇ ਚੜ੍ਹਾਉਣਗੇ। ਵਾਕਈ ਇਹ ਕੰਮ ਕਿਸੇ ਆਦਮੀ ਦੇ ਕਰਨ ਦਾ ਤਾਂ ਕੀ ਮਹਾਰਾਜੇ ਤੇ ਧਨਾਢ ਦੇ ਕਰਨ ਦਾ ਵੀ ਨਹੀਂ ਸੀ। ਪਰੰਤੂ ਇੱਕ ਮਹਾਨ ਸ਼ਕਤੀ ਜੋ ਪ੍ਰਮਾਤਮਾ ਨਾਲ ਅਭੇਦ ਹੋਵੇ ਕਰਵਾ ਸਕਦੀ ਸੀ। ਬਾਬਾ ਜੀ ਚਾਰ ਦਿਨ ਕੁਝ ਨਹੀਂ ਬੋਲੇ। ਜਦੋਂ ਗੁਰਦਿਆਲ ਸਿੰਘ ਪੰਜਵੇ ਦਿਨ ਗਿਆ ਤਾਂ ਆਪ ਅਤਿਅੰਤ ਖ਼ੁਸ਼ ਸਨ। ਗੁਰਦਿਆਲ ਸਿੰਘ ਨੂੰ ਕਹਿਣ ਲੱਗੇ ਕਿ ਦਸਮੇ ਪਾਤਸ਼ਾਹ ਚਾਰ ਦਿਨ ਸਾਡੇ ਨਾਲ ਗੁਰਦੁਆਰਾ ਕੇਸਗੜ੍ਹ ਸਾਹਿਬ ਦੀ ਨਵੀਂ ਇਮਾਰਤ ਬਾਬਤ ਗੱਲਾਂ

ਕਰਦੇ ਰਹੇ ਹਨ। ਅੱਜ ਉਨ੍ਹਾਂ ਦੇ ਨਾਲ ਨਕਸ਼ੇ ਬਾਰੇ ਫੈਸਲਾ ਹੋ ਗਿਆ ਹੈ ਅਤੇ ਇਸ ਦੇ ਬਨਾਉਣ ਦੀ ਡਿਊਟੀ ਸਾਡੀ ਲਗਾ ਗਏ ਹਨ। ਗੁਰਦੁਆਰਾ ਮੰਜੀ ਸਾਹਿਬ ਤੇ ਅਨੰਦ ਗੜ੍ਹ ਦੀ ਮੌਜੂਦਾ ਬਨਾਵਟ ਹੀ ਰਹੇਗੀ। ਬਾਬਾ ਜੀ ਅਤਿਅੰਤ ਖ਼ੁਸ਼ ਸਨ। ਫਿਰ ਇੱਕ ਦਿਨ ਸਾਰਿਆਂ ਨੂੰ ਕਹਿ ਦਿੱਤਾ ਕਿ ਤੁਸੀਂ ਦੂਰ ਚਲੇ ਜਾਉ। ਫਿਰ ਹੌਲੇ ਜਿਹੇ ਕਹਿਣ ਲੱਗੇ ਕਿ ਅਸੀਂ ਦੁਨੀਆਂ ਛੱਡਣ ਦਾ ਫੈਸਲਾ ਕਰ ਲਿਆ ਹੈ ਕਿਉਂਕਿ ਦੁਨੀਆਂ ਕੁਝ ਵੀ ਨਹੀਂ। ਇਸ ਤੇ ਗੁਰਦਿਆਲ ਸਿੰਘ ਦੇ ਹੰਝੂ ਨਿਕਲ ਗਏ ਅਤੇ ਆਪ ਜੀ ਨੂੰ ਕਹਿਣ ਲੱਗੇ ਕਿ ਇਹ ਕੰਮ ਕੌਣ ਕਰੇਗਾ? ਆਪ ਜੀ ਨੇ ਕਿਹਾ ਕਿ ਮੇਰਾ ਪ੍ਰੇਮੀ ਸੰਤ ਕਹਾਰਪੁਰੀਆ ਜ਼ਰੂਰ ਬਣਾਏਗਾ। ਜਿਆਣ ਜਾ ਕੇ ਉਸ ਨੂੰ ਭਗਤੀ, ਸੇਵਾ, ਤੇ ਗਿਆਨ ਬਖ਼ਸ਼ ਕੇ ਕਹਿ ਦਿੱਤਾ ਜੋ ਕਿ ਉਨ੍ਹਾਂ ਬਹੁਤ ਹਿੰਮਤ, ਪ੍ਰੇਮ ਤੇ ਸੰਗਠਨ ਨਾਲ ੧੯੩੫ ਮਾਰਚ ਤੋਂ ਸ਼ੁਰੂ ਕਰਕੇ ੧੯੪੦ ਵਿੱਚ ਇੱਕ ਆਲੀਸ਼ਾਨ ਗੁਰਦੁਆਰਾ ਬਣਾ ਦਿੱਤਾ।

ਦਸੰਬਰ ੧੯੨੮ ਨੂੰ ਆਪ ਜੀ ਨੂੰ ਤਿੰਨ ਕੁ ਦਿਨ ਚੱਲਣ ਦੀ ਤਕਲੀਫ਼ ਹੋਈ ਜਿਸ ਕਰਕੇ ਇੱਕ ਪ੍ਰੇਮੀ ਵੈਦ ਨੂੰ ਲੈ ਆਇਆ। ਪ੍ਰੰਤੂ ਆਪ ਨੇ ਦਵਾਈ ਲੈਣ ਤੋਂ ਮਨ੍ਹਾ ਕਰ ਦਿੱਤਾ ਅਤੇ ਆਪ ੨੦ ਦਸੰਬਰ ੧੯੨੮ ਨੂੰ ਰਾਤ ਦੇ ਤਿੰਨ ਚਾਰ ਵਜੇ ਦੇ ਦਰਮਿਆਨ ਜੋਤੀ ਜੋਤ ਸਮਾ ਗਏ। ਆਪ ਜੀ ਦਾ ਸੰਸਕਾਰ ਕੁਟੀਆ ਦੇ ਨੇੜੇ ਹੀ ਕੀਤਾ ਗਿਆ। ਉਨ੍ਹਾਂ ਦੇ ਪ੍ਰੇਮੀ ਸੇਵਕ ਸੰਤ ਹਰੀ ਸਿੰਘ ਜੀ ਨੇ ਗੁਰਦੁਆਰਾ ਬਣਵਾਇਆ। ਆਪ ਜੀ ਨੇ ਸਾਰੀ ਉਮਰ ਸੰਤ ਬਣਨ ਉਪਰੰਤ ਰੁਪਏ ਨੂੰ ਕਦੀ ਵੀ ਹੱਥ ਨਹੀਂ ਲਾਇਆ। ਕਦੇ ਕਿਸੇ ਮਨੀ ਆਰਡਰ ਤੇ ਦਸਤਖਤ ਨਹੀਂ ਕੀਤੇ ਤੇ ਉਨ੍ਹਾਂ ਨੂੰ ਹੀ ਵਾਪਸ ਕਰ ਦਿੰਦੇ। ਅਖ਼ੀਰਲੇ ਤਿੰਨ ਸਾਲ ਅੱਗ ਜਲਾਉਣ ਦੀ ਆਗਿਆ ਦੇ ਦਿੱਤੀ। ਬਣਿਆ ਲੰਗਰ ਪੂਰਾ ਵਰਤਾਉਣ ਦਾ ਹੁਕਮ ਹੁੰਦਾ ਤੇ ਲੰਗਰ ਛਕਣ ਉਪਰੰਤ ਬਰਤਨ ਮੂਧੇ ਮਾਰ ਦੇਣ ਦਾ ਹੁਕਮ ਸੀ। ਜੇ ਕੋਈ ਭੋਜਨ ਆ ਜਾਵੇ ਤਾਂ ਛਕ ਲੈਣਾ ਅਤੇ ਜਿਹੜਾ ਭੋਜਨ ਬਚ ਜਾਂਦਾ ਉਸ ਨੂੰ ਵਾਪਸ ਕਰ ਦੇਣਾ ਜਾਂ ਜਾਨਵਰਾਂ ਨੂੰ ਪਾ ਦੇਣਾ।

ਆਪ ਜੀ ਬਹੁਤ ਹੀ ਥੋੜ੍ਹੇ ਪ੍ਰੇਮੀਆਂ ਦੇ ਘਰੇ ਗਏ। ਬਾਬਾ ਜੀ ਦਾ ਜੀਵਨ ਸੰਸਾਰ ਵਿੱਚ ਇੱਕ ਨਵਿਰਤੀ ਦੀ ਮਿਸਾਲ ਹੈ।

ਆਪ ਜੀ ਨੇ ਜੋਤੀ ਜੋਤ ਸਮਾਉਣ ਮਗਰੋਂ ਬਹੁਤ ਪ੍ਰੇਮੀਆਂ ਤੇ ਜ਼ਾਹਰਾ ਬਖ਼ਸ਼ਿਸ਼ਾਂ ਕੀਤੀਆਂ। ਜਿਵੇਂ ਅਜੀਤ ਸਿੰਘ ਖੇੜੇ ਵਾਲੇ ਨੂੰ ਜੋ ਕਿ ਮਰ ਗਿਆ ਸੀ ਧਰਮਰਾਜ ਕੋਲ ਲਿਜਾਣੋ ਮੋੜ ਦਿੱਤਾ। ਉਹ ਇਸ ੧੯੪੬ ਤੋਂ ਲੈ ਕੇ ੧੯੯੧ ਵਿੱਚ ਸਵਰਵਾਸ ਹੋਇਆ। ਹੋਰ ਵੀ ਬੇਅੰਤ ਕੌਤਕ ਕੀਤੇ। ਆਪ ਜੀ ਦੇ ਜੀਵਨ ਦੀ ਪੁਸਤਕ ਰੂਹਾਨੀ ਜੀਵਨ ਪ੍ਰਕਾਸ਼ ਦੀ ਪਹਿਲੀ ਐਡੀਸ਼ਨ ੧੯੮੯ ਅਤੇ ਦੂਸਰੀ ੧੯੯੦ ਵਿੱਚ ਛਪ ਚੁੱਕੀ ਹੈ।

## ਪੰਡਿਤ ਤਾਰਾ ਸਿੰਘ ਜੀ ਦਾ ਸੰਖੇਪ ਜੀਵਨ

ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ ਦਾ ਜਨਮ ਪਿਤਾ ਮੁਰਲੀ ਸਿੰਘ ਤੇ ਮਾਤਾ ਜਮਨਾ ਦੇਵੀ ਦੇ ਘਰ ਹੋਇਆ। ਜੋ ਖ਼ਾਸ 'ਪਿਸ਼ੌਰ' ਦੇ ਰਹਿਣ ਵਾਲੇ ਗੁਰੂ ਘਰ ਦੇ ਪ੍ਰੇਮੀ, ਨਿੱਤਨੇਮੀ ਤੇ ਪੂਰਨ ਪਿਆਰ ਵਾਲੇ ਸਨ। ਆਪ ਜੀ ਨੂੰ ਪਿਛਲੇ ਸੰਸਕਾਰਾਂ ਕਾਰਨ ਬਚਪਨ ਵਿੱਚ ਹੀ ਪ੍ਰਮਾਰਥ ਦਾ ਸ਼ੌਕ ਜਾਗ ਪਿਆ। ਪਹਿਲਾਂ-ਪਹਿਲ ਮਾਤਾ ਪਿਤਾ ਨਾਲ ਬਾਬਾ ਜੋਗਾ ਸਿੰਘ ਜੀ ਦੇ ਗੁਰਦੁਆਰੇ ਕੀਰਤਨ ਸੁਣਨ ਦੀ ਹਾਜ਼ਰੀ ਭਰਿਆ ਕਰਦੇ ਸਨ। ਏਥੋਂ ਪੂਰਨ ਵੈਰਾਗ ਹੋ ਗਿਆ ਤਾਂ ਬਾਹਰ ਚਸ਼ਮਿਆਂ ਦੇ ਕਿਨਾਰੇ ਇਕਾਂਤ ਜਾ ਬੈਠਣਾ। ਹੋਰ ਵੀ ਕਿਸੇ ਬਾਹਰੋਂ ਆਏ ਸਾਧੂ ਮਹਾਤਮਾ ਦੀ ਕਨਸੋਅ ਕੰਨੀਂ ਪੈਣੀ ਉਨ੍ਹਾਂ ਦੇ ਦਰਸ਼ਨਾਂ ਨੂੰ ਜਾਣਾ। ਬਚਨ ਸੁਨਣੇ, ਘਰੋਂ ਪ੍ਰਸ਼ਾਦ ਪਾਣੀ ਲਿਜਾ ਕੇ ਛਕਾਉਣਾ। ਇਨ੍ਹਾਂ ਦੇ ਵੱਡੇ ਭਾਈ ਜੀਵਨ ਸਿੰਘ ਜੀ ਹੋਤੀ ਡੇਰੇ ਬਾਬਾ ਜੀ ਦੇ ਪਾਸ ਜਾਇਆ ਕਰਦੇ ਸਨ। ਜਦੋਂ ਇਨ੍ਹਾਂ ਦਾ ਧਿਆਨ ਬਚਪਨ ਵਿੱਚ ਹੀ ਨਾਮ ਸਿਮਰਨ ਵੱਲ ਦੇਖਿਆ ਤਾਂ ਉਹ ਇਨ੍ਹਾਂ ਨੂੰ ਹੋਤੀ ਡੇਰੇ ਲੈ ਆਏ। ਦਰਸ਼ਨ ਕੀਤੇ ਤਾਂ ਇਨ੍ਹਾਂ ਦੀ ਇਹ ਅਵਸਥਾ ਹੋ ਆਈ:

ਆਇਆ ਥਾ ਤੇਰੇ ਦੀਦ ਕੋ ਨਾ-ਦੀਦ ਹੋ ਚਲਾ
ਚੌਖਟ ਕੋ ਤੇਰੀ ਚੂਮ ਕੇ ਸ਼ਹੀਦ ਹੋ ਚਲਾ।
ਹੁਸਨੋ ਜਮਾਲ ਸੁਨ ਤੇਰਾ ਸ਼ੈਦਾ ਹੁਆ ਥਾ ਮੈਂ
ਅਬ ਨਕਸ਼ੇ ਪਾ ਕੋ ਦੇਖਾ ਬੈ-ਖ਼ਰੀਦ ਹੋ ਚਲਾ।

ਵਾਪਸ ਆਉਦਿਆਂ ਸ੍ਰ: ਜੀਵਨ ਸਿੰਘ ਨੇ ਆਖਿਆ, "ਆ ਕਾਕਾ! ਆਪਾਂ ਪਿਸ਼ੌਰ ਚੱਲੀਏ" ਤਾਂ ਇਨ੍ਹਾਂ ਨੇ ਕਿਹਾ, "ਮੈਂ ਤਾਂ ਜਿੱਥੇ ਆਉਣਾ ਸੀ ਆ ਗਿਆ। ਹੁਣ ਮੇਰਾ ਆਉਣਾ ਜਾਣਾ ਖ਼ਤਮ ਹੋ ਗਿਆ ਮੈਂ ਕਿਤੇ ਨਹੀਂ ਜਾਣਾ।" ਪਹਿਲਾਂ ਤਾਂ ਸਰਦਾਰ ਜੀਵਨ ਸਿੰਘ ਨੇ ਬਹੁਤ ਸਮਝਾਇਆ ਪਰ ਜਦੋਂ ਇਨ੍ਹਾਂ ਦਾ ਤੀਬਰ ਖ਼ਿਆਲ ਦੇਖਿਆ ਤਾਂ ਚੁੱਪ ਹੋ ਗਏ। ਫਿਰ ਸਤਿ ਪੁਰਸ਼ਾਂ ਦੇ ਚਰਨਾਂ ਵਿੱਚ ਸੌਂਪ ਕੇ ਅਰਜ਼ ਕੀਤੀ, "ਦਾਤਾ! ਆਪਣਾ ਜਾਣ ਕੇ ਹੁਣ ਤੁਸਾਂ ਹੀ ਇਸਦੀ ਲਾਜ ਰੱਖਣੀ ਹੈ।" ਸ੍ਰੀ ਹਜ਼ੂਰ ਕਹਿਣ ਲੱਗੇ, "ਇਸਦਾ ਨਾਮ ਕੀ ਹੈ?", "ਮਹਾਰਾਜ ਨਾਮ ਤਾਰਾ ਸਿੰਘ ਹੈ।" ਤਾਂ ਸੰਤ ਜੀ ਹੱਸ ਕੇ ਕਹਿਣ ਲੱਗੇ, "ਇਹ ਤਾਰਾ ਵੀ ਹੈ, ਸਿਤਾਰਾ ਵੀ ਹੈ।" ਉਸ ਨੇ ਕਿਹਾ, "ਮਹਾਰਾਜ! ਮੈਂ ਹਜ਼ੂਰ ਦਾ ਬਚਨ ਸਮਝਿਆ ਨਹੀਂ।"। ਸੰਤਾਂ ਨੇ ਕਿਹਾ, "ਇਹ ਦੁਨੀਆਂ ਦੇ ਜੀਵਾਂ ਨੂੰ ਤਾਰੇਗਾ ਵੀ ਅਤੇ ਆਪ ਹਿੰਦੁਸਤਾਨ ਦਾ ਸਿਤਾਰਾ ਬਣ ਕੇ ਵੀ ਚਮਕੇਗਾ।" ਬਾਬਾ ਜੀ ਦੀ ਰਸਨਾ ਤੋਂ ਇਹ ਪਵਿੱਤਰ ਬਚਨ ਸੁਣਕੇ ਜੀਵਨ ਸਿੰਘ ਦਾ ਮਨ ਬੜਾ ਪ੍ਰਸੰਨ ਹੋਇਆ। ਹਜ਼ੂਰ ਦੀ ਆਗਿਆ ਪਾ ਕੇ ਆਪ ਤਾਂ ਵਾਪਸ ਆ ਗਏ। ਸੰਤਾਂ ਨੇ ਤਾਰਾ ਸਿੰਘ ਨੂੰ ਭਾਈ ਲਾਲ ਸਿੰਘ ਦੇ ਹਵਾਲੇ ਕਰ ਦਿੱਤਾ ਕਿ ਇਸ ਨੂੰ ਲੰਗਰ ਦੀ ਸੇਵਾ ਵਿੱਚ ਲਾਉ। ਨਾਲ ਹੀ ਨਾਮ ਦੀ ਜੁਗਤੀ ਵੀ ਦੱਸ ਦਿੱਤੀ ਅਤੇ ਆਖਿਆ, "ਜਿਵੇ ਦੋ ਖੂਹਾਂ ਨਾਲ ਬਹੁਤੀ ਸਿੰਚਾਈ ਹੁੰਦੀ ਹੈ। ਇਸੇ ਤਰ੍ਹਾਂ ਸੇਵਾ ਤੇ ਸਿਮਰਨ ਦੋਹਾਂ ਸਾਧਨਾਂ ਦੇ ਮਿਲਾਪ ਨਾਲ ਹਿਰਦਾ ਛੇਤੀ ਸ਼ੁੱਧ ਹੁੰਦਾ ਹੈ।" ਕੁਝ ਕੁ ਸਮੇਂ ਤੋਂ ਬਾਅਦ ਪਿਛਲੇ ਸੰਸਕਾਰਾਂ ਨੂੰ ਪ੍ਰਗਟ ਕਰਨ ਲਈ ਆਪ ਜੀ ਨੂੰ ਸੰਤ ਅਰਜਨ ਸਿੰਘ ਜੀ 'ਜਿਲਬੀ' ਵਾਲਿਆਂ ਪਾਸ ਪੜ੍ਹਨੇ ਪਾ ਦਿੱਤਾ। ਇਨ੍ਹਾਂ ਦੇ ਪਾਸੋਂ ਵਿੱਦਿਆ ਪੜ੍ਹਦਿਆਂ ਤੇ ਨਾਲ-ਨਾਲ ਇਨ੍ਹਾਂ ਦੀ ਸੇਵਾ ਕਰਦਿਆਂ ਥੋੜ੍ਹੇ ਸਮੇਂ ਵਿੱਚ ਹੀ ਕਾਫ਼ੀ ਤਰੱਕੀ ਕਰ ਲਈ ਕਿਉਂਕਿ ਆਪ ਜੀ ਨੇ ਇਸ ਪੰਕਤੀ ਨੂੰ ਚੰਗੀ ਤਰ੍ਹਾਂ ਦ੍ਰਿੜ ਕੀਤਾ ਹੋਇਆ ਸੀ:

ਗੁਰ ਸੇਵਾ ਵਾ ਦਰਬ ਕਰ ਵਿੱਦਿਯਾ ਵਿੱਦਿਯਾ ਹੋਇ।
ਤ੍ਰਿਤੀ ਬਿਧਿ ਵਿੱਦਿਯਾ ਕਰਹਿ ਚਉਥੋ ਹੇਤੁ ਨ ਹੋਇ।

(ਸਾਰਕੁਤਾਵਲੀ ਅਧਿਆਇ ੩)

ਭਾਵ ਇਹ ਬ੍ਰਹਮ ਵਿੱਦਿਆ ਆਪਣੇ ਵਿੱਦਿਆ ਦਾਤੇ ਦੀ ਸੇਵਾ ਕਰਕੇ ਪ੍ਰਾਪਤ ਹੁੰਦੀ ਹੈ ਜਾਂ ਮਾਇਆ ਦੁਆਰਾ ਜਾਂ ਕਿਸੇ ਗੁਣ ਬਦਲੇ ਗੁਣ, ਜਿਵੇਂ ਕਿਸੇ ਵਿੱਚ ਕੋਈ ਗੁਣ ਹੈ, ਉਹ ਦੂਸਰੇ ਨੂੰ ਦੱਸ ਦੇਣਾ ਤੇ ਉਸ ਵਾਲਾ ਆਪ ਸਿੱਖ ਲੈਣਾ। ਪਰ ਸਭ ਤੋਂ ਵੱਡਾ ਤਰੀਕਾ ਸਤਿਪੁਰਸ਼ਾ ਦੀ ਖ਼ੁਸ਼ੀ ਹੈ ਜੋ ਸੇਵਾ ਦੁਆਰਾ ਹੀ ਹੋ ਸਕਦੀ ਹੈ। ਗੁਰਬਾਣੀ, ਗੁਰ ਇਤਿਹਾਸ ਤੋਂ ਇਲਾਵਾ ਆਪ ਵੇਦਾਂਤ ਤੇ ਨਿਆਇ ਦੇ ਪੂਰਨ ਪੰਡਿਤ ਬਣ ਗਏ। ਕੁਝ ਆਪਣੀ ਮਿਹਨਤ ਕੁਝ ਅਧਿਆਪਕ ਦੀ ਪ੍ਰਸੰਨਤਾ ਤੇ ਨਾਲ ਹੀ ਵੱਡੇ ਸਾਹਿਬਾਂ ਦੇ ਵਰ। ਸੱਚ ਮੁਚ ਹੀ ਆਪ ਨੂੰ ਸਤਿ ਪੁਰਸ਼ਾਂ ਨੇ ਜਗ ਤਾਰਕ

ਬਣਾ ਦਿੱਤਾ। ਸੰਤ ਅਰਜਨ ਸਿੰਘ ਜੀ ਤਾਂ ਹੋਤੀ ਮਰਦਾਨ ਡੇਰੇ ਵਿੱਚ ਗੁਰਬਾਣੀ ਦੀ ਕਥਾ ਕਰਨ ਲੱਗ ਪਏ ਪਰ ਆਪ ਜੀ ਨੇ ਕੁਝ ਕੁ ਸਾਧੂਆਂ ਨੂੰ ਨਾਲ ਲੈਕੇ (ਜੋ ਬ੍ਰਹਮ ਵਿੱਦਿਆ ਅਧਿਐਨ ਕਰਨ ਦਾ ਸ਼ੌਕ ਰੱਖਦੇ ਸਨ) ਸੰਤ ਮੰਡਲੀ ਫੇਰਨੀ ਸ਼ੁਰੂ ਕਰ ਦਿੱਤੀ। ਪਹਿਲਾਂ ਨੇੜੇ ਤੇੜੇ ਹੀ ਗੜ੍ਹੀ ਕਪੂਰਾ, ਤੁਡੇਰ ਆਦਿ ਪਿੰਡਾਂ ਵਿੱਚ ਹੀ ਗੁਜ਼ਰਦੇ ਰਹੇ। ਫਿਰ ਪੰਜਾ ਸਾਹਿਬ, ਜ਼ਿਲ੍ਹਾ ਹਜ਼ਾਰਾ, ਸੇਖੂਪੁਰਾ ਆਦਿਕ ਸ਼ਹਿਰਾਂ ਵਿੱਚ ਹੁੰਦੇ ਹੋਏ ਪੰਜਾਬ ਆਏ। ਇੱਥੋਂ ਹਰਦੁਆਰ ਤੇ ਬਹੁਤ ਸਾਰੇ ਤੀਰਥਾਂ ਤੇ ਵਿਚਰ ਕੇ ਨਾਮ ਬਾਣੀ ਦਾ ਪ੍ਰਚਾਰ ਕਰਦੇ ਰਹੇ। ਸਾਰੇ ਸ਼ਹਿਰਾਂ ਤੇ ਕਸਬਿਆਂ ਵਿੱਚ ਵੰਡ-ਵੰਡ ਕੇ ਸਮਾਂ ਦਿੰਦੇ ਸਨ। ਸਾਲ ਵਿੱਚ ਦਸਮੀ ਦੇ ਜੋੜ ਮੇਲੇ ਤੇ ਹੋਤੀ ਮਰਦਾਨ ਆਕੇ ਡੇਰੇ ਵਿੱਚ ਕਥਾ ਕਰਨੀ ਤੇ ਸਤਿਪੁਰਸ਼ਾਂ ਦੀ ਪ੍ਰਸੰਨਤਾ ਲੈਣੀ। ਆਪ ਮਹਾਨ ਵਿਦਵਾਨ, ਕੋਮਲ ਸਰੀਰ, ਮਿੱਠ ਬੋਲੜੇ ਤੇ ਇੰਦਰੇ ਜਿੱਤ, ਨਾਮ ਬਾਣੀ ਦੇ ਰਸੀਏ ਸਨ। 'ਸ਼ਿੰਗਰਫ' ਦੇ ਸਾਮਾਨ ਲਾਲ ਚੇਹਰਾ ਸੀ। ਸੁਵਖਤੇ ਜਾਗ ਕੇ ਇਸਨਾਨ ਤੋਂ ਬਾਅਦ ਪਹਿਲਾਂ ਕੁਝ ਕੁ ਸਮਾਂ ਗੁਰ ਸ਼ਬਦ ਦਾ ਅਭਿਆਸ ਕਰਨਾ ਫਿਰ ਗੁਰਬਾਣੀ ਦਾ ਪਾਠ। ਇਉਂ ਆਪਣੇ ਨਿੱਤਨੇਮ ਤੋਂ ਬਾਅਦ ਵਿਦਿਆਰਥੀਆਂ ਨੂੰ ਸੰਥਾ ਕਰਵਾਉਣੀ। ਜਦੋਂ ਕਿਸੇ ਵਿਦਿਆਰਥੀ ਨੂੰ ਸੰਥਾ ਸਮੇਂ ਆਵਾਜ਼ ਮਾਰਨੀ ਤਾਂ ਆਖਣਾ, "ਆਉ ਸਤਿਨਾਮ ਜੀ! ਆਪਾਂ ਪੜ੍ਹੀਏ।" ਜੇ ਕਿਸੇ ਨੇ ਭੁੱਲ ਜਾਣਾ ਤਾਂ ਆਖਣਾ, "ਉਹ ਤੇਰੇ ਰਾਮ ਚੰਦ ਦੀ! ਸੰਥਾ ਯਾਦ ਨਹੀਂ ਕੀਤੀ।" ਫਿਰ ਪਿਆਰ ਨਾਲ ਸੰਥਿਆ ਕਰਵਾਉਣੀ। ਇਉਂ ਆਪ ਜੀ ਨੇ ਬੇਅੰਤ ਹੀ ਸਾਧੂਆਂ ਨੂੰ ਬ੍ਰਹਮ ਵਿੱਦਿਆ ਦੀ ਦਾਤ ਬਖ਼ਸ਼ੀ ਅਤੇ ਬਾਬਾ ਆਇਆ ਸਿੰਘ ਜੀ ਤੋਂ ਬਾਅਦ ਅਗਲੇ ਸਾਲ ਹੋਤੀ ਡੇਰੇ ਜੋਤੀ ਜੋਤ ਸਮਾ ਗਏ। ਆਪ ਜੀ ਦਾ ਸਰੀਰ ਵੀ ਅਟਕ ਦਰਿਆ ਵਿੱਚ ਹੀ ਜਲ ਪ੍ਰਵਾਹ ਕੀਤਾ।

# ਪੰਡਿਤ ਪ੍ਰੇਮ ਸਿੰਘ ਜੀ

ਸ੍ਰੀ ਬਸੰਤ ਸਿੰਘ ਜੀ ਪੰਡਿਤ, ਪੰਡਿਤ ਸੰਤ ਸਿੰਘ ਜੀ ਮਹਾਰਾਜ, ਸੰਤ ਖੁਸ਼ਹਾਲ ਸਿੰਘ ਜੀ ਤੇ ਹੋਰ ਬਹੁਤ ਸਾਰੇ ਸੰਤ ਆਪ ਜੀ ਤੋਂ ਵਰੋਸਾਏ। ਪਰ ਉਨ੍ਹਾਂ ਵਿੱਚੋਂ ਪੰਡਿਤ ਪ੍ਰੇਮ ਸਿੰਘ ਜੀ ਮੁਖੀ ਤੇ ਪੂਰਨ ਆਗਿਆਕਾਰੀ ਅਤੇ ਆਪ ਜੀ ਦੀ ਕ੍ਰਿਪਾ ਦੇ ਪਾਤਰ ਬਣੇ। ਇਨ੍ਹਾਂ ਨੇ ਆਪ ਜੀ ਦੀ ਆਗਿਆ ਅਨੁਸਾਰ ਕਾਂਸ਼ੀ ਤੇ ਹੋਰ ਥਾਵਾਂ ਤੋਂ ਵਿੱਦਿਆ ਪੜ੍ਹਕੇ ਫਿਰ ਕਾਫ਼ੀ ਸਮਾਂ ਵਿਚਰਕੇ ਮੰਡਲੀ ਫੇਰੀ ਅਤੇ ਨਿਰਮਲ ਵਿਰੱਕਤ ਕੁਟੀਆਂ (ਹਰਿਦੁਆਰ) ਆਪਣੀ ਰਿਹਾਇਸ਼ ਰੱਖੀ ਜਿੱਥੇ ਬਾਬਾ ਆਇਆ ਸਿੰਘ ਜੀ ਮਹਾਰਾਜ ਦੀ ਯਾਦ ਵਿੱਚ ਹੋਤੀ ਡੇਰੇ ਵਲੋਂ ੧੯੭੭ ਬਿਕ੍ਰਮੀ ਵਿੱਚ ਕੋਠੀ ਬਣੀ। ਇਹ ਵੀ ਸੇਵਾ ਆਪ ਜੀ ਦੇ ਸਹਿਯੋਗ ਨਾਲ ਸੰਪੂਰਨ ਹੋਈ। ਫਿਰ ਆਪ ਇਸੇ ਕੋਠੀ ਵਿੱਚ ਰਹਿਣ ਲੱਗ ਪਏ। ਏਥੇ ਹੀ ਆਪ ਜੀ ਦੇ ਪਿਆਰ ਦੇ ਬੱਧੇ ੧੯੨੪ ਈਸਵੀ ਵਿੱਚ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਅਸਥਾਨ ਦੇ ਸਾਧੂਆਂ ਸਮੇਤ ਪੁੱਜੇ। ਆਪ ਜੀ ਦੇ ਮੁਖੀ ਸ਼ਿਸ਼ਾਂ ਵਿੱਚੋਂ ਸਾਧੂਆਂ ਦੇ ਇਹ ਨਾਮ ਹਨ।

ਪੰਡਿਤ ਮਨੀ ਸਿੰਘ ਜੀ, ਪੰਡਿਤ ਅਰਜਨ ਸਿੰਘ ਜੀ ਮੁਨੀ, ਪੰਡਿਤ ਮਧਸੂਦਨ ਸਿੰਘ ਜੀ ਮਾਧੋ, (ਇਹ ਨਿਰਮਲ ਛਾਉਣੀ ਪ੍ਰੇਮ ਸਦਨ ਡੇਰੇ ਦੇ ਕਾਰਕੁੰਨ ਹਨ) ਸੰਤ ਚਾਨਣ ਸਿੰਘ ਜੀ, ਪੰਡਿਤ ਹਰੀ ਰਾਮ ਸਿੰਘ ਜੀ, ਜਿਨ੍ਹਾਂ ਦੇ ਸ਼ਿਸ ਅੱਗੇ ਪੰਡਿਤ ਮਦਨ ਮੋਹਨ ਸਿੰਘ ਜੀ ਹਨ। ਗਿਆਨੀ ਰਤਨ ਸਿੰਘ ਜੀ ਜੋ ਰੇਰੂ ਸਾਹਿਬ ਵਾਲੇ ਸੰਤਾਂ ਤੋਂ ਵਰੋਸਾਏ, ਕਾਫ਼ੀ ਸਮਾਂ 'ਰਾਮਪੁਰ' ਵਾਲੇ ਗੁਰਦੁਆਰੇ ਸਾਹਿਬ ਦੀ ਸੇਵਾ ਕਰਦੇ ਰਹੇ। ਸੰਤ ਹਰਿ ਚਰਨ ਸਿੰਘ ਜੀ ਸੰਤ ਹਰਨਾਮ ਸਿੰਘ ਜੀ, ਸੰਤ ਕ੍ਰਿਸ਼ਨ ਨਰਾਇਣ ਸਿੰਘ ਜੀ, ਗਿਆਨੀ ਹਰੀ ਸਿੰਘ ਜੀ, ਗਿਆਨੀ ਧਰਮ ਸਿੰਘ ਜੀ, ਇਤਿਆਦਿਕ ਹੋਰ ਵੀ ਬਹੁਤ ਸਾਰੇ ਸਾਧੂ ਆਪ ਜੀ ਤੋਂ ਵਰੋਸਾਏ ਸਨ। ਪੰਡਿਤ ਪ੍ਰੇਮ ਸਿੰਘ ਜੀ ਨੂੰ ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਜੀ ਦਾ ਬਚਪਨ ਤੋਂ ਹੀ ਵਰ ਸੀ ਕਿ ਇਹ ਬੱਚਾ ਮਹਾਨ ਪੰਡਿਤ ਤੇ ਰਾਜ ਗੁਰੂ ਬਣੇਗਾ। ਇਸੇ ਕਰਕੇ 'ਛਛਰੌਲੀ' ਰਿਆਸਤ ਦਾ ਰਾਜ ਘਰਾਣਾ ਆਪ ਜੀ ਤੇ ਪੂਰਨ ਸ਼ਰਧਾ ਰੱਖਦਾ ਸੀ। ਆਪ ਕਈ ਵਾਰ ਰੇਰੂ ਸਾਹਿਬ ਆ ਕੇ ਵੱਡੇ ਸੰਤਾਂ ਦੇ ਸਮੇਂ ਮਹੀਨਾ-ਮਹੀਨਾ ਠਹਿਰਦੇ ਅਤੇ ਕਥਾ ਕਰਦੇ। ਉਨ੍ਹਾਂ ਤੋਂ ਬਾਅਦ ਵੀ ਆਇਆ ਕਰਦੇ ਅਤੇ ਰਾੜਾ ਸਾਹਿਬ ਵੀ ਪੁੱਜ ਕੇ ਕਈ-ਕਈ ਦਿਨ ਠਹਿਰ ਕੇ ਗੁਰਬਾਣੀ ਦੀ ਕਥਾ ਸੁਣਾਉਂਦੇ।

ਇਸੇ ਹੀ ਪਿਆਰ ਨੂੰ ਮੁੱਖ ਰਖਦਿਆਂ ਅਤੇ ਬਾਬਾ ਕਰਮ ਸਿੰਘ ਜੀ ਦੀ ਚੰਦਨ ਵਾੜੀ ਦੇ ਖ਼ੁਸ਼ਬੂਦਾਰ ਮਹਿਕਦੇ ਫੁੱਲ ਜਾਣਕੇ ਆਪ ਜੀ ਦੇ ਨਾਮ ਤੇ ਬਣ ਰਹੇ ਪ੍ਰੇਮ ਸਦਨ ਮਕਾਨ ਦੇ ਦੋ ਕਮਰਿਆ ਵਾਸਤੇ ਸ੍ਰੀ ਹਜ਼ੂਰ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ੨੦-੦੨-੬੯ ਨੂੰ (ਜਦੋਂ ਕਿ ਦਾਸ ਵੀ ਨਾਲ ਸੀ) ਦਸ ਹਜ਼ਾਰ ਰੁਪਿਆ ਦਿੱਤਾ। ਇਸ ਤੋਂ ਪਹਿਲਾਂ ਪੰਡਿਤ ਅਰਜਨ ਸਿੰਘ ਜੀ ਮੁਨੀ ਦੇ ਹਿੰਦੀ ਵਿੱਚ ਕੀਤੇ ਗੁਰਬਾਣੀ ਟੀਕੇ ਦੀ ਛਪਾਈ ਵੀ ਸੰਤ ਜੀ ਮਹਾਰਾਜ ਵਲੋਂ ਹੀ ਕਰਵਾਈ ਗਈ। ਇਉਂ ਇਨ੍ਹਾਂ ਪ੍ਰੇਮ ਸਦਨ ਹਰਿਦੁਆਰ ਵਾਲੇ ਮਹਾਂ ਪੁਰਸ਼ਾਂ ਦਾ ਵੀ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਨਾਲ ਅਥਾਹ ਪਿਆਰ ਹੈ। ਵਾਹਿਗੁਰੂ ਇਸ ਨੂੰ ਸ਼ੁਕਲ ਪੱਖੀ ਚੰਦਰਮਾਂ ਵਾਂਗੂੰ ਹੋਰ ਵਧਾਵੇ ਅਤੇ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਨਾਮ ਨੂੰ ਰੌਸ਼ਨ ਕਰਦੇ ਹੋਏ ਚਾਰ ਚੰਨ ਲਾਵਣ।

# ਸ੍ਰੀ ਮਾਨ ਬਾਬਾ ਸਾਹਿਬ ਸਿੰਘ ਜੀ ਦੀ ਸੰਖੇਪ ਜੀਵਨ ਯਾਤਰਾ

ਬਾਬਾ ਸਾਹਿਬ ਸਿੰਘ ਜੀ ਦਾ ਜਨਮ ਕੈਮਲ ਪੁਰ ਜ਼ਿਲ੍ਹੇ ਦੇ 'ਘੀਲਾਂ ਕਲਾਂ' ਨਗਰ ਵਿੱਚ ਪਿਤਾ ਸਰਦਾਰ ਪਿਆਰਾ ਸਿੰਘ ਜੀ ਤੇ ਮਾਤਾ ਸਭਰਾਈ ਦੇ ਘਰ ਹੋਇਆ। ਆਪ ਜੀ ਦੇ ਚਾਰ ਭਰਾ ਹੋਰ ਸਨ। ਗੁਰਮੁਖ ਮਾਤਾ ਪਿਤਾ ਦੀ ਸੰਗਤ ਤੇ ਉਪਦੇਸ਼ ਦਾ ਸਦਕਾ ਸਾਰਾ ਹੀ ਪਰਿਵਾਰ ਗੁਰੂ ਘਰ ਦਾ ਪ੍ਰੇਮੀ ਤੇ ਪੂਰਨ ਸ਼ਰਧਾਵਾਨ ਸੀ ਕਿਉਂਕਿ ਜਿਹੋ ਜਿਹੇ ਖ਼ਿਆਲ ਪਹਿਲਾਂ ਬਜ਼ੁਰਗਾਂ ਦੇ ਹੋਵਣ ਫ਼ਰੀਦ ਜੀ ਦੀ ਮਾਤਾ ਵਾਂਗੂੰ ਉਹੋ ਹੀ ਅਸਰ ਬੱਚਿਆਂ ਤੇ ਪੈਂਦਾ ਹੈ। ਹਰ ਰੋਜ਼ ਗੁਰਦੁਆਰੇ ਸਾਹਿਬ ਜਾਣਾ ਗੁਰਬਾਣੀ ਦਾ ਪਾਠ ਕਰਨਾ। ਫਿਰ ਆਏ ਗਏ ਸਾਧ ਸੰਗਤ ਦੀ ਸੇਵਾ ਕਰਨੀ। ਇਹ ਤਾਂ ਸੀ ਸਾਰੇ ਘਰ ਵਾਲਿਆਂ ਦਾ ਨਿਯਮ। ਪਰ ਬਾਬਾ ਸਾਹਿਬ ਸਿੰਘ ਜੀ ਤਾਂ ਬਚਪਨ ਤੋਂ ਹੀ ਬੜੇ ਵੈਰਾਗਵਾਨ, ਮਿੱਠ ਬੋਲੜੇ, ਮੋਹਣੀ ਮੂਰਤ ਤੇ ਸਾਧੂ ਸੁਭਾਅ ਵਾਲੇ ਸਨ। ਇਨ੍ਹਾਂ ਵੱਲ ਵੇਖਕੇ ਮਾਤਾ ਪਿਤਾ ਆਖਿਆ ਕਰਦੇ, "ਇਸ ਦਾ ਤਾਂ ਸੰਤਾ ਵਾਲਾ ਸੁਭਾਉ ਹੈ ਕਦੇ ਸਾਧੂ ਬਣੇਗਾ"। ਹੋਤੀ ਮਰਦਾਨ ਵਾਲੇ ਸੰਤਾਂ ਦੀ ਮਹਿਮਾ ਤਾਂ ਸਾਰੇ ਫਰੰਟੀਅਰ ਤੇ ਪੋਠੋਹਾਰ ਵਿੱਚ ਕੀ ਹਿੰਦੁਸਤਾਨ ਦੇ ਕੋਨੇ-ਕੋਨੇ ਵਿੱਚ ਪ੍ਰਵੇਸ਼ ਕਰ ਚੁੱਕੀ ਸੀ। ਹੋਰ ਨਗਰਾਂ ਤੇ ਸ਼ਹਿਰਾਂ ਵਾਂਗ 'ਰਾਵਲਪਿੰਡੀ' ਜ਼ਿਲ੍ਹੇ ਵਿੱਚੋਂ ਵੀ ਬਹੁਤ ਸਾਰੇ ਪ੍ਰੇਮੀ ਹਰੇਕ ਦਸਮੀ ਦੇ ਸਾਲਾਨਾ ਜੋੜ ਮੇਲੇ ਤੇ ਹੋਤੀ ਮਰਦਾਨ ਪੁੱਜਦੇ ਜਿਨ੍ਹਾਂ ਵਿੱਚ ਘੀਲਾਂ ਕਲਾਂ, ਫਤੇ ਜੰਗ, ਸੁਆਂ ਤੇ ਹੋਰ ਬਹੁਤ ਸਾਰੇ ਨਗਰਾਂ ਦੀ ਸੰਗਤ ਹੁੰਦੀ ਸੀ।

ਬਾਬਾ ਕਰਮ ਸਿੰਘ ਜੀ ਮਹਾਰਾਜ ਦਾ ਜਸ ਸੁਣਕੇ ਇੱਕ ਵਾਰ ਇਨ੍ਹਾਂ ਦੇ ਮਾਤਾ ਪਿਤਾ ਵੀ ਸੰਗਤ ਦੇ ਨਾਲ ਦਸਮੀ ਦੇ ਜੋੜ ਮੇਲੇ ਤੇ ਆਏ। ਇਨ੍ਹਾਂ ਦੇ ਨਾਲ ਹੀ ਛੋਟੀ ਅਵਸਥਾ ਵਿੱਚ ਕਾਕਾ ਸਾਹਿਬ ਸਿੰਘ ਜੀ ਵੀ ਆ ਗਏ ਕਿਉਂਕਿ ਇਨ੍ਹਾਂ ਨੇ ਪਹਿਲਾਂ ਹੀ ਹਜ਼ੂਰ ਦੀ ਮਹਿਮਾ ਸੁਣੀ ਹੋਈ ਸੀ। ਕਈ ਵਾਰੀਂ ਮਨ ਵਿੱਚ ਦਰਸ਼ਨਾਂ ਵਾਸਤੇ ਖ਼ਿਆਲ ਵੀ ਕੀਤਾ ਪਰ ਮਾਤਾ ਪਿਤਾ ਨੇ ਇਕੱਲਿਆਂ ਨੂੰ ਜਾਣ ਦੀ ਆਗਿਆ ਨਹੀਂ ਸੀ ਦਿੱਤੀ। ਹੁਣ ਮਾਤਾ ਪਿਤਾ ਦੇ ਨਾਲ ਹੋਰ ਇਲਾਕੇ ਦੀ ਸੰਗਤ ਸਮੇਤ ਬਾਬਾ ਜੀ ਦੇ ਪਾਸ ਪੁੱਜੇ। ਹਜ਼ੂਰ ਦੇ ਰੂਹਾਨੀ ਦਰਬਾਰ ਦੀ ਸੋਭਾ ਤੱਕ ਕੇ ਮਨ ਵਿਸਮਾਦ ਵਿੱਚ ਚਲਾ ਗਿਆ। ਜਦੋਂ ਹੋਰਾਂ ਪ੍ਰੇਮੀਆਂ ਤੋਂ ਬਾਅਦ ਇਨ੍ਹਾਂ ਦੀ ਵਾਰੀ ਆਈ ਤਾਂ ਦੀਵਾਨ ਵਿੱਚ ਹਾਜ਼ਰ ਹੋ ਕੇ ਬਾਬਾ ਜੀ ਦੇ ਦਰਸ਼ਨ ਕੀਤੇ।

ਦਰਸਨ ਡਿਠੇ ਲਹਨਿ ਵਿਜੋਗਾ ਜੀਉ ॥

(ਪੰਨਾ ੧੦੮)

ਪਾਵਨ ਚਰਨਾਂ ਤੇ ਭਾਵਨਾ ਨਾਲ ਸੀਸ ਰੱਖਿਆ ਅੰਤਰਜ਼ਾਮੀ ਦਾਤੇ ਨੇ ਸਿਰ ਤੇ ਹੱਥ ਰੱਖ ਕੇ ਆਖਿਆ, "ਕਾਕਾ! ਰਾਜ਼ੀ ਹੈ?" ਅਸੀਸ ਦਿੱਤੀ ਤੇ ਬੜੇ ਪਿਆਰ ਨਾਲ ਆਪਣੇ ਪਾਸ ਬਿਠਾਅ ਲਿਆ। ਫਿਰ ਇਨ੍ਹਾਂ ਦੇ ਪਿਤਾ ਜੀ ਵੀ ਸਾਰੀ ਸੰਗਤ ਸਮੇਤ ਆਪਣੀ ਵਾਰੀ ਅਨੁਸਾਰ ਹਜ਼ੂਰ ਨੂੰ ਭੇਟਾ ਅਰਪ ਕੇ ਨਮਸਕਾਰ ਕਰਕੇ ਸੇਵਾਦਾਰ ਦੇ ਇਸ਼ਾਰੇ ਨਾਲ ਇੱਕ ਪਾਸੇ ਬੈਠ ਗਏ। ਫਿਰ ਰਾਗੀ ਸਿੰਘਾਂ ਤੋਂ ਇਲਾਹੀ ਬਾਣੀ ਦਾ ਕੀਰਤਨ ਸੁਣਿਆ। ਜਦੋਂ ਦੁਪਹਿਰ ਦਾ ਸਮਾਂ ਹੋਇਆ ਤਾਂ ਲੰਗਰ ਦੇ ਸੇਵਾਦਾਰ ਨੇ ਸੰਤ ਜੀ ਮਹਾਰਾਜ ਦੀ ਆਗਿਆ ਅਨੁਸਾਰ ਘੰਟੀ ਵਜਾ ਕੇ ਲੰਗਰ ਸ਼ੁਰੂ ਕਰ ਦਿੱਤਾ। ਬਾਬਾ ਜੀ ਨੇ ਪਾਸ ਬੈਠੇ ਪ੍ਰੇਮੀਆਂ ਨੂੰ ਹੁਕਮ ਕੀਤਾ, "ਜਾਉ ਲੰਗਰ ਵਿੱਚ ਜਾਕੇ ਪ੍ਰਸ਼ਾਦਿ ਛਕ ਲਉ।" ਹਜ਼ੂਰ ਦੀ ਆਗਿਆ ਪਾਕੇ ਸੰਗਤਾਂ ਲੰਗਰ ਵਿੱਚ ਪੁੱਜ ਗਈਆਂ। ਜਿੱਥੇ ਘਿਉ ਭੁਨਵੇਂ ਮਿੱਠੇ ਚੌਲ ਦਹੀਂ ਨਾਲ ਵਰਤ ਰਹੇ ਸਨ। ਕਾਕਾ ਸਾਹਿਬ ਸਿੰਘ ਜੀ ਬਾਬਾ ਜੀ ਦੇ ਪਾਸ ਹੀ ਬੈਠੇ ਰਹੇ ਉੱਠਣ ਨੂੰ ਦਿਲ ਹੀ ਨਾ ਕੀਤਾ ਕਿਉਂਕਿ ਇਨ੍ਹਾਂ ਦਾ ਪਹਿਲਾਂ ਵੀ ਕਾਫ਼ੀ ਸਮੇਂ ਤੋਂ ਇਹ ਤੀਬਰ ਖ਼ਿਆਲ ਸੀ ਕਿ ਹੋਤੀ ਮਰਦਾਨ ਵਾਲੇ ਸੰਤਾਂ ਦਾ ਬਹੁਤ ਜਸ ਸੁਣੀਦਾ ਹੈ। ਉਨ੍ਹਾਂ ਦੇ ਚਰਨਾਂ ਵਿੱਚ ਰਹਿ ਕੇ ਸੇਵਾ ਕਰੀਏ ਤਾਂ ਕਿ ਜੀਵਨ ਸਫ਼ਲਾ ਹੋ ਜਾਵੇ।

ਜੈਸੀ ਭੁਖ ਤੈਸੀ ਕਾ ਪੂਰਕੁ ਸਗਲ ਘਟਾ ਕਾ ਸੁਆਮੀ ॥

(ਪੰਨਾ ੬੧੩)

ਨਿਰੰਕਾਰ ਨੇ ਮਨ ਦੀ ਇੱਛਾ ਪੂਰੀ ਕਰ ਦਿੱਤੀ। ਏਧਰੋਂ ਜਦੋਂ ਜੋੜ ਮੇਲੇ ਦੀ ਸਮਾਪਤੀ ਹੋਈ ਤਾਂ ਮਾਤਾ ਪਿਤਾ ਵਾਪਸ ਜਾਣ ਲਈ ਤਿਆਰ ਹੋ ਗਏ। ਜਦੋਂ ਉਨ੍ਹਾਂ ਨੇ ਇਨ੍ਹਾਂ ਨੂੰ ਚੱਲਣ ਵਾਸਤੇ ਆਖਿਆ ਤਾਂ ਇਨ੍ਹਾਂ ਨੇ ਬਾਬਾ ਜੀ ਦੀ ਸੇਵਾ ਵਿੱਚ ਰਹਿਣ ਵਾਸਤੇ ਮਾਤਾ ਪਿਤਾ ਤੋਂ ਆਗਿਆ ਮੰਗੀ ਕਿ ਮੈਨੂੰ ਏਥੇ ਛੱਡ ਜਾਉ ਕੁਝ ਕੁ ਦਿਨ ਸੰਤਾਂ ਦੀ ਸੇਵਾ ਕਰਨ ਦਾ ਖ਼ਿਆਲ ਹੈ। ਮਾਤਾ ਪਿਤਾ ਵੀ ਸਮਝ ਵਾਲੇ ਸੰਤ ਸੇਵੀ ਸਨ। ਜਦੋਂ ਇਨ੍ਹਾਂ ਦੀ ਤੀਬਰ ਇੱਛਾ ਦੇਖੀ ਤਾਂ ਵੱਡੇ

ਸੰਤਾਂ ਦੇ ਪਾਸ ਲੈ ਗਏ। ਪਾਸ ਜਾ ਕੇ ਅਰਜ਼ ਕੀਤੀ, "ਮਹਾਰਾਜ! ਇਹ ਬੱਚਾ ਆਪ ਜੀ ਦੇ ਚਰਨਾਂ ਵਿੱਚ ਰਹਿਕੇ ਸੇਵਾ ਕਰਨੀ ਚਾਹੁੰਦਾ ਹੈ, ਆਪ ਕ੍ਰਿਪਾ ਕਰਕੇ ਹੁਕਮ ਕਰ ਦਿਉ ਅਤੇ ਦਇਆ ਦ੍ਰਿਸ਼ਟੀ ਰੱਖਣੀ।"

ਸੰਤਾਂ ਨੇ ਉੱਤਰ ਦਿੱਤਾ, "ਜਿਵੇਂ ਤੁਹਾਡੀ ਇੱਛਾ ਅਤੇ ਇਸ ਦੀ ਮਰਜ਼ੀ ਹੈ ਕਰੋ। ਸਾਧ ਸੰਗਤ ਦੀ ਸੇਵਾ ਕਰਮਾਂ ਵਾਲਿਆਂ ਨੂੰ ਮਿਲਦੀ ਹੈ ਅਤੇ ਚਾਰੇ ਪਦਾਰਥਾਂ ਦੀ ਦਾਤੀ ਹੈ।

ਚਾਰਿ ਪਦਾਰਥ ਜੇ ਕੋ ਮਾਗੈ ॥
ਸਾਧ ਜਨਾ ਕੀ ਸੇਵਾ ਲਾਗੈ ॥

(ਪੰਨਾ ੨੬੬)

ਇਹ ਸਭ ਤੋਂ ਵੱਡਾ ਸਿਰੋਮਣੀ ਤਪ ਹੈ। ਭਾਵਨਾ ਨਾਲ ਸੇਵਾ ਕਰਨ ਵਾਲਾ ਜਗਿਆਸੂ ਆਪਣੀਆਂ ਕੁਲਾਂ ਨੂੰ ਤਾਰ ਲੈਂਦਾ ਹੈ। ਰਹਿਣ ਦਿਉ ਸੰਗਤ ਵਿੱਚ, ਪ੍ਰੇਮ ਨਾਲ ਸੇਵਾ ਕਰੇਗਾ।" ਇਉਂ ਬਾਬਾ ਜੀ ਦੇ ਹੁਕਮ ਅਨੁਸਾਰ ਮਾਤਾ ਪਿਤਾ ਆਪਣੇ ਬੱਚੇ ਨੂੰ ਸੇਵਾ ਵਿੱਚ ਸੌਂਪ ਕੇ ਬਾਬਾ ਜੀ ਦੀ ਆਗਿਆ ਤੇ ਪ੍ਰਸ਼ਾਦਿ ਲੈ ਕੇ ਆਪ ਵਾਪਸ ਘਰ ਆ ਗਏ। ਇਨ੍ਹਾਂ ਨੂੰ ਸੰਤਾਂ ਨੇ ਲੰਗਰ ਦੀ ਸੇਵਾ ਵਿੱਚ ਲਗਾ ਦਿੱਤਾ ਨਾਲ ਹੀ ਗੁਰ ਸ਼ਬਦ ਦਾ ਜਾਪ ਦੱਸਿਆ। ਇਹ ਬੜੇ ਪ੍ਰੇਮ ਨਾਲ ਸੇਵਾ ਤੇ ਸਿਮਰਨ ਕਰਦੇ ਰਹੇ। ਸੰਤਾਂ ਦੀ ਖ਼ੁਸ਼ੀ ਹੁੰਦੀ ਰਹੀ। ਇੱਕ ਦਿਨ ਦਾ ਜ਼ਿਕਰ ਹੈ। ਬਾਬਾ ਜੀ ਨੇ ਕਿਰਪਾ ਦੇ ਘਰ ਵਿੱਚ ਆ ਕੇ ਸ਼ਾਮ ਦੇ ਟਾਇਮ ਇਨ੍ਹਾਂ ਨੂੰ ਬਾਹਰ ਗੁਫਾ ਤੇ ਆਪਣੇ ਪਾਸ ਬਿਠਾਅ ਕੇ ਸਾਧੂ ਦੇ ਲੱਛਣ ਦੱਸੇ। ਕਿ ਸਾਧੂ ਕੇਵਲ ਬਾਣਾ ਧਾਰਨ ਕਰਕੇ ਹੀ ਨਹੀਂ ਬਣ ਜਾਈਦਾ ਪੂਰਨ ਗੁਣ ਵੀ ਹੋਣੇ ਚਾਹੀਦੇ ਹਨ। ਨੌ ਪ੍ਰਕਾਰ ਦੀ ਭਗਤੀ ਹੈ।

ਯਥਾ: ਸ੍ਰਵਣ, ਸਿਮਰਨ, ਕੀਰਤਨ, ਪਦ-ਸੇਵਾ, ਅਰਚਾਨ।
ਦਾਸਾ, ਸਖਪਨ, ਬੰਦਨਾ, ਸਰਬ ਨਿਵੇਦਨ ਜਾਨ।

ਇਨ੍ਹਾਂ ਵਿੱਚੋਂ ਪਹਿਲੀ ਸ੍ਰਵਣ ਭਗਤੀ ਹੈ। ਮਨ ਨੂੰ ਇਕਾਗਰ ਕਰਕੇ ਅਤੇ ਇੰਦ੍ਰੀਆਂ ਰੋਕ ਕੇ ਹਰੀ ਜਸ ਸੁਣਨਾ।

ਯਥਾ: ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥

(ਪੰਨਾ ੬੯੯)

ਫਿਰ ਇਹ ਨਿਸਚੇ ਕਰਨਾ ਕਿ ਯੱਗ, ਤਪ, ਤੀਰਥ ਯਾਤਰਾ, ਦਾਨ, ਪੁੰਨ, ਬਰਤ, ਪੂਜਾ, ਗੁਰ ਸੇਵਾ ਤੇ ਸਿਮਰਨ ਵਿੱਚ ਹੀ ਆ ਜਾਂਦੇ ਹਨ। ਸਤ ਸੰਤੋਖ ਆਦਿਕ ਦੈਵੀ ਗੁਣਾਂ ਨੂੰ ਧਾਰਨ ਕਰੋ।

ਮਨਿ ਸੰਤੋਖੁ ਸਰਬ ਜੀਅ ਦਇਆ ॥
ਇਨ ਬਿਧਿ ਬਰਤੁ ਸੰਪੂਰਨ ਭਇਆ ॥

(ਪੰਨਾ ੨੯੯)

ਸਾਧੂ ਵਾਸਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ-

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ।

(ਭਾਈ ਗੁਰਦਾਸ ਜੀ)

ਸਾਧੂ ਬਾਣੇ ਨੂੰ ਤੇ ਨਾਮ ਨੂੰ ਲਾਜ ਨਾ ਲੱਗਣ ਦੇਵੇ। ਇਸੇ ਕਰਕੇ ਸਾਧਗੀਰੀ ਬੜੀ ਕਠਨ ਹੈ। ਸਾਧੂ ਕਿਸੇ ਬਾਣੇ ਕਰਕੇ ਨਹੀਂ ਬਣਦਾ।

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ॥

(ਪੰਨਾ ੧੪੨੧)

ਚੰਗੇ ਕਰਮਾਂ ਦੇ ਕਰਨ ਵਾਲਾ ਸਾਧੂ ਹੈ। ਚਾਹੇ ਉਹ ਗ੍ਰਹਿਸਥੀ ਹੈ ਚਾਹੇ ਅਤੀਤ ਹੈ।

ਸਾਧ ਨਾਮ ਨਿਰਮਲ ਤਾ ਕੇ ਕਰਮ ॥

(ਪੰਨਾ ੨੯੬)

ਨਿਰਮਲ ਕਰਮ ਕਰਨੇ, ਅੰਮ੍ਰਿਤ ਵੇਲੇ ਨੂੰ ਸੰਭਾਲਣਾ, ਸੰਗਤ ਦੀ ਸੇਵਾ ਕਰਨੀ ਲੰਗਰ ਵਿੱਚ ਪ੍ਰਸ਼ਾਦਿ ਪਾਣੀ ਤਿਆਰ ਕਰਨਾ, ਆਏ ਗਏ ਅਭਿਅਗਤ, ਸਿੱਖ ਸਾਧੂ, ਗ੍ਰਹਿਸਥੀ ਅਤੀਤ ਨੂੰ ਹਿੰਦੂ ਮੁਸਲਮਾਨ ਤੇ ਗ਼ਰੀਬ ਅਮੀਰ ਦੇ

ਵਿਤਕਰੇ ਤੋਂ ਬਗੈਰ ਵਰਤਾਉਣਾ ਤੇ ਸਭਨਾਂ ਦੀ ਪ੍ਰਸੰਨਤਾ ਲੈਣੀ, ਇਹ ਹੀ ਸਭ ਤੋਂ ਵੱਡਾ ਤਪ ਹੈ। ਗੁਰੂ ਪ੍ਰਮੇਸ਼ਰ ਤੇ ਭਰੋਸ਼ਾ ਰੱਖਣਾ, ਕਿਸੇ ਦਾ ਮਨ ਨਹੀਂ ਦੁਖਾਉਣਾ, ਹਰ ਇੱਕ ਦੀ ਖ਼ੁਸ਼ੀ ਹਾਸਲ ਕਰਨੀ ਹੀ ਸਭ ਤੋਂ ਵੱਡਾ ਪੁੰਨ ਹੈ।

ਇਉਂ ਹਜ਼ੂਰ ਨੇ ਬੜੀ ਪਾਵਨ ਸਿੱਖਿਆ ਦਿੱਤੀ। ਉਸ ਦਿਨ ਤੋਂ ਬਾਅਦ ਆਪ ਜੀ ਨੇ ਇਹ ਨਿਯਮ ਬਣਾ ਲਿਆ। ਕਿ ਸਵੇਰੇ ਸਵਖਤੇ ਉੱਠ ਕੇ ਪਹਿਲਾਂ ਆਪ ਇਸ਼ਨਾਨ ਕਰਨਾ, ਫਿਰ ਸੰਗਤ ਦੇ ਇਸ਼ਨਾਨ ਕਰਨ ਵਾਸਤੇ ਟੂਟੀਆਂ ਭਰ ਦੇਣੀਆਂ ਅਤੇ ਆਪ ਇਕਾਂਤ ਅਸਥਾਨ ਤੇ ਨਦੀ ਕਿਨਾਰੇ ਗੁਰ ਸ਼ਬਦ ਦਾ ਅਭਿਆਸ ਕਰਨਾ। ਜਦੋਂ ਸ੍ਰੀ ਹਜ਼ੂਰ ਬਾਬਾ ਜੀ ਨੇ ਡੇਰੇ ਆਉਣਾ ਤਾਂ ਇੱਕ ਸੌ ਇੱਕ ਗਾਗਰ ਨਾਲ ਉਨ੍ਹਾਂ ਦਾ ਇਸ਼ਨਾਨ ਕਰਾਉਣਾ। ਜਦੋਂ ਬਾਬਾ ਜੀ ਦੀਵਾਨ ਵਿੱਚ ਆ ਬੈਠਣ ਤਾਂ ਹਜ਼ੂਰ ਦਾ ਹੁਕਮ ਲੈ ਕੇ ਲੋਹਾਂ ਤਪਾਉਣੀਆਂ ਪ੍ਰਸ਼ਾਦੇ ਪਕਾਉਂਦਿਆਂ ਕਿਸੇ ਨਾਲ ਕੋਈ ਬਚਨ ਨਹੀਂ ਕਰਨਾ, ਨਾਲ-ਨਾਲ ਗੁਰਬਾਣੀ ਦਾ ਪਾਠ ਕਰੀ ਜਾਣਾ। ਆਪ ਹਰ ਸਮੇਂ ਬੜਾ ਸੁੱਚ ਸੰਜਮ ਰਖਦੇ। ਏਥੋਂ ਤੱਕ ਇਹ ਨਿਯਮ ਨਿਭਾਇਆ ਕਿ ਇੱਕ ਵਾਰ ਆਪ ਕੁੰਭ ਦੇ ਮੇਲੇ ਤੇ ਹਰਿਦੁਆਰ ਗਏ ਤਾਂ ਰਸਤੇ ਵਿੱਚ ਸਟੇਸ਼ਨ ਦੀ ਅਪਵਿੱਤ੍ਰਤਾ ਦੇਖਕੇ ਕਿਸੇ ਥਾਂ ਪਾਣੀ ਵੀ ਨਹੀਂ ਪੀਤਾ। ਹਰਿਦੁਆਰ ਜਾ ਕੇ ਹੀ ਛਕਿਆ।

ਇਸੇ ਤਰ੍ਹਾਂ ਇਸ ਵਾਰੀ ਮਾਤਾ ਪਿਤਾ ਦੀ ਬਹੁਤੀ ਚਾਹਨਾ ਜਾਣਕੇ ਜੋ ਕਈ ਵਾਰ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਪਾਸ ਬੇਨਤੀਆਂ ਕਰਿਆ ਕਰਦੇ ਕਿ ਮਹਾਰਾਜ ਇਹ ਇੱਕ ਵਾਰ ਸਾਡੇ ਜਿਉਂਦਿਆਂ ਜਿਉਂਦਿਆਂ ਪਿੰਡ ਹੋ ਆਵੇ। ਆਪ ਜੀ ਸੰਤ ਜੀ ਮਹਾਰਾਜ ਦੀ ਆਗਿਆ ਮੰਨ ਕੇ ਆਪਣੇ ਪਿੰਡ ਗਏ। ਮਾਤਾ ਪਿਤਾ ਬੜੇ ਪ੍ਰਸੰਨ ਹੋਏ ਤੇ ਇਨ੍ਹਾਂ ਨੂੰ ਆਖਣ ਲੱਗੇ ਕਿ ਹੁਣ ਆਪ ਏਥੇ ਹੀ ਰਹੋ ਤਾਂਕਿ ਆਪ ਦੀ ਸ਼ਾਦੀ ਕਰ ਦੇਈਏ। ਆਪ ਜੀ ਨੇ ਉੱਤਰ ਦਿੱਤਾ ਕਿ ਇਹੋ ਹੀ ਅਸੀਸ ਬਖ਼ਸ਼ੋ ਕਿ ਸਾਡਾ ਜੀਵਨ ਗੁਰ ਚਰਨਾਂ ਨਾਲ ਨਿਭ ਜਾਵੇ। ਮੋਹ ਮਮਤਾ 'ਚ ਨਾ ਫਸਾਉ। ਉਸ ਵਕਤ ਇਸ ਤਰ੍ਹਾਂ ਦਾ ਦ੍ਰਿੜ ਵਿਸ਼ਵਾਸ਼ ਦੇਖ ਕੇ ਮਾਤਾ ਪਿਤਾ ਜੋ ਬੜੇ ਸਿਆਣੇ ਸਤਿਸੰਗੀ ਸਨ, ਉਨ੍ਹਾਂ ਨੇ ਜਾਣਿਆ ਕਿ ਇਹ ਕਰਮਾਂ ਦਾ ਬਲੀ ਹੈ, ਧੁਰੋਂ ਹੀ ਮਸਤਕ ਤੇ ਫ਼ਕੀਰੀ ਦਾ ਲੇਖ ਲਿਖਿਆ ਹੋਇਆ ਹੈ।

ਜਿਨ ਮਸਤਕਿ ਧੁਰਿ ਹਰਿ ਲਿਖਿਆ
ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥

(ਪੰਨਾ ੪੫੦)

ਖ਼ੁਸ਼ ਹੋ ਕੇ ਆਗਿਆ ਦਿੱਤੀ, "ਚੰਗਾ ਜਿਵੇਂ ਤੁਹਾਡੀ ਮਰਜ਼ੀ। ਪਰ ਬੱਚਾ! ਜੇਕਰ ਹੁਣ ਤੇਰਾ ਇਹੋ ਹੀ ਫੁਰਨਾ ਹੈ ਤਾਂ ਗੁਰੂ ਰਾਖਾ ਹੋਵੇ। ਪਰ ਦੇਖੀ ਕਿਤੇ ਫ਼ਕੀਰੀ ਨੂੰ ਦਾਗ ਨਾ ਲਾਵੀਂ। ਵਾਹਿਗੁਰੂ ਦਾ ਪਿਆਰਾ ਇੱਕੀ ਕੁਲਾਂ ਤਾਰ ਦਿੰਦਾ ਹੈ। ਤੁਹਾਡੀ ਬੰਦਗੀ ਸਾਡਾ ਵੀ ਭਲਾ ਕਰੇਗੀ।" ਇਉਂ ਮਾਤਾ ਪਿਤਾ ਦੀ ਖ਼ੁਸ਼ੀ ਲੈ ਕੇ ਜਦੋਂ ਆਪ ਗੁਰੂ ਚਰਨਾਂ ਵਿੱਚ ਪੁਜੇ। ਸ਼ਰਧਾ ਨਾਲ ਨਮਸਕਾਰ ਕੀਤੀ ਤਾਂ ਹਜ਼ੂਰ ਨੇ ਹੱਸ ਕੇ ਕਿਹਾ, "ਸਾਹਿਬ ਸਿੰਘ ਪੱਲਾ ਛੁਡਾਅ ਆਇਆ ਹੈਂ।" ਸੰਤਾਂ ਨੂੰ ਅੰਤਰਜ਼ਾਮੀ ਜਾਣ ਕੇ ਆਪ ਜੀ ਨੇ ਅਰਜ਼ ਕੀਤੀ, "ਦਾਤਾ! ਆਪ ਦੀ ਕ੍ਰਿਪਾ ਹੈ ਮੇਹਰ ਕਰੋ, ਚਰਨਾਂ ਦੀ ਸ਼ਰਨ ਬਖ਼ਸ਼ੋ।" ਉਸ ਸਮੇਂ ਬਾਬਾ ਜੀ ਨੇ ਪ੍ਰਸੰਨ ਹੋ ਕੇ ਸੀਸ ਤੇ ਹੱਥ ਰੱਖਿਆ ਤੇ ਬੜੇ ਵਰ ਦਿੱਤੇ। ਇਹ ਆਪ ਦਾ ਨਿਯਮ ਸੀ ਆਈ ਗਈ ਸੰਗਤ ਦੀ ਸੇਵਾ ਕਰਨੀ। ਦੋਵੇਂ ਵਕਤ ਗੁਰੂ ਦਰਬਾਰ ਵਿੱਚ ਕਥਾ ਕੀਰਤਨ ਸਮੇਂ ਹਾਜ਼ਰੀ ਭਰਨੀ। ਸਵੇਰੇ ਸਤਿਗੁਰਾਂ ਦਾ ਮੁਖਵਾਕ ਲੈ ਕੇ ਲੋਹਾਂ ਤਪਾਉਣੀਆਂ ਅਤੇ ਹਰ ਸਮੇਂ ਖਿੜੇ ਮੁਖ ਹੱਸਦਿਆਂ- ਹੱਸਦਿਆਂ ਰਹਿਣਾ। ਸਾਰਿਆਂ ਦੀ ਪ੍ਰਸੰਨਤਾ ਲੈਣੀ। ਕਦੇ ਵੀ ਕਿਸੇ ਦਾ ਮਨ ਨਾਰਾਜ਼ ਨਹੀਂ ਕੀਤਾ। ਗੁਰੂ ਕੀ ਸੇਵਾ ਨਾਲ ਆਪ ਜੀ ਦਾ ਅਤਿਅੰਤ ਹਿੱਤ ਸੀ।

ਇੱਕ ਵਾਰ ਦੀ ਗੱਲ ਹੈ ਕਿ 'ਬਖਸ਼ਾਲੀ' ਨਗਰ ਦੀ ਸੰਗਤ ਆਪ ਜੀ ਨੂੰ ਬੇਨਤੀ ਕਰਕੇ ਆਪਣੇ ਪਿੰਡ ਲੈ ਆਈ। ਭਾਵੇਂ ਇਨ੍ਹਾਂ ਪ੍ਰੇਮੀਆਂ ਨੇ ਆਪ ਦੀ ਬੜੀ ਭਾਵਨਾ ਨਾਲ ਸੇਵਾ ਕੀਤੀ। ਪਰ ਫਿਰ ਵੀ ਆਪ ਛੇਤੀ ਹੀ ਵਾਪਸ ਡੇਰੇ ਆ ਗਏ। ਪੁੱਛਣ ਤੇ ਉਨ੍ਹਾਂ ਨੂੰ ਕਿਹਾ ਕਿ, "ਸਾਡਾ ਤਾਂ ਏਥੇ ਮਨ ਨਹੀਂ ਲੱਗਦਾ। ਡੇਰੇ ਦੀ ਸੇਵਾ ਬਿਨਾਂ ਸਾਥੋ ਰਿਹਾ ਨਹੀਂ ਜਾਂਦਾ"। ਇਹ ਸੀ ਆਪ ਜੀ ਦਾ ਗੁਰੂ ਸੇਵਾ ਨਾਲ ਪਿਆਰ ਦਾ ਨਮੂਨਾ। ਜਦੋਂ ਬਾਬਾ ਰਾਮ ਸਿੰਘ ਜੀ ਤੋਂ ਬਾਅਦ ਵਿੱਚ ਸੰਤ ਮਾਝਾ ਜੀ ਵੱਡੀ ਗੱਦੀ ਤੇ ਬੈਠੇ ਤਾਂ ਸੰਗਤਾਂ ਨੇ ਆਪ ਜੀ ਨੂੰ ਛੋਟੀ ਗੱਦੀ ਤੇ ਅਸਥਾਪਨ ਕਰ ਦਿੱਤਾ। ਪਰ ਫਿਰ ਵੀ ਆਪ ਜੀ ਨੇ ਲੋਹ ਦੀ ਸੇਵਾ ਨਹੀਂ ਛੱਡੀ ਉਸੇ ਤਰ੍ਹਾਂ ਹੀ ਕਰਦੇ ਰਹੇ। ਜਦੋਂ ਪਾਕਿਸਤਾਨ ਬਣਿਆ ਤਾਂ ਹੋਤੀ ਡੇਰੇ ਦੇ ਸਾਰੇ ਸਾਧੂਆਂ ਨੂੰ ਲਿਆਉਣ ਵਾਸਤੇ ਗੌਰਮਿੰਟ ਵਲੋਂ ਹਵਾਈ ਜਹਾਜ਼ ਭੇਜਿਆ ਗਿਆ। ਜਿਸ ਵਿੱਚ ਡੇਰੇ ਦੇ

ਸਾਰੇ ਹੀ ੬੦ ਕੁ ਸਾਧੂ ਸਵਾਰ ਹੋ ਗਏ। ਉਸ ਸਮੇਂ ਸੰਤ ਮੰਡਲੀ ਸਮੇਤ ਅੰਬਾਲੇ ਆ ਉੱਤਰੇ ਅਤੇ ਗੱਡੀ ਬੈਠ ਕੇ ਸਾਰੇ ਹੀ ਦੋਰਾਹੇ ਆ ਉੱਤਰੇ। ਉਹਨੀਂ ਦਿਨੀਂ ਰਾਗੀ ਲਾਲ ਸਿੰਘ ਜੀ ਦੋਰਾਹੇ ਮੰਡੀ ਠਹਿਰੇ ਹੋਏ ਸਨ। ਜਦੋਂ ਪਤਾ ਲੱਗਾ ਤਾਂ ਰਾਤ ਦੇ ੯ ਵਜੇ ਇਨ੍ਹਾਂ ਨੇ ਸਟੇਸ਼ਨ ਤੇ ਪੁੱਜ ਕੇ ਨਮਸਕਾਰ ਕੀਤੀ ਤੇ ਆਪਣੇ ਪਾਸ ਲੈ ਆਏ। ਏਥੇ ਸਾਰੇ ਸਾਧੂ ਦੋ ਦਿਨ ਠਹਿਰੇ। ਫਿਰ ਰੇਰੂ ਸਾਹਿਬ ਗੁਰਦੁਆਰੇ ਆ ਗਏ ਜਿੱਥੇ ਆਪ ਤਿੰਨ ਕੁ ਸਾਲਾਂ ਦਾ ਸਮਾਂ ਰਹੇ। ਫਿਰ ਕਪੂਰਥਲੇ ਜ਼ਿਲ੍ਹੇ ਵਿੱਚ ਹੋਤੀ ਡੇਰੇ ਵਾਲੀ ਜ਼ਮੀਨ 'ਮਕਸੂਦ ਪੁਰ' ਅਲਾਟ ਹੋ ਗਈ। ਬਾਬਾ ਮਾਝਾ ਸਿੰਘ ਜੀ ਤੇ ਹੋਰ ਸਾਧੂ ਉੱਥੇ ਚਲੇ ਆਏ। ਪਰ ਬਾਬਾ ਸਾਹਿਬ ਸਿੰਘ ਜੀ ਨੌ ਸਾਲ ਰੇਰੂ ਸਾਹਿਬ ਹੀ ਟਿਕੇ ਰਹੇ। ਏਥੋਂ ਦਰਸ਼ਨ ਕਰਨ ਵਾਸਤੇ ਰਾੜੇ ਸਾਹਿਬ ਵੀ ਆਏ ਸਨ। ਅੰਤ ਸਮੇਂ ਸਰੀਰ ਨੂੰ ਕੁਝ ਅਧਰੰਗ ਦੀ ਸ਼ਿਕਾਇਤ ਹੋ ਗਈ। ਪਰ ਫਿਰ ਵੀ ਮਨ ਚੜ੍ਹਦੀਆਂ ਕਲਾਂ ਵਿੱਚ ਹੀ ਰਿਹਾ।

ਫੇਰ ਆਪ ਜੀ ਨੂੰ ਸੰਗਤ 'ਮਕਸੂਦ ਪੁਰ' ਲੈ ਆਈ। ਏਥੇ ਕੁਝ ਕੁ ਸਮਾਂ ਟਿਕ ਕੇ ਜੀਵਨ ਮੁਕਤੀ ਦਾ ਅਨੰਦ ਮਾਣਦੇ ਰਹੇ। ਉਪਰੰਤ ਆਪਣਾ ਅੰਤਮ ਸਮਾਂ ਜਾਣਕੇ ਸਰੀਰ ਤਿਆਗਣ ਤੋਂ ਚਾਰ ਦਿਨ ਪਹਿਲਾਂ ਵੱਡੇ ਸੰਤ ਬਾਬਾ ਮਾਝਾ ਸਿੰਘ ਜੀ ਨੂੰ ਆਪਣੇ ਪਾਸ ਬੁਲਾਇਆ। (ਜੋ ਉੱਪਰ ਚੁਬਾਰੇ ਵਿੱਚ ਰਹਿੰਦੇ ਸਨ) ਦੋਵੇਂ ਹੱਥ ਜੋੜ ਕੇ ਨਿੰਮ੍ਰਤਾ ਨਾਲ ਅਰਜ਼ ਕੀਤੀ, "ਮਹਾਂ ਪੁਰਸ਼ੋ! ਕਿਰਪਾ ਕਰਕੇ ਆਗਿਆ ਬਖ਼ਸ਼ੋ। ਹੁਣ ਪਰਮ ਪਿਤਾ ਦੀ ਗੋਦ ਦਾ ਨਿੱਘ ਮਾਣੀਏ। ਡੇਰੇ ਦੀ ਸੇਵਾ ਕਰਦਿਆਂ ਬੇਅੰਤ ਭੁੱਲਾਂ ਹੋਈਆਂ ਹਨ, ਉਨ੍ਹਾਂ ਦੀ ਮੁਆਫ਼ੀ ਬਖ਼ਸ਼ੋ"।

ਪਾਸ ਖੜ੍ਹੇ ਸੇਵਾਦਾਰਾਂ ਨੇ ਹੈਰਾਨ ਹੋ ਕੇ ਆਖਿਆ, "ਮਹਾਰਾਜ ਤੁਹਾਡਾ ਸਰੀਰ ਬਿਮਾਰ ਹੈ ਹੁਣ ਕਿਥੇ ਜਾਵੋਗੇ? ਅਸੀਂ ਇਹੋ ਜਿਹੀ ਹਾਲਤ ਵਿੱਚ ਕਿਤੇ ਨਹੀਂ ਜਾਣ ਦੇਣਾ। ਏਥੇ ਰੱਖ ਕੇ ਹੀ ਤੁਹਾਡੀ ਸੇਵਾ ਕਰਾਂਗੇ।" ਉਸ ਸਮੇਂ ਵੱਡੇ ਸੰਤ ਵੈਰਾਗ ਵਿੱਚ ਆ ਕੇ ਡੂੰਘੀਆਂ ਵਿਚਾਰਾਂ ਕਰਨ ਲੱਗ ਪਏ ਤਾਂ ਬਾਬੂ ਆਗਿਆ ਰਾਮ (ਜੋ ਬਾਬਾ ਆਇਆ ਸਿੰਘ ਜੀ ਦਾ ਸੇਵਕ ਤੇ ਚੰਗੀ ਸੂਝ ਵਾਲਾ ਗੁਰਮੁਖ ਸੀ ਉਹ ਵੀ ਪਠਾਣਕੋਟ ਤੋ ਡੇਰੇ ਆਇਆ ਹੋਇਆ ਸੀ) ਸੰਗਤ ਨੂੰ ਕਹਿਣ ਲੱਗਾ ਇਹ ਫ਼ਕੀਰਾਂ ਦੀਆਂ ਰਮਜ਼ਾਂ ਹਨ, ਹਰ ਇੱਕ ਨਹੀਂ ਸਮਝ ਸਕਦਾ। ਇਹ ਡੇਰੇ ਚੋਂ ਜਾਣ ਵਾਸਤੇ ਛੁੱਟੀ ਨਹੀਂ ਮੰਗ ਰਹੇ ਇਹ ਤਾਂ ਸਰੀਰ ਪਿੰਜ਼ਰੇ ਚੋਂ ਆਜ਼ਾਦ ਹੋਣ ਵਾਸਤੇ ਛੁੱਟੀ ਮੰਗ ਰਹੇ ਹਨ। ਉਸ ਸਮੇਂ ਵੱਡੇ ਸੰਤਾਂ ਨੇ ਵੈਰਾਗ ਵਿੱਚ ਆ ਕੇ ਸਜਲ ਨੇਤਰੀ ਅਰਜ਼ ਕੀਤੀ, "ਚੰਗਾ ਗੁਰਮੁਖ ਜੀ! ਜੇਕਰ ਤੁਸੀਂ ਵੀ ਸਾਨੂੰ ਵਿਛੋੜਾ ਦੇਣਾ ਚਹੁੰਦੇ ਹੋ ਤਾਂ ਸਾਡਾ ਕੀ ਜ਼ੋਰ ਚੱਲ ਸਕਦਾ ਹੈ ਆਪ ਸੁਤੰਤਰ ਹੋ।"

ਅੰਤ ਸੰਨ ੧੯੬੦ ਈ: ਨੂੰ ਅੱਸੂ ਦੀ ੨੮ ਵਾਲਾ ਬਾਬਾ ਆਇਆ ਸਿੰਘ ਜੀ ਦਾ ਜੋੜ ਮੇਲਾ ਸਮਾਪਤ ਕਰਕੇ ਆਪ 'ਮਕਸੂਦ ਪੁਰ' ਜੋਤੀ ਜੋਤ ਸਮਾ ਗਏ। ਪਿੱਛੋਂ ਸੰਗਤ ਨੇ ਹੋਤੀ ਡੇਰੇ ਦੀ ਮਰਿਯਾਦਾ ਅਨੁਸਾਰ ਆਪ ਜੀ ਦਾ ਸਰੀਰ ਬਿਆਸ ਦਰਿਆ ਵਿੱਚ ਜਲ ਪ੍ਰਵਾਹ ਕਰਕੇ ਪਿੱਛੋਂ ਭੰਡਾਰਾ ਕੀਤਾ।[੧੯]

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥

(ਪੰਨਾ ੨੭੮)

ਤਥਾ: *ਧਨ ਪੁਰਖ ਐਸੇ ਜਗ ਮਾਹੀ।*
*ਮਨ ਵਿਕਾਰ ਜਿਨ ਪਰਸਿਓ ਨਾਹੀ।*

---

[੧੯] ਆਪ ਜੀ ਦੇ ਸ਼ਿਸ ਸ੍ਰੀ ਮਾਨ ਨਿਰਮਲ ਭੇਖ ਰਤਨ 'ਨਿਰਮਲ ਉਦੇਸ਼' ਦੇ ਐਡੀਟਰ ਵੈਦ ਰਾਜ, ਸੰਤ ਹਰੀ ਸਿੰਘ ਜੀ (ਗਲੀ ਬਾਗ਼ ਵਾਲੀ ਚੌਕ ਬਾਬਾ ਅਟੱਲ ਅੰਮ੍ਰਿਤਸਰ) ਦੇ ਵੱਡੇ ਭਰਾ ਉਤਮ ਸਿੰਘ ਜੀ ਰੇਰੂ ਸਾਹਿਬ ਰਹਿੰਦੇ ਰਹੇ ਅਤੇ ਸੰਤ ਦਿਆਲ ਸਿੰਘ ਜੀ ਤੇ ਸ਼ਿਵ ਸਿੰਘ ਜੀ ਅਤੇ ਝੀਲ 'ਕੁਰਜਾ' ਦਿੱਲੀ ਵਾਲੇ ਸੰਤ ਕੁਲਤਾਰ ਸਿੰਘ ਜੀ ਤਿੰਨ ਹੋਰ ਸੇਵਕ ਹਨ।

# ਬਾਬਾ ਸੁੱਚਾ ਸਿੰਘ ਜੀ ਦੀ ਅਲੌਕਿਕ ਜੀਵਨੀ

ਪਟਿਆਲੇ ਤੋਂ ਸੁਨਾਮ ਹੋ ਕੇ ਬਠਿੰਡੇ ਜਾਣ ਵਾਲੀ ਪੱਕੀ ਸੜਕ ਤੇ ਭੀਖੀ ਨਾਮ ਦਾ ਇੱਕ ਵੱਡਾ ਕਸਬਾ ਹੈ। ਇਹ ਪਿੰਡ ਤਹਿਸੀਲ ਮਾਨਸਾ ਤੋਂ ਸੁਨਾਮ ਵੱਲ ਨੂੰ ਜਾਂਦਿਆਂ ਨਜਦੀਕ ਹੀ ਪੈਂਦਾ ਹੈ। ਕਈ ਪਿੰਡਾਂ ਦੀ ਹਿਫ਼ਾਜ਼ਤ ਵਾਸਤੇ ਇੱਥੋਂ ਦਾ ਖ਼ਾਸ ਥਾਣਾ ਵੀ ਹੈ। ਇਸ ਜਗ੍ਹਾ ਤੋਂ ਇੱਕ ਪੱਕੀ ਸੜਕ ਬੁਢਲਾਡੇ ਨੂੰ ਜਾਂਦੀ ਹੈ। ਇੱਕ ਧਨੌਲੇ ਨੂੰ ਜਾਂਦੀ ਹੋਈ ਇਹ ਉਸ ਨੂੰ ਮੇਲਦੀ ਹੈ। ਜੋ ਪਟਿਆਲਾ ਸੰਗਰੂਰ ਤੋਂ ਆ ਕੇ ਬਰਨਾਲਾ ਹੋ ਕੇ ਅੱਗੇ ਮੋਗਾ ਅੰਮ੍ਰਿਤਸਰ ਪਹੁੰਚਦੀ ਹੈ। ਇਸ ਨੂੰ ਸ਼ਾਹਾਂ ਦੀ ਭੀਖੀ ਵੀ ਆਖਦੇ ਹਨ। ਕਿਉਂਕਿ ਇੱਥੋਂ ਦੇ ਸ਼ਾਹ ਬੜੇ ਮਸ਼ਹੂਰ ਸਨ।

ਕਿਸੇ ਸਮੇਂ ਏਥੋਂ ਦਾ ਸ਼ਾਹ ਪਹਿਲਾਂ ਇਸ ਨੂੰ ਆਪਣੀ ਰਿਆਸਤ ਵੀ ਬਣਾ ਚੁੱਕਿਆ ਹੈ। ਪਰ ਅੰਗਰੇਜ਼ੀ ਰਾਜ ਦੇ ਵਕਤ ਇਹ ਨਗਰ ਪਟਿਆਲੇ ਦੇ ਅਧੀਨ ਹੋ ਗਿਆ। ਦਾਸ ਦਾ 'ਭੈਣੀ ਬਾਘਾ' ਨਗਰ ਵੀ ਏਥੋਂ ਅੱਠ ਕੁ ਮੀਲਾਂ ਦੇ ਫਾਸਲੇ ਤੇ ਨਜ਼ਦੀਕ ਹੀ ਪੈਂਦਾ ਹੈ। ਭਾਵੇਂ ਜੰਗਲ ਹੋਣ ਕਰਕੇ ਪਹਿਲਾਂ ਇਹ ਰੇਗਿਸਤਾਨੀ ਇਲਾਕਾ ਹੀ ਮੰਨਿਆ ਜਾਂਦਾ ਸੀ। ਪਰ ਕਲਗੀਆਂ ਵਾਲੇ ਸਤਿਗੁਰਾਂ ਨੇ 'ਸਾਬੋ ਕੀ ਤਲਵੰਡੀ' (ਦਮਦਮਾ ਸਾਹਿਬ) ਆਪਣੇ ਚਰਨ ਪਾ ਕੇ ਇਸ ਧਰਤੀ ਨੂੰ ਵਰਾਂ ਨਾਲ ਮਾਲੋ-ਮਾਲ ਕਰ ਦਿੱਤਾ। ਇਸ ਦਾ ਨਾਮ ਮਾਲਵਾ ਰੱਖਿਆ। ਹੁਣ ਤਾਂ ਨਹਿਰਾਂ ਤੇ ਖੂਹਾਂ ਦੇ ਖੁਲ੍ਹੇ ਪਾਣੀ ਨੇ ਇਸ ਦੇਸ਼ ਨੂੰ 'ਸਰਸਬਜ਼' ਬਣਾ ਦਿੱਤਾ ਹੈ। ਅੱਜ ਕੱਲ੍ਹ ਇਸ ਵਿੱਚ ਬੜੀਆਂ ਫਸਲਾਂ ਹੁੰਦੀਆਂ ਹਨ।

ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਤੋਂ ਆਉਂਦਿਆਂ ਹੋਇਆਂ ਮਾਲਵੇ ਦੇ ਦੌਰੇ ਸਮੇਂ ਨੌਵੇਂ ਪਾਤਸ਼ਾਹ ਜੀ ਨੇ ਵੀ ਇਸ ਭੀਖੀ ਨਗਰ ਵਿੱਚ ਆਪਣੇ ਪਾਵਨ ਚਰਨ ਪਾਏ। ਏਥੋਂ ਦੇ ਚੌਧਰੀ ਦੇਸੂ ਨੂੰ (ਜੋ ਸਖੀ ਸਰਵਰ ਦਾ ਪੁਜਾਰੀ ਸੀ) ਪੰਜ ਤੀਰਾਂ ਦੀ ਬਖ਼ਸ਼ਿਸ਼ ਕੀਤੀ। ਜਿਨ੍ਹਾਂ ਦੁਆਰਾ ਪੰਜ ਬੀਰ ਇਸ ਦੇ ਤਾਬਿਆ ਕਰਕੇ ਸਿੱਖੀ ਦੀ ਦਾਤ ਬਖ਼ਸ਼ੀ ਸੀ। ਪਰ ਉਹ ਮੰਦ ਭਾਗਾ ਇਸ ਗੁਰੂ ਕੀ ਬਖ਼ਸ਼ਿਸ਼ ਤੋਂ ਵਾਂਝਿਆ ਹੀ ਰਹਿ ਗਿਆ ਅਤੇ ਕੋਈ ਲਾਭ ਨਾ ਉਠਾ ਸਕਿਆ।

ਏਥੇ ਇੱਕ ਗੁੱਦੜ ਸ਼ਾਹ ਨਾਮੇ ਮੁਸਲਮਾਨ ਫ਼ਕੀਰ ਦੀ ਜਗ੍ਹਾ ਵੀ ਬਣੀ ਹੋਈ ਹੈ। ਜਿਸ ਦੇ ਅਸਥਾਨ ਤੇ ਹਰ ਸਾਲ ਮਾਘ ਦੇ ਮਹੀਨੇ ਬੜਾ ਭਾਰੀ ਮੇਲਾ ਲੱਗਦਾ ਹੈ। ਇਸੇ ਹੀ ਨਗਰ ਦਾ ਇੱਕ ਪੂਰਨ ਬ੍ਰਹਮ ਗਿਆਨੀ ਮਹਾਪੁਰਸ਼ ਪ੍ਰੇਮ ਦਾਸ ਨਾਮ ਕਰਕੇ ਪਟਿਆਲੇ ਰਹਿੰਦਾ ਸੀ। ਜੋ ਬੜਾ ਹੀ ਮਸ਼ਹੂਰ ਵਿਅਕਤੀ ਸੀ। ਇਉਂ ਇਹ ਮਾਲਵੇ ਦੇਸ਼ ਦੇ ਬਠਿੰਡੇ ਜ਼ਿਲ੍ਹੇ ਵਿੱਚ ਚੰਗਾ ਮਸ਼ਹੂਰ ਕਸਬਾ ਹੈ।

ਏਥੇ ਇੱਕ 'ਚੈਹਿਲ' ਗੋਤ ਦਾ ਜੱਟ ਘਰਾਣਾ ਕਈ ਪੁਸ਼ਤਾਂ ਤੋਂ ਰਿਹਾਇਸ਼ ਰਖਦਾ ਹੋਇਆ ਖੇਤੀ ਬਾੜੀ ਦਾ ਕੰਮ ਕਰਦਾ ਸੀ। ਜਿਸ ਨੂੰ ਉਸ ਸਮੇਂ ਪਟਿਆਲਾ ਸਰਕਾਰ ਵਲੋਂ ਨੰਬਰਦਾਰੀ ਦਾ ਖਿਤਾਬ ਵੀ ਹਾਸਲ ਸੀ। ਇਸੇ ਖ਼ਾਨਦਾਨ ਵਿੱਚ ਦਸੌਂਧਾ ਸਿੰਘ ਨਾਮ ਦਾ ਬਜ਼ੁਰਗ ਹੋਇਆ ਹੈ। ਅੱਗੇ ਇਸ ਦੇ ਪੰਜ ਪੁੱਤਰਾਂ ਵਿੱਚੋਂ[20] ਬਾਬਾ ਸੁੱਚਾ ਸਿੰਘ ਜੀ ਸਭ ਤੋਂ ਛੋਟੇ ਸਨ। ਮਾਲਵੇ ਦੇਸ਼ ਦੀਆਂ ਖੁਲ੍ਹੀਆਂ ਖੁਰਾਕਾ ਖਾਣ ਕਰਕੇ ਬਾਲਕ ਅਵਸਥਾ ਵਿੱਚ ਹੀ ਸਰੀਰ ਬੜਾ ਚੰਗਾ ਡੀਲ ਡੌਲ ਵਾਲਾ ਸੀ। ਭਰਵਾਂ ਕੱਦ ਹੋਣ ਕਰਕੇ ਵੇਖਣ ਵਾਲਿਆਂ ਦਾ ਮਨ ਬੜਾ ਪ੍ਰਸੰਨ ਹੁੰਦਾ। ਜਦੋਂ ਪਿਛਲੇ ਜਨਮਾਂ ਦੀ ਭਗਤੀ ਦੇ ਸੰਸਕਾਰ ਹਿਰਦੇ ਵਿੱਚੋਂ ਉਦੈ ਹੋਣ ਦਾ ਸਮਾਂ ਆਇਆ ਤਾਂ ਇਨ੍ਹਾਂ ਦਾ ਇੱਕ ਗਵਾਂਢੀ ਜੋ ਫੌਜ ਵਿੱਚ ਸੂਬੇਦਾਰ ਸੀ ਆਪਣੇ ਪਿੰਡ ਛੁੱਟੀ ਆਇਆ ਤੇ ਜਾਣ ਸਮੇਂ ਦਸੌਂਧਾ ਸਿੰਘ ਨੂੰ ਕਿਹਾ, "ਨੰਬਰਦਾਰਾ! ਤੇਰੇ ਪੰਜੇ ਪੁੱਤਰ ਸ਼ੇਰਾਂ ਵਰਗੇ ਜੁਆਨ ਹਨ। ਦੇਖ ਸਾਰਿਆਂ ਤੇ ਕਿਹੋ ਜਿਹੀ ਸੁੰਦਰ ਜਵਾਨੀ ਡੁਲ੍ਹ-ਡੁਲ੍ਹ ਪੈਂਦੀ ਹੈ। ਇਨ੍ਹਾਂ ਨੂੰ ਫੌਜ ਵਿੱਚ ਭਰਤੀ ਕਰਵਾ ਦੇ ਮੌਜ ਕਰਨਗੇ, ਏਥੇ ਵੀ ਵਿਹਲੇ ਹੀ ਫਿਰਦੇ ਹਨ। ਜ਼ਮੀਨ ਤਾਂ ਤੁਸੀਂ ਸਾਰੀ ਹਿੱਸੇ ਵਟਾਈ ਤੇ ਹੀ ਦੇ ਦਿੰਦੇ ਹੋ। ਡੰਗਰ ਪਸ਼ੂ ਚਾਰਨ ਤੇ ਪਾਲੀ ਰੱਖਿਆ ਹੋਇਆ ਹੈ। ਜੇ ਇਹ ਨੌਕਰ ਹੋ ਜਾਣ ਤਾਂ ਸਰਕਾਰ ਦੇ ਘਰੋਂ ਕੁਝ ਲੈ ਕੇ ਹੀ ਆਉਣਗੇ।"

ਨੰਬਰਦਾਰ ਨੇ ਅਖਿਆ, "ਸੂਬੇਦਾਰਾ! ਇਨ੍ਹਾਂ ਦੀ ਮਰਜ਼ੀ ਹੈ ਮੈਂ ਤਾਂ ਆਪਣੇ ਵਲੋਂ ਕਿਸੇ ਨੂੰ ਕੁਝ ਨਹੀਂ ਕਹਿੰਦਾ। ਘਰ ਵਿੱਚ ਕਿਹੜਾ ਕਿਸੇ ਚੀਜ਼ ਦਾ ਘਾਟਾ ਹੈ ਬਥੇਰਾ ਦਾਤੇ ਦਾ ਬਖ਼ਸ਼ਿਆ ਪਦਾਰਥ ਹੈ। ਘਰ ਦਾ ਦੁੱਧ ਘਿਉ

---

[20] ਮਾਤਾ ਜੀ ਦਾ ਨਾਮ ਜਿਉਣ ਕੌਰ ਸੀ। ਜੋ 'ਮੂਸੇ' ਪਿੰਡ ਤੋਂ ਸਰਦਾਰ ਘਰਾਣੇ ਦੀ ਸਿੱਖ ਬੱਚੀ ਸੀ। ਆਪ ਜੀ ਦੇ ਚਾਰ ਭਰਾ ਹੋਰ ਸਨ। ਇੱਕ ਛੋਟੀ ਭੈਣ ਵੀ ਸੀ। ਜੋ 'ਬੋੜਾ ਵਾਲ' ਨਗਰ ਸ:ਬਖਤੌਰ ਸਿੰਘ ਨੂੰ ਵਿਆਹੀ ਹੋਈ ਸੀ। ਨੌਕਰੀ ਕਰਦਿਆਂ ਆਪ ਜੀ ਦੀ 'ਖੁਟਿਆਲ' ਨਗਰ ਸ਼ਾਦੀ ਹੋਈ ਸੀ। ਘਰ ਵਾਲੀ ਦਾ ਨਾਮ ਜੈ ਕੌਰ ਸੀ। ਜਿਸ ਤੋਂ ਇੱਕ ਬੱਚੇ ਦਾ ਵੀ ਜਨਮ ਹੋਇਆ। ਪਰ ਥੋੜ੍ਹੇ ਸਮੇਂ ਦੇ ਅੰਦਰ-ਅੰਦਰ ਹੀ ਦੋਵੇਂ ਮਾਂ ਪੁੱਤਰ ਗੁਰ ਪੁਰੀ ਪਿਆਨਾ ਕਰ ਗਏ। ਫਿਰ ਆਪ ਨੂੰ ਪੂਰਨ ਵੈਰਾਗ ਹੋ ਗਿਆ ਅਤੇ ਆਪ ਬਾਹਰ ਹੀ ਰਹੇ।

ਖੁੱਲ੍ਹਾ ਹੈ। ਖੁਰਾਕਾਂ ਖਾਂਦੇ ਵਰਜਸ਼ਾਂ ਕਰਦੇ ਹਨ। ਆਪਣੀ ਘਰ ਦੀ ਜ਼ਮੀਨ ਬਥੇਰੀ ਹੈ। ਕੰਮ ਕਰਨ ਤਾਂ ਉਹੋ ਹੀ ਨਹੀਂ ਮੁਕਦੀ। ਕਿਸ ਵਾਸਤੇ ਘਰ ਬਾਰ ਛਡਕੇ ਪਰਦੇਸਾਂ ਵਿੱਚ ਘੁੰਮਣਾ ਤੇ ਬੇਗਾਨਿਆਂ ਦੀ ਹਕੂਮਤ ਹੇਠਾਂ ਰਹਿਣਾ ਹੈ। ਫੌਜੀਆ! ਵੱਡੇ ਤਾਂ ਕੁਝ ਸਿਆਣੇ ਹੋ ਗਏ ਹਨ। ਉਹ ਤਾਂ ਆਪੋ ਆਪਣਾ ਕੰਮ ਸੰਭਾਲ ਲੈਣਗੇ ਪਰ ਮੈਨੂੰ ਤਾਂ ਸਭ ਤੋਂ ਛੋਟੇ ਸੁੱਚਾ ਸਿੰਘ ਦੀ ਫ਼ਿਕਰ ਹੈ। ਨਾ ਤਾਂ ਇਹ ਕਿਸੇ ਘਰ ਦੇ ਕੰਮ ਨੂੰ ਹੀ ਹੱਥ ਲਾਉਂਦਾ ਹੈ ਨਾ ਕਦੀ ਇਸਨੇ ਪੜ੍ਹਾਈ ਵੱਲ ਹੀ ਧਿਆਨ ਦਿੱਤਾ ਹੈ। ਐਵੇਂ ਵਿਹਲੇ ਮੁੰਡਿਆਂ ਨਾਲ ਸਾਰਾ-ਸਾਰਾ ਦਿਨ ਤੁਰਿਆ ਫਿਰਦਾ ਹੈ। ਇਸ ਨੂੰ ਪੁੱਛ ਲੈ ਜੇ ਤੇਰੇ ਨਾਲ ਜਾਂਦਾ ਹੈ ਤਾਂ ਲੈ ਜਾਹ।"

ਉਸ ਸਮੇਂ ਬਾਬਾ ਜੀ ਦੀ ਉਮਰ ਚੌਦਾਂ ਸਾਲਾਂ ਦੀ ਸੀ। ਸੂਬੇਦਾਰ ਨੇ ਇਨ੍ਹਾਂ ਨੂੰ ਪਾਸ ਬੁਲਾਅ ਕੇ ਆਖਿਆ, "ਕਾਕਾ! ਜੇ ਤੂੰ ਕਹੇ ਤਾਂ ਤੈਨੂੰ ਨੌਕਰ ਕਰਵਾ ਦੇਵਾਂ। ਤੂੰ ਮੇਰੇ ਨਾਲ ਚੱਲ ਏਥੇ ਵੀ ਤਾਂ ਵਿਹਲਾ ਹੀ ਫਿਰਦਾ ਹੈਂ। ਮੈਂ ਤੇਰੇ ਬਾਪ ਨੂੰ ਤਾਂ ਪੁੱਛ ਲਿਆ ਹੈ।" ਇਨ੍ਹਾਂ ਨੇ ਕਿਹਾ, "ਤਾਇਆ! ਫੌਜ ਦੀ ਨੌਕਰੀ ਕਰਨ ਨੂੰ ਤਾਂ ਮੇਰਾ ਵੀ ਬਹੁਤ ਦਿਲ ਕਰਦਾ ਹੈ ਪਰ ਅਜੇ ਤਾਂ ਮੇਰੀ ਉਮਰ ਘੱਟ ਹੈ। ਕਹਿੰਦੇ ਨੇ ਅਠਾਰਾਂ ਵੀਹ ਸਾਲਾਂ ਤੋਂ ਘੱਟ ਉਹ ਨਹੀਂ ਰੱਖਦੇ।" ਇਨ੍ਹਾਂ ਦੇ ਭੋਲੇ ਭਾਲੇ ਬਚਨ ਸੁਣ ਕੇ ਸੂਬੇਦਾਰ ਹੱਸਿਆ ਤੇ ਆਖਿਆ, "ਤੂੰ ਇਸ ਗੱਲ ਦਾ ਤਾਂ ਫ਼ਿਕਰ ਨਾ ਕਰ। ਚੱਲ ਮੇਰੇ ਨਾਲ ਤਿਆਰ ਹੋ ਜਾਹ। ਭਾਵੇਂ ਤੇਰੀ ਉਮਰ ਤਾਂ ਘੱਟ ਹੈ ਪਰ ਤੇਰਾ ਸਰੀਰ ਨਹੀਂ ਦੱਸਦਾ ਕਿ ਤੂੰ ਘੱਟ ਉਮਰ ਦਾ ਹੈ। ਭਰਤੀ ਕਰਨ ਵਾਲਾ ਅਫਸਰ ਮੇਰਾ ਵਾਕਫ਼ ਹੈ ਮੈਂ ਉਸ ਨੂੰ ਕਹਿਕੇ ਤੇਰੀ ਆਠਾਰਾਂ ਸਾਲਾਂ ਦੀ ਉਮਰ ਲਿਖਵਾ ਦੇਵਾਂਗਾ।"

ਬਾਬਾ ਜੀ ਬੜੇ ਪ੍ਰਸੰਨ ਹੋਏ। ਉਸ ਸਮੇਂ ਤਿਆਰ ਹੋ ਕੇ ਸੂਬੇਦਾਰ ਨਾਲ ਚੱਲ ਪਏ। ਆਠਾਰਾਂ ਸਾਲਾਂ ਦੀ ਉਮਰ ਲਿਖਵਾ ਕੇ ਸੂਬੇਦਾਰ ਨੇ ਇਨ੍ਹਾਂ ਨੂੰ ਛਾਉਣੀ ਵਿੱਚ ਭਰਤੀ ਕਰਵਾ ਦਿੱਤਾ। ਸਰੀਰ ਦਾ ਕੱਦ ਕਾਠ ਦੇਖ ਕੇ ਭਰਤੀ ਅਫਸਰ ਬੜਾ ਖ਼ੁਸ਼ ਹੋਇਆ। ਸੋਚਿਆ ਛੇਤੀ ਹੀ ਰੰਗਰੁਟੀ ਕਰ ਜਾਵੇਗਾ। ਚੰਗੇ ਸੁਭਾਉ ਦੇ ਸਦਕੇ ਸਾਰੇ ਫੌਜੀਆਂ ਨਾਲ ਵਾਕਫ਼ੀ ਪਾ ਲਈ ਤੇ ਮਿਲਾਪੀ ਕਰ ਲਏ। ਸਮਾਂ ਲੰਘਦਿਆਂ ਦੇਰ ਨਹੀਂ ਲਗਦੀ। ਇੱਕ ਦਿਨ ਇਸੇ ਪਲਟਨ ਦੇ ਜਮਾਂਦਾਰ ਨੇ ਬਾਬਾ ਸੁੱਚਾ ਸਿੰਘ ਜੀ ਨੂੰ ਪੀਣ ਵਾਸਤੇ ਪਾਣੀ ਲਿਆਉਣ ਵਾਸਤੇ ਕਿਹਾ। ਇਨ੍ਹਾਂ ਨੇ ਆਪਣੇ ਅਫਸਰ ਦਾ ਹੁਕਮ ਮੰਨ ਕੇ ਉਸੇ ਸਮੇਂ ਬਰਤਨ ਚੁੱਕ ਲਿਆ ਤੇ ਪਾਣੀ ਲੈਣ ਵਾਸਤੇ ਤੁਰ ਪਏ। ਅਜੇ ਥੋੜ੍ਹੀ ਹੀ ਦੂਰ ਗਏ ਸਨ ਕਿ ਜਮਾਂਦਾਰ ਨੇ ਆਪਣੇ ਮਨ ਵਿੱਚ ਖ਼ਿਆਲ ਕਰਕੇ ਇਨ੍ਹਾਂ ਨੂੰ ਆਵਾਜ਼ ਮਾਰੀ, ਕਿ ਸੁੱਚਾ ਸਿੰਘ ਉਰੇ ਆ ਗੱਲ ਸੁਣ। ਜਦੋਂ ਆਪ ਜੀ ਵਾਪਸ ਆਏ ਤਾਂ ਪੁਛਿਆ, "ਬਈ! ਇਹ ਤਾਂ ਦੱਸ ਤੂੰ ਗੁਰੂ ਧਾਰਨ ਕੀਤਾ ਹੈ ਕਿ ਅਜੇ ਨਿਗੁਰਾ ਹੀ ਹੈਂ?" ਇਹ ਗੱਲ ਸੁਣਕੇ ਬਾਬਾ ਜੀ ਚੁੱਪ ਕਰ ਗਏ ਤੇ ਸੋਚੀਂ ਪੈ ਗਏ ਕਿ ਇਹ ਗੱਲ ਇਨ੍ਹਾਂ ਨੇ ਕੀ ਆਖੀ ਗੁਰੂ ਕੀ ਹੁੰਦਾ ਹੈ ਮੈਂ ਤਾਂ ਜਾਣਦਾ ਹੀ ਨਹੀਂ।

ਜਮਾਂਦਾਰ ਨੇ ਫਿਰ ਕਿਹਾ, "ਸੁੱਚਾ ਸਿੰਘ ਤੂੰ ਬੋਲਦਾ ਕਿਉ ਨਹੀਂ?" ਇਨ੍ਹਾਂ ਨੇ ਅਰਜ਼ ਕੀਤੀ, "ਸਾਹਬ! ਮੈਨੂੰ ਤਾਂ ਪਤਾ ਹੀ ਨਹੀਂ ਕਿ ਗੁਰੂ ਕੀ ਹੁੰਦਾ ਹੈ? ਮੈਂ ਤਾਂ ਅਜੇ ਤੱਕ ਕਿਸੇ ਨੂੰ ਗੁਰੂ ਬਣਾਇਆ ਹੀ ਨਹੀਂ।" ਫਿਰ ਜਮਾਂਦਾਰ ਨੇ ਕਿਹਾ, "ਫਿਰ ਤੂੰ ਮੇਰੇ ਵਾਸਤੇ ਪਾਣੀ ਨਾ ਲੈ ਕੇ ਆਵੀਂ ਤੂੰ ਤਾਂ ਨਿਗੁਰਾ ਹੈ। ਤੇਰੇ ਹੱਥੋਂ ਪਾਣੀ ਪੀਣਾ ਮਹਾਂ ਪਾਪ ਹੈ।"

ਇਹ ਜਮਾਂਦਾਰ ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲਿਆਂ ਦਾ ਸੇਵਕ ਸੀ ਅਤੇ ਇਸ ਨੂੰ ਇਸ ਗੱਲ ਦਾ ਪਤਾ ਸੀ ਕਿ ਨਿਗੁਰੇ ਦੇ ਹੱਥ ਦਾ ਪਾਣੀ ਪੀਣਾ ਸ਼ਰਾਬ ਪੀਣ ਦੇ ਬਰਾਬਰ ਹੈ। ਉਸ ਦੇ ਹੱਥ ਨਾਲ ਛੂਹੀ ਹੋਈ ਚੀਜ਼ ਅਪਵਿੱਤਰ ਹੋ ਜਾਂਦੀ ਹੈ। ਇਹ ਸੰਸਕਾਰ ਉਸ ਦੇ ਅੰਦਰ ਪੱਕੇ ਬੈਠੇ ਹੋਏ ਸਨ। ਬਰਤਨ ਫੜ ਕੇ ਇੱਕ ਹੋਰ ਸਿਪਾਹੀ ਨੂੰ ਭੇਜ ਦਿੱਤਾ ਤੇ ਉਸ ਤੋਂ ਮੰਗਵਾਕੇ ਪਾਣੀ ਪੀ ਲਿਆ। ਇਹ ਕੌਤਕ ਦੇਖ ਕੇ ਬਾਬਾ ਸੁੱਚਾ ਸਿਘ ਜੀ ਬੜੇ ਹੈਰਾਨ ਹੋਏ। ਆਪਣੇ ਮਨ ਅੰਦਰ ਮਹਿਸੂਸ ਕਰਨ ਲੱਗੇ ਕਿ ਗੁਰੂ ਹੀਣਾ ਪੁਰਸ਼ ਇਤਨਾਂ ਦੋਸ਼ੀ ਤੇ ਗੁਨਾਹੀ ਹੁੰਦਾ ਹੈ। ਪਰ ਉਹ ਗੁਰੂ ਕਿਹੋ ਜਿਹਾ ਹੁੰਦਾ ਹੈ। ਜਿਸ ਨੂੰ ਧਾਰਨ ਕਰਕੇ ਮਨੁੱਖ ਪਾਪੀ ਤੋਂ ਪਵਿੱਤਰ ਬਣ ਜਾਂਦਾ ਹੈ। ਇਉਂ ਵਿਚਾਰਾਂ ਕਰਦੇ ਹਨ। ਹੋਰ ਵੀ ਫੌਜੀ ਜੋ ਬਾਬਾ ਕਰਮ ਸਿੰਘ ਜੀ ਤੋਂ ਵਰੋਸਾਏ ਸਨ। ਆਪਸ ਵਿੱਚ ਮਿਲਕੇ ਬਾਬਾ ਸੁੱਚਾ ਸਿੰਘ ਨੂੰ ਆਪਣਾ ਸਾਥੀ ਜਾਣ ਕੇ ਸਾਰੇ ਹੀ ਮਖ਼ੌਲ ਵਿੱਚ ਆਖਿਆ ਕਰਨ, "ਬਈ! ਸੁੱਚਾ ਸਿੰਘ ਅਸੀਂ ਤਾਂ ਆਪ ਨਹੀਂ ਤੇਰੇ ਹੱਥੋਂ ਪਾਣੀ ਪੀਣਾ ਤੂੰ ਸਾਡੀ ਕਿਸੇ ਵੀ ਚੀਜ਼ ਨੂੰ ਹੱਥ ਨਾ ਲਾਇਆ ਕਰ ਭਿੱਟ ਦੇਵੇਂਗਾ। ਫਿਰ ਸਾਨੂੰ ਬਾਹਰ ਸੁੱਟਣੀ ਪਵੇਗੀ।"

ਭਾਵੇਂ ਇਹ ਗੱਲਾਂ ਹੋਰ ਫੌਜੀ ਤਾਂ ਹਾਸ ਬਿਲਾਸ ਵਿੱਚ ਸਾਧਾਰਨ ਜਿਹੀਆਂ ਕਰਦੇ ਪਰ ਆਪ ਜੀ ਦੇ ਸਾਫ਼ ਮਨ ਤੇ ਬੜਾ ਗਹਿਰਾ ਅਸਰ ਹੁੰਦਾ ਕਿ ਨਿਗੁਰਾ ਪੁਰਸ਼ ਇਤਨਾ ਮਾੜਾ ਹੈ। ਅਖ਼ੀਰ ਨੂੰ ਆਪ ਇੱਕ ਦਿਨ ਜਮਾਂਦਾਰ ਪਾਸ ਆ ਕੇ ਰੋ ਪਏ ਕਿ ਮੈਨੂੰ ਸਾਰੇ ਹੀ ਸਿਪਾਹੀ ਮਖ਼ੌਲ ਕਰਦੇ ਹਨ। ਜਮਾਂਦਾਰ ਬੜਾ ਸਿਆਣਾ, ਸੰਤਾਂ ਦਾ ਸਤਿਸੰਗੀ ਤੇ ਪ੍ਰੇਮੀ ਸਿੰਘ ਸੀ। ਇਨ੍ਹਾਂ ਨੂੰ ਧੀਰਜ ਦਿੱਤਾ ਤੇ ਆਖਿਆ, "ਮੈਂ ਤੈਨੂੰ ਹੋਤੀ ਮਰਦਾਨ ਵਾਲੇ ਸੰਤਾਂ ਪਾਸ ਲੈ ਕੇ ਚੱਲਾਂਗਾ। ਉਨ੍ਹਾਂ ਤੋਂ ਉਪਦੇਸ਼ ਦਿਵਾਵਾਂਗਾ"। ਫਿਰ ਉਸ ਦਿਨ ਤੋਂ ਸਾਰੇ ਫੌਜੀਆਂ ਨੂੰ ਮਖ਼ੌਲ ਕਰਨ ਤੋਂ ਰੋਕ ਦਿੱਤਾ।

ਕੁਝ ਕੁ ਸਮੇਂ ਤੋਂ ਬਾਅਦ ਇਨ੍ਹਾਂ ਦੀ ਪਲਟਨ ਨੁਸ਼ਹਿਰਾ ਛਾਉਣੀ ਗਈ ਤਾਂ ਬਾਬਾ ਸੁੱਚਾ ਸਿੰਘ ਜੀ ਨੇ ਆਪਣੇ ਜਮਾਂਦਾਰ ਨੂੰ ਆਖਿਆ ਕਿ ਮੈਨੂੰ ਤਾਂ ਉਸ ਦਿਨ ਦੀ ਬੜੀ ਚਿੰਤਾ ਲੱਗ ਰਹੀ ਹੈ। ਪੂਰੀ ਨੀਂਦ ਵੀ ਨਹੀਂ ਆਉਂਦੀ। ਹੁਣ ਤੁਸੀਂ ਕਿਰਪਾ ਕਰੋ ਤੇ ਛੁੱਟੀ ਵਾਲੇ ਦਿਨ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਪਾਸ ਲੈ ਚੱਲੋ। ਪਰ ਸਾਹਬ! ਮੈਨੂੰ ਤਾਂ ਕੁਝ ਵੀ ਪਤਾ ਨਹੀਂ ਕਿ ਉੱਥੇ ਜਾ ਕੇ ਕੀ ਆਖਣਾ ਹੈ। ਜਮਾਂਦਾਰ ਨੇ ਕਿਹਾ ਕਿ ਤੈਨੂੰ ਫ਼ਿਕਰ ਕਰਨ ਦੀ ਲੋੜ ਨਹੀਂ ਜੋ ਕੁਝ ਆਖਣਾ ਹੋਵੇਗਾ ਮੈਂ ਆਪ ਹੀ ਕਹਿ ਦੇਵਾਂਗਾ। ਉਸ ਸਮੇਂ ਫੌਜ ਦੇ ਗੁਰਦੁਆਰੇ ਬਾਬਾ ਸੁੱਚਾ ਸਿੰਘ ਜੀ ਨੂੰ ਅੰਮ੍ਰਿਤ ਛਕਾਇਆ ਗਿਆ। ਜੋ ਕਿ ਹਰੇਕ ਰੰਗਰੂਟੀ ਪਾਸ ਕਰਨ ਵਾਲੇ ਨਵੇਂ ਫੌਜੀ ਨੂੰ ਛਕਾਇਆ ਜਾਂਦਾ ਸੀ। ਫਿਰ ਛੁੱਟੀ ਵਾਲੇ ਦਿਨ ਐਤਵਾਰ ਨੂੰ ਜਮਾਂਦਾਰ ਆਪਣੇ ਨਾਲ ਹੋਤੀ ਲੈ ਗਿਆ। ਸ਼ਨੀਵਾਰ ਨੂੰ ਰਾਤ ਦੀ ਗੱਡੀ ਬੈਠ ਕੇ ਸਵੇਰੇ ਸੁਵਖਤੇ ਹੀ ਮਰਦਾਨ ਜਾ ਉੱਤਰੇ ਅਤੇ ਸਿੱਧੇ ਬਾਬਾ ਜੀ ਦੇ ਪਾਸ ਛੱਪਰੀਆਂ ਵੱਲ ਚਲੇ ਗਏ। ਹਜ਼ੂਰ ਅਜੇ ਹੋਤੀ ਡੇਰੇ ਨਹੀਂ ਪੁਜੇ ਸਨ। ਇਹ ਪਹਿਲਾਂ ਹੀ ਪਹੁੰਚ ਗਏ। ਜਮਾਂਦਾਰ ਨੇ ਹੱਥ ਜੋੜ ਕੇ ਅਰਜ਼ ਕੀਤੀ, "ਮਹਾਰਾਜ! ਇਸ ਪ੍ਰੇਮੀ ਤੇ ਕ੍ਰਿਪਾ ਕਰੋ ਅਤੇ ਉਪਦੇਸ਼ ਦਿਉ"। ਸੰਤਾਂ ਨੇ ਹੱਸ ਕੇ ਕਿਹਾ, "ਭਲਿਆ! ਦੇਖ ਤਾਂ ਸਹੀ ਅਜੇ ਤਾਂ ਇਸਦੇ ਚਿਹਰੇ ਤੇ ਦਾੜ੍ਹੀ ਦਾ ਇੱਕ ਰੋਮ ਵੀ ਨਹੀਂ ਆਇਆ। ਕੀ ਇਸ ਦੀ ਭਜਨ ਕਰਨ ਵਾਲੀ ਉਮਰ ਹੈ? ਖਾਣ ਪੀਣ ਖੇਡਣ ਤੇ ਹੱਸਣ ਦੀ ਅਵਸਥਾ ਹੈ। ਇਹ ਹੁਣੇ ਹੀ ਕਿਵੇਂ ਭਜਨ ਕਰ ਲਊ। ਸੋਚ ਤਾਂ ਲਿਆ ਕਰ। ਐਵੇਂ ਹਰੇਕ ਨੂੰ ਹੀ ਤੂੰ ਆਪਣੇ ਨਾਲ ਖਿੱਚ ਲਿਆਉਂਦਾ ਹੈਂ।" ਹਜ਼ੂਰ ਦੀ ਪਾਵਨ ਰਸਨਾਂ ਤੋਂ ਇਸ ਪ੍ਰਕਾਰ ਦੇ ਬਚਨ ਸੁਣ ਕੇ ਜਮਾਂਦਾਰ ਨੇ ਬੇਨਤੀ ਕੀਤੀ, "ਦਾਤਾ! ਆਪ ਤਾਂ ਜਾਣੀ ਜਾਣ ਹੋ ਇਨ੍ਹਾਂ ਦੀ ਤਾਂ ਅਜੇ ੧੫ ਸਾਲ ਦੀ ਉਮਰ ਹੈ। ਰੰਗਰੂਟੀ ਵੀ ਪਾਸ ਕਰ ਲਈ ਹੈ। ਪਰ ਮਹਾਰਾਜ ਧਰੂਅ ਦੀ ਕੀ ਉਮਰ ਸੀ। ਪੰਜ ਸਾਲ ਦਾ ਬੱਚਾ ਭਗਤੀ ਕਰਕੇ ਪੂਰਨ ਅਵਸਥਾ ਨੂੰ ਪ੍ਰਾਪਤ ਹੋ ਗਿਆ ਸੀ।"

ਇਸ ਤਰ੍ਹਾਂ ਦੀ ਜੁਗਤੀ ਸੁਣਕੇ ਸੰਤ ਜੀ ਮਹਾਰਾਜ ਬੜੇ ਪ੍ਰਸੰਨ ਹੋਏ ਤੇ ਹੱਸ ਕੇ ਕਹਿਣ ਲੱਗੇ, "ਬਈ! ਸਿੱਖ ਬੜੇ ਡਾਢੇ ਹੁੰਦੇ ਹਨ ਇਹ ਤਾਂ ਅਸੀਂ ਪਰਖਣ ਵਾਸਤੇ ਹੀ ਬਚਨ ਆਖੇ ਸਨ। ਭਗਤੀ ਕਰਨ ਦਾ ਤਾਂ ਹਰੇਕ ਮਨੁੱਖ ਨੂੰ ਅਧਿਕਾਰ ਹੈ। ਠੀਕ ਹੈ ਧਰੂਅ ਤਾਂ ਬਚਪਨ ਵਿੱਚ ਹੀ ਭਗਤੀ ਕਰਕੇ ਮਹਾਨ ਬਣਿਆ ਸੀ। ਪਰ ਇਹ ਤਾਂ ਧੁਰ ਤੋਂ ਹੀ ਪੂਰਨ ਬਣਕੇ ਆਇਆ ਹੈ। ਕੇਵਲ ਸੰਸਾਰੀ ਨਿਯਮ ਨੂੰ ਪੂਰਾ ਕਰਨ ਵਾਸਤੇ ਏਥੇ ਪੁੱਜਾ ਹੈ। ਇਨ੍ਹਾਂ ਦੀ ਪਿਛਲੇ ਜਨਮਾਂ ਦੀ ਭਗਤੀ ਬੜੀ ਪ੍ਰਬਲ ਹੈ। ਉਹ ਹੀ ਏਥੇ ਲਿਆਈ ਹੈ।"

ਉਸ ਸਮੇਂ ਪਾਸ ਬੁਲਾਏ। ਇਨ੍ਹਾਂ ਨੇ ਪਾਸ ਜਾ ਕੇ ਮੱਥਾ ਟੇਕਿਆ ਤੇ ਇਉਂ ਮਿਲੇ ਜਿਵੇਂ ਕੋਈ ਬਹੁਤ ਚਿਰਾਂ ਦਾ ਵਾਕਫ਼ ਬੱਚਾ ਆਪਣੇ ਪਿਤਾ ਨੂੰ ਮਿਲਕੇ ਪ੍ਰਸੰਨ ਹੁੰਦਾ ਹੈ। ਸੰਤਾਂ ਨੇ ਸਿਰ ਤੇ ਹੱਥ ਰੱਖਿਆ ਤੇ ਕਿਰਪਾ ਕਰਕੇ ਗੁਰੂ ਨਾਨਕ ਦੇ ਘਰ ਦੀ ਦਾਤ ਨਾਮ ਦਾਨ ਦੀ ਬਖ਼ਸ਼ਿਸ਼ ਕਰ ਦਿੱਤੀ। ਜਦੋਂ ਸੰਤਾਂ ਦਾ ਮਿਹਰਾਂ ਭਰਿਆ ਹੱਥ ਸੀਸ ਤੇ ਟਿਕਿਆ ਤਾਂ ਦਾਤੇ ਦੀ ਇਲਾਹੀ ਦਾਤ ਨਾਮ ਦੀ ਰੌਂ ਅੰਦਰ ਜਾਰੀ ਹੋ ਗਈ। ਮਨ ਟਿਕ ਗਿਆ। ਫੇਰ ਪੁਛਿਆ, "ਤੇਰਾ ਨਾਮ ਕੀ ਹੈ?" ਅਰਜ਼ ਕੀਤੀ, "ਦਾਤਾ! ਨਾਮ ਤਾਂ ਮੇਰਾ ਸੁੱਚਾ ਸਿੰਘ ਹੈ।" ਸੰਤਾਂ ਨੇ ਆਖਿਆ, "ਵਾਹ! ਬਈ ਵਾਹ! ਕਿਹੋ ਜਿਹਾ ਸੋਹਣਾ ਨਾਮ ਹੈ ਸੁੱਚਾ ਸਿੰਘ, ਤੇਰਾ ਬਰਤਨ ਤਾਂ ਪਹਿਲਾਂ ਹੀ ਸੁੱਚਾ ਹੈ ਅਸੀਂ ਸਾਫ਼ ਹਿਰਦਾ ਦੇਖਕੇ ਹੀ ਬਖ਼ਸ਼ਿਸ਼ ਕੀਤੀ ਹੈ। ਅਧਿਕਾਰੀ ਤੋਂ ਬਿਨਾਂ ਇਸ ਦਾਤ ਨੂੰ ਕੋਈ ਨਹੀਂ ਲੈ ਸਕਦਾ ਚਹੁੰਦੇ ਤਾਂ ਸਾਰੇ ਹੀ ਹਨ ਕਿ ਅਸੀਂ ਸੁੱਚੇ ਬਣ ਜਾਈਏ। ਇਸੇ ਲਈ ਕੋਈ ਤੀਰਥਾਂ ਵਿੱਚ ਨਹਾ ਧੋਕੇ ਆਪਣੇ ਆਪ ਨੂੰ ਸੁੱਚਾ ਮੰਨਦੇ ਹਨ। ਪਰ ਤੀਰਥਾਂ ਤੇ ਇਸ਼ਨਾਨ ਕੀਤਿਆ ਮਨ ਦੀ ਮੈਲ ਨਹੀਂ ਮਿਟਦੀ।

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥

(ਪੰਨਾ ੪੮੪)

ਅਥਵਾ:

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥

(ਪੰਨਾ ੭੨੯)

ਅਤੇ:

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥

(ਪੰਨਾ ੭੨੯)

ਕਈ ਕਰਮ ਕਾਂਡੀ ਹੱਥੀ ਭੋਜਨ ਤਿਆਰ ਕਰਕੇ ਕਹਿੰਦੇ ਹਨ ਇਹ ਸੁੱਚਾ ਹੈ। ਸਾਡਾ ਚੌਕਾਂ ਸੁੱਚਾ ਹੈ। ਸਾਡਾ ਭੋਜਨ ਸੁੱਚਾ ਹੈ ਇਸਦੇ ਅੰਦਰ ਕਿਸੇ ਨੇ ਨਹੀਂ ਆਉਣਾ।

ਮਤੁ ਭਿਟੈ ਵੇ ਮਤੁ ਭਿਟੈ ॥
ਇਹੁ ਅੰਨੁ ਅਸਾਡਾ ਫਿਟੈ ॥

(ਪੰਨਾ ੪੭੨)

ਅਤੇ: ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥

(ਪੰਨਾ ੪੭੨)

ਨਾਮ ਹੀ ਸਭ ਤੋਂ ਪਵਿੱਤਰ ਹੈ ਇਸੇ ਕਰਕੇ ਨਾਮ ਜਪਣ ਵਾਲੇ ਹੀ ਅਸਲੀ ਸੁੱਚੇ ਹਨ। ਹੋਰ ਸਾਰਾ ਸੰਸਾਰ ਜੂਠਾ ਤੇ ਅਪਵਿੱਤਰ ਹੈ। ਭਗਤ ਕਬੀਰ ਜੀ ਕਥਨ ਕਰਦੇ ਹਨ:

ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥
ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥

(ਪੰਨਾ ੧੧੯੫)

ਇਉਂ ਸਾਰੇ ਸੰਬੰਧੀ ਅਪਵਿੱਤਰ ਤੇ ਝੂਠੇ ਹਨ। ਅਖ਼ੀਰ ਤੇ ਫੁਰਮਾਉਂਦੇ ਹਨ:

ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥

(ਪੰਨਾ ੧੧੯੫)

ਤੁਸਾਂ ਆਪਣਾ ਨਾਮ ਅੱਜ ਸਕਾਰਥ ਕਰ ਲਿਆ ਹੈ।" ਇਸ ਤਰ੍ਹਾਂ ਪ੍ਰਸੰਨ ਹੋ ਕੇ ਬਾਬਾ ਕਰਮ ਸਿੰਘ ਜੀ ਨੇ ਹੋਰ ਵੀ ਬਹੁਤ ਸਾਰੇ ਵਰ ਦਿੱਤੇ। ਇਹ ਵੀ ਆਖਿਆ ਕਿ ਫੌਜ ਦੀ ਨੌਕਰੀ ਬੜੀ ਈਮਾਨਦਾਰੀ ਵਾਲੀ ਤੇ ਬੜੀ ਸੱਚੀ ਹੈ। ਪੈਨਸ਼ਨ ਤੋਂ ਪਹਿਲਾਂ ਆਪਣਾ ਨਾਮ ਨਹੀਂ ਕਟਵਾਉਣਾ। ਦੇਸ਼ ਦੀ ਸੇਵਾ ਵਾਸਤੇ ਆਪਣਾ ਤਨ ਪਿਆਰਾ ਨਹੀਂ ਕਰਨਾ। ਆਪਣੇ ਮਾਲਕ ਦਾ ਹੁਕਮ ਮੰਨਣਾ ਕਿਸੇ ਭੇਖ ਜਾਂ ਮੱਤ ਤੇ ਨਫ਼ਰਤ ਨਹੀਂ ਕਰਨੀ। ਜਾਤੀ ਦੇ ਵਿਤਕਰੇ ਬਿਨਾਂ ਹਰ ਇੱਕ ਨਾਲ ਪਿਆਰ ਕਰਨਾ। ਜਿਥੋਂ ਤੱਕ ਹੋ ਸਕੇ ਗ਼ਰੀਬ ਦੀ ਮਦਦ ਜ਼ਰੂਰ ਕਰਨੀ। ਸਭ ਤੋਂ ਵੱਡੀ ਗੱਲ ਯਾਦ ਰੱਖਣ ਵਾਲੀ ਇਹ ਹੈ ਕਿ ਅੰਮ੍ਰਿਤ ਵੇਲੇ ਦੀ ਕਦਰ ਕਰਨੀ ਇਸਨੂੰ ਆਪਣੇ ਹੱਥੋਂ ਨਹੀਂ ਗੁਆਉਣਾ। ਸਭ ਤੋਂ ਵੱਡਾ ਪਦਾਰਥ ਇਹੀ ਹੈ। ਜੇ ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰੱਖੋਗੇ ਤਾਂ ਫਿਰ ਸਰੀਰ ਧਾਰਨ ਨਹੀਂ ਕਰਨਾ ਪਵੇਗਾ। ਇਤਨੇ ਬਚਨ ਆਖ ਕੇ ਬਾਬਾ ਜੀ ਤਾਂ ਡੇਰੇ ਆਉਣ ਲਈ ਤਿਆਰ ਹੋ ਗਏ। ਗੁੱਜਰ ਗੜ੍ਹੀ ਦੇ ਪ੍ਰੇਮੀ ਪਾਲਕੀ ਲਈ ਤਿਆਰ ਖੜ੍ਹੇ ਸਨ। ਆਪ ਜੀ ਉਸ ਵਿੱਚ ਬੈਠ ਕੇ ਡੇਰੇ ਪੁਜੇ। ਬਾਹਰੋਂ ਆਈਆਂ ਸੰਗਤਾਂ ਨੂੰ ਦਰਸ਼ਨ ਦਿੱਤਾ ਅਤੇ ਸਭਨਾਂ ਦੀ ਮਨੋਕਾਮਨਾ ਪੂਰੀ ਕੀਤੀ। ਏਧਰੋਂ ਬਾਬਾ ਸੁੱਚਾ ਸਿੰਘ ਜੀ ਤੇ ਇਨ੍ਹਾਂ ਦੇ ਨਾਲ ਆਇਆ ਜਮਾਂਦਾਰ ਏਥੋਂ ਹੀ ਆਗਿਆ ਪਾ ਕੇ ਮਰਦਾਨ ਸਟੇਸ਼ਨ ਤੋਂ ਗੱਡੀ ਬੈਠ ਕੇ ਐਤਵਾਰ ਸ਼ਾਮ ਨੂੰ ਨੁਸ਼ਹਿਰੇ ਆ ਪੁੱਜੇ ਅਤੇ ਰਾਤ ਦੇ ਸਮੇਂ ਆਪਣੀ ਹਾਜ਼ਰੀ ਦਿੱਤੀ।

## ਹੋਰ ਸਿੱਖਿਆ

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥

(ਪੰਨਾ ੧੩੮੪)

ਇਸੇ ਤਰ੍ਹਾਂ ਇੱਕ ਵਾਰੀਂ ਬਾਬਾ ਸੁੱਚਾ ਸਿੰਘ ਜੀ ਫੌਜ ਦੀ ਛੁੱਟੀ ਸਮੇਂ ਹੋਤੀ ਮਰਦਾਨ ਬਾਬਾ ਜੀ ਦੇ ਚਰਨਾਂ ਵਿੱਚ ਡੇਰੇ ਹੀ ਰਹੇ। ਦੋਵੇਂ ਸਮੇਂ ਦੀਵਾਨ ਦੀ ਹਾਜ਼ਰੀ ਭਰਨੀ ਤੇ ਆਪਣੇ ਹੱਥੀਂ ਲੰਗਰ ਦੀ ਸੇਵਾ ਕਰਨੀ। ਪ੍ਰਸ਼ਾਦੇ ਪਕਾਉਣੇ, ਵਰਤਾਉਣੇ, ਲੰਗਰ ਦੇ ਬਰਤਨ ਸਾਫ਼ ਕਰਨੇ, ਜਲ ਲਿਆਉਣਾ ਇਉਂ ਸੇਵਾ ਕਰਦੇ ਰਹੇ। ਜਦੋਂ ਛੁੱਟੀ ਪੂਰੀ ਹੋਣ ਲੱਗੀ ਤਾਂ ਇੱਕ ਦਿਨ ਸ਼ਾਮ ਨੂੰ ਆਪ ਪ੍ਰਸ਼ਾਦਿ ਛਕ ਕੇ ਲੰਗਰ ਦੇ ਬਰਤਨ ਸਾਫ਼ ਕਰ ਰਹੇ ਸਨ। ਉਸ ਸਮੇਂ ਇੱਕ ਗੁੱਜਰ ਗੜ੍ਹੀ ਦਾ ਪ੍ਰੇਮੀ ਟੇਕ ਚੰਦ ਆਇਆ ਆਪ ਜੀ ਨੂੰ ਨਮਸਕਾਰ ਕਰਕੇ ਬੇਨਤੀ ਕੀਤੀ, "ਮਹਾਰਾਜ! ਆਪ ਕ੍ਰਿਪਾ ਕਰਕੇ ਮੇਰੇ ਘਰ ਚੱਲੋ ਲੰਗਰ ਤਿਆਰ ਹੈ ਆ ਕੇ ਛਕੋ।" ਬਾਬਾ ਜੀ ਕਹਿਣ ਲੱਗੇ, "ਭਾਈ ਅਸੀਂ ਤਾਂ ਛਕ ਚੁੱਕੇ ਹਾਂ। ਸਾਡਾ ਇਹ ਨਿਯਮ ਹੈ ਕਿ ਕਿਸੇ ਦੇ ਘਰ ਦਾ ਭੋਜਨ ਨਹੀਂ ਛਕਦੇ। ਗੁਰੂ ਕੇ ਲੰਗਰ ਦਾ ਰੁੱਖਾ ਮਿੱਸਾ ਸਾਰੇ ਪਦਾਰਥਾਂ ਤੋਂ ਸ੍ਰੇਸ਼ਟ ਹੈ। ਤੂੰ ਕਿਸੇ ਹੋਰ ਨੂੰ ਲੈ ਜਾਹ।" ਉਸ ਨੇ ਅਰਜ਼ ਕੀਤੀ, "ਮਹਾਰਾਜ! ਮੇਰੀ ਤਾਂ ਆਪ ਜੀ ਤੇ ਹੀ ਸ਼ਰਧਾ ਹੈ। ਆਪ ਮੇਰੀ ਭਾਵਨਾ ਜਾਣ ਕੇ ਘਰ ਵਿੱਚ ਚਰਨ ਪਾਉ। ਚਾਹੇ ਕਿਨਕਾ ਮਾਤਰ ਹੀ ਛਕ ਲੈਣਾ।" ਪਰ ਬਾਬਾ ਜੀ ਨੇ ਉਸਦਾ ਬਚਨ ਨਾ ਮੰਨਿਆ ਉਹ ਵਿਚਾਰਾ ਕਾਫ਼ੀ ਸਮਾਂ ਖੜ੍ਹਾ ਹੰਝੂ ਸੁੱਟਦਾ ਹੋਇਆ ਬੇਨਤੀਆਂ ਕਰਦਾ ਰਿਹਾ ਪਰ ਉਸ ਦੀ ਬੇਨਤੀ ਪ੍ਰਵਾਨ ਨਾ ਹੋਈ। ਕਾਫ਼ੀ ਰਾਤ ਗਈ ਤੋਂ ਉਹ ਨਿਰਾਸ਼ ਹੋ ਕੇ ਵਾਪਸ ਘਰ ਤਾਂ ਚਲਾ ਗਿਆ ਪਰ ਮਨ ਬਹੁਤ ਉਦਾਸ ਸੀ। ਘਰ ਆ ਕੇ ਮੰਜੇ ਤੇ ਲੰਮਾ ਪੈ ਗਿਆ ਰੋਟੀ ਨਹੀਂ ਖਾਧੀ। ਸੋਚਦਾ ਹੈ ਮੇਰੇ ਵਿੱਚ ਕੋਈ ਗੁਨਾਹ ਹੈ। ਮੈਂ ਕੋਈ ਦੋਸ਼ ਕੀਤਾ ਹੈ। ਪਰਿਵਾਰ ਨੇ ਬਥੇਰਾ ਸਮਝਾਇਆ ਕਿ ਸਾਡੇ ਕਰਮਾਂ ਵਿੱਚ ਹੀ ਸੰਤਾਂ ਦਾ ਦਰਸ਼ਨ ਨਹੀਂ। ਤੁਸੀਂ ਤਾਂ ਉੱਠ ਕੇ ਪ੍ਰਸ਼ਾਦਿ ਛਕ ਲਉ। ਤਾਂ ਉਸ ਨੇ ਕਿਹਾ ਪਹਿਲਾ ਉਨ੍ਹਾਂ ਨੂੰ ਛਕਾ ਕੇ ਫਿਰ ਹੀ ਛਕਾਂਗਾ। ਇਸ ਨੂੰ ਭੁਖਿਆਂ ਦੇਖ ਕੇ ਬੱਚਿਆਂ ਸਮੇਤ ਸਾਰਾ ਪ੍ਰੀਵਾਰ ਭੁੱਖਾ ਹੀ ਸੁੱਤਾ। ਪ੍ਰੇਮ ਦੇ ਬੱਝੇ ਤੜਫਦੇ ਹੋਏ ਆਪਣੇ ਕਰਮਾਂ ਨੂੰ ਕੋਸਦੇ ਸਨ।

ਏਧਰੋਂ ਭਾਵੇਂ ਬਾਬਾ ਜੀ ਨੇ ਉਸ ਪ੍ਰੇਮੀ ਨੂੰ ਵਾਪਸ ਤਾਂ ਮੋੜ ਦਿੱਤਾ। ਪਰ ਫਿਰ ਆਪਣੇ ਮਨ ਵਿੱਚ ਖ਼ਿਆਲ ਕੀਤਾ ਕਿ ਅਸੀਂ ਚੰਗੀ ਗੱਲ ਨਹੀਂ ਕੀਤੀ। ਕਿਸੇ ਦਾ ਦਿਲ ਢਾਹੁਣਾ ਠੀਕ ਨਹੀਂ। ਦੇਵ ਨੇਤ ਨਾਲ ਉਸ ਸਮੇਂ ਪੇਟ ਵਿੱਚ ਦਰਦ ਸ਼ੁਰੂ ਹੋ ਗਿਆ। ਬੜੀ ਤਕਲੀਫ਼ ਹੋਣ ਲੱਗੀ। ਛਿਨ-ਛਿਨ ਵਿੱਚ ਪੀੜਾ ਵਧਦੀ ਗਈ। ਏਥੋਂ ਤੱਕ ਹਾਲਤ ਹੋ ਗਈ ਕਿ ਹੁਣ ਸਰੀਰ ਦੇ ਬਚਨ ਦੀ ਕੋਈ ਉਮੀਦ ਨਹੀਂ ਰਹੀ। ਪਾਸ ਪਏ ਸੇਵਾਦਾਰ ਜਾਗ ਪਏ ਗ਼ਰਮ ਪਾਣੀ ਦੀ ਟਕੋਰ ਕਰਦੇ ਤੇ ਚੂਰਨ ਦੀ ਫੱਕੀ ਦਿੰਦੇ ਹਨ ਪਰ ਕੋਈ ਫ਼ਰਕ ਨਹੀਂ ਪੈਂਦਾ। ਜਦੋਂ ਕੋਈ ਫ਼ਰਕ ਨਾ ਪਿਆ ਤਾਂ ਸੋਚਿਆ ਕਿ ਅੰਤ ਸਮੇਂ ਸ੍ਰੀ ਹਜ਼ੂਰ ਬਾਬਾ ਜੀ ਦੇ ਦਰਸ਼ਨ ਤਾਂ ਕਰ ਲਵਾਂ। ਉਸ ਸਮੇਂ ਬੜੀ ਤਕਲੀਫ਼ ਦੇ ਹੁੰਦਿਆਂ ਇੱਕ ਦੋ ਪ੍ਰੇਮੀਆਂ ਨੂੰ ਨਾਲ ਲੈ ਕੇ ਮੰਜੇ ਤੇ ਲੰਮੇ ਪੈ ਕੇ ਉਨ੍ਹਾਂ ਤੋਂ ਮੰਜਾ ਚੁਕਵਾ ਕੇ ਚੱਲ ਪਏ। ਜਦੋਂ ਬਾਹਰ ਗੁਫਾ ਤੇ ਪੁੱਜੇ ਤਾਂ ਜਾਣੀ ਜਾਣ ਬਾਬਾ ਕਰਮ ਸਿੰਘ ਜੀ ਬੋਲੇ, "ਕੀ ਗੱਲ ਹੈ ਅਜੇ ਤਾਂ ਬਾਰਾਂ ਦਾ ਵਕਤ ਹੀ ਹੋਇਆ ਹੈ ਐਸ ਵੇਲੇ ਸੁਵਖਤੇ ਕਿਵੇਂ ਆਏ ਹੋ?" ਤਾਂ ਇਨ੍ਹਾਂ ਦੇ ਸਾਥੀਆਂ ਨੇ ਅਰਜ਼ ਕੀਤੀ, "ਮਹਾਰਾਜ! ਇਨ੍ਹਾਂ ਦੇ ਪੇਟ ਵਿੱਚ ਤਕਲੀਫ਼ ਹੈ। ਪੇਟ ਵਿੱਚ ਦਰਦ ਹੁੰਦਾ ਹੈ ਸੂਲ ਦੀ ਪੀੜਾ ਨਾਲ ਨੀਂਦ ਨਹੀਂ ਪਈ। ਇਨ੍ਹਾਂ ਦੇ ਕਾਰਨ ਨਾ ਅਸੀਂ ਹੀ ਸੁੱਤੇ ਹਾਂ। ਇਹ ਹਜ਼ੂਰ ਦਾ ਦਰਸ਼ਨ ਕਰਨ ਆਏ ਹਨ ਸਰੀਰ ਦਾ ਪਤਾ ਨਹੀਂ ਬਚੇ ਕਿ ਨਾ ਬਚੇ।"

ਸੰਤਾਂ ਨੇ ਕਿਹਾ ਕਿ ਠੀਕ ਹੈ ਕਿ ਤੁਹਾਨੂੰ ਤੇ ਇਸ ਨੂੰ ਨੀਂਦ ਨਹੀਂ ਆਈ। ਪਰ ਬਈ! ਸੁੱਤਾ ਤਾਂ ਉਹ ਵੀ ਨਹੀਂ ਜਿਸਦਾ ਕੱਲ੍ਹ ਪ੍ਰਸ਼ਾਦਿ ਨਾਮਨਜ਼ੂਰ ਕੀਤਾ ਹੈ। ਸਾਰਾ ਪਰਿਵਾਰ ਭੁੱਖਾ ਹੀ ਪਿਆ ਤੜਫਦਾ ਹੈ। ਦੱਸ ਉਸਦੇ ਅੰਨ ਵਿੱਚ ਕੀ ਦੋਸ਼ ਦੇਖਿਆ ਜੋ ਉਸਦਾ ਹਿਰਦਾ ਇਤਨਾ ਦੁਖੀ ਕੀਤਾ? ਤੈਨੂੰ ਪਤਾ ਨਹੀਂ ਜਦੋਂ ਸਾਧੂਆਂ ਦੇ ਕੋਲ ਰਹਿ ਕੇ ਡੇਰੇ ਦੀ ਸੇਵਾ ਕਰੀਏ ਫਿਰ ਪ੍ਰੇਮ ਵਿੱਚ ਨੇਮ ਨਹੀਂ ਨਿਭਦਾ। ਉਸ ਸਮੇਂ ਸੰਤਾਂ ਦੇ ਬਚਨ ਸੁਣਕੇ ਇਨ੍ਹਾਂ ਨੂੰ ਆਪਣੇ ਸਰੀਰ ਦੀ ਤਕਲੀਫ਼ ਦੇ ਕਾਰਨ ਦਾ ਪਤਾ ਲੱਗਾ ਤਾਂ ਬਾਬਾ ਜੀ ਪਾਸੋਂ ਮੁਆਫ਼ੀ ਮੰਗੀ। ਹਜ਼ੂਰ ਕਹਿਣ ਲੱਗੇ, "ਚੰਗਾ ਹੁਣ ਰਾਜ਼ੀ ਤਾਂ ਹੋ ਜਾਵੇਗਾ ਪਰ ਮੁਆਫ਼ੀ ਉਸੇ ਤੋਂ ਹੀ ਮੰਗੀਂ ਤੇ ਆਪ ਸਵੇਰੇ ਉਸ ਦੇ ਘਰ ਜਾ ਕੇ ਪ੍ਰਸ਼ਾਦ ਛਕੀਂ।"

ਬਾਬਾ ਜੀ ਦੀ ਰਸਨਾ ਤੋਂ ਇਸ ਪ੍ਰਕਾਰ ਦੇ ਬਚਨ ਸੁਣਕੇ ਸਾਰੇ ਹੀ ਨਮਸਕਾਰ ਕਰਕੇ ਵਾਪਸ ਆ ਗਏ। ਦੂਸਰੇ

ਦਿਨ ਸੁਵਖਤੇ ਹੀ ਉਸਦੇ ਘਰ ਗਏ ਤੇ ਜਾ ਕੇ ਪ੍ਰਸ਼ਾਦ ਛਕਿਆ। ਸਾਰਿਆਂ ਨੂੰ ਦਰਸ਼ਨ ਦੇ ਕੇ ਸੰਤੁਸ਼ਟ ਕੀਤਾ। ਅੱਗੇ ਵਾਸਤੇ ਕਦੀ ਵੀ ਕਿਸੇ ਦਾ ਹਿਰਦਾ ਦੁਖੀ ਨਹੀਂ ਸੀ ਕੀਤਾ। ਇਹ ਬਚਨ ਉਨ੍ਹਾਂ ਨੇ ਆਪਣੀ ਰਸਨਾ ਤੋਂ ਆਪ ਦੱਸੇ।

# ਵੱਡੇ ਸੰਤਾਂ ਦੀ ਹੋਰ ਬਖ਼ਸ਼ਿਸ਼

ਇਸੇ ਤਰ੍ਹਾਂ ਇੱਕ ਵਾਰ ਫਿਰ ਬਾਬਾ ਸੁੱਚਾ ਸਿੰਘ ਜੀ ਹੋਤੀ ਡੇਰੇ ਬਾਬਾ ਕਰਮ ਸਿੰਘ ਜੀ ਦੇ ਦਰਸ਼ਨਾਂ ਲਈ ਪੁੱਜੇ। ਭਰੇ ਦੀਵਾਨ ਵਿੱਚ ਪਾਵਨ ਚਰਨਾਂ ਤੇ ਭੇਟਾ ਰੱਖ ਕੇ ਨਮਸਕਾਰ ਕੀਤੀ ਤੇ ਪਾਸ ਬੈਠਕੇ ਬਚਨ ਸੁਣਦੇ ਰਹੇ। ਕੁਝ ਕਹਿਣਾ ਚਹੁੰਦੇ ਸਨ ਪਰ ਹਜ਼ੂਰ ਦਾ ਤੇਜ਼ ਪ੍ਰਤਾਪ ਦੇਖਕੇ ਬੋਲ ਨਹੀਂ ਸਕੇ। ਅੱਜ ਬੁੱਧਵਾਰ ਦਾ ਦਿਨ ਸੀ ਬਾਹਰ ਛੱਪਰੀਆਂ ਤੇ ਜਾ ਕੇ ਬਾਬਾ ਜੀ ਨੇ ਕੇਸੀ ਇਸ਼ਨਾਨ ਕਰਨਾ ਸੀ। ਸੇਵਾਦਾਰ ਨੇ ਬੇਨਤੀ ਕੀਤੀ, "ਮਹਾਰਾਜ! ਬਾਹਰ ਜਾਣ ਦਾ ਸਮਾਂ ਹੋ ਗਿਆ।" ਆਪ ਜੀ ਉੱਠੇ ਤੇ ਬਾਹਰ ਗੁਫਾ ਵੱਲ ਚੱਲ ਪਏ। ਮਗਰ ਹੀ ਬਾਬਾ ਸੁੱਚਾ ਸਿੰਘ ਜੀ ਵੀ ਤੁਰ ਪਏ। ਹੋਰ ਸੰਗਤ ਏਥੇ ਹੀ ਰੋਕ ਦਿੱਤੀ। ਅੱਗੇ ਜਾ ਕੇ ਛੱਪਰੀਆਂ ਦੇ ਪਾਸ ਸੰਤ ਜੀ ਮਹਾਰਾਜ ਪਾਲਕੀ ਤੋਂ ਹੇਠਾਂ ਉੱਤਰੇ। ਇਸ਼ਨਾਨ ਕਰਨ ਵਾਸਤੇ ਬਸਤਰ ਉਤਾਰੇ ਤਾਂ ਸੰਤਾਂ ਨੂੰ ਇਕਾਂਤ ਵਿੱਚ ਇਕਲਿਆਂ ਵੇਖ ਕੇ ਬਾਬਾ ਸੁੱਚਾ ਸਿੰਘ ਜੀ ਨੇ ਡਰਦਿਆਂ-ਡਰਦਿਆਂ ਅਰਜ ਕੀਤੀ, "ਮਹਾਰਾਜ! ਮੇਰੀ ਇੱਕ ਸ਼ੰਕਾ ਹੈ ਕ੍ਰਿਪਾ ਕਰਕੇ ਦੂਰ ਕਰੋ।" ਬਾਬਾ ਕਰਮ ਸਿੰਘ ਜੀ ਕਹਿਣ ਲੱਗੇ, "ਪ੍ਰੇਮੀਆਂ! ਹੁਣ ਤੈਨੂੰ ਕਿਹੜੀ ਸ਼ੰਕਾ ਫੁਰ ਆਈ। ਅਸੀਂ ਘੰਟਾ ਭਰ ਡੇਰੇ ਕੁਰਸੀ ਤੇ ਬੈਠੇ ਰਹੇ ਉਸ ਵਕਤ ਨਹੀਂ ਬੋਲਿਆ।" ਇਨ੍ਹਾਂ ਨੇ ਅਰਜ਼ ਕੀਤੀ, "ਮਹਾਰਾਜ! ਮੈਂ ਭੈ ਕਰਕੇ ਬੋਲ ਨਾ ਸਕਿਆ। ਆਪ ਕ੍ਰਿਪਾ ਕਰਕੇ ਦੱਸੋ ਕਈ ਵਾਰੀ ਜੰਗ ਵਿੱਚ ਚੋਟ ਲੱਗ ਜਾਂਦੀ ਹੈ। ਸਰੀਰ ਬਿਮਾਰ ਹੋ ਜਾਂਦਾ ਹੈ ਤਾਂ ਫਿਰ ਹਸਪਤਾਲ ਵਿੱਚ ਅਪਰੇਸ਼ਨ ਸਮੇਂ ਰੋਮਾਂ ਦੀ ਬੇ-ਅਦਬੀ ਕਰ ਦਿੰਦੇ ਹਨ। ਫੇਰ ਤਾਂ ਮਹਾਰਾਜ ਸਿੱਖੀ ਤੋਂ ਪਤਿਤ ਹੋ ਜਾਈਦਾ ਹੈ, ਇਉਂ ਕਿਵੇਂ ਬਚਾਅ ਹੋਵੇ।" ਸੰਤਾਂ ਨੇ ਮਿਹਰ ਵਿੱਚ ਆ ਕੇ ਆਖਿਆ, "ਨਾ ਤੂੰ ਕਦੇ ਬਿਮਾਰ ਹੀ ਹੋਣਾ ਹੈ ਅਤੇ ਨਾ ਹੀ ਡਾਕਟਰੀ ਦਵਾਈ ਖਾਣੀ ਹੈ। ਜਾਹ ਮੌਜ ਕਰ, ਨਾ ਚੋਰ ਲੱਗੇ, ਨਾ ਕੁੱਤਾ ਭੌਂਕੇ। ਤੂੰ ਸਦਾ ਹੀ ਅਰੋਗ ਰਹੇਂਗਾ।" ਇਸ ਵਰ ਦੇ ਬਚਨ ਸੁਣਕੇ ਬਾਬਾ ਸੁੱਚਾ ਸਿੰਘ ਜੀ ਬੜੇ ਪ੍ਰਸੰਨ ਹੋਏ ਅਤੇ ਵਾਪਸ ਆ ਗਏ ਸਾਰੀ ਜ਼ਿੰਦਗੀ ਬਾਬਾ ਸੁੱਚਾ ਸਿੰਘ ਜੀ ਕਦੇ ਵੀ ਬਿਮਾਰ ਨਾ ਹੋਏ। ਹੋਰ ਤਾਂ ਕੀ ਸਿਰ ਦਰਦ ਤੱਕ ਵੀ ਨਹੀਂ ਸੀ ਹੋਇਆ।

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

## ਪੈਨਸ਼ਨ ਹੋਣ ਦਾ ਵਰ

ਇਸ ਪ੍ਰਕਾਰ ਬਾਬਾ ਕਰਮ ਸਿੰਘ ਜੀ ਮਹਾਰਾਜ ਦੀ ਸੰਗਤ ਦੁਆਰਾ ਗੁਰ ਸ਼ਬਦ ਦਾ ਅਭਿਆਸ ਕਰਦਿਆਂ ਨਾਲ-ਨਾਲ ਬਾਬਾ ਸੁੱਚਾ ਸਿੰਘ ਜੀ ਫੌਜ ਦੀ ਨੌਕਰੀ ਵੀ ਦਿੰਦੇ ਰਹੇ। ਕਈ ਵਾਰ ਆਪ ਨੇ ਬਾਹਰ ਭਜਨ ਬੰਦਗੀ ਵਿੱਚ ਜੁੜੇ ਹੋਣਾ ਤੇ ਏਧਰੋਂ ਡਿਊਟੀ ਦੇਣ ਦਾ ਵਕਤ ਹੋ ਜਾਣਾ ਤਾਂ ਉਸ ਸਮੇਂ ਮਨ ਵਿੱਚ ਵਿਖਸ਼ੇਪਤਾ ਹੋਣੀ। ਇਸ ਫੌਜੀ ਨੌਕਰੀ ਨੂੰ ਭਜਨ ਬੰਦਗੀ ਵਿੱਚ ਪ੍ਰਤਿਬੰਧਕ ਜਾਣਕੇ ਛੱਡ ਜਾਣ ਦੀ ਵਿਚਾਰ ਫੁਰਨੀ ਕਿ ਵਿਹਲਿਆਂ ਹੋ ਕੇ ਸਿਮਰਨ ਤੇ ਸੇਵਾ ਕਰੀਏ ਪਰ ਸ੍ਰੀ ਹਜ਼ੂਰ ਬਾਬਾ ਜੀ ਦਾ ਭੈ ਧਾਰਨ ਕਰਕੇ ਨਾਮ ਨਹੀਂ ਸੀ ਕਟਵਾਉਂਦੇ।

ਇੱਕ ਵਾਰ ਬਾਬਾ ਜੀ ਦੇ ਦਰਸ਼ਨਾਂ ਨੂੰ ਹੋਤੀ ਮਰਦਾਨ ਆਇਆਂ ਨੇ ਅਰਜ਼ ਕੀਤੀ, "ਮਹਾਰਾਜ! ਜੇਕਰ ਆਪ ਦਾ ਹੁਕਮ ਹੋਵੇ ਤਾਂ ਮੈਂ ਫੌਜ ਵਿੱਚੋਂ ਨਾਮ ਕਟਵਾਕੇ ਹਜ਼ੂਰ ਦੇ ਪਾਵਨ ਚਰਨਾਂ ਵਿੱਚ ਰਹਿਕੇ ਸੇਵਾ ਤੇ ਸਿਮਰਨ ਕਰਾਂ।" ਬਾਬਾ ਜੀ ਨੇ ਆਖਿਆ, "ਕਾਹਲਾ ਨਾ ਹੋ ਤੇਰੀ ਪੈਨਸ਼ਨ ਹੋ ਜਾਵੇਗੀ ਫਿਰ ਸੁਤੰਤਰ ਹੋ ਕੇ ਬੰਦਗੀ ਕਰਦਾ ਰਹੀਂ ਕਿਸੇ ਦੇ ਅਧੀਨ ਨਹੀਂ ਹੋਣਾ ਪਵੇਗਾ। ਪੈਨਸ਼ਨ ਵਿੱਚੋਂ ਕਿਰਿਆ ਚੱਲੀ ਜਾਵੇਗੀ। ਇਹ ਡਿਊਟੀ ਦੇਸ਼ ਸੇਵਾ ਵਾਲੀ ਤਾਂ ਇਹੋ ਜਿਹੀ ਹੈ ਕਿ ਸੱਚੀ ਸੁੱਚੀ ਇਮਾਨਦਾਰੀ ਨਾਲ ਨੌਕਰੀ ਕਰਨ ਵਾਲਾ ਫੌਜੀ ਤਾਂ ਵੈਸੇ ਹੀ ਅੱਧਾ ਭਗਤ ਹੁੰਦਾ ਹੈ। ਫੌਜ ਵਿੱਚ ਰਹਿਕੇ ਹੀ ਬੰਦਗੀ ਕਰੀ ਜਾਹ। ਹੁਣ ਅੱਗੇ ਵਾਸਤੇ ਮਨ ਉਪਰਾਮ ਨਹੀਂ ਹੋਵੇਗਾ ਪਹਿਰਾ ਦਿੰਦਿਆ ਵੀ ਭਜਨ ਵਿੱਚ ਜੁੜਿਆ ਰਹੇਂਗਾ।" ਇਉਂ ਬਾਬਾ ਜੀ ਦੇ ਬਚਨਾਂ ਨਾਲ ਬਾਬਾ ਸੁੱਚਾ ਸਿੰਘ ਜੀ ਪੈਨਸ਼ਨ ਲੈ ਕੇ ਆਏ ਸਨ। ਫਿਰ ਕਦੀ ਵੀ ਮਨ ਉਦਾਸ ਨਹੀਂ ਹੋਇਆ।

# ਆਪੋ ਆਪਣੀ ਡਿਊਟੀ ਦੇਣ ਦੀ ਸਿੱਖਿਆ

ਜਦੋਂ ਫੌਜ ਦੀ ਨੌਕਰੀ ਸਮੇਂ ਬਾਬਾ ਸੁੱਚਾ ਸਿੰਘ ਜੀ ਨੇ ਰਾਤ ਨੂੰ ਪਹਿਰੇ ਤੇ ਖੜ੍ਹੇ ਹੋਣਾ ਤਾਂ ਆਪਣੇ ਪੈਰਾਂ ਦੀ ਚਾਲ ਨਾਲ ਵਾਹਿਗੁਰੂ ਸ਼ਬਦ ਦਾ ਜਾਪ ਕਰਦਿਆਂ ਚੱਲਣਾ। ਇਉਂ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਵਰਾਂ ਦਾ ਸਦਕਾ ਟਹਿਲਦਿਆਂ-ਟਹਿਲਦਿਆਂ ਭਜਨ ਕਰਨ ਦਾ ਇਤਨਾਂ ਅਨੰਦ ਆਉਣਾ ਕਿ ਸਮਾਂ ਹੋਣ ਤੇ ਵੀ ਦੂਜੇ ਪਹਿਰੇਦਾਰ ਨੂੰ ਜਗਾਉਣ ਦਾ ਚੇਤਾ ਹੀ ਭੁੱਲ ਜਾਣਾ। ਦੋ-ਦੋ ਤਿੰਨ-ਤਿੰਨ ਪਹਿਰੇ ਆਪ ਹੀ ਟਹਿਲਦਿਆਂ ਲੰਘਾ ਦੇਣੇ। ਜਦੋਂ ਦਿਨ ਦੇ ਸਮੇਂ ਬਾਅਦ ਵਿੱਚ ਆਉਣ ਵਾਲੇ ਪਹਿਰਦਾਰਾਂ ਨੇ ਆਖਣਾ ਤੁਸੀਂ ਸਾਨੂੰ ਜਗਾਇਆ ਨਹੀਂ ਅਸੀਂ ਵੀ ਉੱਠ ਕੇ ਆਪਣਾ ਨਿੱਤਨੇਮ ਕਰਨਾ ਸੀ। ਅੱਜ ਆਲਸ ਵਿੱਚ ਹੀ ਬੇ ਫ਼ਿਕਰ ਹੋ ਕੇ ਸੁੱਤੇ ਰਹੇ ਕਿ ਆਪੇ ਆ ਕੇ ਪਹਿਰੇ ਵਾਲਾ ਜਗਾਏਗਾ ਤਾਂ ਬਾਬਾ ਸੁੱਚਾ ਸਿੰਘ ਜੀ ਨੇ ਆਖਣਾ ਕਿ ਅਸੀਂ ਸੋਚਿਆ ਕਿ ਤੁਹਾਨੂੰ ਕਾਹਨੂੰ ਬੇ-ਆਰਾਮ ਕਰਨਾ ਹੈ। ਮੈਂ ਤਾਂ ਜਾਗਦਾ ਖੜ੍ਹਾ ਹੀ ਹਾਂ ਤੁਸੀਂ ਤਾਂ ਪੂਰਾ ਆਰਾਮ ਕਰ ਲਉ। ਇਹ ਸਾਰੇ ਹੀ ਹੋਤੀ ਮਰਦਾਨ ਵਾਲੇ ਬਾਬਾ ਜੀ ਦੇ ਪ੍ਰੇਮੀ ਤੇ ਸਤਸੰਗੀ ਸਨ। ਇਨ੍ਹਾਂ ਨੇ ਕਈ ਵਾਰ ਬੇਨਤੀ ਕੀਤੀ ਪਰ ਫਿਰ ਵੀ ਜਦੋਂ ਬਾਬਾ ਸੁੱਚਾ ਸਿੰਘ ਜੀ ਨੇ ਆਪ ਤੋਂ ਅਗਲੇ ਪਹਿਰੇਦਾਰ ਨੂੰ ਨਾ ਜਗਾਉਣਾ ਤਾਂ ਇਨ੍ਹਾਂ ਨੇ ਇੱਕ ਦਿਨ ਇਕੱਠੇ ਹੋ ਕੇ ਸਲਾਹ ਕੀਤੀ ਕਿ ਚਲੋ ਹੋਤੀ ਜਾ ਕੇ ਬਾਬਾ ਜੀ ਪਾਸ ਅਰਜ਼ ਕਰੀਏ।

ਉਸ ਸਮੇਂ ਹੋਤੀ ਦੀ ਗੱਦੀ ਤੇ ਬਾਬਾ ਆਇਆ ਸਿੰਘ ਜੀ ਮਹਾਰਾਜ ਬਿਰਾਜਮਾਨ ਸਨ। ਛੁੱਟੀ ਵਾਲੇ ਦਿਨ ਬਾਬਾ ਜੀ ਦੇ ਪ੍ਰੇਮੀ ਸਾਰੇ ਫੌਜੀ ਇਕੱਠੇ ਹੋ ਕੇ ਹੋਤੀ ਡੇਰੇ ਦਰਸ਼ਨਾਂ ਨੂੰ ਗਏ। ਸਭਨਾਂ ਨੇ ਭਾਵਨਾ ਨਾਲ ਆਪੋ ਆਪਣੀ ਭੇਟਾ ਅੱਗੇ ਰੱਖ ਕੇ ਸੰਤਾਂ ਨੂੰ ਨਮਸਕਾਰ ਕੀਤੀ ਤੇ ਪਾਸ ਬੈਠ ਗਏ। ਕੁਝ ਕੁ ਸਮੇਂ ਤੋਂ ਬਾਅਦ ਮੁਖੀ ਫੌਜੀਆਂ ਨੇ ਅਰਜ਼ ਕੀਤੀ, "ਮਹਾਰਾਜ! ਆਪ ਜੀ ਦਾ ਹੁਕਮ ਹੈ ਕਿ ਅੰਮ੍ਰਿਤ ਵੇਲੇ ਜਾਗਕੇ ਭਜਨ ਕਰਿਆ ਕਰੋ ਪਰ ਅਸੀਂ ਤਾਂ ਇਸ ਗੱਲੋਂ ਬੇ ਖ਼ਬਰ ਹੋ ਕੇ ਸੁੱਤੇ ਰਹਿੰਦੇ ਹਾਂ ਕਿ ਸਮਾਂ ਹੋਏ ਤੋਂ ਸੰਤਰੀ ਸਾਨੂੰ ਆ ਕੇ ਜਗਾ ਦੇਵੇਗਾ। ਜਿਸ ਦਿਨ ਸਾਥੋਂ ਪਹਿਲਾਂ ਡਿਊਟੀ ਤੇ ਸੁੱਚਾ ਸਿੰਘ ਜੀ ਖੜ੍ਹੇ ਹੁੰਦੇ ਹਨ ਉਸ ਦਿਨ ਇਹ ਸਾਨੂੰ ਜਗਾਉਂਦੇ ਹੀ ਨਹੀਂ। ਅਸੀਂ ਵੀ ਮਹਾਰਾਜ ਉਸ ਵੇਲੇ ਇਸ਼ਨਾਨ ਕਰਕੇ ਹਜ਼ੂਰ ਦੇ ਹੁਕਮ ਅਨੁਸਾਰ ਗੁਰਬਾਣੀ ਦਾ ਪਾਠ ਜਾਂ ਗੁਰ ਸ਼ਬਦ ਦਾ ਅਭਿਆਸ ਅਤੇ ਆਪਣਾ ਨਿੱਤਨੇਮ ਕਰਨਾ ਹੁੰਦਾ ਹੈ। ਆਪ ਜੀ ਹੁਣ ਇਨ੍ਹਾਂ ਨੂੰ ਕਹਿ ਦਿਉ ਕਿ ਪਹਿਰਾ ਬਦਲਣ ਦੇ ਸਮੇਂ ਸਾਨੂੰ ਜਗਾ ਦਿਆ ਕਰਨ। ਸਾਡੀ ਤਾਂ ਇਹ ਬੇਨਤੀ ਪ੍ਰਵਾਨ ਨਹੀਂ ਕਰਦੇ। ਆਪ ਹੀ ਸਾਡੇ ਤੇ ਕ੍ਰਿਪਾ ਕਰਕੇ ਇਨ੍ਹਾਂ ਨੂੰ ਆਖੋ।" ਉਸ ਸਮੇਂ ਬਾਬਾ ਆਇਆ ਸਿੰਘ ਜੀ ਕਹਿਣ ਲੱਗੇ, "ਸੁੱਚਾ ਸਿੰਘ! ਕੀ ਗੱਲ ਹੈ ਇਹ ਜੋ ਕਹਿੰਦੇ ਹਨ ਠੀਕ ਹੈ?" ਇਨ੍ਹਾਂ ਨੇ ਅਰਜ਼ ਕੀਤੀ, "ਮਹਾਰਾਜ! ਹੈ ਤਾਂ ਠੀਕ ਇਹ ਸਾਰੇ ਸੱਚ ਬੋਲਦੇ ਹਨ ਪਰ ਉਸ ਸਮੇਂ ਭਜਨ ਵਿੱਚ ਇਹੋ ਜਿਹਾ ਮਨ ਜੁੜਿਆ ਹੁੰਦਾ ਹੈ ਕਿ ਇੱਕ ਤਾਂ ਇਹ ਅਨੰਦ ਛੱਡਣ ਨੂੰ ਜੀਅ ਨਹੀਂ ਕਰਦਾ ਕਿ ਸਮਾਂ ਸਫ਼ਲਾ ਹੋ ਰਿਹਾ ਹੈ। ਦੂਜਾ ਕਾਰਨ ਇਹ ਹੈ ਕਿ ਮੈਂ ਕਿਸੇ ਨੂੰ ਬੇ ਆਰਾਮ ਨਹੀਂ ਕਰਨਾ ਚਾਹੁੰਦਾ।" ਸੰਤਾਂ ਨੇ ਸੁਤੇ ਹੀ ਬਚਨ ਕੀਤਾ, "ਹੱਛਾ! ਹੁਣ ਖ਼ਿਆਲ ਹੋ ਜਾਸੀ। ਦੂਜੇ ਨੂੰ ਜਗਾਉਣ ਦਾ ਜੀਅ ਕਰ ਆਸੀ ਤੇਰਾ ਕਿ ਮੈਂ ਛੇਤੀ ਬਦਲ ਕੇ ਜਾਵਾਂ। ਤੁਸਾਂ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਦੂਜੇ ਦਾ ਹੱਕ ਦਬਾਉਣਾ ਚੰਗੀ ਗੱਲ ਨਹੀਂ। ਇਨ੍ਹਾਂ ਨੇ ਵੀ ਨਿੱਤਨੇਮ ਕਰਨਾ ਹੁੰਦਾ ਹੈ। ਬੇ-ਆਰਾਮੀ ਤਾਂ ਉੱਥੇ ਮੰਨੀ ਜਾਂਦੀ ਹੈ ਜਿੱਥੇ ਉਹ ਆਪ ਜਾਗਣਾ ਨਾ ਚਹੁੰਦੇ ਹੋਣ। ਭਜਨ ਸਮੇਂ ਸਾਧੂ ਨੂੰ ਜਗਾਉਣ ਦਾ ਬੜਾ ਪੁੰਨ ਹੈ।"

ਯਥਾ: ਸੁਤਾ ਸਾਧ ਜਗਾਈਏ ਕਰੇ ਨਾਮ ਕਾ ਜਾਪ।
ਇਹ ਤਿੰਨੇ ਸੁੱਤੇ ਭਲੇ ਸਾਕਤ ਸਿੰਘ ਅਰ ਸਾਪ।

ਉਸ ਦਿਨ ਤੋਂ ਬਾਅਦ ਜਦੋਂ ਬਾਬਾ ਸੁੱਚਾ ਸਿੰਘ ਜੀ ਪਹਿਰੇ ਤੇ ਖੜੋਂਦੇ ਤਾਂ ਆਪਣੇ ਟਾਇਮ ਵਿੱਚ ਤਾਂ ਉਨ੍ਹਾਂ ਦਾ ਮਨ ਪਹਿਲਾਂ ਵਾਂਗੂੰ ਹੀ ਸਿਮਰਨ ਵਿੱਚ ਜੁੜਿਆ ਰਹਿੰਦਾ ਪਰ ਜਦੋਂ ਦੂਸਰੇ ਦਾ ਟਾਇਮ ਆਉਂਦਾ ਤਾਂ ਸਮਾਂ ਹੋਣ ਤੋਂ ਪੰਜ ਮਿੰਟ ਪਹਿਲਾਂ ਹੀ ਸਰੀਰ ਨੂੰ ਅੱਚਵੀ ਲੱਗ ਜਾਣੀ ਤੇ ਉੱਥੇ ਖੜੋਣਾ ਮੁਸ਼ਕਲ ਹੋ ਜਾਂਦਾ। ਉਸ ਸਮੇਂ ਦੂਜੇ ਸਾਥੀ ਨੂੰ ਜਾ ਜਗਾਉਂਦੇ ਤੇ ਆਪ ਬਦਲ ਜਾਂਦੇ। ਇਹ ਬਚਨ ਵੀ ਉਨ੍ਹਾਂ ਨੇ ਆਪ ਦੱਸਿਆ ਕਿ ਸੰਤਾਂ ਦਾ ਸਹਿਜ ਸੁਭਾਅ ਬੋਲਿਆ ਬਚਨ ਵੀ ਕਦੇ ਖ਼ਾਲੀ ਨਹੀਂ ਸੀ ਗਿਆ।

# ਸੰਤ ਬਚਨਾਂ ਦੀ ਪਾਲਣਾ

ਜਦੋਂ ਬਾਬਾ ਸੁੱਚਾ ਸਿੰਘ ਜੀ ਦੀ ਪੈਨਸ਼ਨ ਹੋ ਗਈ ਤਾਂ ਆਪ ਬਹੁਤਾ ਸਮਾਂ ਰੇਰੂ ਸਾਹਿਬ ਜਾਂ ਰਾੜਾ ਸਾਹਿਬ ਹੀ ਠਹਿਰਦੇ। ਦੋਵੇਂ ਸਮੇਂ ਗੁਰੂ ਦਰਬਾਰ ਵਿੱਚ ਕਥਾ ਕੀਰਤਨ ਦਾ ਅਨੰਦ ਮਾਣਦੇ ਰਹੇ। ਦਿਨ ਦਾ ਸਮਾਂ ਬਾਹਰ ਭਜਨ ਸਿਮਰਨ ਵਿੱਚ ਬਤੀਤ ਕਰਦੇ। ਵੱਡੇ ਸਾਹਿਬਾਂ ਦੇ ਪ੍ਰੇਮੀ ਤੇ ਪੂਰਨ ਤਤਕਸ਼ੀ, ਨਾਮ ਰਸੀਏ, ਮਹਾਂ ਤਿਆਗੀ, ਸਾਧੂ ਹੋਣ ਕਰਕੇ ਰਾੜਾ ਸਾਹਿਬ ਵਾਲੇ ਸੰਤ ਮਹਾਰਾਜ ਜੀ ਦੇ ਸਮੇਤ ਸਾਰੇ ਹੀ ਪ੍ਰੇਮੀ ਆਪ ਜੀ ਦਾ ਬੜਾ ਸਤਿਕਾਰ ਕਰਦੇ।

ਵੱਡੇ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਦੇ ਸਮੇਂ ਤੋਂ ਲੈ ਕੇ ਰੇਰੂ ਸਾਹਿਬ ਦੇ ਲੰਗਰ ਦੀ ਸੇਵਾ ਕਰਨ ਵਾਲਾ ਬਾਬਾ ਸੰਤਾ ਸਿੰਘ ਜੀ 'ਸ੍ਰੀ ਮਾਨ' ਸਾਲ ਦੇ ਸਾਲ ਕਟਾਹਰੀ ਨਗਰ ਆਪਣੇ ਘਰ ਸ੍ਰੀ ਅਖੰਡ ਪਾਠ ਕਰਵਾਉਂਦਾ ਹੁੰਦਾ। ਪਹਿਲਾਂ ਵੱਡੇ ਸੰਤ ਜੀ ਮਹਾਰਾਜ ਰੇਰੂ ਸਾਹਿਬ ਵਾਲੇ ਆਪ ਜਾ ਕੇ ਅਖੰਡ ਪਾਠ ਰਖਵਾਉਂਦੇ ਰਹੇ। ਉਹੀ ਨਿਯਮ ਫਿਰ ਚੱਲਦਾ ਰਿਹਾ। ਸੰਤ ਭਗਵਾਨ ਸਿੰਘ ਜੀ ਪਹਿਲਾਂ ਹੀ ਰਾਗੀ ਜਥੇ ਤੇ ਪਾਠੀ ਸਿੰਘਾਂ ਨੂੰ ਭੇਜ ਦਿੰਦੇ। ਭੋਗ ਦੇ ਸਮੇਂ ਆਪ ਪੁੱਜ ਜਾਂਦੇ ਸਨ। ਕਈ ਵਾਰੀਂ ਜੇ ਸਮਾਂ ਹੋਵੇ ਤਾਂ ਸੰਤ ਮਹਾਰਾਜ ਰਾੜਾ ਸਾਹਿਬ ਵਾਲੇ ਵੀ ਚਲੇ ਜਾਂਦੇ।

ਇੱਕ ਵਾਰ ਬਾਬਾ ਸੰਤਾ ਸਿੰਘ ਜੀ ਨੇ ਆਪਣੇ ਘਰ 'ਕਟਾਹਰੀ' ਨਗਰ ਅਖੰਡ ਪਾਠ ਰਖਵਾਉਣਾ ਸੀ। ਉਸ ਸਮੇਂ ਬਾਬਾ ਸੁੱਚਾ ਸਿੰਘ ਜੀ ਨੂੰ (ਜੋ ਉਸ ਸਮੇਂ ਰੇਰੂ ਸਾਹਿਬ ਆਏ ਹੋਏ ਸਨ) ਅਰਜ਼ ਕੀਤੀ, "ਮਹਾਰਾਜ! ਆਪ ਵੀ ਨਾਲ ਚੱਲੋ ਘਰ ਵਿੱਚ ਚਰਨ ਪਾਓ।" ਬਾਬਾ ਜੀ ਨੇ ਕਿਹਾ, "ਸ੍ਰੀ ਮਾਨ ਜੀ ਸੰਗਤ ਸਾਰੀ ਨਾਲ ਜਾ ਰਹੀ ਹੈ। ਸੰਤ ਭਗਵਾਨ ਸਿੰਘ ਜੀ ਆਪ ਦੇ ਨਾਲ ਹਨ। ਮੈਂ ਕਿਹੜਾ ਪਿੱਛੇ ਰਹਿ ਗਿਆ ਹਾਂ। ਸੰਗਤ ਦੇ ਨਾਲ ਹੀ ਹਾਂ। ਪਿੰਡਾਂ ਵਿੱਚ ਘੱਟ ਜਾਂਦਾ ਹਾਂ।" ਸੰਤਾ ਸਿੰਘ ਨੇ ਫਿਰ ਬੇਨਤੀ ਕੀਤੀ, "ਨਹੀਂ ਮਹਾਰਾਜ! ਆਪ ਜੀ ਦਾ ਦਰਸ਼ਨ ਦੁਰਲੱਭ ਹੈ। ਜ਼ਰੂਰ ਕ੍ਰਿਪਾ ਕਰੋ।" ਇਸ ਤਰ੍ਹਾਂ ਉਸ ਨੇ ਬਹੁਤ ਸਾਰੀਆਂ ਬੇਨਤੀਆਂ ਕੀਤੀਆਂ ਪਰ ਬਾਬਾ ਜੀ ਨੇ ਉਸ ਦੀ ਬੇਨਤੀ ਪ੍ਰਵਾਨ ਨਾ ਕੀਤੀ।

ਸੰਤਾ ਸਿੰਘ ਸੰਗਤ ਸਮੇਤ ਆਪਣੇ ਪਿੰਡ ਕਟਾਹਰੀ ਚਲਾ ਗਿਆ। ਘਰ ਵਿੱਚ ਸ੍ਰੀ ਅਖੰਡ ਪਾਠ ਪ੍ਰਾਰੰਭ ਕਰਵਾ ਦਿੱਤਾ। ਜਦੋਂ ਸ੍ਰੀ ਮਾਨ ਆਪਣੇ ਪਿੰਡ ਵੱਲ ਤੁਰ ਆਇਆ ਤਾਂ ਪਿੱਛੋਂ ਬਾਬਾ ਸੁੱਚਾ ਸਿੰਘ ਜੀ ਦੇ ਮਨ ਵਿੱਚ ਉਹ ਪਿਛਲਾ ਖ਼ਿਆਲ ਬਾਬਾ ਕਰਮ ਸਿੰਘ ਜੀ ਦੇ ਬਚਨਾਂ ਵਾਲਾ ਚੇਤੇ ਆਇਆ, ਕਿ ਵੱਡੇ ਸਾਹਿਬਾਂ ਦਾ ਹੁਕਮ ਸੀ ਕਿ ਜੇ ਕੋਈ ਸ਼ਰਧਾ ਨਾਲ ਬੇਨਤੀ ਕਰੇ ਤਾਂ ਉਸ ਦੀ ਸ਼ਰਧਾ ਤੇ ਸੱਟ ਨਾ ਮਾਰੇ ਤੇ ਉਸ ਦੇ ਨਾਲ ਘਰ ਚਲਿਆ ਜਾਵੇ। ਭਾਵਨਾ ਵਾਲੇ ਸ਼ਰਧਾਲੂ ਪ੍ਰੇਮੀ ਦੇ ਘਰ ਚਰਨ ਪਾਉਣ ਤੋਂ ਨਾਂਹ ਨਹੀਂ ਕਰਨੀ ਚਾਹੀਦੀ।

ਇਉਂ ਸ੍ਰੀ ਹਜ਼ੂਰ ਬਾਬਾ ਕਰਮ ਸਿੰਘ ਜੀ ਦੇ ਬਚਨ ਚੇਤੇ ਕਰਕੇ ਉਨ੍ਹਾਂ ਦੀ ਉਲੰਘਣਾ ਹੋਈ ਜਾਣ ਕੇ ਇਨ੍ਹਾਂ ਦਾ ਮਨ ਬੜਾ ਦੁਖੀ ਤੇ ਭੈ ਭੀਤ ਹੋ ਗਿਆ। ਸਾਰੀ ਰਾਤ ਨੀਂਦ ਨਹੀਂ ਆਈ ਕਿ ਮੈਂ ਵੱਡੇ ਸਾਹਿਬਾਂ ਦੇ ਲੰਗਰ ਦੇ ਸ੍ਰੀ ਮਾਨ ਦਾ ਬਚਨ ਨਹੀਂ ਮੰਨਿਆ। ਮਸਾਂ-ਮਸਾਂ ਰਾਤ ਬਤੀਤ ਕੀਤੀ। ਸਵੇਰੇ ੨ ਵਜੇ ਇਸ਼ਨਾਨ ਕਰਕੇ ਸਵਖਤੇ ਹੀ ਸਿੱਧੇ ਕਟਾਹਰੀ ਪਿੰਡ ਨੂੰ ਇਕੱਲੇ ਹੀ ਚੱਲ ਪਏ।

ਏਧਰੋਂ ਕਿਸੇ ਕੰਮ ਵਾਸਤੇ ਸ੍ਰੀ ਮਾਨ ਸੰਤਾ ਸਿੰਘ ਪਿੰਡੋਂ ਬਾਹਰ ਨਹਿਰ ਵੱਲ ਆਪਣੇ ਖੂਹ ਤੇ ਆ ਰਿਹਾ ਸੀ। ਰਸਤੇ ਵਿੱਚ ਹੀ ਬਾਬਾ ਜੀ ਨੂੰ ਆਉਂਦਿਆਂ ਦੇਖਕੇ ਮਨ ਵਿੱਚ ਬੜਾ ਪ੍ਰਸੰਨ ਹੋਇਆ। ਚਰਨਾਂ ਤੇ ਮੱਥਾ ਟੇਕਿਆ। ਉਸ ਸਮੇਂ ਬਾਬਾ ਸੁੱਚਾ ਸਿੰਘ ਜੀ ਨੇ ਸੰਤਾ ਸਿੰਘ ਨੂੰ ਘੁਟਕੇ ਆਪਣੀ ਬੁੱਕਲ ਵਿੱਚ ਲੈ ਲਿਆ ਤੇ ਨਿੰਮ੍ਰਤਾ ਨਾਲ ਆਖਿਆ, "ਮੇਰੀ ਗ਼ਲਤੀ ਮੁਆਫ਼ ਕਰ ਦੇਹ। ਮੈਂ ਵੱਡੇ ਸਾਹਿਬਾਂ ਦੇ ਹੁਕਮ ਤੋਂ ਦੂਰ ਚਲਾ ਗਿਆ ਸਾਂ ਤੂੰ ਉਨ੍ਹਾਂ ਦੇ ਲੰਗਰ ਦਾ ਸੇਵਾਦਾਰ ਹੈਂ ਮੈਨੂੰ ਮੁਆਫ਼ ਕਰ ਦੇਹ"।

ਉਸ ਸਮੇਂ ਸੰਤਾ ਸਿੰਘ ਨੇ ਬੇਨਤੀ ਕੀਤੀ, "ਮਹਾਰਾਜ! ਆਪ ਤਾਂ ਧੁਰੋਂ ਹੀ ਬਖ਼ਸ਼ੇ ਹੋਏ ਹੋ ਅਤੇ ਹੋਰਨਾਂ ਦੇ ਗੁਨਾਹਾਂ ਨੂੰ ਬਖ਼ਸ਼ਦੇ ਹੋ।" ਇਉਂ ਬਚਨ ਬਿਲਾਸ ਕਰਦੇ ਹੋਏ ਸੰਤਾ ਸਿੰਘ ਦੇ ਘਰ ਪੁੱਜੇ। ਜਿੱਥੇ ਸ੍ਰੀ ਅਖੰਡ ਪਾਠ ਪ੍ਰਾਰੰਭ ਸੀ। ਸਤਿਗੁਰਾਂ ਨੂੰ ਨਮਸਕਾਰ ਕਰਕੇ ਬੈਠ ਗਏ। ਗੁਰਬਾਣੀ ਦਾ ਪਾਠ ਸੁਣਦੇ ਰਹੇ। ਦੂਜੇ ਦਿਨ ਭੋਗ ਪਏ ਤੋਂ ਸੰਗਤ ਦੇ ਨਾਲ ਹੀ ਵਾਪਸ ਗਏ।

ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥

(ਪੰਨਾ ੭੪੭)

# ਬਾਬਾ ਜੀ ਦੇ ਹੋਰ ਸਿੱਖਿਆ ਦਾਇਕ ਬਚਨ

ਇੱਕ ਵਾਰੀਂ ਛੁੱਟੀ ਦੇ ਸਮੇਂ ਬਾਬਾ ਸੁੱਚਾ ਸਿੰਘ ਜੀ ਹੋਤੀ ਮਰਦਾਨ ਬਾਬਾ ਜੀ ਦੇ ਦਰਸ਼ਨਾਂ ਨੂੰ ਗਏ। ਪਾਵਨ ਚਰਨਾਂ ਤੇ ਸੀਸ ਰੱਖ ਕੇ ਨਮਸਕਾਰ ਕੀਤੀ। ਸੰਗਤ ਵਿੱਚ ਬੈਠ ਕੇ ਬਚਨ ਬਿਲਾਸ ਸੁਣੇ। ਸ੍ਰੀ ਹਜ਼ੂਰ ਬਾਬਾ ਜੀ ਕਹਿਣ ਲੱਗੇ, "ਜੀਵ ਸੰਸਾਰੀ ਪਦਾਰਥਾਂ ਵਿੱਚ ਲੱਗ ਕੇ ਸੁਖੀ ਤੇ ਦੁਖੀ ਹੋ ਰਿਹਾ ਹੈ ਕਿਉਂਕਿ ਇਹ ਮਨ ਨੂੰ ਚੰਚਲ ਕਰਦੇ ਹਨ। ਟਿਕਣ ਨਹੀਂ ਦਿੰਦੇ। ਪਦਾਰਥਾਂ ਦਾ ਕੁਦਰਤੀ ਸੁਭਾਵ ਹੈ। ਇਨ੍ਹਾਂ ਵਿੱਚ ਰਾਗ ਦਵੈਸ਼, ਅਤ੍ਰਿਪਤੀ ਬਣੀ ਰਹਿੰਦੀ ਹੈ। ਇਨ੍ਹਾਂ ਦਾ ਤਿਆਗ ਕਰਕੇ ਇਨਸਾਨ ਪ੍ਰਮੇਸ਼ਰ ਦੀ ਬੰਦਗੀ ਕਰੇ ਤਾਂ ਮਨ ਸੁਖੀ ਹੁੰਦਾ ਹੈ ਕਿਉਂਕਿ ਸਾਰੇ ਸੁਖਾਂ ਦਾ ਮੂਲ ਕਾਰਨ ਸੁਖ ਸਰੂਪ ਵਾਹਿਗੁਰੂ ਹੈ। ਉਸ ਦੀ ਪ੍ਰਾਪਤੀ ਨਾਲ ਹੀ ਪੂਰਨ ਸੁਖੀ ਹੋਈਦਾ ਹੈ।"

ਇਸ ਪ੍ਰਕਾਰ ਦੇ ਪਵਿੱਤਰ ਬਚਨ ਸੁਣਕੇ ਬਾਬਾ ਸੁੱਚਾ ਸਿੰਘ ਜੀ ਨੇ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਆਪ ਕ੍ਰਿਪਾ ਕਰਕੇ ਦੱਸੋ ਕਿ ਸੁਖ ਤੇ ਦੁਖ ਦਾ ਵਾਸਾ ਕਿਥੇ ਹੈ?" ਬਾਬਾ ਜੀ ਕਹਿਣ ਲੱਗੇ, "ਜੀਵ ਦੇ ਅੰਦਰ ਹੀ ਹੈ।" ਭਾਵ ਦੁਖ ਤੇ ਸੁਖ ਦਾ ਅਸਥਾਨ ਅੰਤਸ਼ਕਣ ਹੈ ਜੋ ਅਨੁਕੂਲ ਤੇ ਪ੍ਰਤੀਕੂਲ ਪਦਾਰਥਾਂ ਨੂੰ ਪਾ ਕੇ ਅਨੁਭਵ ਕਰਦਾ ਹੈ ਅਤੇ ਕਿਸੇ ਨੂੰ ਸੱਜਣ ਤੇ ਕਿਸੇ ਨੂੰ ਵੈਰੀ ਸਮਝਦਾ ਹੋਇਆ ਸੁਖੀ ਤੇ ਦੁਖੀ ਹੁੰਦਾ ਹੈ।

ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥

(ਪੰਨਾ ੮੭੬)

ਫਿਰ ਸੰਤਾਂ ਦੇ ਚਰਨਾਂ ਵਿੱਚ ਸੁੱਚਾ ਸਿੰਘ ਜੀ ਨੇ ਅਰਜ਼ ਕੀਤੀ, "ਮਹਾਰਾਜ! ਉਹ ਦੁਖ ਤੇ ਸੁਖ ਮਹਿਸੂਸ ਤਾਂ ਹੁੰਦੇ ਹਨ ਪਰ ਦਿਖਦੇ ਨਹੀਂ ਇਸ ਦਾ ਪਤਾ ਕਿਵੇ ਲੱਗੇ?" ਸੰਤ ਕਹਿਣ ਲੱਗੇ, "ਜੇ ਦੇਖਣਾ ਹੈ ਤਾਂ ਅੱਗੇ ਹੋ ਕੇ ਦੇਖ ਫਿਰ ਪਤਾ ਲੱਗੇਗਾ ਕਿ ਅੱਗੇ ਵਧਣ ਵਿੱਚ ਭਾਵ ਆਗੂਪੁਣੇ ਵਿੱਚ ਕਿਤਨਾ ਦੁਖ ਹੈ ਤੇ ਪਿੱਛੇ ਹਟਣ ਵਿੱਚ ਕਿਤਨਾ ਸੁਖ ਹੈ।

ਅੱਗੇ ਵਧਣ ਵਿੱਚ ਇਵੇਂ ਦੁਖ ਹੈ ਜਿਵੇਂ ਕਿਸੇ ਜ਼ਿਮੀਦਾਰ ਦੇ ਦੋ ਲੜਕੇ ਹਨ। ਉਹ ਜਵਾਨ ਹੋ ਕੇ ਆਪੋ ਆਪਣੇ ਪਰਿਵਾਰਾਂ ਨੂੰ ਲੈ ਕੇ ਵੱਖੋ ਵੱਖਰੇ ਹੋ ਜਾਂਦੇ ਹਨ। ਉਨ੍ਹਾਂ ਵਿੱਚੋਂ ਕਰਮਾਂ ਅਨੁਸਾਰ ਇੱਕ ਅਮੀਰ ਹੈ ਤੇ ਇੱਕ ਗ਼ਰੀਬ ਹੈ। ਅਮੀਰ ਭਰਾ ਨੇ ਆਪਣੀ ਲੜਕੀ ਦੇ ਵਿਆਹ ਤੇ ਬੜਾ ਧਨ ਖਰਚਿਆ ਲੋਕਾਂ ਦੀ ਫੋਕੀ ਵਾਹ-ਵਾਹ ਲਈ। ਫਿਰ ਦੂਜੇ ਗ਼ਰੀਬ ਭਰਾ ਨੇ ਆਪਣੀ ਲੜਕੀ ਦੀ ਸ਼ਾਦੀ ਕੀਤੀ। ਉਹ ਸੋਚਦਾ ਹੈ ਕਿ ਮੈਂ ਕਿਤੇ ਇਸ ਨਾਲੋਂ ਪਿੱਛੇ ਨਾ ਰਹਿ ਜਾਵਾਂ। ਮੈਨੂੰ ਲੋਕਾਂ ਨੇ ਫਿਰ ਮਾੜਾ ਸੂਮ ਕਮਦਿਲਾ ਆਖਣਾ ਹੈ। ਇਉਂ ਲੋਕ ਵਡਿਆਈ ਵਾਸਤੇ ਆਪਣੀ ਲੜਕੀ ਦਾ ਵਿਆਹ ਵੱਡੇ ਭਾਈ ਨਾਲੋਂ ਚੰਗਾ ਕੀਤਾ ਪਰ ਪੈਸਾ ਸਾਰਾ ਕਰਜ਼ਾ ਚੁੱਕ ਕੇ, ਜਿਸ ਬਦਲੇ ਸਾਰੀ ਜ਼ਮੀਨ ਗਹਿਣੇ ਪੈ ਕੇ ਵਿਕ ਗਈ। ਲੜਕੇ ਲੋਕਾਂ ਦੀ ਦਿਹਾੜੀ ਕਰਕੇ ਤੇ ਸੀਰੀ ਰਲਕੇ ਗੁਜ਼ਾਰਾ ਕਰਦੇ ਰਹੇ। ਦੱਸੋ ਉਸ ਨੂੰ ਦੁਨੀਆਂ ਦੀ ਵਾਹ-ਵਾਹ ਨੇ ਕੀ ਤਾਰਿਆ? ਜੇ ਪਹਿਲਾਂ ਹੀ ਆਪਣੀ ਚਾਦਰ ਦੇਖਕੇ ਪੈਰ ਪਸਾਰਦਾ ਤਾਂ ਇਸ ਤਰ੍ਹਾਂ ਦੀ ਹਾਲਤ ਕਿਉਂ ਹੁੰਦੀ।"

ਇਸ ਪ੍ਰਕਾਰ ਦੇ ਬਚਨ ਸੁਣਕੇ ਸਾਰੀ ਸੰਗਤ ਦੇ ਮਨ ਤੇ ਬੜਾ ਅਸਰ ਹੋਇਆ ਕਿ ਠੀਕ ਹੈ। ਸਤ ਪੁਰਸ਼ਾਂ ਦੇ ਬਚਨਾਂ ਅਨੁਸਾਰ ਪਿੱਛੇ ਰਹਿਣ ਵਿੱਚ ਹੀ ਸੁਖ ਹੈ। ਅੱਗੇ ਹੋ ਕੇ ਚੱਲਣ ਵਿੱਚ ਸੁਖ ਨਹੀਂ ਨਿਕਲਦਾ। ਮਹਾਰਾਜ ਕਰਮ ਸਿੰਘ ਜੀ ਦੇ ਇਨ੍ਹਾਂ ਬਚਨਾਂ ਨੂੰ ਬਾਬਾ ਸੁੱਚਾ ਸਿੰਘ ਜੀ ਨੇ ਇਉਂ ਨਿਸ਼ਚੇ ਪੂਰਬਕ ਧਾਰਨ ਕੀਤਾ ਤੇ ਸਾਰੀ ਜ਼ਿੰਦਗੀ ਸੰਕੋਚ ਹੀ ਰੱਖਿਆ। ਨਿਰਲੇਪ ਤੇ ਅਸੰਗ ਰਹਿਕੇ ਬੰਦਗੀ ਕੀਤੀ।

# ਸਮੇਂ ਦੀ ਕਦਰ ਕਰੋ

ਜਦੋਂ ਬਾਬਾ ਸੁੱਚਾ ਸਿੰਘ ਜੀ ਦੀ ਪੈਨਸ਼ਨ ਹੋ ਗਈ। ਫਿਰ ਵੀ ਆਪ ਬਹੁਤਾ ਸਮਾਂ ਸੰਗਤ ਵਿੱਚ ਹੀ ਬਤੀਤ ਕਰਦੇ। ਕਦੀ ਘਰ ਨਹੀਂ ਸੀ ਗਏ। ਕਦੇ ਰਾੜੇ ਸਾਹਿਬ ਕਦੇ ਰੇਰੂ ਸਾਹਿਬ ਜਾਂ ਕਦੇ-ਕਦੇ ਹੋਤੀ ਮਰਦਾਨ। ਜਦੋਂ ਆਪ ਰੇਰੂ ਸਾਹਿਬ ਆਉਂਦੇ ਤਾਂ ਬਹੁਤਾ ਸਮਾਂ ਬਾਹਰ ਹੀ ਭਗਤੀ ਵਿੱਚ ਲੀਨ ਰਹਿੰਦੇ। ਕੇਵਲ ਦੋਵੇਂ ਟਾਇਮ ਕਥਾ ਕੀਰਤਨ ਦੇ ਸਮੇਂ ਹੀ ਗੁਰਦੁਆਰੇ ਸਾਹਿਬ ਆਉਣਾ ਅਤੇ ਅੱਠੀਂ ਪਹਿਰੀਂ ਪ੍ਰਸ਼ਾਦਿ ਛਕਣਾ। ਫਿਰ ਭਾਈ ਚੈਂਚਲ ਸਿੰਘ ਦੇ ਖੂਹ ਤੇ ਹੀ ਜਾ ਬੈਠਣਾ ਜਾਂ ਫਿਰ ਕਿਤੇ ਹੋਰ ਬ੍ਰਿਛ ਥੱਲੇ ਧਰਤੀ ਨੂੰ ਭਾਗ ਲਾਉਣੇ। ਚੈਂਚਲ ਸਿੰਘ ਦੇ ਇੱਕ ਲੜਕੇ ਦਾ ਨਾਮ ਬੰਤਾ ਸਿੰਘ ਸੀ ਜੋ ਉਸ ਸਮੇਂ ਛੋਟਾ ਬੱਚਾ ਹੀ ਸੀ। ਡੰਗਰ ਚਾਰਦੇ ਨੇ ਬਾਬਾ ਜੀ ਪਾਸ ਆ ਜਾਣਾ ਮੱਥਾ ਟੇਕਣਾ ਤੇ ਪਾਸ ਹੀ ਬੈਠ ਜਾਣਾ। ਬਾਬਾ ਜੀ ਨੇ ਕੁਝ ਕਹਿਣਾ ਤਾਂ ਬਚਨ ਮੰਨਕੇ ਉਹੋ ਹੀ ਸੇਵਾ ਕਰਨੀ। ਇਸ ਨੂੰ ਚੰਗੀਆਂ-ਚੰਗੀਆਂ ਸਾਖੀਆਂ ਸੁਣਾਉਣੀਆਂ। ਬਚਪਨ ਵਿੱਚ ਅੰਦਰ ਪਏ ਸੰਸਕਾਰ ਦ੍ਰਿੜ ਹੋ ਜਾਂਦੇ ਹਨ। ਇਸ ਨੂੰ ਆਖਣਾ, "ਕਾਕਾ! ਜੇ ਕੋਈ ਆ ਕੇ ਪੁੱਛੇ ਕਿ ਬਾਬਾ ਜੀ ਕਿਥੇ ਹਨ ਤੇ ਅਸੀਂ ਏਥੇ ਬੈਠੇ ਹੋਈਏ ਤਾਂ ਕਿਸੇ ਨੂੰ ਦੱਸੀ ਨਾ ਕਿ ਸੰਤ ਏਥੇ ਬੈਠੇ ਹਨ। ਐਵੇਂ ਦੁਨੀਆਂ ਦਾ ਸੁਭਾਅ ਹੈ ਕਿ ਵਿਹਲੇ ਲੋਕ ਆਪਣੇ ਪ੍ਰਯੋਜਨ ਵਾਸਤੇ ਸੰਤਾਂ ਦੇ ਪਾਸ ਹੀ ਬੈਠੇ ਰਹਿੰਦੇ ਹਨ। ਭਜਨ ਸਿਮਰਨ ਕਰਨ ਵਾਲਾ ਅਮੋਲਕ ਸਮਾਂ ਗਵਾਈ ਜਾਂਦੇ ਹਨ।" ਉਸ ਨੇ ਕਿਹਾ, "ਸੱਤ ਬਚਨ ਜੀ।"

ਇਸ ਤਰ੍ਹਾਂ ਸਮਾਂ ਲੰਘਦਾ ਗਿਆ। ਇੱਕ ਦਿਨ ਦੋ ਫੌਜੀ ਸਿੰਘ ਗੁਰਦੁਆਰੇ ਸਾਹਿਬ ਦੇ ਦਰਸ਼ਨ ਕਰਕੇ ਸੰਤਾਂ ਨੂੰ ਲੱਭਦੇ ਹੋਏ ਏਥੇ ਆ ਗਏ। ਇਹ ਗੁਰਮੁਖ ਹੋਤੀ ਵਾਲੇ ਵੱਡੇ ਸਹਿਬਾਂ ਦੇ ਸਤਿਸੰਗੀ ਸਨ। ਜਦੋਂ ਉਨ੍ਹਾਂ ਨੇ ਏਥੇ ਆ ਕੇ ਇਸ ਬੱਚੇ ਬੰਤਾ ਸਿੰਘ ਨੂੰ ਪੁੱਛਿਆ (ਜੋ ਉਸ ਸਮੇਂ ਆਪਣੇ ਪਸ਼ੂ ਚਾਰਦਾ ਸੀ) ਤਾਂ ਇਸ ਨੇ ਇਨ੍ਹਾਂ ਨੂੰ ਨਾ ਦੱਸਿਆ ਅਤੇ ਦਰਸ਼ਨ ਕੀਤੇ ਤੋਂ ਬਗ਼ੈਰ ਹੀ ਇਨ੍ਹਾਂ ਨੂੰ ਵਾਪਸ ਮੋੜ ਦਿੱਤਾ।

ਜਦੋਂ ਦੁਪਹਿਰ ਹੋਈ ਤਾਂ ਬਾਬਾ ਜੀ ਉੱਠੇ ਤਾਂ ਇਸ ਨੇ ਅਰਜ ਕੀਤੀ, "ਮਹਾਰਾਜ! ਅੱਜ ਦੋ ਫੌਜੀ ਆਏ ਸਨ। ਉਹ ਕਹਿੰਦੇ ਸਨ ਕਿ ਅਸੀਂ ਹੋਤੀ ਵਾਲੇ ਸੰਤਾਂ ਦੇ ਸੇਵਕ ਹਾਂ ਬਾਬਾ ਜੀ ਦੇ ਦਰਸ਼ਨ ਕਰਨੇ ਹਨ। ਪਰ ਮੈਂ ਉਨ੍ਹਾਂ ਨੂੰ ਤੁਹਾਡੇ ਪਾਸ ਨਹੀਂ ਆਉਣ ਦਿੱਤਾ।" ਸੰਤਾਂ ਨੇ ਕਿਹਾ, "ਭਲਿਆ! ਅਸੀਂ ਤਾਂ ਕਿਹਾ ਸੀ ਕਿ ਆਮ ਦੁਨੀਆਂਦਾਰਾਂ ਨੂੰ ਨਹੀਂ ਆਉਣ ਦੇਣਾ। ਹੋਤੀ ਵਾਲੇ ਸੰਤਾਂ ਦੇ ਪ੍ਰੇਮੀ ਫੌਜੀਆਂ ਨੂੰ ਨਾ ਮੋੜਿਆ ਕਰ। ਜਦੋਂ ਕੋਈ ਹੋਤੀ ਵਾਲੇ ਬਾਬਿਆਂ ਦਾ ਸਤਸੰਗੀ ਕਹੇ ਤਾਂ ਸਾਨੂੰ ਪਤਾ ਕਰ ਦਿਆ ਕਰ।" ਇਸ ਤਰ੍ਹਾਂ ਦੇ ਬਚਨ ਸੁਣਕੇ ਕਹਿੰਦਾ, "ਜੀ ਸੱਤ ਬਚਨ।" ਪਰ ਅਨਭੋਲ ਬੱਚਾ ਸੀ ਮਹਾਂ ਪੁਰਸ਼ਾ ਦੀ ਰਮਜ਼ ਨੂੰ ਸਮਝ ਨਾ ਸਕਿਆ।

ਇੱਕ ਦਿਨ ਜਦੋਂ ਸਵੇਰੇ ਹੀ ਪਸ਼ੂ ਲੈ ਕੇ ਆਪਣੇ ਖੂਹ ਤੇ ਆਇਆ ਤਾਂ ਏਧਰੋਂ ਸੰਤ ਜੀ ਅਜੇ ਆਕੇ ਬੈਠੇ ਹੀ ਸਨ। ਚੌਫੇਰੇ ਉੱਚੀਆਂ-ਉੱਚੀਆਂ ਮੱਕੀਆਂ ਦੀ ਓਟ ਸੀ। ਉਸ ਸਮੇਂ ਕੁਝ ਗ੍ਰਹਿਸਥੀ ਸਰਦਾਰ ਆਏ ਜਿਨ੍ਹਾਂ ਦੇ ਨਾਲ ਬਾਲ ਬੱਚੇ ਵੀ ਸਨ। ਜਦੋਂ ਇਨ੍ਹਾਂ ਨੇ ਇਸ ਬੱਚੇ ਨੂੰ ਪੁੱਛਿਆ ਕਿ ਹੋਤੀ ਵਾਲੇ ਬਾਬਾ ਜੀ ਕਿਥੇ ਹਨ? ਉਸ ਸਮੇਂ ਇਸ ਨੇ ਸਮਝਿਆ ਕਿ ਸ਼ਾਇਦ ਇਹ ਹੋਤੀ ਤੋਂ ਆਏ ਹਨ। ਇਸ ਨੇ ਡਰਦਿਆਂ ਦੱਸਿਆ ਤਾਂ ਨਾ ਪਰ ਮੱਕੀਆਂ ਵੱਲ ਹੱਥ ਕਰ ਦਿੱਤਾ। ਇਹ ਅੱਗੇ ਚਲੇ ਗਏ ਸੰਤਾਂ ਨੂੰ ਮੱਥਾ ਟੇਕਿਆ ਤੇ ਪਾਸ ਬੈਠ ਗਏ। ਉਸ ਸਮੇਂ ਇਹੋ ਜਿਹੇ ਸੰਸਾਰੀ ਧੰਦਿਆ ਦੇ ਬਚਨ ਕਰਨ ਲੱਗੇ ਕਿ ਦਿਨ ਦੇ ਬਾਰਾਂ ਵੱਜ ਗਏ।

ਉਸ ਸਮੇਂ ਬਾਬਾ ਜੀ ਦੁਪਹਿਰ ਹੋਈ ਜਾਣਕੇ ਉੱਠੇ ਤੇ ਇਨ੍ਹਾਂ ਗ੍ਰਹਿਸਥੀ ਭਗਤਾਂ ਨੂੰ ਗੁਰਦੁਆਰੇ ਸਾਹਿਬ ਵੱਲ ਤੋਰ ਕੇ (ਕਿ ਚੱਲੋ ਦੁਪਹਿਰ ਦਾ ਪ੍ਰਸ਼ਾਦ ਛਕੋ) ਆਪ ਸਿੱਧੇ ਬੰਤਾ ਸਿੰਘ ਦੇ ਪਾਸ ਆਏ। ਉਹ ਵਿਚਾਰਾ ਡਰ ਗਿਆ। ਸੋਚਦਾ ਹੈ ਕਿ ਮੈਥੋਂ ਅੱਜ ਗ਼ਲਤੀ ਹੋ ਗਈ, ਸੰਤ ਨਰਾਜ਼ ਹੋਣਗੇ। ਬਾਬਾ ਜੀ ਨੇ ਆਖਿਆ ਕਿ ਡਰ ਨਾ ਅਸੀਂ ਤੈਨੂੰ ਕੁਝ ਨਹੀਂ ਕਹਿੰਦੇ ਤੂੰ ਉਰ੍ਹੇ ਆ। ਜਦੋਂ ਇਹ ਪਾਸ ਆਇਆ ਤਾਂ ਬਾਬਾ ਜੀ ਛੱਪੜ ਦੇ ਕੰਢੇ ਖੜ੍ਹੇ ਸਨ ਜਿਸਦਾ ਪਾਣੀ ਬਹੁਤ ਟਿਕਿਆ ਤੇ ਸਾਫ਼ ਸੀ। ਕਹਿਣ ਲੱਗੇ ਕਿ ਇਸ ਵਿੱਚ ਆਪਣਾ ਮੂੰਹ ਦੇਖ। ਜਦੋਂ ਦੇਖਿਆ ਤਾਂ ਐਨ ਸਾਫ਼ ਦਿਸ ਗਿਆ। ਫਿਰ ਕਿਹਾ ਕਿ ਇਸ ਵਿੱਚ ਮੱਝਾਂ ਵਾੜ ਕੇ ਉਰੇ ਆ। ਜਦੋਂ ਉਸ ਨੇ ਬਾਬਾ ਜੀ ਦੇ ਹੁਕਮ ਅਨੁਸਾਰ ਮੱਝਾਂ ਨੂੰ ਹਿੱਕ ਕੇ ਪਾਣੀ ਵਿੱਚ ਵਾੜਿਆ ਤਾਂ ਬਾਬਾ ਜੀ ਨੇ ਫੇਰ ਕਿਹਾ ਕਿ ਹੁਣ ਪਾਣੀ ਵਿੱਚ ਆਪਣਾ ਮੂੰਹ ਦੇਖ। ਜਦੋਂ ਦੇਖਿਆ ਤਾਂ ਕਹਿਣ ਲੱਗਾ, "ਜੀ! ਹੁਣ ਤਾਂ ਕੁਝ ਵੀ ਨਹੀਂ ਦਿਖਦਾ। ਪਾਣੀ ਗੰਧਲਾ ਹੋ ਗਿਆ, ਮੂੰਹ ਕਿਵੇਂ ਦਿੱਸੇ?" ਸੰਤਾਂ ਨੇ ਕਿਹਾ, "ਫਿਰ ਤੂੰ ਸਾਡੇ ਅੰਦਰ ਸੰਸਕਾਰਾਂ ਰੂਪ ਮੱਝਾਂ ਤੇ ਝੋਟੇ ਵਾੜ ਦਿੱਤੇ। ਸਾਡਾ ਤੂੰ ਇਤਨਾਂ ਸਮਾਂ ਐਵੇਂ ਖ਼ਰਾਬ ਕਰ ਦਿੱਤਾ।

ਭਲਿਆ! ਦੇਖ ਸੰਸਾਰੀ ਬੰਦਿਆਂ ਦੀ ਸੰਗਤ ਕਰਕੇ ਸਾਡਾ ਮਨ ਕਿਵੇਂ ਵਿਖਸ਼ੇਪ ਰੂਪ ਹੋ ਗਿਆ ਹੈ?" ਉਸ ਸਮੇਂ ਬੰਤਾ ਸਿੰਘ ਨੇ ਦੋਵੇਂ ਹੱਥ ਜੋੜਕੇ ਮੁਆਫ਼ੀ ਮੰਗੀ ਤੇ ਕਿਹਾ, "ਮਹਾਰਾਜ! ਮੈਂ ਅੱਗੇ ਤੋਂ ਕਿਸੇ ਨੂੰ ਨਹੀਂ ਦੱਸਦਾ। ਇਉਂ ਸੰਤਾਂ ਨੇ ਉਸ ਨੂੰ ਉਪਦੇਸ਼ ਤੇ ਚੰਗੀ ਸਿੱਖਿਆ ਦਿੱਤੀ ਤੇ ਆਪ ਡੇਰੇ ਵੱਲ ਆ ਗਏ।

## ਬਾਬਾ ਸੁੱਚਾ ਸਿੰਘ ਜੀ ਦਾ ਜੋਤੀ ਜੋਤ ਸਮਾਉਣਾ

ਬਾਬਾ ਸੁੱਚਾ ਸਿੰਘ ਜੀ ਮਹਾਰਾਜ ਨੇ ਆਪਣੇ ਜੀਵਨ ਵਿੱਚ ਇਹ ਨਿਯਮ ਬਣਾਇਆ ਹੋਇਆ ਸੀ ਕਿ ਸਾਲ ਵਿੱਚੋਂ ਤਿੰਨ-ਤਿੰਨ ਚਾਰ-ਚਾਰ ਮਹੀਨੇ ਵੰਡ ਕੇ ਕਈ ਥਾਈਂ ਰਿਹਾ ਕਰਦੇ। ਤਿੰਨ ਮਹੀਨੇ ਰੇਰੂ ਸਾਹਿਬ ਤਿੰਨ ਮਹੀਨੇ ਰਾੜਾ ਸਾਹਿਬ ਤੇ ਤਿੰਨ ਮਹੀਨੇ ਅਨੰਦਪੁਰ ਕਲੌੜ ਬਾਬਾ ਕਰਤਾਰ ਸਿੰਘ ਜੀ ਦੇ ਪਾਸ। ਕਈ ਵਾਰੀਂ ਬਾਬਾ ਤੇਜਾ ਸਿੰਘ ਜੀ ਦੇ ਕੋਲ ਦਾਨ ਸਿੰਘ ਵਾਲੇ (ਜੋ ਧਨੌਲੇ ਦੇ ਪਾਸ ਹੈ) ਚਲੇ ਜਾਂਦੇ ਪਰ ਰਹਿੰਦੇ ਬਹੁਤਾ ਇਕਾਂਤ ਹੀ। ਆਪ ਜੀ ਸਰੀਰਕ ਤਤਿਖਸ਼ਾ ਸਹਾਰਨ ਦਾ ਬੜਾ ਭਾਰੀ ਨਮੂਨਾ ਸਨ। ਸਰੀਰ ਬਿਰਧ ਹੋਣ ਦੇ ਬਾਵਜੂਦ ਵੀ ਅੰਤ ਸਮੇਂ ਤੱਕ ਆਪ ਨੇ ਤਪੱਸਿਆ ਨਹੀਂ ਛੱਡੀ। ਇਉਂ ਆਪਣੀ ਜ਼ਿੰਦਗੀ ਦਾ ਸਾਰਾ ਸਮਾਂ ਬੰਦਗੀ ਤੇ ਇਕਾਂਤ ਅਸਥਾਨ ਤੇ ਗੁਪਤ ਰਹਿੰਦਿਆਂ ਬਤੀਤ ਕੀਤਾ ਪਰ ਫਿਰ ਵੀ ਪ੍ਰਮੇਸ਼ਰ ਦਾ ਪਿਆਰਾ ਚਾਹੇ ਕਿਤਨਾਂ ਵੀ ਛੁਪੇ ਛੁਪਿਆ ਨਹੀਂ ਰਹਿੰਦਾ ਪ੍ਰੇਮੀ ਲੱਭ ਹੀ ਲੈਂਦੇ ਹਨ।

ਆਠ ਪਹਰ ਜਨੁ ਹਰਿ ਹਰਿ ਜਪੈ ॥
ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥

(ਪੰਨਾ ੨੯੫)

ਆਪ ਜੀ ਨੂੰ ਵੀ ਦੇਖ ਕੇ ਸੰਗਤਾਂ ਨਮਸਕਾਰ ਕਰਦੀਆਂ। ਪਰ ਆਪ ਬੜੀ ਨਿੰਮ੍ਰਤਾ ਸਹਿਤ ਸਭਨਾਂ ਨੂੰ ਪਹਿਲਾਂ ਹੀ ਫਤਿਹ ਬੁਲਾਅ ਦਿੰਦੇ। ਇਉਂ ਸੇਵਾ ਤੇ ਸਿਮਰਨ ਵਿੱਚ ਜੁੜਿਆਂ ਪਝੱਤਰ ਸਾਲਾਂ ਦੀ ਉਮਰ ਹੋ ਗਈ। ਆਪਣੇ ਸਰੀਰ ਦਾ ਅੰਤਮ ਸਮਾਂ ਆਇਆ ਜਾਣਕੇ ਦੋ ਕੁ ਮਹੀਨੇ ਪਹਿਲਾਂ ਹੀ ਰਾੜਾ ਸਾਹਿਬ ਆ ਗਏ। ਭਾਵੇਂ ਸੇਵਾਦਾਰ ਤਾਂ ਆਪ ਪਹਿਲਾਂ ਵੀ ਨਹੀਂ ਸੀ ਰੱਖਿਆ ਕਰਦੇ। ਕਿਰਿਆ ਬਹੁਤੀ ਨਹੀਂ ਸੀ ਵਧਾਈ, ਸਮਾਨ ਜੇਹੀ ਰੱਖੀ ਸੀ। ਜਿਸ ਨੂੰ ਆਪ ਹੀ ਕਰ ਲੈਂਦੇ ਸਨ।

ਐਤਕੀਂ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਵਾਰ-ਵਾਰ ਆਖਣ ਤੇ ਇੱਕ ਸੇਵਾਦਾਰ ਰੱਖਣ ਦੀ ਆਗਿਆ ਦੇ ਦਿੱਤੀ ਪਰ ਨਾਲ ਹੀ ਇਹ ਵੀ ਸ਼ਰਤ ਰੱਖੀ ਕਿ ਸੇਵਾਦਾਰ ਨਿਰ ਆਲਸੀ ਅੰਮ੍ਰਿਤ ਵੇਲੇ ਜਾਗਣ ਵਾਲਾ ਤੇ ਨਿੱਤਨੇਮੀ ਹੋਵੇ। ਉਸ ਸਮੇਂ ਭਾਈ ਭਾਨ ਸਿੰਘ (ਭਗਤ ਜੀ) ਨੂੰ ਇਹ ਪਵਿੱਤਰ ਸੇਵਾ ਸੌਂਪ ਦਿੱਤੀ। ਜਿਨ੍ਹਾਂ ਵਿੱਚ ਇਹ ਸਾਰੇ ਹੀ ਗੁਣ ਘਟਦੇ ਸਨ ਅਤੇ ਉਸ ਸਮੇਂ ਇਹ ਗੁਰਦੁਆਰਾ ਸਾਹਿਬ ਵਿੱਚ ਗ੍ਰੰਥੀ ਦੀ ਸੇਵਾ ਕਰਦੇ ਸਨ।

ਆਪ ਜੀ ਨੇ ਇਨ੍ਹਾਂ ਨੂੰ ਸਵਾ ਮਹੀਨਾ ਪਹਿਲਾਂ ਹੀ ਦੱਸ ਦਿੱਤਾ ਕਿ ਅੱਜ ਤੋਂ ਪੂਰੇ ੪੦ ਦਿਨਾਂ ਨੂੰ ਅਸੀਂ ਇਸ ਦੇਹ ਰੂਪੀ ਪਿੰਜਰੇ ਤੋਂ ਆਜ਼ਾਦ ਹੋ ਜਾਣਾ ਹੈ। ਬੇਸ਼ੱਕ ਤੁਸੀਂ ਦਿਨਾਂ ਦੀ ਗਿਣਤੀ ਕਰੀ ਜਾਣਾ ਪਰ ਇਹ ਗੱਲ ਆਮ ਲੋਕਾਂ ਨੂੰ ਨਹੀਂ ਦੱਸਣਾ। ਦੋਹਾਂ ਮਹਾਂ ਪੁਰਸ਼ਾਂ ਨੂੰ ਤਾਂ ਪਤਾ ਹੀ ਹੈ। ਇੱਕ ਹਫ਼ਤਾ ਪਹਿਲਾਂ ਇਹ ਗੱਲ ਫਿਰ ਦੁਹਰਾਈ ਕਿ ਸਾਡੇ ਕੇਵਲ ਅੱਠ ਦਿਨ ਹੀ ਬਾਕੀ ਰਹਿੰਦੇ ਹਨ। ਭਜਨ ਸਿਮਰਨ ਦੁਆਰਾ ਸਵਾਸ ਵਧ ਗਏ ਹਨ। ਅੰਨ ਅੱਜ ਤੋਂ ਖ਼ਤਮ ਹੋ ਚੁੱਕਿਆ ਹੈ। ਕੇਵਲ ਸਵਾਸ ਹੀ ਬਾਕੀ ਰਹਿੰਦੇ ਹਨ। ਹੁਣ ਉਹ ਪੂਰੇ ਕਰਨੇ ਹਨ।

ਉਸ ਸਮੇਂ ਰੇਰੂ ਸਾਹਿਬ ਤੋਂ ਸੰਤ ਭਗਵਾਨ ਸਿੰਘ ਜੀ ਨੂੰ ਤੇ ਸੰਤਾ ਸਿੰਘ ਜੀ ਨੂੰ ਬੁਲਾਇਆ। ਜਿਨ੍ਹਾਂ ਦੇ ਨਾਲ ਸ੍ਰ: ਉਜਾਗਰ ਸਿੰਘ ਤੇ ਹੋਰ 'ਰਾਮਪੁਰ' ਨਗਰ ਦੀ ਸੰਗਤ ਵੀ ਆ ਗਈ। ਸਭਨਾਂ ਨੂੰ ਦਰਸ਼ਨ ਦਿੱਤਾ ਤੇ ਆਖਿਆ, "ਜਦੋਂ ਅੰਨ ਜਲ ਸਮਾਪਤ ਹੋ ਜਾਂਦਾ ਹੈ ਅਤੇ ਉਹ ਥਾਂ ਆ ਜਾਂਦੀ ਹੈ। ਜਿੱਥੇ ਸਰੀਰ ਦਾ ਅੰਤ ਹੋਣਾ ਹੈ ਅਤੇ ਸਵਾਸ ਮੁੱਕ ਜਾਂਦੇ ਹਨ ਫਿਰ ਇਹ ਜੀਵ ਰੱਬੀ ਹੁਕਮ ਅਨੁਸਾਰ ਪ੍ਰਲੋਕ ਨੂੰ ਚਲਾ ਜਾਂਦਾ ਹੈ। ਉਸ ਸਮੇਂ ਕੋਈ ਵੀ ਸ਼ਕਤੀ ਇਸ ਨੂੰ ਰੱਖਣ ਵਾਸਤੇ ਸਮਰੱਥ ਨਹੀਂ ਹੁੰਦੀ। ਭਾਵੇਂ ਮਹਾਂ ਪੁਰਸ਼ਾਂ ਦਾ ਆਉਣਾ ਜਾਣਾ ਆਮ ਲੋਕਾਂ ਵਾਂਗ ਨਹੀਂ ਹੁੰਦਾ ਉਹ ਸੁਤੰਤਰ ਹੁੰਦੇ ਹਨ। ਫਿਰ ਵੀ ਪ੍ਰਮੇਸ਼ਰ ਦੀ ਮਰਿਯਾਦਾ ਨੂੰ ਉਹ ਭੰਗ ਨਹੀਂ ਕਰਦੇ। ਸੋ ਪ੍ਰੇਮੀਓ! ਹੋ ਸਕਦਾ ਹੈ ਕਿ ਸਾਨੂੰ ਹੁਣ ਤੁਹਾਡਾ ਇਹ ਆਖ਼ਰੀ ਦਰਸ਼ਨ ਹੀ ਹੋਵੇ।"

ਸੰਤਾਂ ਦੇ ਇਹ ਬਚਨ ਸੁਣਕੇ ਸਾਰਿਆਂ ਦੇ ਨੇਤਰਾਂ ਵਿੱਚ ਜਲ ਆ ਗਿਆ। ਪਰ ਬਾਬਾ ਜੀ ਨੇ ਸਭਨਾਂ ਨੂੰ ਵੈਰਾਗ ਕਰਨੋ ਰੋਕ ਦਿੱਤਾ। ਧੀਰਜ ਦੇਕੇ ਸਾਰੇ ਤੋਰ ਦਿੱਤੇ। ਉਹਨੀਂ ਦਿਨੀਂ ਹਰਖੋਵਾਲ ਤੋਂ ਸੰਤ ਜਵਾਲਾ ਸਿੰਘ ਜੀ ਵੀ ਰਾੜਾ ਸਾਹਿਬ ਆਏ ਹੋਏ ਸਨ। ਸੰਤ ਬਿਸ਼ਨ ਸਿੰਘ ਜੀ ਰੌਣੀ ਵਾਲੇ ਵੀ ਪੁੱਜੇ ਹੋਏ ਸਨ। ਉਨ੍ਹਾਂ ਦੋਵਾਂ ਸੰਤਾਂ ਨਾਲ ਬੜੇ ਪ੍ਰੇਮ ਸਹਿਤ ਬਚਨ ਕੀਤੇ। ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੂੰ ਬੜੇ ਵਰ ਦਿੱਤੇ। ਕਿ ਤੁਸੀਂ ਬਾਬਾ ਕਰਮ ਸਿੰਘ ਜੀ

ਮਹਾਰਾਜ ਤੇ ਬਾਬਾ ਅਤਰ ਸਿੰਘ ਜੀ ਦਾ ਨਾਮ ਰੌਸ਼ਨ ਕਰ ਰਹੇ ਹੋ। ਤੁਹਾਡਾ ਬੜਾ ਤੇਜ਼ ਪ੍ਰਤਾਪ ਹੋਵੇਗਾ। ਬਾਹਰਲੇ ਟਾਪੂਆਂ ਤੱਕ ਗੁਰੂ ਨਾਨਕ ਦੀ ਬਾਣੀ ਦਾ ਪ੍ਰਚਾਰ ਕਰੋਗੇ। ਇਉਂ ਬੜੇ ਪਿਆਰ ਨਾਲ ਆਪਣੀ ਬੁੱਕਲ ਵਿੱਚ ਲੈ ਕੇ ਵਰ ਦਿੰਦੇ ਰਹੇ।

ਅਖ਼ੀਰ ਨੂੰ ਸਤਾਈ ਜੇਠ ਵਾਲੇ ਦਿਨ ਸਵੇਰ ਦੇ ਟਾਇਮ ਭਗਤ ਜੀ ਨੂੰ ਪਾਸ ਬੁਲਾ ਕੇ ਆਖਿਆ, "ਅੱਜ ਸ਼ਾਮ ਦੇ ੫ ਵੱਜ ਕੇ ੨੫ ਮਿੰਟ ਤੇ ਸਾਡੀ ਤਿਆਰੀ ਹੈ। ਉਸ ਤੋਂ ਪਹਿਲਾਂ-ਪਹਿਲਾਂ ਹੀ ਇਸ਼ਨਾਨ ਕਰਵਾਕੇ ਸਾਫ਼ ਬਸਤਰ ਪਵਾ ਦੇਣੇ। ਫਿਰ ਸੰਗਤ ਨੂੰ ਦੁਬਾਰਾ ਇਸ਼ਨਾਨ ਨਹੀਂ ਕਰਵਾਉਣਾ ਪਵੇਗਾ"। (ਉਨ੍ਹਾਂ ਦਾ ਇਹ ਖ਼ਿਆਲ ਸੀ ਕਿ ਸ਼ਾਇਦ ਉਸ ਸਮੇਂ ਹੀ ਸਰੀਰ ਦਾ ਅੰਤਮ ਸੰਸਕਾਰ ਕਰ ਦੇਣਗੇ) ਅਤੇ ਇਹ ਬਚਨ ਵੀ ਆਖੇ ਕਿ ਸਰੀਰ ਦਾ ਏਥੇ ਹੀ ਸੰਸਕਾਰ ਕਰ ਦੇਣਾ। ਬਾਅਦ ਵਿੱਚ ਕੋਈ ਯਾਦਗਾਰ ਕਾਇਮ ਨਹੀਂ ਕਰਨੀ। ਕਿਸੇ ਜਗ੍ਹਾ ਅਸਥੀਆਂ ਲਿਜਾਣ ਦਾ ਵੀ ਖ਼ਿਆਲ ਨਹੀਂ ਕਰਨਾ। ਸਾਰੀ ਰਾਖ ਅਸਥੀਆਂ ਸਮੇਤ ਇਸੇ ਨਹਿਰ ਵਿੱਚ ਹੀ ਜਲ ਪ੍ਰਵਾਹ ਕਰ ਦੇਣੀ ਕਿਉਂਕਿ ਜੋ ਕੁਝ ਅਸੀਂ ਕਰਨਾ ਸੀ ਸੋ ਕਰ ਚੱਲੇ ਹਾਂ। ਸਾਡੇ ਵਾਸਤੇ ਕਰਨ ਕਰਾਉਣ ਵਾਲਾ ਕੁਝ ਬਾਕੀ ਨਹੀਂ ਰਿਹਾ। ਇਹ ਸਾਰੀ ਪ੍ਰਮੇਸ਼ਰ ਦੇ ਨਾਮ ਦੀ ਵਡਿਆਈ ਤੇ ਬਾਬਾ ਕਰਮ ਸਿੰਘ ਜੀ ਦੀ ਕਿਰਪਾ ਹੈ। ਇਹ ਤਾਂ ਮਹਾਂ ਪੁਰਸ਼ਾ ਦੀ ਤਪੋ ਭੂਮੀ ਹੈ। ਕੀਰਤਨ ਤੇ ਨਾਮ ਨਾਲ ਪਵਿੱਤਰ ਹੋਇਆ ਅਸਥਾਨ ਹੈ। ਇਸ ਤੋਂ ਵੱਧ ਹੋਰ ਚੰਗੀ ਥਾਂ ਕਿਹੜੀ ਹੋਵੇਗੀ। ਭਗਤ ਕਬੀਰ ਜੀ ਨੇ ਪ੍ਰਮੇਸ਼ਰ ਦੇ ਸਿਮਰਨ ਦੀ ਮਹਿਮਾ ਦੱਸਣ ਵਾਸਤੇ ਹੀ ਅੰਤ ਸਮੇਂ ਆਪਣਾ ਸਰੀਰ ਹੜੰਬਾ ਦੀ ਧਰਤੀ ਤੇ ਤਿਆਗਿਆ ਸੀ।

ਜਉ ਤਨੁ ਕਾਸੀ ਤਜਹਿ ਕਬੀਰਾ ਰਮਈਐ ਕਹਾ ਨਿਹੋਰਾ ॥

(ਪੰਨਾ ੬੯੨)

ਭਗਤ ਜੀ ਨੇ ਇਹ ਵੀ ਬਚਨ ਕੀਤਾ ਸੀ ਕਿ ਜੇ ਲੋਕ ਕੇਵਲ ਕਾਂਸ਼ੀ ਵਿੱਚ ਮਰਨ ਨਾਲ ਹੀ ਮੁਕਤੀ ਸਮਝਦੇ ਹਨ। ਉਨ੍ਹਾਂ ਦਾ ਖ਼ਿਆਲ ਗ਼ਲਤ ਹੈ ਜੇਕਰ ਪਾਪੀ ਪੁਰਸ਼ ਕਾਂਸ਼ੀ ਵਿੱਚ ਪ੍ਰਾਣ ਤਿਆਗੇ ਤਾਂ ਉਹ ਜ਼ਰੂਰ ਹੀ ਨਰਕਾ ਵਿੱਚ ਪਵੇਗਾ:

ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ॥
ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ॥

(ਪੰਨਾ ੪੮੪)

ਬ੍ਰਹਮ ਗਿਆਨੀ ਨੂੰ ਅੰਤ ਸਮੇਂ ਕਰਮ ਕਾਂਡੀਆਂ ਸਮਾਨ ਦੇਸ਼ ਕਾਲ ਦੀ ਵੀ ਅਪੇਖਿਆ ਨਹੀਂ। ਚਾਹੇ ਉਨ੍ਹਾਂ ਦਾ ਸਰੀਰ ਚੰਡਾਲਾਂ ਦੇ ਘਰ ਛੁੱਟੇ ਚਾਹੇ ਕਾਂਸ਼ੀ ਵਿੱਚ ਉਹ ਸਾਰੀਆਂ ਥਾਵਾਂ ਤੇ ਹੀ ਮੁਕਤ ਹਨ।

ਯਥਾ: ਦੇਹ ਪਤਿਤੂ ਕਾਸ਼ੀਅੰ ਸੁਪਚਸ਼ਯ ਗ੍ਰਿਹ ਅਥਵਾ।
ਗਿਆਨ ਪ੍ਰਾਪਤੀ ਸਮਯੇ ਸਰਬਥਾਂ ਮੁਕਤ ਏਵਸਯਾ।

ਇਉਂ ਬਹੁਤ ਸਾਰੇ ਬਚਨ ਬਿਲਾਸ ਕੀਤੇ ਤੇ ਆਖਿਆ, "ਤੁਸੀਂ ਕਾਫ਼ੀ ਦਿਨ ਬੜੇ ਪ੍ਰੇਮ ਨਾਲ ਸਾਡੀ ਸੇਵਾ ਕੀਤੀ ਹੈ। ਤੁਹਾਨੂੰ ਦੋ ਚਾਰ ਬਚਨ ਦਸਦੇ ਹਾਂ ਜੋ ਸਾਨੂੰ ਵੱਡੇ ਸਾਹਿਬਾਂ ਨੇ ਦੱਸੇ ਸਨ। ਇਨ੍ਹਾਂ ਵਿੱਚ ਹੀ ਸਾਰੇ ਗ੍ਰੰਥਾਂ ਦਾ ਸਾਰ ਆ ਜਾਂਦਾ ਹੈ:

੧. ਤੁਸਾਂ ਕਿਸੇ ਤੇ ਕਦੇ ਤਰਕ ਨਹੀਂ ਕਰਣੀ।

ਯਥਾ: ਤੁਲਸੀ ਇਸ ਸੰਸਾਰ ਮਹਿੰ ਸਭ ਸੋ ਮਿਲੀਐ ਧਾਇ॥
ਨਾ ਜਾਣੋ ਕਿਸ ਰੂਪ ਮਹਿੰ ਨਰਾਇਣ ਮਿਲਹੈ ਆਇ॥

੨. ਨਾਮ ਬਾਣੀ ਨਾਲ ਪਿਆਰ ਰੱਖਣਾ।
੩. ਅੰਮ੍ਰਿਤ ਵੇਲੇ ਦੀ ਕਦਰ ਕਰਨੀ।
੪. ਹਰ ਇੱਕ ਜੀਵ ਦਾ ਭਲਾ ਲੋਚਣਾ।
੫. ਗ਼ਰੀਬਾਂ ਤੇ ਖ਼ਾਸ ਕਰਕੇ ਤਰਸ ਕਰਨਾ।
੬. ਗੁਰੂ ਨੂੰ ਸਾਖਸ਼ਾਤ ਈਸ਼ਵਰ ਦਾ ਰੂਪ ਨਿਸ਼ਚੇ ਕਰਨਾ।
੭. ਸਾਧ ਸੰਗਤ ਦੀ ਵਾੜ ਵਿੱਚ ਜੀਵਨ ਬਤੀਤ ਕਰਨਾ

ਇਤਨੇ ਬਚਨ ਆਖ ਕੇ ਫਿਰ ਆਪ ਚੁੱਪ ਕਰ ਗਏ। ਸ਼ਾਮ ਦੇ ਪੰਜ ਵਜੇ ਕੇਸੀ ਇਸ਼ਨਾਨ ਕੀਤਾ। ਆਪ ਹੀ ਕਛਹਿਰਾ ਬਦਲਿਆ। ਸੁੱਕੇ ਬਸਤਰ ਪਹਿਨ ਕੇ ਫਿਰ ਉਸੇ ਥਾਂ ਹੀ, "ਧੰਨ ਸ੍ਰੀ ਗੁਰੂ ਨਾਨਕ ਦੇਵ ਜੀ! ਧੰਨ ਕਲਗੀਆਂ ਵਾਲੇ ਪਾਤਸ਼ਾਹ ਜੀ! ਧੰਨ ਬਾਬਾ ਕਰਮ ਸਿੰਘ ਜੀ! ਸਤਿਨਾਮ! ਵਾਹਿਗੁਰੂ!" ਇਹ ਅੱਖਰ ਮੁਖ ਵਿੱਚ ਹੀ ਸਨ ਕਿ ਜੋਤੀ ਜੋਤ ਸਮਾਂ ਗਏ। ਉਸ ਸਮੇਂ ਘੜੀ ਤੇ ੫ ਵੱਜ ਕੇ ੨੫ ਮਿੰਟ ਹੋਏ ਸਨ (ਦਾਸ ਵੀ ਉਸ ਸਮੇਂ ਹੀ ਪਹਿਲੀ ਵਾਰ ਏਥੇ ਪੁੱਜਾ ਸੀ ਅਤੇ ਅੰਤਮ ਸਮੇਂ ਮਹਾਂ ਪੁਰਸ਼ਾਂ ਦੇ ਸਰੀਰ ਦਾ ਅੰਤਮ ਦਰਸ਼ਨ ਕੀਤਾ) ਸਾਰੀ ਰਾਤ ਪਾਸ ਹਰੀ ਜਸ ਗੁਰਬਾਣੀ ਦਾ ਪਾਠ ਤੇ ਕੀਰਤਨ ਹੁੰਦਾ ਰਿਹਾ। ਸਵੇਰ ਦੇ ਸਮੇਂ 'ਰਾਮਪੁਰ' ਤੇ ਹੋਰ ਇਲਾਕੇ ਦੀ ਸੰਗਤ ਇਕੱਠੀ ਹੋ ਗਈ। ਰੇਰੂ ਸਾਹਿਬ ਗੁਰਦੁਆਰੇ ਤੋਂ ਸੰਤ ਭਗਵਾਨ ਸਿੰਘ ਜੀ, ਸੰਤਾ ਸਿੰਘ (ਸ੍ਰੀ ਮਾਨ) ਤੇ ਹੋਰ ਬਹੁਤ ਸਾਰੇ ਪ੍ਰੇਮੀ ਆ ਗਏ।

੨੮ ਜੇਠ ਸਵੇਰ ਦੇ ਵਕਤ ਇਸ਼ਨਾਨ ਕਰਵਾਕੇ ਅੰਤਮ ਅਰਦਾਸਾ ਧੂਰਕੋਟ ਨਗਰ ਵਾਲੇ ਗਿਆਨੀ ਵਰਿਆਮ ਸਿੰਘ ਜੀ ਨੇ ਸੋਧਿਆ (ਜੋ ਉਸ ਸਮੇਂ ਰੇਰੂ ਸਾਹਿਬ ਗੁਰਦੁਆਰੇ ਗੁਰਬਾਣੀ ਤੇ ਗੁਰ ਇਤਿਹਾਸ ਦੀ ਕਥਾ ਕਰਿਆ ਕਰਦੇ) ਫਿਰ ਸਰੀਰ ਨੂੰ ਚਿਖਾ ਤੇ ਰੱਖ ਕੇ ਚੰਡਾ ਲਾ ਦਿੱਤਾ। ਉਪਰੰਤ ਸਾਰੀ ਰਾਖ ਤੇ ਅਸਥੀਆਂ ਜਲ ਪ੍ਰਵਾਹ ਕਰ ਦਿੱਤੀਆਂ। ਬਾਅਦ ਵਿੱਚ ਸ੍ਰੀ ਅਖੰਡ ਪਾਠ ਦਾ ਭੋਗ ਪਾ ਕੇ ਭੰਡਾਰਾ ਕੀਤਾ। ਇਉਂ ੨੭ ਜੇਠ ੨੦੦੨ ਬਿਕ੍ਰਮੀ ਅਤੇ ੧੯੪੫ ਈਸਵੀ ੧੦ ਜੂਨ ਦਿਨ ਐਤਵਾਰ ਨੂੰ ਆਪ ਸੱਚਖੰਡ ਜਾ ਬਿਰਾਜੇ।

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥

(ਪੰਨਾ ੧੩੭੨)

ਦਾਸ ਨੇ ਵੀ ਇਸ ਪਵਿੱਤਰ ਭੂਮੀ ਤਪੋ ਅਸਥਾਨ ਤੋਂ ਸੰਤ ਜੀ ਮਹਾਰਾਜ ਦੇ ਪਹਿਲੀ ਵਾਰ ਦਰਸ਼ਨ ਕੀਤੇ। ਮਹਾਂ ਪੁਰਸ਼ਾਂ ਦੇ ਵਿਯੋਗ ਵਿੱਚ ਸੰਗਤ ਦੀ ਬਿਹਬਲਤਾ ਤੇ ਪ੍ਰੇਮ ਦਾ ਠਾਠਾ ਮਾਰਦਾ ਸਾਗਰ ਤਕਿਆ। ਆਪ ਜੀ ਦਾ ਇੱਕ ਸੇਵਕ ਭਾਈ ਉਜਾਗਰ ਸਿੰਘ ਰਾਮਪੁਰ ਨਗਰ ਵਾਸੀ ਹੈ।

# ਹੋਤੀ ਮਰਦਾਨ ਡੇਰੇ ਨਾਲ ਸਬੰਧਿਤ ਅਸਥਾਨ

੧. ਮਕਸੂਦ ਪੁਰ- (ਜ਼ਿਲ੍ਹਾ ਕਪੂਰਥਲਾ) ਇਹ ਜਗਾ ਹੋਤੀ ਮਰਦਾਨ ਦੀ ਜ਼ਮੀਨ ਬਦਲੇ ਅਲਾਟ ਹੋਈ। ਇਸ ਜਗਾ ਸੰਤ ਮਾਝਾ ਸਿੰਘ ਜੀ ਬਹੁਤ ਸਾਰੇ ਸਾਧੂਆਂ ਸਮੇਤ ਰਿਹਾਇਸ਼ ਰੱਖਦੇ ਸਨ। ਨਾਮ ਬਾਣੀ ਦਾ ਪ੍ਰਵਾਹ ਤੇ ਲੰਗਰ ਅਤੁਟ ਚੱਲਦਾ ਹੈ। ਹੁਣ ਉਸ ਗੱਦੀ ਤੇ ਸੰਤ ਬਾਬਾ ਰੋਸ਼ਨ ਸਿੰਘ ਜੀ ਬਿਰਾਜਮਾਨ ਹਨ।

੨. ਦਿੱਲੀ- ਭਾਰਤ ਦੀ ਵੰਡ ਤੋਂ ਬਾਅਦ ਇੱਕ ਡੇਰਾ ਸੰਤ ਬਾਬਾ ਮਾਝਾ ਸਿੰਘ ਜੀ ਨੇ ਝੀਲ ਕੁਰਜਾ ਪਟਪੜ ਰੋਡ ਦਿੱਲੀ ਸ਼ਾਹਦਰਾ ਵਿਖੇ ਬਣਵਾਇਆ। ਆਪ ਜੀ ਵਲੋਂ ਏਥੋਂ ਦੀ ਸੇਵਾ ਗਿਆਨੀ ਕੁਲਤਾਰ ਸਿੰਘ ਜੀ ਕਰਵਾ ਰਹੇ ਹਨ।

੩. ਸ੍ਰੀ ਅੰਮ੍ਰਿਤਸਰ- ਇੱਕ ਡੇਰਾ ਸ੍ਰੀ ਅੰਮ੍ਰਿਤਸਰ ਸਾਹਿਬ ਗਲੀ 'ਗੱਡਿਆਂ ਵਾਲੀ' ਚੌਕ 'ਮੰਨਾ ਸਿੰਘ' ਜੀ ਵਿੱਚ ਹੈ। ਆਪ ਜੀ ਵਲੋਂ ਏਥੋਂ ਦੀ ਸੇਵਾ ਭਾਈ ਕਰਮ ਸਿੰਘ ਜੀ ਕਰਵਾ ਰਹੇ ਹਨ।

੪. ਰੇਰੂ ਸਾਹਿਬ- ਰੇਰੂ ਸਾਹਿਬ ਦਾ ਅਸਥਾਨ ਦੋਰਾਹਾ ਮੰਡੀ ਦੇ ਪਾਸ ਹੈ। ਇਸ ਜਗ੍ਹਾ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਨੇ ਨਾਮ ਬਾਣੀ ਦਾ ਪ੍ਰਵਾਹ ਤੇ ਗੁਰੂ ਕਾ ਲੰਗਰ ਚਲਾ ਕੇ ਹੋਤੀ ਵਾਲੀ ਮਰਿਯਾਦਾ ਕਾਇਮ ਕੀਤੀ। ਆਪ ਹੱਥੀਂ ਹਲ ਵਾਹ ਕੇ ਖੇਤੀ ਕਰਵਾਈ ਤੇ ਸਿਮਰਨ ਦੀ ਦਾਤ ਬਖ਼ਸ਼ੀ। ਬਾਅਦ ਵਿੱਚ ਸੰਤ ਭਗਵਾਨ ਸਿੰਘ ਜੀ ਉਸੇ ਤਰ੍ਹਾਂ ਮਰਿਯਾਦਾ ਨੂੰ ਚਲਾਉਂਦੇ ਰਹੇ।

੫. ਭੌਰਲੇ- ਸੰਤ ਮਹਾਰਜ ਜੀ ਰੇਰੂ ਸਾਹਿਬ ਵਾਲਿਆਂ ਤੋਂ ਵਰੋਸਾਏ ਸੰਤ ਨੰਦ ਸਿੰਘ ਜੀ ਸੰਗਤ ਸਮੇਤ ਏਥੇ ਹੀ ਰਹਿੰਦੇ ਸਨ। ਕਥਾ ਕੀਰਤਨ ਦਾ ਪ੍ਰਵਾਹ ਤੇ ਅਤੁੱਟ ਲੰਗਰ ਚੱਲਦਾ ਹੈ। ਇਹ ਜਗ੍ਹਾ ਖੰਨੇ ਤੋਂ ਲੁਧਿਆਣੇ ਵੱਲ ਰੇਲਵੇ ਲਾਇਨ ਤੇ ਪਹਿਲਾ ਸਟੇਸ਼ਨ ਚਾਵਾ ਪਾਇਲ ਦੇ ਪਾਸ ਹੈ। ਜੀ ਟੀ ਰੋਡ ਵੀ ਨੇੜੇ ਦੀ ਲੰਘਦੀ ਹੈ।

੬. ਸ੍ਰੀ ਅਤਰਸਰ- ਅਰਥਾਤ ਤਪ ਅਸਥਾਨ ਬਾਬਾ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਵਾਲੇ। ਏਥੇ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨੇ ਮਹਾਨ ਤਪੱਸਿਆ ਕੀਤੀ। ਇਹ ਜਗ੍ਹਾ ਲੁਧਿਆਣੇ ਤੋਂ ਖੰਨੇ ਵੱਲ ਬਾਰਾਂ ਮੀਲਾਂ ਦੇ ਫਾਸਲੇ ਤੇ ਸਾਹਨੇਵਾਲ ਅਤੇ ਦੋਰਾਹੇ ਦੇ ਵਿਚਕਾਰ ਜੀ. ਟੀ. ਰੋਡ ਦੇ ਉੱਪਰ ਹੀ ਸਥਿਤ ਹੈ। ਏਥੋਂ ਦੀ ਸੇਵਾ ਸੰਭਾਲ ਸੰਤ ਮਹਾਰਾਜ ਰਾੜਾ ਸਾਹਿਬ ਵਾਲੇ ਕਰਵਾ ਰਹੇ ਹਨ। ਗੁਰੂ ਕਾ ਅਤੁੱਟ ਲੰਗਰ ਤੇ ਕਥਾ ਕੀਰਤਨ ਦਾ ਪ੍ਰਵਾਹ ਜਾਰੀ ਹੈ। ਹਰੇਕ ਪੂਰਨਮਾਸ਼ੀ ਨੂੰ ਭਾਰੀ ਜੋੜ ਮੇਲਾ ਹੁੰਦਾ ਤੇ ਦੀਵਾਨ ਸਜਦੇ ਹਨ।

੭. ਕਰਮਸਰ- (ਰਾੜਾ ਸਾਹਿਬ) ਇਹ ਜਗ੍ਹਾ ਬਠਿੰਡਾ ਨਹਿਰ ਦੇ ਕਿਨਾਰੇ ਦੋਰਾਹਾ ਤੇ ਅਹਿਮਦਗੜ੍ਹ ਦੇ ਵਿਚਕਾਰ ਪੱਕੀ ਸੜਕ ਦੇ ਉੱਪਰ ਹੈ। ਹੁਣ ਲੁਧਿਆਣੇ ਤੋਂ ਵੀ ਸਿੱਧੀ ਪੱਕੀ ਸੜਕ ਬਣ ਗਈ ਹੈ। ਬੱਸਾਂ ਆਮ ਚਲਦੀਆਂ ਹਨ। ਹੋਤੀ ਮਰਦਾਨ ਵਾਂਗ ਗੁਰੂ ਕਾ ਲੰਗਰ ਤੇ ਕਥਾ ਕੀਰਤਨ ਦਾ ਪ੍ਰਵਾਹ ਜਾਰੀ ਹੈ। ਮਹਾਂ ਪੁਰਸ਼ਾਂ ਦੀ ਕ੍ਰਿਪਾ ਨਾਲ ਹਾਇਰ ਸੈਕੰਡਰੀ ਸਕੂਲ, ਪਬਲਿਕ ਸਕੂਲ, ਹਸਪਤਾਲ, ਤੇ ਕਾਲਜ ਵੀ ਚੱਲ ਰਿਹਾ ਹੈ। ਘੰਟਾ ਘਰ ਤੇ ਸਰੋਵਰ ਵੀ ਬਣਿਆ ਹੈ। ਹਰੇਕ ਪੂਰਨਮਾਸ਼ੀ ਤੇ ਸੰਗਰਾਂਦ ਨੂੰ ਦੀਵਾਨ ਸਜਦਾ ਤੇ ਭਾਰੀ ਇਕੱਠ ਹੁੰਦਾ ਹੈ। ੯ ਮਾਘ, ੨੬ ਅਗਸਤ ਅਤੇ ੧ ਜਨਵਰੀ ਦੇ ਸਲਾਨਾ ਵੱਡੇ ਜੋੜ ਮੇਲੇ ਹੁੰਦੇ ਹਨ।

੮. ਧਬਲਾਨ- ਇਹ ਜਗ੍ਹਾ ਪਟਿਆਲਾ ਨਾਭਾ ਦੇ ਵਿਚਕਾਰ ਹੈ। ਸੰਤ ਮਹਾਰਾਜ ਰਾੜੇ ਸਾਹਿਬ ਵਾਲਿਆਂ ਨੇ ਚਰਨ ਪਾ ਕੇ ਭਾਗਸ਼ਾਲੀ ਬਣਾਇਆ। ਇਹ ਧੂਰੀ ਪਟਿਆਲੇ ਲਾਈਨ ਤੇ ਰੇਲਵੇ ਸਟੇਸ਼ਨ ਹੈ। ਪਟਿਆਲਾ ਸੰਗਰੂਰ ਰੋਡ ਵੀ ਨਜ਼ਦੀਕ ਪੈਂਦਾ ਹੈ। ਪਟਿਆਲੇ ਅਤੇ ਨਾਭੇ ਤੋਂ ਪੱਕੀ ਸੜਕ ਡੇਰੇ ਵਿੱਚ ਜਾਂਦੀ ਹੈ। ਏਥੇ ਸਾਰੀ ਮਰਿਯਾਦਾ ਰਾੜਾ ਸਾਹਿਬ ਵਾਲੀ ਕਾਇਮ ਹੈ। ਹਰੇਕ ਦਸਮੀ ਨੂੰ ਜੋੜ ਮੇਲਾ ਹੁੰਦਾ ਹੈ। ੧ ਸਤੰਬਰ ਨੂੰ ਸਲਾਨਾ ਜੋੜ ਮੇਲਾ ਬੜਾ ਭਾਰੀ ਭਰਦਾ ਤੇ ਦੀਵਾਨ ਸਜਦਾ ਹੈ।

੯. ਛੰਨਾ ਸੁੱਖਣ ਵਾਲੀਆਂ- ਇਹ ਜਗ੍ਹਾਂ ਲੁਧਿਆਣਾ ਮਲੇਰਕੋਟਲਾ ਸੜਕ ਦੇ ਉੱਪਰ ਅਹਿਮਦਗੜ੍ਹ ਨਜਦੀਕ ਪੈਂਦੀ ਹੈ। ਏਥੇ ਸੰਤ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਤੋਂ ਵਰੋਸਾਏ ਮਹਾਂ ਪੁਰਸ਼ ਰਹਿੰਦੇ ਹਨ। ਉਹੋ ਹੀ ਸਤਿ ਪੁਰਸ਼ਾਂ ਵਾਲੀ ਮਰਿਯਾਦਾ ਲੰਗਰ ਤੇ ਨਾਮ ਬਾਣੀ ਦਾ ਪ੍ਰਵਾਹ ਜਾਰੀ ਹੈ। ਇਸੇ ਤਰ੍ਹਾਂ ਰਾੜਾ ਸਾਹਿਬ ਵਾਲੇ ਮਹਾਂ ਪੁਰਸ਼ਾਂ ਤੋਂ ਵਰੋਸਾਏ ਹੋਏ ਸਤਿਪੁਰਸ਼ਾਂ ਨੇ ਕਈ ਅਸਥਾਨ ਪੰਜਾਬ, ਯੂ ਪੀ, ਤੇ ਰਾਜਸਥਾਨ ਜ਼ਿਲ੍ਹਾ ਗੰਗਾ ਨਗਰ (ਬੀਕਾਨੇਰ) ਵਿੱਚ ਬਣਾਏ ਹੋਏ ਹਨ।

੧੦. ਸੰਤ ਗੜ੍ਹ- (ਹਰਖੋਵਾਲ) ਏਥੇ ਪਰਮ ਸੰਤ ਬਾਬਾ ਜਵਾਲਾ ਸਿੰਘ ਜੀ ਮਹਾਰਾਜ ਨੇ ਬੜੀ ਤਪੱਸਿਆ ਕੀਤੀ। ਇਨ੍ਹਾਂ ਦਾ ਇੱਕ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਤੇ ਇੱਕ ਰੋਪੜ ਹੈੱਡ ਦੇ ਪਾਸ ਹੈ। ਇੱਕ ਡੇਰਾ ਕਪੂਰਥਲਾ ਰੋਡ ਜਲੰਧਰ ਤੇ ਇੱਕ ਮੁਕੇਰੀਆ ਬਣਿਆ ਹੈ। ਜਿਸ ਦੀ ਸੇਵਾ ਸੰਤ ਹਰੀ ਸਿੰਘ ਜੀ ਕਰਵਾਉਂਦੇ ਹਨ। ਮਰਿਯਾਦਾ ਸਾਰੀ ਹੋਤੀ ਮਰਦਾਨ ਵਾਲੀ ਕਾਇਮ ਹੈ।

੧੧. ਜੈਨ- ਸੰਤ ਮਹਾਰਾਜ ਬਾਬਾ ਹਰਨਾਮ ਸਿੰਘ ਜੀ ਬਹੁਤ ਸਾਰਾ ਸਮਾਂ ਨਾਮ ਬਾਣੀ ਦਾ ਪ੍ਰਵਾਹ ਤੇ ਲੰਗਰ ਚਲਾਉਂਦੇ ਰਹੇ। ਹੁਣ ਵੀ ਉਸੇ ਤਰ੍ਹਾਂ ਚੱਲ ਰਿਹਾ ਹੈ।

੧੨. ਕੁਹਾਰਪੁਰ- ਇਸ ਥਾਂ ਨੂੰ ਸੰਤ ਮਹਾਰਾਜ ਹਰੀ ਸਿੰਘ ਜੀ ਨੇ ਭਾਗ ਲਾਇਆ। ਇਨ੍ਹਾਂ ਦਾ ਵੀ ਇੱਕ ਡੇਰਾ ਅਨੰਦਪੁਰ ਸਾਹਿਬ ਕੇਸਗੜ੍ਹ ਤਖਤ ਦੇ ਪਾਸ ਹੈ। ਇਨ੍ਹਾਂ ਨੇ ਕਈ ਕਾਲਜਾਂ ਤੇ ਤਖ਼ਤ ਕੇਸਗੜ੍ਹ ਸਾਹਿਬ ਅਨੰਦਪੁਰ ਦੀ ਸੇਵਾ ਕਰਵਾਈ। ਏਥੇ ਵੀ ਵੱਡੇ ਬਜ਼ੁਰਗਾਂ ਵਾਲੀ ਮਰਿਯਾਦਾ ਕਾਇਮ ਹੈ।

੧੩. ਹਰਿਦੁਆਰ- ਨਿਰਮਲ ਵਿਰੱਕਤ ਕੁਟੀਆ ਵਿੱਚ ਬਾਬਾ ਆਇਆ ਸਿੰਘ ਜੀ ਮਹਾਰਾਜ ਦੀ ਯਾਦ ਵਿੱਚ ਕੋਠੀ ਬਣੀ ਹੈ।

੧੪. ਨਿਰਮਲ ਛਾਉਣੀ ਦੇ ਪਾਸ ਪ੍ਰੇਮ ਸਦਨ- ਜਿੱਥੇ ਪੰਡਿਤ ਮਨੀ ਸਿੰਘ, ਅਰਜਨ ਸਿੰਘ ਮੁਨੀ, ਤੇ ਮਾਧੋ ਜੀ ਰਹਿੰਦੇ ਹਨ।

੧੫. ਭੱਟੇ ਬਢ

੧੬. ਭਦੌੜ

੧੭. ਰਾਜਾਸਾਂਸੀ

੧੮. ਨਾਰੰਗਵਾਲ

੧੯. ਘੁਨਸਾਂ

੨੦. ਈਸ਼ਰ ਗੜ੍ਹ ਨਾਭਾ ਤੇ ਮੋਹੀ

੨੧. ਗੁਰਦੁਆਰਾ ਈਸ਼ਰਸਰ ਰਤਵਾੜਾ

੨੨. ਬੀ-ਪੁਰ

੨੩. ਸ਼ਾਮ ਚੁਰਾਸੀ

੨੪. ਪੰਜ ਗਰਾਈਆਂ

੨੫. ਭੁੱਟਾ

੨੬. ਇੱਕ ਅਸਥਾਨ ਯੂ.ਪੀ ਵਿੱਚ ਗੁਰਮਤ ਦਾ ਕੇਦਰ ਹਾਪੁੜ ਬਣਿਆ ਹੈ। ਹਰੇਕ ਸੁਦੀ ਦਸਮੀ ਤੇ ੨੧ ਸਾਵਨ ਸੰਤ ਜੀ ਮਹਾਰਾਜ ਦਾ ਜਨਮ ਦਿਵਸ ਮਨਾਇਆ ਜਾਂਦਾ ਹੈ।

੨੭. ਗੁਰਦੁਆਰਾ ਈਸ਼ਰ ਸਰ ਪਿੰਡ ਆਲੋਵਾਲ (ਪਟਿਆਲਾ)।

੨੮. ਸੰਤ ਈਸ਼ਰ ਭਵਨ ਸੋਹੀਆਂ ਰੋਡ (ਸੰਗਰੂਰ)

੨੯. ਸਿੱਧ ਸਰ ਕਿਸ਼ਨ ਪੁਰਾ (ਭੀਖੀ ਖਟੜਾ)

੩੦. ਗੁਰਦੁਆਰਾ ਈਸ਼ਰ ਪੁਰਾ ਸਿੱਧ ਸਰ ਅਲਹੌਰਾਂ (ਨਾਭਾ)

੩੧. ਗੁਰਦੁਆਰਾ ਨਾਨਕ ਸ਼ਾਹੀ ਈਸ਼ਰ ਪ੍ਰਕਾਸ਼ ਫੂਲ (ਰੋਪੜ)

੩੨. ਗੁਰਦੁਆਰਾ ਈਸ਼ਰ ਦਰਬਾਰ ਜੁਰਾਸੀ (ਭੇਵਾ-ਹਰਿਆਣਾ)

੩੩. ਗੁਰਦੁਆਰਾ ਯਾਦਗਾਰ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ। ਪਿੰਡ ਤੇ ਡਾਕਖਾਨਾ ਜਰਗ (ਲੁਧਿਆਣਾ)

੩੪. ਗੁਰਦੁਆਰਾਂ ਈਸ਼ਰ ਸਰ ਰਾਣਵਾਂ।

ਇਤਿਆਦਿਕ ਹੋਰ ਵੀ ਬਹੁਤ ਸਾਰੀਆਂ ਥਾਵਾਂ ਪੰਜਾਬ ਤੇ ਹਿੰਦੁਸਤਾਨ ਦੇ ਵਿੱਚ ਵਿਦਮਾਨ ਹਨ। ਜਿੱਥੇ ਅੱਠੇ ਪਹਿਰ ਅਤੁੱਟ ਲੰਗਰ ਤੇ ਨਾਮ ਬਾਣੀ ਦਾ ਪ੍ਰਵਾਹ ਜਾਰੀ ਹੈ।

ਧੰਨ ਬਾਬਾ ਕਰਮ ਸਿੰਘ ਜੀ ਮਹਾਰਾਜ!

# ਲੇਖਕ ਵਲੋਂ ਸਨਿੰਮਰ ਬਿਨਯ

ਚੌਪਈ: ਹਉ ਮਤਿ ਮੰਦ ਅਗੁਣ ਸਣ ਪੂਰਾ।
ਬਖਸੰਦ ਅਹੈ ਸੰਤ ਭਵ ਮੂਰਾ।
ਨਾਮ ਸੰਤ ਕੋ ਗ੍ਰੀਬ ਨਿਵਾਜਾ।
ਸਗਲੋ ਭਵਨ ਵਿਖੇ ਜਸ ਛਾਜਾ ॥੧॥
ਭਵ ਸਾਗਰ ਕੇ ਤਰਨੇ ਹੇਤੂ।
ਸ੍ਰੀ ਸੰਤ ਦੇਹ ਨਾਮਹਿ ਸੇਤੂ।
ਵਿੱਦਿਆ ਬ੍ਰਹਮ ਸਾਗਰ ਕੇ ਵੀਚੁ।
ਤਨਕ ਬੂੰਦ ਤੇ ਨੁਤਿਆ ਨੀਚੂ ॥੨॥
ਮੋਹਿ ਕੀਟ ਪਰ ਕੀਨੀ ਦਇਆ।
ਸਗਲ ਕਾਰਜ ਸੰਪੂਰਨ ਕਇਆ।
ਅਪਨੀ ਕਥਾ ਆਪ ਲਿਖਵਾਈ।
ਦਾਸ ਜਾਨ ਮੁਝ ਦੀਨ ਬਡਾਈ ॥੩॥
ਭੂਲ ਚੂਕ ਪ੍ਰਭ ਲੇਹੁ ਸੁਧਾਰ।
ਭੁਲ ਰਹਿਤ ਕੇਵਲ ਕਰਤਾਰ।
ਸਿੱਖੀ ਬਰ ਜਾਚਹੁੰ ਦੇ ਦਾਨਾ।
ਸ਼ਦ ਬਖਸੰਦਹੁ ਕ੍ਰਿਪਾ ਨਿਧਾਨਾ ॥੪॥
ਦੋਹਿਰਾ: ਮੋਹ ਸ੍ਰਦੂਲ ਕੋ ਹਨ ਕਰੋ, ਗੁਰ ਕੇ ਵਾਕ ਦ੍ਰਿੜਾਉ॥
ਚਰ ਰਜ ਜਾਚਹੁੰ ਦੀਨ ਹ੍ਵੈ, ਮੋ ਪਰ ਕਰੋ ਪਸਾਉ ॥੫॥

## ਸਮਾਪਤੀ ਦਾ ਮੰਗਲ

ਦੋਹਿਰਾ: ਸ੍ਰੀ ਨਾਨਕ ਅੰਗਦ ਗੁਰੂ, ਅਮਰ ਦਾਸ ਪਦ ਬੰਦ।
ਰਾਸ ਦਾਸ, ਅਰਜਨ ਗੁਰੂ, ਬਰ ਸ੍ਰੀ ਹਰਗੋਬਿੰਦ ॥੧॥
ਹਰਿਰਾਇ ਹਰਿਕ੍ਰਿਸ਼ਨ ਗੁਰ, ਤੇਗ ਬਹਾਦਰ ਚੰਦ।
ਦਸਮੇਂ ਗੋਬਿੰਦ ਸਿੰਘ ਗੁਰ, ਨਮੋ ਚਰਨ ਅਰਵਿੰਦ ॥੨॥
ਜਿਸ ਮਹਿ ਅੰਮ੍ਰਿਤ ਗਿਯਾਨ ਹੈ, ਮਾਣਕ ਭਗਤਿ ਵੈਰਾਗ।
ਗੁਰੂ ਗ੍ਰੰਥ ਸਾਹਿਬ ਉਦਧਿ, ਬੰਦੋਂ ਕਰ ਅਨੁਰਾਗ ॥੩॥
ਬੰਦੋਂ ਸੰਤ ਸੰਦੋਹਿ ਪਦ, ਜਿਨ ਤੇ ਹੋਤ ਉਧਾਰ।
ਜਮ ਤਮ ਸਮ ਤਿਹ ਤਰਨਿ ਸੇ, ਭਰਮ ਘਨ ਬਾਤ ਬਿਚਾਰ ॥੪॥
ਖਾਲਕ ਪਾਲਕ ਧਵੰਸ ਅਰਿ, ਮਾਲਕ ਰੋਕਨ ਕੇਰ।
ਗੁਰੂ ਪੰਥ ਕੋ ਬੰਦਨਾ, ਕੀਨੇ ਕਿੰਕਰ ਮੇਰ ॥੫॥
ਸ੍ਰੀ ਗੁਰ ਸ਼ਬਦ ਕਮਾਇ ਜਿਨ, ਜੀਤੇ ਪੰਚ ਬਿਕਾਰ।
ਤਿਨ ਸੰਤਨ ਕੋ ਬੰਦਨਾ, ਸਿਰ ਚਰਨਨ ਪਰ ਧਾਰ ॥੬॥
ਸੰਤ ਕਰਮ ਸਿੰਘ ਵਿਸਵਪਤਿ, ਕਰਮ ਕਰੈ ਨਿਜ ਦਾਸ।
ਕਰਮ ਸਵੱਛ ਬਿਲੋਕ ਕੈ, ਹਰੈ ਅਵਦਿਯਾ ਪਾਸੁ ॥੭॥
ਆਤਮ ਅਤਰ ਪ੍ਰਦਾਨ ਕਰਿ, ਆਮੀ ਕੀਏ ਅਨਾਮ।
ਨਾਮ ਰੂਪ ਹਰਿ ਰੂਪ ਲਖਿ, ਅਤਰ ਮ੍ਰਿਗਿੰਦ ਪ੍ਰਣਾਮ ॥੮॥
ਈਸ਼ਰ ਬਪੁ ਈਸ਼ਰ ਹਰੀ, ਜੀਵਨ ਕਰਹੋ ਈਸ।
ਈਸ ਜੀਵ ਮਹਿ ਭੇਦੁ ਨਹਿ, ਅਲਖੁ ਜੋਤਿ ਜੁਗਦੀਸ਼ ॥੯॥
ਰਾਜਾ ਜੋਗੀ ਕ੍ਰਿਸ਼ਨ ਹਰਿ, ਦੇਵਨ ਦੇਵ ਉਦਾਰ।
ਜੋਤਿ ਏਕ ਤਨੁ ਬਿਬ ਅਹੈ, ਪਦ ਪਰ ਕਰੋ ਜੁਹਾਰ ॥੧੦॥
ਮੋਹਨ ਸਮ ਮੋਹ ਹਨ ਕਰੋ, ਹੇ ਮੋਹਨ ਕੇ ਦੇਵ।
ਮੋਹ ਨ ਰਹੇ ਪ੍ਰਪੰਚ ਕਾ, ਰਾਖੋ ਨਿਜ ਰਵੇਣ ॥੧੧॥

ਚਰਨ ਰਜ- ਗਿਆਨੀ ਮੋਹਨ ਸਿੰਘ, "ਅਜ਼ਾਦ"